www.sikhbookclub.com

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ

ਡਾ. ਪਰਮਜੀਤ ਸਿੰਘ 'ਮਾਨਸਾ'

www.sikhbookclub.com

www.sikhbookclub.com

www.sikhbookclub.com

www.sikhbookclub.com

ਨਿਰਮਲੇ ਸੰਤਾਂ ਦੀ
ਪੰਜਾਬੀ ਸਾਹਿਤ ਨੂੰ ਦੇਣ

www.sikhbookclub.com

www.sikhbookclub.com

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ

ਸੰਪਾਦਕ-

ਡਾ. ਪਰਮਜੀਤ ਸਿੰਘ 'ਮਾਨਸਾ'

An ISO 9001:2008 Certified Publishing House No. 101809-A01

ਪ੍ਰਕਾਸ਼ਕ :-

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

www.sikhbookclub.com

© ਪ੍ਰਕਾਸ਼ਕ

ISBN : 978-93-82289-18-0

ਪਹਿਲੀ ਐਡੀਸ਼ਨ — ਜੂਨ 2012

ਭੇਟਾ : 200-00

ਪ੍ਰਕਾਸ਼ਕ:-

ਭਾ: ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। (ਇੰਡੀਆ)

ਫੋਨ : 91-183-2542346, 2547974,

ਫੋਨ : 91-183-5017488

E.Mail : csjssales@hotmail.com

csjspurchase@yahoo.com

csjsexports@vsnl.com

Web site : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774

www.sikhbookclub.com

ਤਤਕਰਾ

ਭੂਮਿਕਾ 7

ਅਧਿਆਇ ਪਹਿਲਾ

ਨਿਰਮਲ-ਸੰਪ੍ਰਦਾਇ ਦੀ ਉੱਤਪਤੀ ਤੇ ਵਿਕਾਸ 11

ਅਧਿਆਇ ਦੂਜਾ

ਸਿੱਖ ਪੰਥ ਅਤੇ ਨਿਰਮਲ ਸੰਪ੍ਰਦਾਇ-ਸਮਾਨਤਾਵਾਂ ਤੇ ਭਿੰਨਤਾ 55

ਅਧਿਆਇ ਤੀਜਾ

ਨਿਰਮਲੇ ਸੰਤਾਂ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ 95

ਅਧਿਆਇ ਚੌਥਾ

ਪੰਜਾਬੀ ਪੱਤਰਕਾਰੀ ਨੂੰ ਦੇਣ 136

ਅਧਿਆਇ ਪੰਜਵਾਂ

ਨਿਰਮਲੇ ਵਿਦਵਾਨਾਂ ਦੀ ਵਿਚਾਰਧਾਰਾ, ਸ਼ੈਲੀ ਅਤੇ ਭਾਸ਼ਾ 140

ਅਧਿਆਇ ਛੇਵਾਂ

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ 159

ਅਧਿਆਇ ਸੱਤਵਾਂ

ਪੰਜਾਬੀ ਹੱਥ-ਲਿਖਤਾਂ 186

ਅਧਿਆਇ ਅੱਠਵਾਂ

ਸਮੁੱਚੀ ਸਾਹਿਤਕ ਦੇਣ—ਇਕ ਮੁਲਾਂਕਣ 189

ਅਧਿਆਇ ਨੌਵਾਂ

ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ 193

ਸਿੱਟੇ 214

www.sikhbookclub.com

www.sikhbookclub.com

ਭੂਮਿਕਾ

ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਸੂੰਪਦਾਵਾਂ ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਕੋਈ ਵੀ ਸਮਾਜ ਧਰਮ ਤੋਂ ਰਹਿਤ ਨਹੀਂ ਹੁੰਦਾ, ਠੀਕ ਇਸੇ ਤਰ੍ਹਾਂ ਹੀ ਦੁਨੀਆਂ ਦਾ ਕੋਈ ਵੀ ਅਜਿਹਾ ਧਰਮ ਨਹੀਂ ਜਿਸ ਵਿਚ ਸੂੰਪਦਾਵਾਂ ਦੀ ਹੋਂਦ ਨਾ ਹੋਵੇ। ਹਰ ਇਕ ਧਰਮ ਨੂੰ ਸਦ ਜਾਗਤ ਰੱਖਣ ਲਈ ਸੰਪ੍ਰਦਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਸੰਪ੍ਰਦਾਵਾਂ ਧਰਮਾਂ ਦਾ ਹਮੇਸ਼ਾ ਜਾਗਦੇ ਰਹਿਣ ਵਾਲੇ ਕੇਂਦਰ ਹੁੰਦੇ ਹਨ। ਇਹ ਕੇਂਦਰ ਦੇਸ਼ ਵਿਦੇਸ਼ਾਂ ਵਿਚ ਵੀ ਸਥਾਪਿਤ ਹੋ ਜਾਂਦੇ ਹਨ। ਸੰਪ੍ਰਦਾਵਾਂ ਧਰਮਾਂ ਦੇ ਪੈਰੋਕਾਰਾਂ ਅੰਦਰ ਧਰਮਾਂ ਦੀ ਵਿਰਾਸਤ ਨੂੰ ਉਜਾਗਰ ਰੱਖਦੀਆਂ ਹਨ। ਇਸ ਕਾਰਜ ਦੇ ਨਾਲ ਨਾਲ ਵਿਰਾਸਤ ਨੂੰ ਨਿਭਾਉਣ ਦੀ ਮਰਯਾਦਾ ਬਾਰੇ ਵੀ ਜੀਵਨ-ਜਾਚ ਸਿਖਾਉਂਦੀਆਂ ਹਨ।

ਵਿਉਤਪਤੀ ਦ੍ਰਿਸ਼ਟੀਕੋਣ ਤੋਂ ਸੰਪ੍ਰਦਾ ਸ਼ਬਦ ਦਾ ਮੂਲ ਧਾਤੂ 'ਦਾ' ਹੈ ਜਿਸ ਦਾ ਅਰਥ ਹੈ ਦੇਣਾ। 'ਦਾ' ਤੋਂ ਪਹਿਲਾਂ ਦੋ ਅਗੇਤਰ 'ਸੰ' ਅਤੇ 'ਪ੍ਰ' ਹਨ। ਇਹਨਾਂ ਦੋ ਅਗੇਤਰਾਂ ਦੇ ਜੋੜ ਨਾਲ ਸੰਪ੍ਰਦਾ ਸ਼ਬਦ ਹੋਂਦ ਵਿਚ ਆਇਆ ਹੈ। ਸੋ ਸੰਪ੍ਰਦਾ ਦਾ ਮੂਲ ਅਰਥ ਬਣਦਾ ਹੈ ਸੰਸਕ੍ਰਿਤੀ ਵਿਚੋਂ ਜੋ ਲਿਆ, ਉਹ ਅੱਗੇ ਦੂਸਰਿਆਂ ਨੂੰ ਪ੍ਰਚਾਰਨਾ। ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਨੇ ਸੰਪ੍ਰਦਾ ਸ਼ਬਦ ਨੂੰ ਅਨੇਕ ਅਰਥਾਂ ਦਾ ਧਾਰਨੀ ਦਰਸਾਇਆ ਹੈ। ਜਿਵੇਂ ਕਿ 1. ਪਰੰਪਰਾ ਤੋਂ ਉਪਦੇਸ਼ ਦੇਣ ਦੀ ਚੱਲੀ ਆਈ ਰੀਤੀ, 2. ਧਰਮ ਰੀਤੀ, 3. ਗੁਰੂ ਚੇਲੇ ਦੀ ਪੱਧਤੀ, 4. ਗੁਰੂ ਉਪਦੇਸ਼ ਧਾਰਨ ਵਾਲੀ ਜਮਾਤ 5. ਉਪਦੇਸ਼ ਵਿਦਿਆ ਆਦਿ ਦੇਣ ਦਾ ਸਿਲਸਲੇਵਾਰ ਕ੍ਰਮ 6. ਕਿਸੇ ਵਿਚਾਰ ਜਾਂ ਸਿਧਾਂਤ ਦੇ ਸੰਬੰਧ ਵਿਚ ਇਕੋ ਹੀ ਤਰ੍ਹਾਂ ਦੇ ਵਿਚਾਰ ਜਾਂ ਮੱਤ ਰੱਖਣ ਵਾਲੇ ਲੋਕਾਂ ਦਾ ਵਰਗ ਆਦਿ। ਅੰਗਰੇਜ਼ੀ ਵਿਚ ਸੰਪ੍ਰਦਾ ਸ਼ਬਦ ਲਈ Sect ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਹਰ ਇਕ ਧਰਮ ਵਿਚ ਅਨੇਕਾਂ ਹੀ ਸੰਪ੍ਰਦਾਵਾਂ ਹੁੰਦੀਆਂ ਹਨ। ਜਿਵੇਂ ਇਕ ਦਰਿਆ ਤੋਂ ਕਈ ਹੋਰ ਛੋਟੀਆਂ ਨਦੀਆਂ ਨਾਲੇ ਨਿਕਲਦੇ ਹਨ ਅਤੇ ਵੱਖ-ਵੱਖ ਥਾਵਾਂ ਦੇ ਪਿਆਸੇ ਲੋਕਾਂ ਦੀ ਪਿਆਸ ਬੁਝਾਉਂਦੇ ਹਨ ਤੇ ਜ਼ਮੀਨਾਂ ਦੀ ਸੰਚਾਈ ਕਰਕੇ ਉਹਨਾਂ ਨੂੰ ਹਰਿਆ ਭਰਿਆ ਬਣਾਉਂਦੇ ਹਨ। ਲੋਕਾਂ ਵਿਚ ਖ਼ੁਸ਼ਹਾਲੀ ਦਾ ਸੰਚਾਰ ਕਰਦੇ ਹਨ। ਪਰਤੂੰ ਇਥੇ ਇਕ ਗੱਲ ਦਾ ਧਿਆਨ ਰੱਖਣ ਦੀ ਜ਼ਰੂਰਤ ਹੈ, ਉਹ ਇਹ ਹੈ ਕਿ ਇਹ ਛੋਟੇ ਛੋਟੇ ਨਦੀਆਂ ਨਾਲਿਆਂ ਦਾ ਸੰਪਰਕ ਦਰਿਆ ਨਾਲ ਜਦੋਂ ਤਕ ਬਣਿਆ ਰਹਿੰਦਾ ਹੈ, ਉਪਰੋਕਤ ਸਥਿਤੀ ਉਦੋਂ ਤਕ ਹੀ ਕਾਇਮ ਰਹਿੰਦੀ ਹੈ। ਜਦੋਂ ਦਰਿਆ ਨਾਲ ਸੰਪਰਕ ਟੁੱਟ ਜਾਂਦਾ ਹੈ ਫਿਰ ਨਦੀਆਂ ਨਾਲੇ ਵੀ

www.sikhbookclub.com
ਸੁੱਕ ਜਾਂਦੇ ਹਨ। ਵਗਦਾ ਪਾਣੀ ਹੀ ਸਭ ਨੂੰ ਹਰਿਆ ਭਰਿਆ ਰੱਖਦਾ ਹੈ ਤੇ ਸਭ ਨੂੰ ਸੁਹਾਵਣਾ ਵੀ ਲੱਗਦਾ ਹੈ, ਠੀਕ ਇਸੇ ਤਰ੍ਹਾਂ ਹੀ ਸੰਪ੍ਰਦਾਵਾਂ ਹੁੰਦੀਆਂ ਹਨ। ਹਰ ਇਕ ਸੰਪ੍ਰਦਾ ਦਾ ਸੰਬੰਧ ਇਕ ਖ਼ਾਸ ਧਰਮ ਨਾਲ ਜੁੜਿਆ ਹੁੰਦਾ ਹੈ ਅਤੇ ਹਰ ਇਕ ਸੰਪ੍ਰਦਾ ਦਾ ਮੂਲ ਸਿਧਾਂਤ ਨਾਲ ਜੁੜੇ ਰਹਿਣਾ ਲਾਜ਼ਮੀ ਹੁੰਦਾ ਹੈ। ਪਰ ਜਦੋਂ ਸੰਪ੍ਰਦਾ ਆਪਣੇ ਮੂਲ ਸਿਧਾਂਤ ਨਾਲੋਂ ਟੁੱਟ ਜਾਂਦੀ ਹੈ ਤਾਂ ਧਰਮ ਅਵਲੰਬੀਆਂ ਵਿਚ ਉਸ ਦੀ ਮਾਨਤਾ ਤੋਂ ਵਿਸ਼ਵਾਸ ਟੁੱਟ ਜਾਂਦਾ ਹੈ।

ਸਿੱਖ ਧਰਮ ਵਿਚ ਅਨੇਕਾਂ ਹੀ ਸੰਪ੍ਰਦਾਵਾਂ ਹਨ, ਪਰੰਤੂ ਉਹਨਾਂ ਵਿਚ ਦੋ ਤਿੰਨ ਸੰਪ੍ਰਦਾਵਾਂ ਮੁੱਖ ਹਨ— ਇਕ ਨਿਰਮਲ ਸੰਪ੍ਰਦਾ, ਦੂਸਰੀ ਉਦਾਸੀ ਸੰਪ੍ਰਦਾ ਅਤੇ ਤੀਸਰੀ ਸੇਵਾ ਪੰਥੀ। ਇਹ ਤਿੰਨੇ-ਸੰਪ੍ਰਦਾਵਾਂ ਵਿਚੋਂ ਨਿਰਮਲ ਸੰਪ੍ਰਦਾ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਚਲਾਏ ਸਿੱਖ ਧਰਮ ਨਾਲੋਂ ਕਈ ਹਾਲਤਾਂ ਵਿਚ ਵੱਖਰਤਾ ਰੱਖਦੀ ਹੈ। ਸਾਡੇ ਸਾਹਮਣੇ ਵਿਚਾਰਧਾਰਕ ਰੂਪ ਵਿਚ ਕਈ ਵਖਰੇਵੇਂ ਵੀ ਸਾਹਮਣੇ ਆਉਂਦੇ ਹਨ। ਪਰੰਤੂ ਫਿਰ ਵੀ ਨਿਰਮਲ ਸੰਪ੍ਰਦਾ ਸਿੱਖ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪ ਵਿਚ ਆਸਥਾ ਰੱਖਦੀ ਹੈ। ਇਸ ਲਈ ਨਿਰਮਲ ਸੰਪ੍ਰਦਾਇ ਦੇ ਆਰੰਭ ਅਤੇ ਵਿਕਾਸ 'ਤੇ ਅਧਿਐਨ ਕਰਨਾ ਜ਼ਰੂਰੀ ਬਣ ਜਾਂਦਾ ਹੈ। ਇਸ ਦੇ ਨਾਲ ਹੀ ਨਿਰਮਲ ਸੰਪ੍ਰਦਾਇ ਨੇ ਵਿਦਵਤਾ ਦੇ ਖੇਤਰ ਅੰਦਰ ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਿੱਖ ਸਾਹਿਤ ਤੇ ਪੰਜਾਬੀ ਸਾਹਿਤ ਨੂੰ ਨਿਰਮਲੇ ਵਿਦਵਾਨਾਂ ਦੀ ਮਹਾਨ ਦੇਣ ਹੈ। ਇਹਨਾਂ ਵਿਦਵਾਨ ਲਿਖਾਰੀਆਂ ਦੀਆਂ ਲਿਖਤਾਂ ਦਾ ਮੁਲਾਂਕਣ ਕਰਨਾ ਵੀ ਜ਼ਰੂਰੀ ਬਣਦਾ ਹੈ। ਸੋ ਇਸ ਹੱਥਲੀ ਪੁਸਤਕ ਵਿਚ ਅਸੀਂ ਇਹਨਾਂ ਸਾਰੇ ਮੁੱਦਿਆਂ ਨੂੰ ਵਿਚਾਰਿਆ ਹੈ। ਨਿਰਮਲੇ ਸੰਤਾਂ ਦਾ ਪੰਜਾਬੀ ਸਾਹਿਤ ਦੇ ਖੇਤਰ ਅੰਦਰ ਯੋਗਦਾਨ, ਪੱਤਰਕਾਰੀ ਦੇ ਖੇਤਰ ਅੰਦਰ ਯੋਗਦਾਨ ਅਤੇ ਟੀਕਾਕਾਰੀ ਵਿਚ ਨਿਰਮਲੇ ਸਾਹਿਤਕਾਰਾਂ ਦੀ ਭੂਮਿਕਾ ਨੂੰ ਵੀ ਅਸੀਂ ਇਸ ਅਧਿਐਨ ਵਿਚ ਸ਼ਾਮਿਲ ਕੀਤਾ ਹੈ।

ਦਰਅਸਲ ਮੈਨੂੰ ਆਪਣੇ ਖੋਜ ਕਾਰਜ ਦੌਰਾਨ ਪਿੰਡ ਸੁਆੜਾ (ਲਾਡਰਾਂ) ਜਾਣ ਦਾ ਮੌਕਾ ਮਿਲਿਆ। ਕਿਉਂਕਿ ਇਸ ਪਿੰਡ ਵਿਚ ਡਾ: ਸੁਰਿੰਦਰ ਸਿੰਘ ਸ਼ੇਰਗਿੱਲ ਰਹਿੰਦੇ ਸਨ। ਮੈਂ ਆਪਣੇ ਖੋਜ ਕਾਰਜ ਦੇ ਸੰਬੰਧ ਵਿਚ ਉਹਨਾਂ ਨੂੰ ਮਿਲਣ ਸੁਆੜੇ ਗਿਆ। ਉਥੇ ਜਾ ਕੇ ਮੈਨੂੰ ਉਹਨਾਂ ਦੀ ਧਰਮ ਪਤਨੀ ਤੋਂ ਪਤਾ ਲੱਗਿਆ ਕਿ ਉਹ ਹੁਣ ਇਸ ਸੰਸਾਰ ਵਿਚ ਨਹੀਂ ਰਹੇ। ਮੇਰੇ ਜਾਣ ਤੋਂ ਛੇ ਕੁ ਮਹੀਨੇ ਪਹਿਲਾਂ ਹੀ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ। ਮੈਨੂੰ ਬਹੁਤ ਅਫ਼ਸੋਸ ਹੋਇਆ। ਕਿਉਂਕਿ ਨਿਰਮਲ ਸੰਪ੍ਰਦਾ ਨਾਲ ਸੰਬੰਧਿਤ ਸਾਹਿਤ 'ਤੇ ਖੋਜ ਕਾਰਜ ਕਰਨ ਵਾਲਾ ਇਕ ਬਹੁਤ ਹੀ ਵੱਡਾ ਵਿਦਵਾਨ ਇਸ ਸੰਸਾਰ ਤੋਂ ਬਹੁਤ ਹੀ ਜਲਦੀ ਚਲਾ ਗਿਆ ਸੀ। ਡਾ: ਸੁਰਿੰਦਰ ਸਿੰਘ ਸ਼ੇਰਗਿੱਲ ਨੇ ਆਪਣਾ ਪੀ.ਐਚ.ਡੀ. ਦਾ ਸੋਧ-ਪ੍ਰਬੰਧ ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਵਿਸ਼ੇ 'ਤੇ ਸੰਪੂਰਨ ਕੀਤਾ ਸੀ, ਜੋ ਕਿ ਅਣਛਪਿਆ ਹੈ। ਮੈਨੂੰ ਉਹਨਾਂ ਦੀ ਪਰਿਵਾਰ ਦੀ ਇਜਾਜ਼ਤ ਨਾਲ ਇਹ ਸੋਧ-ਪ੍ਰਬੰਧ ਪ੍ਰਾਪਤ ਹੋਇਆ। ਮੈਂ ਆਪਣੇ ਖੋਜ-ਕਾਰਜ ਸੰਪੂਰਨ ਕਰਨ ਵਿਚ ਰੁੱਝ ਗਿਆ। ਡਿਗਰੀ ਪ੍ਰਾਪਤ ਕਰਨ

www.sikhbookclub.com

ਤੋਂ ਉਪਰੰਤ ਮੈਂ ਨਿਰਮਲ ਸੰਪ੍ਰਦਾ ਦੇ ਇਤਿਹਾਸ ਨੂੰ ਸੰਪਾਦਤ ਕਰਨ ਵਿਚ ਅਤੇ ਹੋਰ ਦੋ ਤਿੰਨ ਪੁਸਤਕਾਂ ਦੀ ਛਪਾਈ ਦੇ ਕਾਰਜ ਵਿਚ ਰੁੱਝ ਗਿਆ। ਪਰੰਤੂ ਮੇਰੇ ਮਨ ਅੰਦਰ ਇਸ ਅਣਛੱਪੇ ਕਾਰਜ ਨੂੰ ਛਪਵਾਉਣ ਦਾ ਸੰਕਲਪ ਬਣਿਆ ਰਿਹਾ। ਇਸ ਕਾਰਜ ਲਈ ਮੈਂ ਭਾ.ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ ਵਾਲਿਆਂ ਨਾਲ ਗੱਲਬਾਤ ਕੀਤੀ। ਉਹਨਾਂ ਨੇ ਮੈਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੈਂ ਸ੍ਰ: ਹਰਭਜਨ ਸਿੰਘ ਮਾਲਕ ਭਾ. ਚਤਰ ਸਿੰਘ ਜੀਵਨ ਸਿੰਘ ਦੇ ਸਹਿਯੋਗ ਸਦਕਾ ਮੈਂ ਇਸ ਖੋਜ ਕਾਰਜ ਨੂੰ ਪਾਠਕਾਂ ਤਕ ਪਹੁੰਚਾਉਣ ਵਿਚ ਸਫਲ ਹੋਇਆ ਹਾਂ। ਮੈਂ ਕਿਸੇ ਯੂਨੀਵਰਸਿਟੀ ਵਿਚ ਅਧਿਆਪਕ ਨਹੀਂ ਹਾਂ। ਮੈਂ ਰੇਲ ਕੋਚ ਫ਼ੈਕਟਰੀ ਕਪੂਰਥਲਾ ਵਿਖੇ ਬਤੌਰ ਟੈਕਨੀਸ਼ਿਅਨ ਕੰਮ ਕਰਦਾ ਹਾਂ। ਇਸੇ ਦੌਰਾਨ ਹੀ ਮੈਂ ਪੀ.ਐਚ-ਡੀ. ਕੀਤੀ। ਇਸ ਤੋਂ ਇਲਾਵਾ *'ਸੋ ਕਿਉ ਮੰਦਾ ਆਖੀਐ'* ਪੁਸਤਕ ਵੀ ਪਾਠਕਾਂ ਤਕ ਪਹੁੰਚਾਈ। *ਨਿਰਮਲ ਸੰਪ੍ਰਦਾਇ ਦਾ ਇਤਿਹਾਸ* ਸੰਪਾਦਿਤ ਕੀਤਾ। ਇਕ ਹੋਰ ਪੁਸਤਕ *ਅਨੰਦ ਕਾਰਜ ਸੰਸਕਾਰ* ਵੀ ਛਪ ਕੇ ਪਾਠਕਾਂ ਤੱਕ ਪਹੁੰਚ ਚੁੱਕੀ ਹੈ। ਇਕ ਹੋਰ ਪੁਸਤਕ ਪੰਜਾਬ ਦੇ ਮੌਜੂਦਾ ਹਾਲਾਤਾਂ ਨੂੰ ਬਿਆਨ ਕਰਦੀ *'ਛੇਤੀ ਬਹੁੜੀਂ ਵੇ ਤਬੀਬਾ'* ਪੰਜਾਬੀ ਸੱਥ ਵਲੋਂ ਛੱਪ ਕੇ ਆ ਰਹੀ ਹੈ। ਨਿਰਮਲੇ ਵਿਦਵਾਨ *ਮਹੰਤ ਗਣੇਸ਼ਾ ਸਿੰਘ-ਜੀਵਨ ਤੇ ਰਚਨਾ* ਵੀ ਛਪਾਈ ਅਧੀਨ ਹੈ। ਸੋ ਮੇਰੇ ਕਹਿਣ ਤੋਂ ਭਾਵ ਹੈ ਕਿ ਇਸ ਪੁਸਤਕ ਵਿਚ ਕਈ ਖ਼ਾਮੀਆਂ ਰਹਿ ਗਈਆਂ ਹੋਣਗੀਆਂ। ਸੋ ਪਾਠਕਾਂ ਨੂੰ ਮੇਰੀ ਬੇਨਤੀ ਹੈ ਕਿ ਉਸਾਰੂ ਸੁਝਾਅ ਦੇ ਕੇ ਰਹਿ ਗਈਆਂ ਕਮੀਆਂ ਨੂੰ ਦੂਰ ਕਰਨ ਵਿਚ ਸਹਾਇਕ ਹੋਣਗੇ।

ਮੇਰੇ ਜੀਵਨ ਦਾ ਇਹ ਮਨੋਰਥ ਹੈ ਕਿ ਨਿਰਮਲੇ ਵਿਦਵਾਨ ਸੰਤਾਂ ਦਾ ਕੀਤਾ ਹੋਇਆ ਸਾਹਿਤਕ ਕਾਰਜ ਜੋ ਅਜੇ ਤਕ ਪਾਠਕਾਂ ਤਕ ਅਪੜਿਆ ਨਹੀਂ, ਉਸ ਨੂੰ ਆਮ ਪਾਠਕਾਂ ਤੇ ਖੋਜੀਆਂ ਤਕ ਅਪੜਦਾ ਕੀਤਾ ਜਾਵੇ। ਇਸ ਮਨੋਰਥ ਦੀ ਸਫਲਤਾ ਪਿਛੇ ਸੰਤ ਰਾਮ ਸਿੰਘ ਜੀ ਅਤੇ ਸੰਤ ਜੋਧ ਸਿੰਘ ਜੀ ਨਿਰਮਲ ਆਸ਼ਰਮ ਰਿਸ਼ੀਕੇਸ਼ ਦਾ ਅਸ਼ੀਰਵਾਦ ਹੈ, ਜੋ ਕਿ ਮੇਰੇ ਨਾਲ ਹਰ ਵਕਤ ਹੁੰਦਾ ਹੈ। ਇਸੇ ਅਸ਼ੀਰਵਾਦ ਸਦਕਾ ਹੀ ਮੈਂ ਉਪਰੋਕਤ ਕਥਨ ਕੀਤੇ ਕਾਰਜਾਂ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਮੈਂ ਇਥੇ ਧੰਨਵਾਦ ਕਰਾਂਗਾ ਸਤਿਕਾਰ ਯੋਗ ਸੰਤ ਜੋਧ ਸਿੰਘ ਜੀ ਮਹਾਰਾਜ ਦਾ, ਜੋ ਕਿ ਮੈਨੂੰ ਨਿਰਮਲ ਆਸ਼ਰਮ ਨਾਲ ਜੁੜੀਆਂ ਸੰਸਥਾਵਾਂ ਦੇ ਸਥਾਪਨ-ਸਮਾਰੋਹਾਂ ਤੇ ਨਿਰਮਲ ਆਸ਼ਰਮ ਦੇ ਪੂਰਬਲੇ ਮਹਾਂਪੁਰਸ਼ਾਂ ਦੀਆਂ ਬਰਸੀ-ਸਮਾਗਮਾਂ 'ਤੇ ਸੱਦਾ ਪੱਤਰ ਦਿੰਦੇ ਹਨ ਅਤੇ ਸਨਮਾਨਿਤ ਕਰਦੇ ਹਨ। ਬਹੁਤ ਹੀ ਪਿਆਰ ਤੇ ਸਤਿਕਾਰ ਦਿੰਦੇ ਹਨ। ਸੰਤ ਤੇਜਾ ਸਿੰਘ ਜੀ 'ਖੁੱਡਾ' ਵੀ ਮੈਨੂੰ ਬਹੁਤ ਸਤਿਕਾਰ ਦਿੰਦੇ ਹਨ। ਸੰਤ ਲਾਲ ਸਿੰਘ ਜੀ ਦੀ ਬਰਸੀ-ਸਮਾਗਮ 'ਤੇ ਉਹਨਾਂ ਨੇ ਮੈਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ। ਸੋ ਇਹਨਾਂ ਮਹਾਂਪੁਰਸ਼ਾਂ ਦੇ ਅਸ਼ੀਰਵਾਦ ਸਦਕਾ ਮੈਨੂੰ ਹੋਰ ਹੌਸਲਾ ਮਿਲਦਾ ਹੈ ਤੇ ਦਿਲ ਕਰਦਾ ਹੈ ਕਿ ਮੈਂ ਹੋਰ ਕਾਰਜ ਕਰਦਾ ਰਹਾਂ ਜੋ ਕਿ ਲਗਾਤਾਰ ਜਾਰੀ ਹੈ। ਮੈਂ ਧੰਨਵਾਦੀ ਹਾਂ ਨਿਰਮਲ ਪੰਚਾਇਤੀ ਅਖਾੜਾ ਹਰਿਦੁਆਰ ਦੇ ਕੋਠਾਰੀ ਸਾਹਿਬ ਦਾ ਜੋ ਕਿ ਮੈਨੂੰ ਪਿਆਰ ਭਰਿਆ ਨਿੱਘ

www.sikhbookclub.com

ਬਖ਼ਸ਼ਦੇ ਹਨ।

ਮੈਂ ਧੰਨਵਾਦ ਕਰਾਂਗਾ ਆਪਣੇ ਪਰਿਵਾਰਕ ਮੈਂਬਰਾਂ ਦਾ, ਖ਼ਾਸ ਤੌਰ 'ਤੇ ਆਪਣੀ ਧਰਮ ਪਤਨੀ ਦਾ ਜਿਨ੍ਹਾਂ ਦਾ ਮੈਨੂੰ ਸਾਹਿਤਕ ਕਾਰਜਾਂ ਵਿਚ ਬਹੁਤ ਸਹਿਯੋਗ ਮਿਲਦਾ ਹੈ। ਬਿਨਾਂ ਪਰਿਵਾਰਕ ਸਹਿਯੋਗ ਦੇ ਕੋਈ ਵੀ ਕਾਰਜ ਸੰਪੂਰਨ ਨਹੀਂ ਹੁੰਦਾ। ਰੇਲ ਕੋਚ ਫ਼ੈਕਟਰੀ ਦੇ ਸਮੂੰਹ ਸਟਾਫ਼-ਮੈਂਬਰਾਂ ਦਾ ਜੋ ਕਿ ਮੈਨੂੰ ਬਹੁਤ ਸਹਿਯੋਗ ਦਿੰਦੇ ਹਨ। ਅਖ਼ੀਰ 'ਤੇ ਡਾ: ਰਾਏ ਜਸਬੀਰ ਸਿੰਘ ਹੋਰਾਂ ਦਾ ਧੰਨਵਾਦ, ਜੋ ਮੈਨੂੰ ਬਹੁਤ ਸਾਰੇ ਉਸਾਰੂ ਸੁਝਾਅ ਦਿੰਦੇ ਰਹਿੰਦੇ ਹਨ।

ਇਸ ਰਚਨਾ ਰਾਹੀਂ ਅਸੀਂ ਨਿਰਮਲ ਸੰਪ੍ਰਦਾਇ ਦਾ ਆਰੰਭ ਤੇ ਵਿਕਾਸ ਅਤੇ ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਵਿਸਤ੍ਰਿਤ ਰੂਪ ਵਿਚ ਵਿਚਾਰਿਆ ਗਿਆ ਹੈ। ਇਸ ਦੇ ਨਾਲ ਹੀ ਨਿਰਮਲੇ ਡੇਰਿਆਂ ਦੀ ਵਰਤਮਾਨ ਸਥਿਤੀ ਨੂੰ ਵੀ ਵਿਚਾਰਿਆ ਗਿਆ ਹੈ। ਇਹ ਸਾਰੇ ਵੀਚਾਰ ਡਾ: ਸੁਰਿੰਦਰ ਸਿੰਘ ਸ਼ੇਰਗਿਲ ਜੀ ਦੇ ਹਨ। ਜਿਥੇ ਸਾਨੂੰ ਲੋੜ ਪਈ ਹੈ, ਉਥੇ ਥੋੜ੍ਹੀ ਬਹੁਤ ਸੋਧ ਸੁਧਾਈ ਕੀਤੀ ਹੈ। ਪਰੰਤੂ ਮੂਲ ਨੂੰ ਛੇੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ ਤਾਂ ਜੋ ਭਵਿੱਖ ਵਿਚ ਖੋਜਾਰਥੀਆਂ ਨੂੰ ਕੋਈ ਸਮੱਸਿਆ ਨਾ ਆਵੇ। ਆਸ ਹੈ ਕਿ ਮੇਰਾ ਇਹ ਯਤਨ ਖੋਜਾਰਥੀਆਂ ਅਤੇ ਪਾਠਕਾਂ ਨੂੰ ਪਸੰਦ ਆਵੇਗਾ।

ਧੰਨਵਾਦ

ਡਾ: ਪਰਮਜੀਤ ਸਿੰਘ 'ਮਾਨਸਾ'

ਮੋਬਾਇਲ ਨੰਬਰ : 099883-51990

097815-40990

★★★

www.sikhbookclub.com

ਅਧਿਆਇ ਪਹਿਲਾ

ਨਿਰਮਲ-ਸੰਪ੍ਰਦਾਇ ਦੀ ਉੱਤਪਤੀ ਤੇ ਵਿਕਾਸ

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਤੇ ਵਿਕਾਸ ਸਬੰਧੀ ਇਤਿਹਾਸ ਅਤੇ ਸਾਹਿਤ ਵਿਚੋਂ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇਸ ਸੰਪ੍ਰਦਾਇ ਦੇ ਮੁੱਢ ਬਾਰੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਵਿਚ ਇਕ ਸੰਮਤੀ ਨਹੀਂ ਹੈ। ਨਿਰਮਲ ਸੰਪ੍ਰਦਾਇ ਸਿੱਖ ਮੱਤ ਦੀ ਹੀ ਇਕ ਉਪ-ਸ਼ਾਖ਼ਾ ਹੈ। ਇਸ ਸ਼ਾਖ਼ਾ ਦਾ ਮੂਲ ਕਿਥੋਂ ਆਰੰਭ ਹੁੰਦਾ ਹੈ ? ਇਹ ਸ਼ਾਖ਼ਾ ਇਕ ਸੰਪ੍ਰਦਾਇ ਦਾ ਰੂਪ ਕਿਉਂ ਅਤੇ ਕਿਵੇਂ ਧਾਰਨ ਕਰ ਗਈ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਕੋਈ ਇਕ ਨਿਰਣੇਜਨਕ ਰਾਏ ਅਜੇ ਤੱਕ ਸਥਾਪਤ ਨਹੀਂ ਹੋ ਸਕੀ।

ਇਸ ਤੋਂ ਪਹਿਲਾਂ ਕਿ ਅਸੀਂ ਸੰਪ੍ਰਦਾਇ ਦੇ ਮੂਲ ਬਾਰੇ ਕਿਸੇ ਅੰਤਮ ਨਿਰਣੇ 'ਤੇ ਪਹੁੰਚੀਏ, ਸਾਨੂੰ ਸਿੱਖ ਇਤਿਹਾਸ ਵਿਚਲੀਆਂ ਸਾਰੀਆਂ ਗਵਾਹੀਆਂ ਅਤੇ ਵਿਚਾਰਾਂ ਦਾ ਵਿਵੇਚਨ ਕਰਨਾ ਪਵੇਗਾ। ਨਿਮਨ ਲਿਖਤ ਪ੍ਰਮਾਣਾਂ ਦਾ ਮੁਲਾਂਕਣ ਕਰਨਾ ਜ਼ਰੂਰੀ ਪ੍ਰਤੀਤ ਹੁੰਦਾ ਹੈ।

ਸਿੱਖ ਇਤਿਹਾਸਕਾਰ ਅਤੇ ਪੰਜਾਬ ਸਾਹਿਤ ਦੇ ਖੋਜੀ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਨਿਰਮਲੇ ਸ਼ਬਦ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ :-

"*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਪੰਜ ਸਿੱਖਾਂ (ਰਾਮ ਸਿੰਘ, ਕਰਮ ਸਿੰਘ, ਗੰਡਾ ਸਿੰਘ, ਵੀਰ ਸਿੰਘ, ਸੋਭਾ ਸਿੰਘ) ਨੂੰ ਬ੍ਰਹਮਚਾਰੀਆਂ ਦੇ ਭੇਸ ਵਿਚ ਸੰਸਕ੍ਰਿਤ ਵਿਦਿਆ ਪੜ੍ਹਨ ਲਈ ਕਾਂਸ਼ੀ ਭੇਜਿਆ ਸੀ, ਉਨ੍ਹਾਂ ਦੀ ਨਿਰਮਲ ਸੰਗਯਾ ਹੋਈ। ਇਨ੍ਹਾਂ ਪੰਜਾਂ ਦੇ ਚਾਟੜੇ ਜੋ ਨਿਰਮਲ ਵਸਤਰ ਪਹਿਰ ਕਰ ਸ਼ਾਂਤ ਚਿੱਤ ਰਹਿ ਕੇ ਵਿਦਿਆ ਅਰ ਨਾਮ ਦਾ ਅਭਿਆਸ ਅਤੇ ਧਰਮ ਪ੍ਰਚਾਰ ਕਰਦੇ ਰਹੇ ਹਨ, ਉਹ ਸਭ ਨਿਰਮਲੇ ਸੱਦੇ ਜਾਂਦੇ ਹਨ। ਸਿੱਖ ਪ੍ਰੇਮ ਵਿਚ ਨਿਰਮਲੇ ਸਾਧੂ ਵਿਦਿਆ ਦੇ ਪ੍ਰੇਮੀ ਅਰ ਵਿਚਾਰਵਾਨ ਹਨ।"

ਨਿਰਮਲ ਸੰਪ੍ਰਦਾਇ ਦੇ ਇਤਿਹਾਸਕਾਰਾਂ ਅਤੇ ਪ੍ਰਮੁੱਖ ਸੰਤ ਲੇਖਕਾਂ ਨੇ ਆਪਣੀ ਸੰਪ੍ਰਦਾਇ ਦੇ ਮੂਲ ਬਾਰੇ ਜੋ ਮੱਤ ਪੇਸ਼ ਕੀਤਾ ਹੈ, ਉਸ ਦਾ ਆਧਾਰ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਥਾਂ-ਥਾਂ 'ਤੇ ਪ੍ਰਯੋਗ ਹੋਏ 'ਨਿਰਮਲ' ਸ਼ਬਦ ਨੂੰ ਬਣਾਇਆ ਹੈ। ਇਹ ਨਿਰਮਲੇ ਸੰਤ ਇਸ ਵਿਚਾਰ ਦੇ ਪੱਖ ਵਿਚ ਹਨ ਕਿ 'ਨਿਰਮਲ' ਸ਼ਬਦ ਨੂੰ ਗੁਰੂ ਨਾਨਕ ਦੇਵ ਜੀ ਨੇ

ਭਾਈ ਕਾਨ੍ਹ ਸਿੰਘ — ਮਹਾਨ ਕੋਸ਼ — ਤੀਜੀ ਜਿਲਦ (ਪੰਨਾ 2133)

www.sikhbookclub.com

ਸੰਗਿਆ ਦੇ ਰੂਪ ਵਿਚ ਵਰਤਿਆ ਹੈ। ਇਨ੍ਹਾਂ ਦੀ ਵਿਆਖਿਆ ਅਨੁਸਾਰ ਸਿੱਖ ਮੱਤ ਦਾ ਅਸਲੀ ਨਾਮ ਹੀ ਨਿਰਮਲ ਪੰਥ ਸੀ, ਇਸ ਲਈ ਨਿਰਮਲ ਪੰਥ ਜਾਂ ਸੰਪ੍ਰਦਾਇ ਦੇ ਮੋਢੀ ਵੀ ਗੁਰੂ ਨਾਨਕ ਦੇਵ ਜੀ ਹੀ ਸਨ। ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲਈ ਨਿਰਮਲੇ ਵਿਦਵਾਨਾਂ ਨੇ ਗੁਰਬਾਣੀ, ਭਾਈ ਗੁਰਦਾਸ ਜੀ ਦੀ ਬਾਣੀ ਅਤੇ ਦੂਜੇ ਵਿਦਾਵਨਾਂ ਦੀਆਂ ਰਚਨਾਵਾਂ ਵਿਚੋਂ ਉਦਾਹਰਣਾਂ ਦਿੱਤੀਆਂ ਹਨ।

ਸੰਪ੍ਰਦਾਇ ਦੇ ਇਤਿਹਾਸਕਾਰ ਮਹੰਤ ਗਣੇਸ਼ਾ ਸਿੰਘ ਜੀ ਨੇ ਨਿਰਮਲ ਸੰਪ੍ਰਦਾਇ ਦੇ ਮੂਲ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਹਨ, ਉਨ੍ਹਾਂ ਦਾ ਤੱਤ-ਸਾਰ ਇਹੋ ਹੈ ਕਿ ਨਿਰਮਲ ਸੰਪ੍ਰਦਾਇ ਦਾ ਆਰੰਭ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਹੀ ਸਨ। ਆਪਣੀ ਪੁਸਤਕ 'ਨਿਰਮਲ ਭੂਸ਼ਣ' ਵਿਚ ਮਹੰਤ ਜੀ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚੋਂ ਤੁਕਾਂ ਦੇ ਕੇ ਉਨ੍ਹਾਂ ਦੀ ਵਿਆਖਿਆ ਨੂੰ ਆਪਣੇ ਮੱਤ ਦੇ ਪੱਖ ਵਿਚ ਪੇਸ਼ ਕੀਤਾ ਹੈ :-

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ।
ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰੁ ਫਿਰਾਇਆ।

(ਅੰਗ ਵਾਰ ੧, ਪਉੜੀ ੪੫)

ਉਪਰੋਕਤ ਤੁਕਾਂ ਦਾ ਹਵਾਲਾ ਦੇਣ ਤੋਂ ਬਾਅਦ ਮਹੰਤ ਗਣੇਸ਼ਾ ਸਿੰਘ ਜੀ ਨੇ ਆਪਣਾ ਨਿਰਣਾ ਇਸ ਤਰ੍ਹਾਂ ਦਿੱਤਾ ਹੈ :-

"ਇਸ ਪ੍ਰਕਾਰ ਇਹ ਸ੍ਰੀ ਗੁਰੂ ਜੀ ਨੇ ਆਪਣਾ ਨਿਰਮਲ ਪੰਥ ਰੂਪੀ ਸਿੱਕਾ ਪ੍ਰਚਲਤ ਕੀਤਾ*"

ਇਸੇ ਪ੍ਰਸੰਗ ਵਿਚ ਆਪਣੇ ਵਿਚਾਰਾਂ ਦੀ ਵਿਆਖਿਆ ਕਰ ਕੇ ਗੁਰਬਾਣੀ ਵਿਚੋਂ ਕੁਝ ਹੋਰ ਪ੍ਰਮਾਣ ਦੇਣ ਤੋਂ ਬਾਅਦ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਕਾਲ ਤੱਕ ਨਿਰਮਲ ਪੰਥ ਪੂਰਨ ਰੂਪ ਵਿਚ ਉੱਨਤ ਹੋ ਚੁੱਕਾ ਸੀ।

ਇਸ ਨਿਰਣੇਜਨਕ ਵਿਚਾਰ ਦਾ ਸ੍ਰੋਤ ਮਥੁਰਾ ਭੱਟ ਦੀ ਨਿਮਨ ਲਿਖਤ ਤੁੱਕ ਨੂੰ ਬਣਾਇਆ ਹੈ :-

ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ॥

(ਸਵੈਯਾ ੫-ਅੰਗ ੧੪੦੯)

ਮਹੰਤ ਗਣੇਸ਼ਾ ਸਿੰਘ ਦਾ ਵਿਚਾਰ ਹੈ ਕਿ ਇਸ ਤੁੱਕ ਦੀ ਰਚਨਾ ਤਾਂ ਹੀ ਹੋਈ ਹੈ ਕਿਉਂਕਿ ਨਿਰਮਲ ਪੰਥ ਪਹਿਲਾਂ ਸਥਾਪਤ ਹੋ ਚੁੱਕਾ ਸੀ। ਨਿਰਮਲ ਭੇਖ ਸ਼ਬਦ ਉੱਤੇ ਵਿਸਥਾਰ ਨਾਲ ਟਿੱਪਣੀ ਕਰਨ ਤੋਂ ਬਾਅਦ** 'ਭੇਖ' ਸ਼ਬਦ ਦਾ ਅਰਥ 'ਸੰਪ੍ਰਦਾਇ' ਸਿੱਧ

*ਨਿਰਮਲ ਭੂਸ਼ਣ।

**ਨਿਰਮਲ ਭੂਸ਼ਣ।

www.sikhbookclub.com

ਕੀਤਾ ਹੈ।

ਗੁਰਬਾਣੀ ਤੋਂ ਛੁੱਟ ਗਣੇਸ਼ਾ ਸਿੰਘ ਨੇ ਕੁਝ ਹੋਰ ਸਿੱਖ ਵਿਦਵਾਨਾਂ ਦੇ ਵਿਚਾਰ ਵੀ ਪ੍ਰਸਤੁਤ ਕੀਤੇ ਹਨ। ਇਨ੍ਹਾਂ ਵਿਚਾਰਾਂ ਦਾ ਭਾਵ ਅਰਥ ਇਹ ਕੱਢਿਆ ਹੈ ਕਿ ਦੂਜੇ ਇਤਿਹਾਸਕਾਰਾਂ ਨੇ ਵੀ ਸਿੱਖ ਮੱਤ ਨੂੰ 'ਨਿਰਮਲ ਪੰਥ' ਆਖਿਆ ਹੈ। ਜਿਨ੍ਹਾਂ ਤੁੱਕਾਂ ਨੂੰ ਗਣੇਸ਼ਾ ਸਿੰਘ ਨੇ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਕਰਨ ਲਈ ਪੁਸਤਕ 'ਨਿਰਮਲ ਭੂਸ਼ਣ' ਵਿਚ ਪ੍ਰਗਟ ਕੀਤਾ ਹੈ, ਉਹ ਨਿਮਨ ਲਿਖਤ ਹਨ :-

ਕੰਚਨ ਜੈਸ ਕਸੌਟਿ ਲਗ, ਪਾਰਸ ਲੋਹ ਮਨੂਰ।
ਤਯੋਂ ਨਿਰਮਲ ਹ੍ਵੈ ਸਿਖ ਤਨ, ਇਹ ਦਰਬਾਰ ਹਜੂਰ।

(ਗੁਰ ਬਿਲਾਸ ਅਧਿਆਇ ੨੯)

ਸਤਗੁਰ ਦਰਸਨ ਕਾਟਤ ਪਾਪ।
ਸ਼ਨੇ ਸ਼ਨੇ ਨਿਰਮਲ ਹੋਇ ਆਪ।

(ਸ੍ਰੀ ਗੁ: ਪ੍ਰ: ਸੂਰਜ, ਰੁੱਤ ੩, ਅੰਸੂ ੪੨)

ਇਹ ਬਿਧ ਪਾਂਚੋ ਸਿੰਘ ਕੋ ਖੰਡੇ ਪਾਹਲ ਦੀਨ।
ਪੰਚ ਕੋਸ਼ ਉਰਗਯਾਨ ਇਨ ਦੇ ਨਿਰਮਲ ਪੰਥ ਸੁਕੀਨ।

(ਸ੍ਰੀ ਗੁ: ਪ੍ਰ: ਸੂਰਜ, ਰੁੱਤ ੧ ਅੰਸੂ ੧੯, ੬੩੪੫)

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਇਤਿਹਾਸ ਵਿਚ ਇਤਿਹਾਸਕਾਰਾਂ ਨੇ ਦੋ ਵਿਸ਼ੇਸ਼ ਘਟਨਾਵਾਂ ਦਾ ਵਰਣਨ ਕੀਤਾ ਹੈ ਜਿਨ੍ਹਾਂ ਅਨੁਸਾਰ ਗੁਰੂ ਜੀ ਨੇ ਸਿੱਖ ਕੌਮ ਨੂੰ ਇਕ ਵਿਲੱਖਣ ਅਤੇ ਵਿਸ਼ਿਸ਼ਟ ਰੂਪ ਵਿਚ ਢਾਲਿਆ। ਉਨ੍ਹਾਂ ਵਿਚੋਂ ਇਕ ਘਟਨਾ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਪੰਜ ਕਕਾਰ ਗ੍ਰਹਿਣ ਕਰਨ ਦਾ ਆਦੇਸ਼ ਦੇਣ ਸਬੰਧੀ ਹੈ। ਮਹੰਤ ਗਣੇਸ਼ਾ ਸਿੰਘ ਦਾ ਵਿਚਾਰ ਹੈ ਕਿ ਉਹ *ਪੰਜ ਪਿਆਰੇ ਨਿਰਮਲ ਸੰਪ੍ਰਦਾਇ ਵਿਚੋਂ ਚੁਣੇ ਗਏ ਸਨ। ਗਣੇਸ਼ਾ ਸਿੰਘ ਇਸ ਵਿਚਾਰ ਤੋਂ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਤੋਂ ਪਹਿਲਾਂ ਵੀ ਨਿਰਮਲ ਸੰਪ੍ਰਦਾਇ ਦੀ ਸਥਾਪਨਾ ਹੋ ਚੁੱਕੀ ਸੀ।

ਨਿਰਮਲ ਸੰਪ੍ਰਦਾਇ ਦੇ ਇਕ ਹੋਰ ਪ੍ਰਸਿੱਧ ਇਤਿਹਾਸਕਾਰ ਮਹੰਤ ਦਿਆਲ ਸਿੰਘ ਨੇ ਵੀ ਨਿਰਮਲ ਸੰਪ੍ਰਦਾਇ ਦਾ ਇਤਿਹਾਸ ਚਾਰ ਭਾਗਾਂ ਵਿਚ ਲਿਖਿਆ ਹੈ, ਜਿਸ ਦਾ ਨਾਮ 'ਨਿਰਮਲ ਪੰਥ ਦਰਸ਼ਨ' ਹੈ। ਇਸ ਇਤਿਹਾਸ ਵਿਚ ਦਿਆਲ ਸਿੰਘ ਨੇ ਮਹੰਤ ਗਣੇਸ਼ਾ ਸਿੰਘ ਜੀ ਦੇ ਵਿਚਾਰਾਂ ਦੀ ਹੀ ਪੁਸ਼ਟੀ ਕੀਤੀ ਹੈ ਅਤੇ ਕੁਝ ਨਵੀਆਂ ਉਦਾਹਰਨਾਂ ਦੇ ਕੇ ਇਸੇ ਸਿੱਟੇ 'ਤੇ ਪੁੱਜੇ ਹਨ ਕਿ ਨਿਰਮਲ ਸੰਪ੍ਰਦਾਇ ਦੇ ਮੋਢੀ ਗੁਰੂ ਨਾਨਕ ਦੇਵ ਜੀ ਹੀ ਸਨ।

---

* *"ਪੰਜ ਪਿਆਰੇ ਵਿਰਕਤ ਨਿਰਮਲੇ ਹੀ ਸਨ, ਜੋ ਕਦੇ ਵਿਰਕਤ ਨਿਰਮਲੇ ਸੰਤ ਨਾ ਹੁੰਦੇ ਤਾਂ ਇਨ੍ਹਾਂ ਦੀ ਸੰਤਾਨ ਅਰੁ ਪਰਿਵਾਰ ਆਦਿ ਦਾ ਪਤਾ ਕੋਈ ਇਤਿਹਾਸਕਾਰ ਲਿਖਦਾ। (ਮਹੰਤ ਗਣੇਸ਼ਾ ਸਿੰਘ ਨਿਰਮਲ ਭੂਸ਼ਣ, (ਪੰਨਾ 29)*

www.sikhbookclub.com

"ਗੁਰੂ ਨਾਨਕ ਦੇਵ ਜੀ ਨੇ ਪ੍ਰਾਣੀ ਮਾਤਰ ਨੂੰ ਸੰਸਾਰ ਤੋਂ ਪਾਰ ਕਰਨ ਲਈ ਇਕ ਨਿਰੋਲ ਈਸ਼ਵਰ ਦੀ ਭਗਤੀ, ਨਾਮ ਸਿਮਰਨ ਰੂਪ ਨਿਰਮਲ ਪੰਥ (ਨਿਰਮਲ ਮਾਰਗ) ਅਸਥਾਪਨ ਕੀਤਾ।.......ਆਪ ਦਾ ਇਹ ਉਪਦੇਸ਼ ਸੁਣਨ ਨਾਲ ਬੇਅੰਤ ਜਗਿਆਸੂ ਭਗਤੀ ਮਾਰਗ ਵਿਚ ਆਏ ਤੇ ਇਸ ਨਿਰਮਲ ਮਾਰਗ ਵਿਚ ਆਏ ਹੋਏ ਸਭ ਸ਼ਿਸ਼ ਸਮੁਦਾਯ ਦਾ ਨਾਮ ਭੀ ਧੀਰੇ ਧੀਰੇ ਨਿਰਮਲ ਪੰਥ ਪ੍ਰਸਿੱਧ ਹੋ ਗਿਆ।"*

ਮਹੰਤ ਦਿਆਲ ਸਿੰਘ ਨੇ ਆਪਣੇ ਮੱਤ ਦੇ ਪੱਖ ਵਿਚ ਜੋ ਪ੍ਰਮਾਣ ਦਿੱਤੇ ਹਨ, ਉਹ ਨਿਮਨ ਲਿਖਤ ਤੁਕਾਂ ਹਨ :-

"ਕਲਿਜੁਗ ਨਾਨਕ ਨਿਰਮਲਾ ਪੰਥ ਚਲਾਯੋ ਆਇ**"

(ਮੱਕੇ ਦੀ ਗੋਸ਼ਟ-੧੪)

"ਗੁਰੂ ਅਰਜੁਨ ਜਹਿ ਬੈਠ ਕਰ ਬਾਂਧੀ ਬੀੜ ਸੁ ਗ੍ਰੰਥ।
ਜਹਿ ਪ੍ਰਸਾਦ ਸਭ ਜਗਤ ਮੈਂ ਚਲਹਿ ਨਿਰਮਲ ਪੰਥ***।"

(ਗੁਰ ਬਿਲਾਸ-੬)

ਨਿਰਮਲੇ ਇਤਿਹਾਸਕਾਰਾਂ ਦੇ ਵਿਚਾਰ ਪੜ੍ਹ ਚੁੱਕਣ ਤੋਂ ਬਾਅਦ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆ ਜਾਂਦੀ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਨੂੰ ਹੀ ਨਿਰਮਲ ਸੰਪ੍ਰਦਾਇ ਦਾ ਮੋਢੀ ਮੰਨਦੇ ਹਨ।

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਬਾਰੇ ਦੂਜਾ ਵਿਚਾਰ ਗਿ: ਗਿਆਨ ਸਿੰਘ ਦਾ ਹੈ ਜੋ ਕਿ ਉਪਰੋਕਤ ਮਹੰਤਾਂ ਦੇ ਵਿਚਾਰਾਂ ਤੋਂ ਭਿੰਨ ਹੈ। ਗਿ. ਗਿਆਨ ਸਿੰਘ ਨੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਬਾਰੇ ਤਿੰਨ ਪੁਸਤਕਾਂ ਵਿਚ ਵਿਚਾਰ ਦਿੱਤਾ ਹੈ— *'ਨਿਰਮਲ ਪੰਥ ਪ੍ਰਦੀਪਕਾ'*, *'ਤਵਾਰੀਖ਼ ਗੁਰੂ ਖਾਲਸਾ'* ਅਤੇ *'ਪੰਥ ਪ੍ਰਕਾਸ਼'*। ਇਨ੍ਹਾਂ ਪੁਸਤਕਾਂ ਵਿਚਲੇ ਹਵਾਲੇ ਸਾਨੂੰ ਕਿਸੇ ਸਿੱਟੇ 'ਤੇ ਪੁੱਜਣ ਵਿਚ ਸਹਾਇਕ ਸਿੱਧ ਹੁੰਦੇ ਹਨ।

"ਕਾਹੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਸੈ ਲੇਕਰ ਦਸਵੇਂ ਪਾਤਸ਼ਾਹ ਪ੍ਰਯੰਤ ਜੋ ਲੋਕ ਗ੍ਰਹਿਸਤੀ ਸੇਵਕ ਉਪਦੇਸ਼ੀ ਹੋਤੇ ਰਹੇ ਸੋ ਕੇਵਲ ਸਿੱਖ ਗੁਰੂ ਕੇ ਮਸ਼ਹੂਰ ਰਹੇ ਔਰ ਜੋ ਬਿਹੰਗਮ ਬੈਰਾਗਵਾਨ ਹੱਥ ਜੋੜ ਕਰ ਉਪਦੇਸ਼ ਲੈ ਕਰ ਚੇਲੇ ਗੁਰੂ ਕੇ ਹੋਤੇ ਰਹੇ ਸੋ ਨਿਰਮਲੇ ਸਿੱਖ ਸਦਵਾਤੇ ਰਹੇ। ਇਹ ਦੋ ਸੰਗਯਾ ਪਹਿਲੇ ਦਿਨ ਤੇ ਗੁਰੂ ਘਰ ਮੇਂ ਸਿੱਖਾਂ ਕੀ ਥੀ ਸੋਈ ਅਬ ਹੈ।+

ਗਿਆਨੀ ਗਿਆਨ ਸਿੰਘ ਦਾ ਉਪਰੋਕਤ ਕਥਨ ਗਣੇਸ਼ਾ ਸਿੰਘ ਅਤੇ ਮਹੰਤ ਦਿਆਲ

*ਮਹੰਤ ਦਿਆਲ ਸਿੰਘ, ਨਿਰਮਲ ਪੰਥ ਦਰਸ਼ਨ, ਭਾਗ ਪਹਿਲਾ, (ਪੰਨਾ 105-06)

**ਮਹੰਤ ਦਿਆਲ ਸਿੰਘ, ਨਿਰਮਲ ਪੰਥ ਦਰਸ਼ਨ, ਭਾਗ ਪਹਿਲਾ, (ਪੰਨਾ 109)

*** ਉਹੀ, ਪੰਨਾ 110

+ਨਿਰਮਲ ਪੰਥ ਪ੍ਰਦੀਪਕਾ— ਗਿਆਨੀ ਗਿਆਨ ਸਿੰਘ, (ਪੰਨਾ 7)

www.sikhbookclub.com

ਸਿੰਘ ਦੇ ਵਿਚਾਰਾਂ ਨਾਲ ਪੂਰਨ ਰੂਪ ਵਿਚ ਮੇਲ ਨਹੀਂ ਖਾਂਦਾ। ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਨੂੰ ਗਿਆਨੀ ਜੀ ਸਮੁੱਚਾ ਨਿਰਮਲ ਪੰਥ ਪ੍ਰਵਾਨ ਨਹੀਂ ਕਰਦੇ। ਉਹਨਾਂ ਦੇ ਵਿਚਾਰ ਅਨੁਸਾਰ ਗੁਰੂ ਜੀ ਦੇ ਸਾਰੇ ਅਨੁਯਾਈ ਸਿੱਖ ਹੀ ਸਨ। ਕੇਵਲ ਇਕ ਵਿਸ਼ੇਸ਼ ਵਰਗ ਨੂੰ ਹੀ ਨਿਰਮਲੇ ਸਿੱਖ ਆਖਿਆ ਗਿਆ।

ਸੰਪ੍ਰਦਾਇ ਦੀ ਉੱਤਪਤੀ ਵਿਸ਼ੇ ਉੱਤੇ ਗਿਆਨੀ ਗਿਆਨ ਸਿੰਘ ਨੇ ਸਵਿਸਥਾਰ ਚਰਚਾ ਕੀਤੀ ਹੈ ਅਤੇ ਆਪਣੀ ਖੋਜ ਦੇ ਆਧਾਰ ਉੱਤੇ ਨਵੇਂ ਸਿੱਟੇ ਕੱਢੇ ਹਨ। ਨਿਰਮਲ ਸੰਪ੍ਰਦਾਇ ਦੀ ਉੱਤਪਤੀ ਦੇ ਪ੍ਰਸੰਗ ਵਿਚ ਲਿਖੇ ਕਾਂਡ ਵਿਚੋਂ ਹੇਠ ਲਿਖੀਆਂ ਸਤਰਾਂ ਨੂੰ ਵਾਚਣਾ ਜ਼ਰੂਰੀ ਹੈ :-

ਯਦਯਪਿ ਨਿਰਮਲ ਪੰਥ ਗੁਰੂ ਨਾਨਕ ਸਾਹਿਬ ਕੇ ਵਕਤ ਸੇ ਹੈ ਔਰ ਉਸ ਨੂੰ ਦਸਮੇਂ ਪਾਤਸ਼ਾਹ ਜੀ ਨੇ ਖੰਡੇ ਕਾ ਅੰਮ੍ਰਿਤ ਛਕਾ ਕੇ ਸਤੋਗੁਣੀ ਨਵਿਰਤੀ ਮਾਰਗ ਵਾਲੇ ਸਿੰਘਾਂ ਨੂੰ ਮਾਲਾ ਔਰ ਗਿਯਾਨ ਤੇਗ ਪਕੜਾ ਕਰ ਬ੍ਰਹਮ ਰਿਖੀ ਨਿਰਮਲ ਪੰਥ ਖਾਲਸਾ ਪਦਵੀ ਬਖ਼ਸ਼ੀ ਹੈ ਔਰ ਰਜੋਗੁਣੀ ਪ੍ਰਵਿਰਤੀ ਮਾਰਗ ਵਾਲੇ ਸਿੰਘਾਂ ਨੂੰ ਗਿਆਨ ਤੇਗ ਦੇ ਕੇ ਰਾਜ ਰਿਖੀ ਛੜੀ ਨਿਰਮਲ ਖਾਲਸਾ ਖਿਤਾਬ ਦੀਆ ਔਰ ਤਮੋਗੁਣੀ ਬਹੀਰੀਏ ਬਿਹੰਗਮ ਨੂੰ ਨਿਰਮਲੇ ਨਿਹੰਗ ਖਾਲਸਾ ਪਦ ਦੇਤੇ ਭਏ।''*

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਵਿਚੋਂ ਇਕ ਪ੍ਰਸਿੱਧ ਅਤੇ ਮਹੱਤਵਪੂਰਨ ਘਟਨਾ ਪਾਉਂਟਾ ਸਾਹਿਬ ਵਿਖੇ ਵਾਪਰੀ। ਸੰਮਤ 1742 ਬਿਕ੍ਰਮੀ (1685 ਈਸਵੀ) ਵਿਚ, ਪਾਉਂਟਾ ਸਾਹਿਬ ਸਥਾਨ 'ਤੇ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕ੍ਰਿਤ ਦੇ ਇਕ ਵਿਦਵਾਨ ਪੰਡਿਤ ਰਘੁਨਾਥ ਨੂੰ ਆਖਿਆ ਕਿ ਉਹ ਗੁਰੂ ਜੀ ਦੇ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਇਆ ਕਰੇ। ਉੱਤਰ ਵਿਚ ਪੰਡਿਤ ਰਘੁਨਾਥ ਨੇ ਆਖਿਆ ਕਿ ਸਿੱਖ ਸ਼ੂਦਰ ਬਹੁਤ ਹਨ ਜਿਨ੍ਹਾਂ ਨੂੰ ਵੇਦ ਵਿੱਦਿਆ ਦਾ ਅਧਿਕਾਰ ਨਹੀਂ। ਇਸ ਘਟਨਾ ਦਾ ਪ੍ਰਤਿਕਰਮ ਹੀ ਸੀ ਕਿ ਗੁਰੂ ਜੀ ਨੇ ਪੰਜ ਸਿੱਖ ਕਾਂਸ਼ੀ ਵਿਖੇ ਸੰਸਕ੍ਰਿਤ ਪੜ੍ਹਨ ਲਈ ਭੇਜੇ।

"1742 ਬਿਕ੍ਰਮੀ ਨੂੰ ਉਨ੍ਹਾਂ ਪੰਜਾਂ ਸਿੱਖਾਂ ਨੇ ਕਾਂਸ਼ੀ (ਜਿੱਥੇ ਪਹਿਲੇ ਭਾਈ ਗੁਰਦਾਸ ਜੀ ਰਹਿ ਗਏ ਸੇ, ਤੇ ਹੁਣ ਚੇਤਨ ਮਠ ਗੁਰੂ ਜੀ ਕੀ ਸੰਗਤ ਹੈ) ਰਹਿ ਕਰ ਵਿਦਯਾ ਪੜ੍ਹੀ ਅਰ ਨਿਰਮਲੇ ਸੰਤ ਸਦਵਾਂਦੇ ਰਹੇ।''**

ਇਸੇ ਘਟਨਾ ਦਾ ਜ਼ਿਕਰ ਗਿ : ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਵੀ ਕੀਤਾ ਹੈ :-

"ਤਬ ਹੀ ਬਸਨ ਕਖਾਏ ਸਜੈ ਕੇ
ਆਗਿਆ ਬਰਸਤ ਗੁਰ ਤੈ ਲੈ ਕੇ

---

*ਨਿਰਮਲ ਪੰਥ ਪ੍ਰਦੀਪਕਾ, ਗਿਆਨੀ ਗਿਆਨ ਸਿੰਘ, (ਪੰਨਾ 7)

** ਤਵਾਰੀਖ਼ ਗੁਰੂ ਖ਼ਾਲਸਾ, ਪਹਿਲਾ ਹਿੱਸਾ, ਗਿ: ਗਿਆਨ ਸਿੰਘ, (ਭਾਸ਼ਾ ਵਿਭਾਗ) ਪੰਨਾ 798

www.sikhbookclub.com

ਪਹੁੰਚੇ ਕਾਂਸ਼ੀ ਪੁਰ ਉਦਾਰੇ
ਚੇਤਨ ਮਠ ਮੇਂ ਰਹੇ ਵਿਚਾਰੇ
ਸਾਧੂ ਨਿਰਮਲੇ ਸੋ ਬਿਦਤਾਏ
ਬਿਦਯਾ ਪਢੀ ਅਧਕ ਮਨ ਲਾਏ॥*

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਵਾਪਰੀ ਉਪਰੋਕਤ ਘਟਨਾ ਨੂੰ ਸਿੱਖ ਇਤਿਹਾਸ ਵਿਚ ਪ੍ਰਸਤੁਤ ਕਰ ਕੇ ਇਤਿਹਾਸਕਾਰਾਂ ਨੇ ਇਹੋ ਨਿਰਣਾ ਦਿੱਤਾ ਹੈ ਕਿ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਕੇ ਆਏ ਸਿੱਖਾਂ ਨੂੰ ਗੁਰੂ ਜੀ ਨੇ ਅਸ਼ੀਰਵਾਦ ਦੇ ਕੇ ਆਖਿਆ ਸੀ ਕਿ ਉਹ ਗੁਰੂ ਜੀ ਦੇ ਅਨੁਯਾਈ ਸਿੱਖਾਂ ਵਿਚ ਨਿਰਮਲ ਸੰਤ ਦੀ ਪਦਵੀ ਪ੍ਰਾਪਤ ਕਰਨਗੇ। ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਉਸ ਦਿਨ ਤੋਂ ਨਿਰਮਲ ਸੰਪ੍ਰਦਾਇ ਦੀ ਸਥਾਪਨਾ ਹੋਈ ਹੈ।

The nucleus of those baptized mission arias was formed from those who had received a Sanskrit education at Banaras and who by living among Pandit had accuized, the name Nirmale which is a Sanskrit Synonym for Khalas both meaning the 'Purified one.'**

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਦੇ ਪ੍ਰਸੰਗ ਵਿਚ ਅੰਕਤ ਕੀਤੇ ਗਏ ਭਿੰਨ-ਭਿੰਨ ਵਿਚਾਰਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਾਂਸ਼ੀ ਵਿਖੇ ਵਿੱਦਿਆ ਪ੍ਰਾਪਤ ਕਰਨ ਗਏ ਸਿੱਖਾਂ ਨੂੰ ਹੀ ਬਾਅਦ ਵਿਚ ਨਿਰਮਲੇ ਸੰਤ ਆਖਿਆ ਜਾਣ ਲੱਗਾ। ਜਿਸ ਰੂਪ ਵਿਚ ਇਤਿਹਾਸਕਾਰਾਂ ਨੇ ਪਾਉਂਟਾ ਸਾਹਿਬ ਵਾਲੀ ਘਟਨਾ ਨੂੰ ਪੇਸ਼ ਕੀਤਾ ਹੈ, ਉਸ ਤੋਂ ਇਹ ਗੱਲ ਭਲੀਭਾਂਤ ਸਿੱਧ ਹੁੰਦੀ ਹੈ ਕਿ ਸਿੱਖਾਂ ਨੂੰ ਕਾਂਸ਼ੀ ਭੇਜਣ ਸਮੇਂ ਕਿਸੇ ਸੰਪ੍ਰਦਾਇ ਦਾ ਮੁੱਢ ਤੋਰਨ ਦਾ ਮਨੋਰਥ ਨਹੀਂ ਸੀ, ਸਗੋਂ ਉਨ੍ਹਾਂ ਕਾਂਸੀ ਤੋਂ ਵਿੱਦਿਆ ਪ੍ਰਾਪਤ ਕਰ ਕੇ ਆਏ ਵਿਦਵਾਨਾਂ ਤੋਂ ਬਣਿਆ ਵਰਗ ਬਾਅਦ ਵਿਚ ਨਿਰਮਲੇ ਸਾਧੂਆਂ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

"The twelve years at Anandpur were also full of intellectual activity Gobind Selected five of the most scholarly of his disciples and sent them texts to be batter to interpret the writings of the Guru Which were full of allusions to Hindu Mythology and philosophy.

These five began the school of sikh theologi known as the nirmales

*ਪੰਥ ਪ੍ਰਕਾਸ਼, ਭਾਸ਼ਾ ਵਿਭਾਗ, (ਪੰਨਾ 1250)

**Teja Singh, Sikhism, Its Ideas and Institutions. (P. 68.)

www.sikhbookclub.com

(unsullied)"*

ਨਿਰਮਲ ਸੰਪ੍ਰਦਾਇ ਦੇ ਆਰੰਭ ਬਾਰੇ ਨਿਰਮਲੇ ਸੰਤਾਂ ਤੋਂ ਬਿਨਾਂ, ਦੂਜੇ ਇਤਿਹਾਸਕਾਰਾਂ ਦੇ ਵਿਚਾਰ ਪੜ੍ਹਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਜਿਹੜੇ ਸਿੱਖ ਸੰਸਕ੍ਰਿਤ ਵਿਦਿਆ ਸਿੱਖਣ ਲਈ ਬਨਾਰਸ ਗਏ ਸਨ, ਉਹੋ ਨਿਰਮਲ ਸੰਪ੍ਰਦਾਇ ਦੇ ਮੋਢੀ ਨਿਰਮਲੇ ਸੰਤ ਆਖੇ ਜਾ ਸਕਦੇ ਹਨ।

ਇਤਿਹਾਸਕਾਰਾਂ ਵੱਲੋਂ ਦਿੱਤੇ ਗਏ ਪ੍ਰਮਾਣਾਂ ਤੋਂ ਕੇਵਲ ਇਹ ਪਤਾ ਲੱਗਦਾ ਹੈ ਕਿ ਗੁਰਮਤਿ ਦੇ ਅਨੁਯਾਈ ਸਿੱਖਾਂ ਦੇ ਵਿਚ ਹੀ ਵਿਦਵਾਨਾਂ ਦਾ ਇਕ ਵਰਗ ਨਿਰਮਲੇ ਸੰਤ ਅਖਵਾਉਂਦਾ ਰਿਹਾ ਜਾਂ ਨਿਰਮਲੇ ਇਤਿਹਾਸਕਾਰਾਂ ਦੇ ਵਿਚਾਰਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦਾ ਚਲਾਇਆ ਮੱਤ ਹੀ ਨਿਰਮਲ ਪੰਥ ਹੈ। ਇਨ੍ਹਾਂ ਵਿਚਾਰਾਂ ਦੇ ਵਿਪਰੀਤ ਅਸਲੀਅਤ ਇਹ ਹੈ ਕਿ ਨਿਰਮਲ ਸੰਪ੍ਰਦਾਇ ਨੇ ਸਿੱਖਾਂ ਨਾਲੋਂ ਨਿਖੜ ਕੇ ਆਪਣੀ ਸੰਪ੍ਰਦਾਇ ਦੇ ਵੱਖਰੇ ਨਿਯਮ ਬਣਾਏ ਹਨ ਅਤੇ ਇਹ ਸੰਪ੍ਰਦਾਇ ਸ੍ਵੈਧੀਨ ਰੂਪ ਵਿਚ ਸਥਾਪਤ ਹੋ ਚੁੱਕੀ ਹੈ। ਨਿਰਮਲ ਸੰਪ੍ਰਦਾਇ ਨੇ ਇਹ ਵੱਖਰਾ ਰੂਪ ਕਿਵੇਂ ਧਾਰਨ ਕਰ ਲਿਆ, ਇਸ ਬਾਰੇ ਗਿ: ਗਿਆਨ ਸਿੰਘ ਦੇ ਲਿਖੇ ਇਤਿਹਾਸ ਵਿਚੋਂ ਸੰਕੇਤ ਮਿਲਦੇ ਹਨ। 'ਨਿਰਮਲ ਪੰਥ ਪ੍ਰਦੀਪਕਾ' ਵਿਚਲੇ "ਧਨ ਅਰ ਭੂਮਿ ਪੁਰਾਤਨ ਬੈਰ" ਵਾਲੇ ਕਥਨ ਨੂੰ ਨਿਰਮਲੇ ਸੰਤਾਂ ਦਾ ਸਿੱਖਾਂ ਨਾਲੋਂ ਨਿਖੜਨ ਦਾ ਕਾਰਨ ਦੱਸਿਆ ਹੈ। ਸੰਮਤ 1929 ਬਿਕ੍ਰਮੀ ਵਿਚ ਨਿਰਮਲੇ ਸੰਤ ਅਬਚਲ ਨਗਰ ਸਾਹਿਬ ਵਿਚੇ ਆਪਣੀ ਪ੍ਰਚਲਤ ਰੀਤ ਅਨੁਸਾਰ ਮੇਲਾ ਲਗਾਉਣ ਲਈ ਇਕੱਠੇ ਹੋਏ। ਉਥੇ ਪਹਿਲਾਂ ਹੀ ਸਿੱਖਾਂ ਵਿਚ ਦੋ ਧੜੇ ਸਨ। ਉਹ ਧੜੇ-ਬਾਜ਼ੀ ਹੀ ਆਪਸੀ ਲੜਾਈ ਦਾ ਰੂਪ ਧਾਰਨ ਕਰ ਗਈ। ਇਸ ਲੜਾਈ ਤੋਂ ਬਾਅਦ ਨਿਰਮਲਿਆਂ ਨੂੰ ਸਿੱਖਾਂ ਨਾਲੋਂ ਅਲੱਗ ਕਰ ਦਿੱਤਾ ਗਿਆ।

"ਸੰਮਤ 1929 ਤਕ ਨਿਰਮਲੇ ਨਿਹੰਗ ਅਤੇ ਸਭ ਸਿੰਘ ਪੌਣੇ ਦੋ ਸੌ ਬਰਸ ਸਭ ਦੀ ਇਕ ਸਭਾ ਬਣੀ ਰਹੀ ਤੇ ਆਪਸ ਵਿਚ ਘਿਉ ਖਿਚੜੀ ਬਣੇ ਰਹੇ। ਪਰ ਪੰਜਾਬੀ ਪੁਜਾਰੀਆਂ ਉੱਤੇ ਭਾਰੀ ਅਫ਼ਸੋਸ ਹੈ ਜਿਨ੍ਹਾਂ ਨੇ ਮੋਹਰੀ ਚਿੱਠੀ ਭੀ ਨਾ ਦੇਖੀ ਤੇ ਬਿਨਾਂ ਸੋਚੇ ਸਮਝੇ ਅੰਧਾ ਧੁੰਦ ਵਿਚ ਅੱਖੀਆਂ ਮੀਟ ਕੇ ਅਰਦਾਸਾਂ ਕਰ ਦਿੱਤੀਆਂ ਕਿ ਨਿਰਮਲਿਆਂ ਨਾਲ ਵਰਤਣਾ ਨਹੀਂ। ਸੱਚ ਹੈ ਜੋ ਐਸਾ ਨਾ ਕਰਦੇ ਤਾਂ ਸਿੱਖਾ ਸ਼ਾਹੀ ਬਾਤ ਅਨਯਾਇ ਦੀ ਸ਼ਾਖ ਕਯੋਂ ਰਹਿੰਦੀ।"**

ਗਿਆਨੀ ਗਿਆਨ ਸਿੰਘ ਵੱਲੋਂ ਵਰਣਨ ਕੀਤੀ ਉਪਰੋਕਤ ਘਟਨਾ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਨਿਰਮਲ ਸੰਪ੍ਰਦਾਇ ਮੂਲ ਰੂਪ ਵਿਚ ਇਕ ਪੰਥ ਨਹੀਂ ਸਗੋਂ ਸਿੱਖ ਪੰਥ ਵਿਚੋਂ ਨਿਕਲੀ ਇਕ ਸ਼ਾਖਾ ਹੈ। ਏਸੇ ਘਟਨਾ ਨੂੰ ਵਿਸਥਾਰ ਨਾਲ ਪੜ੍ਹ ਚੁਕਣ ਤੋਂ ਬਾਅਦ ਇਹ

---

* *Khushwant Singh the History of Sikhs vol.1. (page 21.)*

***ਨਿਰਮਲ ਪੰਥ ਪ੍ਰਦੀਪਕਾ, ਗਿਆਨੀ ਗਿਆਨ ਸਿੰਘ, (ਪੰਨਾ 81.)*

www.sikhbookclub.com
ਸੰਕੇਤ ਵੀ ਮਿਲਦਾ ਹੈ ਕਿ ਸਿੱਖ ਪੰਥ ਦੇ ਆਗੂਆਂ ਵਿਚਲੇ ਪਰਸਪਰ ਵਿਰੋਧੀ ਵਿਚਾਰਾਂ ਨੇ ਨਿਰਮਲ ਸੰਪ੍ਰਦਾਇ ਨੂੰ ਜਨਮ ਦਿੱਤਾ। ਇਹ ਘਟਨਾ ਵਾਪਰਨ ਤੋਂ ਪਹਿਲਾਂ ਸਿੱਖ ਪੰਥ ਵਿਚ ਏਕਤਾ ਸੀ ਅਤੇ ਧਾਰਮਿਕ ਆਗੂ ਆਪਣੇ ਵਿਚਾਰਾਂ ਦੀ ਇਕਸੁਰਤਾ ਨਾਲ ਸਿੱਖ ਪੰਥ ਨੂੰ ਸੰਗਠਤ ਰੱਖ ਕੇ ਸੇਵਾ ਕਰ ਰਹੇ ਸਨ। ਇਸ ਏਕੇ ਵਾਲੀ ਅਵਸਥਾ ਦੀ ਪ੍ਰਸੰਸਾ ਗਿਆਨੀ ਗਿਆਨ ਸਿੰਘ ਨੇ ਘਿਉ ਖਿਚੜੀ ਵਾਲੀ ਅਖਾਉਤ ਨਾਲ ਤੁਲਨਾ ਦੇ ਕੇ ਕੀਤੀ ਹੈ। 1929 ਵਿਚ ਵਾਪਰੀ ਉਪਰੋਕਤ ਘਟਨਾ ਦੇ ਆਧਾਰ 'ਤੇ ਨਿਰਸੰਦੇਹ ਇਹ ਆਖਿਆ ਜਾ ਸਕਦਾ ਹੈ ਕਿ ਬਿਕ੍ਰਮੀ ਸੰਮਤ 1929 ਤਕ ਨਿਰਮਲ ਸੰਪ੍ਰਦਾਇ ਸਮੁੱਚੀ ਸਿੱਖ ਕੌਮ ਨਾਲੋਂ ਵੱਖ ਹੋ ਕੇ ਵਖਰੇ ਰੂਪ ਵਿਚ ਕੰਮ ਨਹੀਂ ਕਰ ਰਹੀ ਸੀ। ਇਹ ਘਟਨਾ ਉਸ ਵਿਚਾਰ ਦਾ ਖੰਡਨ ਵੀ ਕਰਦੀ ਹੈ ਜਿਸ ਅਨੁਸਾਰ ਇਹ ਸਿੱਧ ਕੀਤਾ ਜਾ ਰਿਹਾ ਹੈ ਕਿ ਨਿਰਮਲ ਸੰਪ੍ਰਦਾਇ ਮੁੱਢ ਤੋਂ ਹੀ ਇਕ ਸੰਪ੍ਰਦਾਇ ਦੇ ਰੂਪ ਵਿਚ ਸੀ ਅਤੇ ਵਿਕਾਸ ਕਰਦੀ ਆ ਰਹੀ ਹੈ।

'ਪੰਥ ਪ੍ਰਕਾਸ਼' ਪੁਸਤਕ ਵਿਚ ਗਿਆਨੀ ਗਿਆਨ ਸਿੰਘ ਨੇ ਨਿਰਮਲ ਸੰਪ੍ਰਦਾਇ ਦੀ ਉੱਤਪਤੀ ਅਤੇ ਵਿਕਾਸ ਦੇ ਵਿਸ਼ੇ ਦੇ ਦੋ ਪੱਖਾਂ ਉੱਤੇ ਪ੍ਰਕਾਸ਼ ਪਾਇਆ ਹੈ। ਸਿੱਖ ਇਤਿਹਾਸ ਵਾਲੇ ਭਾਗ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ-ਬ੍ਰਿਤਾਂਤ ਹੈ। ਗੁਰੂ ਜੀ ਦਾ ਜੀਵਨ-ਬ੍ਰਿਤਾਂਤ ਦੱਸਦੇ ਹੋਏ ਉਨ੍ਹਾਂ ਦੀ ਇਸ ਪ੍ਰਬਲ ਇੱਛਾ ਨੂੰ ਉਜਾਗਰ ਕੀਤਾ ਗਿਆ ਹੈ ਕਿ ਉਹ ਸਿੱਖਾਂ ਵਿਚ ਪ੍ਰਤਿਭਾਸ਼ਾਲੀ ਤੇ ਵਿਦਵਾਨ ਵਿਅਕਤੀ ਪੈਦਾ ਕਰਨਾ ਚਾਹੁੰਦੇ ਸਨ। ਵਿਦਵਾਨ ਸਿੱਖਾਂ ਲਈ ਇਹ ਜ਼ਰੂਰੀ ਸੀ ਕਿ ਉਹ ਭਾਰਤੀ ਸਾਹਿਤ ਦੇ ਵਿਰਸੇ ਤੋਂ ਭਲੀ ਭਾਂਤ ਜਾਣੂ ਹੁੰਦੇ। ਕਿਉਂਕਿ ਪੁਰਾਤਨ ਸਾਹਿਤ ਦੀ ਰਚਨਾ ਵਧੇਰੇ ਕਰ ਕੇ ਸੰਸਕ੍ਰਿਤ ਵਿਚ ਸੀ, ਇਸੇ ਲਈ ਕੁਝ ਸਿੱਖ ਵਿੱਦਿਆ ਪ੍ਰਾਪਤ ਕਰਨ ਲਈ ਕਾਂਸ਼ੀ ਭੇਜੇ ਗਏ ਸਨ।

ਗੁਰੂ ਜੀ ਦੇ ਸਾਹਿਤਕ ਦਰਬਾਰ ਅਤੇ ਉਥੇ ਹੋ ਰਹੇ ਸਾਹਿਤਕ ਕੰਮਾਂ ਦਾ ਵਰਣਨ ਵੀ ਪੰਥ ਪ੍ਰਕਾਸ਼ ਵਿਚ ਬੜੇ ਵਿਸਥਾਰ ਨਾਲ ਕੀਤਾ ਗਿਆ ਹੈ :-

ਕਵੀ ਬਵੰਜਾ ਪੰਡਤ ਸਾਤ।
ਰਹਿਤ ਗੁਰੂ ਢਿਗ ਸਦਾ ਬਖਿਆਤ।
ਏ ਪੰਡਤ ਗੁਰ ਢਿਗ ਰੈਹੈਂ।
ਪਰ ਬਿਦਯਾ ਕੇਰ ਰਬੈ ਹੈਂ
ਸ਼ਸਤ੍ਰ ਸ਼ਾਸਤ੍ਰ ਦੋਈ ਬਿਦਯਾ।
ਮੁਖਯ ਇਹੋ ਹੈਂ ਜਗ ਪਰ ਸਿਧਯਾ।

www.sikhbookclub.com

ਹਲਤ ਪਲਤ ਮੈਂ ਸੁਖ ਸਬ ਦੀ ਹੈਂ।
*ਇਸ ਹਿਤ ਗੁਰੂ ਪੰਥ ਨਿਜ ਮੈਂ ਹੈਂ॥ **

ਇਤਿਹਾਸ ਦਾ ਉਪਰੋਕਤ ਭਾਗ ਭਾਵੇਂ ਸਾਖੀਆਂ ਵਿਚੋਂ ਘਟਨਾਵਾਂ ਲੈ ਕੇ ਪੇਸ਼ ਕੀਤਾ ਗਿਆ ਹੈ ਪਰ ਇਹ ਘਟਨਾ ਪ੍ਰਮਾਣਿਤ ਇਤਿਹਾਸ ਨਾਲ ਵੀ ਮੇਲ ਖਾਂਦੀ ਹੈ। ਦੂਜੇ ਇਤਿਹਾਸਕਾਰਾਂ ਨੇ ਵੀ ਗੁਰੂ ਜੀ ਦੇ ਜੀਵਨ ਦਾ ਇਹ ਭਾਗ ਇਤਿਹਾਸ ਵਿਚ ਪ੍ਰਸਤੁਤ ਕੀਤਾ ਹੈ :-

"ਪਾਉਂਟੇ ਵਿਚ.....ਸਭ ਤੋਂ ਪਹਿਲਾਂ ਆਪ ਨੇ ਆਨੰਦਪੁਰ ਵਿਚ ਆਰੰਭ ਕੀਤੀ, ਕ੍ਰਿਸ਼ਨਾਵਤਾਰ ਦੀ ਰਚਨਾ ਸੰਪੂਰਨ ਕੀਤੀ। ਇਸੇ ਪ੍ਰਕਾਰ ਆਪ ਨੇ ਪੁਰਾਤਨ ਮਹਾਂ ਕਵੀਆਂ ਅਤੇ ਪੌਰਾਣਿਕ ਸਾਹਿਤ ਵਿਚੋਂ ਕਈ ਹੋਰ ਵਿਸ਼ੇ ਲੈ ਕੇ ਉਨ੍ਹਾਂ ਨੂੰ ਨਵੀਆਂ ਲੋੜਾਂ ਅਨੁਸਾਰ ਨਵੇਂ ਰੂਪਾਂ ਵਿਚ ਢਾਲਿਆ। ਭਾਰਤੀ ਸੰਸਕ੍ਰਿਤੀ ਦੇ ਮੂਲ ਸੋਮਿਆਂ ਨਾਲ ਸਿੱਧਾ ਸੰਬੰਧ ਸਥਾਪਿਤ ਕਰਨਾ ਇਕ ਬੜੀ ਮਹੱਤਵਪੂਰਨ ਕਾਵਿਕ ਅਨੁਭੂਤੀ ਸੀ। ਇਉਂ ਪਾਉਂਟਾ ਸਾਹਿਬ ਇਕ ਆਤਮਕ ਅਤੇ ਸੰਸਕ੍ਰਿਤਿਕ ਪੁਨਰ ਜਾਗ੍ਰਿਤੀ ਦਾ ਕੇਂਦਰ ਬਣ ਗਿਆ। ਇਥੇ ਰਹਿੰਦਿਆਂ ਜੋ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਰਚੀ, ਨਿਰੋਲ ਆਕਾਰ ਦੇ ਪੱਖ ਤੋਂ ਵੀ ਬੜੀ ਮਹੱਤਵਪੂਰਨ ਹੈ। ਆਪ ਦੀ ਆਪਣੀ ਵਡ-ਆਕਾਰੀ ਰਚਨਾ ਤੋਂ ਬਿਨਾਂ ਆਪ ਜੀ ਦੇ ਦਰਬਾਰੀ ਕਵੀਆਂ ਨੇ ਵੀ ਬਹੁਤ ਵੱਡੀ ਮਾਤ੍ਰਾ ਵਿਚ ਰਚਨਾ ਕੀਤੀ। ਪਾਉਂਟੇ ਦੀ, ਇਕ ਕਾਵਿ ਸਥਾਨ ਦੇ ਤੌਰ 'ਤੇ, ਜੋ ਪ੍ਰਸਿੱਧੀ ਬਣ ਚੁੱਕੀ ਸੀ, ਉਸ ਨੂੰ ਸੁਣ ਕੇ ਸਰਸਵਤੀ ਦੇ ਉਪਾਸ਼ਕ ਦੂਰੋਂ ਨੇੜਿਉਂ ਏਥੇ ਆ ਕੇ ਇਕੱਠੇ ਹੋਏ। ਵਿਦਵਤਾ ਤੇ ਸਾਹਿਤਕ ਰਚਨਾ ਦੇ ਖੇਤਰ ਵਿਚ ਬ੍ਰਾਹਮਣ ਪੁਜਾਰੀ ਸ਼੍ਰੇਣੀ ਦਾ ਤਸੱਲਤ ਤੋੜਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੰਜ ਸਿੱਖਾਂ ਨੂੰ ਬਨਾਰਸ ਭੇਜਿਆ, ਸੰਸਕ੍ਰਿਤੀ ਦੀ ਸਿੱਖਿਆ ਪ੍ਰਾਪਤ ਕਰਨ ਲਈ। ਇਹ ਪੰਜ ਸਿੱਖਾਂ ਵਿਚ ਨਿਰਮਲਾ ਸੰਪ੍ਰਦਾਇ ਦੇ ਮੋਢੀ ਬਣੇ।"**

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਸੰਬੰਧੀ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਦੇ ਅੰਤ 'ਤੇ ਇਕ ਹੋਰ ਢੰਗ ਨਾਲ ਵੀ ਪ੍ਰਕਾਸ਼ ਪਾਇਆ ਹੈ। ਇਸ ਭਾਗ ਵਿਚ ਸੰਪ੍ਰਦਾਵਾਂ ਦਾ ਹਾਲ ਇਤਿਹਾਸ ਨਾਲੋਂ ਨਿਖੇੜ ਕੇ ਵੱਖਰੇ ਰੂਪ ਵਿਚ ਕੀਤਾ ਗਿਆ ਹੈ। ਇਸ ਭਾਗ ਵਿਚ ਵਿਗਿਆਨਕ ਦ੍ਰਿਸ਼ਟੀ ਨਾਲੋਂ ਸਾਖੀਆਂ ਦਾ ਪ੍ਰਭਾਵ ਵਧੇਰੇ ਹੈ। ਲੇਖਕ ਨੇ ਸਾਖੀਆਂ ਨੂੰ ਆਪਣੀ ਟਿਪਣੀ ਅਤੇ ਇਤਿਹਾਸਕ ਪ੍ਰਮਾਣਾਂ ਤੋਂ ਬਿਨਾਂ ਲਗਪਗ ਸਾਖੀ ਰੂਪ ਵਿਚ ਹੀ ਪੇਸ਼ ਕਰ ਦਿੱਤਾ ਹੈ। ਇਨ੍ਹਾਂ ਸਾਖੀਆਂ ਵਿਚ 'ਨਿਰਮਲੇ' ਸ਼ਬਦ ਅਤੇ ਨਿਰਮਲੇ ਸੰਪ੍ਰਦਾਇ ਦਾ ਜੋ ਜ਼ਿਕਰ ਆਉਂਦਾ ਹੈ, ਉਸ ਬਾਰੇ ਲੇਖਕ ਨੇ ਕੋਈ ਰਾਇ ਨਹੀਂ ਦਿੱਤੀ ਅਤੇ ਨਾ ਹੀ ਸੰਪ੍ਰਦਾਇ ਦੇ ਮੁੱਢ

*ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, (ਪੰਨਾ 203-204)

**ਗੁਰੂ ਗੋਬਿੰਦ ਸਿੰਘ, (ਪੰਨਾ 50) ਹਰਬੰਸ ਸਿੰਘ, ਪ੍ਰਕਾਸ਼ਕ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ।

www.sikhbookclub.com

ਅਤੇ ਵਿਕਾਸ ਬਾਰੇ ਕੋਈ ਨਿਰਣਯਜਨਕ ਰਾਇ ਲਿਖੀ ਹੈ। ਸਾਖੀ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਸਮਕਾਲੀ ਸਿੱਖ ਰਾਮ ਕੌਰ ਨਿਰਮਲੇ ਸੰਤਾਂ ਬਾਰੇ ਕੁਝ ਬਿਆਨ ਕਰਦਾ ਹੈ। ਰਾਮ ਕੌਰ ਦੇ ਬਿਆਨ ਨੂੰ ਹੀ ਗਿਆਨ ਸਿੰਘ ਨੇ ਮੂਲ ਰੂਪ ਵਿਚ ਲਿਖਿਆ ਹੈ :-

ਰਾਮ ਕੌਰ ਇਹ ਪ੍ਰਸ਼ਨ ਸੁਣ ਕੇ।
ਕਹਿਣ ਲੱਗੇ ਉਤਰ ਇਮ ਸੁਣਕੇ।
ਨਿਰਮਲ ਪੰਥ ਇਹ ਗੁਰੂ ਚਲਾਯੋ।
ਸ੍ਰੀ ਗੁਰੂ ਦਸਮੇ ਸਿੰਘ ਸਜਾਏ।
ਤਬ ਇਨੋਂ ਦਯੋ ਸੁਧਾ ਛਕਾਏ।
ਜੈਸੇ ਬੈਰਾਗੀ ਸੰਨਿਆਸੀ।
ਪੂਜ ਹਿੰਦ ਕੇ ਸੰਤ ਅਨਾਸੀ।
ਤੈਸੇ ਸਿੰਘ ਪੰਥ ਕੇ ਇਹ ਹੈਂ।
*ਮਾਨਨ ਪੂਜਨ ਜੋਗ ਰਚੇ ਹੈਂ।**

ਨਿਰਮਲ ਸੰਪ੍ਰਦਾਇ ਬਾਰੇ ਗਿ: ਗਿਆਨ ਸਿੰਘ ਦੇ ਪਹਿਲਾਂ ਵਰਣਨ ਕੀਤੇ ਜਾ ਚੁੱਕੇ ਵਿਚਾਰਾਂ ਨੂੰ ਮੁੱਖ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਰਾਮ ਕੌਰ ਵਾਲੀ ਸਾਖੀ ਕਿਸੇ ਪਰਖ ਪੜਚੋਲ ਤੋਂ ਬਿਨਾਂ ਲਿਖ ਦਿੱਤੀ ਗਈ ਹੈ।

ਨਿਰਮਲ ਸੰਪ੍ਰਦਾਇ ਦੇ ਅਜੋਕੇ ਲੇਖ ਗਿਆਨੀ ਰਾਜਿੰਦਰ ਸਿੰਘ ਸ਼ਾਸਤਰੀ ਨੇ ਆਪਣੀ ਸੰਪ੍ਰਦਾਇ ਦੇ ਇਤਿਹਾਸ ਬਾਰੇ ਕੁਝ ਲੇਖ ਲਿਖੇ ਹਨ। ਸੰਪ੍ਰਦਾਇ ਦੀ ਉੱਤਪਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਲਿਖਿਆ ਹੈ ਕਿ ਇਹ ਅਜੇ ਵੀ ਖੋਜ ਦਾ ਵਿਸ਼ਾ ਹੈ। ਸੰਪ੍ਰਦਾਇ ਦੀ ਉੱਤਪਤੀ ਬਾਰੇ ਆਪਣੇ ਲੇਖਾਂ ਵਿਚ ਉਹ ਇਕ ਰਾਇ ਨਹੀਂ ਦੇ ਸਕੇ।

"ਨਿਰਮਲੇ ਸੰਤਾਂ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਜਾਂ ਇਸ ਤੋਂ ਪਿੱਛੋਂ ਹੋਇਆ, ਇਹ ਇਕ ਲੰਮੀ ਖੋਜ ਦਾ ਵਿਸ਼ਾ ਹੈ।"**

ਉਪਰ ਅਸੀਂ ਨਿਰਮਲ ਸੰਪ੍ਰਦਾਇ ਦੀ ਉੱਤਪਤੀ ਬਾਰੇ ਇਤਿਹਾਸਕਾਰਾਂ, ਖੋਜੀਆਂ ਅਤੇ ਵਿਦਵਾਨਾਂ ਦੇ ਵਿਚਾਰ ਲਿਖੇ ਹਨ। ਇਨ੍ਹਾਂ ਵਿਚਾਰਾਂ ਦਾ ਵਿਸ਼ੇਸ਼ਲਣਾਤਮਕ ਅਧਿਐਨ ਕਰ ਕੇ ਅਤੇ ਵਿਚਲੀ ਪ੍ਰਮਾਣਕ ਸਚਾਈ ਦਾ ਮੁਲਾਂਕਣ ਕਰਨ ਤੋਂ ਬਾਅਦ ਅਸੀਂ ਆਪਣਾ ਮੱਤ ਸਥਾਪਿਤ ਕਰਾਂਗੇ। ਸੰਪ੍ਰਦਾਇ ਦੇ ਮੁੱਢ ਬਾਰੇ ਜੋ ਕੁਝ ਲਿਖਿਆ ਜਾ ਚੁੱਕਾ ਹੈ, ਉਸ ਵਿਚੋਂ ਤਿੰਨ ਤੱਤ ਨਿਕਲਦੇ ਹਨ :-

---

*ਪੰਥ ਪ੍ਰਕਾਸ਼, (ਪੰਨਾ 1246)

**ਨਿਰਮਲੇ ਸੰਤਾਂ ਦਾ ਇਤਿਹਾਸ ਅਤੇ ਉਹਨਾਂ ਦੀ ਪੰਜਾਬੀ ਨੂੰ ਦੇਣ, ਪੰਜਾਬੀ ਦੁਨੀਆਂ, ਭਾਸ਼ਾ ਵਿਭਾਗ। ਜਨਵਰੀ-ਫਰਵਰੀ 1980, (ਪੰਨਾ 1018)

www.sikhbookclub.com

(1) ਗੁਰੂ ਨਾਨਕ ਦੇਵ ਜੀ ਨੂੰ ਨਿਰਮਲ ਸੰਪ੍ਰਦਾਇ ਦਾ ਮੋਢੀ ਮੰਨਣ ਦਾ ਮੂਲ ਆਧਾਰ ਗੁਰੂ ਨਾਨਕ ਬਾਣੀ ਵਿਚ ਪ੍ਰਯੋਗ ਕੀਤਾ ਸ਼ਬਦ ਨਿਰਮਲਾ ਹੈ। ਨਿਰਮਲ ਸ਼ਬਦ ਦੇ ਅਰਥ ਨੂੰ ਨਾਮ ਦੇ ਰੂਪ ਵਿਚ ਸਮਝ ਕੇ ਇਹ ਰਾਇ ਕਾਇਮ ਕੀਤੀ ਗਈ ਹੈ। ਭਾਈ ਗੁਰਦਾਸ ਜੀ ਦੀ ਤੁੱਕ ਅਤੇ ਮਥੁਰਾ ਭੱਟ ਦਾ ਸਵੈਯਾ ਵੀ ਇਸ ਮੱਤ ਦੀ ਪੁਸ਼ਟੀ ਲਈ ਪ੍ਰਸਤੁਤ ਕੀਤਾ ਗਿਆ ਹੈ।

(2) ਸੰਪ੍ਰਦਾਇ ਦੇ ਮੂਲ ਬਾਰੇ ਦੂਜਾ ਮੱਤ ਇਹ ਹੈ ਕਿ ਸੰਪ੍ਰਦਾਇ ਦੀ ਨੀਂਹ ਗੁਰੂ ਗੋਬਿੰਦ ਸਿੰਘ ਜੀ ਨੇ ਰੱਖੀ ਸੀ। ਕੁਝ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਨ ਲਈ ਬਨਾਰਸ ਭੇਜਿਆ ਅਤੇ ਜਦੋਂ ਉਹ ਵਾਪਸ ਆਏ ਤਾਂ ਉਨ੍ਹਾਂ ਨੂੰ ਨਿਰਮਲੇ ਸੰਤ ਆਖਿਆ ਗਿਆ। ਉਹ ਸਿੱਖ ਹੀ ਨਿਰਮਲ ਸੰਪ੍ਰਦਾਇ ਦੇ ਮੋਢੀ ਸਨ ਤੇ ਬਾਅਦ ਵਿਚ ਉਨ੍ਹਾਂ ਦੇ ਚੇਲਿਆਂ ਦੀ ਪਰੰਪਰਾ ਨਿਰਮਲ ਸੰਪ੍ਰਦਾਇ ਦਾ ਰੂਪ ਧਾਰਨ ਕਰ ਗਈ।

(3) ਨਿਰਮਲ ਸੰਪ੍ਰਦਾਇ ਦਾ ਜਨਮ ਮੁੱਢ ਤੋਂ ਹੀ ਇਕ ਸੰਪ੍ਰਦਾਇ ਦੇ ਰੂਪ ਵਿਚ ਨਹੀਂ ਹੋਇਆ। ਸਮੇਂ ਦੀ ਚਾਲ ਅਤੇ ਪਰਸਥਿਤੀਆਂ ਦੇ ਪਰੀਵਰਤਨ ਨਾਲ ਗੁਰਮਤ ਦੇ ਅਨੁਯਾਈ ਸਭਨਾਂ ਸਿੱਖਾਂ ਵਿਚੋਂ ਸਾਹਿਤਕਾਰਾਂ ਅਤੇ ਪ੍ਰਚਾਰਕਾਂ ਦਾ ਵਰਗ ਨਿਖੜ ਗਿਆ ਅਤੇ ਇਸ ਨਿਖੜੇ ਹੋਏ ਵਰਗ ਨੇ ਆਪਣੀ ਹੋਂਦ ਨੂੰ ਸਥਿਰ ਬਣਾ ਕੇ ਸਾਹਿਤ ਰਚਨਾ ਅਤੇ ਪ੍ਰਚਾਰ ਦੇ ਕੰਮ ਨੂੰ ਨਿਰੰਤਰ ਜਾਰੀ ਰੱਖਣ ਲਈ ਇਕ ਨਿਯਮ-ਬੱਧ ਸੰਪ੍ਰਦਾਇ ਬਣਾ ਲਈ।

ਉਪਰੋਕਤ ਤਿੰਨਾਂ ਤੱਤਾਂ ਵਿਚੋਂ ਕਿਸੇ ਇਕ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਇਨ੍ਹਾਂ ਦੀ ਪ੍ਰਮਾਣਿਕਤਾ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਵੇਖਣ ਦੀ ਲੋੜ ਹੈ :

(1) ਗੁਰਬਾਣੀ ਵਿਚ ਵਰਤੇ ਗਏ 'ਨਿਰਮਲ' ਸ਼ਬਦ ਨੂੰ ਆਧਾਰ ਮੰਨ ਕੇ ਬਣਾਈ ਗਈ ਰਾਇ ਦੇ ਪੱਖ ਵਿਚ ਨਿਰਮਲੇ ਵਿਦਵਾਨ ਹਨ। ਆਪਣੀ ਰਾਇ ਦੀ ਪ੍ਰੋੜ੍ਹਤਾ ਭਾਈ ਗੁਰਦਾਸ ਜੀ ਦੀ ਤੁੱਕ ''ਨਾਨਕ ਨਿਰਮਲ ਪੰਥ ਚਲਾਇਆ'' ਨਾਲ ਕਰਦੇ ਹਨ। ਇਸ ਤੁੱਕ ਦੇ ਭਾਵ-ਅਰਥ ਦਾ ਕੇਂਦਰ 'ਨਿਰਮਲ' ਸ਼ਬਦ ਹੀ ਹੈ। ਇਸ ਸ਼ਬਦ ਨੂੰ ਸੰਗਿਆ ਦਾ ਅਰਥ ਦੇ ਕੇ ਗੁਰੂ ਨਾਨਕ ਦੇਵ ਜੀ ਦੇ ਮੱਤ ਨੂੰ 'ਨਿਰਮਲ ਸੰਪ੍ਰਦਾਇ' ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸਾਡਾ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮੱਤ ਨੂੰ ਕਿਸੇ ਸੰਗਿਆ ਨਾਲ ਸੰਬੋਧਨ ਕਰਨਾ ਭਾਈ ਗੁਰਦਾਸ ਜੀ ਦਾ ਮਨੋਰਥ ਨਹੀਂ ਸੀ। ਭਾਈ ਗੁਰਦਾਸ ਜੀ ਤਾਂ ਗੁਰੂ ਜੀ ਦੇ ਚਲਾਏ ਹੋਏ ਮਾਰਗ ਉੱਤੇ ਚਲਣ ਵਾਲੇ ਅਨੁਯਾਈ ਸਨ, ਸ਼ਰਧਾਵਾਨ ਪ੍ਰਸੰਸਕ ਸਨ। ਜਨ ਸਾਧਾਰਨ ਨੂੰ ਗੁਰੂ ਜੀ ਦੇ ਮਾਰਗ ਦੀ ਪਵਿੱਤਰਤਾ ਤੋਂ ਜਾਣੂ ਕਰਾਉਣਾ ਭਾਈ ਗੁਰਦਾਸ ਜੀ ਦਾ ਮਨੋਰਥ ਸੀ। ਗੁਰੂ ਜੀ ਦੇ ਮਾਰਗ ਦੀ ਵਿਸ਼ੇਸ਼ਤਾ ਨੂੰ ਉਭਾਰਨ ਅਤੇ ਇਸ ਦੀ ਪ੍ਰਸੰਸਾ ਕਰਨ ਲਈ ਨਿਰਮਲ ਸ਼ਬਦ ਦਾ ਪ੍ਰਯੋਗ ਵਿਸ਼ੇਸ਼ਣ ਦੇ ਰੂਪ ਵਿਚ ਕੀਤਾ ਗਿਆ ਜਾਪਦਾ ਹੈ। ਸੋ ਭਾਈ ਗੁਰਦਾਸ ਜੀ ਦੀ ਤੁੱਕ ਦਾ ਭਾਵ ਅਸੀਂ ਇਹ ਸਮਝਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦਾ ਚਲਾਇਆ

www.sikhbookclub.com

ਪਵਿੱਤਰ ਮਾਰਗ ਹਕੂਮਤਾਂ ਦੇ ਪ੍ਰਚੱਲਤ ਹੋ ਚੁੱਕੇ ਸਿੱਕਿਆਂ ਵਾਂਗ ਅਪਣਾ ਲਿਆ ਗਿਆ ਸੀ। ਕਿਉਂਕਿ ਇਸ ਮਾਰਗ ਉੱਤੇ ਚਲਣ ਲਈ ਅਜੇ ਮਾਨਵ ਜਾਤੀ ਨੂੰ ਅਗਵਾਈ ਦੀ ਲੋੜ ਸੀ, ਇਸ ਕਰਕੇ ਭਾਈ ਲਹਿਣਾ ਜੀ ਨੂੰ ਇਸ ਦੀ ਵਾਗਡੋਰ ਸੰਭਾਲ ਦਿੱਤੀ। ਸਮੁੱਚੀ ਮਾਨਵ ਜਾਤੀ ਦੇ ਕਲਿਆਣਕਾਰੀ ਗੁਰੂ ਜੀ ਸੀਮਤ ਨਿਯਮਾਂ ਵਾਲੀ ਸੰਪ੍ਰਦਾਇ ਸਥਾਪਿਤ ਕਰਨਾ ਨਹੀਂ ਲੋੜਦੇ ਸਨ। ਭਾਈ ਗੁਰਦਾਸ ਜੀ ਵੀ ਉਨ੍ਹਾਂ ਦੇ ਵਿਸ਼ਵ ਵਿਆਪਕ ਪੰਥ ਤੋਂ ਜਾਣੂ ਸਨ। ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਭਾਈ ਗੁਰਦਾਸ ਜੀ ਦਾ ਪ੍ਰਯੋਗ ਕੀਤਾ ਸ਼ਬਦ 'ਨਿਰਮਲ' ਗੁਰੂ ਜੀ ਦੇ ਮਾਰਗ ਦੀ ਪਵਿੱਤਰਤਾ ਦਰਸਾਉਣ ਲਈ ਵਿਸ਼ੇਸ਼ਣ ਦੇ ਰੂਪ ਵਿਚ ਵਰਤਿਆ ਗਿਆ ਹੈ।

'ਨਿਰਮਲ' ਸ਼ਬਦ ਦੇ ਪ੍ਰਯੋਗ ਉੱਤੇ ਬਣੀ ਨਿਰਮਲੇ ਇਤਿਹਾਸਕਾਰਾਂ ਦੀ ਰਾਇ ਬਾਰੇ ਅਲੋਚਨਾ ਕਰਦਿਆਂ ਡਾ: ਹਰਿਭਜਨ ਸਿੰਘ ਨੇ ਇਸ ਨੂੰ ਅੰਤਮ ਰਾਇ ਸਵੀਕਾਰ ਨਹੀਂ ਕੀਤਾ :-

''ਨਿਰਮਲ ਸ਼ਬਦ ਸਾਮਾਨਯ ਅਰਥੋਂ ਮੇਂ ਪ੍ਰਯੁਕਤ ਹੈ ਯਾ ਵਿਸ਼ਿਸ਼ਟ ਅਰਥੋਂ ਮੇਂ, ਯਹ ਕਹਿਨਾ ਕਠਨ ਹੈ। ਨਿਰਮਲ ਕੇ ਸਾਥ ਭੇਖ ਔਰ 'ਪੰਥ' ਸ਼ਬਦੋਂ ਕਾ ਪ੍ਰਯੋਗ ਭਰਮ ਉਤਪੰਨ ਕਰਤਾ ਹੈ ਕਿ ਸਿੱਖ ਮੱਤ ਕਾ ਨਾਮ ਨਿਰਮਲ ਪੰਥ ਹੀ ਰਹਾ ਹੋਗਾ। ਜਬ ਤਕ ਇਸ ਮੱਤ ਕੇ ਸਮਰਥਨ ਮੇਂ ਕੋਈ ਸਵਤੰਤਰ ਇਤਿਹਾਸਕ ਪ੍ਰਮਾਣ ਨਾ ਮਿਲੇ, ਇਸੇ ਸਵੀਕਾਰ ਕਰਨਾ ਕਠਨ ਹੈ।''*

ਮਹੰਤ ਗਣੇਸ਼ਾ ਸਿੰਘ ਨੇ 'ਨਿਰਮਲ' ਸ਼ਬਦ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਹੈ ਅਤੇ ਨਿਰਮਲ ਸ਼ਬਦ ਨੂੰ ਸੰਗਿਆ ਹੀ ਸਿੱਧ ਕੀਤਾ ਹੈ। 'ਭੇਖ' ਸ਼ਬਦ ਦਾ ਜੋ ਅਰਥ ਗਣੇਸ਼ਾ ਸਿੰਘ ਨੇ ਦੱਸਿਆ ਹੈ, ਉਸ ਨੂੰ ਸਵੀਕਾਰ ਕਰਨ ਤੋਂ ਪਹਿਲਾਂ 'ਭੇਖ' ਸ਼ਬਦ ਦੀ ਵਿਉਤਪਤੀ ਬਾਰੇ ਜਾਣਨਾ ਜ਼ਰੂਰੀ ਹੈ। ਭੇਖ ਸ਼ਬਦ ਦਾ ਧਾਤੂ ਸੰਸਕ੍ਰਿਤ 'ਦਾ' ਸ਼ਬਦ 'ਵੇਸ਼' ਹੈ। ਇਸ ਸ਼ਬਦ ਦਾ ਅਰਥ ਹੈ 'ਪਹਿਰਾਵਾ'। 'ਦਾ' ਰੂਪ ਬਦਲ ਕੇ 'ਖ', 'ਸ਼', 'ਜ', 'ਛ', ਬਣ ਜਾਂਦਾ ਹੈ। ਇਸੇ ਤਰ੍ਹਾਂ 'ਵ' ਅੱਖਰ ਵੀ 'ਬ' 'ਭ' ਜਾਂ 'ਬ' ਦਾ ਰੂਪ ਧਾਰਨ ਕਰਦਾ ਹੈ। ਸੋ ਭੇਖ ਸ਼ਬਦ ਦੀ ਵਿਉਤਪਤੀ (anatomy) ਬਾਰੇ ਪੂਰੀ ਜਾਣਕਾਰੀ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਸੰਸਕ੍ਰਿਤ ਦਾ 'ਵੇਸ਼' ਸ਼ਬਦ ਹੀ ਬਦਲ ਕੇ ਭੇਖ ਬਣਿਆ ਹੈ। ਇਸ ਲਈ ਭੇਖ ਦਾ ਅਰਥ ਵੇਸ਼ ਦੇ ਅਰਥ ਪਹਿਰਾਵਾ ਤੋਂ ਵੱਖਰਾ ਨਹੀਂ ਹੋ ਸਕਦਾ। ਸਾਡਾ ਵਿਚਾਰ ਹੈ ਕਿ ਮਥੁਰਾ ਭੱਟ ਦੀ ਤੁੱਕ ਵਿਚ ਵੀ ਭੇਖ ਦਾ ਅਰਥ ਪਹਿਰਾਵਾ ਹੀ ਹੈ। 'ਭੇਖ' ਦੇ ਸਪੱਸ਼ਟ ਕੀਤੇ ਅਰਥ ਤੋਂ ਬਾਅਦ ਸਮੁੱਚੀ ਤੁੱਕ ਦਾ ਭਾਵਾਰਥ ਗਣੇਸ਼ਾ ਸਿੰਘ ਦੇ ਦਰਸਾਏ ਅਰਥਾਂ ਤੋਂ ਭਿੰਨ ਬਣ ਜਾਂਦਾ ਹੈ। ਨਿਰਮਲ ਸ਼ਬਦ ਦਾ ਅਰਥ ਪਵਿੱਤਰ ਹੈ। ਆਤਮ ਉੱਨਤੀ ਦੇ ਪ੍ਰਸੰਗ ਵਿਚ ਜੋ ਕਾਵਿ-ਰਚਨਾ ਕੀਤੀ ਗਈ ਹੈ, ਉਸ ਵਿਚ ਦੁਨਿਆਵੀ ਪਹਿਰਾਵੇ ਦੀ ਮਹੱਤਤਾ ਦੀ ਚਰਚਾ ਸੰਭਵ ਨਹੀਂ ਹੈ। ਪਵਿੱਤਰਤਾ

*ਡਾ. ਹਰਿਭਜਨ ਸਿੰਘ, *ਨਿਰਮਲ ਕਵੀਓਂ ਕੀ ਹਿੰਦੀ ਸਾਹਿਤਯ ਕੋ ਦੇਨ,* (ਪੰਨਾ 2)

www.sikhbookclub.com

ਜਾਂ ਸ਼ੁੱਧਤਾ ਦੇ ਵਿਸ਼ੇਸ਼ਣ ਦਾ ਪ੍ਰਯੋਗ ਮਨ ਦੀ ਅਵਸਥਾ ਦੇ ਪ੍ਰਸੰਗ ਵਿਚ ਕੀਤਾ ਜਾਂਦਾ ਹੈ। ਸਾਡੀ ਸੂਝ ਅਨੁਸਾਰ ਇਸ ਤੁੱਕ ਦਾ ਭਾਵ ਇਸ ਤਰ੍ਹਾਂ ਹੋ ਸਕਦਾ ਹੈ ਕਿ ਜੋ ਮਨ ਦਾ ਪਹਿਰਾਵਾ ਪਵਿੱਤਰ ਹੋਵੇ ਜਾਂ ਮਨ ਵਿਚ ਸਦਾ ਪਵਿੱਤਰ ਵਾਲੇ ਵਿਚਾਰ ਹੋਣ ਤਾਂ ਇਸ ਦੇ ਤੁਲ ਕੋਈ ਹੋਰ ਅਵਸਥਾ ਨਹੀਂ ਹੈ। ਪਦਾਰਥਕ ਮੈਲੇ ਵੇਸ਼ ਤਾਂ ਸਾਬਣ ਜਾਂ ਪਾਣੀ ਨਾਲ ਪਵਿੱਤਰ ਕੀਤੇ ਜਾ ਸਕਦੇ ਹਨ ਪਰ ਗੁਰੂ ਨਾਨਕ ਜੀ ਨੇ ਹਮੇਸ਼ਾ ਮਨੁੱਖ ਦਾ ਧਿਆਨ ਮਨ ਦੀ ਪਵਿੱਤ੍ਰਤਾ ਵੱਲ ਦੁਆਇਆ ਹੈ :-

ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥ (ਜਪੁ ਜੀ ਸਾਹਿਬ)

ਸਮੁੱਚੀ ਗੁਰਬਾਣੀ ਵਿਚ ਪ੍ਰਯੋਗ ਹੋਏ ਨਿਰਮਲ ਸ਼ਬਦ ਦੇ ਅਰਥ ਪਉੜੀ ਮੁੱਖ ਰੱਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਮਥੁਰਾ ਭੱਟ ਦੀ ਤੁੱਕ ਵੀ ਮਨ ਦੀ ਪਵਿੱਤ੍ਰਤਾ ਦੇ ਪ੍ਰਸੰਗ ਵਿਚ ਰਚੀ ਗਈ ਹੈ।

ਭੇਖ ਸ਼ਬਦ ਦੀ ਵਿਉਤਪਤੀ ਜਾਣ ਲੈਣ ਤੋਂ ਬਾਅਦ ਇਹ ਸਿੱਟਾ ਕਢਿਆ ਜਾ ਸਕਦਾ ਹੈ ਕਿ ਭੇਖ ਦਾ ਅਰਥ 'ਸੰਪ੍ਰਦਾਇ' ਕਿਸੇ ਕੋਸ਼ ਦਾ ਅਰਥ ਨਹੀਂ। ਇਹ ਅਰਥ ਤਾਂ ਉਨ੍ਹਾਂ ਵਿਅਕਤੀਆਂ ਲਈ ਹੈ ਜੋ ਕਿਸੇ ਖ਼ਾਸ ਕਿਸਮ ਦਾ ਪਹਿਰਾਵਾ ਪਹਿਨ ਕੇ ਪ੍ਰਚਾਰ ਕਰਦੇ ਹਨ। ਨਿਰਮਲੇ ਇਤਿਹਾਸਕਾਰਾਂ ਨੇ ਭੇਖ ਦਾ ਸਮਅਰਥ ਸੰਪ੍ਰਦਾਇ ਬਣਾਇਆ ਹੈ। ਭੇਖ ਸ਼ਬਦ ਦੇ ਕੋਸ਼-ਅਰਥ ਦੀ ਰੋਸ਼ਨੀ ਵਿਚ ਜੇ ਗਣੇਸ਼ਾ ਸਿੰਘ ਦੇ ਵਿਚਾਰਾਂ ਨੂੰ ਵੇਖਿਆ ਜਾਏ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਮਥੁਰਾ ਭੱਟ ਨੇ 'ਨਿਰਮਲ ਭੇਖ' ਸੰਪ੍ਰਦਾਇ ਦੇ ਸੰਬੰਧ ਵਿਚ ਨਹੀਂ ਲਿਖਿਆ।

ਨਿਰਮਲ ਸੰਪ੍ਰਦਾਇ ਦੀ ਸਥਾਪਨਾ ਦੇ ਸੰਬੰਧ ਵਿਚ ਲਿਖੀਆਂ ਗਈਆਂ ਰਾਵਾਂ ਉੱਤੇ ਵਿਵੇਚਨ ਕਰਨ ਸਮੇਂ ਸਾਨੂੰ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਦੀ ਭਾਵਨਾ ਨੂੰ ਸਨਮੁਖ ਰੱਖਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਸੰਪ੍ਰਦਾਵਾਂ ਦੀਆਂ ਸੰਕੀਰਣ ਵਲਗਣਾਂ ਤੋਂ ਦੂਰ ਸੀ ਪਰੰਤੂ ਨਿਰਮਲ ਸੰਪ੍ਰਦਾਇ ਤਾਂ ਨਿਯਮਾਂ ਦੇ ਚੌਖਟੇ ਵਿਚ ਜੁੜੀ ਹੋਈ ਸੰਪ੍ਰਦਾਇ ਹੈ। ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਤਾਂ ਸਮੁੱਚੀ ਮਾਨਵ ਜਾਤੀ ਦੇ ਕਲਿਆਣ ਹਿੱਤ ਸੀ। ਡਾ. ਤ੍ਰਿਲੋਚਨ ਸਿੰਘ ਨੇ ਗੁਰੂ ਜੀ ਦੇ ਮਨੋਰਥ ਨੂੰ ਇਸ ਪ੍ਰਕਾਰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ :-

*"ਗੁਰੂ ਨਾਨਕ ਦੇਵ ਜੀ ਨੂੰ ਜੋ ਸੱਚ ਦਾ ਗਿਆਨ ਅਤੇ ਅਨੁਭਵ ਹੋਇਆ, ਉਸ ਤੋਂ ਸਿੱਖ ਧਰਮ ਦੀ ਉੱਤਪਤੀ ਹੋਈ। ਇਸ ਧਰਮ ਨੂੰ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਨੌਂ ਗੁਰੂ ਸਾਹਿਬਾਨ ਨੇ ਆਪਣੇ ਨਵੇਂ ਨਰੋਏ ਤੇ ਅਨੂਠੇ ਆਤਮਕ ਤਜਰਬਿਆਂ ਤੇ ਯਥਾਰਥਕ

*ਡਾ. ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿੱਖ ਧਰਮ, (ਪੰਨਾ 7)

www.sikhbookclub.com

ਸਮਾਜਕ ਚੇਤਨਤਾ ਦੀ ਰੌਸ਼ਨੀ ਵਿਚ ਸਮੁੱਚੀ ਮਾਨਵ ਜਾਤੀ ਦੀਆਂ ਆਤਮਿਕ, ਭਾਈਚਾਰਕ ਤੇ ਰਾਜਨੀਤਕ ਸਮੱਸਿਆਵਾਂ ਨੂੰ ਮੁੱਖ ਰੱਖ ਕੇ ਸਥਾਪਿਤ ਕੀਤਾ। ਆਮ ਲੋਕਾਂ ਵਿਚ ਇਹ ਮੱਤ ਸਿੱਖ ਧਰਮ ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਨੂੰ ਗੁਰਮੁਖ ਮਾਰਗ, ਨਿਰਮਲ ਪੰਥ ਤੇ ਸੱਚ ਦਾ ਮਾਰਗ ਵੀ ਆਖਿਆ ਜਾਂਦਾ ਹੈ। ਇਹ ਸਾਰੇ ਮਾਰਗ ਇਸ ਗੱਲ ਦੇ ਸੂਚਕ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਨਿਰਾਲਾ ਹੁੰਦਾ ਹੋਇਆ ਵੀ ਸਰਬ ਸਾਂਝਾ ਸੱਚ ਤੇ ਪਵਿੱਤ੍ਰਤਾ ਉੱਤੇ ਨਿਰਭਰ ਹੈ।

"ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਗਿਆਨ ਪ੍ਰਾਪਤ ਕਰਨ ਲਈ ਜੋ ਸਾਧਨ ਦੱਸੇ ਹਨ, ਉਨ੍ਹਾਂ ਅਨੁਸਾਰ ਗ੍ਰਹਿਸਤ ਅਤੇ ਸੰਸਾਰਕ ਜੀਵਨ ਬਿਤਾਂਦਿਆਂ ਹੀ ਮੁਕਤੀ ਮਾਰਗ ਉੱਤੇ ਚੱਲਣ ਦਾ ਆਦੇਸ਼ ਹੈ। ਜਿਵੇਂ ਜਲ ਵਿਚ ਉਗਿਆ ਕੰਵਲ ਜਲ ਵਿਚਲੇ ਚਿੱਕੜ ਤੋਂ ਨਿਰਲਿਪਤ ਰਹਿੰਦਾ ਹੈ ਅਤੇ ਜਿਵੇਂ ਮੁਰਗਾਈ ਦੇ ਸਾਹਮਣੇ ਜਲ ਵਿਚ ਵਿਚਰਨ ਦਾ ਉਦੇਸ਼ ਨਹੀਂ ਹੁੰਦਾ ਬਲਕਿ ਉਸ ਦਾ ਮੂਲ ਮਨੋਰਥ ਤਾਂ ਦੂਸਰੇ ਕਿਨਾਰੇ ਦੀ ਪ੍ਰਾਪਤੀ ਹੁੰਦਾ ਹੈ। ਪਰ ਕੰਵਲ ਅਤੇ ਮੁਰਗਾਈ ਜਲ ਨੂੰ ਤਿਆਗ ਕੇ ਕਿਸੇ ਵੱਖਰੇ ਥਾਂ ਨਹੀਂ ਜਾਂਦੇ। ਉਸੇ ਢੰਗ ਨਾਲ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਜੀਵਨ ਬਿਤਾਉਣ ਦਾ ਉਪਦੇਸ਼ ਦਿੱਤਾ ਹੈ। ਪਦਾਰਥ ਵਸਤੂਆਂ ਦੀ ਬਾਹਰਮੁੱਖੀ ਅਸਥਿਰ ਖਿੱਚ ਤੋਂ ਨਿਰਲੇਪ ਰਹਿ ਕੇ ਗ੍ਰਹਿਸਤ ਦਾ ਜੀਵਨ ਬਿਤਾਉਣ ਦਾ ਉਪਦੇਸ਼। ਗੁਰੂ ਨਾਨਕ ਦੀ ਇਸ ਸਿੱਖਿਆ ਦੇ ਵਿਪਰੀਤ ਨਿਰਮਲ ਸੰਪ੍ਰਦਾਇ ਦੇ ਸਿਧਾਂਤਾਂ ਅਨੁਸਾਰ ਗ੍ਰਹਿਸਤ ਜੀਵਨ ਨੂੰ ਤਿਆਗ ਕੇ ਹੀ ਮੁਕਤੀ, ਮਾਰਗ 'ਤੇ ਚਲਿਆ ਜਾ ਸਕਦਾ ਹੈ। ਜੇ ਨਿਰਮਲ ਸੰਪ੍ਰਦਾਇ ਦੇ ਮੋਢੀ ਗੁਰੂ ਨਾਨਕ ਦੇਵ ਜੀ ਹੁੰਦੇ ਤਾਂ ਇਸ ਸੰਪ੍ਰਦਾਇ ਦੇ ਸਾਰੇ ਅਨੁਆਈ ਅਵੱਸ਼ ਗ੍ਰਹਿਸਤੀ ਜੀਵਨ ਬਿਤਾਉਣਾ ਪ੍ਰਵਾਨ ਕਰ ਲੈਂਦੇ।

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਹੀ ਹੋਈ ਹੈ। ਨਿਰਮਲੇ ਵਿਦਵਾਨਾਂ ਦੀ ਇਸ ਰਾਇ ਉੱਤੇ ਟਿਪਣੀ ਕਰਨ ਤੋਂ ਬਾਅਦ ਅਸੀਂ ਇਸ ਨਿਰਣੇ 'ਤੇ ਪੁੱਜਦੇ ਹਾਂ ਕਿ ਨਿਰਮਲ ਸੰਪ੍ਰਦਾਇ ਦੇ ਮੋਢੀ ਗੁਰੂ ਨਾਨਕ ਦੇਵ ਜੀ ਨਹੀਂ ਸਨ।

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਬਾਰੇ ਦੂਜਾ ਪ੍ਰਚੱਲਤ ਮੱਤ ਇਹ ਹੈ ਕਿ ਇਸ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਇਸ ਮੱਤ ਦਾ ਖੰਡਨ ਜਾਂ ਮੰਡਨ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਨੂੰ ਪੂਰਨ ਰੂਪ ਵਿਚ ਸਮਝਣ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਇਕ ਬਹੁ-ਪੱਖੀ ਸ਼ਖ਼ਸੀਅਤ ਸਨ ਪਰ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਜੀਵਨ-ਇਤਿਹਾਸ ਵਿਚ ਉਨ੍ਹਾਂ ਦੀ ਸ਼ਖ਼ਸੀਅਤ ਦੇ ਕਈ ਮਹੱਤਵਪੂਰਨ ਪੱਖਾਂ ਨੂੰ ਅੱਖੋਂ ਪਰੋਖੇ ਰੱਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਸੰਬੰਧ ਨਿਰਮਲ ਸੰਪ੍ਰਦਾਇ ਨਾਲ ਕਿਵੇਂ ਬਣ ਗਿਆ, ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਪਹਿਲਾਂ ਗੁਰੂ ਜੀ ਦੀ ਉਸ ਅਪਾਰ ਸ਼ਕਤੀ ਨੂੰ ਜਾਂਚ ਲੈਣਾ ਚਾਹੀਦਾ ਹੈ ਜੋ ਉਹ ਆਪਣੇ ਸਿੱਖਾਂ ਵਿਚ ਸੰਚਾਰ ਕਰ ਦੇਣਾ ਚਾਹੁੰਦੇ ਸਨ। ਗੁਰੂ ਗੋਬਿੰਦ ਸਿੰਘ

www.sikhbookclub.com
ਜੀ ਦੀ ਜੀਵਨ-ਕਥਾ ਵਿਚੋਂ ਆਪ ਦੀ ਸ਼ਖ਼ਸੀਅਤ ਦੇ ਦੋ ਪ੍ਰਧਾਨ ਗੁਣ ਉਭਰ ਕੇ ਸਾਹਮਣੇ ਆਉਂਦੇ ਹਨ। ਪਹਿਲਾ ਬੀਰਤਾ ਅਤੇ ਨਿਰਭੈਤਾ ਦਾ ਗੁਣ ਹੈ। ਇਸ ਪੱਖ ਉੱਤੇ ਇਕਾਗਰ ਹੋਣ ਨਾਲ ਸਾਡੇ ਸਾਹਮਣੇ ਗੁਰੂ ਗੋਬਿੰਦ ਸਿੰਘ ਜੀ ਇਕ ਨਿਡਰ ਯੋਧੇ ਦੇ ਰੂਪ ਵਿਚ ਮੂਰਤੀਮਾਨ ਹੁੰਦੇ ਹਨ ਜੋ ਜ਼ੁਲਮ ਵਿਰੁੱਧ ਤਲਵਾਰ ਚੁੱਕਣ ਨੂੰ ਹਲਾਲ ਆਖਦੇ ਹਨ ਅਤੇ ਆਪਣੇ ਅਨੁਯਾਈਆਂ ਵਿਚ ਅਨਿਆ ਵਿਰੁੱਧ ਵਿਦ੍ਰੋਹ ਦੀ ਭਾਵਨਾ ਉਤੇਜਤ ਕਰਦੇ ਹਨ। ਇਹ ਸੂਰਬੀਰ ਗੁਰੂ ਗੋਬਿੰਦ ਸਿੰਘ ਜੀ ਜ਼ਾਲਮਾਂ ਦਾ ਟਾਕਰਾ ਹੀ ਨਹੀਂ ਕਰਦੇ ਬਲਕਿ ਜ਼ੁਲਮ ਨੂੰ ਸਦਾ ਲਈ ਨਾਸ਼ ਕਰ ਦੇਣ ਲਈ ਦ੍ਰਿੜ੍ਹ ਹਨ। ਇਹ ਯੁੱਧ ਪ੍ਰਿਯ ਗੁਰੂ ਗੋਬਿੰਦ ਸਿੰਘ ਜੀ ਦਾ ਰੂਪ ਹੈ।

He seems to have deeply impressed by the idea which runs throught the pauranic literature, vi the idea of the saviour appearing from time to time uphold rightedusness and destroy unrigteousness, to uprest evil and establish good to destroy the oppressor and rescue the weak and the innocent.*

ਯੋਧਾ ਗੁਰੂ ਗੋਬਿੰਦ ਸਿੰਘ ਆਪਣੀ ਸੂਰਬੀਰਤਾ ਦੇ ਮਨੋਭਾਵ ਆਪਣੇ ਸਿੱਖਾਂ ਵਿਚ ਸੰਚਾਰ ਕਰ ਕੇ ਤ੍ਰਿਪਤ ਹੋਣਾ ਚਾਹੁੰਦੇ ਸਨ ਤਾਂ ਜੋ ਉਸ ਤੋਂ ਬਾਅਦ ਆਪਦੇ ਸਿੱਖ ਯੋਧੇ ਗੋਬਿੰਦ ਸਿੰਘ ਦਾ ਰੂਪ ਹੀ ਦਿਖਾਈ ਦੇਣ। ਇਸ ਤੀਬਰ ਇੱਛਾ ਦਾ ਸਾਕਾਰ ਰੂਪ ਇਤਿਹਾਸ ਵਿਚ ਵਰਣਨ ਕੀਤੀ ਗਈ ਪੰਜ ਪਿਆਰੇ ਸਾਜਣ ਵਾਲੀ ਘਟਨਾ ਹੈ। ਗੁਰੂ ਸ਼ਰਧਾ ਅਤੇ ਆਤਮ-ਬਲੀਦਾਨ ਦੀ ਕਸੌਟੀ 'ਤੇ ਪਰਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਵਿਚੋਂ ਪੰਜ ਸੂਰਬੀਰਾਂ ਦੀ ਚੋਣ ਕੀਤੀ ਅਤੇ ਉਨ੍ਹਾਂ ਅੰਦਰ ਕੁਰਬਾਨੀ ਤੇ ਸੂਰਬੀਰਤਾ ਦਾ ਜਜ਼ਬਾ ਉਤੇਜਤ ਕਰਕੇ ਜ਼ੁਲਮ ਤੇ ਅਨਿਆ ਵਿਰੁਧ ਟੱਕਰ ਲੈ ਕੇ ਆਤਮ-ਬਲੀਦਾਨ ਦੇਣ ਵਾਲੀ ਰੂਹ ਫੂਕ ਦਿੱਤੀ। ਇਸ ਘਟਨਾ ਨੇ ਸੂਰਬੀਰ ਖ਼ਾਲਸਾ ਕੌਮ ਦੀ ਬੁਨਿਆਦ ਰੱਖੀ।

ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਦਾ ਦੂਸਰਾ ਪ੍ਰਧਾਨ ਗੁਣ ਉਨ੍ਹਾਂ ਦੇ ਅੰਦਰਲਾ ਪ੍ਰਤਿਭਾਸ਼ਾਲੀ ਵਿਦਵਾਨ ਸਾਹਿਤਕਾਰ ਸੀ। ਇਸ ਗੁਣ ਦੀ ਪ੍ਰਧਾਨਤਾ ਸਾਡੇ ਸਾਹਮਣੇ ਇਕ ਸ੍ਰੇਸ਼ਟ ਬੁੱਧੀ ਵਾਲਾ ਪ੍ਰਤਿਭਾਸ਼ਲੀ, ਸਾਹਿਤਕਾਰ ਰੂਪਮਾਨ ਕਰਦੀ ਹੈ, ਜਿਸ ਅੰਦਰ ਸਾਹਿਤ ਸਿਰਜਣਾ ਦਾ ਸੋਮਾ ਹੈ ਅਤੇ ਜੋ ਕਲਾ-ਕਵਿਤਾ ਲਈ ਅਥਾਹ ਪ੍ਰੇਮ ਨਾਲ ਭਰਪੂਰ ਹੈ। ਇਹ ਹੈ ਵਿਦਵਾਨ ਤੇ ਮਹਾਨ ਕਵੀ ਗੋਬਿੰਦ ਸਿੰਘ ਜੀ ਦੀ ਸ਼ਖ਼ੀਸਅਤ। ਜਿਸ ਤਰ੍ਹਾਂ ਗੁਰੂ ਜੀ ਆਪਣੇ ਸਿੱਖਾਂ ਨੂੰ ਇਕ ਸੂਰਬੀਰ ਰੂਪ ਵਿਚ ਵੇਖਣਾ ਚਾਹੁੰਦੇ ਸਨ, ਉਸੇ ਤਰ੍ਹਾਂ ਆਪਣੀ ਸ਼ਖ਼ਸੀਅਤ ਦੇ ਪ੍ਰਤਿਭਾਸ਼ਾਲੀ ਪੱਖ ਦਾ ਪ੍ਰਤਿਬਿੰਬ ਆਪਣੇ ਖ਼ਾਲਸੇ ਵਿਚ ਵੇਖਣ ਦੀ ਪ੍ਰਬਲ ਇੱਛਾ ਰੱਖਦੇ ਸਨ। ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ-ਕਥਾ ਦਾ ਅਧਿਐਨ ਕਰਨ ਤੋਂ ਬਾਅਦ ਇਹ ਤੱਤ

I. B. Bannerjee-Evelution of the Khalsa, vol. II.

www.sikhbookclub.com

ਨਿਕਲਦਾ ਹੈ ਕਿ ਉਹ ਖ਼ਾਲਸੇ ਦੀ ਵਿਲੱਖਣਤਾ ਨੂੰ ਕੇਵਲ ਸੂਰਬੀਰਤਾ ਤੱਕ ਹੀ ਸੀਮਿਤ ਨਹੀਂ ਰੱਖਣਾ ਚਾਹੁੰਦੇ ਸਨ ਕਿਉਂਕਿ ਕੇਵਲ ਯੋਧੇ ਦਾ ਰੂਪ ਬਣ ਜਾਣ ਨਾਲ ਖ਼ਾਲਸਾ ਦੂਸਰੇ ਬੁੱਧੀਜੀਵੀ ਖੇਤਰਾਂ ਵਿਚ ਪਛੜਿਆ ਰਹਿ ਸਕਦਾ ਸੀ। ਯੁੱਧ ਦੀ ਸਦਾ ਲੋੜ ਨਹੀਂ ਹੁੰਦੀ। ਸ਼ਾਂਤੀ ਦੇ ਕਾਲ ਵਿਚ ਸਾਹਿਤ ਅਤੇ ਕਲਾ ਪ੍ਰਫੁੱਲਤ ਹੁੰਦੇ ਹਨ। ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਆਖ ਚੁੱਕੇ ਸਨ ਕਿ 'ਖ਼ਾਲਸਾ ਮੇਰੋ ਰੂਪ ਹੈ' ਇਸ ਲਈ ਉਹ ਇਹੋ ਜਿਹੀ ਸਿੱਖ ਜਾਤੀ ਦੀ ਉਸਾਰੀ ਕਰ ਦੇਣਾ ਚਾਹੁੰਦੇ ਸਨ ਜੋ ਅਮਨ ਅਤੇ ਸ਼ਾਂਤੀ ਦੇ ਕਾਲ ਵਿਚ ਸਾਹਿਤ ਸਿਰਜਨਾ ਕਰੇ। ਸਮੁੱਚੀ ਸਿੱਖ ਕੌਮ ਦੀ ਪ੍ਰਤਿਭਾ ਦੇ ਪੱਧਰ ਨੂੰ ਉਚਿਆਂ ਕਰਨ ਲਈ ਗੁਰੂ ਜੀ ਨੇ ਸਾਹਿਤ ਨੂੰ ਮਾਧਿਅਮ ਬਣਾਇਆ। ਉਹ ਇਕ ਰਹੱਸਵਾਦੀ ਕਵੀ ਸਨ। ਉਹਨਾਂ ਦੇ ਹਿਰਦੇ ਵਿਚ ਪ੍ਰਭੂ ਲਈ ਅਥਾਹ ਪ੍ਰੇਮ ਸੀ ਅਤੇ ਇਸ ਦੇ ਨਾਲ ਹੀ ਦੇਸ਼-ਪ੍ਰੇਮ ਦਾ ਜਜ਼ਬਾ ਵੀ ਆਪਦੀ ਸ਼ਖ਼ਸੀਅਤ ਵਿਚ ਸਮੋਇਆ ਹੋਇਆ ਸੀ।

ਆਪਣੇ ਅੰਦਰਲੇ ਸਾਹਿਤ ਦੇ ਸੋਮੇ ਅਤੇ ਹਿਰਦੇ ਦੇ ਉਦਗਾਰਾਂ ਨੂੰ ਇਕ ਧਾਰਾ ਵਿਚ ਵਹਾਉਣ ਲਈ ਗੁਰੂ ਜੀ ਕਿਸੇ ਅਲੌਕਿਕ, ਰਮਣੀਕ ਅਤੇ ਸ਼ਾਂਤਮਈ ਵਾਤਾਵਰਣ ਦੀ ਭਾਲ ਵਿਚ ਸਨ। ਕੇਵਲ ਇਹੋ ਜਿਹੇ ਮਾਹੌਲ ਵਿਚ ਹੀ ਇਕਾਗਰ ਹੋ ਕੇ ਕਾਵਿ-ਰਚਨਾ ਕੀਤੀ ਜਾ ਸਕਦੀ ਸੀ। ਕੁਦਰਤੀ ਦ੍ਰਿਸ਼ਾਂ ਨਾਲ ਘਿਰੇ ਸ਼ਾਂਤਮਈ ਸਥਾਨ ਦੀ ਭਾਲ ਵਿਚ 'ਨਾਹਨ' ਲਾਗੇ ਜੰਗਲਾਂ ਪਹਾੜਾਂ ਵਿਚ ਸੈਰ ਕਰਦਿਆਂ ਨੂੰ ਜਮਨਾ ਦਰਿਆ ਦੇ ਕੰਢੇ ਇਕਾਂਤਮਈ ਕੁਦਰਤ ਦੀ ਸੁੰਦਰਤਾ ਨਾਲ ਘਿਰੀ ਹੋਈ ਥਾਂ ਪਸੰਦ ਆ ਗਈ। ਪ੍ਰਭੂ ਪ੍ਰੇਮ ਦੇ ਅਨੁਭਵ ਨੂੰ ਅਭਿਵਿਅਕਤ ਕਰਨ ਲਈ ਮਨ ਦਾ ਕੁਦਰਤ ਨਾਲ ਇਕ ਸੁਰ ਹੋ ਜਾਣਾ ਜ਼ਰੂਰੀ ਹੈ। ਪਹਾੜੀਆਂ ਦੀ ਓਟ ਵਿਚ ਜਮਨਾ ਦੇ ਕੰਢੇ ਸ਼ਾਂਤਮਈ ਵਾਤਾਵਰਣ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤ ਰਚਨਾ ਕੀਤੀ। ਇਸ ਥਾਂ 'ਤੇ ਪਹੁੰਚਣ ਦਾ ਸੰਕੇਤ ਆਪ ਦੀ ਕਵਿਤਾ ਵਿਚੋਂ ਮਿਲਦਾ ਹੈ :-

ਨਗਰ ਪਾਵਟ ਬਹੁ ਬਸੈ ਸਰਮੌਰ ਕੇ ਦੇਸ॥
ਜਮਨਾ ਨਦੀ ਨਿਕਟ ਬਹੈ ਜਨੁਕਪੁਰੀ ਅਲਿਕੇਸ॥
ਨਦੀ ਜਮੁਲ ਕੇਤੀ ਗਮੇ ਤੀਰਥ ਮੁਚਨ ਕਪਾਲ॥
ਨਗਰ ਪਾਂਵਟਾ ਛੋਡਿ ਹਮ ਆਏ ਤਹਾਂ ਉਤਾਲ॥
ਤਹਾ ਹਮਾਰੇ ਸਿਖਿਯ ਸਭ ਅਮਿਤ ਪਹੂੰਚੇ ਆਇ॥*

ਇਸ ਥਾਂ 'ਤੇ ਆਪ ਨੇ ਜਾਪੁ ਸਾਹਿਬ ਦੀ ਰਚਨਾ ਕੀਤੀ ਜਿਸ ਵਿਚੋਂ ਆਪ ਦੀ ਰਚਨਾ ਦਾ ਰਹੱਸਵਾਦੀ ਪੱਖ ਪ੍ਰਜਵਲਤ ਹੁੰਦਾ ਹੈ। 'ਚੰਡੀ ਦੀ ਵਾਰ' ਵਿਚ ਦੇਸ਼-ਪ੍ਰੇਮ ਦੇ ਜਜ਼ਬੇ ਤੋਂ ਉਪਜੀ ਕਵਿਤਾ ਸੂਰਬੀਰਤਾ ਦੇ ਕਾਰਨਾਮਿਆਂ ਅਤੇ ਵਿਦ੍ਰੋਹ ਲਈ ਉਤਸ਼ਾਹਤ ਕਰਦੀ ਹੈ।

*ਦਸਮ ਗ੍ਰੰਥ (ਪੰਨਾ 811)

www.sikhbookclub.com

ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਦੇ ਦੋ ਵਿਸ਼ਿਸ਼ਟ ਪੱਖਾਂ ਨੂੰ ਮੁੱਖ ਰੱਖ ਕੇ ਵੇਖਿਆਂ ਆਪ ਦੀ ਸ਼ਖ਼ਸੀਅਤ ਇਕ ਮਹਾਨ ਸੂਰਬੀਰ ਵਿਦਵਾਨ ਸਾਹਿਤਕਾਰ ਦੇ ਰੂਪ ਵਿਚ ਦਿੱਸਦੀ ਹੈ ਅਤੇ ਉਨ੍ਹਾਂ ਦਾ ਇਹ ਦ੍ਰਿਸ਼ਟੀਕੋਣ ਵੀ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਦੀ ਸਰਬ-ਪੱਖੀ ਉੱਨਤੀ ਲਈ ਉਹ ਸਾਹਿਤ ਨੂੰ ਮਾਧਿਅਮ ਸਮਝਦੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਦਿੱਬ-ਦ੍ਰਿਸ਼ਟੀ ਨਾਲ ਵੇਖ ਲਿਆ ਸੀ ਕਿ ਜੇ ਉਨ੍ਹਾਂ ਦਾ ਖ਼ਾਲਸਾ ਕੇਵਲ ਯੋਧਿਆਂ ਦੀ ਕੌਮ ਹੀ ਬਣਿਆ ਰਿਹਾ ਤਾਂ ਕੌਮ ਦਾ ਬੌਧਿਕ ਪੱਧਰ ਨੀਵਾਂ ਰਹਿ ਜਾਏਗਾ ਤੇ ਇਹ ਕੇਵਲ ਇਕ ਸੈਨਿਕ ਸ਼੍ਰੇਣੀ ਹੀ ਬਣੀ ਰਹੇਗੀ। ਖ਼ਾਲਸੇ ਦੀ ਬੌਧਿਕ ਪੱਖ ਦੀ ਉੱਨਤੀ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਧ ਕਰ ਦਿੱਤਾ ਕਿ ਮਨੁੱਖ ਦੇ ਹਰ ਪੱਖ ਨੂੰ ਉੱਨਤ ਕਰਨ ਲਈ ਸਾਹਿਤ ਇਕ ਪ੍ਰੇਰਨਾ-ਸ੍ਰੋਤ ਅਤੇ ਸ਼ਕਤੀ ਦਾ ਭੰਡਾਰ ਹੈ ਅਤੇ ਕਿਸੇ ਵੀ ਕੌਮ ਦੀ ਉੱਨਤੀ ਲਈ ਸਾਹਿਤ ਦਾ ਮਾਧਿਅਮ ਅਨਿਵਾਰੀ ਹੈ। ਜਿਸ ਤੀਬਰਤਾ ਨਾਲ ਸਾਹਿਤ-ਪ੍ਰੇਮ ਗੁਰੂ ਜੀ ਦੇ ਹਿਰਦੇ ਵਿਚ ਉਮਡ ਰਿਹਾ ਸੀ, ਉਹੋ ਤੀਬਰਤਾ ਆਪਣੇ ਸਿੱਖ ਅਨੁਯਾਈਆਂ ਵਿਚ ਸਮੋ ਦੇਣਾ ਲੋੜਦੇ ਸਨ। ਆਪਣੀ ਇੱਛਾ ਨੂੰ ਸਾਕਾਰ ਰੂਪ ਵਿਚ ਵੇਖਣ ਲਈ ਉਨ੍ਹਾਂ ਨੇ ਆਪਣੇ ਦਰਬਾਰ ਵਿਚ ਸਾਹਿਤ ਰਚਨਾ ਅਤੇ ਅਨੁਵਾਦ ਦੇ ਕੰਮ ਸ਼ੁਰੂ ਕਰਵਾਏ ਅਤੇ ਸਾਹਿਤ-ਰਚਨਾ ਦੀ ਇਸ ਯੋਜਨਾ ਅਨੁਸਾਰ ਉੱਚ ਕੋਟੀ ਦੇ ਬਵੰਜਾ ਕਵੀ ਆਪ ਦੇ ਦਰਬਾਰ* ਵਿਚ ਸਾਹਿਤ-ਰਚਨਾ ਅਤੇ ਅਨੁਵਾਦ ਦੇ ਕੰਮ ਕਰਦੇ ਸਨ। ਸਾਹਿਤ-ਸਿਰਜਨਾ ਅਤੇ ਅਧਿਐਨ ਦੀ ਇਹ ਵਿਉਂਤ ਸਿੱਖਾਂ ਦੀ ਅਗਵਾਈ ਅਤੇ ਪ੍ਰੇਰਨਾ ਲਈ ਇਕ ਸਥਾਈ ਸੰਸਥਾ ਬਣ ਗਈ। ਦਰਬਾਰ ਵਿਚ ਕੰਮ ਕਰ ਰਹੇ ਸਾਹਿਤਕਾਰ ਮੌਲਿਕ ਸਾਹਿਤ ਦੀ ਰਚਨਾ ਤੋਂ ਬਿਨਾਂ ਅਨੁਵਾਦ ਵੀ ਕਰਦੇ ਸਨ। ਗੁਰਮਤ-ਦਰਸ਼ਨ ਦੀ ਸੂਝ ਲਈ, ਭਾਰਤੀ ਸੰਸਕ੍ਰਿਤੀ ਨਾਲ ਸੰਪਰਕ ਜੋੜਨ ਖ਼ਾਤਰ ਅਤੇ ਵਿੱਦਿਆ ਖੇਤਰ ਵਿਚ ਪੰਡਤਾਂ ਦੇ ਤਸੱਲਤ ਨੂੰ ਤੋੜਨ ਲਈ ਇਹ ਜ਼ਰੂਰੀ ਸੀ ਕਿ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਈ ਜਾਵੇ।

ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਅਤੇ ਮਿਸ਼ਨ ਨੂੰ ਦ੍ਰਿਸ਼ਟੀ ਗੋਚਰ ਰੱਖ ਕੇ ਇਹ ਕਹਿ ਦੇਣਾ ਉਚਿਤ ਹੈ ਕਿ ਖ਼ਾਲਸੇ ਨੂੰ ਆਪਣੇ ਹੀ ਰੂਪ ਵਿਚ ਢਾਲ ਦੇਣ ਦੀ ਇੱਛਾ ਆਪ ਦੇ ਹਿਰਦੇ ਵਿਚ ਪ੍ਰਬਲ ਸੀ। ਸਾਹਿਤ-ਪ੍ਰੇਮ ਦਾ ਸਿੱਟਾ ਹੀ ਸੀ ਜਿਸ ਕਰਕੇ ਗੁਰੂ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਨ ਲਈ ਬਨਾਰਸ ਭੇਜਿਆ ਸੀ। ਜਿਸ ਤਰ੍ਹਾਂ ਪੰਜ ਪਿਆਰਿਆਂ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਦਾ ਬੀਰ ਰੂਪ ਸਿੱਖਾਂ ਵਿਚ ਸਮਾਅ ਗਿਆ, ਉਸੇ ਤਰ੍ਹਾਂ, ਸਿੱਖਾਂ ਵਿਚ ਸਾਹਿਤ-ਰਚਨਾ ਅਤੇ ਅਧਿਐਨ ਦਾ ਸ਼ੌਕ ਪੈਦਾ ਹੋ ਚੁੱਕਣ ਤੋਂ ਬਾਅਦ, ਆਪਣੀ ਵਿਦਵਤਾ ਅਤੇ ਕਲਾ-ਪ੍ਰੇਮ ਦਾ ਪ੍ਰਤਿਬਿੰਬ ਵੀ ਖ਼ਾਲਸੇ ਵਿਚ ਦਿਸਣ ਲੱਗਾ। ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਨ ਲਈ ਬਨਾਰਸ ਗਏ ਸਿੱਖਾਂ ਨੇ ਵਾਪਸ ਆ ਕੇ ਗੁਰੂ ਜੀ ਦੇ ਆਦਰਸ਼ ਨੂੰ ਚਿਰੰਜੀਵ ਰੱਖਿਆ ਅਤੇ ਹੋਰ ਭਾਸ਼ਾਵਾਂ ਵਾਂਗ ਸੰਸਕ੍ਰਿਤ ਨੂੰ ਵੀ ਸਿੱਖਾਂ ਵਿਚ ਪ੍ਰਚਲਤ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨੇ ਨੂੰ ਸਾਕਾਰ ਰੂਪ ਵਿਚ ਢਾਲ ਦੇਣ ਦੇ ਜਤਨਾਂ

*ਪ੍ਰੋ. ਹਰਬੰਸ ਸਿੰਘ — ਗੁਰੂ ਗੋਬਿੰਦ ਸਿੰਘ, (ਪੰਨਾ 51) ਪ੍ਰਕਾਸ਼ਕ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ।

www.sikhbookclub.com

ਨੂੰ ਜਾਰੀ ਰੱਖਿਆ। ਇਨ੍ਹਾਂ ਵਿਦਵਾਨਾਂ ਨੇ ਸੰਸਕ੍ਰਿਤ ਵਿੱਦਿਆ ਪੜ੍ਹਾਉਣਾ ਆਪਣਾ ਮੁੱਖ ਉਦੇਸ਼ ਬਣਾ ਲਿਆ। ਬਨਾਰਸ ਤੋਂ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰ ਕੇ ਆਏ ਸਿੱਖਾਂ ਨੂੰ ਗੁਰੂ ਜੀ ਨੇ ਨਿਰਮਲੇ ਸੰਤ ਬਣਨ ਦਾ ਵਰ ਦਿੱਤਾ ਜਾਂ ਇਕ ਵੱਖਰੀ ਸੰਪ੍ਰਦਾਇ ਦੇ ਮੋਢੀ ਥਾਪਿਆ, ਇਸ ਪ੍ਰਕਾਰ ਦੀ ਕਿਸੇ ਘਟਨਾ ਦੇ ਇਤਿਹਾਸ ਵਿਚੋਂ ਪ੍ਰਮਾਣਿਕ ਸਬੂਤ ਨਹੀਂ ਮਿਲਦੇ। ਗੁਰੂ ਜੀ ਦੀ ਸ੍ਵੈ-ਜੀਵਨੀ ਵਿਚੋਂ ਵੀ ਕੋਈ ਵੱਖਰੀ ਸੰਪ੍ਰਦਾਇ ਚਲਾਉਣ ਦਾ ਸੰਕੇਤ ਨਹੀਂ ਮਿਲਦਾ।

ਸਿੱਖ ਇਤਿਹਾਸ ਲਿਖਣ ਵਾਲੇ ਸਾਰੇ ਇਤਿਹਾਸਕਾਰਾਂ ਨੇ ਇਹ ਜ਼ਰੂਰ ਲਿਖਿਆ ਹੈ ਕਿ ਬਨਾਰਸ ਤੋਂ ਸੰਸਕ੍ਰਿਤ ਵਿੱਦਿਆ ਪੜ੍ਹ ਕੇ ਵਾਪਸ ਆਏ ਸਿੱਖ ਵਿਦਵਾਨਾਂ ਦਾ ਵਰਗ ਹੀ ਨਿਰਮਲੇ ਸੰਤ ਅਖਵਾਉਂਦਾ ਰਿਹਾ ਹੈ। ਇਤਿਹਾਸਕਾਰਾਂ ਦਾ ਇਹ ਵਿਚਾਰ ਸਾਖੀਆਂ ਦੇ ਆਧਾਰ 'ਤੇ ਹੀ ਬਣਿਆ ਹੋਇਆ ਜਾਪਦਾ ਹੈ। ਜਿਸ ਮਨੋਰਥ ਅਤੇ ਜਿਨ੍ਹਾਂ ਕਾਰਣਾਂ ਕਰ ਕੇ ਗੁਰੂ ਜੀ ਨੇ ਪੰਜ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਨ ਲਈ ਬਨਾਰਸ ਭੇਜਿਆ ਸੀ, ਉਨ੍ਹਾਂ ਦੇ ਆਧਾਰ 'ਤੇ ਇਹ ਕਹਿਣਾ ਉਚਿਤ ਹੈ ਕਿ ਵਿੱਦਿਆ ਸਿਖਣ ਲਈ ਜਦੋਂ ਸਿੱਖਾਂ ਦੀ ਚੋਣ ਕੀਤੀ ਗਈ ਤਾਂ ਉਸ ਚੋਣ ਦਾ ਇਹ ਉਦੇਸ਼ ਨਹੀਂ ਸੀ ਕਿ ਉਨ੍ਹਾਂ ਦੀ ਇਕ ਵੱਖਰੀ ਸੰਪ੍ਰਦਾਇ ਬਣਾਈ ਜਾਏਗੀ ਬਲਕਿ ਉਨ੍ਹਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਉਣ ਦੇ ਨਿਪੁਨ ਅਧਿਆਪਕ ਬਣਾ ਦੇਣਾ ਹੀ ਮੂਲ ਮਨੋਰਥ ਸੀ। ਇਸ ਪ੍ਰਸੰਗ ਵਿਚ ਲਿਖਿਆ ਭਾਈ ਕਾਨ੍ਹ ਸਿੰਘ ਦਾ ਵਿਚਾਰ ਵੀ ਅਸਪੱਸ਼ਟ ਹੈ ਕਿਉਂਕਿ ਉਨ੍ਹਾਂ ਨੇ ਇਹ ਤਾਂ ਆਖਿਆ ਹੈ ਕਿ ਬਨਾਰਸ ਪੜ੍ਹਨ ਗਏ ਪੰਜ ਸਿੱਖਾਂ ਦੀ ਨਿਰਮਲ ਸੰਗਯਾ ਹੋਈ, ਕਦੋਂ ਹੋਈ ਤੇ ਕਿਵੇਂ ਹੋਈ, ਇਸ ਬਾਰੇ ਉਨ੍ਹਾਂ ਨੇ ਕੋਈ ਵਿਆਖਿਆ ਨਹੀਂ ਕੀਤੀ।

ਪੰਜ ਚੋਣਵੇਂ ਸਿੱਖਾਂ ਨੂੰ ਬਨਾਰਸ ਭੇਜਣ ਦਾ ਮਨੋਰਥ ਸੰਪ੍ਰਦਾਇ ਸਥਾਪਿਤ ਕਰਨਾ ਸੀ ਜਾਂ ਕੇਵਲ ਸੰਸਕ੍ਰਿਤ ਵਿੱਦਿਆ ਹੀ ਸਿਖਾਉਣਾ ਸੀ, ਇਸ ਪ੍ਰਸੰਗ ਵਿਚ ਸਿੱਖ ਇਤਿਹਾਸਕਾਰ ਗਿ: ਗਿਆਨ ਸਿੰਘ ਅਤੇ ਨਿਰਮਲ ਸੰਪ੍ਰਦਾਇ ਦੇ ਇਤਿਹਾਸਕਾਰ ਮਹੰਤ ਦਿਆਲ ਸਿੰਘ ਦੇ ਵਿਚਾਰ ਕਿਸੇ ਨਿਰਣੇ 'ਤੇ ਪੁੱਜਣ ਵਿਚ ਸਹਾਈ ਹੋਣਗੇ।

"ਇਕ ਦਿਨ ਗੁਰੂ ਜੀ ਨੇ ਵਿਚਾਰਿਆ ਕਿ ਸਾਡੇ ਸਿੱਖ ਸ਼ਸਤ੍ਰ ਵਿੱਦਿਆ ਵਿਚ ਤਾਂ ਤਿਆਰ- ਬਰ-ਤਿਆਰ ਹੋ ਗਏ ਹਨ ਪਰ ਇਨ੍ਹਾਂ ਨੂੰ ਵਾਧੂ ਕਰਮ-ਕਾਂਡ ਵਿਚੋਂ ਕੱਢਣ ਲਈ ਅਰ ਪੁਰਾਣਾਂ ਆਦਿ ਦੀ ਮੂਰਤੀ ਪੂਜਾ ਤੋਂ ਬਚਾਉਣ ਲਈ ਸੰਸਕ੍ਰਿਤ ਵਿੱਦਿਆ ਤੋਂ ਵਾਕਫ ਕਰਾਉਣਾ ਵੀ ਜ਼ਰੂਰੀ ਹੈ ਕਿਉਂਕਿ ਇਸ ਤਰ੍ਹਾਂ ਇਹ ਇਨ੍ਹਾਂ ਗੱਲਾਂ ਵਿਚ ਫਸੇ ਰਹਿਣਗੇ ਅਰ ਆਪਣੀ ਉੱਨਤੀ ਨਹੀਂ ਕਰ ਸਕਣਗੇ।"*

"ਇਕ ਦਿਨ ਮਹਾਰਾਜ ਜੀ ਦੇ ਦਿਲ ਵਿਚ ਸੰਕਲਪ ਫੁਰਿਆ ਕਿ ਜਿਸ ਤਰ੍ਹਾਂ ਮੇਰੇ ਸਿੱਖ ਸ਼ਸਤ੍ਰ ਵਿੱਦਿਆ ਵਿਚ ਪ੍ਰਬੀਨ ਹਨ, ਇਸੇ ਤਰ੍ਹਾਂ ਸ਼ਾਸਤ੍ਰ ਵਿੱਦਿਆ ਵਿਚ ਭੀ ਚਤੁਰ ਹੋਣੇ ਚਾਹੀਦੇ ਹਨ।"**

*ਗਿ: ਗਿਆਨ ਸਿੰਘ (ਤਵਾਰੀਖ਼ ਗੁਰੂ ਖ਼ਾਲਸਾ)

**ਮਹੰਤ ਦਿਆਲ ਸਿੰਘ -ਨਿਰਮਲ ਪੰਥ ਦਰਸ਼ਨ, ਭਾਗ 3, (ਪੰਨਾ 1)

www.sikhbookclub.com

ਦੋ ਵਿਦਵਾਨਾਂ ਦੇ ਉੱਤੇ ਦੱਸੇ ਵਿਚਾਰਾਂ ਨੂੰ ਵਾਚਣ ਤੋਂ ਬਾਅਦ ਇਹ ਗੱਲ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਆਪਣੇ ਖ਼ਾਲਸੇ ਦੇ ਕਿਸੇ ਵੀ ਪੱਖ ਨੂੰ ਊਣਾ ਨਹੀਂ ਵੇਖਣਾ ਚਾਹੁੰਦੇ ਸਨ। ਸਿੱਖਾਂ ਵਿਚ ਸਰਬ ਪੱਖੀ ਉੱਨਤੀ ਲਈ ਤੀਬਰ ਭਾਵਨਾ ਕਰ ਕੇ ਹੀ ਬਨਾਰਸ ਵਿਖੇ ਵਿੱਦਿਆ ਪੜ੍ਹਨ ਲਈ ਸਿੱਖ ਭੇਜੇ ਗਏ ਸਨ।

ਪੰਡਤ ਗੁਲਾਬ ਸਿੰਘ ਨੇ ਵੀ ਗੁਰੂ ਜੀ ਦੀ ਬਹੁ-ਪੱਖੀ ਸ਼ਖ਼ਸੀਅਤ ਦੇ ਦੋ ਵਿਸ਼ਿਸ਼ਟ ਗੁਣਾਂ ਨੂੰ ਉਜਾਗਰ ਕੀਤਾ ਹੈ ਅਤੇ ਇਹੋ ਗੁਣ ਖ਼ਾਲਸੇ ਵਿਚ ਸੰਚਾਰ ਕਰ ਦੇਣ ਦੇ ਪ੍ਰਸੰਗ ਨੂੰ ਉਭਾਰਿਆ ਹੈ :-

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੂਰਨ ਹਰਿ ਅਵਤਾਰ ਰਚਿਓ ਪੰਥ ਭਵ ਮੈਂ ਪ੍ਰਗਟ ਦੋ ਬਿਧਿ ਕੋ ਬਿਸਤਾਰ ਏਕਨ ਨੇ ਕਰ ਖੜਕ ਦੇ ਭੁਜ ਬਲ ਬਹੁ ਵਿਸਤਾਰ ਪਾਲਨ ਭੂਮੀ ਕੋ ਕਰਿਉ ਦੁਸਟਨ ਮੂਲ ਉਪਾਰ ਔਰਨ ਕੀ ਸਿੱਖ ਵਿਮਲ ਮਤ, ਕੀਨੋ ਪਰਮ ਬਿਬੇਕ ਨਿਰਮਲ ਰਾਖੇ ਜਗਤ ਮੇਂ ਹੋਏਂ ਬ੍ਰਹਮ ਸੁਏਕ॥"*

ਪੰਡਤ ਗੁਲਾਬ ਸਿੰਘ ਦੇ ਵਿਚਾਰਾਂ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਗੁਰੂ ਜੀ ਆਪਣੇ ਸਿੱਖਾਂ ਵਿਚ ਕੋਈ ਵੱਖਰੀ ਸੰਪ੍ਰਦਾਇ ਬਣਾਉਣ ਦੇ ਇੱਛਕ ਨਹੀਂ ਸਨ ਬਲਕਿ ਸ਼ਸਤ੍ਰ ਅਤੇ ਸ਼ਾਸਤ੍ਰ ਵਿੱਦਿਆ ਦੇ ਦੋਹਾਂ ਪੱਖਾਂ ਨੂੰ ਪੂਰਨ ਕਰ ਦੇਣਾ ਲੋੜਦੇ ਸਨ। ਪੰਡਤ ਗੁਲਾਬ ਸਿੰਘ ਦੇ ਵਿਚਾਰਾਂ ਦੇ ਆਧਾਰ 'ਤੇ ਵੀ ਇਹੋ ਕਿਹਾ ਜਾ ਸਕਦਾ ਹੈ ਕਿ ਬਨਾਰਸ ਭੇਜਣ ਦਾ ਮਨੋਰਥ ਵਿੱਦਿਆ ਸਿੱਖਣ ਤਕ ਹੀ ਸੀਮਤ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਦੇ ਪੱਖਾਂ 'ਤੇ ਚਰਚਾ ਕਰਨ ਤੋਂ ਬਾਅਦ ਅਤੇ ਗਿ: ਗਿਆਨ ਸਿੰਘ, ਮਹੰਤ ਦਿਆਲ ਸਿੰਘ ਤੇ ਪੰਡਤ ਗੁਲਾਬ ਸਿੰਘ ਦੇ ਉੱਤੇ ਵਰਣਨ ਕੀਤੇ ਵਿਚਾਰਾਂ ਨੂੰ ਮੁੱਖ ਰੱਖ ਕੇ ਅਸੀਂ ਨਿਸ਼ਚਿਤ ਤੌਰ 'ਤੇ ਇਹ ਕਹਿ ਸਕਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵਿੱਦਿਆ-ਪ੍ਰਸਾਰ ਦੀ ਭਾਵਨਾ ਨਾਲ ਆਪਣੇ ਸਿੱਖਾਂ ਨੂੰ ਬਨਾਰਸ ਭੇਜਿਆ ਸੀ ਤਾਂ ਜੋ ਸਾਰੇ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਸਿਖਾਉਣ ਤੋਂ ਪਹਿਲਾਂ ਯੋਗ ਵਿਅਕਤੀਆਂ ਨੂੰ ਇਸ ਵਿੱਦਿਆ ਵਿਚ ਨਿਪੁੰਨ ਕੀਤਾ ਜਾ ਸਕੇ। ਜਿਸ ਮਨੋਰਥ ਲਈ ਸਿੱਖਾਂ ਨੂੰ ਬਨਾਰਸ ਭੇਜਿਆ ਗਿਆ ਸੀ, ਉਨ੍ਹਾਂ ਦੇ ਵਾਪਸ ਆਉਣ 'ਤੇ, ਉਸ ਮਨੋਰਥ ਵਿਚ ਕੋਈ ਪ੍ਰੀਵਰਤਨ ਆ ਜਾਣਾ ਅਸੰਭਵ ਗੱਲ ਹੈ। ਇਹ ਕਹਿ ਦੇਣਾ ਯੋਗ ਨਹੀਂ ਕਿ ਵਾਪਸ ਆਉਣ 'ਤੇ ਉਨ੍ਹਾਂ ਸਿੱਖਾਂ ਨੂੰ ਕਿਸੇ ਵੱਖਰੀ ਸੰਪ੍ਰਦਾਇ ਦੇ ਮੋਢੀ ਥਾਪ ਦਿੱਤਾ ਗਿਆ, ਕੇਵਲ ਇਹ ਬ੍ਰਿਤਾਂਤ ਸੰਭਵ ਹੈ ਕਿ ਉਨ੍ਹਾਂ ਸਿੱਖਾਂ ਦਾ ਵਾਪਸੀ 'ਤੇ ਸੁਆਗਤ ਕਰਨ ਸਮੇਂ ਗੁਰੂ ਜੀ ਨੇ ਉਨ੍ਹਾਂ ਨੂੰ ਵਿੱਦਿਆ ਅਤੇ ਧਾਰਮਿਕ ਸਿੱਖਿਆ ਦੇ ਅਧਿਆਪਕ ਹੋਣ ਕਾਰਨ 'ਨਿਰਮਲੇ ਸੰਤ' ਵਰ ਨਾਲ ਸਨਮਾਨਿਆ ਹੋਵੇ। ਬਨਾਰਸ ਵਾਲੀ ਘਟਨਾ ਦੇ ਸਮੁੱਚੇ ਪ੍ਰਸੰਗ ਨੂੰ ਦ੍ਰਿਸ਼ਟੀ ਗੋਚਰ ਰੱਖ ਕੇ ਇਹ ਨਿਰਣਾ ਦੇਣਾ ਗ਼ਲਤ ਹੈ ਕਿ ਨਿਰਮਲ ਸੰਪ੍ਰਦਾਇ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਹੋ ਚੁੱਕਾ ਸੀ।

---

* ਪੰਡਤ ਗੁਲਾਬ ਸਿੰਘ, ਮੋਖ ਪੰਥ

www.sikhbookclub.com

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਬਾਰੇ ਤੀਜਾ ਪ੍ਰਚੱਲਤ ਮੱਤ ਇਹ ਹੈ ਕਿ ਸਿੱਖਾਂ ਵਿਚ ਹੀ ਗੁਰਮਤ-ਦਰਸ਼ਨ ਬਾਰੇ ਕੁਝ ਮਤਭੇਦ ਹੋਣ ਕਾਰਨ ਇਕ ਵਰਗ ਵੱਖਰਾ ਹੋ ਗਿਆ ਅਤੇ ਇਹ ਵੱਖਰੀ ਸ਼ਾਖਾ ਨਿਰਮਲ ਸੰਪ੍ਰਦਾਇ ਬਣ ਗਈ।

ਨਿਰਮਲ ਸੰਪ੍ਰਦਾਇ ਦਾ ਜੋ ਇਤਿਹਾਸ ਪ੍ਰਾਪਤ ਹੁੰਦਾ ਹੈ, ਉਹ ਵਿਗਿਆਨਕ ਢੰਗ ਨਾਲ ਇਤਿਹਾਸਿਕ ਪ੍ਰਮਾਣਾਂ ਸਹਿਤ ਨਹੀਂ ਲਿਖਿਆ ਗਿਆ। ਗਿਆਨੀ ਗਿਆਨ ਸਿੰਘ, ਜੋ ਕਿ ਸਿੱਖ ਇਤਿਹਾਸ ਦੇ ਮੋਢੀ ਇਤਿਹਾਸਕਾਰਾਂ ਵਿਚੋਂ ਹਨ, ਨੇ ਸਿੱਖ ਮੱਤ ਅਤੇ ਨਿਰਮਲ ਸੰਪ੍ਰਦਾਇ ਬਾਰੇ ਜੋ ਕੁਝ ਲਿਖਿਆ ਹੈ, ਉਸ ਵਿਚ ਸੁਣੀਆਂ ਸੁਣਾਈਆਂ ਸਾਖੀਆਂ ਅਤੇ ਘਟਨਾਵਾਂ ਨੂੰ ਸ਼ਰਧਾਮਈ ਢੰਗ ਨਾਲ ਮੂਲ ਰੂਪ ਵਿਚ ਹੀ ਲਿਖ ਦਿੱਤਾ ਹੈ। ਗਿਆਨੀ ਗਿਆਨ ਸਿੰਘ ਦੇ ਲਿਖੇ ਇਤਿਹਾਸ ਨੂੰ ਹੀ ਨਿਰਮਲੇ ਸੰਤ ਦਿਆਲ ਸਿੰਘ ਨੇ ਆਧਾਰ ਬਣਾਇਆ ਹੈ। ਉਨ੍ਹਾਂ ਨੇ ਵੀ ਕਿਸੇ ਵਿਸ਼ੇਸ਼ ਖੋਜ ਤੋਂ ਬਿਨਾਂ ਇਕ ਸ਼ਰਧਾਲੂ ਦੇ ਰੂਪ ਵਿਚ ਹੀ ਆਪਣੀ ਸੰਪ੍ਰਦਾਇ ਦਾ ਇਤਿਹਾਸ ਲਿਖਿਆ ਹੈ ਜਿਸ ਕਾਰਨ ਉਨ੍ਹਾਂ ਦੀਆਂ ਦਲੀਲਾਂ ਕਈ ਥਾਵਾਂ 'ਤੇ ਧੁੰਦਲੀਆਂ ਅਤੇ ਅਸਪੱਸ਼ਟ ਹਨ। ਮਹੰਤ ਦਿਆਲ ਸਿੰਘ ਦੀ ਰਾਇ ਆਪਣੀ ਸੰਪ੍ਰਦਾਇ ਲਈ ਇਕ-ਪੱਖੀ ਹੈ ਇਸੀ ਕਾਰਨ ਨਿਰਮਲ ਸੰਪ੍ਰਦਾਇ ਨੂੰ ਇਕ ਵਿਲੱਖਣ ਰੂਪ ਵਿਚ ਪ੍ਰਸਤੁਤ ਕਰਦੇ ਹਨ ਪਰ ਇਸ ਪੱਖ ਵਿਚ ਠੋਸ ਪ੍ਰਮਾਣ ਦੇਣ ਤੋਂ ਅਸਮਰਥ ਹਨ ਕਿ ਇਹ ਸੰਪ੍ਰਦਾਇ ਸਿੱਖ ਕੌਮ ਨਾਲੋਂ ਨਿਖੜ ਕੇ ਵੱਖਰਾ ਰੂਪ ਕਿਵੇਂ ਧਾਰਨ ਕਰ ਗਈ। ਉਨ੍ਹਾਂ ਨੇ ਆਪਣੀ ਰਾਇ ਕਿਸੇ ਇਤਿਹਾਸਕ ਘਟਨਾ ਨੂੰ ਮੁੱਖ ਰੱਖ ਕੇ ਨਹੀਂ ਬਣਾਈ :-

"ਮੇਰਾ ਵਿਚਾਰ ਹੈ ਕਿ ਉਨ੍ਹਾਂ ਦੇ ਕਹੇ ਮੁਤਾਬਿਕ ਜੇ ਗੁਰੂ ਸਾਹਿਬ ਨੇ ਆਪ ਨਾਮ ਨਹੀਂ ਰੱਖਿਆ ਤਾਂ ਭੀ ਆਪਣੇ ਅਨੁਯਾਈ ਸਿੱਖ ਸੇਵਕਾਂ ਦੇ ਸਮੁਦਾਯ ਦਾ ਨਾਮ ਨਿਰਮਲ ਪੰਥ ਹੀ ਪ੍ਰਸਿੱਧ ਹੋਇਆ। ਅੱਜ ਤੱਕ ਦੁਨੀਆਂ ਵਿਚ ਜਿੰਨੇ ਮਜ਼ਬ ਜਾਂ ਫਿਰਕੇ ਪ੍ਰਸਿੱਧ ਹਨ, ਉਹਨਾਂ ਵਿਚੋਂ ਬਹੁਤ ਉਹ ਹਨ ਜੋ ਅਧਿਕਤਾ ਕਰ ਕੇ ਸ਼ੁਰੂ ਤੋਂ ਦਿੱਤੇ ਨਾਮ ਨਾਲ ਪ੍ਰਚਲਤ ਨਹੀਂ ਹੋਏ।"*

ਮਹੰਤ ਦਿਆਲ ਸਿੰਘ ਦੇ ਲਿਖੇ ਇਤਿਹਾਸ ਵਿਚੋਂ ਉੱਤੇ ਦਿੱਤੀਆਂ ਸੱਤਰਾਂ ਨੂੰ ਪੜ੍ਹ ਕੇ ਇਹ ਪਤਾ ਲੱਗਦਾ ਹੈ ਕਿ ਨਿਰਮਲ ਸੰਪ੍ਰਦਾਇ ਨੇ ਅੱਜ ਦੇ ਰੂਪ ਵਿਚ ਜਨਮ ਨਹੀਂ ਲਿਆ ਬਲਕਿ ਲੰਮੇ ਸਮੇਂ ਬਾਅਦ ਇਸ ਨਾਮ ਨਾਲ ਪ੍ਰਸਿੱਧ ਹੋਈ। ਇਤਿਹਾਸ ਦੀ ਇਸੇ ਪੁਸਤਕ ਵਿਚ ਇਕ ਹੋਰ ਥਾਂ ਲਿਖਿਆ ਹੈ ਕਿ ਸੰਪ੍ਰਦਾਇ ਦੇ ਮੋਢੀ ਗੁਰੂ ਨਾਨਕ ਦੇਵ ਜੀ ਹੀ ਸਨ ਅਤੇ ਉਨ੍ਹਾਂ ਦੇ ਕਾਲ ਤੋਂ ਹੀ ਨਿਰਮਲ ਸੰਪ੍ਰਦਾਇ ਦਾ ਨਾਮ ਚੱਲਿਆ ਆਉਂਦਾ ਹੈ।

ਨਿਰਮਲੇ ਸਾਹਿਤਕਾਰ ਵੀ ਆਪਣੀ ਸੰਪ੍ਰਦਾਇ ਦਾ ਮੂਲ ਕਿਸੇ ਨਿਸ਼ਚਿਤ ਕਾਲ ਤੋਂ ਸਥਾਪਿਤ ਕਰਨ ਵਿਚ ਅਸਮਰਥ ਜਾਪਦੇ ਹਨ ਪਰੰਤੂ ਸੰਪ੍ਰਦਾਇ ਦੇ ਇਤਿਹਾਸ ਬਾਰੇ ਜੋ ਕੁਝ

---

1. *ਨਿਰਮਲ ਪੰਥ ਦਰਸ਼ਨ, (ਪੰਨਾ 111)*

www.sikhbookclub.com

ਨਿਰਮਲੇ ਇਤਿਹਾਸਕਾਰਾਂ ਨੇ ਜੋ ਲਿਖਿਆ ਹੈ, ਉਸ ਨੂੰ ਪੜ੍ਹ ਕੇ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਨਿਰਮਲ ਸੰਪ੍ਰਦਾਇ ਸਿੱਖ ਮੱਤ ਦੇ ਅਨੁਯਾਈਆਂ ਦਾ ਹੀ ਇਕ ਵਰਗ ਹੈ ਜੋ ਵਿਚਾਰਾਂ ਦੇ ਮੱਤ-ਭੇਦ ਦੇ ਪ੍ਰਤਿਫਲ ਪ੍ਰਸਥਿਤੀਆਂ ਦੇ ਪ੍ਰਵਿਰਤਨ ਨਾਲ ਹੌਲੀ ਹੌਲੀ ਇਕ ਸੰਪ੍ਰਦਾਇ ਦੇ ਰੂਪ ਵਿਚ ਬਦਲ ਗਿਆ। ਜਿਨ੍ਹਾਂ ਪੜਾਵਾਂ ਵਿਚੋਂ ਲੰਘ ਕੇ ਇਹ ਪਰੀਵਰਤਨ ਆਇਆ, ਉਨ੍ਹਾਂ ਦੀ ਨਿਆਇਸ਼ੀਲਤਾ ਅਤੇ ਪ੍ਰਮਾਣਕਤਾ ਨੂੰ ਵਾਚਣ ਤੋਂ ਬਾਅਦ ਸੰਪ੍ਰਦਾਇ ਦੇ ਵਰਤਮਾਨ ਰੂਪ ਬਾਰੇ ਕੋਈ ਇਕ ਰਾਇ ਬਣਾਈ ਜਾ ਸਕਦੀ ਹੈ।

ਬਨਾਰਸ ਤੋਂ ਵਾਪਸ ਆਉਣ ਸਮੇਂ ਸੰਸਕ੍ਰਿਤ ਭਾਸ਼ਾ ਦੇ ਗਿਆਨ ਤੋਂ ਉਪ੍ਰੰਤ ਵੇਦਾਂਤਕ ਵਿਸ਼ਿਆਂ ਦਾ ਅਸਰ ਵੀ ਉਨ੍ਹਾਂ ਦੇ ਅਨੁਭਵ ਵਿਚ ਸਮੋਇਆ ਜਾ ਚੁੱਕਾ ਸੀ। ਸਿੱਖ ਮੱਤ ਦੇ ਸਿਧਾਂਤਾਂ ਅਤੇ ਜੀਵਨ-ਜਾਚ ਵਿਚ ਪੂਰਨ ਵਿਸ਼ਵਾਸ ਰੱਖਣ ਦੇ ਬਾਵਜੂਦ ਵੀ ਵੇਦਾਂਤ ਸਿੱਖਿਆ ਨੂੰ ਉਨ੍ਹਾਂ ਨੇ ਆਪਣੇ ਅਧਿਐਨ ਦਾ ਭਾਗ ਬਣਾ ਲਿਆ ਸੀ। ਇਨ੍ਹਾਂ ਸਿੱਖਾਂ ਉੱਤੇ ਵੇਦਾਂਤ ਦੇ ਪ੍ਰਭਾਵ ਨੂੰ ਡਾ: ਸ਼ੇਰ ਸਿੰਘ ਨੇ ਵੀ ਸਵੀਕਾਰ ਕੀਤਾ ਹੈ। ਸੰਪ੍ਰਦਾਇ ਬਾਰੇ ਆਪਣੇ ਵਿਚਾਰ ਦਸਦਿਆਂ ਉਨ੍ਹਾਂ ਲਿਖਿਆ ਹੈ :-

"ਇਸ ਸੰਪ੍ਰਦਾਇ ਨੇ ਬਹੁਤ ਕਰ ਕੇ ਸੰਸਕ੍ਰਿਤ ਦੇ ਵਿਦਵਾਨ ਪੈਦਾ ਕੀਤੇ। ਸ਼ੰਕਰਾਚਾਰਯ ਵਾਂਗ ਇਹ ਸਭ ਵੇਦਾਂਤੀ ਸਨ, ਭਾਵੇਂ ਉਸ ਵਾਂਗ ਸਨਾਤਨੀ ਮੂਰਤੀਆਂ ਦੀ ਪੂਜਾ ਤੇ ਜਾਤ ਪਾਤ ਦੀ ਕੈਦ ਵਿਚ ਇਹ ਨਹੀਂ ਸਨ ਸਗੋਂ ਸਿੱਖੀ ਭਗਤੀ ਭਾਵਨਾ ਵਿਚ ਰੱਤੇ ਹੋਏ ਸਨ ਕਿਉਂਕਿ ਪੁਰਾਣੀ ਦਾਰਸ਼ਨਿਕ ਵਿਚਾਰ ਨੇ ਇਨ੍ਹਾਂ ਦੇ ਦਿਲ ਦਿਮਾਗ਼ ਉੱਤੇ ਡੂੰਘਾ ਅਸਰ ਕੀਤਾ ਹੋਇਆ ਸੀ, ਇਸ ਲਈ ਇਨ੍ਹਾਂ ਦੇ ਖ਼ਿਆਲ ਤੇ ਰਚਨਾ ਨਿਰੋਲ ਸਿੱਖੀ ਮਾਰਗ ਨੂੰ ਨਹੀਂ ਦਰਸਾਂਦੀ। ਮੁੱਢ ਤੋਂ ਲੈ ਕੇ ਹੀ ਇਹ ਵੇਦਾਂਤੀ ਖ਼ਿਆਲਾਂ ਦੇ ਪ੍ਰਚਾਰ ਤੇ ਸਿੱਖੀ ਧਰਮ ਨੂੰ ਵੀ ਉਸੇ ਪੁਰਾਣੇ ਦਾਰਸ਼ਨਿਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕਰਦੇ ਰਹੇ।"*

ਬਨਾਰਸ ਤੋਂ ਵਾਪਸ ਪਰਤ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਅਨੁਸਾਰ ਸਿੱਖਾਂ ਨੂੰ ਸੰਸਕ੍ਰਿਤ ਸਿਖਾਉਣ, ਸਿੱਖ ਮੱਤ ਦਾ ਪ੍ਰਚਾਰ ਕਰਨ ਅਤੇ ਸਾਹਿਤ ਰਚਨਾ ਦੇ ਕੰਮਾਂ ਵਿਚ ਲੀਨ ਹੋ ਗਏ :-

"ਗੁਰੂ ਜੀ ਨੇ ਮਾਇਆ ਤੋਂ ਰਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੂਰਨਿਆਂ 'ਤੇ ਚੱਲ ਕੇ ਦੂਰ-ਦੂਰ ਪ੍ਰਚਾਰ ਕਰਨ ਵਾਲੇ ਪ੍ਰਚਾਰਕ ਰਚੇ ਅਤੇ ਕਿਉਂ ਜੋ ਗੁਰੂ ਨਾਨਕ ਸਾਹਿਬ ਦੇ ਪ੍ਰਚਾਰ ਲਈ ਰਟਨ ਕਰਨ ਦਾ ਨਾਉਂ ਉਦਾਸੀ ਸੀ, ਜ਼ਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਵੀ ਕਰਦੇ ਹਨ, ਇਸ ਲਈ ਇਨ੍ਹਾਂ ਪ੍ਰਚਾਰਕਾਂ ਦਾ ਨਾਉਂ ਉਦਾਸੀ ਪੈ ਗਿਆ। ਇਨ੍ਹਾਂ ਨੂੰ ਮਸੰਦ ਵੀ ਆਖਦੇ ਸਨ। ਗੁਰੂ ਜੀ ਦੇ ਸਮੇਂ ਉਦਾਸੀ ਨਾਂ ਇਤਨਾ ਪ੍ਰਚਲਤ ਨਹੀਂ ਸੀ ਜਿਤਨਾ ਕਿ ਪਿੱਛੋਂ ਹੋ ਗਿਆ। ਫਿਰ ਜਦ 1699 ਈਸਵੀ ਤੋਂ ਲੈ ਕੇ ਦਸਮ ਪਾਤਸ਼ਾਹ ਨੇ ਸਾਰੇ ਸਿੱਖਾਂ ਲਈ

* ਡਾ: ਸ਼ੇਰ ਸਿੰਘ— ਗੁਰਮਤ ਦਰਸ਼ਨ, (ਪੰਨਾ 6)

www.sikhbookclub.com

ਅੰਮ੍ਰਿਤ ਛਕਣਾ ਜ਼ਰੂਰੀ ਕਰ ਦਿੱਤਾ ਤਾਂ ਉਸ ਤੋਂ ਉਪਰੰਤ ਜੋ ਪ੍ਰਚਾਰਕ ਬਣੇ, ਉਨ੍ਹਾਂ ਲਈ ਵੀ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੋ ਗਿਆ। ਗੁਰੂ ਜੀ ਨੇ ਮਸੰਦਾਂ ਨੂੰ ਦੰਡ ਦੇ ਕੇ ਲਾਂਭੇ ਕਰ ਦਿੱਤਾ ਅਤੇ ਜੋ ਨਵਾਂ ਪ੍ਰਚਾਰਕ ਟੋਲਾ ਬਣਾਇਆ ਗਿਆ, ਉਹ ਅੰਮ੍ਰਿਤਧਾਰੀ ਸੀ। ਇਨ੍ਹਾਂ ਅੰਮ੍ਰਿਤਧਾਰੀ ਉਦਾਸੀਆਂ ਦਾ ਨਾਮ ਨਿਰਮਲਾ ਪੈ ਗਿਆ। ਇਹ ਉਹ ਸਿੱਖ ਸਨ ਜਿਨ੍ਹਾਂ ਨੂੰ ਦਸਮ ਗੁਰੂ ਜੀ ਨੇ ਬਨਾਰਸ ਭੇਜ ਕੇ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਾਈ ਅਤੇ ਗੁਰੂ ਘਰ ਦੀ ਵਿਦਿਆ ਆਪ ਦੇ ਕੇ ਪ੍ਰਚਾਰ ਲਈ ਤਿਆਰ ਕੀਤਾ। ਸੰਸਕ੍ਰਿਤ ਦੇ ਗਿਆਨੀ ਹੋਣ ਕਰ ਕੇ ਇਨ੍ਹਾਂ ਖ਼ਾਲਸਿਆਂ ਨੇ ਆਪਣਾ ਨਾਮ ਨਿਰਮਲਾ ਧਾਰਨ ਕਰ ਲਿਆ।''*

ਇਸ ਵਰਗ ਦਾ ਮੂਲ ਉਦੇਸ਼ ਗੁਰਮਤ ਦੇ ਅਸੂਲਾਂ ਦਾ ਪ੍ਰਚਾਰ ਕਰਨਾ ਸੀ।

ਆਪਣੇ ਮੱਤ ਨੂੰ ਸਰਬ ਸ਼੍ਰੇਸ਼ਟ ਸਿੱਧ ਕਰਨ ਲਈ ਦੂਜੇ ਮੱਤਾਂ ਨਾਲ ਤੁਲਨਾ ਕਰਨਾ ਅਵੱਸ਼ਕ ਸੀ, ਇਸ ਲਈ ਦੂਸਰੇ ਮੱਤਾਂ ਦੇ ਸਿਧਾਂਤਾਂ ਦਾ ਅਧਿਐਨ ਵੀ ਇਨ੍ਹਾਂ ਵਿਦਵਾਨਾਂ ਨੇ ਆਪਣੀ ਵਿੱਦਿਆ-ਪ੍ਰਣਾਲੀ ਦਾ ਭਾਗ ਬਣਾ ਲਿਆ। ਸਾਡਾ ਵਿਚਾਰ ਹੈ ਕਿ 1699 ਈ. ਤੋਂ ਕੁਝ ਵਰ੍ਹੇ ਬਾਅਦ ਦਾ ਸਮਾਂ ਹੀ ਉਹ ਪੜਾਅ ਸੀ ਜਦੋਂ ਸਿੱਖ ਜਨ-ਸਾਧਾਰਨ ਆਪਣੇ ਧਰਮ ਦੀ ਸਿੱਖਿਆ ਦੇ ਨਾਲ ਨਾਲ ਵੇਦਾਂਤਕ ਵਿਸ਼ਿਆਂ ਦੀ ਜਾਣਕਾਰੀ ਵੀ ਪ੍ਰਾਪਤ ਕਰਨ ਲੱਗ ਪਏ। ਇਸ ਕਾਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤਿਤਵ ਦੇ ਦੋਵੇਂ ਪ੍ਰਧਾਨ ਗੁਣ ਖ਼ਾਲਸੇ ਵਿਚ ਸੰਚਾਰਿਤ ਹੋ ਚੁੱਕੇ ਸਨ। ਭਾਰਤੀ ਪਰੰਪਰਾ ਅਨੁਸਾਰ ਵਿੱਦਿਆ ਅਤੇ ਧਰਮ ਦੇ ਖੇਤਰ ਵਿਚ ਗੁਰੂ ਅਤੇ ਸ਼ਿਸ਼ ਦੇ ਸੰਬੰਧ ਸਦੀਵੀ ਬਣ ਜਾਂਦੇ ਹਨ ਅਤੇ ਇਹ ਲੜੀ ਉੱਤਰੋਤਰ ਜਾਰੀ ਰਹਿੰਦੀ ਹੈ। ਇਸ ਪਰੰਪਰਾ ਦਾ ਹੀ ਫਲ ਸੀ ਕਿ ਨਿਰਮਲੇ ਪ੍ਰਚਾਰਕਾਂ ਨੇ ਜੋ ਸ਼ਿਸ਼ ਬਣਾਏ, ਉਨ੍ਹਾਂ ਦੇ ਸੰਪਰਕ ਆਪਣੇ ਗੁਰੂਆਂ ਜਾਂ ਅਧਿਆਪਕਾਂ ਨਾਲ ਚਿਰ ਸਥਾਈ ਬਣ ਗਏ ਅਤੇ ਇਸ ਪ੍ਰਚਾਰਕ ਵਰਗ ਵਿਚ ਗੁਰੂ ਸ਼ਿਸ਼ ਦੀ ਰੀਤ ਚੱਲ ਕੇ ਵਰਗ ਦੀ ਵ੍ਰਿਧੀ ਹੋਣ ਲੱਗ ਪਈ। ਸਿੱਖਾਂ ਵਿਚ ਵਿੱਦਿਆ ਦਾ ਪ੍ਰਸਾਰ ਹੋ ਜਾਣ ਦੇ ਪ੍ਰਤਿਫਲ ਸਮੁੱਚੀ ਸਿੱਖ ਸ਼੍ਰੇਣੀ ਤੱਤਕਾਲੀਨ ਬ੍ਰਾਹਮਣਾਂ ਦੀ ਮੁਹਤਾਜੀ ਤੋਂ ਮੁਕਤ ਹੋ ਗਈ ਅਤੇ ਵਿਦਵਤਾ ਦੇ ਖੇਤਰ ਵਿਚ ਖ਼ਾਲਸੇ ਦਾ ਗੌਰਵ ਵੱਧ ਗਿਆ।

ਸਿੱਖਾਂ ਵਿਚ ਵਿੱਦਿਆ ਅਤੇ ਧਰਮ ਦੇ ਪ੍ਰਚਾਰ ਲਈ ਫੈਲ ਚੁੱਕਿਆ ਵਿਦਵਾਨਾਂ ਦਾ ਇਹ ਵਰਗ ਇਕ ਵਿਸ਼ੇਸ਼ ਮਹੱਤਵਪੂਰਨ ਪ੍ਰਣਾਲੀ ਦਾ ਰੂਪ ਧਾਰਨ ਕਰ ਗਿਆ। ਇਹ ਪ੍ਰਚਾਰਕ ਹੁਣ ਸਮੁੱਚੀ ਸਿੱਖ ਕੌਮ ਵਿਚ ਗੁਰਮਤ ਦੀ ਵਿਆਖਿਆ ਦੇ ਅਧਿਆਪਕ ਬਣ ਗਏ। ਕਿਸੇ ਵੱਖਰੇ ਫ਼ਿਰਕੇ ਜਾਂ ਸੰਪ੍ਰਦਾਇ ਦਾ ਅਹਿਸਾਸ ਇਨ੍ਹਾਂ ਦੇ ਮਨਾਂ ਵਿਚ ਨਹੀਂ ਸੀ ਪਰੰਤੂ ਇਹ ਆਪਣੇ ਕਰਤੱਵ ਦੀ ਵਿਲੱਖਣਤਾ ਤੋਂ ਸੁਚੇਤ ਸਨ। ਸਾਹਿਤ-ਸਿਰਜਨਾ ਇਨ੍ਹਾਂ ਦੇ ਕਰਤੱਵ ਦਾ ਇਕ ਅਨਿਵਾਰਯ ਪੱਖ ਸੀ ਪਰ ਆਪਣੀਆਂ ਸਾਹਿਤਕ ਰਚਨਾਵਾਂ ਵਿਚ ਇਨ੍ਹਾਂ ਵਿਦਵਾਨਾਂ ਨੇ ਆਪਣੇ ਨਾਂ ਦੇ ਨਾਲ ਕਿਸੇ ਸੰਪ੍ਰਦਾਇ ਦਾ ਸੰਬੰਧ ਨਹੀਂ ਦਸਿਆ, ਕੇਵਲ ਆਪਣੇ ਵਿੱਦਿਆ

ਪ੍ਰਿੰ. ਤੇਜਾ ਸਿੰਘ— ਸਿੱਖ ਧਰਮ, (ਪੰਨਾ 82-83)

www.sikhbookclub.com

ਗੁਰੂ ਜਾਂ ਜਨਮ ਅਸਥਾਨ ਆਦਿ ਦਾ ਹੀ ਜ਼ਿਕਰ ਕੀਤਾ ਹੈ।

ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਤੋਂ ਲਗਭਗ 45 ਵਰ੍ਹੇ ਬਾਅਦ (1753 ਈ.) ਵਿਦਵਾਨਾਂ ਦੇ ਵਰਗ ਵਿਚੋਂ ਪੰਡਤ ਗੁਲਾਬ ਸਿੰਘ ਪ੍ਰਸਿੱਧ ਸਾਹਿਤਕਾਰ ਹਨ। ਇਨ੍ਹਾਂ ਨੇ ਆਪਣੀਆਂ ਪੁਸਤਕਾਂ ਵਿਚ ਵੇਦਾਂਤ ਦੇ ਵਿਸ਼ਿਆਂ ਨੂੰ ਹੀ ਨਿਭਾਇਆ ਹੈ ਪਰ ਆਪਣੇ ਆਪ ਨੂੰ ਸਿੱਖਾਂ ਨਾਲੋਂ ਵੱਖਰੀ ਕਿਸੇ ਹੋਰ ਸੰਪ੍ਰਦਾਇ ਨਾਲ ਸੰਬੰਧਤ ਨਹੀਂ ਦੱਸਿਆ। ਗੁਲਾਬ ਸਿੰਘ ਨੇ ਆਪਣੇ ਗੁਰੂ ਮਾਨ ਸਿੰਘ ਅਤੇ ਆਪਣੀ ਮਾਤਾ ਦਾ ਨਾਮ ਤਾਂ ਆਪਣੀਆਂ ਪੁਸਤਕਾਂ ਦੇ ਅੰਤ 'ਤੇ ਲਿਖਿਆ ਹੈ ਪ੍ਰੰਤੂ ਨਿਰਮਲਾ ਲਿਖ ਕੇ ਆਪਣੇ ਆਪ ਨੂੰ ਸਮੁੱਚੀ ਸਿੱਖ ਜਾਤੀ ਨਾਲੋਂ ਨਿਖੇੜਿਆ ਨਹੀਂ। ਇਸੇ ਤਰ੍ਹਾਂ 'ਗੁਰ ਬਿਲਾਸ' ਦੇ ਕਰਤਾ ਸੁੱਖਾ ਸਿੰਘ (1797 ਈ.) ਵੀ ਸਿੱਖ ਵਿਦਵਾਨਾਂ ਦੇ ਵਰਗ ਵਿਚੋਂ ਹੀ ਸਨ ਪਰ ਉਨ੍ਹਾਂ ਨੇ ਵੀ ਆਪਣਾ ਸੰਬੰਧ ਸਿੱਖਾਂ ਨਾਲੋਂ ਵੱਖਰੀ ਹੋ ਚੁੱਕੀ ਕਿਸੇ ਸੰਪ੍ਰਦਾਇ ਨਾਲ ਨਹੀਂ ਲਿਖਿਆ। ਸਾਹਿਤਕਾਰ ਵਰਗ ਦੇ ਲੇਖਕਾਂ ਦੀਆਂ ਰਚਨਾਵਾਂ ਦੇ ਆਧਾਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਵਿਦਵਾਨਾਂ ਦੇ ਵਰਗ ਦੀ ਸਥਾਪਨਾ ਹੋ ਚੁੱਕਣ ਤੋਂ ਬਾਅਦ ਮੁੱਢਲੇ ਕਈ ਦਹਾਕਿਆਂ ਵਿਚ ਇਸ ਵਰਗ ਨੇ ਸਿੱਖਾਂ ਨਾਲੋਂ ਨਿਖੜ ਕੇ ਕੋਈ ਵੱਖਰੀ ਸੰਪ੍ਰਦਾਇ ਨਹੀਂ ਬਣਾਈ ਸੀ। ਗੁਰੂ ਸ਼ਿਸ਼ ਦੀ ਰੀਤ ਇਸ ਵਰਗ ਵਿਚ ਪ੍ਰਚਲਤ ਸੀ ਜਿਸ ਕਾਰਨ ਇਹ ਵਰਗ ਚਿਰੰਜੀਵ ਰਿਹਾ।

ਸਿੱਖ ਮੱਤ ਦੀਆਂ ਰਹੁ-ਰੀਤਾਂ ਅਨੁਸਾਰ ਚੱਲੀ ਆ ਰਹੀ ਜੀਵਨ-ਜਾਚ ਦੀ ਪੱਧਤੀ ਨੂੰ ਵਿਦਵਾਨਾਂ ਦਾ ਵਰਗ ਕਾਇਮ ਰੱਖਣ ਦੇ ਯਤਨ ਕਰਦਾ ਰਿਹਾ। ਪਰੰਤੂ ਵਿੱਦਿਆ ਪੜ੍ਹਾਉਣ, ਸਾਹਿਤ ਲਿਖਣ ਅਤੇ ਪ੍ਰਚਾਰ ਦੇ ਕੰਮਾਂ ਵਿਚ ਇਹ ਵਿਦਵਾਨ ਏਨੇ ਲੀਨ ਹੋ ਗਏ ਕਿ ਗ੍ਰਿਹਸਤ ਜੀਵਨ ਵਿਚ ਪ੍ਰਵੇਸ਼ ਕਰਨ ਤੋਂ ਵੀ ਸੰਕੋਚ ਕਰਨ ਲੱਗ ਪਏ। ਗ੍ਰਿਹਸਤ ਤਿਆਗ ਦੀ ਨੀਤੀ ਨੂੰ ਕਿਸੇ ਸਿਧਾਂਤਕ ਰੂਪ ਵਿਚ ਨਹੀਂ ਅਪਣਾਇਆ ਬਲਕਿ ਆਪਣੇ ਮਿਸ਼ਨ ਨੂੰ ਸਫਲ ਬਣਾਉਣ ਦੀ ਤੀਬਰ ਭਾਵਨਾ ਨਾਲ ਉਹ ਆਪਣੇ ਮੁੱਖ ਉਦੇਸ਼ ਵੱਲ ਹੀ ਇਕਾਗਰ ਰਹਿਣਾ ਚਾਹੁੰਦੇ ਸਨ।

"ਅਸਲ ਵਿਚ ਇਹ ਲੋਕ ਸਾਡੇ ਧਾਰਮਿਕ ਪ੍ਰਚਾਰਕ ਰਹਿ ਚੁੱਕੇ ਹਨ, ਇਹ ਸਾਡੇ ਮੁੱਲਾਂ ਅਤੇ ਪਾਦਰੀ ਹੋਏ ਹਨ। ਜਿਵੇਂ ਕੈਥੋਲਿਕ ਦੇ ਪਾਦਰੀ ਵਿਆਹ ਨਹੀਂ ਕਰਦੇ, ਤਿਵੇਂ ਨਿਰਮਲੇ ਤੇ ਉਦਾਸੀ ਪ੍ਰਚਾਰ ਦੀ ਸਹੂਲਤ ਲਈ ਵਿਆਹ ਨਹੀਂ ਕਰਦੇ।"*

ਗੁਰੂ-ਸ਼ਿਸ਼ ਦੀ ਰੀਤ ਅਤੇ ਨਵਿਰਤੀ ਜੀਵਨ-ਜਾਚ ਵਿਦਵਾਨ ਵਰਗ ਦੇ ਦੋ ਵਿਸ਼ੇਸ਼ ਲੱਛਣ ਬਣ ਗਏ ਜਿਨ੍ਹਾਂ ਨੂੰ ਅਪਣਾ ਲੈਣ ਲਈ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੋਈ ਆਦੇਸ਼ ਨਹੀਂ ਸੀ।

ਸਿੱਖਾਂ ਵਿਚੋਂ ਹੀ ਬਣਿਆ ਪ੍ਰਚਾਰਕਾਂ ਅਤੇ ਸਾਹਿਤਕਾਰਾਂ ਦਾ ਇਹ ਵਰਗ ਆਪਣੇ

ਪ੍ਰਿੰ: ਤੇਜਾ ਸਿੰਘ, ਸਿੱਖ ਧਰਮ, ਪੰਨਾ 98

www.sikhbookclub.com

ਪ੍ਰਚਾਰ ਨੂੰ ਵਧੇਰੇ ਸਾਰਥਕ ਬਣਾਉਣ ਲਈ ਅਤੇ ਗੁਰਮਤ ਦੀ ਠੀਕ ਵਿਆਖਿਆ ਕਰਨ ਦੇ ਮਨੋਰਥ ਨਾਲ ਧਾਰਮਿਕ ਸੰਸਥਾਵਾਂ ਵਿਚ ਵੀ ਪ੍ਰਵੇਸ਼ ਕਰ ਗਿਆ, ਜਿੱਥੇ ਇਨ੍ਹਾਂ ਦਾ ਕੇਵਲ ਸੁਆਗਤ ਹੀ ਨਹੀਂ ਹੋਇਆ ਬਲਕਿ ਗੁਰਦੁਆਰਿਆਂ ਵਿਚ ਇਨ੍ਹਾਂ ਨੂੰ ਮਹੱਤਵਪੂਰਨ ਅਹੁਦਿਆਂ 'ਤੇ ਵੀ ਲਗਾਇਆ ਗਿਆ। ਨਿਰਮਲੇ ਮਹੰਤ ਮੂਲ ਸਿੰਘ ਨੂੰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਵਿਚ ਹੈੱਡ ਗ੍ਰੰਥੀ ਦੀ ਪਦਵੀ ਦਿੱਤੀ ਗਈ। ਨਿਰਮਲੇ ਵਿਦਵਾਨ ਦੀਵਾਨ ਲਗਾ ਕੇ ਸਿੱਖ ਜਨ ਸਾਧਾਰਨ ਵਿਚ ਗੁਰਮਤ ਦੀ ਵਿਆਖਿਆ ਕਰਦੇ ਸਨ ਅਤੇ ਗੁਰਮਤ ਪ੍ਰਚਾਰ ਨੂੰ ਸਿੱਖਾਂ ਵਿਚ ਸਜੀਵ ਰੱਖਣ ਲਈ ਪ੍ਰਚਾਰਕ ਜੱਥੇ ਬਣਾ ਕੇ ਨਿਰੋਲ ਪ੍ਰਚਾਰ ਲਈ ਇਤਿਹਾਸਕ ਗੁਰਦੁਆਰਿਆਂ ਵਿਚ ਅਤੇ ਪਿੰਡਾਂ ਕਸਬਿਆਂ ਵਿਚ ਜਾ ਕੇ ਦੀਵਾਨ ਲਗਾਉਂਦੇ ਸਨ। ਇਨ੍ਹਾਂ ਵਿਦਵਾਨਾਂ ਦਾ ਮਨੋਰਥ ਆਪਣੇ ਵਰਗ ਦੀ ਸੰਖਿਆ ਵਧਾਉਣਾ ਨਹੀਂ ਸੀ, ਬਲਕਿ ਸਿੱਖੀ ਸਿਦਕ ਦੀ ਜੋਤ ਨੂੰ ਪ੍ਰਜਵੱਲਤ ਰੱਖਣਾ ਹੀ ਸੀ।

"ਜਦ ਤੋੜੀ ਗੁਰੂ ਸਾਹਿਬਾਨ ਸਰੀਰ ਕਰ ਕੇ ਮੌਜੂਦ ਸਨ ਤਦ ਤਕ ਕੋਈ ਫ਼ਿਰਕਾ ਨਹੀਂ ਬਣਿਆ। ਜਿਨ੍ਹਾਂ ਨੂੰ ਲੋਕੀ ਫ਼ਿਰਕੇ ਆਖਦੇ ਹਨ, ਉਹ ਅਸਲ ਵਿਚ ਪ੍ਰਚਾਰਕ ਜੱਥੇ ਸਨ ਜੋ ਉਨ੍ਹਾਂ ਹੀ ਅਸੂਲਾਂ ਦਾ ਪ੍ਰਚਾਰ ਕਰਦੇ ਸਨ ਜੋ ਗੁਰੂ ਜੀ ਦੱਸਦੇ ਸਨ....ਖ਼ੁਸ਼ਕਿਸਮਤੀ ਨਾਲ ਉਦਾਸੀ ਨਿਰਮਲੇ ਆਦਿ ਪ੍ਰਚਾਰਕ ਟੋਲੇ ਲਗਭਗ ਸਾਰੇ ਦਸ ਗੁਰੂ ਸਾਹਿਬਾਨ ਦੇ ਜਿਉਂਦਿਆਂ ਬਣੇ, ਇਸ ਲਈ ਇਨ੍ਹਾਂ ਨੂੰ ਫ਼ਿਰਕੇ ਮੰਨਣ ਵਾਲੀ ਭੁੱਲ ਛੇਤੀ ਹੀ ਦੂਰ ਹੋ ਸਕਦੀ ਹੈ। ਜੇ ਨਿਰਮਲੇ ਕੋਈ ਵੱਖਰਾ ਫ਼ਿਰਕਾ ਹੁੰਦੇ ਤਾਂ ਇਨ੍ਹਾਂ ਦੇ ਬਣਾਏ ਸਿੱਖ ਨਿਰਮਲੇ ਹੁੰਦੇ। ਪਰ ਅਸੀਂ ਵੇਖਦੇ ਕੀ ਹਾਂ ? ਉਦਾਸੀਆਂ ਨਿਰਮਲਿਆਂ ਬਾਬਿਆਂ ਨੇ ਇਲਾਕਿਆਂ ਦੇ ਇਲਾਕੇ ਸਿੱਖ ਬਣਾਏ ਹਨ ਪਰ ਜੋ ਸਿੱਖ ਬਣਾਏ, ਉਹ ਉਦਾਸੀ ਨਿਰਮਲੇ ਆਦਿ ਨਹੀਂ ਬਣੇ ਸਗੋਂ ਆਮ ਸਿੱਖ ਬਣੇ।"*

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਪ੍ਰਚਾਰਕ ਵਰਗ ਤਾਂ ਆਪਣੇ ਕਰਤੱਵ ਦੀ ਪਾਲਣਾ ਕਰਦਾ ਰਿਹਾ ਪਰੰਤੂ ਸਮੁੱਚੀ ਸਿੱਖ ਕੌਮ ਦੇ ਵਿਚਾਰਾਂ ਅਤੇ ਰਹੁ-ਰੀਤਾਂ ਵਿਚ ਜੋ ਪਰੀਵਰਤਨ ਆਏ, ਉਨ੍ਹਾਂ ਕਾਰਨ ਸਿੱਖਾਂ ਵਿਚ ਕਈ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਲਹਿਰਾਂ ਦਾ ਵਿਕਾਸ ਸਿੱਖਾਂ ਵਿਚ ਸੰਪ੍ਰਦਾਵਾਂ ਦਾ ਮੁੱਖ ਕਾਰਣ ਸੀ। ਨਿਰਮਲ ਸੰਪ੍ਰਦਾਇ ਦੇ ਆਰੰਭ ਦਾ ਠੀਕ ਸਮਾਂ ਨੀਯਤ ਕਰਨ ਲਈ ਇਨ੍ਹਾਂ ਲਹਿਰਾਂ ਦੇ ਇਤਿਹਾਸ 'ਤੇ ਇਕ ਸਰਸਰੀ ਦ੍ਰਿਸ਼ਟੀ ਦੀ ਲੋੜ ਹੈ।

ਦੱਸਵੇਂ ਗੁਰੂ ਤੋਂ ਬਾਅਦ ਖ਼ਾਲਸਿਆਂ ਨੇ ਧਰਮ ਅਤੇ ਦੇਸ਼-ਰੱਖਿਆ ਹਿੱਤ ਆਪਣੇ ਸੰਘਰਸ਼ ਨੂੰ ਜਾਰੀ ਰੱਖਿਆ। ਮਹਾਰਾਜਾ ਰਣਜੀਤ ਸਿੰਘ ਦਾ ਕਾਲ ਆਰੰਭ ਹੋਣ ਤਕ ਪੰਜਾਬ ਵਿਚ ਸਿੱਖਾਂ ਨੇ ਮਿਸਲਾਂ ਸਥਾਪਤ ਕਰ ਲਈਆਂ ਸਨ ਜਿਨ੍ਹਾਂ ਦੇ ਪ੍ਰਤੀਫਲ ਸਾਰੇ ਸਿੱਖ 12

* ਪ੍ਰੋ. ਤੇਜਾ ਸਿੰਘ, *ਸਿੱਖ ਧਰਮ*, (ਪੰਨਾ 93-97)

www.sikhbookclub.com

ਮਿਸਲਾਂ ਵਿਚ ਵੰਡੇ ਹੋਏ ਸਨ। ਸਿੱਖਾਂ ਦੀ ਧਾਰਮਿਕ ਅਗਵਾਈ ਲਈ ਸਾਂਝੇ ਨਿਰਣੇ ਕਰਨ ਲਈ ਇਨ੍ਹਾਂ ਮਿਸਲਾਂ ਦੇ ਪ੍ਰਤਿਨਿਧ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਚ ਇਕੱਠੇ ਹੁੰਦੇ ਸਨ। ਹੌਲੀ-ਹੌਲੀ ਮਿਸਲਾਂ ਵਿਚ ਵੀ ਸਿੱਖੀ ਸਿਦਕ ਘੱਟਣ ਲੱਗਾ ਅਤੇ ਖ਼ਾਲਸੇ ਦੇ ਆਚਰਣ ਵਿਚ ਕਮਜ਼ੋਰੀਆਂ ਆਉਣੀਆਂ ਸ਼ੁਰੂ ਹੋ ਗਈਆਂ :-

* "The misals in the beginning had developed the sikh character to a high degree and the noblest features of the sikh organisation appeared in those days, but about the time of Ranjit Singh they had lost their efficacy and their selfishness and internecine quarreels had reduced the democratic from to a mere face."

ਮਹਾਰਾਜਾ ਰਣਜੀਤ ਸਿੰਘ ਨੇ ਧਾਰਮਿਕ ਪ੍ਰਚਾਰ ਨਾਲੋਂ ਰਾਜਨੀਤਿਕ ਪ੍ਰਬੰਧਾਂ ਵੱਲ ਵਧੇਰੇ ਧਿਆਨ ਦਿੱਤਾ। 'ਪੰਜਾਬ ਦੀਆਂ ਲਹਿਰਾਂ' ਨਾਂ ਦੀ ਪੁਸਤਕ ਵਿਚ ਸ਼ਮਸ਼ੇਰ ਸਿੰਘ ਅਸ਼ੋਕ ਨੇ ਲਿਖਿਆ ਹੈ : 'ਰਣਜੀਤ ਸਿੰਘ ਕਾਲ ਸਮੇਂ ਪੰਥ ਗਿਣਤੀ ਵਿਚ ਵਧਿਆ ਪਰ ਧਰਮ ਘਟਿਆ। ਰਣਜੀਤ ਸਿੰਘ ਦੇ ਕਾਲ ਤੋਂ ਪਿੱਛੋਂ ਸਿੱਖ ਕੌਮ ਦੇ ਰਾਜਨੀਤਿਕ ਅਤੇ ਧਾਰਮਿਕ, ਦੋਹਾਂ ਪੱਖਾਂ ਦੀ ਅਧੋਗਤੀ ਹੋਈ। ਗੁਰਮਤ ਦੇ ਸਿਧਾਂਤਾਂ ਨੂੰ ਤਿਆਗ ਕੇ ਕੁਝ ਸੁਆਰਥੀ ਲੋਕ ਕੌਮ ਨੂੰ ਗੁਮਰਾਹ ਕਰਨ ਲੱਗ ਪਏ।

"ਦਸ ਗੁਰੂਆਂ ਦੀ ਥਾਂ ਕੁਝ ਲੋਕ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਏ। ਇਸ ਦਾ ਅੰਤਮ ਨਤੀਜਾ ਇਹ ਨਿਕਲਿਆ ਕਿ ਸਿੱਖ ਧੀਰੇ-ਧੀਰੇ ਵੱਖ-ਵੱਖ ਸੰਪ੍ਰਦਾਵਾਂ ਦੇ ਰੂਪ ਵਿਚ ਜਾਣੇ ਜਾਣ ਲੱਗ ਪਏ।"**

ਪ੍ਰਿੰ: ਤੇਜਾ ਸਿੰਘ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਵੱਲੋਂ ਪ੍ਰਗਟ ਕੀਤੀਆਂ ਇਤਿਹਾਸਕ ਸੱਚਾਈਆਂ ਇਸ ਵਿਚਾਰ ਦਾ ਸਮਰਥਨ ਕਰਦੀਆਂ ਹਨ ਕਿ ਰਣਜੀਤ ਸਿੰਘ ਦੇ ਕਾਲ ਤਕ ਪੰਜਾਬ ਵਿਚ ਕੋਈ ਵੱਖਰੀ ਸਿੱਖ ਸੰਪ੍ਰਦਾਇ ਹੋਂਦ ਵਿਚ ਨਹੀਂ ਆਈ ਸੀ।

ਰਾਜਨੀਤਿਕ ਅਤੇ ਧਾਰਮਿਕ ਅਧੋਗਤੀ ਦਾ ਪ੍ਰਤੀਕਰਮ ਇਹ ਹੋਇਆ ਕਿ ਸਿੱਖਾਂ ਦੀ ਦਸ਼ਾ ਨੂੰ ਸੁਧਾਰਨ ਲਈ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ :-

"1850 ਈ. ਵਿਚ ਨਿਰੰਕਾਰੀ ਲਹਿਰ ਨੇ ਸਿੱਖਾਂ ਵਿਚੋਂ ਹੀ ਜਨਮ ਲਿਆ ਅਤੇ ਕ੍ਰਾਂਤੀਕਾਰੀ ਸੁਧਾਰਾਂ ਦਾ ਬੀੜਾ ਚੁੱਕਿਆ। ਇਸ ਲਹਿਰ ਦੇ ਮੋਢੀ ਬ੍ਰਹਮ ਗਿਆਨੀ ਬਾਬਾ ਦਿਆਲ ਸਿੰਘ ਜੀ ਸਨ। 1850 ਈ. ਤੋਂ 1871 ਈ. ਤਕ ਦਾ ਸਮਾਂ ਇਸ ਲਹਿਰ ਦਾ ਸਿਖਰ

* Teja Singh, Essays in Sikhism.

** ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, (ਪੰਨਾ 22)

www.sikhbookclub.com

ਆਖਿਆ ਜਾ ਸਕਦਾ ਹੈ।''*

ਇਸ ਤੋਂ ਅਗਲੀ ਲਹਿਰ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ 'ਨਾਮਧਾਰੀ ਲਹਿਰ' ਦੇ ਨਾਮ ਨਾਲ ਸ਼ੁਰੂ ਹੋਈ। ਇਸ ਲਹਿਰ ਦਾ ਉਦੇਸ਼ ਵੀ ਸਿੱਖਾਂ ਵਿਚ ਆ ਚੁੱਕੀ ਧਾਰਮਿਕ ਗਿਰਾਵਟ ਨੂੰ ਦੂਰ ਕਰਨਾ ਹੀ ਸੀ ਪਰੰਤੂ ਬਾਬਾ ਰਾਮ ਸਿੰਘ ਦੀ ਮੌਤ ਤੋਂ ਬਾਅਦ ਇਸ ਲਹਿਰ ਦੇ ਆਗੂ ਸਿੱਖ ਮੱਤ ਦੇ ਬੁਨਿਆਦੀ ਸਿਧਾਂਤਾਂ ਨੂੰ ਤਿਆਗ ਕੇ ਵੱਖ-ਵੱਖ ਮਨੋਰਥਾਂ ਦੀ ਪੂਰਤੀ ਵਿਚ ਮਗਨ ਹੋ ਗਏ ਤੇ ਹੌਲੀ-ਹੌਲੀ ਸਿੱਖਾਂ ਨਾਲੋਂ ਨਿਖੜ ਕੇ ਇਕ ਵੱਖਰੀ ਸੰਪ੍ਰਦਾਇ ਬਣਾ ਲਈ ਅਤੇ ਗੁਰਮਤ ਦਰਸ਼ਨ ਤੋਂ ਭਿੰਨ ਕੁਝ ਨਵੇਂ ਨਿਯਮ ਬਣਾ ਲਏ। ਇਹ ਪਹਿਲੀ ਸਿੱਖ ਸੰਪ੍ਰਦਾਇ ਸੀ।

1873 ਈ. ਵਿਚ ਈਸਾਈ ਮਿਸ਼ਨਰੀਆਂ ਨੇ ਪੰਜਾਬ ਵਿਚ ਆਪਣੇ ਮੱਤ ਦਾ ਪ੍ਰਚਾਰ ਬੜੇ ਜ਼ੋਰਾਂ ਨਾਲ ਸ਼ੁਰੂ ਕਰ ਦਿੱਤਾ। ਵੱਖਰੀ ਹੋ ਚੁੱਕੀ ਨਾਮਾਧਾਰੀ ਸੰਪ੍ਰਦਾਇ ਦਾ ਧਿਆਨ ਨਿੱਜੀ ਅਤੇ ਰਾਜਨੀਤਿਕ ਮਨੋਰਥਾਂ ਵੱਲ ਵਧੇਰੇ ਸੀ। ਈਸਾਈ ਮੱਤ ਦੇ ਵੱਧਦੇ ਪ੍ਰਚਾਰ ਦਾ ਅਸਰ ਸਿੱਖਾਂ ਉੱਤੇ ਪੈਣ ਤੋਂ ਰੋਕਣ ਲਈ ਅਤੇ ਕੌਮ ਵਿਚ ਧਾਰਮਿਕ ਜਜ਼ਬੇ ਮੁੜ ਸੁਰਜੀਤ ਕਰਨ ਦੇ ਮੰਤਵ ਨਾਲ 1873 ਈ. ਵਿਚ ਸਿੰਘ ਸਭਾ ਲਹਿਰ ਦਾ ਜਨਮ ਹੋਇਆ ਜਿਸ ਵਿਚ ਕੰਮ ਕਰਨ ਲਈ ਗੁਰਮਤ ਦੇ ਪ੍ਰਚਾਰਕ ਵਰਗ ਵਿਚੋਂ ਕਈ ਵਿਦਵਾਨ ਸ਼ਾਮਲ ਹੋ ਗਏ। ਪੰ: ਤਾਰਾ ਸਿੰਘ ਨਰੋਤਮ ਅਤੇ ਗਿ: ਗਿਆਨ ਸਿੰਘ ਦੇ ਨਾਂ ਵਰਣਨ ਯੋਗ ਹਨ :-

''ਨਿਰਮਲੇ ਤੇ ਖ਼ਾਸ ਕਰ ਕੇ ਉਦਾਸੀ ਸੰਤ ਵੀ, ਜੋ ਉਸ ਵੇਲੇ ਸਿੱਖਾਂ ਨਾਲੋਂ ਦੂਰ ਨਹੀਂ ਸਨ ਹੋਏ, ਪ੍ਰਚਾਰ ਦੇ ਇਸ ਕੰਮ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲੈਣ ਲੱਗੇ।''**

"The first association of reform called the Singh Sabha was formed at Amritsar in 1873 only a year after the Namdhari Truouble it was attended by the Pujaris, Mahants, Granthis, Udasis and Nirmalas.***

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿੱਖਾਂ ਦੇ ਇਤਿਹਾਸ ਦਾ ਨਿਆਇਸ਼ੀਲਤਾ ਨਾਲ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ 1873 ਈ. ਤਕ ਨਿਰਮਲੇ ਵਿਦਵਾਨਾਂ ਦਾ ਵਰਗ ਸਿੱਖਾਂ ਵਿਚ ਰਹਿ ਕੇ ਹੀ ਇਕ ਵਰਗ ਦੇ ਰੂਪ ਵਿਚ ਆਪਣੇ ਕਰਤੱਵ ਦੀ ਪਾਲਣਾ ਕਰਦਾ ਰਿਹਾ ਹੈ। ਸਿੰਘ ਸਭਾ ਲਹਿਰ ਚਲਣ ਤੋਂ ਬਾਅਦ ਸਿੱਖਾਂ ਦੀਆਂ ਧਾਰਮਿਕ ਤੇ ਰਾਜਨੀਤਿਕ ਨੀਤੀਆਂ ਵਿਚ ਕਈ ਪਰੀਵਰਤਨ ਆਏ। ਗੁਰਦੁਆਰਿਆਂ ਵਿਚ ਹੋ ਰਹੀਆਂ ਕੁਰੀਤੀਆਂ ਨੂੰ

---

* ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, (ਪੰਨਾ 9)

**ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬ ਦੀਆਂ ਲਹਿਰਾਂ, (ਪੰਨਾ 164)

***Teja Singh, Essaya in Sikhism-(page 130)

www.sikhbookclub.com

ਦੂਰ ਕਰਨ ਲਈ ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ ਹੋਇਆ। ਇਹੋ ਲਹਿਰ 1920* ਈ. ਵਿਚ ਕੇਂਦਰੀ ਅਕਾਲੀ ਦਲ ਦੇ ਰੂਪ ਵਿਚ ਬਦਲ ਗਈ। ਇਸ ਤਹਿਰੀਕ ਦੇ ਮੁੱਢਲੇ ਸਾਲਾਂ ਵਿਚ ਨਿਰਮਲੇ ਵਿਦਵਾਨਾਂ ਨੇ ਪੂਰਾ ਸਹਿਯੋਗ ਦਿੱਤਾ ਅਤੇ ਉਨ੍ਹਾਂ ਸਾਰੇ ਸੰਗ੍ਰਾਮਾਂ ਵਿਚ ਭਾਗ ਲਿਆ, ਜੋ ਸਿੱਖਾਂ ਦੇ ਆਚਰਣ ਵਿਚ ਆ ਚੁੱਕੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਕੀਤੇ ਜਾ ਰਹੇ ਸਨ। ਮਹੰਤ ਮੂਲ ਸਿੰਘ (ਜੋ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵੀ ਰਹਿ ਚੁੱਕੇ ਸਨ) ਕਈ ਸਾਧੂਆਂ ਨਾਲ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗਏ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵੀ ਬਣੇ ਰਹੇ।

ਕੇਂਦਰੀ ਅਕਾਲੀ ਦਲ ਭਾਵੇਂ ਸਿੱਖਾਂ ਦੇ ਧਾਰਮਿਕ ਹੱਕਾਂ ਦੀ ਸੁਰੱਖਿਆ ਲਈ ਸ਼੍ਰੋਮਣੀ ਆਗੂ ਜਮਾਤ ਸੀ ਪਰ ਇਸ ਪਾਰਟੀ ਵਿਚ ਧਾਰਮਿਕ ਮਸਲਿਆਂ ਨਾਲੋਂ ਰਾਜਨੀਤਕ ਨੀਤੀਆਂ ਨੂੰ ਵਧੇਰੇ ਮਹੱਤਤਾ ਦਿੱਤੀ ਜਾਂਦੀ ਸੀ। ਉਸ ਕਾਲ ਵਿਚ ਭਾਰਤ ਦੀ ਸਮੁੱਚੀ ਰਾਜਨੀਤਕ ਦਸ਼ਾ ਦੇ ਪ੍ਰਭਾਵਾਂ ਤੋਂ ਅਕਾਲੀ ਦਲ ਵੀ ਨਿਰਲੇਪ ਨਾ ਰਹਿ ਸਕਿਆ। ਭਾਰਤ ਵਿਚ ਅੰਗ੍ਰੇਜ਼ੀ ਹਕੂਮਤ ਵਿਰੁਧ ਅੰਦੋਲਨ ਸ਼ੁਰੂ ਹੋ ਚੁੱਕੇ ਸਨ। ਸਾਰੇ ਦੇਸ਼ ਵਾਸੀਆਂ ਦੇ ਮਨਾਂ ਵਿਚ ਗ਼ੁਲਾਮੀ ਵਿਰੁਧ ਘ੍ਰਿਣਾ ਅਤੇ ਗਿਲਾਨੀ ਪੈਦਾ ਹੋ ਰਹੀ ਸੀ ਪਰ ਰਾਜਨੀਤਕ ਮਸਲਿਆਂ ਲਈ ਲੜ ਰਹੇ ਆਗੂਆਂ ਦੇ ਧਾਰਮਿਕ ਦ੍ਰਿਸ਼ਟੀਕੋਣ ਵੱਖਰੇ- ਵੱਖਰੇ ਸਨ ਜੋ ਕਿ ਸਮੁੱਚੀ ਕੌਮ ਦੀ ਏਕਤਾ ਦੇ ਰਾਹ ਵਿਚ ਅਟਕਾਅ ਬਣ ਰਹੇ ਸਨ। ਧਾਰਮਿਕ ਵਿਤਕਰਿਆਂ ਤੋਂ ਲਾਭ ਉਠਾ ਕੇ ਅੰਗ੍ਰੇਜ਼ੀ ਸਰਕਾਰ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਪਣਾ ਲਈ ਅਤੇ ਇਹ ਨੀਤੀ ਸਫਲ ਵੀ ਹੋ ਗਈ। ਧਾਰਮਿਕ ਜੱਥੇਬੰਦੀਆਂ ਵਿਚ ਇਕ ਦੂਜੀ ਜੱਥੇਬੰਦੀ ਲਈ ਨਫ਼ਰਤ ਪੈਦਾ ਕਰਨਾ ਅੰਗ੍ਰੇਜ਼ ਸਰਕਾਰ ਦਾ ਇਕ ਮਨੋਰਥ ਬਣ ਗਿਆ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਸਾਰੀਆਂ ਜੱਥੇਬੰਦੀਆਂ ਇਕ ਮੁੱਠ ਹੋ ਕੇ ਹਕੂਮਤ ਦੇ ਵਿਰੁੱਧ ਸਫ਼ਲਤਾ ਨਾਲ ਹੰਭਲਾ ਨਾ ਮਾਰ ਸਕੀਆਂ। ਇਕ ਪਾਸੇ ਆਜ਼ਾਦੀ ਲਈ ਸੰਗ੍ਰਾਮ ਜਾਰੀ ਸੀ ਤੇ ਇਸ ਦੇ ਸਮਾਂਨਾਂਤਰ ਧਾਰਮਿਕ ਜੱਥੇਬੰਦੀਆਂ ਫ਼ਿਰਕਾਪ੍ਰਸਤੀ ਦੀ ਲਪੇਟ ਵਿਚ ਆ ਗਈਆਂ ਸਨ ਅਤੇ ਆਪਣੇ ਧਰਮ ਦੇ ਪ੍ਰਚਾਰ ਦੀ ਥਾਂ ਦੂਜੇ ਧਰਮ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ, ਜਿਸ ਦੇ ਫਲਸਰੂਪ ਇਕ ਦੂਜੇ ਦੇ ਧਾਰਮਿਕ ਮਾਰਗ ਲਈ ਲੋਕਾਂ ਦੇ ਮਨਾਂ ਵਿਚ ਨਫ਼ਰਤ ਪੈਦਾ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਖ਼ਾਲਸਾ ਪੰਥ ਦੀ ਵਾਗ ਡੋਰ ਸੰਭਾਲਣ ਵਾਲੇ ਅਕਾਲੀ ਦਲ ਦੇ ਆਗੂ ਸੂਰਬੀਰਤਾ ਦੀਆਂ ਰੁਚੀਆਂ ਦਾ ਪ੍ਰਯੋਗ ਰਾਜਨੀਤਕ ਲੜਾਈ ਲਈ ਕਰਨ ਲੱਗ ਪਏ, ਹਿੰਦੂ ਜੱਥੇਬੰਦੀਆਂ ਵੱਲੋਂ ਸਿੱਖਾਂ ਵਿਰੁੱਧ ਕੀਤੇ ਜਾ ਰਹੇ ਪ੍ਰਚਾਰ ਦੇ ਉੱਤਰ ਵਿਚ ਉਨ੍ਹਾਂ ਦੇ ਮੱਤ ਦੇ ਖ਼ਿਲਾਫ਼ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਗੁਰਮਤ ਦੇ ਪ੍ਰਚਾਰ ਤੋਂ ਅਵੇਸਲੇ ਹੋ ਗਏ। ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸਿੱਖ ਕੌਮ ਦੀ ਵਾਗਡੋਰ ਪੂਰਨ ਰੂਪ ਵਿਚ ਅਕਾਲੀ ਪਾਰਟੀ ਦੇ ਹੱਥ ਵਿਚ ਆ ਚੁੱਕੀ ਸੀ। ਸਿੱਖ ਮੱਤ ਦੇ ਸਾਰੇ ਅਨੁਆਈ ਏਸ ਜੱਥੇਬੰਦੀ ਦੇ ਆਦੇਸ਼ ਅਨੁਸਾਰ ਕੰਮ ਕਰਦੇ

*ਸੋਹਣ ਸਿੰਘ ਜੋਸ਼, ਅਕਾਲੀ ਮੋਰਚਿਆਂ ਦਾ ਇਤਿਹਾਸ, (ਪੰਨਾ 51)

www.sikhbookclub.com

ਸਨ ਪਰੰਤੂ ਉਨ੍ਹਾਂ ਨੂੰ ਆਪਣੇ ਵਿਅਕਤੀਗਤ ਜੀਵਨ ਵਿਚ ਅਧਿਆਤਮਕ ਅਗਵਾਈ ਲਈ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੀ ਪ੍ਰਤੀਨਿਧਤਾ ਦੀ ਘਾਟ ਮਹਿਸੂਸ ਹੋ ਰਹੀ ਸੀ ਜੋ ਕਿ ਰਾਜਨੀਤਕ ਪਾਰਟੀ ਲਈ ਪੂਰੀ ਕਰਨੀ ਸੰਭਵ ਨਹੀਂ ਸੀ। ਇਸ ਘਾਟ ਦੇ ਸਦਕਾ ਨਿਰਮਲੇ ਵਿਦਵਾਨਾਂ ਦਾ ਵਰਗ ਇਕ ਵੱਖਰੀ ਸੰਪ੍ਰਦਾਇ ਦੇ ਰੂਪ ਵਿਚ ਬਦਲ ਗਿਆ।

If after Guru Gobind Singh the Sihhs had instructed a Central Assembly to excercise the right of personal guidance in the name of the Guru there would have been no differences in interpretiens. but their being no central authority to check or Control, unite or cordinate, there have arisen certain orders of preachers on missionaries who in the course of time have assumed the From of seats such are the Udasis, Nirmalas, Sewapanthies, Namdharies, Nirankaries"*

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਦੇ ਕਾਲ ਵਿਚ ਸਿੱਖਾਂ ਦੀ ਅਵਸਥਾ ਦਾ ਜੋ ਮੁਲਾਂਕਣ ਪ੍ਰਿੰਸੀਪਲ ਤੇਜਾ ਸਿੰਘ ਨੇ ਕੀਤਾ ਹੈ, ਉਸ ਵਿਚੋਂ ਉਪਰ ਦਿੱਤੇ ਵਿਚਾਰ ਸਿੱਖਾਂ ਦੀ ਉਸ ਮਾਨਸਿਕ ਅਵਸਥਾ ਨੂੰ ਸਪੱਸ਼ਟ ਕਰਦੇ ਹਨ ਜੋ ਅਕਾਲੀ ਜੱਥੇਬੰਦੀ ਦੀ ਅਗਵਾਈ ਦੇ ਬਾਵਜੂਦ ਵੀ ਵਿਅਕਤੀਗਤ ਜੀਵਨ ਵਿਚ ਕਿਸੇ ਅਗਵਾਈ ਦੀ ਘਾਟ ਹੋਣ ਕਰ ਕੇ ਬਣ ਚੁੱਕੀ ਸੀ। ਅਧਿਆਤਮਕ ਪੱਖ ਤੋਂ ਜੀਵਨ ਵਿਚ ਅਗਵਾਈ ਲਈ ਉਨ੍ਹਾਂ ਨੂੰ ਕਿਸੇ ਗੁਰੂ ਜਾਂ ਆਗੂ ਦੀ ਲੋੜ ਸੀ, ਇਸ ਲੋੜ ਦਾ ਅਨੁਭਵ ਉਸ ਵਰਗ ਨੂੰ ਹੋਇਆ ਜੋ ਮੁੱਢ ਤੋਂ ਹੀ ਧਰਮ-ਪ੍ਰਚਾਰ ਕਰਦਾ ਰਿਹਾ ਸੀ। ਇਹ ਵਰਗ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਇਕ ਪੱਖ ਦਾ ਪ੍ਰਤੀਨਿਧ ਨਿਰਮਲੇ ਵਿਦਵਾਨਾਂ ਦਾ ਵਰਗ ਸੀ। ਇਸ ਵਿਚ ਸਾਹਿਤਕਾਰ ਅਤੇ ਧਰਮ-ਵੇਤਾ ਸਨ ਜਿਨ੍ਹਾਂ ਨੂੰ ਫ਼ਿਰਕਾਪ੍ਰਸਤੀ ਦਾ ਸੰਕੀਰਣ ਦ੍ਰਿਸ਼ਟੀਕੋਣ ਕਦੇ ਵੀ ਪਸੰਦ ਨਹੀਂ ਹੁੰਦਾ। ਇਸ ਦੇ ਵਿਪਰੀਤ ਉਨ੍ਹਾਂ ਦੇ ਮਨਾਂ ਵਿਚ ਸਮੁੱਚੀ ਮਾਨਵ ਜਾਤੀ ਦੀ ਭਲਾਈ ਅਤੇ ਸੁੱਖ ਦਾ ਸੰਬੋਧ ਹੁੰਦਾ ਹੈ। ਸਾਹਿਤਕਾਰਾਂ ਦੇ ਵਰਗ ਨੂੰ ਅਕਾਲੀ ਦਲ ਨਾਲ ਪੂਰੀ ਸਹਿਮਤੀ ਨਹੀਂ ਸੀ ਅਤੇ ਹਿੰਦੂਆਂ ਪ੍ਰਤੀ ਝਗੜਿਆਂ ਵਾਲਾ ਰਵੱਈਆ ਉਨ੍ਹਾਂ ਨੂੰ ਸੁਖਾਂਦਾ ਨਹੀਂ ਸੀ। ਇਸ ਨਾਜ਼ੁਕ ਅਵਸਥਾ ਵਿਚ, ਸਿੱਖ ਸ਼੍ਰੇਣੀ ਵਿਚੋਂ ਹੋਣ ਦੇ ਬਾਵਜੂਦ ਵੀ ਨਿਰਮਲੇ ਵਿਦਵਾਨਾਂ ਨੇ ਅਕਾਲੀ ਲਹਿਰ ਦੀਆਂ ਨੀਤੀਆਂ ਦੀ ਪ੍ਰੋੜ੍ਹਤਾ ਨਾ ਕੀਤੀ ਬਲਕਿ ਇਸ ਲਹਿਰ ਦਾ ਪ੍ਰਤੀਕਰਮ ਉਲਟਾ ਹੋਇਆ, ਅਕਾਲੀ ਵਿਚਾਰਧਾਰਾ ਨਾਲ ਮਤ-ਭੇਦ ਪੈਦਾ ਹੋ ਗਏ। ਅਕਾਲੀ ਪਾਰਟੀ ਨੂੰ ਵੀ ਇਨ੍ਹਾਂ ਵਿਦਵਾਨਾਂ 'ਤੇ ਵਿਸ਼ਵਾਸ ਨਾ ਰਿਹਾ ਕਿਉਂਕਿ ਪ੍ਰਚਾਰਕਾਂ ਦਾ ਇਹ ਵਰਗ ਬਨਾਰਸ ਤੋਂ ਪੜ੍ਹ ਕੇ ਆਏ ਸਿੱਖਾਂ ਦੇ ਸ਼ਿਸ਼ਾਂ ਵਿਚੋਂ ਸੀ ਅਤੇ ਇਹਨਾਂ ਦੀ ਨੀਤੀ ਹਿੰਦੂ ਪੱਖੀ ਸੀ। ਇਸ ਤੋਂ ਛੁੱਟ ਨਿਰਮਲ ਵਰਗ ਨੇ ਸਿੱਖ ਮੱਤ ਦੇ ਮੂਲ ਸਿਧਾਂਤਾਂ ਦਾ ਤਿਆਗ ਕਰ ਦਿੱਤਾ ਸੀ, ਜਿਵੇਂ

* *Teja Singh-Essays in Sikhism (page 223)*

www.sikhbookclub.com

ਕਿ— ਗ੍ਰਿਹਸਤ ਜੀਵਨ ਦਾ ਤਿਆਗ, ਦੇਹਧਾਰੀ ਗੁਰੂ ਨੂੰ ਮਾਨਤਾ ਦੇਣੀ ਅਤੇ ਵੇਦਾਂਤ ਨੂੰ ਗੁਰਬਾਣੀ ਦਾ ਸ੍ਰੋਤ ਪ੍ਰਵਾਨ ਕਰਨਾ। ਇਹ ਤਿੰਨੇ ਲਛਣ ਗੁਰਮਤ ਦੇ ਪ੍ਰਚਲਤ ਸਿਧਾਂਤਾਂ ਦੇ ਪ੍ਰਤੀਕ ਸਨ, ਕਿਉਂਕਿ ਅਕਾਲੀ ਜੱਥੇਬੰਦੀ ਦੇ ਫ਼ੈਸਲੇ ਜਾਂ ਆਦੇਸ਼ ਲਗਭਗ ਸਾਰੀ ਸਿੱਖ ਕੌਮ ਨੂੰ ਪ੍ਰਵਾਨ ਹੁੰਦੇ ਸਨ। ਵਿਤਕਰਿਆਂ ਦੇ ਇਸ ਸੰਕਟਮਈ ਪੜਾਅ 'ਤੇ ਕੋਈ ਸਮਝੌਤਾ ਨਾ ਹੋ ਸਕਿਆ। ਗੁਰੂ ਜੀ ਦੀ ਬਾਣੀ ਅਤੇ ਆਦੇਸ਼ਾਂ ਦੇ ਪ੍ਰਭਾਵ ਅਧੀਨ ਇਕੱਠੇ ਕੰਮ ਕਰਦੇ ਆ ਰਹੇ ਸੂਰਬੀਰ ਅਤੇ ਵਿਦਵਾਨਾਂ ਦੇ ਵਰਗਾਂ ਵਿਚ ਵਿੱਥਾਂ ਵਿਤਕਰੇ ਵਧਦੇ ਗਏ ਅਤੇ ਦੋਹਾਂ ਦੇ ਸੰਬੰਧ ਟੁੱਟਣੇ ਸ਼ੁਰੂ ਹੋ ਗਏ। ਸਿੱਟਾ ਇਹ ਨਿਕਲਿਆ ਕਿ ਰਾਜਨੀਤਕ ਤੌਰ 'ਤੇ ਸ਼ਕਤੀਵਾਨ ਅਕਾਲੀ ਪਾਰਟੀ ਨੇ ਗੁਰਦੁਆਰਿਆਂ ਵਿਚ ਨਿਰਮਲੇ ਵਿਦਵਾਨਾਂ ਦਾ ਅਸਰ ਘਟਾਉਣ ਲਈ ਸਿੱਧੇ ਅਤੇ ਅਸਿੱਧੇ ਢੰਗਾਂ ਨਾਲ ਸਾਰੇ ਵਰਗ ਨੂੰ ਬਾਹਰ* ਕੱਢ ਕੇ ਬਾਈਕਾਟ ਕਰ ਦਿੱਤਾ। 1930 ਦੇ ਲਗਭਗ ਇਹ ਵਰਗ ਸਿੱਖਾਂ ਨਾਲੋਂ ਬਿਲਕੁਲ ਨਿਖੜ ਗਿਆ।

The Nirmala Sadhus or pure saints are a sikh order which was bitterly to that of the Akalis. They are said not to undergo any rite of purification but merely to receive the amrit like other sikhs when they become singhs. They originated like the Akalis, in the time of Guru Gobind Singh Ji but then history of their foundationd is abscure.**

ਨਿਰਮਲ-ਸੰਪ੍ਰਦਾਇ ਦੇ ਅਨੁਯਾਈ ਅਕਾਲੀਆਂ ਦੇ ਅਜੇਹੇ ਵਤੀਰੇ ਤੋਂ ਨਿਰਾਸ਼ ਨਹੀਂ ਹੋਏ। ਧਰਮ ਪ੍ਰਚਾਰ ਅਤੇ ਸਾਹਿਤ ਸਿਰਜਨਾ ਦੇ ਕਰਤੱਵ ਤੋਂ ਵੀ ਇਹ ਲੋਕ ਅਵੇਸਲੇ ਨਹੀਂ ਹੋਏ ਅਤੇ ਅਕਾਲੀ ਦਲ ਵੱਲੋਂ ਪੂਰਨ ਬਾਈਕਾਟ ਹੋ ਜਾਣ ਦੇ ਬਾਵਜੂਦ ਵੀ ਸਿੱਖਾਂ ਵਿਚ ਜਾ ਕੇ ਪ੍ਰਚਾਰ ਕਰਦੇ ਰਹੇ। ਨਿਰਮਲਿਆਂ ਉੱਤੇ ਅਕਾਲੀਆਂ ਵੱਲੋਂ ਲਾਏ ਗਏ ਦੋਸ਼ਾਂ ਅਤੇ ਹੋਰ ਝਗੜਿਆਂ ਦਾ ਅਸਰ ਜਨ ਸਧਾਰਨ ਸਿੱਖਾਂ ਉੱਤੇ ਵੀ ਹੋਇਆ। ਪਰ ਜੀਵਨ ਦੇ ਅਧਿਆਤਮਕ ਪੱਖ ਦੀ ਉੱਨਤੀ ਦੀ ਅਗਵਾਈ ਦੀ ਲੋੜ ਕਾਰਨ ਗੁਰਬਾਣੀ ਦੇ ਵਿਆਖਿਆਕਾਰ ਅਤੇ ਨਿਰੋਲ ਧਾਰਮਿਕ ਵਿਚਾਰਾਂ ਦੇ ਵਿਦਵਾਨਾਂ ਨਾਲ ਸੰਪਰਕ ਤੋਂ ਬਿਨਾਂ ਹੋਰ ਕੋਈ ਰਸਤਾ ਨਹੀਂ ਸੀ। ਵਧੇਰੇ ਸਿੱਖ ਅਜੇ ਵੀ 'ਨਿਰਮਲ ਵਰਗ ਦੇ ਵਿਦਵਾਨਾਂ ਦੀ ਵਿਦਵਤਾ ਦੇ ਕਾਇਲ ਸਨ। ਬਾਈਕਾਟ ਦਾ ਪ੍ਰਤੀਕਰਮ ਇਹ ਹੋਇਆ ਕਿ ਇਸ ਵਰਗ ਦੇ ਪ੍ਰਚਾਰਕ ਸੰਤਾਂ ਨੇ ਆਪਣੇ ਵਰਗ ਨੂੰ ਇਕ ਸੰਗਠਿਤ ਜੱਥੇਬੰਦੀ ਬਣਾ ਲਿਅ ਇਹੋ ਜੱਥੇਬੰਦੀ ਵੱਧ ਫੁਲ ਕੇ ਇਕ ਨਿਯਮ-ਬੱਧ ਸੰਪ੍ਰਦਾਇ ਬਣ ਗਈ, ਜਿਸ ਨੇ ਆਪਣੀ ਵਿਚਾਰਧਾਰਾ ਅਤੇ ਅਨੁਸ਼ਾਸਨ ਦੇ ਨਿਯਮਾਂ ਦਾ ਐਲਾਨ ਕਰ ਦਿੱਤਾ। ਕਿਉਂਕਿ ਇਸ ਸੰਪ੍ਰਦਾਇ ਦੇ ਮੈਂਬਰ ਮੁੱਢ

* *ਗਿਆਨੀ ਗਿਆਨ ਸਿੰਘ, ਨਿਰਮਲ ਪੰਥ ਪ੍ਰਦੀਪਕਾ, (ਪੰਨਾ 81)*

** Encyclopaedia of Religion and Ethics, vol. 9. page 3, Edited by Jams Hastings.

www.sikhbookclub.com

ਤੋਂ ਹੀ ਆਪਣੇ ਆਪ ਨੂੰ ਨਿਰਮਲੇ ਸੰਤ ਅਖਵਾਉਂਦੇ ਸਨ, ਇਸ ਲਈ ਇਸ ਸੰਪ੍ਰਦਾਇ ਦਾ ਨਾਂ ਵੀ ਨਿਰਮਲ ਸੰਪ੍ਰਦਾਇ ਰੱਖ ਲਿਆ।

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਦੇ ਸੰਬੰਧ ਵਿਚ ਸਿੱਖ ਇਤਿਹਾਸ ਵਿਚੋਂ ਤਿੰਨਾਂ ਵਿਚਾਰਾਂ ਉੱਤੇ ਸਵਿਸਥਾਰ ਪ੍ਰਮਾਣਾਂ ਸਹਿਤ ਵਿਚਾਰ ਕਰ ਚੁੱਕਣ ਤੋਂ ਬਾਅਦ ਜੋ ਸਿੱਟੇ ਨਿਕਲਦੇ ਹਨ, ਉਨ੍ਹਾਂ ਦੇ ਆਧਾਰ 'ਤੇ ਸਾਡੀ ਰਾਇ ਨਿਮਨ ਲਿਖਤ ਹੈ :-

(1) ਨਿਰਮਲ ਸੰਪ੍ਰਦਾਇ ਦਾ ਮੂਲ ਸਿੱਖ ਮੱਤ ਨਾਲੋਂ ਵੱਖਰਾ ਨਹੀਂ ਹੈ। ਸਿੱਖਾਂ ਨਾਲੋਂ ਨਿਖੜ ਕੇ ਅਲੱਗ ਹੋ ਕੇ ਧਰਮਵੇਤਾਵਾਂ (theolegists) ਦੇ ਵਰਗ ਨੇ ਹੀ ਆਪਣੇ ਆਪ ਨੂੰ ਸੰਪ੍ਰਦਾਇ ਦੇ ਰੂਪ ਵਿਚ ਜੱਥੇਬੰਦ ਕਰ ਲਿਆ।

(2) ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਹਰ ਪੱਖ ਤੋਂ ਸਰਬ-ਸ਼੍ਰੇਸ਼ਟ ਬਣਾਉਣ ਦੀ ਭਾਵਨਾ ਨਾਲ, ਸਿੱਖਾਂ ਨੂੰ ਪ੍ਰਤਿਭਾਸ਼ਾਲੀ ਬਣਾ ਦੇਣ ਦਾ ਉਦੇਸ਼ ਵੀ ਸਾਹਮਣੇ ਰੱਖਿਆ ਸੀ। ਉਸ ਉਦੇਸ਼ ਨੂੰ ਪੂਰਾ ਕਰਨ ਦੀ ਇੱਛਾ ਨਾਲ ਜਿਹੜੇ ਸਿੱਖ ਸੰਸਕ੍ਰਿਤ ਵਿੱਦਿਆ ਸਿਖਾਉਣ ਲਈ ਚੁਣੇ ਗਏ ਸਨ, ਉਨ੍ਹਾਂ ਨੇ ਗੁਰੂ ਸ਼ਿਸ਼ ਦੀ ਪੱਧਤੀ ਨੂੰ ਤੋਰਿਆ ਅਤੇ ਉਸ ਪੱਧਤੀ ਸਦਕਾ ਹੀ ਸਿੱਖਾਂ ਵਿਚ ਸਾਹਿਤਕਾਰਾਂ ਅਤੇ ਧਰਮ-ਪ੍ਰਚਾਰਕਾਂ ਦਾ ਇਕ ਵਰਗ ਬਣ ਗਿਆ। ਇਹ ਵਰਗ ਵਿਕਾਸ ਕਰ ਕੇ ਇਕ ਵਿਸ਼ਾਲ ਵਿਰਾਟ ਰੂਪ ਵਿਚ ਸਾਰੇ ਸਿੱਖਾਂ ਵਿਚ ਹੀ ਨਹੀਂ, ਬਲਕਿ ਹਿੰਦੂਆਂ ਵਿਚ ਵੀ ਫੈਲ ਗਿਆ ਕਿਉਂਕਿ ਆਪਣੇ ਧਰਮ ਦੇ ਪ੍ਰਚਾਰ ਲਈ ਦੂਜੇ ਧਰਮਾਂ ਨਾਲ ਤੁਲਨਾਤਮਕ ਅਧਿਐਨ ਜ਼ਰੂਰੀ ਸੀ। ਸਮੇਂ ਦੀ ਚਾਲ ਅਤੇ ਬਦਲ ਰਹੀਆਂ ਪ੍ਰਸਥਿਤੀਆਂ ਦੇ ਪ੍ਰਤੀਫਲ ਉਨ੍ਹੀਵੀਂ ਸਦੀ ਦੇ ਮੱਧ ਤੋਂ ਬਾਅਦ ਸਿੱਖ ਮੱਤ ਵਿਚ ਹੀ ਕੁਝ ਸੁਧਾਰਵਾਦੀ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਲਹਿਰਾਂ ਦਾ ਸਿੱਟਾ ਇਹ ਨਿਕਲਿਆ ਕਿ ਸਿੱਖਾਂ ਵਿਚ ਪਾਰਟੀਆਂ ਬਣ ਗਈਆਂ ਅਤੇ ਠੀਕ ਇਸੇ ਕਾਲ ਵਿਚ ਵਿਦਵਾਨ ਵਰਗ ਦੇ ਰਾਜਨੀਤਕ ਸਿੱਖ ਆਗੂਆਂ ਨਾਲ ਮਤਭੇਦ ਹੋ ਗਏ ਅਤੇ ਇਹ ਵਰਗ ਇਕ ਨਿਯਮ-ਬਧ ਰਜਿਸਟਰਡ ਸੰਪ੍ਰਦਾਇ ਬਣ ਗਈ ਜੋ 'ਨਿਰਮਲ ਸੰਪ੍ਰਦਾਇ' ਦੇ ਨਾਂ ਨਾਲ ਪ੍ਰਸਿੱਧ ਹੋਈ।

☆☆☆

www.sikhbookclub.com

ਵਿਕਾਸ

ਨਿਰਮਲੇ ਸਾਹਿਤਕਾਰਾਂ ਦੇ ਵਰਗ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਤੋਂ ਹੀ ਗੁਰੂ ਵੱਲੋਂ ਸੌਂਪੇ ਗਏ ਕਰਤੱਵ ਦੀ ਪਾਲਣਾ ਸ਼ੁਰੂ ਕਰ ਦਿੱਤੀ ਸੀ। ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਉਣੀ ਅਤੇ ਸਾਹਿਤ ਦੀ ਰਚਨਾ ਕਰਨੀ ਇਸ ਵਰਗ ਦਾ ਮਨੋਰਥ ਸੀ। ਸਿੱਖਿਆ- ਖੇਤਰ ਵਿਚ, ਭਾਰਤੀ ਪਰੰਪਰਾ ਅਨੁਸਾਰ, ਇਸ ਵਰਗ ਦੇ ਵਿਦਵਾਨਾਂ ਨੇ ਗੁਰੂ ਸ਼ਿਸ਼ ਦੀ ਰੀਤ ਨੂੰ ਜਾਰੀ ਰੱਖਿਆ ਜੋ ਕਿ ਵਰਤਮਾਨ ਕਾਲ ਤਕ ਨਿਰੰਤਰ ਚੱਲੀ ਆ ਰਹੀ ਹੈ। ਜਿਸ ਵਿਦਵਾਨ ਕੋਲੋਂ ਕੋਈ ਵਿਅਕਤੀ ਵਿੱਦਿਆ ਪ੍ਰਾਪਤ ਕਰਦਾ ਅਤੇ ਆਤਮਕ ਉੱਨਤੀ ਲਈ ਅਗਵਾਈ ਲੈਂਦਾ ਸੀ, ਉਸ ਸਿੱਖਿਆ ਗੁਰੂ ਦਾ ਸ਼ਰਧਾਮਈ ਢੰਗ ਨਾਲ ਸਤਿਕਾਰ ਕਰਨਾ ਅਤੇ ਉਸ ਦੇ ਨਾਮ ਨੂੰ ਚਿਰੰਜੀਵ ਰੱਖਣਾ ਆਪਣਾ ਧਰਮ ਸਮਝਦਾ ਸੀ। ਇਸ ਰੀਤ ਨਾਲ ਜੋ ਨਵੇਂ ਸ਼ਿਸ਼ ਬਣਦੇ, ਉਨ੍ਹਾਂ ਵਿਚੋਂ ਵਧੇਰੇ ਇਸ ਵਰਗ ਵਿਚ ਹੀ ਸ਼ਾਮਲ ਹੋ ਜਾਂਦੇ ਅਤੇ ਆਪਣੇ ਸਿੱਖਿਆ ਗੁਰੂਆਂ ਦੇ ਉਪਦੇਸ਼ ਅਨੁਸਾਰ ਹੋਰ ਵਿਅਕਤੀਆਂ ਨੂੰ ਵਿੱਦਿਆ ਪੜ੍ਹਾਉਂਦੇ ਅਤੇ ਸਾਹਿਤ-ਰਚਨਾ ਕਰਦੇ ਸਨ। ਇਸ ਪ੍ਰਕਾਰ ਵਰਗ ਦੀ ਵ੍ਰਿਧੀ ਹੁੰਦੀ ਰਹੀ ਅਤੇ ਗੁਰੂ ਸ਼ਿਸ਼ ਦੀ ਪਰਿਪਾਟੀ ਦੁਆਰਾ ਇਸ ਨੇ ਵਿਕਾਸ ਕੀਤਾ।

ਗੁਰੂ ਗੋਬਿੰਦ ਸਿੰਘ ਦੇ ਕਾਲ ਵਿਚ ਜੋ ਨਿਰਮਲੇ ਵਿਦਵਾਨ ਅਤੇ ਸਾਹਿਤਕਾਰ ਹੋਏ ਸਨ, ਉਨ੍ਹਾਂ ਵਿਚੋਂ ਕਿਸੇ ਦੀ ਰਚਨਾ ਪ੍ਰਾਪਤ ਨਹੀਂ ਹੁੰਦੀ, ਨਾ ਹੀ ਵਰਗ ਦੇ ਮੋਢੀ ਪੰਜ ਵਿਦਵਾਨਾਂ ਦੀ ਕੋਈ ਮੌਲਿਕ ਲਿਖਤ ਜਾਂ ਟੀਕਾ ਅੱਜ ਤਕ ਪ੍ਰਾਪਤ ਹੋ ਸਕਿਆ ਹੈ। ਉਨ੍ਹਾਂ ਦੇ ਦਰਬਾਰੀ ਸਾਹਿਤਕਾਰਾਂ ਵਿਚੋਂ ਜੇ ਕਿਸੇ ਦੀ ਕੋਈ ਰਚਨਾ ਮਿਲਦੀ ਹੈ ਤਾਂ ਉਸ ਸਾਹਿਤਕਾਰ ਨੂੰ ਪ੍ਰਮਾਣਾਂ ਸਾਹਿਤ ਨਿਰਮਲ ਵਰਗ ਵਿਚੋਂ ਨਹੀਂ ਆਖਿਆ ਜਾ ਸਕਦਾ।

ਵਿਦਵਾਨ ਵਰਗ ਦੇ ਲੇਖਕਾਂ ਨੇ ਜੋ ਸਾਹਿਤ ਸਿਰਜਨਾ ਕੀਤੀ ਹੈ ਜੇ ਉਸ ਸਾਹਿਤ ਦੇ ਇਤਿਹਾਸ ਨੂੰ ਲੜੀਵਾਰ ਵੇਖਿਆ ਜਾਏ ਤਾਂ ਸੰਮਤ 1810 ਬਿਕ੍ਰਮੀ (1753 ਈ.) ਤਕ ਅਜਿਹਾ ਸਾਹਿਤ ਨਹੀਂ ਮਿਲਦਾ ਜਿਸ ਨੂੰ ਨਿਸ਼ਚਿਤ ਢੰਗ ਨਾਲ ਇਹ ਸਿੱਧ ਕੀਤਾ ਜਾ ਸਕੇ ਕਿ ਇਹ ਨਿਰਮਲੇ ਵਰਗ ਦੇ ਵਿਦਵਾਨ ਦਾ ਲਿਖਿਆ ਹੋਇਆ ਹੈ। ਪਰ ਇਸ ਸਚਾਈ ਬਾਰੇ ਕੋਈ ਸੰਦੇਹ ਨਹੀਂ ਹੈ ਕਿ ਇਸ ਵਰਗ ਦੇ ਵਿਦਵਾਨਾਂ ਨੇ ਗੁਰੂ ਜੀ ਦੇ ਸੁਪਨੇ ਨੂੰ ਸਾਕਾਰ ਰੂਪ ਦੇਣ ਲਈ ਆਪਣੇ ਜੀਵਨ ਅਰਪਣ ਕੀਤੇ ਹਨ। ਇਸ ਵਰਗ ਦੀ ਵਿਕਾਸ ਗਤੀ ਜਾਨਣ ਲਈ ਵਰਗ ਦੇ ਵਿਦਵਾਨਾਂ ਦੀਆਂ ਲਿਖੀਆਂ ਰਚਨਾਵਾਂ ਹੀ ਮੁੱਖ ਸ੍ਰੋਤ ਹਨ ਕਿਉਂਕਿ ਵਰਗ ਦਾ ਪ੍ਰਧਾਨ ਪੱਖ ਸਾਹਿਤ ਸਿਰਜਨਾ ਹੀ ਹੈ।

www.sikhbookclub.com

ਨਿਰਮਲੇ ਵਿਦਵਾਨ ਪੰਡਤ ਗੁਲਾਬ ਸਿੰਘ ਦਾ ਲਿਖਿਆ ਸਾਹਿਤ ਸੰਮਤ 1810 ਬਿਕ੍ਰਮੀ 1753 ਈ. ਤੋਂ ਪ੍ਰਾਪਤ ਹੁੰਦਾ ਹੈ। ਪੰਡਤ ਗੁਲਾਬ ਸਿੰਘ ਨੇ ਧਰਮ ਪ੍ਰਚਾਰ ਅਤੇ ਆਤਮਕ ਉੱਨਤੀ ਦੀ ਅਗਵਾਈ ਲਈ ਅਨੇਕ ਗ੍ਰੰਥ ਲਿਖੇ ਸਨ ਜਿਨ੍ਹਾਂ ਵਿਚੋਂ ਵਧੇਰੇ ਮਾਤ੍ਰਾ ਵਿਚ ਗ੍ਰੰਥ ਇਨ੍ਹਾਂ ਦੇ ਸਮਕਾਲੀ ਕੁਝ ਬ੍ਰਾਹਮਣਾਂ* ਨੇ ਈਰਖਾ ਵੱਸ ਹੋ ਕੇ ਦਰਿਆ ਵਿਚ ਸੁੱਟ ਦਿੱਤੇ ਸਨ। ਹੁਣ ਇਸ ਵਿਦਵਾਨ ਦੀਆਂ ਕੇਵਲ ਪੰਜ ਪੁਸਤਕਾਂ ਮਿਲਦੀਆਂ ਹਨ ਜਿਨ੍ਹਾਂ ਵਿਚ ਵੇਦਾਂਤ ਦੇ ਵਿਸ਼ਿਆਂ ਨੂੰ ਬ੍ਰਿਜ ਭਾਸ਼ਾ ਵਿਚ ਅਭਿਵਿਅਕਤ ਕੀਤਾ ਗਿਆ ਹੈ :-

1. ਪ੍ਰਬੋਧ ਚੰਦਰ ਨਾਟਕ –ਸੰ: 1810 ਬਿ: (1753 ਈ.)
2. ਕਰਮ ਵਿਖਾਨ ਸੰ: 1810 ਬਿ: (1753 ਈ.)
3. ਭਾਵਰਸਾਮ੍ਰਿਤ ਸੰ: 1834 ਬਿ: (1777 ਈ.)
4. ਮੋਖ ਪੰਥ ਸੰ: 1835 ਬਿ: (1778 ਈ.)
5. ਅਧਿਆਤਮਕ ਰਾਮਾਇਣ ਸੰ: 1839 ਬਿ. (1782 ਈ.)

ਪੰਡਤ ਗੁਲਾਬ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਆਪਣੇ ਸਿੱਖਿਆ ਗੁਰੂ ਦਾ ਨਾਮ ਮਾਨ ਸਿੰਘ ਲਿਖਿਆ ਹੈ। ਮਾਨ ਸਿੰਘ ਦੀ ਕਿਸੇ ਸਾਹਿਤਕ ਕਿਰਤ ਦਾ ਵਰਣਨ ਗੁਲਾਬ ਸਿੰਘ ਨੇ ਨਹੀਂ ਕੀਤਾ, ਨਾ ਹੀ ਇਸ ਨਾਮ ਦੇ ਲੇਖਕ ਦੀ ਕੋਈ ਰਚਨਾ ਸਾਨੂੰ ਮਿਲੀ ਹੈ। ਮਾਨ ਸਿੰਘ ਦਾ ਸਿੱਖਿਆ-ਗੁਰੂ ਗਰਜਾ ਸਿੰਘ ਸੀ।

ਪੰਡਤ ਗੁਲਾਬ ਸਿੰਘ ਦੇ ਸਮੇਂ ਤੋਂ ਨਿਰਮਲੇ ਵਿਦਵਾਨਾਂ ਦੇ ਵਰਗ ਦੀ ਪ੍ਰਗਤੀ ਮੁੜ ਆਰੰਭ ਹੁੰਦੀ ਹੈ। 1753 ਈ. ਤੋਂ ਬਾਅਦ ਇਸ ਵਰਗ ਨੇ ਜਿਨ੍ਹਾਂ ਪੜਾਵਾਂ ਅਤੇ ਪ੍ਰਸਥਿਤੀਆਂ ਵਿਚੋਂ ਲੰਘ ਕੇ ਆਪਣੇ ਆਪ ਨੂੰ ਇਕ ਸੰਪ੍ਰਦਾਇ ਦੇ ਰੂਪ ਵਿਚ ਢਾਲਿਆ ਹੈ, ਉਹ ਇਸ ਸੰਪ੍ਰਦਾਇ ਦੇ ਵਿਕਾਸ ਦੀ ਪਿੱਠ-ਭੂਮੀ ਹਨ, ਇਸ ਲਈ ਉਨ੍ਹਾਂ ਦੀ ਨਿਆਇਸ਼ੀਲਤਾ ਨਾਲ ਚਰਚਾ ਕਰਨ ਦੀ ਅਵੱਸ਼ਕਤਾ ਹੈ।

ਨਿਰਮਲ ਸੰਪ੍ਰਦਾਇ ਦੇ ਇਤਿਹਾਸ ਦਾ ਅਧਿਐਨ ਕਰਨ ਤੋਂ ਬਾਅਦ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਵਿਕਾਸ ਦੇ ਕਿਸੇ ਪੜਾਅ 'ਤੇ ਵੀ ਇਸ ਵਰਗ ਦੇ ਵਿਦਵਾਨਾਂ ਨੇ ਆਪਣਾ ਮੂਲ ਉਦੇਸ਼ ਅੱਖੋਂ ਓਹਲੇ ਨਹੀਂ ਕੀਤਾ ਅਤੇ ਇਨ੍ਹਾਂ ਧਰਮ-ਵੇਤਾਵਾਂ (ਥਿਐਲੋਜਿਸਟਸ) ਨੇ ਆਪਣੇ ਸਿੱਖਿਆ-ਗੁਰੂਆਂ ਤੋਂ ਵਿਰਸੇ ਵਿਚ ਮਿਲੇ ਸਾਹਿਤ ਭੰਡਾਰ ਨੂੰ ਆਪਣੀ ਸੰਪੱਤੀ ਬਣਾ ਕੇ ਸੰਭਾਲ ਰੱਖਿਆ ਹੈ। ਇਹ ਸਾਹਿਤ ਅਗਲੀਆਂ ਪੁਸ਼ਤਾਂ ਦੇ ਵਿਦਵਾਨਾਂ ਲਈ ਪ੍ਰੇਰਨਾ-ਸ੍ਰੋਤ ਬਣਿਆ ਅਤੇ ਉਨ੍ਹਾਂ ਨੂੰ ਸਾਹਿਤ ਲਿਖਣ ਅਤੇ ਪ੍ਰਚਾਰ ਜਾਰੀ ਰੱਖਣ ਲਈ ਟੁੰਬਦਾ ਰਿਹਾ ਹੈ। ਆਪਣੇ ਪ੍ਰਚਾਰ ਨੂੰ ਵਿਸਤਰਿਤ ਰੂਪ ਦੇ ਕੇ ਪ੍ਰਭਾਵਸ਼ਾਲੀ

---

* ਭੂਮਿਕਾ, ਪ੍ਰਬੋਧ ਚੰਦਰ ਨਾਟਕ।

www.sikhbookclub.com

ਬਣਾਉਣ ਲਈ ਨਿਰਮਲੇ ਵਿਦਵਾਨ ਸਾਰੇ ਭਾਰਤ ਵਿਚ ਫੈਲ ਕੇ ਵਿੱਦਿਆ ਪੜ੍ਹਾਉਣ, ਸਾਹਿਤ ਰਚਣਾ ਅਤੇ ਪ੍ਰਚਾਰ ਦੀਆਂ ਨੀਤੀਆਂ ਨੂੰ ਸਫਲ ਬਣਾਉਣ ਲਈ ਯਤਨਸ਼ੀਲ ਰਹੇ ਹਨ। ਭਾਰਤ ਵਿਚ ਧਾਰਮਿਕ ਸੰਪ੍ਰਦਾਵਾਂ ਆਪੋ ਆਪਣੇ ਮੱਤ ਨੂੰ ਸ੍ਰੇਸ਼ਟ ਦਰਸਾਉਣ ਲਈ ਦੂਜੇ ਮੱਤਾਂ ਦਾ ਖੰਡਨ ਕਰਨ ਤੋਂ ਸੰਕੋਚ ਨਹੀਂ ਕਰਦੀਆਂ। ਸਿੱਖ ਮੱਤ ਵਿਰੁਧ ਹੋ ਰਹੇ ਇਸ ਪ੍ਰਕਾਰ ਦੇ ਖੰਡਨ ਦਾ ਉੱਤਰ ਦੇਣ ਲਈ ਨਿਰਮਲੇ ਪ੍ਰਚਾਰਕ ਪ੍ਰਸਿੱਧ ਤੀਰਥ ਸਥਾਨਾਂ ਉੱਤੇ ਲੱਗੇ ਮੇਲਿਆਂ 'ਤੇ ਪੁੱਜ ਕੇ ਗੁਰਮਤ ਦਰਸ਼ਨ ਨੂੰ ਪਰਸਾਰਤ ਕਰਦੇ ਆ ਰਹੇ ਹਨ। ਮੇਲਿਆਂ ਅਤੇ ਤੀਰਥਾ ਸਥਾਨਾਂ ਅਤੇ ਇਕੱਠਾਂ ਵਿਚ ਕੀਤੇ ਪ੍ਰਚਾਰ ਤੋਂ ਇਲਾਵਾ ਇਸ ਵਰਗ ਦੇ ਸਾਹਿਤਕਾਰਾਂ ਨੇ ਸਮੇਂ-ਸਮੇਂ ਆਪਣੀਆਂ ਰਚਨਾਵਾਂ ਦੁਆਰਾ ਵਰਗ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਸੰਮਤ 1852 ਬਿ: (1785 ਈ.) ਵਿਚ ਨਿਹਾਲ ਸਿੰਘ ਸ਼ੋਬ ਨੇ ਜਪੁ ਜੀ ਸਾਹਿਬ ਦਾ ਟੀਕਾ ਸੰਸਕ੍ਰਿਤ ਵਿਚ ਲਿਖ ਕੇ ਗੁਰਮਤ ਦਰਸ਼ਨ ਨੂੰ ਸਾਰੇ ਭਾਰਤ ਦੇ ਪੰਡਤਾਂ ਅਤੇ ਵਿਦਵਾਨਾਂ ਦੇ ਧਿਆਨ ਗੋਚਰ ਕੀਤਾ। ਇਸੇ ਕਾਲ ਵਿਚ (1797 ਈ.) ਭਾਈ ਸੁੱਖਾ ਸਿੰਘ ਨੇ 'ਗੁਰ ਬਿਲਾਸ ਪਾਤਸ਼ਾਹੀ ੧੦ ਦੀ ਰਚਨਾ ਕੀਤੀ ਅਤੇ ਪੰਡਤ ਸਦਾ ਸਿੰਘ ਨੇ ਵੇਦਾਂਤ ਦੀ ਪੁਸਤਕ ਅਦ੍ਵੈਤ ਸਿੱਧੀ ਦਾ ਟੀਕਾ 'ਸੁਗਮਸਾਰ ਚੰਦ੍ਰਾ' ਲਿਖਿਆ।

ਵਿਕੋਲਿਤਰੇ ਰੂਪ ਵਿਚ ਪ੍ਰਚਾਰ ਕਰ ਰਹੇ ਨਿਰਮਲੇ ਵਿਦਵਾਨਾਂ ਨੂੰ ਸਾਰੇ ਭਾਰਤ ਵਿਚ ਅਤੇ ਵਿਸ਼ੇਸ਼ ਕਰ ਕੇ ਤੀਰਥ ਸਥਾਨਾਂ 'ਤੇ ਧਰਮ ਪ੍ਰਚਾਰ ਦੇ ਸਮਾਗਮ ਕਰਨ ਸਮੇਂ ਕੁਝ ਅਜਿਹੀਆਂ ਔਕੜਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਜਿਹੜੀਆਂ ਨਾ ਕੇਵਲ ਪ੍ਰਚਾਰ ਦੇ ਰਸਤੇ ਵਿਚ ਰੁਕਾਵਟ ਹੀ ਪਾਉਂਦੀਆਂ ਸਨ ਬਲਕਿ ਇਨ੍ਹਾਂ ਵਿਦਵਾਨਾਂ ਦਾ ਸਨਮਾਨ ਵੀ ਘਟਾਉਂਦੀਆਂ ਸਨ। ਤੀਰਥ-ਸਥਾਨਾਂ 'ਤੇ ਸਥਾਈ ਟਿਕਾਣੇ ਨਾ ਹੋਣ ਕਾਰਨ ਇਨ੍ਹਾਂ ਵਿਦਵਾਨਾਂ ਨੂੰ ਦੂਜੀਆਂ ਸੰਪ੍ਰਦਾਵਾਂ ਦੇ ਟਿਕਾਣਿਆਂ ਵਿਚ ਸ਼ਰਨ ਲੈਣੀ ਪੈਂਦੀ ਸੀ, ਪ੍ਰੰਤੂ ਉਨ੍ਹਾਂ ਸੰਪ੍ਰਦਾਵਾਂ ਵੱਲੋਂ ਹੁੰਦੇ ਵਿਵਹਾਰ ਨੂੰ ਇਨ੍ਹਾਂ ਨੇ ਅਪਮਾਨਜਨਕ ਮਹਿਸੂਸ ਕੀਤਾ। ਇਸ ਵਿਵਹਾਰ ਦਾ ਪ੍ਰਤੀਕਰਮ ਇਹ ਹੋਇਆ ਕਿ ਇਨ੍ਹਾਂ ਵਿਦਵਾਨਾਂ ਨੇ ਆਪਣੇ ਆਪ ਨੂੰ ਜੱਥੇਬੰਦ ਰੂਪ ਵਿਚ ਢਾਲਣ ਦਾ ਵਿਚਾਰ ਬਣਾ ਲਿਆ ਅਤੇ ਆਪਣੇ ਸੰਕਲਪ ਨੂੰ ਸਾਕਾਰ ਰੂਪ ਦੇਣ ਲਈ ਸੰਮਤ *1864 ਬਿ: (1807 ਈਸਵੀ) ਕੁੰਭ ਦੇ ਮੇਲੇ 'ਤੇ ਕਨਖਲ ਵਿਖੇ ਦਰਗਾਹੀ ਸਿੰਘ ਦੇ ਡੇਰੇ ਆਪਣੇ ਵਰਗ ਦੀ ਇਕੱਤ੍ਰਤਾ ਕੀਤੀ ਅਤੇ ਲੰਗਰ ਲਗਾਇਆ। ਇਸ ਇਕੱਤ੍ਰਤਾ ਵਿਚ ਸ਼ਾਮਲ ਹੋਏ ਵਿਦਵਾਨਾ ਵਿਚੋਂ ਪੰਡਤ ਗੁਲਾਬ ਸਿੰਘ (ਮੋਖ ਪੰਥ), ਪੰਡਤ ਨਿਹਾਲ ਸਿੰਘ (ਟੀਕਾਕਾਰ ਜਪੁ ਜੀ ਸਾਹਿਬ) ਅਤੇ ਪੰਡਤ ਸਦਾ ਸਿੰਘ ਵੀ ਸ਼ਾਮਲ ਹੋਏ ਸਨ। ਵਰਗ ਦੀ ਮਹੱਤਤਾ ਅਤੇ ਸਤਿਕਾਰ ਵਧਾਉਣ ਦੇ ਸੰਬੰਧ ਵਿਚ ਵਿਚਾਰ-ਵਟਾਂਦਰਾ ਕੀਤਾ ਗਿਆ। ਜੱਥੇਬੰਦ ਰੂਪ ਵਿਚ ਢਾਲਣ ਲਈ ਮੁੱਢਲੀਆਂ ਗੱਲਾਂ ਉੱਤੇ ਵਿਚਾਰ ਕੀਤੀ ਗਈ। ਇਸ ਇਕੱਤ੍ਰਤਾ ਵਿਚ ਇਹੋ ਜਿਹੇ ਫ਼ੈਸਲੇ ਨਾ ਕੀਤੇ ਜਾ ਸਕੇ ਜਿਨ੍ਹਾਂ ਨੂੰ ਤੁਰੰਤ ਅਮਲੀ ਰੂਪ ਵਿਚ

ਗਿ: ਗਿਆਨ ਸਿੰਘ— ਨਿਰਮਲ ਪੰਥ ਪ੍ਰਦੀਪਕਾ (ਪੰਨਾ 71)

www.sikhbookclub.com

ਲਿਆਂਦਾ ਜਾ ਸਕਦਾ, ਪਰ ਇਹ ਵਿਚਾਰ ਵਟਾਂਦਰਾ ਸੰਪ੍ਰਦਾਇ ਨੂੰ ਮਿਥੀ ਮੰਜ਼ਿਲ ਵੱਲ ਵਧਾਉਣ ਵਿਚ ਸਹਾਇਕ ਸਿੱਧ ਹੋਇਆ।

ਉਪਰੋਕਤ ਇਕੱਤ੍ਰਤਾ ਤੋਂ ਬਾਅਦ ਕਈ ਵਰ੍ਹੇ ਇਹ ਵਿਦਵਾਨ ਨਿੱਜੀ ਰੂਪ ਵਿਚ ਆਪਣੇ ਮਿਸ਼ਨ ਦਾ ਕੰਮ ਕਰਦੇ ਰਹੇ। ਸੰਮਤ 1906 ਬਿਕ੍ਰਮੀ (1849 ਈਸਵੀ) ਵਿਚ ਅਰਧ ਕੁੰਭੀ ਦੇ ਮੇਲੇ ਸਮੇਂ ਹਰਿਦੁਆਰ ਵਿਚ ਭਾਰਤ ਦੇ ਪ੍ਰਸਿੱਧ ਨਿਰਮਲੇ ਵਿਦਵਾਨ ਇਕੱਠੇ ਹੋਏ। ਇਸ ਦੂਜੀ ਇਤਿਹਾਸਕ ਬੈਠਕ ਵਿਚ ਸੰਪ੍ਰਦਾਇ ਦੇ ਸਥਾਈ ਟਿਕਾਣੇ ਕਾਇਮ ਕਰਨ ਬਾਰੇ ਕੁਝ ਮਹੱਤਵਪੂਰਨ ਫ਼ੈਸਲੇ ਕੀਤੇ ਗਏ। ਇਸ ਮੀਟਿੰਗ ਵਿਚ ਪਾਸ ਕੀਤੇ ਮਤਿਆਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਮਤਾ ਇਹ ਸੀ ਕਿ ਦੂਜੀਆਂ ਸੰਪ੍ਰਦਾਵਾਂ ਵਾਂਗ ਹਰਿਦੁਆਰ ਵਿਚ ਨਿਰਮਲ ਸੰਪ੍ਰਦਾਇ ਦੇ ਸੰਤਾਂ ਲਈ ਇਕ ਸਥਾਈ ਟਿਕਾਣਾ ਬਣਾਇਆ ਜਾਏ ਤਾਂ ਜੋ ਕੁੰਭ ਆਦਿ ਦੇ ਮੇਲਿਆਂ 'ਤੇ ਦੂਜੀਆਂ ਸੰਪ੍ਰਦਾਵਾਂ ਦੇ ਡੇਰਿਆਂ ਵਿਚ ਜਾ ਕੇ ਠਹਿਰਨ ਦੀ ਲੋੜ ਨਾ ਪਵੇ। ਇਸ ਥਾਂ ਦਾ ਨਾਮ 'ਅਖਾੜਾ'* ਰੱਖਣ ਦਾ ਫ਼ੈਸਲਾ ਕੀਤਾ ਗਿਆ। ਇਸ ਅਖਾੜੇ ਦੀ ਸਥਾਪਨਾ ਸੰਨ 1912 ਬਿ. 1855 ਈਸਵੀ ਵਿਚ ਕੁੰਭ ਦੇ ਮੇਲੇ ਸਮੇਂ ਕਨਖਲ (ਹਰਿਦੁਆਰ) ਵਿਚ ਕਰ ਦਿੱਤੀ ਗਈ। ਸਥਾਪਨਾ ਤੋਂ ਬਾਅਦ ਅਖਾੜੇ ਲਈ ਇਕ ਮੁੱਖੀਆ ਨਿਯਤ ਕਰਨ ਬਾਰੇ ਮਸਲਾ ਸੀ ਜਿਸ ਨੂੰ ਸਮੁੱਚੇ ਵਰਗ ਦੇ ਅਨੁਸ਼ਾਸਨ ਦੀ ਜ਼ੁੰਮੇਵਾਰੀ ਸੌਂਪੀ ਜਾ ਸਕਦੀ। ਮੁੱਖੀਏ ਦੀ ਪਦਵੀ ਉੱਤੇ ਕੰਮ ਕਰਨ ਵਾਲੇ ਸੰਤ ਨੂੰ 'ਸ੍ਰੀ ਮਹੰਤ' ਦੇ ਨਾਂ ਨਾਲ ਸਨਮਾਨਿਆ ਗਿਆ।** ਬਾਬਾ ਮਹਿਤਾਬ ਸਿੰਘ ਨੂੰ ਅਖਾੜੇ ਦਾ ਪਹਿਲਾ ਸ੍ਰੀ ਮਹੰਤ ਬਣਾਇਆ ਗਿਆ। ਵਰਗ ਦੇ ਸਾਰੇ ਸੰਤਾਂ ਨੂੰ ਸ੍ਰੀ ਮਹੰਤ ਦੇ ਅਧੀਨ ਰਹਿ ਕੇ ਪ੍ਰਚਾਰ ਕਰਨ ਅਤੇ ਵਿੱਦਿਆ ਪੜ੍ਹਾਉਣ ਦਾ ਆਦੇਸ਼ ਦਿੱਤਾ ਗਿਆ।

ਵਰਗ ਵਿਚ ਨਵੇਂ ਪ੍ਰੀਵਰਤਨਾਂ ਕਾਰਨ ਪ੍ਰਚਾਰਕਾਂ ਦਾ ਉਤਸ਼ਾਹ ਵਧਿਆ ਪਰ ਵਰਗ ਦਾ ਪ੍ਰਬੰਧ ਨਿਯਮ-ਬਧ ਹੋਣ ਦੇ ਬਾਵਜੂਦ ਵੀ ਇਹ ਵਿਦਵਾਨ ਸਿੱਖਾਂ ਨਾਲੋਂ ਨਿਖੜੇ ਨਹੀਂ ਬਲਕਿ ਪਹਿਲਾਂ ਵਾਂਗ ਹੀ ਸਿੱਖ ਭਾਈਚਾਰੇ ਦੇ ਵਿਚ ਹੀ ਰਹਿ ਕੇ ਧਰਮ ਪ੍ਰਚਾਰ ਕਰਦੇ ਰਹੇ। ਨਵੇਂ ਪਰੀਵਰਤਨ ਤੋਂ ਬਾਅਦ ਵਰਗ ਦੀ ਵਿਕਾਸ ਗਤੀ ਤੇਜ਼ ਹੋ ਗਈ। ਛੋਟੀਆਂ ਬੈਠਕਾਂ ਵਿਚ

---

*ਮਹੰਤ ਦਿਆਲ ਸਿੰਘ, ਨਿਰਮਲ ਪੰਥ ਦਰਸ਼ਨ, ਹਿੱਸਾ 1 (ਪੰਨਾ 293) ''ਅਖਾੜਾ ਉਸ ਜਗ੍ਹਾ ਦਾ ਨਾਮ ਹੈ ਜਿੱਥੇ ਪਹਿਲਵਾਨ ਆਪੋ ਵਿਚ ਕਸਰਤ ਕਰਦੇ ਹਨ ਜਾਂ ਇਕ ਦੂਜੇ ਨਾਲ ਘੋਲ ਕਰ ਕੇ ਆਪਣੇ ਸ਼ਤ੍ਰੂ ਨੂੰ ਦਬਾਉਣ ਦਾ ਯਤਨ ਕਰਦੇ ਹਨ। ਦੂਜਾ ਅੰਤ੍ਰੀਵ ਅਰਥ ਇਹ ਹੈ ਕਿ ਸੰਤ ਸਮਾਜ ਜਾਂ ਸਤਿਸੰਗ ਅਸਥਾਨ, ਜਿੱਥੇ ਉਪਦੇਸ਼ ਦੁਆਰਾ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿ ਅੰਤ੍ਰੀਵ ਸ਼ਤਰੂਆਂ ਨੂੰ ਦਲਣ ਦਾ ਉਪਰਾਲਾ ਕੀਤਾ ਜਾਂਦਾ ਹੈ।

**ਉਹੀ (ਪੰਨਾ 316) ''ਆਪ ਦਾ ਜਨਮ ਵੱਡੀ ਲੇਲਾਂ ਰਿਆਸਤ ਪਟਿਆਲਾ ਦਾ ਸੀ। ਸੰਸਾਰ ਤੋਂ ਉਪਰਾਮ ਹੋ ਕੇ ਰਿਖੀਕੇਸ਼ ਸ੍ਰੀਮਾਨ ਵਿਰਕਤ ਮਹਾਰਾਜ ਧਰਮ ਸਿੰਘ ਜੀ ਦੇ ਚਰਨਾਂ ਵਿਚ ਆਏ। ਆਪ ਭੇਖ ਦੇ ਪੂਰਨ ਮਹਾਤਮਾ ਪ੍ਰਸਿੱਧ ਹੋ ਚੁੱਕੇ ਸਨ, ਜਿਸ ਕਰਕੇ ਪੂਰੇ ਸਨਮਾਨ ਨਾਲ ਭੇਖ ਦੇ ਸ੍ਰੀ ਮਹੰਤ ਥਾਪੇ ਗਏ।

www.sikhbookclub.com

ਗੁਰਮਤ ਦਰਸ਼ਨ 'ਤੇ ਵਿਚਾਰ ਵਿਮ੍ਰਸ਼ ਕਰਨਾ ਅਤੇ ਧਾਰਮਿਕ ਪੁਰਬਾਂ ਉੱਤੇ ਦੀਵਾਨਾਂ ਵਿਚ ਗੁਰਮਤ ਦੀ ਵਿਆਖਿਆ ਕਰ ਕੇ ਸਿੱਖਾਂ ਨੂੰ ਗੁਰਮਤ ਦੇ ਆਦਰਸ਼ਾਂ ਅਨੁਸਾਰ ਜੀਵਨ ਬਿਤਾਉਣ ਲਈ ਉਤਸ਼ਾਹਤ ਕਰਨਾ, ਇਹ ਵਿਦਵਾਨ ਆਪਣਾ ਫ਼ਰਜ਼ ਸਮਝਦੇ ਸਨ। ਆਮ ਸਿੱਖਾਂ ਵਿਚ ਹੋ ਰਹੇ ਇਸ ਪ੍ਰਚਾਰ ਦੀਆਂ ਸੋਆਂ ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਤਕ ਪਹੁੰਚ ਗਈਆਂ ਸਨ। ਰਾਜੇ ਆਪਣੀ ਪਰਜਾ ਦੇ ਨੇਤਾ ਹੁੰਦੇ ਹਨ ਅਤੇ ਰਿਆਇਆ ਆਪਣੇ ਜੀਵਨ ਦੇ ਹਰ ਖੇਤਰ ਵਿਚ ਉਨ੍ਹਾਂ ਦੀ ਅਗਵਾਈ ਲੋੜਦੀ ਹੈ। ਪਰਜਾ ਦੀਆਂ ਧਾਰਮਿਕ ਰੁਚੀਆਂ ਨੂੰ ਤ੍ਰਿਪਤ ਕਰਨ ਲਈ ਅਤੇ ਪੁੰਨ ਦਾਨ ਦੁਆਰਾ ਰਿਆਸਤਾਂ ਵਿਚ ਧਾਰਮਿਕ ਸੰਸਥਾਵਾਂ ਕਾਇਮ ਕਰ ਕੇ ਆਪਣੇ ਲੋਕਾਂ ਵਿਚ ਹਰਮਨ ਪਿਆਰੇ ਬਣਨ ਦੇ ਮਨੋਰਥ ਨਾਲ ਰਾਜੇ ਧਾਰਮਿਕ ਪ੍ਰਚਾਰਕਾਂ ਅਤੇ ਉਨ੍ਹਾਂ ਦੇ ਆਗੂਆਂ ਦੀ ਸਹਾਇਤਾ ਕਰਦੇ ਸਨ। ਧਰਮ ਪ੍ਰਤੀ ਰਾਜਿਆਂ ਦੇ ਇਸ ਪ੍ਰਕਾਰ ਦੇ ਰਵੱਈਏ ਸਦਕਾ ਲੋਕ ਇਨ੍ਹਾਂ ਦਾ ਸਤਿਕਾਰ ਕਰਦੇ ਸਨ। ਪਟਿਆਲਾ ਰਿਆਸਤ ਦੇ ਰਾਜਾ ਨਰਿੰਦਰ ਸਿੰਘ ਬਿਕ੍ਰਮੀ ਸੰਮਤ 1909 (1855 ਈਸਵੀ) ਵਿਚ ਰਿਖੀਕੇਸ਼ (ਹਰਿਦੁਆਰ) ਜਾ ਕੇ ਮਹੰਤ ਮਹਿਤਾਬ ਸਿੰਘ ਨੂੰ ਮਿਲੇ। ਇਸ ਤੋਂ ਉਪ੍ਰੰਤ ਇਸ ਵਰਗ ਵਿਚ ਗਿ: ਗਿਆਨ ਸਿੰਘ ਅਤੇ ਪੰਡਿਤ ਤਾਰਾ ਸਿੰਘ ਨਰੋਤਮ ਜਿਹੇ ਵਿਦਵਾਨ ਸਾਹਿਤਕਾਰਾਂ ਦੀ ਹੋਂਦ ਨੇ ਵੀ ਮਹਾਰਾਜੇ ਦਾ ਧਿਆਨ ਖਿੱਚਿਆ। ਨਿਰਮਲੇ ਵਿਦਵਾਨਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਮਹਾਰਾਜਾ ਪਟਿਆਲਾ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਅਤੇ ਸਹਾਇਤਾ ਦੇ ਪੱਖਾਂ ਉੱਤੇ ਵਿਚਾਰ ਕਰਨ ਲਈ ਸ੍ਰੀ ਮਹੰਤ ਮਹਿਤਾਬ ਸਿੰਘ ਨੂੰ *ਪਟਿਆਲੇ ਆਉਣ ਦਾ ਸੱਦਾ ਦਿੱਤਾ। ਸ੍ਰੀ ਮਹੰਤ ਨਾਲ ਗੱਲਬਾਤ ਕਰਨ ਤੋਂ ਬਾਅਦ ਪੰਜਾਬ ਵਿਚ ਨਿਰਮਲਿਆਂ ਦਾ ਭਵਨ ਕਾਇਮ ਕਰਨ ਲਈ ਪਟਿਆਲੇ ਵਿਚ ਤੋਪਖ਼ਾਨਾ ਰੋਡ 'ਤੇ ਇਕ ਵੱਡੀ ਹਵੇਲੀ ਸੌਂਪ ਕੇ, 'ਧਰਮ ਧ੍ਵਜਾ' ਨਾਮ ਨਾਲ ਨਿਰਮਲੇ ਵਿਦਵਾਨਾਂ ਦਾ ਵਿੱਦਿਆ ਕੇਂਦਰ ਸਥਾਪਿਤ ਕਰ ਦਿੱਤਾ। ਪੰਜਾਬ ਵਿਚ ਨਿਰਮਲੇ ਵਿਦਵਾਨਾਂ ਲਈ ਇਹ ਪਹਿਲਾ ਸਥਾਈ ਟਿਕਾਣਾ ਬਣਿਆ। 'ਧਰਮ ਧ੍ਵਜਾ' ਦੀ ਸਥਾਪਨਾ ਵਰਗ ਦੇ ਵਿਕਾਸ ਦਾ ਦੂਜਾ ਮੀਲ-ਪੱਥਰ ਆਖਿਆ ਜਾ ਸਕਦਾ ਹੈ। ਧਰਮ ਧ੍ਵਜਾ ਦੀ ਸਥਾਪਨਾ ਤੋਂ ਬਾਅਦ ਮਹਾਰਾਜਾ ਪਟਿਆਲਾ, ਮਹਾਰਾਜਾ ਜੀਂਦ, ਰਾਜਾ ਫਰੀਦਕੋਟ ਤੇ ਰਾਜਾ ਨਾਭਾ ਨੇ ਆਪੋ ਆਪਣੀਆਂ ਰਿਆਸਤਾਂ ਵਿਚੋਂ ਕੁਝ ਪਿੰਡਾਂ ਦੀ ਜ਼ਮੀਨ ਧਰਮ ਧ੍ਵਜਾ ਦੇ ਨਾਂ ਲਗਵਾ ਦਿੱਤੀ। ਇਹ ਜਗੀਰਾਂ ਨਿਰਮਲ ਸੰਪ੍ਰਦਾਇ ਲਈ ਆਮਦਨੀ ਦਾ ਸੋਮਾ ਬਣ ਗਈਆਂ ਅਤੇ ਵਰਗ ਦੇ ਵਿਕਾਸ ਲਈ ਸਹਾਇਕ ਸਿੱਧ ਹੋਈਆਂ।

ਪਟਿਆਲੇ ਵਿਚ ਧਰਮ ਧ੍ਵਜਾ ਦੀ ਸਥਾਪਨਾ ਤੋਂ ਬਾਅਦ ਨਿਰਮਲ ਵਰਗ ਦੇ ਵਿਕਾਸ ਦਾ ਤੀਜਾ ਭਾਗ ਆਰੰਭ ਹੁੰਦਾ ਹੈ। ਵਿਕਾਸ ਦੇ ਇਸ ਪੜਾਅ 'ਤੇ ਪੁੱਜ ਚੁੱਕੇ ਨਿਰਮਲ ਵਰਗ ਦੀ ਗਤੀ ਦੋ ਪੱਖਾਂ ਤੋਂ ਮਹੱਤਤਾ ਰੱਖਦੀ ਹੈ। ਪਹਿਲਾ ਪੱਖ ਆਰਥਿਕ ਸਮੱਸਿਆਵਾਂ ਦਾ ਹੈ

---

* *ਅਰਜਨ ਸਿੰਘ ਮੁਨੀ, ਸ੍ਰੀ ਨਿਰਮਲ ਪੰਚਾਇਤੀ ਅਖਾੜਾ (ਹਿੰਦੀ) (ਪੰਨਾ 31)*

www.sikhbookclub.com

ਕਿਉਂਕਿ ਹਰ ਪ੍ਰਚਾਰਕ ਸੰਸਥਾ, ਵਰਗ ਜਾਂ ਸੰਪ੍ਰਦਾਇ ਲਈ ਆਮਦਨੀ ਦੇ ਵਸੀਲਿਆਂ ਦਾ ਹੋਣਾ ਅਨਿਵਾਰੀ ਹੈ। 1855 ਈਸਵੀ ਵਿਚ ਰਿਆਸਤਾਂ ਦੇ ਰਾਜਿਆਂ ਵੱਲੋਂ ਇਸ ਵਰਗ ਨੂੰ ਮਾਨਤਾ ਮਿਲਣ ਤੋਂ ਬਾਅਦ ਜੋ ਜਗੀਰਾਂ ਧਰਮ ਧ੍ਰਜਾ ਦੇ ਨਾਂ ਲੱਗ ਚੁੱਕੀਆਂ ਸਨ, ਉਨ੍ਹਾਂ ਦੀ ਆਮਦਨੀ ਨਾਲ ਵਰਗ ਦੇ ਸਾਰੇ ਆਰਥਿਕ ਸੰਕਟ ਦੂਰ ਹੋ ਗਏ ਅਤੇ ਮਾਇਕ ਸਮੱਸਿਆਵਾਂ ਵੱਲੋਂ ਨਿਸਚਿੰਤ ਹੋ ਕੇ ਨਿਰਮਲੇ ਪ੍ਰਚਾਰਕ ਆਪਣੇ ਮਿਸ਼ਨ ਦੇ ਕੰਮਾਂ ਵੱਲ ਇਕਾਗਰ ਹੋ ਗਏ। ਇਸ ਕਾਲ ਦਾ ਦੂਜਾ ਮਹੱਤਵਪੂਰਨ ਪੱਖ ਸਾਹਿਤ ਰਚਨਾ ਦਾ ਹੈ। ਇਸ ਕਾਲ ਵਿਚ ਨਿਰਮਲੇ ਲਿਖਾਰੀਆਂ ਵੱਲੋਂ ਲਿਖੇ ਸਾਹਿਤ ਵਿਚ ਵਿਸ਼ੇਸ਼ ਵਾਧਾ ਹੋਇਆ ਹੈ। ਸਾਹਿਤ ਦੀ ਉਪਜ ਆਰਥਿਕ ਮਸਲਿਆਂ ਨਾਲੋਂ ਅਨਿਖੜਵੀਂ ਵੀ ਆਖੀ ਜਾ ਸਕਦੀ ਹੈ ਕਿਉਂਕਿ ਵਿਰਕਤ ਸੰਤਾਂ ਦੀਆਂ ਰਚਨਾਵਾਂ ਵਧੇਰੇ ਕਰਕੇ ਰਾਜਿਆਂ ਦੀ ਸਹਾਇਤਾ ਨਾਲ ਹੀ ਛੱਪੀਆਂ ਹਨ। ਵਰਗ ਦੀ ਵਿਕਾਸ ਗਤੀ ਦਾ ਇਹ ਸਮਾਂ ਸੰਮਤ 1912 ਬਿ. (1855 ਈ.) ਤੋਂ ਸੰਮਤ 1962 ਬਿ. (1905 ਈ.) ਤਕ ਕਾਲ ਬੱਧ ਕੀਤਾ ਜਾ ਸਕਦਾ ਹੈ। 1855 ਈ. ਤਕ ਵਰਗ ਦੇ ਪ੍ਰਚਾਰਕਾਂ ਲਈ ਦੋ ਭਵਨ ਬਣ ਚੁੱਕੇ ਸਨ ਜਿਨ੍ਹਾਂ ਨੂੰ ਵਰਗ ਨੇ ਆਪਣੇ ਸਿੱਖਿਆ ਕੇਂਦਰ ਬਣਾ ਲਿਆ। ਏਥੇ ਸੰਸਕ੍ਰਿਤ ਪੜ੍ਹਾਉਣ ਤੋਂ ਇਲਾਵਾ ਗੁਰਮਤ ਦਰਸ਼ਨ ਦੀ ਵਿਆਖਿਆ ਲਈ ਇਕੱਤ੍ਰਤਾਵਾਂ ਵੀ ਹੁੰਦੀਆਂ ਸਨ। ਇਸ ਕਾਲ ਵਿਚ ਵਰਗ ਦੇ ਅਨੇਕ ਸਾਹਿਤਕਾਰਾਂ ਨੇ ਗੁਰਮਤ ਦੀ ਵਿਆਖਿਆ, ਆਦਿ ਗ੍ਰੰਥ ਦੀ ਬਾਣੀ ਬਾਰੇ ਖੋਜ ਅਤੇ ਵੇਦਾਂਤ ਦੇ ਗਿਆਨ ਸੰਬੰਧੀ ਬ੍ਰਿਜ, ਹਿੰਦੀ, ਪੰਜਾਬੀ ਅਤੇ ਸੰਸਕ੍ਰਿਤ ਵਿਚ ਬਹੁਤ ਪੁਸਤਕਾਂ ਲਿਖੀਆਂ ਹਨ ਜਿਨ੍ਹਾਂ ਵਿਚੋਂ ਕਈ ਪੁਸਤਕਾਂ ਨੂੰ ਛਪਵਾਉਣ ਦਾ ਪ੍ਰਬੰਧ ਮਹਾਰਾਜਾ ਪਟਿਆਲਾ ਨੇ ਕੀਤਾ। ਪੰਡਤ ਤਾਰਾ ਸਿੰਘ ਨਰੋਤਮ (1822 ਈ. ਤੋਂ 1891 ਈ.) ਨੇ 'ਗੁਰਮਤ ਨਿਰਣੈ ਸਾਗਰ' ਅਤੇ 'ਗੁਰਬੰਸ ਦਰਪਨ' ਆਦਿ ਪੁਸਤਕਾਂ ਲਿਖ ਕੇ ਗੁਰਮਤ ਦੀ ਵਿਆਖਿਆ ਕੀਤੀ। ਇਸ ਤੋਂ ਇਲਾਵਾ ਭਗਤ ਬਾਣੀ, ਜਪੁ ਜੀ, ਰਹਰਾਸਿ, ਕੀਰਤਨ ਸੋਹਿਲਾ ਅਤੇ ਹੋਰ ਬਾਣੀਆਂ ਦੇ ਟੀਕੇ ਵੀ ਲਿਖੇ। ਇਸ ਵਿਦਵਾਨ ਦੀ ਗੁਰਮਤ ਨੂੰ ਸ੍ਰੇਸ਼ਟ ਅਤੇ ਮਹਾਨ ਦੇਣ 'ਗੁਰ ਗਿਰਾਰਥ ਕੋਸ਼' ਹੈ। ਆਦਿ ਗ੍ਰੰਥ ਵਿਚ ਪ੍ਰਯੋਗ ਕੀਤੀ ਗਈ ਸੰਸਕ੍ਰਿਤ ਹਿੰਦੀ ਦੀ ਸ਼ਬਦਾਵਲੀ ਦੇ ਅਰਥ ਵਿਆਖਿਆ ਭਰਪੂਰ ਢੰਗ ਨਾਲ ਕੀਤੇ ਗਏ ਹਨ। 'ਗੁਰਤੀਰਥ ਸੰਗ੍ਰਹਿ' ਨਾਂ ਦੀ ਇਕ ਹੋਰ ਪੁਸਤਕ ਵਿਚ ਨਰੋਤਮ ਨੇ, ਆਪਣੀ ਖੋਜ ਤੋਂ ਬਾਅਦ, ਪਹਿਲੀ ਵਾਰ ਸਾਰੇ ਇਤਿਹਾਸਕ ਗੁਰਦੁਆਰਿਆਂ ਦੀ ਸੂਚੀ ਦੇ ਕੇ ਉਨ੍ਹਾਂ ਦਾ ਸੰਖੇਪ ਇਤਿਹਾਸ ਲਿਖਿਆ ਹੈ। ਇਹ ਪੁਸਤਕ ਸਿੱਖ ਇਤਿਹਾਸ ਦੇ ਖੋਜੀਆਂ ਲਈ ਬੜੀ ਮਹੱਤਤਾ ਰੱਖਦੀ ਹੈ। ਤਾਰਾ ਸਿੰਘ ਨਰੋਤਮ ਨੇ ਗੁਰਮਤ ਦਰਸ਼ਨ ਦੀ ਵਿਆਖਿਆ ਕਰਨ ਲਈ ਇਕ ਸਾਧਨਾ ਕੀਤੀ ਹੈ। ਇਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਬ੍ਰਿਜ ਭਾਸ਼ਾ ਵਿਚ ਲਿਖੀਆਂ ਹੋਈਆਂ ਹਨ। ਤਾਰਾ ਸਿੰਘ ਨਰੋਤਮ ਦੇ ਸ਼ਿਸ਼ ਗਿਆਨੀ ਗਿਆਨ ਸਿੰਘ 1822 ਈ. ਤੋਂ 1926 ਈ. ਅਤੇ ਗੁਰਭਾਈ ਮਹੰਤ ਸਾਧੂ ਸਿੰਘ ਨੇ ਉੱਚ ਕੋਟੀ ਦਾ ਸਾਹਿਤ ਰਚਿਆ। ਗਿਆਨੀ ਗਿਆਨ ਸਿੰਘ ਨੇ ਨਿਰਮਲ ਪੰਥ ਪ੍ਰਦੀਪਕਾ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ

www.sikhbookclub.com

ਖ਼ਾਲਸਾ ਪੁਸਤਕਾਂ ਲਿਖ ਕੇ ਨਾ ਕੇਵਲ ਸਿੱਖ ਇਤਿਹਾਸ ਅਤੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਨੂੰ ਹੀ ਪਹਿਲੀ ਵਾਰ ਕਾਨੀਬੰਦ ਕੀਤਾ ਹੈ ਬਲਕਿ ਇਨ੍ਹਾਂ ਰਚਨਾਵਾਂ ਵਿਚ ਵਰਤੀ ਗਈ ਬੋਲੀ ਨੇ ਪੰਜਾਬੀ ਸਾਹਿਤ ਨੂੰ ਵੀ ਅਮੀਰ ਬਣਾਇਆ ਹੈ। ਮਹੰਤ ਸਾਧੂ ਸਿੰਘ ਨੇ ਆਦਿ ਗ੍ਰੰਥ ਵਿਚ ਅੰਕਿਤ ਗੁਰਬਾਣੀ ਦੀ ਵਿਆਖਿਆ ਕਰਨ ਲਈ 'ਗੁਰ ਸਿਖਿਆ ਪ੍ਰਭਾਕਰ' ਬਿ: ਸੰਮਤ 1958 (1901 ਈ.) ਤਿੰਨ ਜਿਲਦਾਂ ਅਤੇ 'ਗੁਰ ਸਿਧਾਂਤ ਜਯੋਤੀ' ਗ੍ਰੰਥਾਂ ਦੀ ਰਚਨਾ ਕੀਤੀ। 'ਉਥਾਨਕਾ ਗੁਰੂ ਗ੍ਰੰਥ ਸਾਹਿਬ' ਮਹੰਤ ਸਾਧੂ ਸਿੰਘ ਦੀ ਇਕ ਹੋਰ ਖੋਜ ਭਰਪੂਰ ਪੁਸਤਕ ਹੈ ਜੋ ਕਿ ਪੰਜਾਬੀ ਬੋਲੀ ਵਿਚ ਲਿਖੀ ਗਈ ਹੈ। ਸੰਤ ਗੁਰਦਿੱਤ ਸਿੰਘ ਨੇ ਕੁਰਾਨ ਦਾ ਟੀਕਾ ਪੰਜਾਬੀ ਬੋਲੀ ਵਿਚ ਕੀਤਾ ਜੋ ਕਿ ਪੰਜਾਬੀ ਸਾਹਿਤ ਨੂੰ ਇਕ ਅਦੁੱਤੀ ਦੇਣ ਹੈ। ਇਹ ਟੀਕਾ ਸੰਮਤ 1962 ਬਿ. (1905 ਈ.) ਵਿਚ ਪਹਿਲੀ ਵਾਰ ਪ੍ਰਕਾਸ਼ਤ ਹੋਇਆ। ਇਸੇ ਕਾਲ ਵਿਚ ਸੰਤ ਆਤਮਾ ਸਿੰਘ ਨੇ 'ਸਾਖੀ ਪ੍ਰਮਾਣ ਗ੍ਰੰਥ' ਪੰਜਾਬੀ ਬੋਲੀ ਵਿਚ ਲਿਖਿਆ ਜੋ ਕਿ 1893 ਈ. ਵਿਚ ਪ੍ਰਕਾਸ਼ਤ ਕੀਤਾ ਗਿਆ। ਪੰਡਤ ਈਸ਼ਰ ਸਿੰਘ ਕਾਂਸ਼ੀ ਵਾਲੇ ਨੇ ਕੁਝ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ 'ਸ੍ਰੀ ਗੁਰਮਤ ਦਿਗ ਵਿਜੈ' ਪ੍ਰਸਿੱਧ ਹੈ। ਇਸ ਦੇ ਪ੍ਰਕਾਸ਼ਤ ਹੋਣ ਦਾ ਸਮਾਂ 1903 ਈ. ਹੈ। ਸੰਤ ਨਿਹਾਲ ਸਿੰਘ ਦੀ 'ਨਿਰਮਲ ਪ੍ਰਭਾਕਰ' ਅਰ 'ਸਿੱਖੀ ਪ੍ਰਭਾਕਰ' (1902 ਈ.) ਇਕ ਹੋਰ ਵਰਣਨ ਯੋਗ ਪੁਸਤਕ ਹੈ। ਉਪਰੋਕਤ ਸਾਹਿਤਕਾਰਾਂ ਦੇ ਸਮਕਾਲੀ ਕੁਝ ਹੋਰ ਵੀ ਸੰਤ ਲੇਖਕ ਹੋਏ ਹਨ ਜਿਨ੍ਹਾਂ ਨੇ ਕੁਝ ਮੌਲਿਕ ਪੁਸਤਕਾਂ ਲਿਖੀਆਂ ਅਤੇ ਟੀਕਾ ਸਾਹਿਤ ਵਿਚ ਵੀ ਵਾਧਾ ਕੀਤਾ। 1855 ਈ. ਤੋਂ 1905 ਈ. ਤਕ ਦੇ ਪੰਜ ਦਹਾਕਿਆਂ ਵਿਚ ਨਿਰਮਲ ਵਰਗ ਦੇ ਇਤਿਹਾਸ ਵਿਚ ਪਿਛਲੇ ਵਰ੍ਹਿਆਂ ਨਾਲੋਂ ਬਹੁਤ ਜ਼ਿਆਦਾ ਅਤੇ ਉੱਚ ਕੋਟੀ ਦਾ ਸਾਹਿਤ ਲਿਖਿਆ ਗਿਆ। ਸਾਹਿਤ ਦੇ ਪੱਖ ਤੋਂ ਇਹ ਕਾਲ ਨਿਰਮਲ ਸੰਪ੍ਰਦਾਇ ਦਾ ਸੁਨਹਿਰੀ ਕਾਲ ਆਖਿਆ ਜਾ ਸਕਦਾ ਹੈ।

ਸਾਹਿਤਕ ਕਿਰਤਾਂ ਨੇ ਨਿਰਮਲ ਸੰਪ੍ਰਦਾਇ ਦੇ ਵਿਕਾਸ ਵਿਚ ਬਹੁ-ਪੱਖੀ ਵਾਧਾ ਕੀਤਾ। ਬੁੱਧੀਜੀਵੀਆਂ ਨੇ ਇਨ੍ਹਾਂ ਦੀਆਂ ਰਚਨਾਵਾਂ ਦਾ ਸੁਆਗਤ ਕੀਤਾ ਅਤੇ ਗੁਰਮਤ ਦੀ ਵਿਆਖਿਆ ਕਰਨ ਸਮੇਂ ਇਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਵਿਚੋਂ ਹਵਾਲੇ ਦੇਣ ਲੱਗੇ। ਭਾਈ ਕਾਨ੍ਹ ਸਿੰਘ ਨੇ ਆਪਣੇ ਕੋਸ਼ ਤਿਆਰ ਕਰਨ ਸਮੇਂ ਤਾਰਾ ਸਿੰਘ ਨਰੋਤਮ ਦੇ 'ਗੁਰ ਗਿਰਾਰਥ' ਵਿਚੋਂ ਲਏ ਹਵਾਲਿਆਂ ਦਾ ਜ਼ਿਕਰ ਕੀਤਾ ਹੈ। ਧਾਰਮਿਕ ਵਿੱਦਿਆ ਦੇ ਅਨੇਕ ਵਿਦਿਆਰਥੀਆਂ ਉੱਤੇ ਇਨ੍ਹਾਂ ਦੀ ਪ੍ਰਤਿਭਾ ਦਾ ਪ੍ਰਭਾਵ ਪਿਆ ਅਤੇ ਇਨਾਂ ਵਿਦਵਾਨਾਂ ਦੇ ਸ਼ਿਸ਼ ਬਣ ਗਏ।

1905 ਈ. ਤੋਂ ਬਾਅਦ ਦੇ ਵਰ੍ਹਿਆਂ ਵਿਚ ਵੀ ਨਿਰਮਲੇ ਸਾਹਿਤਕਾਰ ਪੈਦਾ ਹੋਏ ਅਤੇ ਇਨ੍ਹਾਂ ਦੀਆਂ ਨਵੀਆਂ ਕਿਰਤਾਂ ਪਾਠਕਾਂ ਸਾਹਮਣੇ ਆਉਂਦੀਆਂ ਰਹੀਆਂ। ਮਹੰਤ ਗਣੇਸ਼ਾ ਸਿੰਘ ਅਤੇ ਦਿਆਲ ਸਿੰਘ ਦੀ ਸੰਪ੍ਰਦਾਇ ਨੂੰ ਦੇਣ ਵਿਸ਼ੇਸ਼ ਵਰਣਨਯੋਗ ਹੈ ਜਿਨ੍ਹਾਂ ਨੇ ਆਪਣੇ ਵਰਗ ਦੇ ਇਤਿਹਾਸ ਨੂੰ ਕਾਨੀਬੰਦ ਕੀਤਾ ਅਤੇ ਵਰਤਮਾਨ ਕਾਲ ਤੱਕ ਹੋਏ ਵਰਗ ਦੇ ਸਾਰੇ

www.sikhbookclub.com

ਸੰਤਾਂ ਦੀ ਸੂਚੀ ਤਿਆਰ ਕੀਤੀ। ਮਹੰਤ ਗਣੇਸ਼ਾ ਸਿੰਘ ਨੇ ਚਕਿਤਸਾ, ਵੇਦਾਂਤ ਅਤੇ ਗੁਰਮਤ ਦੇ ਵਿਸ਼ਿਆਂ 'ਤੇ ਲਗਭਗ 36 ਪੁਸਤਕਾਂ ਲਿਖੀਆਂ। ਗੁਰਦਿੱਤ ਸਿੰਘ ਨੇ 'ਗੁਰਮਤ ਸਿਧਾਂਤ ਸਾਰ' ਵਿਚ ਗੁਰਮਤ ਦਰਸ਼ਨ ਦੀ ਵਿਆਖਿਆ ਕੀਤੀ ਹੈ। 1915 ਈ. ਤਕ ਨਿਰਮਲੇ ਵਰਗ ਦੇ ਵਿਦਵਾਨਾਂ ਦੀਆਂ ਅਨੇਕ ਸਾਹਿਤਕ ਕਿਰਤਾਂ ਸਿੱਖਾਂ ਤਕ ਪਹੁੰਚ ਚੁੱਕੀਆਂ ਸਨ। ਇਸ ਤੋਂ ਉਪਰੰਤ ਇਨ੍ਹਾਂ ਵਿਦਵਾਨਾਂ ਨੇ ਸੰਸਕ੍ਰਿਤ ਅਤੇ ਪੰਜਾਬੀ ਪੜ੍ਹਾਉਣ ਦਾ ਕੰਮ ਵੀ ਜਾਰੀ ਰੱਖਿਆ। ਇਸ ਸਮੇਂ ਤਕ ਆਮ ਸਿੱਖਾਂ ਉੱਤੇ ਇਨ੍ਹਾਂ ਵਿਦਵਾਨਾਂ ਦੀ ਵਿਦਵਤਾ ਦਾ ਪ੍ਰਭਾਵ ਪੈ ਚੁੱਕਾ ਸੀ। ਗੁਰਮਤ-ਪ੍ਰਚਾਰ ਦੀ ਗਤੀ ਨੂੰ ਤੇਜ਼ ਕਰਨ ਲਈ ਇਸੇ ਵਰਗ ਵਿਚੋਂ ਮਹੰਤ ਗੁਰਦਿੱਤ ਸਿੰਘ ਨੇ 1915 ਈ. ਵਿਚ ਸਪਤਾਹਕ ਪੱਤ੍ਰਕਾ 'ਨਿਰਮਲ ਉਦੇਸ਼' ਪ੍ਰਕਾਸ਼ਤ ਕਰਨੀ ਸ਼ੁਰੂ ਕੀਤੀ। ਇਸ ਪੱਤ੍ਰਕਾ ਦੁਆਰਾ ਵਰਗ ਦਾ ਸੰਦੇਸ਼ ਸਾਰੇ ਮੈਂਬਰ ਸੰਤਾਂ ਤਕ ਪਹੁੰਚ ਜਾਂਦਾ ਸੀ ਜਿਸ ਦਾ ਪ੍ਰਤੀਫਲ ਆਪਸੀ ਸਹਿਯੋਗ ਨਾਲ ਪ੍ਰਚਾਰ ਕਰਨ ਵਿਚ ਵਧੇਰੇ ਸਹੂਲਤ ਹੋ ਗਈ।

ਕਨਖਲ ਅਤੇ ਪਟਿਆਲੇ ਵਿਚ ਅਖਾੜਿਆਂ ਦੀ ਸਥਾਪਨਾ ਤੋਂ ਬਾਅਦ ਇਸ ਵਰਗ ਦੇ ਸੰਤਾਂ ਨੇ ਭਾਰਤ ਦੇ ਪ੍ਰਸਿੱਧ ਤੀਰਥ ਸਥਾਨਾਂ 'ਤੇ ਅਤੇ ਪੰਜਾਬ ਦੇ ਪਿੰਡਾਂ ਕਸਬਿਆਂ ਵਿਚ ਪ੍ਰਚਾਰ ਕਰਨ ਦੇ ਪ੍ਰੋਗਰਾਮ ਬਣਾ ਲਏ। ਸਫਲ ਅਤੇ ਪ੍ਰਭਾਵਸ਼ਾਲੀ ਪ੍ਰਚਾਰ ਲਈ ਇਲਾਕਿਆਂ ਵਿਚ ਸਥਾਈ ਟਿਕਾਣੇ ਬਣਾ ਕੇ ਉਥੇ ਰਹਿਣਾ ਜ਼ਰੂਰੀ ਸੀ, ਇਸ ਲਈ ਇਨ੍ਹਾਂ ਪ੍ਰਚਾਰਕਾਂ ਨੇ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦੀ ਰਿਹਾਇਸ਼ ਵਾਲੀ ਥਾਂ ਨੂੰ 'ਡੇਰਾ' ਆਖਿਆ ਜਾਂਦਾ ਹੈ। ਇਨ੍ਹਾਂ ਡੇਰਿਆਂ ਵਿਚ ਰਹਿ ਕੇ ਇਹ ਧਰਮ ਪ੍ਰਚਾਰ ਕਰਦੇ ਅਤੇ ਵਿਦਵਾਨ ਸਿੱਖਾਂ ਨੂੰ ਪੰਜਾਬੀ ਪੜ੍ਹਾਉਂਦੇ ਤਾਂ ਜੋ ਉਹ ਗੁਰਬਾਣੀ ਪੜ੍ਹਨ ਯੋਗ ਹੋ ਜਾਣ। ਵਿੱਦਿਆ ਪੜ੍ਹਨ ਸਮੇਂ ਕਈ ਸ਼ਿਸ਼ ਆਪਣੇ ਵਿੱਦਿਆ-ਗੁਰੂ ਦੇ ਸੇਵਾਦਾਰ ਬਣ ਕੇ ਡੇਰੇ ਵਿਚ ਹੀ ਰਹਿਣ ਲੱਗ ਜਾਂਦੇ। ਇਨ੍ਹਾਂ ਡੇਰਿਆਂ ਵਿਚ ਰਹਿ ਕੇ ਪ੍ਰਚਾਰ ਕਰਨ ਨਾਲ ਵਰਗ ਦੀ ਸੰਖਿਆ ਵਿਚ ਵਾਧਾ ਹੋਇਆ। ਡੇਰੇ ਵਿਚ ਗੁਰੂ-ਸ਼ਿਸ਼ ਦੀ ਉਪਰੋਕਤ ਰੀਤ ਨਾਲ ਹਰ ਡੇਰੇ ਦੀ ਵੱਖਰੀ ਪੁਸ਼ਤ ਬਣਨ ਲੱਗੀ ਜਿਸ ਨੂੰ ਵਰਗ ਦੀ ਪੁਸ਼ਤ ਆਖਿਆ ਜਾਂਦਾ ਹੈ। ਇਸੇ ਪੁਸ਼ਤ ਨੂੰ ਇਨ੍ਹਾਂ ਸੰਤਾਂ ਨੇ ਸੰਪ੍ਰਦਾਇ ਆਖਣਾ ਸ਼ੁਰੂ ਕਰ ਦਿੱਤਾ। ਇਨ੍ਹਾਂ *ਸੰਪ੍ਰਦਾਵਾਂ ਦੇ ਨਾਂਅ ਵਰਗ ਦੀਆਂ ਮਹਾਨ ਸ਼ਖ਼ਸੀਅਤਾਂ ਜਾਂ ਡੇਰਿਆਂ ਦੇ ਸਥਾਨ ਦੇ ਨਾਮ ਉੱਤੇ ਹੀ ਰੱਖੇ ਗਏ ਹਨ। ਮਹੰਤ ਦਿਆਲ ਸਿੰਘ ਅਤੇ ਮਹੰਤ ਗਣੇਸ਼ਾ ਸਿੰਘ ਨੇ ਆਪਣੀਆਂ ਪੁਸਤਕਾਂ ਵਿਚ ਭਾਰਤ ਦੀ ਸਮੁੱਚੀ ਨਿਰਮਲ ਸੰਪ੍ਰਦਾਇ ਦਾ ਵਰਗੀਕਰਨ ਕੀਤਾ ਹੈ। ਦੋਹਾਂ ਇਤਿਹਾਸਕਾਰਾਂ ਵੱਲੋਂ ਲਿਖੀ ਸੰਖਿਆ ਵਿਚ ਅੰਤਰ ਹੈ। ਮਹੰਤ ਗਣੇਸ਼ਾ ਸਿੰਘ ਅਨੁਸਾਰ ਨਿਰਮਲ ਭੇਖ ਦੀਆਂ ਸੰਪ੍ਰਦਾਵਾਂ ਦੀ ਸੰਖਿਆ ਸਤਾਰਾਂ ਹੈ ਜਿਨ੍ਹਾਂ ਦੇ ਨਾਵਾਂ ਦੀ ਸੂਚੀ ਨਿਮਲ ਲਿਖਤ ਹੈ :-

---

*ਨਿਰਮਲੇ ਸੰਤ ਭੇਖ ਵਿਚ ਇਕੋ ਰੂਪ ਮੰਨੇ ਜਾਂਦੇ ਹਨ ਪਰ ਫਿਰ ਵੀ ਕਿਤੇ ਅਸਥਾਨ ਦੀ ਪ੍ਰਧਾਨਤਾ ਜਾਂ ਕਿਤੇ ਉੱਚੀ ਸੁੱਚੀ ਜ਼ਿੰਦਗੀ ਵਾਲੇ ਮਹਾਂ ਪੁਰਸ਼ਾਂ ਦੇ ਨਾਮ 'ਤੇ ਸੰਪ੍ਰਦਾਇ (ਖ਼ਾਨਦਾਨ) ਰੂਪ ਕਰ ਕੇ ਅਲੱਗ ਹੀ ਗਿਣੇ ਜਾਂਦੇ ਹਨ। (ਨਿਰਮਲ ਪੰਥ ਦਰਸ਼ਨ, ਹਿੱਸਾ ਦੂਜਾ ਭੂਮਿਕਾ।)

www.sikhbookclub.com

1. ਸੰਪ੍ਰਦਾਇ ਕਟਈ
2. ਸੰਪ੍ਰਦਾਇ ਠਾਕੁਰਾਂ
3. ਸੰਪ੍ਰਦਾਇ ਪੰਡੋਰੀ ਨਿਝਰਾਂ
4. ਸੰਪ੍ਰਦਾਇ ਗੰਧੀਆਂ
5. ਸੰਪ੍ਰਦਾਇ ਅਯੁੱਧਿਆ ਵਾਸੀ
6. ਸੰਪ੍ਰਦਾਇ ਦੁਭੇਰਨੀ
7. ਸੰਪ੍ਰਦਾਇ ਭਗੀਰਥੀ
8. ਸੰਪ੍ਰਦਾਇ ਠੀਕਰੀਵਾਲਾ
9. ਸੰਪ੍ਰਦਾਇ ਖਡੂਰ ਸਾਹਿਬ
10. ਸੰਪ੍ਰਦਾਇ ਨੌਰੰਗਾਬਾਦ
11. ਸੰਪ੍ਰਦਾਇ ਹੋਤੀ ਮਰਦਾਨ
12. ਸੰਪ੍ਰਦਾਇ ਰਾਮ ਤੀਰਥ
13. *ਸੰਪ੍ਰਦਾਇ ਮਹਿਮੇ ਸ਼ਾਹ
14. ਸੰਪ੍ਰਦਾਇ ਸ਼ੇਖ਼ਵਾਂ
15. ਸੰਪ੍ਰਦਾਇ ਮੁਕਤਸਰ
16. ਸੰਪ੍ਰਦਾਇ ਡਰੌਲੀ ਭਾਈ
17. ਸੰਪ੍ਰਦਾਇ ਬਰਨਾਲਾ ਮਹੰਤ ਦਿਆਲ ਸਿੰਘ ਨੇ ਆਪਣੀ ਪੁਸਤਕ 'ਨਿਰਮਲ ਪੰਥ ਦਰਸ਼ਨ' ਵਿਚ ਸੰਪ੍ਰਦਾਵਾਂ ਦੀ ਗਿਣਤੀ 33 ਲਿਖੀ ਹੈ, ਜਿਸ ਦਾ ਵਰਗੀਕਰਨ ਇਸ ਪ੍ਰਕਾਰ ਹੈ :-

1. ਸੰਪ੍ਰਦਾਇ ਠਾਕਰਾਂ
2. ਸੰਪ੍ਰਦਾਇ ਨੌਰੰਗਾਬਾਦ
3. ਸੰਪ੍ਰਦਾਇ ਹੋਤੀ ਮਰਦਾਨ
4. ਸੰਪ੍ਰਦਾਇ ਦੁਭੇਰਨੀ
5. ਸੰਪ੍ਰਦਾਇ ਭਗੀਰਥੀ

*ਮਹੰਤ ਹਰੀ ਸਿੰਘ, ਐਡੀਟਰ ਨਿਰਮਲ ਉਦੇਸ਼ ਨੇ ਇਕ ਪੈਂਫਲੇਟ 'ਮਹਿਮੇ ਸ਼ਾਹੀਏ ਨਿਰਮਲੇ ਨਹੀਂ' ਵਿਚ ਇਹ ਸਿੱਧ ਕੀਤਾ ਹੈ ਕਿ ਮਹਿਮੇ ਸ਼ਾਹ ਸੰਪ੍ਰਦਾਇ ਦੇ ਸੰਤ ਨਿਰਮਲ ਸੰਪ੍ਰਦਾਇ ਵਿਚੋਂ ਨਹੀਂ ਹਨ।

www.sikhbookclub.com

6. ਸੰਪ੍ਰਦਾਇ ਬਰਨਾਲਾ
7. ਸੰਪ੍ਰਦਾਇ ਡਰੌਲੀ
8. ਸੰਪ੍ਰਦਾਇ ਮੁਕਤਸਰ
9. ਸੰਪ੍ਰਦਾਇ ਮਹਿਮੇ ਸ਼ਾਹੀਆਂ
10. ਸੰਪ੍ਰਦਾਇ ਜਲਾਲ
11. ਸੰਪ੍ਰਦਾਇ ਸ਼ੇਖ਼ਵਾਂ ਦੌਦਾ
12. ਸੰਪ੍ਰਦਾਇ ਠੀਕਰੀ ਵਾਲਾ।
13. ਸੰਪ੍ਰਦਾਇ ਦੌਦਰ
14. ਸੰਪ੍ਰਦਾਇ ਨਗਾਲੀ ਸਾਹਿਬ
15. ਸੰਪ੍ਰਦਾਇ ਖਡੂਰੀਆਂ
16. ਸੰਪ੍ਰਦਾਇ ਬਲੌਂਗੀ
17. ਸੰਪ੍ਰਦਾਇ ਗੁਰੂ ਮਾਂਗਟ
18. ਸੰਪ੍ਰਦਾਇ ਰਾਮ ਤੀਰਥੀਆਂ
19. ਸੰਪ੍ਰਦਾਇ ਕਾਂਸ਼ੀ
20. ਸੰਪ੍ਰਦਾਇ ਗਿਰਵੜੀ
21. ਸੰਪ੍ਰਦਾਇ ਮੰਗਵਾਲ
22. ਸੰਪ੍ਰਦਾਇ ਕੁਮੇਰੀਆਂ
23. ਸੰਪ੍ਰਦਾਇ ਗੰਧੀਆਂ
24. ਸੰਪ੍ਰਦਾਇ ਅੱਡਣ ਸ਼ਾਹੀ ਨਿਰਮਲੇ
25. ਸੰਪ੍ਰਦਾਇ ਪੰਡੋਰੀ ਨਿੱਝਰਾਂ
26. ਸੰਪ੍ਰਦਾਇ ਬਾਬਾ ਗੁਰਮੁਖ ਸਿੰਘ
27. ਸੰਪ੍ਰਦਾਇ ਬਿੰਦਰਾ ਬਨੀਏ
28. ਸੰਪ੍ਰਦਾਇ ਅਯੁੱਧਿਆ ਵਾਸੀ
29. ਸੰਪ੍ਰਦਾਇ ਦਮਦਮੀਆਂ
30. ਸੰਪ੍ਰਦਾਇ ਬਾਬਾ ਕੁਮਾ ਸਿੰਘ

www.sikhbookclub.com

31. ਸੰਪ੍ਰਦਾਇ ਗੁਰੂ ਸਰੀਆਂ

32. ਸੰਪ੍ਰਦਾਇ ਠਾਕੁਰ ਬਹਾਲ ਸਿੰਘ

33. ਸੰਪ੍ਰਦਾਇ ਕਟਈ।

ਸੰਪ੍ਰਦਾਵਾਂ ਦੇ ਉਪਰੋਕਤ ਵਰਗੀਕਰਨ ਤੋਂ ਪਤਾ ਲੱਗਦਾ ਹੈ ਕਿ 17 ਸੰਪ੍ਰਦਾਵਾਂ ਤਾਂ ਉਹੋ ਹਨ ਜੋ ਮਹੰਤ ਗਣੇਸ਼ਾ ਸਿੰਘ ਨੇ ਲਿਖੀਆਂ ਹਨ ਅਤੇ 16 ਸੰਪ੍ਰਦਾਵਾਂ ਮਹੰਤ ਦਿਆਲ ਸਿੰਘ ਨੇ ਨਵੀਆਂ ਲਿਖੀਆਂ ਹਨ।

ਹਰ ਸੰਪ੍ਰਦਾਇ ਦਾ ਵੱਖਰਾ ਵੱਖਰਾ ਸ਼ਜਰਾ ਬਣਿਆ ਹੋਇਆ ਹੈ ਜੋ ਕਿ ਇਨ੍ਹਾਂ ਦੇ ਡੇਰਿਆਂ ਤੋਂ ਪ੍ਰਾਪਤ ਹੁੰਦਾ ਹੈ। ਸ਼ਜਰੇ ਵਿਚੋਂ ਸਬੰਧਿਤ ਸੰਪ੍ਰਦਾਇ ਦੇ ਮੁਖੀ ਸੰਤ ਤੋਂ ਲੈ ਕੇ ਵਰਤਮਾਨ ਕਾਲ ਤਕ ਦੇ ਸੰਤਾਂ ਦੀ ਕ੍ਰਮਵਾਰ ਸੂਚੀ ਪਤਾ ਲੱਗਦੀ ਹੈ। ਸੰਪ੍ਰਦਾਵਾਂ ਦਾ ਵਰਗੀਕਰਨ ਅਤੇ ਇਨ੍ਹਾਂ ਦੇ ਸ਼ਜਰੇ ਵੇਖ ਕੇ ਭਾਰਤ ਵਿਚ ਸਮੁੱਚੀ ਨਿਰਮਲ ਸੰਪ੍ਰਦਾਇ ਦੇ ਸੰਤ ਮੈਂਬਰਾਂ ਦੀ ਸੂਚੀ ਸਾਡੇ ਸਾਹਮਣੇ ਆ ਜਾਂਦੀ ਹੈ ਅਤੇ ਇਹ ਸੂਚੀ ਵਰਗ ਦੇ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਸਹਾਈ ਹੁੰਦੀ ਹੈ।

ਗੌਣ ਰੂਪੀ ਸੰਪ੍ਰਦਾਵਾਂ ਦੇ ਡੇਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਬਣੇ ਹੋਏ ਹਨ। ਇਨ੍ਹਾਂ ਡੇਰਿਆਂ ਵਿਚ ਨਿਵਾਸ ਕਰ ਰਹੇ ਸੰਤ ਆਪਣੀ ਸੰਪ੍ਰਦਾਇ ਦੇ ਪੂਰਬਲੇ ਸੰਤਾਂ ਵੱਲੋਂ ਤੋਰੀ ਪਰੰਪਰਾ ਨੂੰ ਜਾਰੀ ਰੱਖਣ ਦੇ ਯਤਨ ਕਰਦੇ ਰਹੇ ਹਨ ਅਤੇ ਇਨ੍ਹਾਂ ਦੇ ਯਤਨਾਂ ਦੁਆਰਾ ਧਰਮ ਪ੍ਰਚਾਰ ਅਤੇ ਪਠਨ ਪਾਠਨ ਦਾ ਕੰਮ ਇਨ੍ਹਾਂ ਡੇਰਿਆਂ ਵਿਚ ਹੁੰਦਾ ਰਿਹਾ ਹੈ। ਵਿੱਦਿਆ ਦੀ ਰੀਤ ਦੇ ਪ੍ਰਤੀਫਲ ਹੀ ਨਵੇਂ ਸ਼ਿਸ਼ਾਂ ਅਤੇ ਸ਼ਰਧਾਲੂਆਂ ਦੀ ਸੰਖਿਆ ਵਿਚ ਵਾਧਾ ਹੁੰਦਾ ਰਿਹਾ ਤੇ ਸੰਪ੍ਰਦਾਇ ਦੀ ਵਿਕਾਸ-ਗਤੀ ਜਾਰੀ ਰਹੀ। ਸੰਪ੍ਰਦਾਵਾਂ ਦਾ ਵਰਗੀਕਰਨ ਨਿਰਮਲ ਸੰਪ੍ਰਦਾਇ ਦੇ ਵਿਕਾਸ ਦਾ ਅੰਤਲਾ ਪੜਾਅ ਹੈ। ਇਨ੍ਹਾਂ ਸੰਪ੍ਰਦਾਵਾਂ ਦੇ ਡੇਰੇ ਨਿਰਮਲੇ ਸੰਤਾਂ ਦੀ ਵਿਚਾਰਧਾਰਾ ਦੇ ਸਿੱਖਿਆ-ਕੇਂਦਰ ਬਣ ਗਏ।

ਅਖਾੜਿਆਂ ਦੀ ਸਥਾਪਨਾ ਅਤੇ ਰਾਜਿਆਂ ਵੱਲੋਂ ਜਗੀਰਾਂ ਅਤੇ ਹੋਰ ਮਾਲੀ ਸਹਾਇਤਾ ਮਿਲਣ ਦੇ ਫਲਸਰੂਪ ਵਰਗ ਦੀ ਆਮਦਨੀ ਵਿਚ ਚੋਖਾ ਵਾਧਾ ਹੋਇਆ। ਇਹ ਸਾਰਾ ਧਨ ਗੁਰਮਤ ਪ੍ਰਚਾਰ ਲਈ ਹੀ ਵਰਤਿਆ ਜਾਣਾ ਸੀ। ਪ੍ਰਚਾਰ ਵਿਧੀ ਵਿਚ ਵਿਸ਼ੇਸ਼ ਵਾਧਾ ਕਰ ਕੇ 1865 ਈ. (ਬਿ.ਸੰ.1922) ਵਿਚ ਸ੍ਰੀ ਮਹੰਤ ਮਹਿਤਾਬ ਸਿੰਘ ਨੇ ਸੰਤ ਵਿਦਵਾਨਾਂ ਦੀ ਸਲਾਹ ਨਾਲ 'ਰਮਤਾ ਅਖਾੜਾ*' ਦੀ ਸਥਾਪਨਾ ਕੀਤੀ। ਰਮਤਾ ਅਖਾੜੇ ਦਾ ਮਨੋਰਥ ਸੰਪ੍ਰਦਾਇ ਦੇ ਮੁੱਖ ਮਨੋਰਥ ਨਾਲੋਂ ਭਿੰਨ ਨਹੀਂ ਸੀ। ਅੰਤਰ ਕੇਵਲ ਇਹ ਸੀ ਕਿ ਸੰਤਾਂ ਦੀ ਇਹ ਮੰਡਲੀ ਸਾਰੇ

*ਰਮਤਾ ਅਖਾੜਾ ਵਿਚ ਵੱਧ ਤੋਂ ਵੱਧ 50 ਅਤੇ ਘੱਟ ਤੋਂ ਘੱਟ 20 ਸਾਧੂ ਹੁੰਦੇ ਹਨ ਜਿਨ੍ਹਾਂ ਵਿਚ ਚਾਰ ਮੁੱਖੀਏ ਮਹੰਤ, ਇਕ ਗ੍ਰੰਥੀ, ਇਕ ਪੁਜਾਰੀ, ਇਕ ਪੰਡਤ ਜਾਂ ਗਿਆਨੀ, ਇਕ ਕੋਠਾਰੀ, ਇਕ ਸ੍ਰੀ ਭੰਡਾਰੀ ਤੇ ਇਕ ਚੌਕੀ ਰਾਗੀ ਸਿੰਘਾਂ ਦੀ ਜ਼ਰੂਰ ਹੁੰਦੀ ਸੀ। (ਨਿਰਮਲ ਪੰਥ ਦਰਸ਼ਨ-ਭਾਗ ਦੂਜਾ-(ਪੰਨਾ 332)

www.sikhbookclub.com

ਭਾਰਤ ਵਿਚ ਘੁੰਮ ਕੇ ਪ੍ਰਚਾਰ ਕਰਨ ਲੱਗੀ। ਆਖਾੜੇ ਦੇ ਕੰਮ ਵਿਚ ਇਕਸਾਰਤਾ ਰੱਖਣ ਲਈ ਕੁਝ ਨਿਯਮ ਬਣਾ ਦਿੱਤੇ ਗਏ :-

(1) ਰਮਤਾ ਅਖਾੜੇ ਨੇ ਕੇਵਲ ਉਸ ਪਿੰਡ ਜਾਂ ਸ਼ਹਿਰ ਵਿਚ ਜਾਣਾ ਹੈ ਜਿੱਥੇ ਨਿਰਮਲ ਸੰਪ੍ਰਦਾਇ ਦਾ ਕੋਈ ਅਨੁਆਈ ਜਾਂ ਸ਼ਰਧਾਲੂ ਰਹਿੰਦਾ ਹੋਵੇ। ਇਹ ਅਖਾੜਾ ਉਸ ਥਾਂ 'ਤੇ ਕੁਝ ਦਿਨ ਠਹਿਰਦਾ ਹੈ ਅਤੇ ਸਤਿਸੰਗ ਤੇ ਕੀਰਤਨ ਆਦਿ ਦਾ ਸਮਾਗਮ ਹੁੰਦਾ ਹੈ। ਉਸ ਥਾਂ ਫਿਰ ਦੂਜੀ ਵਾਰ 12 ਵਰ੍ਹੇ ਤੋਂ ਪਹਿਲਾਂ ਨਹੀਂ ਜਾਂਦਾ।

(2) ਹਰ ਇਕ ਸਾਧੂ ਲਈ ਭਗਵਾ ਬਸਤ੍ਰ ਪਹਿਨਣਾ ਜ਼ਰੂਰੀ ਹੈ।

(3) ਭਾਵੇਂ ਰਮਤਾ ਅਖਾੜਾ ਕਿੰਨੀ ਦੂਰ ਹੋਵੇ, ਕੁੰਭ ਦੇ ਮੌਕੇ 'ਤੇ ਹਰਿਦੁਆਰ ਪ੍ਰਯਾਗ ਆਦਿਕ ਤੀਰਥਾਂ 'ਤੇ ਪੁੱਜਣਾ ਜ਼ਰੂਰੀ ਹੈ।

(4) ਇਨ੍ਹਾਂ ਮੁੱਖ ਨਿਯਮਾਂ ਤੋਂ ਬਿਨਾਂ ਅਨੁਸ਼ਾਸਨ ਕਾਇਮ ਰੱਖਣ ਲਈ ਮੈਂਬਰ ਸਾਧੂਆਂ ਦੀਆਂ ਨਿੱਜੀ ਲੋੜਾਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਇਹ ਰਮਤਾ ਅਖਾੜਾ 1865 ਈ. ਤੋਂ ਹੁਣ ਤਕ ਨਿਰੰਤਰ ਸੰਪ੍ਰਦਾਇ ਦੀ ਸੇਵਾ ਕਰਦਾ ਆ ਰਿਹਾ ਹੈ। ਨਿਰਮਲੇ ਸਾਹਿਤਕਾਰਾਂ ਦੀਆਂ ਰਚਨਾਵਾਂ, ਵਿਦਵਾਨਾਂ ਵੱਲੋਂ ਵਿਅਕਤੀਗਤ ਰੂਪ ਵਿਚ ਪ੍ਰਚਾਰ ਅਤੇ ਰਮਤਾ ਅਖਾੜੇ ਵੱਲੋਂ ਸਾਰੇ ਭਾਰਤ ਵਿਚ ਕੀਤੀ ਸੇਵਾ ਨੇ ਨਿਰਮਲ ਸੰਪ੍ਰਦਾਇ ਨੂੰ ਸਿੱਖਾਂ ਵਿਚ ਪ੍ਰਸਿੱਧ ਕਰ ਦਿੱਤਾ।

ਨਿਰਮਲ ਸੰਪ੍ਰਦਾਇ ਦੀ ਉੱਤਪਤੀ ਅਤੇ ਵਿਕਾਸ ਦਾ ਅਧਿਐਨ ਕਰਨ ਤੋਂ ਬਾਅਦ ਇਹ ਗੱਲ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਸਿੱਖਾਂ ਦਾ ਵਿਦਵਾਨ ਵਰਗ ਇਕ ਸੰਪ੍ਰਦਾਇ ਦੀ ਸਥਾਈ ਹੋਂਦ ਕਾਇਮ ਕਰਨ ਵਿਚ ਸਫਲ ਹੋ ਗਿਆ। ਸੰਪ੍ਰਦਾਇ ਦੇ ਸਮੁੱਚੇ ਰੂਪ ਨੂੰ ਦ੍ਰਿਸ਼ਟੀ ਗੋਚਰ ਕਰਵਾਉਣ ਲਈ ਇਸ ਦੇ ਮੁੱਖ ਨਿਯਮਾਂ ਦੀ ਜਾਣਕਾਰੀ ਜ਼ਰੂਰੀ ਹੈ।

ਨਿਰਮਲ ਸੰਪ੍ਰਦਾਇ ਦੇ ਨਿਯਮ :-

'ਨਿਰਮਲ ਸੰਪ੍ਰਦਾਇ' ਜਿਸ ਦਾ ਕੇਂਦਰੀ ਦਫ਼ਤਰ ਕਨਖਲ (ਹਰਿਦੁਆਰ) ਹੈ, ਨਿਰਮਲੇ ਸੰਤਾਂ ਦੀ ਇਕ ਰਜਿਸਟਰਡ ਸੰਸਥਾ ਹੈ।

1. ਇਸ ਦੇ ਪ੍ਰਧਾਨ ਨੂੰ 'ਸ੍ਰੀ ਮਹੰਤ' ਦੀ ਉਪਾਧੀ ਨਾਲ ਸੰਬੋਧਨ ਕੀਤਾ ਜਾਂਦਾ ਹੈ ਅਤੇ ਸੰਪ੍ਰਦਾਇ ਦੇ ਸਾਰੇ ਮੈਂਬਰ ਇਸ ਦਾ ਹੁਕਮ ਮੰਨਦੇ ਤੇ ਸਤਿਕਾਰ ਕਰਦੇ ਹਨ।
2. ਨਵਾਂ 'ਸ੍ਰੀ ਮਹੰਤ' ਪਹਿਲੇ 'ਸ੍ਰੀ ਮਹੰਤ' ਦੀ ਮੌਤ ਤੋਂ ਬਾਅਦ ਹੀ ਚੁਣਿਆ ਜਾਂਦਾ ਹੈ। ਸ੍ਰੀ ਮਹੰਤ ਦੇ ਰਿਟਾਇਰ ਹੋਣ ਦੀ ਕੋਈ ਉਮਰ ਜਾਂ ਸਮਾਂ ਨੀਯਤ ਨਹੀਂ ਹੈ।
3. ਨਿਰਮਲ ਪੰਚਾਇਤੀ ਅਖਾੜੇ ਦੀ ਜਾਇਦਾਦ ਸ੍ਰੀ ਮਹੰਤ ਦੀ ਹੁੰਦੀ ਹੈ ਪਰ ਇਸ

www.sikhbookclub.com

ਜਾਇਦਾਦ ਤੋਂ ਹੋਈ ਆਮਦਨੀ ਦਾ ਪ੍ਰਯੋਗ ਸਮੁੱਚੀ ਸੰਪ੍ਰਦਾਇ ਦੇ ਹਿੱਤਾਂ ਲਈ ਕਰਨਾ ਜ਼ਰੂਰੀ ਹੈ।

4. ਅਖਾੜੇ ਦੇ ਅਸਥਾਨਾਂ 'ਤੇ ਪ੍ਰਬੰਧਕ ਸੰਤਾਂ ਨੂੰ ਕੋਈ ਤਨਖ਼ਾਹ ਆਦਿ ਨਹੀਂ ਦਿੱਤੀ ਜਾਂਦੀ ਪਰ ਉਨ੍ਹਾਂ ਦੇ ਜੀਵਨ ਨਿਰਵਾਹ ਦਾ ਸਾਰਾ ਖ਼ਰਚ ਅਖਾੜੇ ਵੱਲੋਂ ਹੀ ਦਿੱਤਾ ਜਾਂਦਾ ਹੈ। ਸ੍ਰੀ ਮਹੰਤ ਇਨ੍ਹਾਂ ਪ੍ਰਬੰਧਕਾਂ ਦੀ ਬਦਲੀ ਵੀ ਕਰ ਸਕਦੇ ਹਨ।

5. ਹਰਿਦੁਆਰ ਪ੍ਰਯਾਗ ਅਤੇ ਉਜੈਨ ਆਦਿ ਕੁੰਭ ਅਤੇ ਅਰਧ ਕੁੰਭ ਸਮੇਂ ਨਿਰਮਲ ਛਾਉਣੀ ਕਾਇਮ ਕੀਤੀ ਜਾਂਦੀ ਹੈ ਅਤੇ ਮੇਲੇ ਵਿਚ ਦੂਜੇ ਭੇਖਾਂ ਵਾਂਗ ਨਿਰਮਲੇ ਸੰਤ ਸ਼ਾਹੀ[1] ਕੱਢਦੇ ਹਨ।

6. ਨਿਰਮਲੇ ਸੰਤ ਲਈ ਕੇਸਾਧਾਰੀ ਹੋਣਾ ਜ਼ਰੂਰੀ ਹੈ।

7. ਨਿਰਮਲੇ ਸੰਤ ਆਪਣਾ ਇਸ਼ਟ ਦੇਵ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ। ਪੁਰਾਣਾਂ ਵਿਚ ਵੀ ਵਿਸ਼ਵਾਸ ਰੱਖਦੇ ਹਨ।

8. ਨਿਰਮਲ ਸੰਤ ਆਪਣੇ ਡੇਰਿਆਂ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਜ਼ਰੂਰ ਕਰਦੇ ਹਨ।

9. ਨਿਰਮਲ ਸੰਪ੍ਰਦਾਇ ਦੇ ਸੰਤਾਂ ਨੂੰ ਸ਼ਾਦੀ ਦੀ ਮਨਾਹੀ ਹੈ।

10. ਕਿਸੇ ਵੀ ਡੇਰੇ ਦੀ ਜਾਇਦਾਦ ਦਾ ਮਾਲਕ ਉਸ ਦੇ ਮਹੰਤ ਦਾ ਚੇਲਾ ਹੀ ਹੁੰਦਾ ਹੈ।

11. ਨਿਰਮਲੇ ਸੰਤ ਦੇਹਧਾਰੀ ਗੁਰੂ ਨੂੰ ਮੰਨਦੇ ਹਨ।

12. ਕੋਈ ਵੀ ਨਿਰਮਲਾ ਸੰਤ ਆਪਣੇ ਨਾਮ ਨਾਲ ਆਪਣੀ ਜਾਤ ਨਹੀਂ ਲਗਾ ਸਕਦਾ। ਸੰਪ੍ਰਦਾਇ ਵਿਚ ਸ਼ਾਮਲ ਹੋ ਚੁੱਕਾ ਹਰ ਸੰਤ ਨਿਰਮਲ ਸੰਤ ਅਖਵਾਉਂਦਾ ਹੈ।

13. ਨਿਰਮਲੇ ਸੰਤ ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਦੇ ਹਨ।

14. ਰਾਮ ਕ੍ਰਿਸ਼ਨ ਆਦਿ ਅਵਤਾਰਾਂ ਨੂੰ ਪੂਜਣ ਯੋਗ ਮੰਨਦੇ ਹਨ।

15. ਗੁਰਦੁਆਰੇ ਅਤੇ ਪੂਜਯ ਸੰਤਾਂ ਮਹਾਤਮਾਵਾਂ ਦੀਆਂ ਸਮਾਧਾਂ 'ਤੇ ਧੂਪ ਦੀਪ ਕਰਨਾ ਅਤੇ ਫੁੱਲ ਚੜ੍ਹਾਉਣਾ ਉਚਿਤ ਸਮਝਦੇ ਹਨ। ਨਿਰਮਲ ਸੰਪ੍ਰਦਾਇ ਦੇ ਵਿਕਾਸ ਦੇ ਵੱਖ-ਵੱਖ ਪੜਾਵਾਂ ਦਾ ਵਿਗਿਆਨਕ ਢੰਗ ਨਾਲ ਵਰਣਨ ਕਰਨ ਤੋਂ ਬਾਅਦ ਸਮੁੱਚੇ ਵਿਕਾਸ ਨੂੰ ਭਾਗਾਂ ਵਿਚ ਕਾਲਬੱਧ ਕੀਤਾ ਜਾ ਸਕਦਾ ਹੈ :

1. ਪੂਰਬ ਗੁਲਾਬ ਸਿੰਘ ਕਾਲ : ਇਹ ਕਾਲ ਵਿਕਾਸ ਦਾ ਪਿਛੋਕੜ ਹੈ।
2. ਗੁਲਾਬ ਸਿੰਘ ਕਾਲ : ਸੰਮਤ 1810 ਬਿਕ੍ਰਮੀ ਤੋਂ ਸੰਮਤ 1864 ਬਿਕ੍ਰਮੀ ਤਕ (1753

---

1. ਸ਼ਾਹੀ।

www.sikhbookclub.com

ਈਸਵੀ ਤੋਂ 1807 ਈਸਵੀ) ਇਸ ਕਾਲ ਵਿਚ ਸਾਹਿਤਕਾਰਾਂ ਅਤੇ ਵਿਦਵਾਨਾਂ ਨੇ ਪ੍ਰਚਾਰ ਦਾ ਕੰਮ ਕੀਤਾ ਅਤੇ ਸੰਪ੍ਰਦਾਇ ਦੇ ਸਥਾਈ ਟਿਕਾਣਿਆਂ ਬਾਰੇ ਵਿਚਾਰ ਬਣਾਉਂਦੇ ਰਹੇ।

3. ਸੰਮਤ 1865 ਬਿਕ੍ਰਮੀ ਤੋਂ ਸੰਮਤ 1912 ਬਿਕ੍ਰਮੀ ਤਕ (1808 ਈ. ਤੋਂ 1855 ਈਸਵੀ ਤਕ) ਇਸ ਕਾਲ ਵਿਚ ਪੰਜਾਬ ਦੀਆਂ ਰਿਆਸਤਾਂ ਦੇ ਰਾਜਿਆਂ ਨਾਲ ਸੰਪਰਕ ਜੁੜਿਆ ਅਤੇ ਅਖਾੜਿਆਂ ਦੀ ਸਥਾਪਨਾ ਹੋਈ। ਇਸ ਤੋਂ ਉਪਰੰਤ ਰਾਜਿਆਂ ਵੱਲੋਂ ਜਗੀਰਾਂ ਅਤੇ ਨਕਦੀ ਦੇ ਰੂਪ ਵਿਚ ਸਹਾਇਤਾ ਮਿਲੀ। ਇਸ ਕਾਲ ਦੀਆਂ ਘਟਨਾਵਾਂ ਨੇ ਸੰਪ੍ਰਦਾਇ ਨੂੰ ਹਰ ਪੱਖ ਤੋਂ ਮਜ਼ਬੂਤ ਬਣਾਇਆ।

4. ਸੰਮਤ 1912 ਬਿਕ੍ਰਮੀ ਤੋਂ ਸੰਮਤ 1962 ਬਿਕ੍ਰਮੀ ਤਕ (1855 ਈਸਵੀ ਤੋਂ 1905 ਈਸਵੀ ਤਕ) ਇਹ ਕਾਲ ਸੰਪ੍ਰਦਾਇ ਦੇ ਸਾਹਿਤ-ਰਚਨਾ-ਖੇਤਰ ਲਈ ਸੁਨਹਿਰੀ ਕਾਲ ਹੈ। ਨਿਰਮਲੇ ਸੰਤਾਂ ਦੀ ਸਾਹਿਤ-ਸਿਰਜਨਾ ਕਰਕੇ ਇਸ ਕਾਲ ਦੀ ਵਿਸ਼ੇਸ਼ ਮਹੱਤਤਾ ਹੈ।

5. ਇਸ ਤੋਂ ਅਗਲਾ ਪੜਾਅ ਗੌਣ ਰੂਪ ਵਿਚ ਸੰਪ੍ਰਦਾਵਾਂ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਡੇਰੇ ਬਣ ਜਾਣ ਬਾਰੇ ਹੈ।

★★★

www.sikhbookclub.com

ਅਧਿਆਇ ਦੂਜਾ

ਸਿੱਖ ਪੰਥ ਅਤੇ ਨਿਰਮਲ ਸੰਪ੍ਰਦਾਇ ਸਮਾਨਤਾਵਾਂ ਤੇ ਭਿੰਨਤਾ

ਵੀਹਵੀਂ ਸਦੀ ਦੇ ਆਰੰਭ ਵਿਚ ਸਿੱਖ ਕੌਮ ਦੀ ਵਾਗਡੋਰ ਰਾਜਨੀਤਕ ਆਗੂਆਂ ਨੇ ਸੰਭਾਲ ਲਈ ਅਤੇ ਧਾਰਮਿਕ ਖੇਤਰ ਵਿਚ ਅਗਵਾਈ ਦੇਣ ਵਾਲੇ ਨਿਰਮਲੇ ਸੰਤਾਂ ਦੇ ਵਰਗ ਨੂੰ ਸਿੱਖਾਂ ਨਾਲੋਂ ਨਿਖੇੜ ਕੇ ਵੱਖ ਕਰ ਦਿੱਤਾ। ਆਪਣੀ ਮੂਲ ਸ਼੍ਰੇਣੀ ਸਿੱਖਾਂ ਨਾਲੋਂ ਨਿਖੜ ਕੇ ਨਿਰਮਲੇ ਸੰਤਾਂ ਨੇ ਆਪਣੇ ਵਰਗ ਨੂੰ ਨਿਯਮਬੱਧ ਸੰਪ੍ਰਦਾਇ ਦੇ ਰੂਪ ਵਿਚ ਢਾਲ ਲਿਆ ਤਾਂ ਜੋ ਪ੍ਰਚਾਰ ਅਤੇ ਵਿੱਦਿਆ ਦੇ ਕੰਮਾਂ ਨੂੰ ਪਹਿਲਾਂ ਵਾਂਗ ਹੀ ਸਮੂਹਕ ਰੂਪ ਵਿਚ ਜਾਰੀ ਰੱਖਿਆ ਜਾ ਸਕੇ। ਸੱਤਾਧਾਰੀ ਰਾਜਨੀਤਕ ਪਾਰਟੀ ਨੇ ਇਸ ਵਰਗ ਦੇ ਵਿਦਵਾਨਾਂ ਨੂੰ ਗੁਰਦੁਆਰਿਆਂ ਵਿਚ ਆ ਕੇ ਪ੍ਰਚਾਰ ਕਰਨ ਤੋਂ ਵਰਜਿਤ ਕਰ ਦਿੱਤਾ ਸੀ, ਜਿਸ ਦਾ ਪ੍ਰਤਿਕਰਮ ਇਹ ਹੋਇਆ ਕਿ ਨਿਰਮਲ ਸੰਪ੍ਰਦਾਇ ਨੇ ਆਪਣੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਣ ਲਈ ਹਰਿਦੁਆਰ ਅਤੇ ਪਟਿਆਲੇ ਵਿਚ ਸਥਾਪਿਤ ਹੋ ਚੁੱਕੇ ਆਪਣੇ ਅਖਾੜਿਆਂ ਵਿਚ ਅਤੇ ਬਨਾਰਸ ਵਿਖੇ ਚੇਤਨ ਮੱਠ ਵਿਚ ਵਿੱਦਿਆ ਦੇ ਵਿਸ਼ੇਸ਼ ਕੇਂਦਰ ਖੋਲ੍ਹ ਦਿੱਤੇ। ਇਨ੍ਹਾਂ ਥਾਵਾਂ ਨੂੰ ਹੀ ਪ੍ਰਚਾਰ ਦੀਆਂ ਸੰਸਥਾਵਾਂ ਬਣਾ ਲਿਆ। ਭਾਵੇਂ ਨਿਰਮਲੇ ਸੰਤਾਂ ਵਿਰੁਧ ਸਿੱਖ ਨਾ ਹੋਣ ਦੇ ਗੰਭੀਰ ਦੋਸ਼ ਲਗਾ ਕੇ ਇਨ੍ਹਾਂ ਨੂੰ ਸਿੱਖਾਂ ਨਾਲੋਂ ਵੱਖਰੇ ਕਰ ਦਿੱਤਾ ਗਿਆ ਪਰ ਇਨ੍ਹਾਂ ਦੇ ਹਿਰਦਿਆਂ ਵਿਚ ਗੁਰੂ ਨਾਨਕ ਜੀ ਦੇ ਚਲਾਏ ਮੱਤ ਲਈ ਅਪਾਰ ਸ਼ਰਧਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੌਂਪੇ ਗਏ ਕਰਤੱਵ ਨੂੰ ਪੂਰਾ ਕਰਨ ਦੀ ਪ੍ਰਬਲ ਇੱਛਾ ਹੈ। ਜਿਵੇਂ ਕਿ ਸਿੱਖ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਵਿਚ ਵਿਦਵਾਨ ਅਤੇ ਪ੍ਰਤਿਭਾਸ਼ਾਲੀ ਸਿੱਖਾਂ ਦਾ ਇਕ ਵਰਗ ਕਾਇਮ ਕਰਨਾ ਚਾਹੁੰਦੇ ਸਨ ਅਤੇ ਇਸ ਸੁਪਨੇ ਨੂੰ ਸਾਕਾਰ ਰੂਪ ਦੇਣ ਲਈ ਉਹਨਾਂ ਨੇ ਪਾਉਂਟੇ ਵਿਚ ਸਾਹਿਤਕਾਰਾਂ ਨੂੰ ਇਕੱਠੇ ਕੀਤਾ, ਜਿਨ੍ਹਾਂ ਵਿਚੋਂ 52 ਕਵੀ ਅਨੁਵਾਦ ਆਦਿ ਦੇ ਸਾਹਿਤਕ ਕੰਮਾਂ ਲਈ ਨਿਯੁਕਤ ਕਰ ਦਿੱਤੇ ਸਨ। ਨਿਰਮਲੇ ਵਿਦਵਾਨਾਂ ਦਾ ਸੰਬੰਧ ਗੁਰੂ ਜੀ ਦੀ ਸਥਾਪਿਤ ਕੀਤੀ ਸਾਹਿਤਕਾਰਾਂ ਦੀ ਸੰਸਥਾ ਨਾਲ ਹੈ, ਇਸ ਲਈ ਸਿੱਖਾਂ ਨਾਲੋਂ ਵੱਖਰੇ ਕੀਤੇ ਜਾਣ ਦੇ ਬਾਵਜੂਦ ਵੀ ਇਹ ਗੁਰੂ ਜੀ ਦੇ ਉਦੇਸ਼ ਨੂੰ ਸਫਲ ਕਰਨਾ ਹੀ ਆਪਣਾ ਕਰਤੱਵ ਸਮਝਦੇ ਹਨ ਅਤੇ ਨਾਨਕ ਮੱਤ ਤੋਂ ਬਿਨਾਂ ਕਿਸੇ ਵੀ ਮੱਤ ਦੇ ਅਨੁਆਈ ਬਣਨਾ ਇਨ੍ਹਾਂ ਨੇ ਸਵੀਕਾਰ ਨਹੀਂ ਕੀਤਾ। ਨਿਰਮਲ ਸੰਪ੍ਰਦਾਇ ਦੀ ਦਾਰਸ਼ਨਿਕ ਵਿਚਾਰਧਾਰਾ ਵੀ ਨਵੀਨ ਜਾਂ ਮੌਲਿਕ ਨਹੀਂ ਹੈ, ਕਿਉਂਕਿ ਸੰਪ੍ਰਦਾਵਾਂ ਦੇ ਦਰਸ਼ਨ ਦਾ ਕੋਈ ਮੌਲਿਕ ਰੂਪ ਹੁੰਦਾ ਹੀ ਨਹੀਂ।

www.sikhbookclub.com

ਜਿਸ ਸ਼੍ਰੇਣੀ ਨਾਲੋਂ ਨਿਖੜ ਕੇ ਇਹ ਹੋਂਦ ਵਿਚ ਆਉਂਦੀਆਂ ਹਨ, ਉਸੇ ਸ਼੍ਰੇਣੀ ਦੀ ਵਿਚਾਰਧਾਰਾ ਨੂੰ ਆਪਣੇ ਮਾਰਗ ਲਈ ਅਪਣਾ ਲੈਂਦੀਆਂ ਹਨ ਅਤੇ ਉਸ ਦੇ ਆਦਰਸ਼ਾਂ ਦੀ ਭਿੰਨ ਰੂਪ ਵਿਚ ਵਿਆਖਿਆ ਕਰ ਕੇ ਨਵੇਂ ਆਦਰਸ਼ ਬਣਾ ਲੈਂਦੀਆਂ ਹਨ। ਜਿਨ੍ਹਾਂ ਕਾਰਣਾਂ ਕਰ ਕੇ ਮੂਲ ਸ਼੍ਰੇਣੀ ਨਾਲੋਂ ਵੱਖਰੀਆਂ ਹੁੰਦੀਆਂ ਹਨ, ਉਨ੍ਹਾਂ ਕਾਰਣਾਂ ਨੂੰ ਹੀ ਆਪਣੇ ਵਿਚਾਰਾਂ ਦਾ ਆਧਾਰ ਬਣਾ ਕੇ ਦਲੀਲਾਂ ਨਾਲ ਆਪਣੇ ਪੱਖ ਦੀ ਸਫਾਈ ਪੇਸ਼ ਕਰਦੀਆਂ ਹਨ।

"ਸੰਪ੍ਰਦਾਇ ਦੀ ਕੋਈ ਆਪਣੀ ਫਿਲਾਸਫੀ ਨਹੀਂ ਹੁੰਦੀ ਜਾਂ ਤਾਂ ਇਹ ਗੁਰਬਾਣੀ ਦੇ ਐਨ ਅਨੁਕੂਲ ਹੋਵੇਗੀ (ਜਿਸ ਵਿਚ ਅਕਾਲੀਆਂ ਤੇ ਸਿੰਘ ਸਭੀਆਂ ਨੂੰ ਵੀ ਕੋਈ ਉਜ਼ਰ ਨਹੀਂ ਹੋਵੇਗਾ) ਜਾਂ ਹਿੰਦੂ ਫਲਸਫੇ ਨਾਲ ਭਰੀ ਹੋਵੇਗੀ ਅਤੇ ਇਸ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਇਕੱਲੀਆਂ ਦੁਕੱਲੀਆਂ ਤੁੱਕਾਂ ਨੂੰ ਵਰਤਿਆ ਹੋਵੇਗਾ, ਜਿਸ ਦੀ ਵੰਨਗੀ ਕੇਵਲ ਉਦਾਸੀਆਂ ਵਿਚ ਹੀ ਨਹੀਂ, ਸਗੋਂ ਨਿਰਮਲੇ ਬਾਬਿਆਂ, ਸਿੰਘ ਸਭੀਆਂ ਵਿਚ ਵੀ ਇਕੋ ਜਿਹੀ ਮਿਲੇਗੀ।"*

ਪ੍ਰਿੰਸੀਪਲ ਤੇਜਾ ਸਿੰਘ ਦੇ ਉਪਰੋਕਤ ਵਿਚਾਰ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਨਿਰਮਲੇ ਸੰਤਾਂ ਨੇ ਵੱਖਰੇ ਹੋ ਕੇ ਵੀ ਗੁਰਮਤ ਦੇ ਸਿਧਾਂਤਾਂ ਦਾ ਹੀ ਪ੍ਰਚਾਰ ਕੀਤਾ। ਨਿਰਮਲਾ ਇਤਿਹਾਸਕਾਰ ਮਹੰਤ ਦਿਆਲ ਸਿੰਘ ਵੀ ਆਪਣੀ ਸੰਪ੍ਰਦਾਇ ਦਾ ਮਾਰਗ ਗੁਰਮਤ ਮਾਰਗ ਹੀ ਲਿਖਦਾ ਹੈ :-

"ਜਿਉਂ-ਜਿਉਂ ਮੱਤ ਪੁਰਾਤਨ ਹੁੰਦਾ ਗਿਆ, ਤਿਉਂ-ਤਿਉਂ ਪੁਰਸ਼ਾਂ ਵਿਚ ਖ਼ਿਆਲ, ਰਹੁ ਰੀਤੀ ਜਾਂ ਵਿਸ਼ੇਸ਼ ਕਿਰਿਆ ਦੇ ਮਤਭੇਦ ਕਰ ਕੇ ਇਸ ਵਿਚੋਂ ਹੀ ਅਲੱਗ-ਅਲੱਗ ਨਾਮ ਦੇ ਕੇ ਫ਼ਿਰਕੇ ਪ੍ਰਗਟ ਹੁੰਦੇ ਗਏ ਪਰ ਨਿਵਿਰਤੀ ਮਾਰਗ ਵਿਚ ਰਹਿਣ ਵਾਲੇ ਨਿਰਮਲੇ ਸਾਧੂਆਂ ਦੀ ਰਹੁ ਰੀਤ ਵਿਚ ਸਿਵਾਏ ਅੰਮ੍ਰਿਤ ਸੰਸਕਾਰ ਦੇ ਹੋਰ ਕਿਸੇ ਤਰ੍ਹਾਂ ਦੀ ਵਿਸ਼ੇਸ਼ ਅਦਲਾ ਬਦਲੀ ਨਾ ਹੋਈ, ਬਲਕਿ ਜੋ ਮਰਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਥ ਅਸਥਾਪਨ ਵੇਲੇ ਕਾਇਮ ਕੀਤੀ ਸੀ, ਉਸੇ ਦੇ ਆਧਾਰ ਪਰ ਨਿਰਮਲੇ ਸੰਤ ਅੱਜ ਤੱਕ ਚੱਲੇ ਆ ਰਹੇ ਹਨ।"**

ਗੁਰਮਤ ਦਰਸ਼ਨ ਦੇ ਕਈ ਪ੍ਰਤਿਨਿਧ ਵਿਦਵਾਨਾਂ ਨੇ ਵੀ ਇਸ ਗੱਲ ਦਾ ਸਮਰਥਨ ਕੀਤਾ ਹੈ ਕਿ ਭਾਵੇਂ ਨਿਰਮਲ ਸੰਪ੍ਰਦਾਇ ਵੱਖਰੇ ਰੂਪ ਵਿਚ ਬਦਲ ਕੇ ਆਪਣਾ ਪ੍ਰਚਾਰ ਕਰਨ ਲੱਗ ਪਈ ਹੈ ਪਰ ਇਸ ਦੇ ਸਿਧਾਂਤ ਸਿੱਖ ਮੱਤ ਨਾਲੋਂ ਵੱਖਰੇ ਨਹੀਂ ਹਨ। ਸਰਦਾਰ ਬਹਾਦਰ ਮਹਿਤਾਬ ਸਿੰਘ ਨੇ ਨਿਰਮਲ ਸੰਪ੍ਰਦਾਇ ਬਾਰੇ ਆਪਣੀ ਰਾਏ ਇਸ ਤਰ੍ਹਾਂ ਲਿਖੀ ਹੈ :-

"ਮੈਂ ਹਮੇਸ਼ਾ ਹੀ ਨਿਰਮਲ ਪੰਥ ਨੂੰ ਗੁਰੂ ਪੰਥ ਦਾ ਅੰਗ ਸਮਝਦਾ ਰਿਹਾ ਹਾਂ।"*** ਇਸੇ

---

* ਪ੍ਰਿੰ. ਤੇਜਾ ਸਿੰਘ — ਸਿੱਖ ਧਰਮ (ਪੰਨਾ 98)

** ਮਹੰਤ ਦਿਆਲ ਸਿੰਘ — ਨਿਰਮਲ ਪੰਥ ਦਰਸ਼ਨ — ਹਿੱਸਾ ਪਹਿਲਾ (ਪੰਨਾ 249)

*** ਬਾਬੇ ਨਾਨਕ ਦਾ ਪੰਥ, ਲੇਖਕ ਮਹੰਤ ਦਿਆਲ ਸਿੰਘ, ਮੁੱਖ ਪੰਨੇ ਉਤੇ ਸਰਦਾਰ ਬਹਾਦਰ ਮਹਿਤਾਬ ਸਿੰਘ ਪ੍ਰਧਾਨ ਲੋਕਲ ਗੁਰਦੁਆਰਾ ਕਮੇਟੀ, ਨਨਕਾਣਾ ਸਾਹਿਬ, 2-4-35

www.sikhbookclub.com

ਤਰ੍ਹਾਂ ਹੀਰਾ ਸਿੰਘ ਦਰਦ ਐਡੀਟਰ 'ਫੁਲਵਾੜੀ' ਨੇ ਨਿਰਮਲ ਸੰਪ੍ਰਦਾਇ ਦੇ ਵਿਚਾਰਾਂ ਨੂੰ ਸਿੱਖੀ ਮਾਰਗ ਦੇ ਅਸੂਲ ਹੀ ਆਖਿਆ ਹੈ :-

"ਮੈਂ ਨਿਰਮਲਿਆਂ ਨੂੰ ਖ਼ਾਲਸਾ ਪੰਥ ਦਾ ਇਹੋ ਜਿਹਾ ਹੀ ਹਿੱਸਾ ਤੇ ਅੰਗ ਸਮਝਦਾ ਹਾਂ ਜਿਹੋ ਜਿਹਾ ਅਕਾਲੀਆਂ ਜਾਂ ਸਿੰਘ ਸਭੀਆਂ ਨੂੰ।"*

ਨਿਰਮਲ ਸੰਪ੍ਰਦਾਇ ਦੇ ਇਤਿਹਾਸਕਾਰ ਅਤੇ ਕੁਝ ਸਿੱਖ ਵਿਦਵਾਨਾਂ ਦੇ ਵਿਚਾਰ ਪੜ੍ਹ ਚੁੱਕਣ ਤੋਂ ਬਾਅਦ ਨਿਰਸੰਦੇਹ ਇਹ ਆਖਿਆ ਜਾ ਸਕਦਾ ਹੈ ਕਿ ਇਸ ਸੰਪ੍ਰਦਾਇ ਨੇ ਸਿੱਖ ਮੱਤ ਦੇ ਵਿਚਾਰਾਂ ਨੂੰ ਹੀ ਪ੍ਰਚਾਰਨ ਦੇ ਯਤਨ ਕੀਤੇ ਹਨ।

ਕਿਸੇ ਵੀ ਮੱਤ ਜਾਂ ਵਿਚਾਰਧਾਰਾ ਦੇ ਪ੍ਰਚਾਰਕਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਨ੍ਹਾਂ ਨੂੰ ਆਪਣੇ ਮੱਤ ਦੇ ਪੂਰਨ ਗਿਆਨ ਤੋਂ ਬਿਨਾਂ ਦੂਜੇ ਪ੍ਰਚੱਲਤ ਮੱਤਾਂ ਬਾਰੇ ਸਰਬ ਪੱਖੀ ਜਾਣਕਾਰੀ ਹੋਵੇ, ਕੇਵਲ ਤਾਂ ਹੀ ਉਹ ਆਪਣੇ ਮੱਤ ਨੂੰ ਸ੍ਰੇਸ਼ਟ ਸਿੱਧ ਕਰਨ ਦੇ ਯੋਗ ਬਣ ਸਕਦੇ ਹਨ। ਸਿੱਖ ਕੌਮ ਨੂੰ ਸਰਬ ਸ੍ਰੇਸ਼ਟ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਮਨੋਰਥ ਇਹ ਵੀ ਸੀ ਕਿ ਇਸ ਕੌਮ ਵਿਚ ਉੱਚ ਕੋਟੀ ਦੇ ਵਿਦਵਾਨ ਪੈਦਾ ਕੀਤੇ ਜਾਣ। ਉਹ ਸਮਝਦੇ ਸਨ ਕਿ ਭਾਰਤੀ ਦਰਸ਼ਨ ਦੇ ਪਿਛੋਕੜ ਦੀ ਸੂਝ ਤੋਂ ਬਾਅਦ ਹੀ ਸਿੱਖ ਮੱਤ ਦੀ ਵਿਸ਼ੇਸ਼ਤਾ ਅਤੇ ਜੀਵਨ ਵਿਚ ਇਸ ਦੀ ਮਹੱਤਤਾ ਨੂੰ ਸਮਝਿਆ ਜਾ ਸਕਦਾ ਹੈ। ਗੁਰੂ ਸਾਹਿਬ ਦੀ ਦੂਰ ਦ੍ਰਿਸ਼ਟੀ ਨੇ ਇਹ ਜਾਂਚ ਲਿਆ ਸੀ ਕਿ ਉਨ੍ਹਾਂ ਤੋਂ ਬਾਅਦ ਸਿੱਖ ਮੱਤ ਨੂੰ ਫੈਲਾਉਣ ਅਤੇ ਜਿਉਂਦਾ ਰੱਖਣ ਲਈ ਭਾਰਤੀ ਦਰਸ਼ਨ ਦੀ ਸੂਝ ਭਲੀ ਭਾਂਤ ਸਹਾਈ ਹੋਵੇਗੀ। ਉਸ ਕਾਲ ਵਿਚ ਭਾਰਤ ਦੇ ਧਰਮਾਂ ਦੇ ਇਤਿਹਾਸ ਦਾ ਅਧਿਐਨ ਕਰਨ ਲਈ ਸੰਸਕ੍ਰਿਤ ਭਾਸ਼ਾ ਦਾ ਗਿਆਨ ਹੋਣਾ ਅਨਿਵਾਰੀ ਸੀ। ਭਾਸ਼ਾ ਦੇ ਗਿਆਨ ਦੀ ਇਸ ਅਵੱਸ਼ਕਤਾ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸੰਸਕ੍ਰਿਤ ਵਿੱਦਿਆ ਸਿੱਖਣ ਦਾ ਆਦੇਸ਼ ਦਿੱਤਾ ਸੀ ਤੇ ਗੁਰੂ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਹੀ ਨਿਰਮਲ ਸੰਪ੍ਰਦਾਇ ਦੇ ਪੂਰਬਲੇ ਵਿਦਵਾਨਾਂ ਨੇ ਵੇਦਾਂ, ਵੇਦਾਂਤ ਅਤੇ ਹਿੰਦੂ ਮੱਤ ਦਾ ਡੂੰਘਾ ਅਧਿਐਨ ਕੀਤਾ। ਸਿੱਖ ਮੱਤ ਵਿਚ ਇਨ੍ਹਾਂ ਦਾ ਵਿਸ਼ਵਾਸ ਦ੍ਰਿੜ੍ਹ ਸੀ ਪਰੰਤੂ ਵੇਦਾਂ ਤੇ ਸ਼ਾਸਤ੍ਰਾਂ ਦਾ ਅਧਿਐਨ ਕਰਨ ਸਮੇਂ ਇਨ੍ਹਾਂ ਵਿਦਵਾਨਾਂ ਨੇ ਸੰਸਕ੍ਰਿਤ ਦੇ ਸ਼ਾਸਤ੍ਰਾਂ ਵਿਚ ਵੀ ਉਹ ਹਵਾਲੇ ਅਤੇ ਵਿਚਾਰ ਪੜ੍ਹੇ ਜੋ ਕਿ ਕਿਸੇ ਨਾ ਕਿਸੇ ਪੱਖ ਤੋਂ ਗੁਰਬਾਣੀ ਵਿਚ ਅੰਕਤ ਵਿਚਾਰਾਂ ਨਾਲ ਮੇਲ ਖਾਂਦੇ ਸਨ। (ਇਸ ਅਧਿਐਨ ਸਮੇਂ ਇਨ੍ਹਾਂ ਦੇ ਮਨਾਂ ਵਿਚ ਇਹ ਭੁਲੇਖੇ ਪੈ ਗਏ ਕਿ ਗੁਰਬਾਣੀ ਦਾ ਸ੍ਰੋਤ ਵੇਦ ਹੀ ਹਨ ਅਤੇ ਵੇਦਾਂ, ਉਪਨਿਸ਼ਦਾਂ ਅਤੇ ਗੁਰਬਾਣੀ ਦਾ ਉਦੇਸ਼ ਸਾਂਝਾ ਹੈ। ਗੁਰਬਾਣੀ ਨੂੰ ਵੈਦਿਕ ਸਾਹਿਤ ਅਤੇ ਹਿੰਦੂ ਮੱਤ ਨਾਲੋਂ ਨਿਖੇੜ ਕੇ ਨਾ ਸਮਝਿਆ।) ਸੰਸਕ੍ਰਿਤ ਦੀ ਵਿੱਦਿਆ ਪ੍ਰਾਪਤੀ ਦਾ ਸਿੱਟਾ ਇਹ ਨਿਕਲਿਆ ਕਿ ਸਿੱਖ ਮੱਤ ਦੇ ਅਨੁਯਾਈ ਹੁੰਦਿਆਂ ਹੋਇਆਂ ਵੀ ਨਿਰਮਲੇ ਵਿਦਵਾਨਾਂ ਨੇ ਕੁਝ ਖੁੱਲ੍ਹਾਂ ਲੈ ਲਈਆਂ ਜਿਹੜੀਆਂ ਸਿੱਖ ਮੱਤ ਦੇ ਸਥਾਪਿਤ ਹੋ ਚੁੱਕੇ ਨਿਯਮਾਂ ਦੇ ਅਨੁਕੂਲ ਨਹੀਂ

* ਬਾਬੇ ਨਾਨਕ ਦਾ ਨਿਰਮਲ ਪੰਥ, ਮੁੱਖ ਪੰਨੇ ਉੱਤੇ।

www.sikhbookclub.com

ਸਨ। ਕਿਉਂਕਿ ਨਿਰਮਲੇ ਸੰਤ ਸੰਸਕ੍ਰਿਤ ਦਾ ਅਧਿਐਨ ਚੰਗੀ ਤਰ੍ਹਾਂ ਕਰਦੇ ਹਨ ਇਸ ਲਈ ਇਹ ਆਪਣੀ ਸੰਪ੍ਰਦਾਇ ਨੂੰ ਪੰਡਤਾਂ ਅਤੇ ਵਿਦਵਾਨਾਂ ਦੀ ਸੰਪ੍ਰਦਾਇ ਸਮਝਦੇ ਹਨ ਅਤੇ ਗੁਰਬਾਣੀ ਦੀ ਜੋ ਵਿਆਖਿਆ ਇਹ ਕਰਦੇ ਹਨ, ਉਸੇ ਨੂੰ ਬਾਣੀ ਦਾ ਅਸਲੀ ਭਾਵ ਦੱਸਦੇ ਹਨ ਅਤੇ ਸੰਸਕ੍ਰਿਤ ਦੇ ਬਹੁ-ਅਰਥਕ ਸ਼ਬਦਾਂ ਨੂੰ ਆਪਣਾ ਵਿਚਾਰ ਠੀਕ ਸਿੱਧ ਕਰਨ ਦੇ ਪੱਖ ਵਿਚ ਵਰਤ ਲੈਂਦੇ ਹਨ।

ਨਿਰਮਲੇ ਸੰਤਾਂ ਦੀ ਵਿਚਾਰਧਾਰਾ, ਵਿੱਦਿਆ ਅਤੇ ਅਧਿਐਨ ਨੂੰ ਮੁੱਖ ਰੱਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਸਿੱਖ ਮੱਤ ਦੇ ਸਿਧਾਂਤਾਂ ਨੂੰ ਹੀ ਆਪਣੀ ਸੰਪ੍ਰਦਾਇ ਦੇ ਮੂਲ ਸਿਧਾਂਤ ਸਵੀਕਾਰ ਕਰਕੇ ਉਨ੍ਹਾਂ ਦੀ ਵਿਆਖਿਆ ਵੇਦਾਂਤ ਅਨੁਸਾਰ ਕੀਤੀ ਹੈ ਜੋ ਪ੍ਰਚਲੱਤ ਸਿੱਖ ਰਿਵਾਇਤ ਦੇ ਵਿਪ੍ਰੀਤ ਹੈ। ਸਿੱਖ ਮੱਤ ਵਿਚ ਵਿਸ਼ਵਾਸ ਰੱਖਦੇ ਹੋਏ ਵੀ ਨਿਰਮਲਿਆਂ ਦੀ ਵਿਆਖਿਆ ਵੱਖਰੀ ਹੈ, ਜਿਸ ਨੂੰ ਕਿ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :-

1. ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਇਸ ਸੰਪ੍ਰਦਾਇ ਦੇ ਵਿਚਾਰ।
2. ਗੁਰੂ ਧਾਰਨ ਕਰਨ ਦੇ ਸੰਬੰਧ ਵਿਚ ਵਿਚਾਰ।
3. ਅਵਤਾਰਵਾਦ ਸੰਬੰਧੀ ਵਿਚਾਰਧਾਰਾ।
4. ਰਹਿਤ ਮਰਯਾਦਾ ਬਾਰੇ ਦ੍ਰਿਸ਼ਟੀਕੋਣ।

ਉਪਰਲੇ ਚਾਰ ਵਿਸ਼ਿਆਂ ਬਾਰੇ ਨਿਰਮਲੇ ਸੰਤਾਂ ਦੀ ਵਿਆਖਿਆ 'ਤੇ ਚਰਚਾ ਕਰ ਚੁੱਕਣ ਤੋਂ ਬਾਅਦ ਇਨ੍ਹਾਂ ਦੇ ਸਿੱਖ ਮੱਤ ਵਿਚ ਵਿਸ਼ਵਾਸ ਬਾਰੇ ਨਿਰਣੇਜਨਕ ਸਿੱਟੇ ਕੱਢੇ ਜਾ ਸਕਦੇ ਹਨ।

ਇਹ ਇਕ ਨਿਰਵਿਵਾਦ ਤੱਤ ਹੈ ਕਿ ਨਿਰਮਲੇ ਵਿਦਵਾਨਾਂ ਨੇ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰ ਕੇ ਵੇਦਾਂਤ ਅਤੇ ਹਿੰਦੂ ਮੱਤ ਬਾਰੇ ਬਹੁਤ ਕੁਝ ਪੜ੍ਹਿਆ ਤੇ ਵਾਚਿਆ ਹੈ। ਵੇਦਕ ਗ੍ਰੰਥਾਂ ਵਿਚੋਂ ਪ੍ਰਾਪਤ ਕੀਤੇ ਗਿਆਨ ਨੂੰ ਉਹ ਸਿੱਖ ਮੱਤ ਦੇ ਸਿਧਾਂਤਾਂ ਦੀ ਵਿਆਖਿਆ ਦਾ ਆਧਾਰ ਬਣਾਉਂਦੇ ਹਨ ਅਤੇ ਇਹੋ ਕਾਰਨ ਹੈ ਕਿ ਗੁਰਬਾਣੀ ਦੀ ਜੋ ਟੀਕਾਕਾਰੀ ਇਹ ਕਰਦੇ ਹਨ, ਉਸ ਉੱਤੇ ਵੇਦਾਂਤ ਦਾ ਰੰਗ ਹੈ।

ਨਿਰਮਲੇ ਸੰਤ ਸਿੱਖ ਮੱਤ ਨੂੰ ਨਵੀਨ ਜਾਂ ਮੌਲਿਕ ਵਿਚਾਰਧਾਰਾ ਮੰਨਣ ਤੋਂ ਸੰਕੋਚ ਕਰਦੇ ਹਨ। ਉਹ ਇਸ ਵਿਚਾਰ ਦੇ ਹਾਮੀ ਹਨ ਕਿ ਸਿੱਖ ਗੁਰੂਆਂ ਦੀ ਬਾਣੀ ਵੇਦਾਂਤ ਵਿਚ ਪ੍ਰਸਤੁਤ ਹੋ ਚੁੱਕੇ ਵਿਚਾਰਾਂ ਦੀ ਹੀ ਸਰਲ ਵਿਆਖਿਆ ਹੈ ਅਤੇ ਆਪਣੇ ਇਸ ਵਿਚਾਰ ਦਾ ਵਰਣਨ ਨਿਰਮਲੇ ਸੰਤ ਆਪਣੇ ਲਿਖੇ ਗ੍ਰੰਥਾਂ ਵਿਚ ਵੀ ਕਰ ਚੁੱਕੇ ਹਨ। ਨਿਰਮਲੇ ਸਾਹਿਤਕਾਰ ਸਾਧੂ ਗੁਰਦਿੱਤ ਸਿੰਘ ਨੇ ਆਪਣੀ ਪੁਸਤਕ "ਗੁਰਮਤ ਸਿਧਾਂਤ ਸਾਰ" ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜੋ ਵਿਚਾਰ ਲਿਖੇ ਹਨ, ਉਹ ਸੰਪ੍ਰਦਾਇ ਦੇ ਪ੍ਰਤੀਨਿਧ ਵਿਚਾਰ ਹਨ :-

"ਮਨੁੱਖ ਮਾਤ੍ਰ ਦੇ ਉਧਾਰ ਖ਼ਾਤਰ ਵੇਦ ਆਦਿਕ ਧਰਮ ਪੁਸਤਕਾਂ ਦਾ ਸਾਰ ਬਾਣੀ ਵਿਚ ਰਚਨਾ ਕੀਤਾ। ਇਸ ਸਾਰੀ ਬਾਣੀ ਨੂੰ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਇਕੱਠੇ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਮ ਪ੍ਰਗਟ ਕੀਤਾ।"*

ਵੇਦਾਂ ਅਤੇ ਆਦਿ ਗ੍ਰੰਥ ਬਾਰੇ ਗੁਰਦਿੱਤ ਸਿੰਘ ਦੀ ਉਪਰੋਕਤ ਰਾਇ ਪੜ੍ਹ ਕੇ ਇਹੋ ਪਤਾ ਲੱਗਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੇ ਵੇਦਾਂ ਦੀ ਪ੍ਰਮੁੱਖਤਾ ਨੂੰ ਪ੍ਰਵਾਨ ਕੀਤਾ ਹੈ ਅਤੇ ਨਿਰਸੰਦੇਹ ਗੁਰੂ ਸਾਹਿਬਾਨ ਦੀ ਬਾਣੀ ਦੀ ਮੌਲਿਕਤਾ ਵਾਲੇ ਪੱਖ ਨੂੰ ਅੱਖੋਂ ਪਰੋਖੇ ਕਰ ਦੇਂਦੇ ਹਨ। ਵੇਦਾਂ ਅਤੇ ਉਪਨਿਸ਼ਦਾਂ ਦੇ ਜੋ ਪ੍ਰਸੰਗ ਬਾਣੀ ਵਿਚ ਦਿੱਤੇ ਗਏ ਹਨ, ਉਨ੍ਹਾਂ ਤੁਕਾਂ ਨੂੰ ਵਿਕੋਲਿਤਰੇ ਰੂਪ ਵਿਚ ਕੱਢ ਕੇ ਆਪਣੀ ਦਲੀਲ ਦੀ ਪੁਸ਼ਟੀ ਕਰਦੇ ਹਨ। ਜਿਵੇਂ ਗੁਰੂ ਅਮਰਦਾਸ ਜੀ ਦੀ ਬਾਣੀ ਵਿਚੋਂ ਨਿਮਨ ਲਿਖੀ ਤੁੱਕ ਦਾ ਹਵਾਲਾ ਦਿੱਤਾ ਜਾਂਦਾ ਹੈ :-

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥

(ਅਨੰਦੁ ਸਾਹਿਬ, ਰਾਮਕਲੀ ਮ: ੩)

ਗੁਰਬਾਣੀ ਦੀ ਇਸ ਤੁੱਕ ਦਾ ਜ਼ਿਕਰ ਗੁਰਦਿੱਤ ਸਿੰਘ ਨੇ ਲਿਖਿਆ ਹੈ :-

"ਏਸੇ ਨਾਮ ਸ਼ਬਦ ਦੀ ਮਹਿਮਾ ਗੁਰਬਾਣੀ ਵਿਚ ਅਤੇ ਪ੍ਰਾਚੀਨ ਉਪਨਿਸ਼ਦ ਆਦਿਕ ਗ੍ਰੰਥਾਂ ਵਿਚ ਅਨੇਕ ਤਰ੍ਹਾਂ ਨਾਲ ਗਾਯਨ ਕੀਤੀ ਹੈ।"

ਸਿੱਖ ਮੱਤ ਦੇ ਸਿਧਾਂਤਾਂ ਬਾਰੇ ਨਿਰਮਲ ਸੰਪ੍ਰਦਾਇ ਦਾ ਦੂਜਾ ਵਿਵਾਦ ਦਾ ਵਿਸ਼ਾ ਗੁਰੂ ਧਾਰਨ ਕਰਨ ਦੀ ਪਰੰਪਰਾ ਅਤੇ ਅਵੱਸ਼ਕਤਾ ਦਾ ਹੈ। ਗੁਰੂ ਦੀ ਪਰਿਭਾਸ਼ਾ, ਗੁਰੂ ਦੀ ਉਪਾਸ਼ਨਾ ਅਤੇ ਗੁਰੂ ਦੀ ਅਨਿਵਾਰਿਕਤਾ ਅਤੇ ਜੀਵਨ ਵਿਚ ਮਹੱਤਤਾ ਬਾਰੇ ਗੁਰਬਾਣੀ ਵਿਚ ਹਰ ਪੱਖ ਤੋਂ ਵਿਸਤ੍ਰਿਤ ਰੂਪ ਵਿਚ ਵਿਚਾਰ ਮਿਲਦੇ ਹਨ। ਪਰ ਇਨ੍ਹਾਂ ਵਿਚਾਰਾਂ ਦੇ ਉਪ੍ਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਮੱਤ ਦੇ ਅਨੁਆਈਆਂ ਨੂੰ ਇਕ ਵਿਸ਼ਿਸ਼ਟ ਰੂਪ ਦਾ ਆਦੇਸ਼ ਦਿੱਤਾ ਹੈ ਕਿ ਉਨ੍ਹਾਂ ਤੋਂ ਬਾਅਦ ਕਿਸੇ ਦੇਹਧਾਰੀ ਗੁਰੂ ਨੂੰ ਮਾਨਤਾ ਨਾ ਦਿੱਤੀ ਜਾਵੇ, ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦਾ ਸਰੂਪ ਸਮਝ ਕੇ, ਇਸੇ ਨੂੰ ਦੇਹਧਾਰੀ ਗੁਰੂ ਦੇ ਸਮਾਨ ਸਮਝਿਆ ਜਾਵੇ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਬਾਰੇ ਇਹ ਸੰਕੇਧ (concept) ਦੂਜੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਪ੍ਰਗਟਾਏ ਗੁਰੂ ਦੇ ਰੂਪ ਤੋਂ ਭਿੰਨ ਜਾਪਦਾ ਹੋਇਆ ਵੀ ਭਿੰਨ ਨਹੀਂ। ਆਪ ਤੋਂ ਪਹਿਲਾਂ ਵੀ ਗੁਰੂ ਸਾਹਿਬਾਨ ਨੇ ਸ਼ਬਦ-ਗੁਰੂ ਦੀ ਮਹੱਤਤਾ ਨੂੰ ਆਪਣੀ ਬਾਣੀ ਵਿਚ ਉਜਾਗਰ ਕੀਤਾ ਹੈ।

ਨਿਰਮਲੇ ਵਿਦਵਾਨ ਗੁਰੂ ਗੋਬਿੰਦ ਸਿੰਘ ਜੀ ਦੇ ਸੰਕੇਧ ਤੋਂ ਭਲੀ ਪ੍ਰਕਾਰ ਜਾਣੂ ਹੁੰਦੇ ਹੋਏ ਵੀ ਇਸ ਨੂੰ ਪੂਰਨ ਰੂਪ ਵਿਚ ਸਵੀਕਾਰ ਨਹੀਂ ਕਰਦੇ। ਗੁਰੂ ਜੀ ਦੇ ਏਸੇ ਆਦੇਸ਼ ਬਾਰੇ ਵਿਵਾਦ ਕਰਦਿਆਂ ਉਹ ਦਲੀਲ ਦੇਂਦੇ ਹਨ ਕਿ ਭਾਵੇਂ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ ਹੀ

---

* *ਸਾਧੂ ਗੁਰਦਿੱਤ ਸਿੰਘ — ਗੁਰਮਤ ਸਿਧਾਂਤ ਸਾਰ — ਭੂਮਿਕਾ।*

ਗੁਰੂ ਦੀ ਮਾਨਤਾ ਦੇਣ ਦਾ ਹੁਕਮ ਕੀਤਾ ਹੈ ਪਰ ਉਨ੍ਹਾਂ ਨੇ ਦੇਹਧਾਰੀ ਗੁਰੂ ਧਾਰਨ ਤੋਂ ਵਰਜਿਤ ਵੀ ਨਹੀਂ ਕੀਤਾ। ਸੋ ਜਿਸ ਮਾਰਗ ਉੱਤੇ ਚਲਣ ਤੋਂ ਗੁਰੂ ਜੀ ਨੇ ਰੋਕਿਆ ਨਹੀਂ, ਉਸ ਮਾਰਗ 'ਤੇ ਚਲਣਾ ਕੋਈ ਅਪਰਾਧ ਜਾਂ ਗੁਰੂ ਦੇ ਹੁਕਮ ਦੀ ਉਲੰਘਣਾ ਨਹੀਂ ਹੈ। ਨਿਰਮਲ ਸੰਪ੍ਰਦਾਇ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਇਸੇ ਸੰਪ੍ਰਦਾਇ ਵਿਚੋਂ ਕਿਸੇ ਸੰਤ ਨੂੰ ਗੁਰੂ ਧਾਰਨ ਕਰ ਲੈਣਾ ਇਸ ਸੰਪ੍ਰਦਾਇ ਦਾ ਪ੍ਰਥਮ ਨਿਯਮ ਹੈ। ਇਹ ਨਿਰਮਲ ਸੰਪ੍ਰਦਾਇ ਦੀ ਰੀਤ ਹੈ। ਆਪਣੇ ਪੱਖ ਦੀ ਸਿੱਖ ਮੱਤ ਦੇ ਸਿਧਾਂਤਾਂ ਅਨੁਸਾਰ ਪੁਸ਼ਟਤਾ ਕਰਨ ਲਈ ਇਸ ਸੰਪ੍ਰਦਾਇ ਦੀ ਇਹ ਦਲੀਲ ਹੈ ਕਿ ਸਿੱਖ ਗੁਰੂਆਂ ਨੇ ਗੁਰੂ ਦੀ ਮਹੱਤਤਾ ਉੱਤੇ ਨਾ ਕੇਵਲ ਉਪਦੇਸ਼ ਹੀ ਦਿੱਤੇ ਹਨ, ਸਗੋਂ ਆਪ ਵੀ ਗੁਰੂ ਧਾਰਨ ਕਰਦੇ ਰਹੇ ਹਨ। ਦੂਜੀ ਦਲੀਲ ਉਹ ਗੁਰਬਾਣੀ ਵਿਚੋਂ ਗੁਰੂ ਦੀ ਮਾਨਤਾ ਦੇ ਪ੍ਰਸੰਗ ਵਿਚ ਲਿਖੀਆਂ ਤੁੱਕਾਂ ਪ੍ਰਸਤੁਤ ਕਰਦੇ ਹਨ ਅਤੇ ਇਸ ਤਰਕ ਦੇ ਆਧਾਰ 'ਤੇ ਦੇਹਧਾਰੀ ਗੁਰੂ ਦੀ ਆਵੱਸ਼ਕਤਾ ਨੂੰ ਸਿੱਖਾਂ ਦੇ ਗੁਰੂਆਂ ਦੇ ਉਪਦੇਸ਼ ਅਨੁਕੂਲ ਹੀ ਸਿੱਧ ਕਰਦੇ ਹਨ।

ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ॥

(ਅੰਗ ੬੪੯)

ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥

(ਅੰਗ ੫੯)

ਇਸ ਪ੍ਰਕਾਰ ਦੀਆਂ ਹੋਰ ਤੁੱਕਾਂ ਦਾ ਪ੍ਰਯੋਗ ਕਰ ਕੇ ਨਿਰਮਲੇ ਸੰਤ ਇਹੋ ਵਿਚਾਰ ਦ੍ਰਿੜ੍ਹ ਕਰਾਉਂਦੇ ਹਨ ਕਿ ਦੇਹਧਾਰੀ ਗੁਰੂ ਨੂੰ ਪ੍ਰਵਾਨ ਕਰ ਲੈਣਾ ਗੁਰਮਤ ਦੇ ਆਸ਼ੇ ਦੇ ਵਿਰੁਧ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਦਾ ਭਾਵਾਰਥ ਵੀ ਆਪਣੇ ਹੀ ਦ੍ਰਿਸ਼ਟੀਕੋਣ ਅਨੁਸਾਰ ਕੱਢਦੇ ਹਨ :-

"ਪਹਿਲੋਂ ਤਾਂ ਇਹ ਦੋਹਾ ਸ੍ਰੀ ਮੁਖਵਾਕ ਨਹੀਂ, ਫੇਰ ਕਿਹੜੇ ਗੁਰੂ ਗ੍ਰੰਥ ਜੀ ਨੂੰ ਦੱਸ ਗੁਰਾਂ ਦੀ ਦੇਹ ਰੂਪਤਾ ਕਹੀ, ਇਸ ਤੋਂ ਆਦਿ ਅਨੇਕ ਤਰ੍ਹਾਂ ਦੇ ਵਿਚਾਰਾਂ ਨੂੰ ਛੱਡ ਕੇ ਅਸੀਂ ਉਸ ਬਚਨ ਦਾ ਵਿਚਾਰ ਕਰਦੇ ਹਾਂ। ਉਸ ਬਚਨ ਵਿਚ ਹੋਰ ਕਿਸੇ ਦੇਹਧਾਰੀ ਗੁਰੂ ਦਾ ਨਿਖੇਧਕ ਪਦ ਕੋਈ ਨਹੀਂ। ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਪਦਵੀ ਅਸਥਾਪਨ ਕੀਤੀ ਹੈ। ਅਤੇ ਜੇ ਆਰਥਿਕ ਨਿਖੇਧ ਮੰਨ ਵੀ ਲਈਏ ਤਾਂ ਭੀ ਦੰਭੀ ਪਾਖੰਡੀ ਅਗਿਆਨੀ ਜੋ ਸਿੱਖ ਦਾ ਧਨ ਹਰਨ ਵਾਲਾ ਗੁਰੂ ਹੈ, ਉਸ ਦਾ ਨਿਖੇਧ ਮੰਨਣਾ ਯੋਗ ਹੈ, ਸਤਿ ਪੁਰਖ ਦੇ ਧਿਆਤਾ ਪੂਰੇ ਗੁਰੂ ਦਾ ਨਿਖੇਧ ਮੰਨਣਾ ਯੋਗ ਨਹੀਂ।"*

** ਸੰਤ ਗੁਰਦਿੱਤ ਸਿੰਘ ਦੀ 'ਗੁਰਮਤਿ ਸਿਧਾਂਤ' ਬਾਰੇ*

www.sikhbookclub.com

ਆਦਿ ਗ੍ਰੰਥ ਦੀ ਗੁਰੂ ਪਦਵੀ ਬਾਰੇ ਜੋ ਵਿਆਖਿਆ ਨਿਰਮਲੇ ਸੰਤ ਆਪਣੀ ਸੂਝ ਭਰੀ ਵਿਦਵਤਾ ਨਾਲ ਕਰਦੇ ਹਨ, ਉਸ ਵਿਚ ਸ਼ਬਦ-ਗੁਰੂ ਦੇ ਸਿਧਾਂਤ ਨੂੰ ਦ੍ਰਿਸ਼ਟੀਗੋਚਰ ਨਹੀਂ ਰੱਖਦੇ। ਸ਼ਬਦ-ਗੁਰੂ ਦੇ ਸਥਾਪਿਤ ਹੋ ਚੁੱਕੇ ਸਿਧਾਂਤ ਨੂੰ ਤਿਆਗ ਕੇ ਹੀ ਦੇਹਧਾਰੀ ਗੁਰੂ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ। ਨਿਰਮਲੇ ਸੰਤ ਆਦਿ ਗ੍ਰੰਥ ਵਿਚ ਪੂਰਾ ਵਿਸ਼ਵਾਸ ਰੱਖਦੇ ਹਨ, ਇਸ ਲਈ ਉਪਰੋਕਤ ਦੱਸੇ ਭਾਵਾਰਥ ਤੋਂ ਬਿਨਾਂ ਆਪਣੇ ਗੁਰੂ ਦੀ ਪਰੀਭਾਸ਼ਾ ਅਤੇ ਕਰਤੱਵ ਨਿਸਚਿਤ ਰੂਪ ਦੇ ਦੱਸਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਨੂੰ ਗੁਰੂ ਰੂਪ ਵਿਚ ਹੀ ਸ਼ਰਧਾ ਨਾਲ ਸਵੀਕਾਰ ਕਰਦੇ ਹਨ ਪਰ ਇਸ ਮਹਾਨ ਪਵਿੱਤਰ ਗ੍ਰੰਥ ਵੱਲ ਲਿਆ ਕੇ ਇਸ ਦੀ ਸੂਝ ਕਰਾਉਣ ਵਾਲੇ ਵਿਅਕਤੀ ਨੂੰ ਗੁਰੂ ਦੀ ਪਦਵੀ ਦੇਂਦੇ ਹਨ ਜਾਂ ਇਹ ਕਹਿੰਦੇ ਹਨ ਕਿ ਇਸ਼ਟ ਗੁਰੂ ਗੁਰੂ ਨਾਨਕ ਦੇਵ ਜੀ ਹੀ ਹਨ ਪਰ ਉਨ੍ਹਾਂ ਦੇ ਦੱਸੇ ਮਾਰਗ 'ਤੇ ਲਿਆਉਣ ਲਈ ਇਕ ਦੇਹਧਾਰੀ ਗੁਰੂ ਦੀ ਲੋੜ ਹੈ ਅਤੇ ਉਸ ਵਿਅਕਤੀ ਨੂੰ ਦੀਖਿਆ ਗੁਰੂ ਦੇ ਰੂਪ ਵਿਚ ਮੰਨਦੇ ਹਨ।

"ਗੁਰੂ ਗ੍ਰੰਥ ਜੀ ਤੋਂ ਬਿਨਾਂ ਦੂਜੇ ਦੇਹਧਾਰੀ ਗੁਰੂ ਦੀ ਲੋੜ ਸਿੱਧ ਹੁੰਦੀ ਹੈ।...ਸ਼ਬਦ ਤੋਂ ਬਿਨਾਂ ਭੀ ਗੁਰੂ ਵਿਦਵਾਨ ਹੈ ਅਤੇ ਸ਼ਬਦ-ਗੁਰੂ ਦੇ ਸਰੀਰ ਤੋਂ ਬਿਨਾਂ ਕਿੱਧਰੇ ਭੀ ਠਹਿਰ ਨਹੀਂ ਸਕਦਾ।"*

ਅਵਤਾਰਵਾਦ :- ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਅਵਤਾਰਵਾਦ ਦਾ ਸਥਾਨ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹੈ। ਸਿੱਖ ਗੁਰੂਆਂ ਨੇ ਅਵਤਾਰਵਾਦ ਦੇ ਵਿਸ਼ੇ ਉੱਤੇ ਪ੍ਰਕਾਸ਼ ਪਾ ਕੇ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਰੂਪ ਦੀ ਵਿਸਥਾਰ ਨਾਲ ਚਰਚਾ ਕੀਤੀ ਹੈ। ਸਿੱਖ ਮੱਤ ਵਿਚ ਅਵਤਾਰਵਾਦ ਦਾ ਸਿਧਾਂਤ ਨਵੀਨ ਰੂਪ ਵਿਚ ਸਥਾਪਤ ਕੀਤਾ ਗਿਆ ਹੈ। ਪਰਮਾਤਮਾ ਘਟ ਘਟ ਵਿਚ ਹੈ ਅਤੇ ਅਜੂਨੀ ਹੈ। ਗੁਰਮਤ ਦੇ ਅਨੁਯਾਈ ਇਸ ਸਿਧਾਂਤ ਨੂੰ ਪ੍ਰਵਾਨ ਕਰਦੇ ਹਨ ਪਰ ਨਿਰਮਲੇ ਸਿੱਖ ਅਵਤਾਰਵਾਦ ਬਾਰੇ ਸਨਾਤਨੀ ਹਿੰਦੂ ਵਿਚਾਰਾਂ ਦੇ ਅਨੁਯਾਈ ਹਨ ਅਤੇ ਇਸ ਗੱਲ ਵਿਚ ਵਿਸ਼ਵਾਸ ਰੱਖਦੇ ਹਨ ਕਿ ਪਰਮਾਤਮਾ ਮਨੁੱਖੀ ਰੂਪ ਵਿਚ ਅਵਤਾਰ ਧਾਰ ਕੇ ਇਸ ਸ੍ਰਿਸ਼ਟੀ ਵਿਚ ਆਉਂਦਾ ਹੈ। ਉਹ ਗੁਰੂ ਨਾਨਕ ਦੇ ਆਗਮਨ ਨੂੰ ਪਰਮਾਤਮਾ ਦਾ ਹੀ ਮਨੁੱਖੀ ਜਾਮੇ ਵਿਚ ਪ੍ਰਵੇਸ਼ ਦੱਸਦੇ ਹਨ। ਮਹੰਤ ਦਿਆਲ ਸਿੰਘ ਨੇ ਇਸ ਵਿਸ਼ਵਾਸ ਨੂੰ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ :-

ਈਸ਼ਵਰ ਅਕਾਲ ਪੁਰਖ ਆਪ ਹੀ ਸੰਮਤ 1526 ਕੱਤਕ ਪੂਰਨਮਾਸ਼ੀ ਵਾਲੇ ਦਿਨ ਸੂਰਜ ਵੰਸ਼ ਦੇ ਬੇਦੀ ਕੁਲ ਵਿਚ ਰਾਇ ਭੋਇੰ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਸ੍ਰੀ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟ ਹੋਇਆ।"**

---

* ਗੁਰਮਤ ਸਿਧਾਂਤ ਸਾਰ-(ਪੰਨਾ 51)

** ਨਿਰਮਲ ਪੰਥ ਦਰਸ਼ਨ-(ਪੰਨਾ 14)

www.sikhbookclub.com

ਹਿੰਦੂ ਮੱਤ ਦੇ ਪ੍ਰਭਾਵ ਅਧੀਨ ਉਹ ਗੁਰੂ ਨਾਨਕ ਦੇਵ ਜੀ ਨੂੰ ਵੀ 16 ਕਲਾਂ ਵਾਲੇ ਅਵਤਾਰ ਮੰਨਦੇ ਹਨ ਜਿਵੇਂ ਕਿ ਕ੍ਰਿਸ਼ਨ ਜੀ ਨੂੰ ਹਿੰਦੂ ਮੱਤ ਵਿਚ ਸਮਝਿਆ ਜਾਂਦਾ ਹੈ। ਪੰਡਤ ਤਾਰਾ ਸਿੰਘ ਨਰੋਤਮ ਦਾ ਕਥਨ ਇਸੇ ਵਿਚਾਰਧਾਰਾ ਦਾ ਪ੍ਰਤੀਨਿਧ ਹੈ :-

"ਵੈਦਕ ਮਗ ਪ੍ਰਵਿਤਿ ਹਿਤ ਦੇਵੀ ਬਿਪ੍ਰ ਨਿਜਧਾਰ।
ਬਿਸ੍ਵ ਰਖਯਾ ਧਰਮ ਹਿਤ ਭੌਂ ਨਾਨਕ ਅਵਤਾਰ।
ਤੈਸੇ ਰੱਛਾ ਸਾਧੂਅਨ ਦੂਸ੍ਨ ਮੂਲ ਬਿਨਾਸ।
ਦਸਮ ਗੁਰੂ ਅਵਤਾਰਤਾ ਹੇਤੁ ਲਿਖਯੋ ਮੁਖ ਖਾਸ।"*

ਸਾਧੂ ਗੁਰਦਿੱਤ ਸਿੰਘ ਦੀਆਂ ਰਚਨਾਵਾਂ ਵਿਚ ਵੀ ਇਹ ਵਿਚਾਰ ਦ੍ਰਿੜ੍ਹਾਇਆ ਗਿਆ ਹੈ ਕਿ ਪਰਮਾਤਮਾ ਮਨੁੱਖੀ ਰੂਪ ਧਾਰ ਕੇ ਇਸ ਸੰਸਾਰ ਵਿਚ ਪ੍ਰਗਟ ਹੁੰਦਾ ਹੈ।

"ਪ੍ਰਾਚੀਨ ਵੇਦਮਤ ਅਤੇ ਗੀਤਾ ਆਦਿਕ ਪੁਸਤਕਾਂ ਵਿਚ ਪ੍ਰਾਚੀਨ ਅਵਤਾਰਾਂ ਨੂੰ ਅਤੇ ਸ੍ਰੀ ਗੁਰੂ ਨਾਨਕ ਦੇਵ ਆਦਿਕ ਨੂੰ ਪਰਮੇਸ਼ਰ ਦਾ ਅਵਤਾਰ ਬਣਾ ਕੇ ਸਪੱਸ਼ਟ ਕਿਹਾ ਗਿਆ ਹੈ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੀ ਇਹ ਗੱਲ ਸਪੱਸ਼ਟ ਹੈ।"**

ਗੁਰਦਿੱਤ ਸਿੰਘ ਨੇ ਆਪਣੀ ਦਲੀਲ ਦੀ ਪੁਸ਼ਟੀ ਭੱਟਾਂ ਦੇ ਸਵੱਈਏ ਵਿਚੋਂ ਤੁੱਕਾਂ ਦੇ ਕੇ ਕੀਤੀ ਹੈ :-

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥

(ਅੰਗ ੧੩੯੦)

ਇਸੇ ਪ੍ਰਸੰਗ ਦੀ ਵਿਆਖਿਆ ਕਰਦਿਆਂ ਗੁਰਦਿੱਤ ਸਿੰਘ ਨੇ ਆਦਿ ਗ੍ਰੰਥ ਵਿਚੋਂ ਇਕ ਹੋਰ ਤੁੱਕ *(ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥ (ਅੰਗ ੧੪੦੮))* ਦੇ ਕੇ ਇਹ ਲਿਖਿਆ ਹੈ ਕਿ ਇਸ ਸ਼ਬਦ ਵਿਚ ਵੀ ਪਰਮੇਸ਼ਰ ਦੇ ਅਨੇਕ ਅਵਤਾਰਾਂ ਦਾ ਕਥਨ ਹੈ। ਗੁਰਬਾਣੀ ਵਿਚ ਵਿਸ਼ਵਾਸ ਰੱਖਦਿਆਂ ਹੋਇਆਂ ਵੀ ਨਿਰਮਲੇ ਸੰਤ ਇਸ ਵਿਚ ਅੰਕਤ ਵਿਚਾਰਾਂ ਦੀ ਪੁਸ਼ਟੀ ਲਈ ਵੇਦਾਂਤ ਵਿਚੋਂ ਵੀ ਹਵਾਲੇ ਦੇਂਦੇ ਹਨ। ਅਵਤਾਰਵਾਦ ਦੇ ਸਿਧਾਂਤ ਨੂੰ ਠੀਕ ਸਿੱਧ ਕਰਨ ਲਈ ਵੇਦਾਂ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦੇ ਹਨ :-

* ਪੰ. ਤਾਰਾ ਸਿੰਘ ਨਰੋਤਮ, ਗੁਰਮਤ ਨਿਰਣਯ ਸਾਗਰ-(ਪੰਨਾ 19)

** ਗੁਰਮਤ ਸਿਧਾਂਤ ਸਾਰ (ਪੰਨਾ 70)

www.sikhbookclub.com

"ਉਸੀ ਤਰ੍ਹਾਂ ਆਪਣੀ ਮਾਯਾ ਸ਼ਕਤੀ ਕਰ ਕੇ ਇਸ ਮਾਇਕ ਸਰੀਰ ਨੂੰ ਧਾਰਨ ਕਰ ਕੇ ਅਨੇਕ ਪ੍ਰਕਾਰ ਦੀ ਚੇਸ਼ਟਾ ਕਰਦਾ ਹੋਇਆ ਭੀ ਪ੍ਰਤੀਤ ਹੁੰਦਾ ਹੈ। ਇਹੋ ਅਰਥ ਵੇਦਾਂ ਤੇ ਪੁਰਾਣਾਂ ਵਿਚ ਪ੍ਰਸਿੱਧ ਹੈ।"*

ਅਵਤਾਰਵਾਦ ਦੇ ਵਿਸ਼ੇ ਉਤੇ ਜੋ ਵਿਚਾਰ ਨਿਰਮਲੇ ਸੰਤਾਂ ਦੇ ਸਾਹਿਤ ਵਿਚੋਂ ਉਪਲਬਧ ਹੁੰਦੇ ਹਨ ਉਨ੍ਹਾਂ ਨੂੰ ਡੂੰਘਾਈ ਨਾਲ ਪਰਖਿਆਂ ਇਹ ਤੱਤ ਉਭਰ ਕੇ ਸਾਹਮਣੇ ਆ ਜਾਂਦਾ ਹੈ ਕਿ ਅਵਤਾਰਵਾਦ, ਦਾ ਸੰਬੋਧ ਉਨ੍ਹਾਂ ਨੇ ਉਪਨਿਸ਼ਦਾਂ ਅਤੇ ਸੰਸਕ੍ਰਿਤ ਦੇ ਪ੍ਰਾਚੀਨ ਸ਼ਾਸਤ੍ਰਾਂ ਵਿਚੋਂ ਅਪਣਾਇਆ ਹੈ ਅਤੇ ਇਹ ਵਿਸ਼ਵਾਸ ਏਨਾ ਬਲਵਾਨ ਹੋ ਗਿਆ ਹੈ ਕਿ ਗੁਰਮਤ ਦੇ ਅਨੁਆਈ ਹੁੰਦੇ ਹੋਏ ਵੀ ਅਵਤਾਰਵਾਦ ਦੇ ਸਿਧਾਂਤ ਨੂੰ ਠੀਕ ਸਿੱਧ ਕਰਨ ਦੀਆਂ ਦਲੀਲਾਂ ਸ਼ਾਸਤ੍ਰਾਂ ਵਿਚੋਂ ਹੀ ਦੇਂਦੇ ਹਨ ਅਤੇ ਗੁਰਸਿੱਖ ਹੋਣ ਦੇ ਕਾਰਨ ਅਵਤਾਰਵਾਦ ਨੂੰ ਗੁਰਮਤ ਦਰਸ਼ਨ ਦੇ ਅਨੁਕੂਲ ਵੀ ਦੱਸਣਾ ਚਾਹੁੰਦੇ ਹਨ ਇਸ ਲਈ ਆਦਿ ਗ੍ਰੰਥ ਵਿਚੋਂ ਕਿਸੇ ਭਗਤ ਕਵੀ ਜਾਂ ਭੱਟਾਂ ਦੇ ਸਵੱਈਏ ਆਦਿ ਵਿਚੋਂ ਹਵਾਲੇ ਦੇ ਕੇ ਅਵਤਾਰਵਾਦ ਨੂੰ ਗੁਰਮਤ ਦਰਸ਼ਨ ਦੇ ਅਨੁਸਾਰ ਸਿੱਧ ਕਰਨ ਦਾ ਯਤਨ ਕਰਦੇ ਹਨ। ਗੁਰਮਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਸਨ ਕੇਵਲ ਉਨ੍ਹਾਂ ਦੀ ਬਾਣੀ ਗੁਰਮਤ ਦਰਸ਼ਨ ਦੀ ਰੂਪ ਰੇਖਾ ਹੈ, ਪਰ ਨਿਰਮਲੇ ਸੰਤ ਨਾਨਕ ਬਾਣੀ ਵਿਚੋਂ ਅਵਤਾਰਵਾਦ ਦੇ ਪੱਖ ਵਿਚ ਹਵਾਲੇ ਦੇਣ ਤੋਂ ਅਸਮਰਥ ਜਾਪਦੇ ਹਨ ਅਤੇ ਜੇ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਇਸ ਵਿਸ਼ੇ ਦੇ ਸੰਬੰਧ ਵਿਚ ਕੋਈ ਵਿਚਾਰ ਮਿਲਦੇ ਹਨ ਤਾਂ ਉਨ੍ਹਾਂ ਵਿਚਾਰਾਂ ਨੂੰ ਸਮੁੱਚੇ ਪ੍ਰਸੰਗ ਵਿਚ ਰੱਖ ਕੇ ਪ੍ਰਸਤੁਤ ਨਹੀਂ ਕਰਦੇ ਬਲਕਿ ਵਿਕੋਲਿਤਰੀਆਂ ਤੁੱਕਾਂ ਦਾ ਹਵਾਲਾ ਦੇਂਦੇ ਹਨ ਜਿਨ੍ਹਾਂ ਦੇ ਪ੍ਰਸੰਗ ਤੋਂ ਬਿਨਾਂ, ਦੂਹਰੇ ਅਰਥ ਵੀ ਹੋ ਸਕਦੇ ਹਨ। ਅਵਤਾਰਵਾਦ ਬਾਰੇ ਨਿਰਮਲੇ ਸੰਤਾਂ ਦੇ ਵਿਚਾਰਾਂ ਤੋਂ ਇਹ ਪਤਾ ਲੱਗਦਾ ਹੈ ਕਿ ਇਨ੍ਹਾਂ ਦਾ ਝੁਕਾਅ ਵੇਦਾਂਤ ਵੱਲ ਹੈ ਅਤੇ ਵੇਦਾਂਤਕ ਵਿਚਾਰਾਂ ਨੂੰ ਹੀ ਉਚਿੱਤ ਸਿੱਧ ਕਰਨ ਲਈ ਆਦਿ ਗ੍ਰੰਥ ਵਿਚੋਂ ਹਵਾਲੇ ਦੇਣ ਦੇ ਯਤਨ ਕਰਦੇ ਹਨ ਅਤੇ ਇਸ ਗੱਲ ਤੋਂ ਅਵੇਸਲੇ ਹੋ ਜਾਂਦੇ ਹਨ ਕਿ ਗੁਰਮਤ ਦਰਸ਼ਨ ਕੇਵਲ ਨਾਨਕ ਬਾਣੀ ਜਾਂ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਦੀ ਬਾਣੀ ਵਿਚ ਹੀ ਹੈ।

ਰਹਿਤ ਮਰਿਯਾਦਾ :- ਸੰਸਾਰਕ ਦੁੱਖਾਂ ਕਲੇਸ਼ਾਂ ਅਤੇ ਆਵਾ ਗਵਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਨ ਲਈ ਸੰਨਿਆਸ ਧਾਰਨ ਕਰ ਲੈਣ ਦੀ ਰੀਤ ਪ੍ਰਾਚੀਨ ਸ਼ਾਸਤ੍ਰਾਂ ਅਤੇ ਹਿੰਦੂ ਧਰਮ ਦਾ ਉਪਦੇਸ਼ ਹੈ। ਗ੍ਰਹਿਸਤ ਜੀਵਨ ਨੂੰ ਤਿਆਗ ਕੇ ਸਮਾਜਕ ਤੇ ਨੈਤਿਕ ਜੀਵਨ ਦੀਆਂ ਸਮੱਸਿਆਵਾਂ ਤੋਂ ਦੂਰ ਜਾ ਕੇ ਇਕਾਂਤ ਵਿਚ ਜੀਵਨ ਬਿਤਾਂਦਿਆਂ ਪ੍ਰਭੂ ਭਗਤੀ ਕਰਨੀ ਵੇਦਾਂਤ ਵਿਚ ਮੁਕਤੀ ਦਾ ਸਾਧਨ ਪ੍ਰਵਾਨ ਕੀਤਾ ਗਿਆ ਹੈ ਅਤੇ ਪਦਾਰਥਕ ਵਸਤੂਆਂ ਦੀ ਖਿੱਚ ਤੋਂ ਨਿਰਲਿਪਤ ਰਹਿਣ ਦਾ ਇਹ ਇਕੋ ਇਕ ਸਾਧਨ ਦ੍ਰਿੜ੍ਹਾਇਆ ਹੈ। ਸਿੱਖ ਮੱਤ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਤ ਜੀਵਨ ਅਤੇ ਅਧਿਆਤਮਕ ਜੀਵਨ ਨੂੰ ਅਨਿਖੜਵੇਂ ਰੂਪ ਵਿਚ

* ਗੁਰਮਤ ਸਿਧਾਂਤ ਸਾਰ, (ਪੰਨਾ 77)

ਪੇਸ਼ ਕੀਤਾ ਹੈ। ਨਾਨਕ ਚਿੰਤਨ ਅਨੁਸਾਰ ਮੁਕਤੀ ਪ੍ਰਾਪਤ ਕਰਨ ਲਈ ਸੰਸਾਰਕ ਜੀਵਨ ਨੂੰ ਤਿਆਗਣ ਦੀ ਲੋੜ ਨਹੀਂ ਹੈ ਬਲਕਿ ਜੀਵਨ ਦੀਆਂ ਸਮੱਸਿਆਵਾਂ ਦੇ ਹੱਲ ਲੱਭ ਕੇ ਪਰਮਾਤਮਾ ਵਿਚ ਅਡੋਲ ਵਿਸ਼ਵਾਸ ਰੱਖਦੇ ਹੋਏ, ਹੁਕਮ ਅੰਦਰ ਰਹਿ ਕੇ ਨੈਤਿਕ ਜੀਵਨ ਬਤੀਤ ਕਰਨਾ ਚਾਹੀਦਾ ਹੈ। ਜਿਨ੍ਹਾਂ ਨੇ ਗੁਰਮਤ ਦਰਸ਼ਨ ਨੂੰ ਜੀਵਨ ਵਿਚ ਅਪਣਾ ਲਿਆ ਹੈ ਉਹ ਪਲਾਇਨ ਵਾਦੀ ਰੁਚੀਆਂ ਨੂੰ ਤਿਲਾਂਜਲੀ ਦੇ ਕੇ ਸਮਾਜਕ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਪ੍ਰਭੂ ਨੂੰ ਸਿਮਰਦੇ ਹਨ। ਪਰ ਨਿਰਮਲੇ ਸੰਤ ਸਿੱਖ ਮੱਤ ਦੇ ਸਿਧਾਂਤਾਂ ਦੇ ਵਿਪਰੀਤ ਵੱਖਰੀ ਵਿਚਾਰਧਾਰਾ ਦੇ ਅਨੁਆਈ ਹਨ ਅਤੇ ਗ੍ਰਹਿਸਤੀ ਸਮੱਸਿਆਵਾਂ ਨੂੰ ਆਤਮਕ ਉੱਨਤੀ ਲਈ ਕੀਤੀ ਜਾਣ ਵਾਲੀ ਸਾਧਨਾ ਦੇ ਰਾਹ ਵਿਚ ਅਟਕਾਅ ਸਮਝ ਕੇ ਗ੍ਰਹਿਸਤ ਤਿਆਗ ਦਾ ਉਪਦੇਸ਼ ਦੇਂਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਸਮਾਜਿਕ ਬੰਧਨਾਂ ਵਿਚ ਗ੍ਰਸਿਆ ਮਨੁੱਖ ਪਰਮਾਤਮਾ ਵੱਲ ਲੀਨ ਨਹੀਂ ਹੋ ਸਕਦਾ ਅਤੇ ਉਸ ਦਾ ਅਧਿਆਤਮਕ ਜੀਵਨ ਭੰਗ ਹੋ ਜਾਂਦਾ ਹੈ। ਜਿੱਥੇ ਗੁਰੂ ਨਾਨਕ ਦੇਵ ਜੀ ਨੇ ਭਾਰਤੀ ਲੋਕਾਂ ਨੂੰ ਪ੍ਰਾਚੀਨ ਸੰਸਕਾਰਾਂ ਵਿਚੋਂ ਕੱਢਿਆ, ਨਵੀਨ ਤੇ ਬਲਵਾਨ ਵਿਚਾਰਧਾਰਾ ਦੇ ਕੇ ਬ੍ਰਾਹਮਣਵਾਦ ਦੀ ਗ਼ੁਲਾਮੀ ਤੋਂ ਮੁਕਤ ਕਰਾਇਆ ਅਤੇ ਹਿੰਦੂ ਮੱਤ ਦੀ ਸਮੁੱਚੀ ਜੀਵਨ ਮਰਿਯਾਦਾ ਵਿਚ ਕ੍ਰਾਂਤੀਕਾਰੀ ਪਰੀਵਰਤਨ ਲਿਆ ਕੇ ਗ੍ਰਹਿਸਤ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਕਰਨ ਦੀ ਜੀਵਨ ਜਾਚ ਦੱਸੀ ਹੈ ਉਥੇ ਨਿਰਮਲੇ ਸੰਤ ਮੁੜ ਉਨ੍ਹਾਂ ਹੀ ਪ੍ਰਾਚੀਨ ਰੀਤਾਂ ਦੇ ਪ੍ਰਭਾਵ ਅਧੀਨ ਗ੍ਰਹਿਸਤ ਨੂੰ ਤਿਆਗਣ ਅਤੇ ਵਿਆਹ ਨਾ ਕਰਨ ਦਾ ਉਪਦੇਸ਼ ਦੇਂਦੇ ਹਨ ਅਤੇ ਵੈਰਾਗ- ਮਈ ਜੀਵਨ ਨੂੰ ਹੀ ਆਤਮਕ ਉੱਨਤੀ ਲਈ ਅਨਿਵਾਰੀ ਸਮਝਦੇ ਹਨ। ਨਿਰਮਲ ਸੰਪ੍ਰਦਾਇ ਦੇ ਲੱਛਣਾਂ ਦੇ ਪ੍ਰਕਾਸ਼ ਪਾਉਂਦਿਆਂ ਮਹੰਤ ਦਿਆਲ ਸਿੰਘ ਨੇ ਲਿਖਿਆ ਹੈ :-

"ਪਰ ਨਵਿਰਤੀ ਮਾਰਗ ਵਿਚ ਰਹਿਣ ਵਾਲੇ ਨਿਰਮਲੇ ਸਾਧੂਆਂ ਦੀ ਰਹੁ ਰੀਤ ਵਿਚ ਸਿਵਾਇ ਅੰਮ੍ਰਿਤ ਸੰਸਕਾਰਾਂ ਦੇ ਹੋਰ ਕਿਸੇ ਤਰ੍ਹਾਂ ਦੀ ਵਿਸ਼ੇਸ਼ ਅਦਲਾ ਬਦਲੀ ਨਹੀਂ ਹੋਈ।"*

ਰਹਿਤ ਦੇ ਪ੍ਰਸੰਗ ਵਿਚ ਲਿਖੀਆਂ ਇਨ੍ਹਾਂ ਸਤਰਾਂ ਤੋਂ ਭਲੀ ਭਾਂਤ ਇਹ ਸਿੱਧ ਹੋ ਜਾਂਦਾ ਹੈ ਕਿ ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਪੁਰਾਤਨ ਨਵਿਰਤੀ ਮਾਰਗ ਨੂੰ ਤਿਆਗਣ ਦਾ ਕਦੇ ਵਿਚਾਰ ਨਹੀਂ ਬਣਾਇਆ। ਨਿਰਮਲਾ ਵਿਦਵਾਨ ਮਹੰਤ ਗਣੇਸ਼ਾ ਸਿੰਘ ਸੰਪ੍ਰਦਾਇ ਦੀ ਰਹਿਤ ਮਰਿਯਾਦਾ ਦੀ ਚਰਚਾ ਕਰਦਿਆਂ, ਸੰਪ੍ਰਦਾਇ ਦੀ ਵਿਚਾਰਧਾਰਾ ਨੂੰ ਸਪੱਸ਼ਟ ਸ਼ਬਦਾਂ ਵਿਚ ਲਿਖਦਾ ਹੈ :-

"ਨਿਰਮਲ ਭੇਖ ਦੇ ਸਾਧੂ ਇਕ ਡੇਰੇਦਾਰ ਹਮੇਸ਼ਾ ਟਿਕੇ ਰਹਿਣ ਵਾਲੇ, ਦੂਜੇ ਵਿਰਕਤ ਹਮੇਸ਼ਾ ਵਿਚਰਦੇ ਰਹਿਣ ਵਾਲੇ ਇਕ ਤਰ੍ਹਾਂ ਦੇ ਦੋ ਭੇਦ ਦੇ ਸਾਧੂ ਕਹੇ ਜਾਂਦੇ ਹਨ। ਇਸਤ੍ਰੀ ਨਹੀਂ ਕਰਦੇ ਅਰ ਹਮੇਸ਼ਾ ਬ੍ਰਹਮਚਰਯ ਬ੍ਰਤ ਪਾਲਣ ਕਰਦੇ ਹਨ।"**

* ਨਿਰਮਲ ਪੰਥ ਦਰਸ਼ਨ।

** ਨਿਰਮਲ ਭੂਸ਼ਣ

www.sikhbookclub.com

ਨਿਰਮਲੇ ਸੰਤਾਂ ਦੀ ਵਿੱਦਿਆ ਦਾ ਆਰੰਭ ਸੰਸਕ੍ਰਿਤ ਭਾਸ਼ਾ ਸਿੱਖਣ ਨਾਲ ਹੋਇਆ ਹੈ ਅਤੇ ਇਹ ਭਾਸ਼ਾ ਸਿਖਦਿਆਂ ਇਨ੍ਹਾਂ ਨੇ ਸੰਸਕ੍ਰਿਤ ਦੇ ਪੁਰਾਤਨ ਗ੍ਰੰਥਾਂ ਦਾ ਵਿਸ਼ੇਸ਼ ਤੌਰ 'ਤੇ ਅਧਿਐਨ ਕੀਤਾ ਹੈ। ਵਿੱਦਿਆ ਪੜ੍ਹਨ ਦੀ ਇਹੋ ਰੀਤ ਵਰਤਮਾਨ ਕਾਲ ਵਿਚ ਵੀ ਨਿਰਮਲੇ ਸੰਤਾਂ ਵਿਚ ਪ੍ਰਚੱਲਤ ਹੈ। ਸੰਸਕ੍ਰਿਤ ਸਾਹਿਤ ਪੜ੍ਹਦਿਆਂ ਸਨਾਤਨੀ ਹਿੰਦੂ ਮੱਤ ਦੀ ਵਿਚਾਰਧਾਰਾ ਦਾ ਪ੍ਰਭਾਵ ਇਨ੍ਹਾਂ ਦੇ ਮਨਾਂ 'ਤੇ ਏਨਾ ਡੂੰਘਾ ਪੈ ਗਿਆ ਕਿ ਉਸੇ ਪ੍ਰਭਾਵ ਨੂੰ ਕਬੂਲ ਕੇ ਆਪਣੀ ਜੀਵਨ-ਜਾਚ ਵਿਚ ਸਮੋ ਲਿਆ। ਇਨ੍ਹਾਂ ਦੀ ਰਹਿਤ ਵੀ ਉਸੇ ਪ੍ਰਭਾਵ ਦਾ ਸਿੱਟਾ ਹੈ, ਪਰ ਇਹ ਗੁਰਸਿੱਖਾਂ ਦੀ ਸ਼੍ਰੇਣੀ ਵਿਚੋਂ ਹਨ ਇਸ ਲਈ ਆਪਣੀ ਜੀਵਨ-ਜਾਚ ਦਾ ਸਮਰਥਨ ਕਰਨ ਲਈ ਕੋਈ ਹਵਾਲਾ ਵੇਦਾਂ ਜਾਂ ਪੁਰਾਣਾਂ ਵਿਚੋਂ ਨਹੀਂ ਦੇਂਦੇ ਬਲਕਿ ਗੁਰਬਾਣੀ ਵਿਚੋਂ ਹੀ ਕੁਝ ਤੁਕਾਂ ਦਾ ਅਰਥ ਆਪਣੀ ਇੱਛਾ ਅਨੁਸਾਰ ਕੱਢ ਕੇ ਆਪਣੀ ਜੀਵਨ-ਜਾਚ ਨੂੰ ਗੁਰਮਤ ਅਨੁਸਾਰ ਉਚਿਤ ਦੱਸਣ ਦਾ ਨਿਸਫਲ ਯਤਨ ਕਰਦੇ ਹਨ। ਇਨ੍ਹਾਂ ਦੀਆਂ ਕੁਝ ਦਲੀਲਾਂ ਤੋਂ ਇਹ ਸੰਕੇਤ ਮਿਲਦੇ ਹਨ ਕਿ ਰਹਿਤ ਵਿਚ ਗੁਰਮਤ ਦਰਸ਼ਨ ਦੀ ਉਲੰਘਣਾ ਕਰਨ ਦਾ ਇਨ੍ਹਾਂ ਨੂੰ ਅਹਿਸਾਸ ਹੈ ਪਰ ਆਪਣੇ ਆਪ ਨੂੰ ਸਿੱਖਾਂ ਨਾਲੋਂ ਨਿਖੇੜਨਾ ਨਹੀਂ ਚਾਹੁੰਦੇ।

ਨਿਰਮਲਿਆਂ ਦੀ ਰਹਿਤ ਦਾ ਗੁਰਮਤ ਦਰਸ਼ਨ ਦੇ ਵਿਪਰੀਤ ਹੋਣਾ ਇਨ੍ਹਾਂ ਉਤੇ ਸਿੱਖ ਨਾ ਹੋਣ ਦਾ ਸਭ ਤੋਂ ਵੱਡਾ ਦੋਸ਼ ਹੈ ਜਿਸ ਨੂੰ ਇਹ ਸਵੀਕਾਰ ਕਰਕੇ ਵੀ ਆਪਣੇ ਆਪ ਨੂੰ ਸਿੱਖ ਅਖਵਾਉਣ ਦੇ ਹੱਕਦਾਰ ਸਮਝਦੇ ਹਨ। ਇਸੇ ਪ੍ਰਸੰਗ ਵਿਚ ਲਿਖਦਿਆਂ ਕਈ ਨਿਰਮਲੇ ਸਾਹਿਤਕਾਰਾਂ ਨੇ ਇਹ ਦਲੀਲ ਦਿੱਤੀ ਹੈ ਕਿ ਗੁਰਮਤ ਵਿਚ ਪ੍ਰਵੇਸ਼ ਕਰਨ ਦੀ ਕੋਈ ਪਾਬੰਦੀ ਨਹੀਂ। ਏਥੇ ਹਰ ਸ਼ਰਨ ਆਏ ਨੂੰ ਟੇਕ ਮਿਲਦੀ ਹੈ ਅਤੇ ਜੇ ਨਿਰਮਲੇ ਸੰਤ, ਰਹਿਤ ਵਿਚ ਕੁਝ ਭਿੰਨ ਹੋਣ ਦੇ ਬਾਵਜੂਦ ਵੀ, ਸਿੱਖ ਮੱਤ ਦੀ ਸ਼ਰਨ ਲੈ ਕੇ ਸਿੱਖ ਅਖਵਾਉਣਾ ਚਾਹੁੰਦੇ ਹਨ ਤਾਂ ਇਹ ਅਨੁਚਿੱਤ ਨਹੀਂ ਹੈ। ਸ਼ਰਨ ਆਏ ਦੀ ਲਾਜ ਰੱਖਣ ਦੇ ਪ੍ਰਸੰਗ ਵਿਚ ਇਕਹਿਰੀਆਂ ਤੁਕਾਂ ਦੇ ਹਵਾਲੇ ਦੇਂਦੇ ਹਨ, ਜਿਵੇਂ :-

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥

(ਅੰਗ ੫੪੪)

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

(ਅੰਗ ੩੦੫)

ਜਿਵੇਂ ਕਿ ਹਰ ਵਿਵਾਦ ਦੇ ਵਿਸ਼ੇ ਉਤੇ ਨਿਰਮਲੇ ਸੰਤਾਂ ਨੇ ਪ੍ਰਸੰਗ ਛੱਡ ਕੇ ਗੁਰਬਾਣੀ ਦੀਆਂ ਤੁਕਾਂ ਦੇ ਸ਼ਬਦਾਰਥ ਆਪਣੇ ਪੱਖ ਦੀਆਂ ਦਲੀਲਾਂ ਲਈ ਵਰਤੇ ਹਨ ਉਸੇ ਤਰ੍ਹਾਂ ਉਪਰੋਕਤ ਤੁਕਾਂ ਨੂੰ ਵੀ ਪ੍ਰਸੰਗ ਨਾਲੋਂ ਨਿਖੇੜ ਕੇ ਪੇਸ਼ ਕੀਤਾ ਗਿਆ ਹੈ। ਕਿਉਂ ਜੋ ਨਿਰਮਲੇ ਸੰਤ ਵੀ, ਗੁਰੂ ਜੀ ਦੇ ਉਪਦੇਸ਼ ਅਨੁਸਾਰ ਪ੍ਰਭੂ ਦਾ ਸਿਮਰਨ ਕਰਦੇ ਹਨ ਇਸ ਲਈ ਆਪਣੇ ਆਪ ਨੂੰ ਪੂਰਨ ਗੁਰਸਿੱਖ ਖ਼ਿਆਲ ਕਰਦੇ ਹਨ, ਪਰ ਗੁਰਮਤ ਦੇ ਇਸ ਪੱਖ ਤੋਂ ਕਿਨਾਰਾ ਕਰ ਜਾਂਦੇ ਹਨ ਕਿ ਪ੍ਰਭੂ ਦਾ ਨਾਮ ਗ੍ਰਿਹਸਤ ਜੀਵਨ ਬਿਤਾਉਂਦਿਆਂ ਹੀ ਸਿਮਰਨਾ ਹੈ। ਕੇਵਲ

www.sikhbookclub.com

ਸਿਮਰਨ ਦਾ ਉਪਦੇਸ਼ ਤਾਂ ਲਗਭਗ ਹਰ ਮੱਤ ਵਿਚ ਹੀ ਦਿੱਤਾ ਗਿਆ ਹੈ।

''ਬਾਬੇ ਨਾਨਕ ਦਾ ਨਿਰਮਲ ਪੰਥ' ਪੁਸਤਕ ਵਿਚ ਮਹੰਤ ਦਿਆਲ ਸਿੰਘ ਨੇ ਨਿਰਮਲਿਆਂ ਦੀ ਰਹਿਤ ਬਾਰੇ ਹੀ ਸਵਿਸਥਾਰ ਚਰਚਾ ਕੀਤੀ ਹੈ ਅਤੇ ਆਪਣੇ ਵਿਚਾਰਾਂ ਦੀ ਪੁਸ਼ਟੀ ਗੁਰਬਾਣੀ ਵਿਚੋਂ ਹੀ ਹਵਾਲੇ ਦੇ ਕੇ ਕਰਦਿਆਂ ਇਹੋ ਸਿੱਟੇ ਕੱਢੇ ਹਨ ਕਿ ਨਿਰਮਲਿਆਂ ਦੀ ਰਹਿਤ ਗੁਰ ਮਰਿਯਾਦਾ ਅਨੁਸਾਰ ਹੀ ਹੈ। ਇਨ੍ਹਾਂ ਦੇ ਵਿਚਾਰਾਂ ਦੀ ਇਕ ਲੜੀ ਹੇਠਾਂ ਦ੍ਰਿਸ਼ਟੀ ਗੋਚਰ ਹੈ :-

''ਗੁਰੂ ਸਾਹਿਬ ਦਾ ਇਹ ਵੀ ਸਿਧਾਂਤ ਹੈ ਕਿ ਕੇਵਲ ਗ੍ਰਹਿਸਤ ਧਾਰਨ ਤੋਂ ਵੀ ਮੁਕਤੀ ਨਹੀਂ ਹੁੰਦੀ ਜੇਹਾ ਕਿ ਹੇਠ ਲਿਖੇ ਗੁਰਵਾਕਾਂ ਤੋਂ ਪਤਾ ਲੱਗਦਾ ਹੈ :

ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ॥
ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ॥

(ਅੰਗ ੭੦)

ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥
ਹੌਨੁ ਨ ਪਾਈਐ ਰਾਮ ਕੇ ਦਾਸਾ॥ (ਅੰਗ ੧੮੦)

ਉਪਰੋਕਤ ਤੁਕਾਂ ਵਿਚ ਗ੍ਰਹਿਸਤ ਜੀਵਨ ਨੂੰ ਨਾਮ ਸਿਮਰਨ ਲਈ ਵਰਜਿਤ ਨਹੀਂ ਕੀਤਾ ਗਿਆ। ਗ੍ਰਹਿਸਤ ਦੇ ਪ੍ਰਸੰਗ ਵਿਚ ਰੱਖ ਕੇ ਇਨ੍ਹਾਂ ਦਾ ਅਰਥ ਕੱਢਣ ਦੀ ਲੋੜ ਹੈ। ਉਨ੍ਹਾਂ ਮਨੁੱਖਾਂ ਨੂੰ ਭੰਡਿਆ ਗਿਆ ਹੈ ਜੋ ਗ੍ਰਹਿਸਤ ਜੀਵਨ ਦੇ ਵਿਲਾਸ ਵਿਚ ਏਨਾ ਲੀਨ ਹੋ ਜਾਂਦੇ ਹਨ ਕਿ ਨਾਮ ਨੂੰ ਵੀ ਵਿਸਾਰ ਦੇਂਦੇ ਹਨ। ਮਹੱਤਵ ਤਾਂ ਇਸ ਵਿਚਾਰ ਨੂੰ ਪ੍ਰਦਾਨ ਕੀਤਾ ਗਿਆ ਹੈ ਕਿ ਗ੍ਰਹਿਸਤ ਵਿਚ ਰਹਿਣਾ ਹੈ ਪਰ ਨਾਮ ਨੂੰ ਵਿਸਾਰਨਾ ਨਹੀਂ। ਭਾਵੇਂ ਨਿਰਮਲੇ ਸੰਤ ਗ੍ਰਹਿਸਤ ਜੀਵਨ ਨਹੀਂ ਜੀਉਂਦੇ ਪਰੰਤੂ ਮਹੰਤ ਗਣੇਸ਼ਾ ਸਿੰਘ ਨੇ *'ਖ਼ਾਲਸਾ ਬਿਵਾਹ ਪਧਤ'* ਪੁਸਤਕ ਲਿਖ ਕੇ ਗ੍ਰਹਿਸਤ ਧਰਮ ਨੂੰ ਉਭਾਰਿਆ ਹੈ। ਇਸ ਦੇ ਨਾਲ ਹੀ ਗ੍ਰਹਿਸਤ ਧਰਮ ਵਿਚ ਪ੍ਰਵੇਸ਼ ਕਰਨ ਸਮੇਂ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਅਨੰਦ ਕਾਰਜ ਸੰਸਕਾਰ ਵਿਚ ਹੋ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਲਈ ਵੀ ਬਹੁਤ ਯਤਨ ਕਰਦਾ ਹੈ। ਸਿੱਖ ਧਰਮ ਵਿਚੋਂ ਜੋਤਿਸ਼, ਸਿਠਣੀਆਂ ਦੇਣੀਆਂ ਅਤੇ ਹੋਰ ਮਨਮਤੀਆਂ ਕਰਮਾਂ ਨੂੰ ਵੀ ਨਿੰਦਦਾ ਹੈ, ਜੋ ਕਿ ਮਹੰਤ ਗਣੇਸ਼ਾ ਸਿੰਘ ਦਾ ਬਹੁਤ ਵਧੀਆ ਯਤਨ ਹੈ। ਇਸੇ ਤਰ੍ਹਾਂ ਹੀ ਪੰਡਤ ਈਸ਼ਰ ਸਿੰਘ ਵੀ ਆਪਣੀ ਰਚਨਾ ਗੁਰਮਤਿ ਦਿਗ ਵਿਜੈ ਵਿਚ ਅਨੰਦ ਕਾਰਜ ਸੰਸਕਾਰ ਵੀ ਅੰਕਿਤ ਕਰਦਾ ਹੈ, ਜਿਸ ਦਾ ਸਿੱਧਾ ਅਰਥ ਗ੍ਰਹਿਸਤ ਨੂੰ ਪ੍ਰਫੁੱਲਤ ਕਰਨਾ ਹੈ। ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਭਾਵੇਂ ਨਿਰਮਲੇ ਸੰਤ ਗ੍ਰਹਿਸਤ ਨੂੰ ਧਾਰਨ ਨਹੀਂ ਕਰਦੇ ਪਰ ਗ੍ਰਹਿਸਤੀਆਂ ਨਾਲ ਨਫ਼ਰਤ ਵੀ ਨਹੀਂ ਕਰਦੇ। ਬਹੁਤ ਸਾਰੇ ਗ੍ਰਹਿਸਤੀ ਨਿਰਮਲੇ ਸੰਤਾਂ ਕੋਲ ਹੁਣ ਵੀ ਸਫੈਦ ਬਸਤਰ ਪਾ ਕੇ ਰਹਿੰਦੇ ਹਨ ਤੇ ਸੇਵਾ ਕਰਦੇ ਹਨ। ਸਭ ਤੋਂ ਵੱਧ ਮਹੱਤਵਪੂਰਨ ਗੱਲ ਇਹ ਹੈ

www.sikhbookclub.com

ਕਿ ਨਿਰਮਲ ਸੰਪ੍ਰਦਾ ਨਾਲ ਸਬੰਧਿਤ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਆਪ ਇਕ ਗ੍ਰਹਿਸਤੀ ਹਨ। ਇਸੇ ਤਰ੍ਹਾਂ ਹੀ ਅੰਮ੍ਰਿਤਸਰ ਵਿਖੇ ਨਿਰਮਲੇ ਸੰਤਾਂ ਦੇ ਡੇਰਿਆਂ ਦੇ ਮੁੱਖੀ ਵੀ ਗ੍ਰਹਿਸਤੀ ਹਨ ਤੇ ਸਫੈਦ ਬਸਤਰ ਧਾਰਨ ਕਰਦੇ ਹਨ। ਨਿਰਮਲੇ ਸੰਤਾਂ ਦਾ ਗ੍ਰਹਿਸਤ ਨਾ ਧਾਰਨ ਕਰਨ ਦਾ ਇਕ ਪ੍ਰਮੁੱਖ ਕਾਰਨ ਇਹ ਵੀ ਹੋ ਸਕਦਾ ਹੈ ਕਿ ਡੇਰੇ ਦੀ ਸੰਪੱਤੀ ਤੇ ਜਾਇਦਾਦ, ਜੋ ਕਿ ਅੱਗੇ ਤੋਂ ਅੱਗੇ ਆਉਣ ਵਾਲੇ ਸੰਤਾਂ ਕੋਲ ਚੱਲਦੀ ਰਹਿੰਦੀ ਹੈ ਪਰੰਤੂ ਜਿਥੇ ਕਈ ਗ੍ਰਹਿਸਥੀ ਨਿਰਮਲੇ ਸੰਤ ਬੈਠੇ ਸਨ, ਉਹ ਡੇਰੇ ਹੀ ਅੱਜ ਖ਼ਤਮ ਹੋ ਚੁੱਕੇ ਹਨ। ਕਾਰਨ ਸਪੱਸ਼ਟ ਹੈ ਕਿ ਜਾਇਦਾਦ ਬਟਵਾਰੇ ਨੇ ਉਹਨਾਂ ਡੇਰਿਆਂ ਨੂੰ ਖ਼ਤਮ ਕਰ ਦਿੱਤਾ ਹੈ।

ਗੁਰਮਤ ਵਿਚ ਪਹਿਰਾਵੇ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਗਈ ਹੈ ਅਤੇ ਪੰਜ ਕਕਾਰ ਦੀ ਪਾਬੰਦੀ ਤਾਂ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਸਿੱਖਾਂ ਲਈ ਖ਼ਾਸ ਆਦੇਸ਼ ਹੈ, ਜਿਸ ਦੀ ਪਾਲਣਾ ਕਰ ਕੇ ਹੀ ਗੁਰਸਿੱਖ ਅਖਵਾਉਣ ਦੇ ਯੋਗ ਬਣਿਆ ਜਾ ਸਕਦਾ ਹੈ। ਨਿਰਮਲੇ ਸੰਤ ਪਹਿਰਾਵੇ ਦੀ ਪਾਬੰਦੀ ਨੂੰ ਸਵੀਕਾਰ ਨਹੀਂ ਕਰਦੇ, ਕੇਵਲ ਕੇਸਾਧਾਰੀ ਹੋਣਾ ਹੀ ਠੀਕ ਸਮਝ ਕੇ ਬਾਕੀ ਪਹਿਰਾਵੇ ਨੂੰ ਨਿਰਾਰਥਕ ਖ਼ਿਆਲ ਕਰਦੇ ਹਨ ਅਤੇ ਆਪਣਾ ਇਹ ਵਿਸ਼ਵਾਸ ਦ੍ਰਿੜ੍ਹਾਉਂਦੇ ਹਨ ਕਿ ਪਹਿਰਾਵੇ ਨਾਲ ਵਿਚਾਰਧਾਰਾ ਉੱਤੇ ਕੋਈ ਪ੍ਰਭਾਵ ਨਹੀਂ ਪੈਂਦਾ। ਸੰਤਾਂ ਦੀ ਸੰਪ੍ਰਦਾਇ ਹੋਣ ਦੇ ਕਾਰਨ ਇਹ ਸਨਾਤਨੀ ਸੰਤਾਂ ਦੀ ਰਹੁ ਰੀਤੀ ਨੂੰ ਵਿਸ਼ੇਸ਼ਤਾ ਦੇਂਦੇ ਹਨ ਅਤੇ ਸੰਤ-ਪਰੰਪਰਾ ਦੇ ਪ੍ਰਭਾਵ ਅਧੀਨ ਹੋ ਕੇ ਅਣਸੀਤਾ ਭਗਵਾ ਵੇਸ ਪਹਿਨਦੇ ਹਨ। ਸਮੁੱਚੇ ਤੌਰ 'ਤੇ ਅਸੀਂ ਇਹ ਆਖ ਸਕਦੇ ਹਾਂ ਕਿ ਨਿਰਮਲੇ ਸੰਤ ਸਿੱਖ ਮੱਤ ਦੇ ਰਹਿਤਨਾਮਿਆਂ ਦੇ ਨਿਯਮਾਂ ਨੂੰ ਪ੍ਰਵਾਨ ਕਰਨ ਤੋਂ ਸੰਕੋਚ ਕਰਦੇ ਹਨ ਪਰੰਤੂ ਗੁਰਸਿੱਖ ਅਖਵਾਉਣਾ ਵੀ ਉਚਿਤ ਸਮਝਦੇ ਹਨ। ਹਰ ਇਕ ਨਿਰਮਲੇ ਸੰਤ ਨੂੰ ਆਪਣੇ ਨਾਮ ਨਾਲ ਸਿੰਘ ਲਗਾਉਣਾ ਬਹੁਤ ਜ਼ਰੂਰੀ ਹੈ।

ਗਣੇਸ਼ ਦੀ ਉਪਾਸ਼ਨਾ :- ਸਾਹਿਤ ਸਿਰਜਨਾ ਕਰਨੀ ਅਤੇ ਇਸ ਦੁਆਰਾ ਆਪਣੇ ਮੱਤ ਦਾ ਪ੍ਰਚਾਰ ਕਰਨਾ ਨਿਰਮਲ ਸੰਪ੍ਰਦਾਇ ਦਾ ਪਰਮ ਉਦੇਸ਼ ਹੈ। ਨਿਰਮਲੇ ਸਾਹਿਤਕਾਰ ਪੁਰਾਤਨ ਰੀਤ ਨੂੰ ਕਾਇਮ ਰੱਖਦੇ ਹੋਏ ਮੰਗਲਾਚਰਨ ਵਿਚ ਗੁਰ ਬੰਦਨਾ ਲਿਖ ਕੇ '੧ਓ' ਵੀ ਲਿਖਦੇ ਹਨ ਪਰ '੧ਓ' ਲਿਖ ਚੁਕਣ ਤੋਂ ਬਾਅਦ ਹਿੰਦੂ ਮੱਤ ਦੇ ਪੁਰਾਤਨ ਸਾਹਿਤਕਾਰਾਂ ਦੀ ਰੀਤ ਅਨੁਸਾਰ ਆਪਣੇ ਆਪ ਨੂੰ ਵੈਦਿਕ ਪਰੰਪਰਾ ਨਾਲੋਂ ਤੋੜਦੇ ਨਹੀਂ ਅਤੇ ਗਣੇਸ਼ ਬੰਦਨਾ ਨੂੰ ਵੀ ਪੂਰੀ ਮਹੱਤਤਾ ਦੇਂਦੇ ਹਨ। ਕੁਝ ਉਦਾਹਰਣਾਂ ਵੇਖਣ ਯੋਗ ਹਨ :-

1. *ਗਉਰੀ ਪੁੱਤ੍ਰ ਗਣੇਸ਼ ਪਦ ਬੰਦੋਂ ਬਾਰੰਬਾਰ।
2. **੧ਓ ਸਤਿ ਗੁਰ ਪ੍ਰਸਾਦਿ॥

---

* ਪੰਡਤ ਗੁਲਾਬ ਸਿੰਘ — ਪ੍ਰਬੋਧ ਚੰਦ੍ਰ ਨਾਟਕ।

** ਪੰਡਤ ਸ਼ੇਰ ਸਿੰਘ — ਕਵੀ ਬੀਰ ਮ੍ਰਿਗੇਸ਼।

www.sikhbookclub.com

ਓ ਸ੍ਰੀ ਸਾਯ ਨਮ: ਸ੍ਰੀ ਭਗਵਦ ਰੂਪ ਨਿਖਲ ਚਰਾ ਚਰਾਤਮਨੇ ਬ੍ਰਹਮਣੇ ਨਮ:
ਸ੍ਰੀ ਗਣੇਸ਼ ਸਰਸ੍ਵਤੀ ਗੁਰੂ ਦਿਜ੍ਹ ਹਰਿ ਤਰ੍ਹ ਵਿਦ ਭਕਿ ਮਦ ਭਬੇ ਨਮ:

ਇਸ ਪ੍ਰਕਾਰ ਗਣੇਸ਼ ਦੀ ਬੰਦਨਾ ਦੀ ਮਹੱਤਤਾ ਸਭ ਨਿਰਮਲੇ ਸਾਹਿਤਕਾਰਾਂ ਨੇ ਪ੍ਰਵਾਨ ਕੀਤੀ ਹੈ। ਨਿਰਮਲੇ ਸੰਤਾਂ ਦੀ ਗਣੇਸ਼ ਲਈ ਇਸ ਉਪਾਸ਼ਨਾ ਦਾ ਕਾਰਨ ਪੰਡਤ ਨਰੈਣ ਸਿੰਘ ਨਿਰਮਲੇ ਨੇ ਸਮਝਾਇਆ ਹੈ :-

"ਪੁਰਾਣਾਂ ਵਿਚ ਲਿਖਿਆ ਹੈ ਕਿ ਜੋ ਪੁਰਸ਼ ਸ਼ੁੱਭ ਕਰਮ ਦੇ ਆਰੰਭ ਵਿਚ ਗਣੇਸ਼ ਦਾ ਪੂਜਨ ਨਹੀਂ ਕਰਦਾ, ਉਸ ਦੇ ਕੰਮ ਵਿਚ ਇਹ ਵਿਘਨ ਪਾ ਦੇਂਦੇ ਹਨ ਅਤੇ ਪੂਰਾ ਨਹੀਂ ਹੋਣ ਦੇਂਦੇ....ਇਸੇ ਕਾਰਨ ਕਰ ਕੇ ਕਵੀ ਜਨ ਗ੍ਰੰਥ ਰਚਨਾ ਦੇ ਆਰੰਭ ਵਿਚ ਇਸ ਦਾ ਮੰਗਲ ਕਰਦੇ ਹਨ। ਉਸੇ ਨਿਯਮ ਨੂੰ ਪੰਡਤ ਗੁਲਾਬ ਸਿੰਘ ਪਾਲਨ ਕਰ ਰਹੇ ਹਨ।"*

ਮੰਗਲਾਚਰਨ ਵਿਚ ਗਣੇਸ਼ ਬੰਦਨਾਂ ਦੀ ਆਵੱਸ਼ਕਤਾ ਅਤੇ ਪੰਡਤ ਨਰੈਣ ਸਿੰਘ ਦੀ ਵਿਆਖਿਆ ਇਸ ਵਿਚਾਰ ਨੂੰ ਠੀਕ ਸਿੱਧ ਕਰਦੀਆਂ ਹਨ ਕਿ ਗੁਰਮਤ ਵਿਚ ੧ਓ ਪੂਰਨ ਵਿਸ਼ਵਾਸ ਰੱਖਣ ਦੇ ਉਪਦੇਸ਼ ਨੂੰ ਤਿਆਗ ਕੇ ਵੀ ਨਿਰਮਲੇ ਸਾਹਿਤਕਾਰ ਪੁਰਾਣਾਂ ਵਿਚ ਵਰਣਨ ਕੀਤੀ ਕਿਸੇ ਵੱਖਰੀ ਅਪਾਰ ਸ਼ਕਤੀ ਵਿਚ ਵਿਸ਼ਵਾਸ ਰੱਖਦੇ ਹਨ। ਇਨ੍ਹਾਂ ਦੇ ਵਿਸ਼ਵਾਸ ਤੋਂ ਤਾਂ ਇਹ ਸਿੱਧ ਹੁੰਦਾ ਹੈ ਕਿ ਗਣੇਸ਼ '੧ਓ' ਤੋਂ ਵੀ ਵਧੇਰੇ ਸ਼ਕਤੀਵਾਨ ਹੈ ਅਤੇ ਜੇ ਇਸ ਨੂੰ ਮਨ ਵਿਚ ਨਾ ਧਿਆਇਆ ਤਾਂ ਕਾਰਜ ਵਿਚ ਅਵੱਸ਼ ਵਿਘਨ ਪਵੇਗਾ। ਨਿਰਮਲੇ ਸੰਤ ਗੁਰਮਤ ਦਰਸ਼ਨ ਨੂੰ ਛੱਡ ਕੇ ਮੁੜ ਪੁਰਾਣਾਂ ਦੀ ਵਿਚਾਰਧਾਰਾ ਨੂੰ ਹੀ ਅਪਨਾ ਲੈਂਦੇ ਹਨ।

ਭਾਵੇਂ ਨਿਰਮਲੇ ਸੰਤਾਂ ਦੀਆਂ ਰਹੁ ਰੀਤਾਂ ਸਿੱਖ ਮੱਤ ਨਾਲੋਂ ਭਿੰਨ ਹੋ ਗਈਆਂ ਹਨ ਪਰ ਸੰਪ੍ਰਦਾਇ ਦੀ ਵਿਚਾਰਧਾਰਾ ਦੀ ਆਧਾਰਸ਼ਿਲਾ ਅਵੱਸ਼ ਗੁਰਮਤ ਦਰਸ਼ਨ ਹੀ ਹੈ ਅਤੇ ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਨ ਦੇ ਬਾਵਜੂਦ ਵੀ ਇਹ ਗੁਰਬਾਣੀ ਨੂੰ ਸ੍ਰੇਸ਼ਟ ਸਮਝਦੇ ਹਨ ਅਤੇ ਸਿੱਖ ਮੱਤ ਨੂੰ ਤਿਆਗ ਕੇ ਕਿਸੇ ਹੋਰ ਮੱਤ ਦੇ ਅਨੁਯਾਈ ਬਣ ਜਾਣਾ ਇਨ੍ਹਾਂ ਨੇ ਪਰਵਾਨ ਨਹੀਂ ਕੀਤਾ। ਗੁਰਮਤ ਦਾ ਪ੍ਰਚਾਰ ਇਨ੍ਹਾਂ ਦੀ ਸਿੱਖ ਮੱਤ ਨੂੰ ਇਕ ਵਰਣਨਯੋਗ ਦੇਣ ਆਖਿਆ ਜਾ ਸਕਦਾ ਹੈ। ਸਾਰੇ ਭਾਰਤ ਵਿਚ ਗੁਰਮਤ ਦਾ ਪ੍ਰਚਾਰ ਕਰਨ ਲਈ ਇਸ ਸੰਪ੍ਰਦਾਇ ਦਾ ਅਯੋਜਿਤ ਪ੍ਰੋਗਰਾਮ ਹੈ। ਪ੍ਰਚਾਰ ਲਈ ਸਥਾਈ ਕੇਂਦਰਾਂ ਦੀ ਚੋਣ ਕਰਨ ਤੋਂ ਪਹਿਲਾਂ ਇਸ ਵਿਚਾਰ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਕਿ ਉਸ ਥਾਂ 'ਤੇ ਠਹਿਰ ਕੇ ਵੱਧ ਤੋਂ ਵੱਧ ਲੋਕਾਂ ਤੱਕ ਗੁਰਮਤ ਸੰਦੇਸ਼ ਨੂੰ ਪੁਚਾਇਆ ਜਾ ਸਕੇ। ਧਾਰਮਿਕ ਪ੍ਰਚਾਰ ਦਾ ਇਹ ਮਨੋਰਥ ਉਨ੍ਹਾਂ ਥਾਵਾਂ 'ਤੇ ਵਧੇਰੇ ਸਫਲ ਹੋ ਸਕਦਾ ਹੈ ਜਿਥੇ ਧਾਰਮਿਕ ਰੁਚੀਆਂ ਦੇ ਲੋਕ ਇਕੱਠੇ ਹੁੰਦੇ ਹੋਣ ਤੇ ਭਾਰਤ ਦੇ ਪ੍ਰਸਿੱਧ ਤੀਰਥ ਸਥਾਨ ਹੀ ਇਸ ਪ੍ਰਕਾਰ ਦੀਆਂ ਇਕੱਤ੍ਰਤਾਵਾਂ ਦੇ ਯੋਗ ਸਥਾਨ ਆਖੇ ਜਾ ਸਕਦੇ ਹਨ। ਇਸੇ ਵਿਚਾਰ ਅਧੀਨ ਨਿਰਮਲਿਆਂ ਦੀ ਚੋਣ ਦੇ

* *ਪ੍ਰਬੋਧ ਚੰਦਰ ਨਾਟਕ-(ਪੰਨਾ 1)*

www.sikhbookclub.com

ਕੇਂਦਰ ਹਰਿਦੁਆਰ, ਇਲਾਹਾਬਾਦ, ਕੁਰੂਕਸ਼ੇਤਰ, ਬਨਾਰਸ, ਅੰਮ੍ਰਿਤਸਰ ਆਦਿ ਬਣੇ ਹਨ। ਹਿੰਦੂਆਂ ਦੇ ਤੀਰਥਾਂ 'ਤੇ ਸੰਪ੍ਰਦਾਇ ਦੇ ਕੇਂਦਰ ਸਥਾਪਿਤ ਕਰਨ ਵੱਲ ਵਧੇਰੇ ਧਿਆਨ ਦਿੱਤਾ ਗਿਆ ਹੈ ਕਿਉਂਕਿ ਜੋ ਯਾਤਰੀ ਇਨ੍ਹਾਂ ਤੀਰਥਾਂ 'ਤੇ ਪੁੱਜਦੇ ਹਨ, ਉਨ੍ਹਾਂ ਵਿਚ ਵਧੇਰੇ ਸੰਖਿਆ ਹਿੰਦੂਆਂ ਦੀ ਹੁੰਦੀ ਹੈ ਅਤੇ ਉਨ੍ਹਾਂ ਤੱਕ ਸਿੱਖ ਮੱਤ ਦੇ ਸਿਧਾਂਤਾਂ ਨੂੰ ਪਹੁੰਚਾਉਣਾ ਅਤੇ ਦੂਜੇ ਮੱਤਾਂ ਨਾਲ ਤੁਲਨਾ ਕਰ ਕੇ ਸ੍ਰੇਸ਼ਟ ਸਿੱਧ ਕਰਨਾ ਇਹ ਸੰਪ੍ਰਦਾਇ ਆਪਣਾ ਕਰਤੱਵ ਸਮਝਦੀ ਹੈ। ਕੁੰਭ ਆਦਿ ਦੇ ਮੇਲਿਆਂ 'ਤੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਹਾਥੀ ਉੱਤੇ ਬਿਰਾਜਮਾਨ ਕਰ ਕੇ ਜਲੂਸ ਕੱਢਿਆ ਜਾਂਦਾ ਹੈ। ਇਸ ਕਿਰਿਆ ਨੂੰ ਦੂਜੇ ਧਰਮਾਂ ਦੇ ਆਗੂਆਂ ਵੱਲੋਂ ਕੱਢੀਆਂ ਸ਼ਾਹੀਆਂ ਸਮਾਨ ਖ਼ਿਆਲ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੇ ਜਲੂਸ ਨੂੰ ਨਿਰਮਲੇ ਪ੍ਰਚਾਰ ਲਈ ਉਪਯੋਗੀ ਆਖਦੇ ਹਨ ਕਿਉਂਕਿ ਮੇਲੇ ਵਿਚ ਧਾਰਮਿਕ ਰੁਚੀਆਂ ਵਾਲੇ ਅਨੇਕ ਲੋਕ ਜਦੋਂ ਇਸ ਜਲੂਸ ਵੱਲ ਤੱਕਦੇ ਹਨ ਤਾਂ ਪੂਜ ਗ੍ਰੰਥ ਨੂੰ ਵੇਖ ਕੇ ਇਸ ਬਾਰੇ ਜਾਣਨ ਲਈ ਉਤਸੁਕ ਹੋਣਗੇ ਅਤੇ ਅਵੱਸ਼ ਇਸ ਦੇ ਪ੍ਰਚਾਰਕਾਂ ਦੇ ਵਿਚਾਰ ਸੁਣਨਗੇ। ਨਿਰਮਲਿਆਂ ਦੀ ਇਹ ਪ੍ਰਚਾਰ ਵਿਧੀ ਮੌਲਿਕ ਰੂਪ ਦੀ ਹੈ ਕਿਉਂਕਿ ਇਸ ਸੰਪ੍ਰਦਾਇ ਤੋਂ ਬਿਨਾਂ ਸਿੱਖ ਪ੍ਰਚਾਰਕਾਂ ਨੇ ਤੀਰਥਾਂ 'ਤੇ ਪਹੁੰਚ ਕੇ ਗੁਰਮਤ ਸੰਦੇਸ਼ ਦਾ ਪ੍ਰਚਾਰ ਨਹੀਂ ਕੀਤਾ।

ਪ੍ਰਚਾਰ ਦਾ ਦੂਜਾ ਢੰਗ ਵੀ ਇਕ ਵਿਲੱਖਣ ਕਿਸਮ ਦਾ ਹੈ। ਕੁਝ ਵਿਦਵਾਨਾਂ ਦਾ ਇਕ ਜੱਥਾ ਬਣਾ ਦਿੱਤਾ ਜਾਂਦਾ ਹੈ ਜੋ ਭਾਰਤ ਦੇ ਪ੍ਰਸਿੱਧ ਨਗਰਾਂ ਵਿਚ ਹੀ ਨਹੀਂ ਬਲਕਿ ਪਿੰਡਾਂ ਕਸਬਿਆਂ ਵਿਚ ਵੀ ਪੁੱਜਦੇ ਹਨ ਅਤੇ ਕਈ ਕਈ ਦਿਨ ਠਹਿਰ ਕੇ ਦੀਵਾਨ ਲਗਾਉਂਦੇ, ਕੀਰਤਨ ਕਰਦੇ ਅਤੇ ਗੁਰਮਤ ਦਾ ਪ੍ਰਚਾਰ ਕਰਦੇ ਹਨ।

ਪ੍ਰਚਾਰ ਦੀ ਤੀਜੀ ਵਿਧੀ ਬੈਠਕ-ਮੀਟਿੰਗਾਂ ਅਤੇ ਗੋਸ਼ਟੀਆਂ ਹਨ। ਜਿਨ੍ਹਾਂ ਸ਼ਹਿਰਾਂ ਵਿਚ ਨਿਰਮਲੇ ਸੰਤਾਂ ਦੇ ਪ੍ਰਾਚੀਨ ਤੇ ਵੱਡੇ ਡੇਰੇ ਹਨ, ਉਥੇ ਸਾਲ ਵਿਚ ਇਕ ਜਾਂ ਦੋ ਵਾਰੀ ਸਾਰੀ ਸੰਪ੍ਰਦਾਇ ਦੇ ਪ੍ਰਸਿੱਧ ਵਿਦਵਾਨ ਇਕੱਠੇ ਹੁੰਦੇ ਹਨ ਅਤੇ ਕਈ ਕਈ ਦਿਨ ਛੋਟੀਆਂ ਇਕੱਤ੍ਰਤਾਵਾਂ ਕਰਦੇ ਹਨ। ਇਨ੍ਹਾਂ ਇਕੱਤ੍ਰਤਾਵਾਂ ਵਿਚ ਆਪਣੀ ਵਿਚਾਰਧਾਰਾ ਉੱਤੇ, ਵਰਤਮਾਨ ਕਾਲ ਦੀਆਂ ਪ੍ਰਸਥਿਤੀਆਂ ਦੇ ਅਨੁਸਾਰ, ਵਿਚਾਰ ਵਟਾਂਦਰੇ ਕਰਦੇ ਹਨ। ਇਨ੍ਹਾਂ ਦੀਆਂ ਗੋਸ਼ਟੀਆਂ ਦੇ ਵਿਸ਼ੇ ਵੇਦਾਂਤ ਅਤੇ ਗੁਰਮਤ ਦਰਸ਼ਨ ਨਾਲ ਹੀ ਸਬੰਧਿਤ ਹੁੰਦੇ ਹਨ ਅਤੇ ਬਾਅਦ ਵਿਚ ਇਨ੍ਹਾਂ ਗੋਸ਼ਟੀਆਂ ਵਿਚ ਨਿਕਲੇ ਸਿੱਟੇ ਆਪਣੀਆਂ ਪੱਤਰਕਾਵਾਂ ਵਿਚ ਪ੍ਰਕਾਸ਼ਤ ਕਰ ਕੇ ਜਨ ਸਾਧਾਰਨ ਤੱਕ ਪਹੁੰਚਾ ਦਿੰਦੇ ਹਨ।

ਨਿਰਮਲਿਆਂ ਦੀ ਪ੍ਰਤਿਭਾ ਦਾ ਸਤਿਕਾਰ ਸਿੱਖਾਂ ਵਿਚ ਬਹੁਤ ਜ਼ਿਆਦਾ ਹੈ। ਆਦਿ ਗ੍ਰੰਥ ਦੀ ਬਾਣੀ ਦਾ ਸ਼ੁੱਧ ਪਾਠ ਅਤੇ ਠੀਕ ਅਰਥ ਕਰਾਉਣ ਦੇ ਮਨੋਰਥ ਨਾਲ ਅਜੇ ਵੀ ਬਹੁਤ ਸਿੱਖ ਘਰਾਣਿਆਂ ਵਿਚ ਨਿਰਮਲੇ ਵਿਦਵਾਨਾਂ ਨੂੰ ਹੀ ਸੱਦਿਆ ਜਾਂਦਾ ਹੈ। ਕੁਝ ਪ੍ਰਸਿੱਧ ਵਿਦਵਾਨਾਂ ਨੂੰ ਤਾਂ ਪੁਰਬਾਂ, ਤਿਉਹਾਰਾਂ ਅਤੇ ਹੋਰ ਵਿਸ਼ੇਸ਼ ਧਾਰਮਿਕ ਅਵਸਰਾਂ 'ਤੇ ਹੋਈਆਂ ਇਕੱਤ੍ਰਤਾਵਾਂ ਵਿਚ ਭਾਸ਼ਨ ਦੇਣ ਲਈ ਸੱਦਿਆ ਜਾਂਦਾ ਹੈ। ਇਨ੍ਹਾਂ ਅਵਸਰਾਂ 'ਤੇ ਇਹ ਵਿਦਵਾਨ, ਲੋਕਾਂ

www.sikhbookclub.com

ਦੀਆਂ ਆਸਾਂ ਅਨੁਸਾਰ ਗੁਰਮਤ ਦੀ ਵਿਆਖਿਆ ਹੀ ਕਰਦੇ ਹਨ।

ਸਿੱਖ ਮੱਤ ਦੇ ਸਿਧਾਂਤਾਂ ਦੀ ਵਿਆਖਿਆ ਕਰ ਕੇ ਜਿਸ ਢੰਗ ਨਾਲ ਨਿਰਮਲੇ ਸੰਤ ਗੁਰਮਤ ਨੂੰ ਪ੍ਰਸਤੁਤ ਕਰਦੇ ਹਨ ਅਤੇ ਇਸ ਮੱਤ ਦੇ ਪ੍ਰਚਾਰ ਲਈ ਜੋ ਯਤਨ ਕੀਤੇ ਹਨ, ਇਸ ਬਾਰੇ ਉੱਤੇ ਵਿਸਥਾਰ ਨਾਲ ਚਰਚਾ ਕੀਤੀ ਹੈ। ਹੁਣ ਅਸੀਂ ਉਨ੍ਹਾਂ ਵਿਦਵਾਨਾਂ ਦੇ ਵਿਚਾਰ ਦੇਂਦੇ ਹਾਂ ਜੋ ਇਸ ਮੱਤ ਦੇ ਹਾਮੀ ਹਨ ਕਿ ਗੁਰਮਤ ਦਰਸ਼ਨ ਦਾ ਰੂਪ ਮੌਲਿਕ ਹੈ ਅਤੇ ਇਸ ਦੇ ਸਿਧਾਂਤ ਨਵੀਨ ਹਨ। ਇਹ ਵਿਦਵਾਨ ਨਿਰਮਲੇ ਸੰਤਾਂ ਦੀ ਵਿਚਾਰਾਂ ਨਾਲ ਸਹਿਮਤ ਨਹੀਂ ਹਨ। ਦੋਹਾਂ ਪੱਖਾਂ ਦੇ ਵਿਚਾਰਾਂ ਨੂੰ ਦ੍ਰਿਸ਼ਟੀ ਗੋਚਰ ਰੱਖ ਕੇ ਅਸੀਂ ਇਹ ਨਿਰਣਾ ਦੇਣ ਦੇ ਯੋਗ ਹੋਵਾਂਗੇ ਕਿ ਨਿਰਮਲੇ ਸੰਤਾਂ ਦੇ ਸਿੱਖ ਮੱਤ ਬਾਰੇ ਸਮਾਨਤਾਵਾਂ ਅਤੇ ਅੰਤਰ ਕਿਨ੍ਹਾਂ ਕਿਨ੍ਹਾਂ ਸਿਧਾਂਤਾਂ ਬਾਰੇ ਹਨ।

ਗੁਰਮਤ ਬਾਰੇ ਵਿਵਾਦ ਦਾ ਮੁੱਖ ਵਿਸ਼ਾ ਇਹ ਹੈ ਕਿ ਆਦਿ ਗ੍ਰੰਥ ਵੇਦਾਂ ਉਪਨਿਸ਼ਦਾਂ ਦਾ ਹੀ ਸਾਰ ਰੂਪ ਹੈ। ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੇ ਪ੍ਰਚੱਲਤ ਮੰਤਵ ਵਿਚ ਵੇਦਾਂਤ ਦੀ ਵਿਚਾਰਧਾਰਾ ਦਾ ਵਿਸ਼ੇਸ਼ ਸਥਾਨ ਸੀ। ਗੁਰੂ ਨਾਨਕ ਤੇ ਵੇਦਾਂਤ ਦੀ ਵਿਚਾਰਧਾਰਾ ਦਾ ਵਿਸ਼ੇਸ਼ ਸਥਾਨ ਸੀ। ਗੁਰੂ ਨਾਨਕ ਦੇਵ ਜੀ ਨੇ ਵੇਦਾਂਤ ਦੇ ਵਿਚਾਰਾਂ ਉੱਤੇ ਟਿਪਣੀ ਕੀਤੀ ਹੈ ਅਤੇ ਉਨ੍ਹਾਂ ਦੇ ਹਵਾਲੇ ਵੀ ਆਪਣੀ ਬਾਣੀ ਵਿਚ ਦਿੱਤੇ ਹਨ। ਪਰ ਉਸ ਵਿਚਾਰਧਾਰਾ ਨੂੰ ਆਪਣੀ ਬਾਣੀ ਵਿਚ ਦੁਹਰਾਇਆ ਨਹੀਂ। ਇਸ ਦੇ ਉਲਟ ਮੁਕਤੀ ਮਾਰਗ 'ਤੇ ਚਲਣ ਲਈ ਇਕ ਨਵਾਂ ਤੇ ਮੌਲਿਕ ਰੂਪ ਦਾ ਮੱਤ ਪੇਸ਼ ਕੀਤਾ ਹੈ ਅਤੇ ਉਸ ਦੀਆਂ ਜੜ੍ਹਾਂ ਭਾਰਤੀ ਦਰਸ਼ਨ ਤੋਂ ਬਾਹਰ ਨਹੀਂ ਹਨ ਜਿਵੇਂ ਕਿ ਡਾ: ਤਾਰਨ ਸਿੰਘ ਨੇ ਵੀ ਲਿਖਿਆ ਹੈ :-

"ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਪਣੀ ਨਿਸਚਿਤ ਵਿਚਾਰਧਾਰਾ ਅਵੱਸ਼ ਹੈ ਜਿਸ ਦੀਆਂ ਜੜ੍ਹਾਂ ਭਾਰਤੀ ਦਰਸ਼ਨ ਵਿਚ ਹਨ, ਭਾਵੇਂ ਇਤਨਾ ਬਲ ਇਹ ਫ਼ਲਸਫ਼ਿਆਂ 'ਤੇ ਨਹੀਂ ਦਿੰਦੇ ਜਿੰਨਾ ਪ੍ਰੇਮ ਭਗਤੀ 'ਤੇ ਦਿੰਦੇ ਹਨ।"*

ਗੁਰੂ ਨਾਨਕ ਦੇਵ ਜੀ ਦੀ ਵੇਦਾਂ ਬਾਰੇ ਟਿਪਣੀ ਅਤੇ ਆਦਿ ਗ੍ਰੰਥ ਦੀ ਵਿਚਾਰਧਾਰਾ ਦਾ ਸੰਬੰਧ ਭਾਰਤੀ ਦਰਸ਼ਨ ਨਾਲ ਵੇਖ ਕੇ ਨਿਰਮਲੇ ਵਿਦਵਾਨਾਂ ਨੂੰ ਇਹ ਭੁਲੇਖਾ ਪੈ ਗਿਆ ਕਿ ਇਹ ਨਵਾਂ ਮੱਤ ਵੀ ਵੇਦਾਂ ਦਾ ਹੀ ਸਰਲ ਰੂਪ ਹੈ ਜਾਂ ਉਨ੍ਹਾਂ ਹੀ ਵਿਚਾਰਾਂ ਨੂੰ ਮੁੜ ਦੁਹਰਾਇਆ ਗਿਆ ਹੈ। 'ਹਮ ਹਿੰਦੂ ਨਹੀਂ' ਨਾਂ ਦੀ ਪੁਸਤਕ ਵਿਚ ਕਾਨ੍ਹ ਸਿੰਘ ਨੇ ਇਸੇ ਵਿਸ਼ੇ ਉੱਤੇ ਸਵਿਸਥਾਰ ਨਾਲ ਚਰਚਾ ਕੀਤੀ ਹੈ ਅਤੇ ਵੇਦਾਂ ਅਤੇ ਗੁਰਬਾਣੀ ਦੇ ਸਾਰ ਉੱਤੇ ਤਰਕ-ਵਿਵਾਦ ਕਰ ਕੇ ਇਹ ਸਿੱਟੇ ਕੱਢੇ ਹਨ ਕਿ ਗੁਰਬਾਣੀ ਵੇਦਾਂ ਦੀ ਵਿਆਖਿਆ ਜਾਂ ਸਾਰ ਨਹੀਂ ਹੈ, ਸਗੋਂ ਗੁਰੂ ਸਾਹਿਬਾਨ ਨੇ ਤਾਂ ਉਪਨਿਸ਼ਦਾਂ ਵਿਚ ਸਥਾਪਿਤ ਹੋ ਚੁੱਕੇ ਵਿਚਾਰਾਂ ਨੂੰ ਤਿਆਗਿਆ ਹੈ। ਭਾ: ਕਾਨ੍ਹ ਸਿੰਘ ਨੇ ਪ੍ਰਮਾਣਾਂ ਸਹਿਤ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਦੇਵ

*ਸ੍ਰ: ਤਾਰਨ ਸਿੰਘ–ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਹਿਤਕ ਇਤਿਹਾਸ, (ਪੰਨਾ 4-5)

www.sikhbookclub.com

ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂਆਂ ਨੇ ਵੇਦਾਂਤ ਦੀ ਪ੍ਰਭੁਤਾ ਨੂੰ ਸਵੀਕਾਰ ਨਹੀਂ ਕੀਤਾ ਅਤੇ ਗੁਰੂ ਜੀ ਦਾ ਵਿਸ਼ਵਾਸ ਸੀ ਕਿ ਵੇਦਾਂ ਵਿਚ ਵਿਅਕਤ ਕੀਤਾ ਗਿਆ ਮਾਰਗ ਪ੍ਰਭੂ ਪ੍ਰਾਪਤੀ ਦਾ ਮਾਰਗ ਨਹੀਂ ਹੈ। ਆਪਣੇ ਸਿੱਟਿਆਂ ਦਾ ਸਮਰਥਨ ਭਾ: ਕਾਨ੍ਹ ਸਿੰਘ ਨੇ ਗੁਰਬਾਣੀ ਦੀਆਂ ਤੁਕਾਂ ਦੇ ਕੇ ਕੀਤਾ ਹੈ :-

"ਵੇਦ ਕਤੇਬ ਕੇ ਭੇਦ ਸਭੈ ਤਜ ਕੇਵਲ ਕਾਲ ਕ੍ਰਿਪਾ ਨਿਧਿ ਮਾਨਿਓ ॥"

(ਦਸਮ ਗ੍ਰੰਥ)

ਗੁਰਮਤ ਸੁਧਾਕਰ ਵਿਚ ਵੀ ਭਾ: ਕਾਨ੍ਹ ਸਿੰਘ ਨੇ ਹੇਠ ਲਿਖੇ ਗੁਰਵਾਕਾਂ ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਜੇ ਆਦਿ ਗ੍ਰੰਥ ਵੇਦਾਂ ਦਾ ਹੀ ਸਰਲ ਰੂਪ ਹੁੰਦਾ ਤਾਂ ਇਹ ਤੁੱਕਾਂ ਕਿਉਂ ਰਚੀਆਂ ਜਾਂਦੀਆਂ :-

ਬੇਦ ਕਤੇਬੀ ਭੇਦੁ ਨ ਜਾਤਾ॥

(ਮਾਰੂ ਮਹਲਾ ੧, ਅੰਗ ੧੦੨੧)

ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ॥

(ਸੋਰਠਿ ਮਹਲਾ ੧, ਅੰਗ ੬੩੫)

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

(ਤਿਲੰਗ ਕਬੀਰ ਜੀ, ਅੰਗ ੭੨੭)

ਪੜੇ ਰੇ ਸਗਲ ਬੇਦ ਨਾਹ ਚੂਕੈ ਮਨ ਭੇਦ॥

(ਧਨਾਸਰੀ ਮਹਲਾ ੫, ਅੰਗ ੬੮੭)

ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁਤ ਭੇਦ ਕਹੈਂ, ਹਮ ਏਕ ਨ ਜਾਨਜੋ।

(ਰਾਮਾਵਤਾਰ,ਪਾਤਸ਼ਾਹੀ ੧੦)

ਵੇਦ ਕਤੇਬ ਕੇ ਭੇਦ ਸਭੈ ਤਜ ਕੇਵਲ

ਆਪਣੀਆਂ ਦਲੀਲਾਂ ਤੋਂ ਬਾਅਦ ਭਾ: ਕਾਨ੍ਹ ਸਿੰਘ ਨੇ ਇਹ ਤੱਤ ਕੱਢਿਆ ਹੈ ਕਿ ਵੇਦਾਂ ਦਾ ਅਧਿਐਨ ਨਿਰਾਰਥਕ ਨਹੀਂ ਆਖਿਆ ਜਾ ਸਕਦਾ ਅਤੇ ਵੇਦਾਂਤ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਨਿੰਦਿਆ ਨਹੀਂ ਕੀਤੀ। ਆਪਣੀ ਰਾਇ ਇਨ੍ਹਾਂ ਸ਼ਬਦਾਂ ਵਿਚ ਲਿਖੀ ਹੈ :-

"ਪਰ ਸਿੱਖਾਂ ਲਈ ਵੇਦ ਧਰਮ ਪੁਸਤਕ ਨਹੀਂ ਹਨ। ਚਾਹੇ ਗੁਰੂ ਨਾਨਕ ਸਾਹਿਬ ਦੇ ਬਜ਼ੁਰਗਾਂ ਨੇ ਵੇਦ ਪੜ੍ਹੇ ਔਰ ਵੇਦ ਅਨੁਸਾਰ ਆਚਰਨ ਕੀਤਾ ਪਰ ਸਿੱਖਾਂ ਵਾਸਤੇ ਗੁਰੂ ਗ੍ਰੰਥ ਸਾਹਿਬ ਧਰਮ ਪੁਸਤਕ ਔਰ ਸਿੱਖ ਧਰਮ ਹੀ ਮੁਕਤੀ ਦਾਤਾ ਹੈ। ਵੇਦ ਅਥਵਾ ਕੋਈ ਹੋਰ ਧਰਮ ਗ੍ਰੰਥ ਨਹੀਂ ਹੈ।"*

* *ਹਮ ਹਿੰਦੂ ਨਹੀਂ-(ਪੰਨਾ 72)*

www.sikhbookclub.com

ਡਾ. ਸ਼ੇਰ ਸਿੰਘ ਨੇ 'ਫ਼ਿਲਾਸਫ਼ੀ ਆਫ ਸਿਖਇਜ਼ਮ' ਵਿਚ ਗੁਰੂ ਨਾਨਕ ਦੇਵ ਜੀ ਦੇ ਮੱਤ ਦਾ ਵਿਸ਼ਲੇਸ਼ਣ ਕੀਤਾ ਹੈ। ਨਾਨਕ ਬਾਣੀ ਵਿਚੋਂ ਵੇਦਾਂ ਬਾਰੇ ਜੋ ਤੱਤ ਡਾ. ਸ਼ੇਰ ਸਿੰਘ ਨੇ ਕੱਢੇ ਹਨ, ਉਨ੍ਹਾਂ ਵਿਚੋਂ ਕੁਝ ਸਤਰਾਂ ਇਸ ਪ੍ਰਕਾਰ ਹਨ :-

The authorities of the Vedas was set aside by the Guru. He does not believe that the truth revealed in them is absolute or complete."*

ਆਪਣੀ ਕਾਇਮ ਕੀਤੀ ਰਾਏ ਦੀ ਪੁਸ਼ਟੀ ਜਿਨ੍ਹਾਂ ਤੁੱਕਾਂ ਨਾਲ ਕੀਤੀ ਹੈ, ਉਨ੍ਹਾਂ ਵਿਚੋਂ ਕੁਝ ਹੇਠਾਂ ਦਿੱਤੀਆਂ ਜਾਂਦੀਆਂ ਹਨ :-

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥

(ਅੰਗ ੬੪)

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ੍ਰ ਇਨ੍ ਪੜਿਆ ਮੁਕਤਿ ਨ ਹੋਈ ॥

(ਸੂਹੀ ਮਹਲਾ ੫, ਅੰਗ ੭੪੭)

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ॥

(ਅਨੰਦੁ ਸਾਹਿਬ ਮਹਲਾ ੩)

ਜਿਨ ਕੀ ਲਿਵ ਹਰਿ ਚਰਨ ਲਾਗੀ ਤੇ ਬੇਦ ਤੇ ਭਏ ਤਿਆਗੀ।

(ਬਚਿਤ੍ਰ ਨਾਟਕ)

ਡਾ. ਕੇ. ਐਲ. ਸ਼ਿਸਾਗਿਰੀ ਰਾਓ ਨੇ ਵੀ ਵੇਦ ਅਤੇ ਗੁਰਬਾਣੀ ਦੇ ਵਿਸ਼ੇ 'ਤੇ ਵਿਚਾਰ ਵਿਮ੍ਰਸ਼ ਕੀਤਾ ਹੈ। ਡਾ. ਰਾਓ ਦੇ ਵਿਸ਼ੇ ਦਾ ਕੇਂਦਰ ਵੀ ਇਹੋ ਹੈ ਕਿ ਕੀ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਭਾਰਤੀ ਸਿਧਾਂਤਾਂ ਦੀ ਪ੍ਰੋੜ੍ਹਤਾ ਕੀਤੀ ਹੈ ਜੋ ਉਪਨਿਸ਼ਦਾਂ ਜਾਂ ਭਗਵਤ ਗੀਤਾ ਵਿਚ ਪਹਿਲਾਂ ਦ੍ਰਿੜ੍ਹਾਏ ਜਾ ਚੁੱਕੇ ਹਨ ? ਇਸ ਵਿਸ਼ੇ ਨੂੰ ਵਿਸਥਾਰ ਨਾਲ ਨਿਭਾਇਆ ਹੈ ਅਤੇ ਜਿਸ ਸਿੱਟੇ 'ਤੇ ਪੁੱਜੇ ਹਨ, ਉਹ ਇਹ ਹੈ ਕਿ ਪਰਮ ਸੱਚ ਦਾ ਅਨੁਭਵ ਗੁਰੂ ਨਾਨਕ ਦੇਵ ਜੀ ਦਾ ਨਿੱਜੀ ਅਨੁਭਵ ਸੀ ਅਤੇ ਇਸ ਅਨੁਭਵ ਨੂੰ ਅਭਿਵਿਅਕਤ ਕਰਨ ਲਈ ਬਾਣੀ ਦੀ ਰਚਨਾ ਕੀਤੀ ਹੈ ਜਿਸ ਵਿਚ ਦਿਖਾਏ ਗਏ ਮਾਰਗ ਦਾ ਰੂਪ ਮੌਲਿਕ ਅਤੇ ਨਵੀਨ ਹੈ। ਡਾ. ਰਾਓ ਦੇ ਵਿਚਾਰਾਂ ਦਾ ਇਕ ਭਾਗ ਇਸ ਤਰ੍ਹਾਂ ਹੈ :-

"ਗੁਰੂ ਨਾਨਕ ਸਾਹਿਬ ਵੇਦ ਅਤੇ ਉਪਨਿਸ਼ਦਾਂ ਦੇ ਅਧਿਕਾਰੀ ਨੂੰ ਨਹੀਂ ਮੰਨਦੇ ਸਗੋਂ ਉਹ ਆਪਣੀ ਰਚਨਾ ਵਿਚ ਆਪਣੇ ਨਾਂ ਦੀ ਛਾਪ ਵਰਤਦੇ ਹਨ, ਜਿਸ ਤੋਂ ਸਪੱਸ਼ਟ ਹੈ ਕਿ ਉਹ ਆਪਣੇ ਅਧਿਕਾਰ ਨਾਲ ਹੀ ਬੋਲਦੇ ਹਨ ਅਤੇ ਆਪਣੇ ਖਸਮ ਦੀ ਬਾਣੀ ਦਾ ਗਿਆਨ ਕਰਦੇ ਹਨ :-

*ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

(ਅੰਗ ੭੨੨)

*Dr. Sher Singh Philosphy of Sikhism-(P.94)

www.sikhbookclub.com

ਜਿਨ੍ਹਾਂ ਵਿਦਵਾਨਾਂ ਨੇ ਸਿੱਖ ਮੱਤ ਦੀ ਖੋਜ ਕੀਤੀ ਹੈ, ਉਨ੍ਹਾਂ ਵਿਚੋਂ ਕੁਝ ਦੇ ਵਿਚਾਰ ਉੱਤੇ ਦਿੱਤੇ ਗਏ ਹਨ। ਇਨ੍ਹਾਂ ਵਿਚਾਰਾਂ ਨੂੰ ਪੜ੍ਹ ਕੇ ਆਦਿ ਗ੍ਰੰਥ ਦੀ ਬਾਣੀ 'ਤੇ ਪ੍ਰਕਾਸ਼ ਪੈਂਦਾ ਹੈ ਅਤੇ ਨਿਰਮਲਿਆਂ ਦਾ ਇਹ ਵਿਚਾਰ ਨਿਰਮੂਲ ਸਿੱਧ ਹੋ ਜਾਂਦਾ ਹੈ ਕਿ ਆਦਿ ਗ੍ਰੰਥ ਵੇਦਾਂ ਦਾ ਹੀ ਸਾਰ ਹੈ।

ਗੁਰਮਤ ਦੇ ਸਿਧਾਂਤਾਂ ਵਿਚੋਂ ਅਵਤਾਰਵਾਦ ਦੇ ਵਿਸ਼ੇ ਬਾਰੇ ਵੀ ਨਿਰਮਲੇ ਸੰਤਾਂ ਦੇ ਮਤਭੇਦ ਹਨ। ਗੁਰੂ ਨਾਨਕ ਦੇਵ ਜੀ ਦੇ ਯੁੱਗ ਵਿਚ ਬ੍ਰਹਮ ਦੇ ਸਰਗੁਣ ਸਰੂਪ ਵਿਚ ਵਿਸ਼ਵਾਸ ਕੀਤਾ ਜਾਂਦਾ ਸੀ ਅਤੇ ਲੋਕਾਂ ਦਾ ਇਸ ਵਿਚਾਰ ਵਿਚ ਨਿਸ਼ਚਾ ਸੀ ਕਿ ਪਰਮਾਤਮਾ ਮਨੁੱਖੀ ਜਾਮੇ ਵਿਚ ਇਸ ਸ੍ਰਿਸ਼ਟੀ 'ਤੇ ਆਉਂਦਾ ਹੈ। ਇਸੇ ਨਿਸ਼ਚੇ ਨੇ ਅੰਧਵਿਸ਼ਵਾਸ ਦਾ ਰੂਪ ਧਾਰ ਕੇ ਮੂਰਤੀ ਪੂਜਾ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਸਰਬ ਵਿਆਪਕ ਬ੍ਰਹਮ ਦਾ ਸੰਬੋਧ ਨਵੀਨ ਰੂਪ ਵਿਚ ਪ੍ਰਸਤੁਤ ਕਰ ਕੇ ਉਸ ਦੇ ਸਰਗੁਣ ਅਤੇ ਨਿਰਗੁਣ ਰੂਪ ਦੀ ਸੋਝੀ ਕਰਾਈ ਹੈ। ਪਰਮਾਤਮਾ ਦੀ ਰੂਪ ਰੇਖਾ ਬਾਰੇ ਵਹਿਮ ਦੂਰ ਕਰਕੇ ਬ੍ਰਹਮ ਦੇ 'ਅਜੂਨੀ' ਰੂਪ ਦਾ ਸੰਬੋਧ ਕਰਾ ਦੇਣਾ ਗੁਰੂ ਨਾਨਕ ਦੇ ਮੱਤ ਦਾ ਤਾਤਵਿਕ ਸਿਧਾਂਤ ਹੈ। ਗੁਰਮਤ ਦਾ ਇਹ ਸਿਧਾਂਤ ਅਵਤਾਰਵਾਦ ਵਿਚ ਵਿਸ਼ਵਾਸ ਨੂੰ ਤਿਆਗ ਕੇ ਕੇਵਲ ਨਿਰੰਕਾਰ ਬ੍ਰਹਮ ਦੀ ਭਗਤੀ ਲਈ ਪ੍ਰੇਰਦਾ ਹੈ। ਗੁਰਮਤ ਦਰਸ਼ਨ ਦੇ ਮੁੱਢਲੇ ਸਿਧਾਂਤਾਂ ਦੀਆਂ ਜੜ੍ਹਾਂ ਨਾਨਕ ਬਾਣੀ ਵਿਚ ਹਨ। ਅਵਤਾਰਵਾਦ ਦੇ ਵਿਸ਼ੇ ਬਾਰੇ ਪਰਮਾਤਮਾ ਨੂੰ 'ਅਜੂਨੀ' ਆਖ ਕੇ ਗੁਰੂ ਨਾਨਕ ਨੇ ਅਵਤਾਰਵਾਦ ਦੇ ਖੰਡਨ ਲਈ ਇਕ ਨਿਰਣੈ ਜਨਕ ਸਿਧਾਂਤ ਸਥਾਪਤ ਕਰ ਦਿੱਤਾ ਹੈ ਪਰ ਨਿਰਮਲੇ ਵਿਦਵਾਨ ਇਸ ਸੱਚਾਈ ਤੋਂ ਮੁੱਖ ਮੋੜ ਕੇ ਗੁਰਮਤ ਦੇ ਸਿਧਾਂਤਾਂ ਨੂੰ ਅਵਤਾਰਵਾਦ ਦੇ ਪੱਖ ਵਿਚ ਪੇਸ਼ ਕਰਦੇ ਹਨ। ਗੁਰਮਤ ਵਿਚ ਅਵਤਾਰਵਾਦ ਦਾ ਖੰਡਨ ਹੈ ਜਾਂ ਮੰਡਨ, ਇਸ ਬਾਰੇ ਨਿਰਮਲੇ ਵਿਦਵਾਨਾਂ ਤੋਂ ਬਿਨਾਂ ਜਿਨ੍ਹਾਂ ਖੋਜੀ ਵਿਦਵਾਨਾਂ ਨੇ ਗੁਰਬਾਣੀ ਵਿਚੋਂ ਹੀ ਖੋਜ ਕਰ ਕੇ ਆਪਣੇ ਵਿਚਾਰ ਬਣਾਏ ਹਨ, ਉਨ੍ਹਾਂ ਵਿਚੋਂ ਕੁਝ ਇਕ ਦੀਆਂ ਰਾਵਾਂ ਦੇਣੀਆਂ ਜ਼ਰੂਰੀ ਹਨ ਤਾਂ ਜੋ ਸਿੱਖ ਮੱਤ ਵਿਚ ਅਵਤਾਰਵਾਦ ਦਾ ਸਥਾਨ ਸਪੱਸ਼ਟ ਹੋ ਸਕੇ। ਸਿੱਖ ਮੱਤ ਦੇ ਖੋਜੀ ਵਿਦਵਾਨ ਭਾ.ਕਾਨ੍ਹ ਸਿੰਘ ਨੇ 'ਹਮ ਹਿੰਦੂ ਨਹੀਂ' ਪੁਸਤਕ ਵਿਚ ਆਪਣੀ ਖੋਜ ਦੇ ਸਿੱਟੇ ਕੱਢ ਕੇ ਇਹ ਲਿਖਿਆ ਹੈ ਕਿ ਸਿੱਖ ਗੁਰੂ ਸਾਹਿਬਾਨ ਨੇ ਅਵਤਾਰਵਾਦ ਦਾ ਖੰਡਨ ਕੀਤਾ ਹੈ। ਜਿਨ੍ਹਾਂ ਗੁਰਵਾਕਾਂ ਦੇ ਆਧਾਰ 'ਤੇ ਉਨ੍ਹਾਂ ਨੇ ਆਪਣੀ ਰਾਇ ਬਣਾਈ ਹੈ, ਉਹ ਵੀ ਆਪਣੀ ਦਲੀਲ ਦੇ ਪੱਖ ਵਿਚ ਪੇਸ਼ ਕੀਤੇ ਹਨ। ਉਨ੍ਹਾਂ ਵਾਕਾਂ ਵਿਚੋਂ ਕੁਝ ਤੁੱਕਾਂ ਇਹ ਹਨ :-

ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥

(ਰਾਮਕਲੀ ਮਹਲਾ ੫, ਅੰਗ ੮੯੪)

* ਡਾ. ਕੇ.ਐਲ. ਸ਼ਿਸਾਗਿਰੀ ਰਾਓ, ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ-69, (ਪੰਨਾ 54)

www.sikhbookclub.com

ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥

(ਭੈਰਉ ਮਹਲਾ ੫, ਅੰਗ ੧੧੩੬)

ਬਿਨ ਕਰਤਾਰ ਨਾ ਕਿਰਤਮ ਮਾਨੋ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥

(ਸ਼ਬਦ ਹਜ਼ਾਰੇ ਪਾਤਸ਼ਾਹੀ ੧੦)

ਗੁਰਮਤ ਅਨੁਸਾਰ ਪ੍ਰਭੂ ਦਾ ਸਰਗੁਣ ਤੇ ਨਿਰਗੁਣ ਰੂਪ ਕਿਹੋ ਜਿਹਾ ਹੈ ਇਸ ਪ੍ਰਸ਼ਨ ਦੇ ਉੱਤਰ ਲਈ ਕਈ ਵਿਦਵਾਨਾਂ ਨੇ ਗੁਰਬਾਣੀ ਦੀ ਖੋਜ ਕੀਤੀ ਹੈ ਅਤੇ ਜਿਨ੍ਹਾਂ ਸਿੱਟਿਆਂ 'ਤੇ ਪੁੱਜੇ ਹਨ, ਉਹ ਸਪੱਸ਼ਟ ਸ਼ਬਦਾਂ ਵਿਚ ਲਿਖ ਦਿੱਤੇ ਹਨ। ਕੁਝ ਪ੍ਰਸਿੱਧ ਵਿਦਵਾਨਾਂ ਦੇ ਵਿਚਾਰ ਦੇਣੇ ਅਨੁਚਿਤ ਨਹੀਂ ਹੋਣਗੇ, ਕਿਉਂਕਿ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਦੀ ਰਾਇ ਦੀ ਠੀਕ ਪਰਖ ਕਰਨ ਲਈ ਉਨ੍ਹਾਂ ਵਿਚਾਰਾਂ ਦਾ ਅਧਿਐਨ ਜ਼ਰੂਰੀ ਹੈ ਜੋ ਗੁਰਬਾਣੀ ਦੇ ਆਧਾਰ 'ਤੇ ਹੀ ਬਣਾਏ ਗਏ ਹਨ ਪਰ ਨਿਰਮਲਿਆਂ ਨਾਲ ਸਹਿਮਤੀ ਨਹੀਂ ਹੈ :-

ਡਾ. ਰਾਧਾ ਕ੍ਰਿਸ਼ਨ ਨੇ ਸਿੱਖ ਮੱਤ ਦੇ ਅਵਤਾਰਵਾਦ ਬਾਰੇ ਆਪਣੇ ਵਿਚਾਰ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਕੀਤੇ ਹਨ :-

"ਸਿੱਖ ਗੁਰੂ ਸਾਹਿਬਾਨ ਆਪਣੇ ਆਪ ਨੂੰ ਰੱਬ ਨਹੀਂ ਬਲਕਿ ਮਨੁੱਖ ਸਮਝਦੇ ਸਨ।"* ਡਾ. ਭਾਈ ਜੋਧ ਸਿੰਘ ਨੇ ਗੁਰਬਾਣੀ ਦਾ ਡੂੰਘਾ ਅਧਿਐਨ ਕਰ ਕੇ ਗੁਰਮਤ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਅਵਤਾਰਵਾਦ ਦੀ ਜੋ ਅਲੋਚਨਾ ਗੁਰਬਾਣੀ ਵਿਚ ਕੀਤੀ ਗਈ ਹੈ, ਉਸ ਨੂੰ ਮੁੱਖ ਰੱਖ ਕੇ ਭਾਈ ਜੋਧ ਸਿੰਘ ਨੇ ਲਿਖਿਆ ਹੈ :-

"ਪਰਮਾਤਮਾ ਗਰਭ ਵਿਚ ਨਹੀਂ ਆਉਂਦਾ। ਉਹ ਅਜੂਨੀ ਹੈ। ਇਹ ਗੁਣ ਉਸ ਦਾ ਅਵਤਾਰ ਸਿਧਾਂਤ ਦੇ ਵਿਰੁਧ ਹੈ।

ਨਾ ਤਿਸੁ ਬਾਪੁ ਨ ਮਾਇ ਕਿਨਿ ਤੂ ਜਾਇਆ॥
ਨਾ ਤਿਸੁ ਰੂਪੁ ਨ ਰੇਖ ਵਰਨ ਸਬਾਇਆ॥
ਨਾ ਤਿਸੁ ਭੁਖ ਪਿਆਸ ਰਜਾ ਧਾਇਆ॥**

(ਅੰਗ ੧੨੭੯)

ਡਾ. ਤ੍ਰਿਲੋਚਨ ਸਿੰਘ ਦੇ ਅਧਿਐਨ ਦਾ ਸਾਰ ਵੀ ਹੇਠਾਂ ਦੇਂਦੇ ਹਾਂ :-

"ਗੁਰੂ ਸਾਹਿਬ ਨੇ ਐਸੇ ਵਿਚਾਰਾਂ ਦਾ ਜ਼ੋਰਦਾਰ ਖੰਡਨ ਕੀਤਾ, ਜਿਨ੍ਹਾਂ ਅਨੁਸਾਰ ਇਹ

---

*ਗੁਰੂ ਨਾਨਕ ਜੀਵਨ ਯੁੱਗ ਅਤੇ ਉਪਦੇਸ਼, ਲੇਖਕ ਡਾ. ਰਾਧਾ ਕ੍ਰਿਸ਼ਨ (ਪੰਨਾ)

**ਉਹੀ, (ਪੰਨਾ 17)

***ਡਾ. ਤ੍ਰਿਲੋਚਨ ਸਿੰਘ, ਗੁਰੂ ਨਾਨਕ ਦਾ ਸਿੱਖ ਧਰਮ (ਪੰਨਾ 18)

www.sikhbookclub.com

ਮੰਨਿਆ ਜਾਂਦਾ ਹੈ ਕਿ ਪਰਮਾਤਮਾ ਨੇ ਕਿਸੇ ਅਵਤਾਰ ਦੇ ਰੂਪ ਵਿਚ ਜਨਮ ਲਿਆ। ਉਸ ਨੂੰ ਰੱਬ ਸਮਝ ਕੇ ਉਸ ਦੀ ਬੁੱਤ ਪੂਜਾ ਅਤੇ ਅਵਤਾਰ ਪੂਜਾ ਕੀਤੀ ਜਾਣ ਲੱਗ ਪਈ।''***

ਘਰਿ ਨਾਰਾਇਣੁ ਸਭਾ ਨਾਲਿ ਪੂਜ ਕਰੇ ਰਖੈ ਨਾਵਾਲਿ॥
ਕੁੰਗੂ ਚੰਨਣੁ ਫੁਲ ਚੜਾਏ ਪੈਰੀ ਪੈ ਪੈ ਬਹੁਤੁ ਮਨਾਏ॥
ਮਣੂਆ ਮੰਗਿ ਮੰਗਿ ਪੈਨ੍ਹੈ ਖਾਇ॥ ਅੰਧੀ ਕੰਮੀ ਅੰਧ ਸਜਾਇ॥
ਭੂਖਿਆ ਦੇਇ ਨ ਮਰਦਿਆ ਰਖੈ॥ ਅੰਧਾ ਝਗੜਾ ਅੰਧੀ ਸਥੈ॥

(ਅੰਗ ੧੨੪੦)

ਨਿਰਮਲ ਸੰਪ੍ਰਦਾਇ ਨੇ ਗੁਰਮਤ ਦਰਸ਼ਨ ਦੇ ਸਿਧਾਂਤਾਂ ਨੂੰ ਕਿਸ ਹੱਦ ਤੱਕ ਮੂਲ ਰੂਪ ਵਿਚ ਅਪਣਾਇਆ ਹੈ, ਇਸ ਦਾ ਨਿਰਣਾ ਗੁਰੂ ਸਾਹਿਬਾਨ ਦੀ ਬਾਣੀ ਵਿਚ ਅਭਿਵਿਅਕਤ ਵਿਚਾਰਾਂ ਦੇ ਆਧਾਰ 'ਤੇ ਕਰਨਾ ਹੈ ਕਿਉਂਕਿ ਨਾਨਕ ਬਾਣੀ ਹੀ ਗੁਰਮਤ ਹੈ ਅਤੇ ਇਸੇ ਵਿਚਾਰਧਾਰਾ ਨੂੰ ਦੂਜੇ ਗੁਰੂਆਂ ਨੇ ਆਪਣੀ ਬਾਣੀ ਵਿਚ ਅਲਾਪਿਆ ਹੈ। ਵਿਦਵਾਨਾਂ ਦੇ ਵਿਚਾਰਾਂ ਤੋਂ ਉਪਰੰਤ ਗੁਰਬਾਣੀ ਵਿਚੋਂ ਕੁਝ ਹੋਰ ਪ੍ਰਮਾਣ ਦੇਂਦੇ ਹਾਂ, ਜਿਨ੍ਹਾਂ ਨੂੰ ਪੜ੍ਹ ਕੇ ਸਿੱਖ ਮੱਤ ਵਿਚ ਅਵਤਾਰਵਾਦ ਬਾਰੇ ਕੋਈ ਭੁਲੇਖਾ ਨਹੀਂ ਰਹਿੰਦਾ :-

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥ ੧ ॥

(ਸੋਰਠਿ ਮਹਲਾ ੧, ਅੰਗ ੫੯੭)

ਗੁਰੂ ਗੋਬਿੰਦ ਸਿੰਘ ਜੀ ਨੇ ਜ਼ੋਰਦਾਰ ਸ਼ਬਦਾਂ ਵਿਚ ਅਵਤਾਰਵਾਦ ਦਾ ਖੰਡਨ ਕਰ ਕੇ ਆਪਣੇ ਖ਼ਾਲਸੇ ਨੂੰ ਚੇਤਾਵਨੀ ਦਿੱਤੀ ਹੈ :-

ਜੋ ਹਮਕੌ ਪਰਮੇਸੁਰ ਉਚਰ ਹੈਂ॥
ਤੇ ਸਭਿ ਨਰਕ ਕੁੰਡ ਮਹਿਂ ਪਰ ਹੈਂ॥
ਮੋ ਕੌ ਦਾਸ ਤਵਨ ਕਾ ਜਾਨੋ॥
ਯਾ ਮੇ ਭੇਦ ਨ ਰੰਚ ਪਛਾਨੋ॥ (ਬਚਿੱਤ੍ਰ ਨਾਟਕ)

ਗੁਰੂ ਜੀ ਦੀ ਇਸ ਬਾਣੀ ਵਿਚ ਅਵਤਾਰਵਾਦ ਬਾਰੇ ਸਪੱਸ਼ਟਤਾ ਹੋਣ ਦੇ ਬਾਵਜੂਦ ਵੀ ਨਿਰਮਲੇ ਸੰਤ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਵਤਾਰ ਹੀ ਆਖਦੇ ਹਨ। ਗੁਰਬਾਣੀ ਵਿਚੋਂ ਅਵਤਾਰਵਾਦ ਦੇ ਵਿਸ਼ੇ 'ਤੇ ਪ੍ਰਗਟ ਕੀਤੇ ਗਏ ਵਿਚਾਰਾਂ ਦੇ ਆਧਾਰ 'ਤੇ ਇਹ ਆਖ ਦੇਣਾ ਅਨੁਚਿਤ ਨਹੀਂ ਹੈ ਕਿ ਨਿਰਮਲਿਆਂ ਦਾ ਅਵਤਾਰਵਾਦ ਵਿਚ ਵਿਸ਼ਵਾਸ ਸਿੱਖ ਮੱਤ ਦੇ ਸਿਧਾਂਤਾਂ ਦੇ ਅਨੁਕੂਲ ਨਾ ਹੋ ਕੇ ਪੁਰਾਣਾਂ ਦੀ ਵਿਚਾਰਧਾਰਾ 'ਤੇ ਆਧਾਰਤ ਹੈ।

www.sikhbookclub.com

ਭਾਰਤ ਦੀ ਅਧਿਆਤਮਕ ਪਰੰਪਰਾ ਵਿਚ ਆਵਾਗਵਨ ਤੋਂ ਮੁਕਤੀ ਪ੍ਰਾਪਤ ਕਰ ਕੇ ਪ੍ਰਭੂ ਮੇਲ ਲਈ ਜੋ ਮਾਰਗ ਅਪਣਾਏ ਗਏ ਹਨ, ਉਨ੍ਹਾਂ ਉੱਤੇ ਚਲਣ ਲਈ ਗੁਰੂ ਆਵੱਸ਼ਕਤਾ ਅਨਿਵਾਰੀ ਦਰਸਾਈ ਗਈ ਹੈ। ਗੁਰੂ ਦੀਖਿਆ ਲੈ ਕੇ ਜੀਵਨ ਬਿਤਾਉਣ ਦੀ ਰੀਤ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਵੀ ਪ੍ਰਚਲਤ ਸੀ। ਗੁਰਮਤ ਵਿਚ ਗੁਰੂ ਨਾਨਕ ਤੋਂ ਬਾਅਦ ਵੀ ਗੁਰੂ ਧਾਰਨ ਕਰਨ ਦੀ ਰੀਤ ਨੂੰ ਤਿਆਗਿਆ ਨਹੀਂ ਗਿਆ ਪਰ ਗੁਰਮਤ ਦਰਸ਼ਨ ਵਿਚ ਗੁਰੂ ਦਾ ਸਰੂਪ ਪਰੰਪਰਾਵਾਦੀ ਗੁਰੂ ਨਾਲੋਂ ਭਿੰਨ ਹੋ ਜਾਂਦਾ ਹੈ। ਨਿਰਮਲੇ ਸੰਤਾਂ ਨੇ ਇਸ ਭਿੰਨਤਾ ਨੂੰ ਪੂਰਨ ਤੌਰ 'ਤੇ ਪ੍ਰਵਾਨ ਨਹੀਂ ਕੀਤਾ ਅਤੇ ਗੁਰਮਤ ਦੇ ਅਨੁਯਾਈ ਹੁੰਦਿਆਂ ਹੋਇਆਂ ਵੀ ਪੂਰਵ ਨਾਨਕ ਪਰੰਪਰਾ ਨਾਲ ਜੁੜੇ ਹੋਏ ਹਨ। ਨਿਰਮਲੇ ਸੰਤਾਂ ਤੋਂ ਬਿਨਾਂ ਸਿੱਖ ਮੱਤ ਦੇ ਚਿੰਤਕਾਂ ਨੇ ਗੁਰਬਾਣੀ ਵਿਚੋਂ ਗੁਰੂ ਦੇ ਨਵੀਨ ਸੰਕਲਪ ਨੂੰ ਪਛਾਣਿਆ ਹੈ ਅਤੇ ਇਸ ਦੀ ਮੌਲਿਕਤਾ ਨੂੰ ਸਵੀਕਾਰ ਕਰ ਕੇ ਸਿੱਖਾਂ ਲਈ ਇਸ ਦੀ ਮਾਨਤਾ ਨੂੰ ਹੀ ਯੋਗ ਦੱਸਿਆ ਹੈ। ਗੁਰਮਤ ਦੇ ਸਾਰੇ ਸਿਧਾਂਤਾਂ ਵਾਂਗ ਸ਼ਬਦ-ਗੁਰੂ ਦਾ ਨਵਾਂ ਸਿਧਾਂਤ ਵੀ ਨਾਨਕ ਬਾਣੀ ਵਿਚੋਂ ਹੀ ਹੁੰਦਾ ਹੈ। ਭਾਰਤ ਵਿਚ ਗੁਰੂ ਦੀ ਪਦਵੀ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਹੈ। ਇਸ ਮਹੱਤਤਾ ਦੀ ਪਰੰਪਰਾ ਨੂੰ ਡਾ. ਨਿਰੰਜਨ ਰੇਅ ਨੇ ਇਨ੍ਹਾਂ ਸ਼ਬਦਾਂ ਵਿਚ ਉਲੀਕਿਆ ਹੈ :-

In Indian tradition there are two ways or means by which one can enter in to communion with God, the first is directly between the human individual and God througoht the intermediary of his manifestation one's Guru...in all mystical and escetric religions and religions cults at any rate and significante role indeed the gurus words were regarded as the veritable a words of god himself."*

ਇਸ ਵਿਚ ਕੋਈ ਸੰਦੇਹ ਨਹੀਂ ਕਿ ਸਿੱਖ ਗੁਰੂ ਵੀ ਭਾਰਤ ਵਿਚ ਗੁਰੂ ਪ੍ਰਤੀ ਪ੍ਰੇਮ ਅਤੇ ਸ਼ਰਧਾਮਈ ਵਿਵਹਾਰ ਵਾਲੀ ਪਰੰਪਰਾ ਨਾਲ ਜੁੜੇ ਹੋਏ ਹਨ ਅਤੇ ਇਸੇ ਪਰੰਪਰਾ ਦੇ ਪ੍ਰਭਾਵ ਅਧੀਨ ਉਨ੍ਹਾਂ ਨੇ ਗੁਰੂ ਦੀ ਸ਼ਰਨ ਲੈ ਕੇ ਅਧਿਆਤਮਕ ਜੀਵਨ ਬਿਤਾਇਆ ਹੈ। ਗੁਰੂ ਦੀ ਮਹਾਨ ਪਦਵੀ ਦਾ ਮਹੱਤਵ ਦੱਸਦਿਆਂ ਗੁਰੂ ਸਾਹਿਬਾਨ ਨੇ ਇਹ ਤੱਤ ਸਾਡੇ ਸਾਹਮਣੇ ਲਿਆਂਦਾ ਹੈ ਕਿ ਗੁਰੂ ਉਪਦੇਸ਼ ਦੇ ਪ੍ਰਕਾਸ਼ ਤੋਂ ਬਿਨਾਂ ਮਨੁੱਖ ਦਾ ਜੀਵਨ ਹਨੇਰੇ ਵਿਚ ਭਟਕਣ ਵਾਂਗ ਹੈ :-

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥

(ਅੰਗ ੪੬੩)

* ਨਾਨਕ ਪ੍ਰਕਾਸ਼ ਪੱਤ੍ਰਿਕਾ, ਲੇਖਕ ਡਾ. ਨਿਰੰਜਨ ਰੇਅ (ਪੰਨਾ 27)

www.sikhbookclub.com

ਅਤੇ ਗੁਰੂ ਦੇ ਉਪਦੇਸ਼ ਤੋਂ ਬਿਨਾਂ ਮਨੁੱਖ ਸੰਸਾਰਕ ਬੰਧਨਾਂ ਅਤੇ ਆਵਾਗਵਨ ਦੇ ਚੱਕਰ ਤੋਂ ਮੁਕਤ ਨਹੀਂ ਹੋ ਸਕਦਾ। ਜਿਸ ਗੁਰੂ ਦੀ ਸ਼ਰਨ ਲੈਣੀ ਹੈ, ਉਸ ਦਾ ਇਕ ਤਸੱਵਰ ਬਣਾਇਆ ਹੈ ਅਤੇ ਉਸੇ ਤੋਂ ਉਪਦੇਸ਼ ਲੈਣ ਦਾ ਗੁਰਸਿੱਖ ਨੂੰ ਅਧਿਕਾਰ ਹੈ ਕਿ ਉਹ ਗੁਰੂ ਕਿਹੋ ਜਿਹਾ ਹੈ :-

ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥

(ਗਉੜੀ ਸੁਖਮਨੀ ਮ: ੫, ਅੰਗ ੨੮੬)

ਉਪਦੇਸ਼ ਲੈਣ ਲਈ ਇਸ ਗੁਰੂ ਦੀ ਸ਼ਰਨ ਲਵੋ :-

ਪੂਰੇ ਗੁਰ ਕਾ ਸੁਨਿ ਉਪਦੇਸੁ॥

(ਗਉੜੀ ਸੁਖਮਨੀ ਮ: ੫, ਅੰਗ ੨੯੫)

ਯੁੱਗ ਪੁਰਸ਼ ਮਹਾਨ ਹਸਤੀਆਂ ਪਰੰਪਰਾ ਨੂੰ ਉਸੇ ਰੂਪ ਵਿਚ ਪ੍ਰਚਲਤ ਨਹੀਂ ਰਹਿਣ ਦੇਂਦੀਆਂ। ਬਦਲ ਚੁੱਕੀਆਂ ਪ੍ਰਸਥਿਤੀਆਂ ਦੇ ਪ੍ਰਤੀਫਲ ਉਹ ਪਰੰਪਰਾ ਵਿਚ ਵੀ ਆਪਣੇ ਅਨੁਭਵ ਦਾ ਰੰਗ ਸਮੋ ਕੇ ਪ੍ਰਾਚੀਨ ਰੀਤਾਂ ਨੂੰ ਹੀ ਇਕ ਨਵੇਂ ਰੂਪ ਵਿਚ ਪੇਸ਼ ਕਰ ਦੇਂਦੀਆਂ ਹਨ। ਗੁਰੂ ਧਾਰਣ ਕਰਨ ਦੀ ਪਰੰਪਰਾ ਵਿਚ ਗੁਰੂ ਨਾਨਕ ਦੇਵ ਜੀ ਨੇ ਵੀ ਇਕ ਨਵਾਂ ਮੋੜ ਲਿਆਂਦਾ ਹੈ ਜੋ ਕਿ ਗੁਰਮਤ ਦਰਸ਼ਨ ਦਾ ਸਤੰਭ ਬਣ ਗਿਆ ਹੈ। ਗੁਰੂ ਦੀ ਸਰੀਰਕ ਅਣਹੋਂਦ ਵਿਚ ਉਸੇ ਗੁਰੂ ਦੇ 'ਸ਼ਬਦ' ਨੂੰ ਗੁਰੂ ਪ੍ਰਵਾਨ ਕਰ ਲੈਣ ਦਾ 'ਸ਼ਬਦ ਸਿਧਾਂਤ' ਗੁਰੂ ਨਾਨਕ ਦਾ ਮੌਲਿਕ ਸਿਧਾਂਤ ਹੈ। ਉਨ੍ਹਾਂ ਨੂੰ ਅਨੁਭਵ ਹੋ ਗਿਆ ਸੀ ਕਿ ਪੂਰਨ ਗੁਰੂ ਜਾਂ ਸਤਿਗੁਰੂ ਦੀ ਅਵਸਥਾ ਵਿਚ ਹਰ ਕੋਈ ਪਹੁੰਚ ਨਹੀਂ ਸਕਦਾ। ਸਤਿਗੁਰੂ ਤੋਂ ਬਿਨਾ ਕਿਸੇ ਹੋਰ ਗੁਰੂ ਨੂੰ ਪ੍ਰਵਾਨ ਕਰਨ ਦਾ ਉਪਦੇਸ਼ ਉਹ ਦੇਣਾ ਨਹੀਂ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਗੁਰੂ ਦੀ ਪਦਵੀ ਕੇਵਲ ਰੋਜ਼ਗਾਰ ਦਾ ਵਸੀਲਾ ਬਣ ਕੇ ਨਾ ਰਹਿ ਜਾਏ, ਇਸ ਪ੍ਰਕਾਰ ਦੇ ਗੁਰੂ ਚਿੱਤ੍ਰ ਉਨ੍ਹਾਂ ਨੇ ਆਸਾ ਦੀ ਵਾਰ ਵਿਚ ਚਿਤ੍ਰਿਆ ਹੈ :-

ਵਾਇਨਿ ਚੇਲੇ ਨਚਨਿ ਗੁਰ ॥ ਪੈਰ ਹਲਾਇਨਿ ਫੇਰਨਿ੍ ਸਿਰ ॥
ਉਡਿ ਉਡਿ ਰਾਵਾ ਝਾਟੈ ਪਾਇ ॥ ਵੇਖੈ ਲੋਕੁ ਹਸੈ ਘਰਿ ਜਾਇ ॥
ਰੋਟੀਆ ਕਾਰਣਿ ਪੂਰਹਿ ਤਾਲ ॥ ਆਪੁ ਪਛਾੜਹਿ ਧਰਤੀ ਨਾਲਿ ॥

(ਆਸਾ ਮਹਲਾ ੧, ਅੰਗ ੪੬੫)

ਮੁਕਤੀ ਦੇ ਮਾਰਗ ਲਈ ਗੁਰੂ ਜੀ ਨੇ ਸੰਕੇਤ ਦਿੱਤਾ ਹੈ :-

ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥

(ਅੰਗ ੯੩੮)

ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥
ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ॥

(ਅੰਗ ੯੪੦)

www.sikhbookclub.com

'ਸ਼ਬਦ-ਗੁਰੂ' ਦੀ ਮਹੱਤਤਾ ਧਾਰਮਿਕ ਵਿਸ਼ਿਆਂ ਦੇ ਖੋਜੀ ਚਿੰਤਕਾਂ ਨੇ ਵੀ ਸਵੀਕਾਰ ਕੀਤੀ ਹੈ :-

"ਗੁਰੂ ਨਾਨਕ ਦੇਵ ਜੀ ਦੇ ਖ਼ਿਆਲ ਅਨੁਸਾਰ ਸਤਿਗੁਰੂ ਦੇ ਸ਼ਬਦੁ ਦਾ ਮਿਲਣਾ ਛੁਟਕਾਰਾ ਪ੍ਰਾਪਤ ਕਰਨ ਦਾ ਇਕ ਮਾਤਰ ਸਾਧਨ ਹੈ, ਜਿਹੜਾ ਸ਼ਬਦ ਨੂੰ ਪਛਾਣ ਕੇ ਉਸ ਨੂੰ ਧਿਆਉਂਦਾ ਹੈ, ਉਹ ਮੁਕਤੀ ਪਾਉਂਦਾ ਹੈ...ਸ਼ਬਦ ਗੁਰੂ ਵੀ ਹੈ ਇਸ ਲਈ ਕਿ ਗੁਰੂ ਵੀ ਪਰਮੇਸ਼ਰ ਦਾ ਹੁਕਮ ਪ੍ਰਗਟ ਕਰਦਾ ਹੈ।"*

ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ ॥
ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ ॥
ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ ॥
ਮਨ ਰੇ ਸਬਦਿ ਤਰਹੁ ਚਿਤੁ ਲਾਇ ॥
*ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥***

(ਅੰਗ ੧੯)

ਸਹਜੇ ਆਵੈ ਸਹਜੇ ਜਾਇ ॥
ਮਨ ਤੇ ਉਪਜੈ ਮਨ ਮਾਹਿ ਸਮਾਇ ॥
ਗੁਰਮੁਖਿ ਮੁਕਤੋ ਬੰਧੁ ਨ ਪਾਇ ॥
ਸਬਦੁ ਬੀਚਾਰਿ ਛੁਟੈ ਹਰਿ ਨਾਇ ॥***

(ਅੰਗ ੧੫੨)

ਪਿਆਰਾ ਸਿੰਘ ਪਦਮ ਨੇ ਵੀ ਸ਼ਬਦ-ਗੁਰੂ ਦੇ ਸਿਧਾਂਤ ਦੀ ਪ੍ਰੋੜ੍ਹਤਾ ਕਰ ਕੇ ਗੁਰਮਤ ਦਰਸ਼ਨ ਦੇ ਇਸ ਨਵੇਂ ਲਕਸ਼ ਨੂੰ ਇਕ ਵੱਡੇ ਮਨੋਰਥ ਦੀ ਪ੍ਰਾਪਤੀ ਆਖਿਆ ਹੈ :-

ਸਾਰੀ ਗੁਰਮਤ ਲਹਿਰ ਦਾ ਇਕ ਮੰਤਵ ਸ਼ਬਦ ਨੂੰ ਗੁਰਿਆਈ ਦੇ ਕੇ ਦੇਹਧਾਰੀ ਸਿਲਸਿਲੇ ਨੂੰ ਸਮਾਪਤ ਕਰ ਦੇਣਾ ਸੀ ਤੇ ਅੰਤ ਹੋਇਆ ਵੀ ਇਹੋ। ਗੁਰੂਆਂ ਦੇ ਜ਼ਮਾਨੇ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਸ਼ਬਦ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸੇ ਪਦ 'ਤੇ ਸੁਸ਼ੋਭਿਤ ਕੀਤਾ ਗਿਆ।+

ਪੋਥੀ ਪਰਮੇਸਰ ਕਾ ਥਾਨੁ ॥ (ਸਾਰੰਗ ਮਹਲਾ ੫ ਅੰਗ ੧੨੨੬)

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥

(ਰਹਿਤਨਾਮਾ)

** ਡਬਲਯੂ.ਐਚ. ਮਕਲੋਡ, ਆਲੋਚਨਾ ਗੁਰੂ ਨਾਨਕ ਅੰਕ, 1969 (ਪੰਨਾ 334)*

*** ਸਿਰੀ ਰਾਗ ਮ: ੧ ਅੰਗ ੧੯*

**** ਗਉੜੀ ਮਹਲਾ ੧ ਅੰਗ ੧੫੨*

+ਪਿਆਰਾ ਸਿੰਘ ਪਦਮ, ਨਾਨਕ ਪ੍ਰਕਾਸ਼ ਪੱਤ੍ਰਿਕਾ, ਦਸੰਬਰ 70, (ਪੰਨਾ 23)

www.sikhbookclub.com

ਗੁਰਬਾਣੀ ਵਿਚੋਂ ਹੀ ਪ੍ਰਮਾਣ ਦੇਣ ਲਈ ਪਦਮ ਨੇ ਹੇਠ ਲਿਖੇ ਗੁਰਵਾਕਾਂ ਦੇ ਹਵਾਲੇ ਦਿੱਤੇ ਹਨ :-

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (ਅੰਗ ੯੪੩)

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥
ਪੂਰਾ ਬੈਰਾਗੀ ਸਹਿਜ ਸੁਭਾਗੀ ਸਚੁ ਨਾਨਕ ਮਨੁ ਮਾਨੰ॥

(ਸੋਰਠਿ ਮਹਲਾ ੧, ਅੰਗ ੬੩੫)

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥

(ਅੰਗ ੯੮੨)

ਅਧਿਆਤਮਕਵਾਦ ਵਿਚ ਸ਼ਬਦ ਸਿਧਾਂਤ ਦੇ ਸਥਾਨ ਨੂੰ ਡਾ. ਤ੍ਰਿਲੋਚਨ ਸਿੰਘ ਨੇ ਅਤਿ ਉਪਯੋਗੀ ਲਕਸ਼ ਦੱਸਿਆ ਹੈ :-

"ਸਿੱਖ ਧਰਮ ਦੇ ਅਧਿਆਤਮਕਵਾਦ ਵਿਚ ਸ਼ਬਦ ਸਿਧਾਂਤ ਦੀ ਵਿਸ਼ੇਸ਼ ਥਾਂ ਹੈ। ਸ਼ਬਦ ਸੱਚੇ ਗੁਰੂ ਦਾ ਨਿਰਗੁਣ ਸਰੂਪ ਹੈ ਅਤੇ ਗੁਰੂ ਦੀ ਆਤਮਕ ਸਖਸ਼ੀਅਤ ਦਾ ਸਾਕਾਰ ਰੂਪ ਹੈ।"*

ਸਿੱਖ ਮੱਤ ਦੇ ਗੁਰੂਆਂ ਨੇ ਸ਼ਬਦ-ਗੁਰੂ ਦਾ ਉਪਦੇਸ਼ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਿਧਾਂਤ ਨੂੰ ਸਦਾ ਲਈ ਅਮਲੀ ਰੂਪ ਦੇਣ ਦਾ ਆਦੇਸ਼ ਕਰ ਦਿੱਤਾ ਕਿਉਂਕਿ ਇਸ ਮਹਾਨ ਸ਼ਖਸੀਅਤ ਨੇ ਆਪਣੀ ਦੂਰ ਦਰਸ਼ੀ ਦਿੱਬ ਦ੍ਰਿਸ਼ਟੀ ਨਾਲ ਵੇਖ ਲਿਆ ਸੀ ਕਿ ਸੱਚੇ ਗੁਰੂ ਦੀ ਅਣਹੋਂਦ ਵਿਚ ਕਈ ਪਾਖੰਡੀ ਗੁਰੂ ਇਸ ਉੱਤਮ ਪਦਵੀ ਨੂੰ ਰੋਜ਼ਗਾਰ ਦਾ ਵਸੀਲਾ ਬਣਾ ਲੈਣਗੇ ਅਤੇ ਸਿੱਖਾਂ ਨੂੰ ਗੁਮਰਾਹ ਕਰਨਗੇ। ਇਹੋ ਜਿਹੇ ਗੁਰੂਆਂ ਅਤੇ ਚੇਲਿਆਂ ਦੀ ਅਵਸਥਾ ਦਾ ਚਿਤ੍ਰਨ ਆਸਾ ਦੀ ਵਾਰ ਵਿਚ ਚਿਤ੍ਰਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਗੁਰੂਆਂ ਦੀ ਬਾਣੀ ਨੂੰ ਗੁਰੂ ਦੀ ਸਨਮਾਨਤ ਪਦਵੀ ਦੇ ਕੇ ਅੱਗੋਂ ਆਪਣੇ ਸਿੱਖਾਂ ਨੂੰ ਦੇਹਧਾਰੀ ਗੁਰੂ ਦੀ ਸ਼ਰਨ ਲੈਣ ਤੋਂ ਵਰਜਿਤ ਕਰ ਦਿੱਤਾ। ਗੁਰੂ ਨਾਨਕ ਅਤੇ ਦੂਜੇ ਗੁਰੂਆਂ ਵੱਲੋਂ ਗੁਰਬਾਣੀ ਵਿਚ ਜੋ ਸਥਾਨ ਸ਼ਬਦ-ਗੁਰੂ ਦਾ ਸਥਾਪਿਤ ਕੀਤਾ ਗਿਆ ਹੈ, ਇਸ ਨੂੰ ਸਿੱਖਾਂ ਨੇ ਅਤੇ ਗੁਰਮਤ ਦੇ ਚਿੰਤਕਾਂ ਨੇ ਪਰਵਾਨ ਕਰ ਲਿਆ ਹੈ ਪਰ ਨਿਰਮਲੇ ਸੰਤਾਂ ਗੁਰਬਾਣੀ ਵਿਚਲੇ ਪ੍ਰਮਾਣਾਂ ਤੋਂ ਜਾਣੂ ਹੋ ਕੇ ਵੀ ਪੁਰਾਣੀ ਪਰੰਪਰਾ ਦੇ ਅਧੀਨ ਹਨ ਅਤੇ ਦੇਹਧਾਰੀ ਗੁਰੂ ਦੀ ਪਰੰਪਰਾ ਚੱਲ ਰਹੀ 'ਤੇ ਜ਼ੋਰ ਦੇਂਦੇ ਹਨ। ਪਰੰਤੂ ਨਿਰਮਲ ਸੰਪ੍ਰਦਾ ਵਿਚ ਅਜਿਹੀ ਦੇਹਧਾਰੀ ਪਰੰਪਰਾ ਨਹੀਂ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਸਰਬ ਉੱਚਤਾ ਨੂੰ ਅਪ੍ਰਵਾਨ ਕਰਦੀ ਹੋਵੇ। ਦੇਹਧਾਰੀ ਗੁਰੂ ਦੀ ਪ੍ਰਪੰਰਾ ਉਹਨਾਂ ਦੀ ਸੰਪ੍ਰਦਾ ਦੀ ਆਪਣੀ ਮਰਯਾਦ ਹੈ ਜੋ ਕਿ ਪੁਰਾਣੇ ਸਮੇਂ

*ਡਾ. ਤ੍ਰਿਲੋਚਨ ਸਿੰਘ — ਲੇਖ, ਗੁਰੂ ਨਾਨਕ ਜੀਵਨ ਯੁੱਗ ਅਤੇ ਉਪਦੇਸ਼ (ਪੰਨਾ 124)

www.sikhbookclub.com

ਤੋਂ ਚੱਲੀ ਆ ਰਹੀ ਹੈ। ਉਹ ਅਵਤਾਰਵਾਦ ਦੇ ਸਿਧਾਂਤ ਵਾਂਗ ਗੁਰੂ ਦੀ ਪੁਸ਼ਟੀ ਦੀ ਵੱਡੀ ਦਲੀਲ ਇਹੋ ਹੈ ਕਿ ਸਿੱਖ ਗੁਰੂਆਂ ਨੇ ਵੀ ਦੇਹਧਾਰੀ ਗੁਰੂਆਂ ਨੂੰ ਹੀ ਮੰਨਿਆ ਸੀ, ਇਸ ਲਈ ਉਨ੍ਹਾਂ (ਨਿਰਮਲਿਆਂ) ਦੀ ਰੀਤ ਸਿੱਖ ਮੱਤ ਨਾਲੋਂ ਵੱਖਰੀ ਨਹੀਂ ਹੈ। ਭਾਵੇਂ ਨਿਰਮਲੇ ਸੰਤਾਂ ਦੇ ਦਿਲਾਂ ਵਿਚ ਗੁਰੂਆਂ ਅਤੇ ਉਨ੍ਹਾਂ ਦੀ ਬਾਣੀ ਲਈ ਅਥਾਹ ਸ਼ਰਧਾ ਹੈ।

ਗ੍ਰਹਿਸਤ :- ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਆਤਮਿਕ ਉੱਨਤੀ ਲਈ ਗ੍ਰਹਿਸਤ ਜੀਵਨ ਨੂੰ ਇਕ ਰੁਕਾਵਟ ਸਮਝਿਆ ਜਾਂਦਾ ਸੀ। ਸਿੱਧ ਅਤੇ ਜੋਗੀ ਅਧਿਆਤਮਕ ਜੀਵਨ ਬਿਤਾਉਣ ਦੀ ਇੱਛਾ ਨਾਲ ਸਮਾਜਿਕ ਵਾਤਾਵਰਨ ਨੂੰ ਤਿਲਾਂਜਲੀ ਦੇ ਕੇ ਜੰਗਲਾਂ ਅਤੇ ਪਹਾੜਾਂ 'ਤੇ ਜਾ ਕੇ ਇਕਾਂਤ ਵਿਚ ਤੱਪ ਅਤੇ ਸਾਧਨਾ ਕਰਦੇ ਸਨ। ਗ੍ਰਹਿਸਤ ਵਿਚ ਰਹਿਣ ਵਾਲੇ ਮਨੁੱਖਾਂ ਨੂੰ ਵੀ ਇਹੋ ਉਪਦੇਸ਼ ਦਿੱਤਾ ਜਾਂਦਾ ਸੀ ਕਿ ਅਧਿਆਤਮਕ ਮੰਡਲਾਂ ਵਿਚ ਲੀਨ ਹੋਣ ਲਈ ਗ੍ਰਹਿਸਤ ਦਾ ਤਿਆਗਣਾ ਜ਼ਰੂਰੀ ਹੈ। ਹਿੰਦੂ ਮੱਤ ਦੀ ਇਹ ਪਰੰਪਰਾ ਬਲਵਾਨ ਰੂਪ ਧਾਰਨ ਕਰ ਚੁੱਕੀ ਸੀ ਅਤੇ ਸਮਾਜਿਕ ਜੀਵਨ ਵਿਚ ਗ੍ਰਸੇ ਲੋਕਾਂ ਨੂੰ ਇਹ ਅਹਿਸਾਸ ਹੋਣ ਲੱਗ ਪਿਆ ਸੀ ਕਿ ਆਤਮਕ ਉੱਨਤੀ ਦਾ ਮਾਰਗ ਉਨ੍ਹਾਂ ਦੀ ਪਹੁੰਚ ਤੋਂ ਦੂਰ ਸੀ।

ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਸਮਾਜ ਨੂੰ ਅਧਿਆਤਮਕ ਜੀਵਨ ਦੀ ਸੋਝੀ ਕਰਾਉਣ ਲਈ ਪੁਰਾਤਨ ਰੀਤਾਂ ਵਿਚ ਕ੍ਰਾਂਤੀਕਾਰੀ ਪਰੀਵਰਤਨ ਲਿਆਂਦੇ। ਬ੍ਰਹਮਚਾਰੀ ਜੀਵਨ ਅਤੇ ਗ੍ਰਹਿਸਤ ਤਿਆਗਣ ਦੇ ਉਪਦੇਸ਼ ਦਾ ਖੰਡਨ ਕੀਤਾ ਅਤੇ ਮਨ ਨੂੰ ਵੱਸ ਕਰ ਕੇ ਗ੍ਰਹਿਸਤ ਜੀਵਨ ਦੇ ਵਿਚ ਹੀ ਨਾਮ ਸਿਮਰਨ ਦਾ ਮਾਰਗ ਦਿਖਾ ਕੇ ਜਨ ਸਾਧਾਰਣ ਲਈ ਅਧਿਆਤਮਕ ਜ਼ਿੰਦਗੀ ਜੀਊਣ ਦਾ ਸੁਪਨਾ ਸਾਕਾਰ ਕਰ ਦਿੱਤਾ। ਹੁਣ ਗ੍ਰਹਿਸਤੀ ਜੀਵਾਂ ਨੂੰ ਆਪਣਾ ਪਰਿਵਾਰ ਛੱਡ ਕੇ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ ਸੀ। ਮਨ ਨੂੰ ਨਾਮ ਦੀ ਟੇਕ ਦੇ ਕੇ ਪਰਿਵਾਰਕ ਜੀਵਨ ਬਿਤਾਂਦਿਆਂ, ਆਤਮਕ ਉੱਨਤੀ ਹੋ ਸਕਦੀ ਹੈ। ਗੁਰੂ ਜੀ ਦੇ ਇਸ ਜੀਵਨ-ਦਰਸ਼ਨ ਨੂੰ ਉਨ੍ਹਾਂ ਦੇ ਅਨੁਆਈਆਂ ਨੇ ਅਪਣਾ ਲਿਆ ਅਤੇ ਅੱਜ ਵੀ ਵਿਦਵਾਨ ਇਸ ਨਵੇਂ ਮੁਕਤੀ ਮਾਰਗ ਦਾ ਸਮਰਥਨ ਕਰਦੇ ਹਨ :-

"ਗੁਰੂ ਨਾਨਕ ਦੇਵ ਜੀ ਨੇ ਆਪਣੇ ਹਿੰਦੂ ਵਿਰਸੇ ਦੀਆਂ ਉਨ੍ਹਾਂ ਸਾਰੀਆਂ ਗੱਲਾਂ ਨੂੰ ਤਿਲਾਂਜਲੀ ਦੇ ਦਿੱਤੀ ਜਿਹੜੀਆਂ ਕਿ ਇਸ ਤਰ੍ਹਾਂ ਬਦਲਵੀਂ ਜੀਵਨ-ਜਾਚ ਨਾਲ ਇਕਸੁਰਤਾ ਨਹੀਂ ਰੱਖਦੀਆਂ। ਉਦਾਹਰਨ ਵਜੋਂ ਉਨ੍ਹਾਂ ਨੇ ਸੰਨਿਆਸਪੁਣੇ ਦਾ ਖੰਡਨ ਕੀਤਾ। ਉਹਨਾਂ ਨੇ ਅਜਿਹੇ ਬੰਦਿਆਂ ਦੀ ਕਰੜੀ ਆਲੋਚਨਾ ਕੀਤੀ ਜਿਹੜੇ ਕਿ ਜ਼ਿੰਦਗੀ ਦੀ ਜਦੋ-ਜਹਿਦ ਤੋਂ ਤੰਗ ਆ ਕੇ ਸਮਾਜ ਤੋਂ ਦੂਰ ਭੱਜਦੇ ਜਾ ਰਹੇ ਸਨ।"*

ਡਾ. ਸੀਤਾ ਰਾਮ ਬਾਹਰੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਗ੍ਰਹਿਸਤ ਜੀਵਨ ਦੇ ਪੱਖ ਨੂੰ ਵਿਸ਼ੇਸ਼ ਤੌਰ 'ਤੇ ਉਭਾਰਿਆ ਹੈ। ਗੁਰੂ ਨਾਨਕ ਸਾਹਿਬ ਦੇ ਇਸ ਨਵੇਂ ਮਾਰਗ ਬਾਰੇ ਡਾ. ਬਾਹਰੀ ਦੇ ਵਿਚਾਰ ਦ੍ਰਿਸ਼ਟੀਗੋਚਰ ਹਨ :-

*ਡਾ. ਕੇ.ਐਲ. ਸ਼ੇਸਾਗਿਰੀ ਰਾਓ, ਗੁਰੂ ਨਾਨਕ ਜੀਵਨ ਯੁੱਗ ਅਤੇ ਉਪਦੇਸ਼ (ਪੰਨਾ 156)

www.sikhbookclub.com

"ਉਨ੍ਹਾਂ ਨੇ ਅਨੁਰਕਤੀ ਅਤੇ ਵਿਰਕਤੀ ਵਿਚ ਸੰਤੁਲਨ ਸਥਾਪਿਤ ਕਰਦੇ ਘਰ ਬਾਰ ਵਿਚੇ ਗਤਿ ਪਾਉਣ ਅਤੇ ਬਿਖਿਆ ਮਈ ਮਾਇਆ ਵਿਚ ਉਦਾਸ ਰਹਿਣ ਦਾ ਸੁਨੇਹਾ ਦਿੱਤਾ।"

੧. ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ ॥

(ਅੰਗ ੯੩੮)

੨. ਗ੍ਰਿਹ ਬਨੁ ਸਮਸਰਿ ਸਹਿਜ ਸੁਭਾਇ ॥ (ਅੰਗ ੩੫੧)

੩. ਬਾਹਰਿ ਢੂਡਤ ਬਹੁਤੁ ਦੁਖੁ ਪਾਵਹਿ ਘਰਿ ਅੰਮ੍ਰਿਤੁ ਘਟ ਮਾਹੀ ਜੀਓ ॥

(ਅੰਗ ੫੯੮)

ਉਪਰੋਕਤ ਤੁੱਕਾਂ ਦੇ ਹਵਾਲੇ ਦੇ ਕੇ ਡਾ. ਬਾਹਰੀ ਨੇ ਲਿਖਿਆ ਹੈ :-

"ਇਹ ਵਿਚਾਰਧਾਰਾ ਉਸ ਉਲਾਰ ਦਾ ਜਵਾਬ ਹੈ ਜਿਸ ਵਿਚ ਮਹਾਤਮਾ ਬੁੱਧ ਅਤੇ ਮਹਾਂਬੀਰ ਨੇ ਕਹਿਆ ਸੀ :-

"ਮੁਨਿ ਤੇ ਭਿਖੂ ਬਣੇ ਬਿਨੁ ਮੁਕਤੀ ਨਹੀਂ ਲੱਭ ਸਕਦੀ।"

ਗ੍ਰਹਿਸਤ ਤਿਆਗਣ ਦੇ ਸੰਬੰਧ ਵਿਚ ਗੁਰੂ ਨਾਨਕ ਦੇਵ ਜੀ ਨੇ ਜੋ ਨਵੇਂ ਰਾਹ ਦਿਖਾਏ ਹਨ, ਉਨ੍ਹਾਂ ਤੋਂ ਪਹਿਲਾਂ ਅਵੱਸ਼ ਮਨੁੱਖ ਦੇ ਸਮਾਜਕ ਜੀਵਨ ਦਾ ਡੂੰਘਾ ਅਧਿਐਨ ਕੀਤਾ ਹੋਵੇਗਾ ਅਤੇ ਸਮਾਜ ਵਿਚ ਵਿਚਰ ਰਹੀਆਂ ਸਮੱਸਿਆਵਾਂ ਦੇ ਕਾਰਣਾਂ ਨੂੰ ਵਾਚਿਆ ਹੋਵੇਗਾ। ਅਸਲੀ ਕਾਰਨ ਪਤਾ ਕਰਨ ਤੋਂ ਬਾਅਦ ਹੀ ਵਿਰਕਤ ਮਾਰਗ ਦੀ ਕਰੜੀ ਆਲੋਚਨਾ ਕੀਤੀ ਹੈ। ਗੁਰੂ ਜੀ ਦੇ ਸਾਹਮਣੇ ਪ੍ਰਸ਼ਨ ਸੀ ਕਿ ਮਨੁੱਖ ਸੰਨਿਆਸ ਦਾ ਜੀਵਨ ਬਿਤਾ ਕੇ ਮੁਕਤੀ ਪ੍ਰਾਪਤ ਕਰਨ ਵਿਚ ਕਿਉਂ ਬ੍ਰਹਮਚਾਰੀ ਜਾਂ ਇਕਾਂਤ ਦੇ ਜੀਵਨ ਨੂੰ ਮੁਕਤੀ ਲਈ ਸਹਾਈ ਸਮਝਦਾ ਹੈ ? ਇਨ੍ਹਾਂ ਪ੍ਰਸ਼ਨਾਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਦਾ ਸਾਰ ਡਾ. ਸ਼ੇਰ ਸਿੰਘ ਨੇ ਦਿੱਤਾ ਹੈ :-

"ਗੁਰੂ ਸਾਹਿਬ ਦੀ ਸਿੱਖਿਆ ਇਹ ਹੈ ਕਿ ਸੰਸਾਰ ਦੇ ਜੀਵ ਆਪਣੇ ਆਪ ਵਿਚ ਬੁਰੇ ਨਹੀਂ ਹਨ। ਇਨ੍ਹਾਂ ਦੀ ਵਰਤੋਂ ਜਾਂ ਇਨ੍ਹਾਂ ਨਾਲ ਸੰਬੰਧਤ ਹੋਣ ਦੇ ਢੰਗ ਵਿਚ ਕੇਵਲ ਚੰਗੇ ਜਾਂ ਮੰਦੇ ਹੈ। ਸਾਨੂੰ ਸੰਸਾਰ ਰੂਪੀ ਖੇਡਣ ਦੇ ਮੈਦਾਨ ਵਿਚ ਖੇਡ ਖੇਡਣ ਲਈ ਮਾਲਕ ਨੇ ਭੇਜਿਆ ਹੈ।"*

ਡਾ. ਸ਼ੇਰ ਸਿੰਘ ਨੇ ਹੇਠ ਲਿਖੇ ਹਵਾਲੇ ਦਿੱਤੇ ਹਨ :-

ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥

(ਮਾਰੂ ਮ: ੫, ਅੰਗ ੧੦੧੮)

ਸਿੱਖ ਮੱਤ ਵਿਚ ਗ੍ਰਹਿਸਤ ਅਤੇ ਅਧਿਆਤਮਕਵਾਦ ਨੂੰ ਜਿਸ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਉਸ ਦੇ ਸੰਬੰਧ ਵਿਚ ਜੋ ਵਿਚਾਰ ਅਸੀਂ ਵਿਦਵਾਨਾਂ ਦੇ ਦਿੱਤੇ ਹਨ, ਉਹ ਨਿਰਮਲੇ

* *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਲਾ, ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ (ਪੰਨਾ 147)*

www.sikhbookclub.com

ਵਿਦਵਾਨਾਂ ਦੀ ਵਿਆਖਿਆ ਨਾਲੋਂ ਭਿੰਨ ਹਨ ਪਰ ਗੁਰਮਤ ਦਰਸ਼ਨ ਦੇ ਸਹੀ ਭਾਵ ਦੀ ਪ੍ਰਤਿਨਿਧਤਾ ਕਰਦੇ ਹਨ।

ਗਣੇਸ਼ ਆਰਾਧਨਾ :- ਮੰਗਲਾਚਰਣ, ਸਾਹਿਤਕਾਰ ਦੇ ਅਡੋਲ ਵਿਸ਼ਵਾਸ ਦਾ ਚਿੰਨ੍ਹ ਹੈ। ਪ੍ਰਾਚੀਨ ਭਾਰਤੀ ਸਾਹਿਤ ਮਰਿਆਦਾ ਵਿਚ ਸਾਹਿਤਕਾਰ ਆਪਣੇ *ਇਸ਼ਟ ਤੋਂ ਵਰਦਾਨ ਮੰਗਣ ਤੋਂ ਬਾਅਦ ਗੁਰੂ ਬੰਦਨਾ ਕਰ ਕੇ ਰਚਨਾ ਦਾ ਆਰੰਭ ਕਰਦੇ ਸਨ। ਗੁਰਬਾਣੀ ਵਿਚ ਮੰਗਲਾਚਰਣ ਦੀ ਇਕ ਨਿਸ਼ਚਿਤ ਪ੍ਰਕਾਰ ਦੀ ਰੀਤ ਹੈ ਜਿਸ ਅਨੁਸਾਰ ਬਾਣੀ ਦੇ ਆਰੰਭ ਵਿਚ ੧ੴ ਸਤਿਗੁਰ ਪ੍ਰਸਾਦਿ' ਲਿਖਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਦੇ ਆਦਿ ਵਿਚ ਕੇਵਲ ਪ੍ਰਭੂ ਨੂੰ ਹੀ ਇਸ਼ਟ ਜਾਣ ਕੇ '੧ੴ ਵਾਹਿਗੁਰੂ ਜੀ ਕੀ ਫ਼ਤਿਹ' ਲਿਖ ਕੇ ਮੰਗਲਾਚਰਣ ਕੀਤੇ ਗਏ ਹਨ ਅਤੇ ਆਪਣੇ ਦ੍ਰਿੜ੍ਹ ਵਿਸ਼ਵਾਸ ਨੂੰ ਗੁਰੂ ਜੀ ਆਪਣੀ ਬਾਣੀ ਵਿਚ ਵੀ ਸਪੱਸ਼ਟ ਕਰਦੇ ਹਨ :-

ਮੈ ਨਾ ਗਨੇਸਹਿ ਪ੍ਰਿਥਮ ਮਨਾਊਂ॥
ਕਿਸਨ ਬਿਸਨ ਕਬਹੂੰ ਨ ਧਿਆਊਂ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ॥
ਲਿਵ ਲਾਗੀ ਮੋਰੀ ਪਗ ਇਨ ਸੋਂ॥
ਤੁਮਹਿ ਛਾਡ ਕੋਈ ਅਵਰ ਨ ਧਯਾਊਂ॥
ਜੋ ਬਰ ਚਾਹੋਂ ਸੋ ਤੁਮ ਤੇ ਪਾਊਂ॥ (ਦਸਮ ਗ੍ਰੰਥ)

ਗੁਰਮਤ ਦੇ ਵਿਆਖਿਆਕਾਰ ਭਾਈ ਗੁਰਦਾਸ ਜੀ ਵੀ ਗੁਰਬਾਣੀ ਦੀ ਮੰਗਲਾਚਰਨ ਰੀਤ ਨੂੰ ਹੀ ਕਾਇਮ ਰੱਖਦੇ ਹੋਏ '੧ੴ ਸਤਿਗੁਰ ਪ੍ਰਸਾਦਿ' ਨਾਲ ਹੀ ਮੰਗਲਾਚਰਨ ਕਰਦੇ ਹਨ। ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਕਰਦੇ ਹੋਏ ਭਾਈ ਮਨੀ ਸਿੰਘ ਨੇ ਲਿਖਿਆ ਹੈ :-

"ਨਾਮ ਸਭ ਦੇਵਾਂ ਦਾ ਦੇਵ ਹੈ। ਕੋਈ ਦੇਵੀ ਮਨਾਉਂਦਾ ਹੈ ਕੋਈ ਸ਼ਿਵ ਜੀ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਪਰ ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹਨ ਜਿਸ ਕਰਕੇ ਸਭਿ ਵਿਘਨ ਨਾਸ਼ ਹੁੰਦੇ ਹਨ। ਤਾਂ ਤੇ ਸਤਿਨਾਮ ਦਾ ਮੰਗਲਾਚਾਰ ਆਦਿ ਰੱਖਿਆ ਗਿਆ ਹੈ।"**

ਗੁਰਮਤ ਦਰਸ਼ਨ ਦੇ ਬਾਕੀ ਸਿਧਾਂਤਾਂ ਵਾਂਗ ਮੰਗਲਾਚਰਨ ਦੀ ਪਰੰਪਰਾ ਵੀ ਇਕ ਮਿਥੇ ਸਿਧਾਂਤ ਨੂੰ ਪ੍ਰਗਟ ਕਰਦੀ ਹੈ। ਇਸ ਨੂੰ ਤਿਆਗ ਕੇ ਕਿਸੇ ਹੋਰ ਵਿਚਾਰਧਾਰਾ ਦੇ ਪ੍ਰਭਾਵ ਅਧੀਨ

* ਗ੍ਰੰਥਕਾਰ ਆਪਣੇ ਇਸ਼ਟ ਤੋਂ ਛੁੱਟ ਕਿਸੇ ਦੇਵਤਾ ਦਾ ਨਾਮ ਮੰਗਲ ਵਿਚ ਨਹੀਂ ਧਰਿਆ ਕਰਦੇ, ਬਲਕਿ ਮੰਗਲ ਤੋਂ ਹੀ ਕਵੀ ਦਾ ਇਸ਼ਟ ਜਾਣਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ, ਗੁਰਮਤ ਸੁਧਾਕਰ (ਪੰਨਾ 47)

** ਗੁਰਮਤ ਸੁਧਾਕਰ, ਪੰਨਾ 88 'ਤੇ ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਆਰੰਭ ਵਿਚ ਮੰਗਲਚਰਨ ਦੇ ਪ੍ਰਸੰਗ ਵਿਚ ਇਹ ਹਵਾਲਾ ਦਿੱਤਾ ਗਿਆ ਹੈ।

www.sikhbookclub.com

ਮੰਗਲਾਚਰਨ ਦਾ ਰੂਪ ਬਦਲ ਦੇਣਾ ਜਾਂ ਗੁਰਮਤ ਵਿਚ ਲਿਖੇ ਜਾ ਰਹੇ ਮੰਗਲਾਚਰਨ ਦੇ ਨਾਲ ਕਿਸੇ ਦੇਵਤੇ ਵਿਚ ਵਿਸ਼ਵਾਸ ਪ੍ਰਗਟ ਕਰ ਦੇਣਾ ਸਿੱਖ ਮੱਤ ਨਾਲੋਂ ਭਿੰਨਤਾ ਦਾ ਸੂਚਕ ਹੈ। ਨਿਰਮਲੇ ਸਾਹਿਤਕਾਰ ਆਪਣੀਆਂ ਰਚਨਾਵਾਂ ਦੇ ਆਦਿ ਵਿਚ ੧ੴ ਵੀ ਲਿਖਦੇ ਹਨ ਪਰ ਗਣੇਸ਼ ਤੋਂ ਵੀ ਵਰਦਾਨ ਮੰਗਦੇ ਹਨ। ਗਣੇਸ਼ ਨੂੰ ਨਾ ਧਿਆਉਣ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਸਪੱਸ਼ਟੀਕਰਨ ਕੀਤਾ ਹੈ। ਉਸ ਦੇ ਬਾਵਜੂਦ ਵੀ ਨਿਰਮਲੇ ਸਿੱਖ ਸਾਹਿਤਕਾਰਾਂ ਦਾ ਗਣੇਸ਼ ਵਿਚ ਪੂਰਾ ਵਿਸ਼ਵਾਸ ਰੱਖ ਕੇ ਇਸ ਨੂੰ ਮੰਗਲਾਚਰਨ ਵਿਚ ਧਿਆਉਣਾ ਗੁਰਬਾਣੀ ਦੀ ਮੰਗਲਾਚਰਨ ਪਰੰਪਰਾ ਦੇ ਵਿਰੁਧ ਹੈ ਅਤੇ ਪੌਰਾਣਿਕ ਸੰਸਕ੍ਰਿਤੀ ਨੂੰ ਮੁੜ ਅਪਣਾ ਕੇ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਕਰਨ ਦਾ ਸੂਚਕ ਹੈ। ਨਿਰਮਲੇ ਸੰਤ ਆਪਣੇ ਮੰਗਲਾਚਰਨ ਨੂੰ ਗੁਰਮਤ ਨਿਯਮਾਂ ਦੇ ਪ੍ਰਤੀਕੂਲ ਨਹੀਂ ਆਖਦੇ ਕਿਉਂਕਿ '੧ੴ' ਅਵੱਸ਼ ਲਿਖਦੇ ਹਨ ਪਰ ਗਣੇਸ਼ ਵਿਚ ਵਿਸ਼ਵਾਸ ਰੱਖ ਕੇ ਇਕ ਹੀ ਮੰਗਲਾਚਰਨ ਵਿਚ ਦੋ ਵਿਚਾਰਾਂ ਦਾ ਮੇਲ ਕਿਉਂ ਹੈ ? ਇਸ ਦਾ ਉਨ੍ਹਾਂ ਪਾਸ ਸੰਤੋਸ਼ਜਨਕ ਉੱਤਰ ਨਹੀਂ ਹੈ।

ਪਹਿਰਾਵਾ :- ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਭਾਵੇਂ ਸਿੱਖ ਮੱਤ ਦੇ ਅਨੁਆਈਆਂ ਲਈ ਪਹਿਰਾਵੇ ਲਈ ਨਿਸਚਿਤ ਨਿਯਮ ਨਹੀਂ ਸਨ ਪਰ ਗੁਰੂ ਨਾਨਕ ਦੇਵ ਜੀ ਨੇ ਉਸ ਪਹਿਰਾਵੇ ਦਾ ਖੰਡਨ ਕੀਤਾ ਜੋ ਝੂਠੀ ਵੈਰਾਗਮਈ ਅਵਸਥਾ ਦਰਸਾਉਣ ਲਈ ਪਹਿਨਿਆ ਜਾਂਦਾ ਸੀ। ਭਾਵੇਂ ਉਹ ਭਗਵਾ ਹੋਵੇ, ਭਾਵੇਂ ਨੀਲਾ, ਚਿੱਟਾ, ਗੁਰਸਿੱਖਾਂ ਦੇ ਖ਼ਾਸ ਪਹਿਰਾਵੇ ਲਈ ਨਾ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਨਾ ਹੀ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚੋਂ ਕੋਈ ਵਿਸ਼ੇਸ਼ ਸੰਕੇਤ ਮਿਲਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਦਾ ਇਕ ਵਿਲੱਖਣ ਸਰੂਪ ਬਣਾਉਣ ਲਈ ਅਰਥ ਭਰਪੂਰ ਭਾਵਨਾ ਨਾਲ ਪੰਜ ਕਕਾਰ ਰਹਿਤ ਦਾ ਅਨਿਵਾਰੀ ਨਿਯਮ ਬਣਾ ਲੈਣ ਦਾ ਆਦੇਸ਼ ਕਰ ਦਿੱਤਾ। ਪੰਜ ਕਕਾਰ ਨੂੰ ਤਿਆਗਣਾ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਤੋਂ ਬੇਮੁਖ ਹੋਣਾ ਹੈ। ਨਿਰਮਲੇ ਸੰਤਾਂ ਨੇ ਇਸ ਆਦੇਸ਼ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਹੈ ਕਿ ਸੰਤਾਂ ਲਈ ਅਤੇ ਵਿਸ਼ੇਸ਼ ਤੌਰ 'ਤੇ ਨਿਰਮਲ ਵਰਗ ਦੇ ਵਿਦਵਾਨਾਂ ਲਈ ਪੰਜ ਕਕਾਰ ਦੀ ਕੋਈ ਪਾਬੰਦੀ ਨਹੀਂ ਹੈ। ਇਸ ਪ੍ਰਕਾਰ ਦੇ ਦੋ ਰੂਪੀ ਖ਼ਾਲਸੇ ਬਨਾਉਣ ਬਾਰੇ ਇਤਿਹਾਸ ਵਿਚ ਪ੍ਰਮਾਣ ਤਾਂ ਨਹੀਂ ਮਿਲਦੇ ਪਰ ਕੁਝ ਵਿਦਵਾਨਾਂ ਨੇ ਇਸ ਦਲੀਲ ਨੂੰ ਉਚਿਤ ਆਖਿਆ ਹੈ ਕਿ ਨਿਰਮਲ ਵਰਗ ਦੇ ਵਿਦਵਾਨਾਂ ਨੂੰ ਪੰਜ ਕਕਾਰ ਦੀ ਪੂਰੀ ਪਾਬੰਦੀ ਨਹੀਂ :-

"ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਸਿੱਖਾਂ ਨੂੰ ਆਗਿਆ ਦਿੱਤੀ ਕਿ ਜੋ ਵੀ ਪੰਡਤਾਂ ਦੇ ਰਸਮੋ ਰਿਵਾਜ ਹਨ, ਉਹ ਸਭ ਕਰੋ ਤੇ ਵਿੱਦਿਆ ਜ਼ਰੂਰ ਲੈ ਕੇ ਆਉ। ਉਨ੍ਹਾਂ ਹਿੰਦੂਆਂ ਸਾਧੂਆਂ ਵਾਲੇ ਭਗਵੇ ਵਸਤ੍ਰ ਪਹਿਨ ਲਏ ਤੇ ਬ੍ਰਹਮਚਾਰੀ ਰਹਿਣ ਦੀ ਪ੍ਰਤਿਗਿਆ ਕਰ ਲਈ।"*

---

*ਡਾ. ਸ਼ੇਰ ਸਿੰਘ, ਗੁਰਮਤ ਦਰਸ਼ਨ (ਪੰਨਾ 6)

www.sikhbookclub.com

ਪੰਜ ਕਕਾਰ ਗ੍ਰਹਿਣ ਕਰਨ ਦਾ ਉਪਦੇਸ਼ ਆਨੰਦਪੁਰ ਸਾਹਿਬ ਵਿਚ ਪੰਜ ਪਿਆਰਿਆਂ ਦੀ ਚੋਣ ਤੋਂ ਬਾਅਦ ਦਿੱਤਾ ਗਿਆ ਸੀ ਪਰ ਨਿਰਮਲੇ ਵਰਗ ਦੇ ਮੋਢੀ ਸੰਤਾਂ ਨੂੰ ਕਾਂਸ਼ੀ ਭੇਜਣ ਦਾ ਨਿਰਣਾ ਇਸ ਘਟਨਾ ਤੋਂ ਪਹਿਲਾਂ ਪਉਂਟਾ ਦੇ ਸਥਾਨ 'ਤੇ ਹੋਇਆ ਸੀ।

ਭਾਵੇਂ ਇਤਿਹਾਸਕ ਪ੍ਰਮਾਣ ਨਹੀਂ ਮਿਲਦੇ ਕਿ ਸੰਸਕ੍ਰਿਤ ਪੜ੍ਹਨ ਲਈ ਭੇਜਣ ਸਮੇਂ ਕਿਹੋ ਜਿਹੇ ਪਹਿਰਾਵੇ ਦਾ ਆਦੇਸ਼ ਸੀ ਪਰ ਇਹ ਸੰਭਵ ਹੈ ਕਿ ਗੁਰੂ ਜੀ ਨੇ ਸੰਸਕ੍ਰਿਤ ਵਿੱਦਿਆ ਪੜ੍ਹਾਉਣ ਦੀ ਤੀਬਰ ਇੱਛਾ ਦੇ ਵੱਸ ਹੋ ਕੇ *ਅਣਸੀਤਾ ਬਾਣਾ ਪਹਿਨ ਕੇ ਜਾਣ ਦੀ ਆਗਿਆ ਆਪਣੇ ਸਿੱਖਾਂ ਨੂੰ ਦੇ ਦਿੱਤੀ ਹੋਵੇ। ਇਹ ਘਟਨਾ ਅੰਮ੍ਰਿਤ ਸੰਸਕਾਰ ਤੋਂ ਪਹਿਲੋਂ ਦੇ ਸਮੇਂ ਦੀ ਹੈ ਅਤੇ ਉਸ ਸਮੇਂ ਪੰਜ ਕਕਾਰ ਦੀ ਜਾਂ ਕਿਸੇ ਹੋਰ ਪ੍ਰਕਾਰ ਦੇ ਪਹਿਰਾਵੇ ਦੀ ਨਿਯਮ-ਬੱਧ ਪਾਬੰਦੀ ਨਹੀਂ ਸੀ, ਪਰ ਕਾਂਸ਼ੀ ਤੋਂ ਵਾਪਸ ਆਉਣ 'ਤੇ ਜਦੋਂ ਇਨ੍ਹਾਂ ਵਿਦਵਾਨਾਂ ਨੇ ਵੀ ਅੰਮ੍ਰਿਤ ਛਕਿਆ ਤਾਂ ਉਸ ਵੇਲੇ ਅਣਸੀਤੇ ਸੰਤ ਪਹਿਰਾਵੇ ਦੀ ਲੋੜ ਨਹੀਂ ਸੀ ਅਤੇ ਉਸ ਤੋਂ ਬਾਅਦ ਇਨ੍ਹਾਂ ਦਾ ਰੂਪ ਖ਼ਾਲਸਾ ਰੂਪ ਵਾਂਗ ਹੀ ਹੋਣਾ ਚਾਹੀਦਾ ਸੀ। ਹੁਣ ਇਹ ਕਾਂਸ਼ੀ ਦੇ ਪੰਡਤਾਂ ਦੇ ਵਿਦਿਆਰਥੀ ਨਹੀਂ ਰਹੇ ਸਨ ਬਲਕਿ ਮਨੋਰਥ ਪੂਰਾ ਹੋ ਚੁੱਕਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਬਣ ਗਏ ਸਨ। ਸਾਡਾ ਵਿਚਾਰ ਹੈ ਕਿ ਸੰਤ ਬਾਣੇ ਦੀ ਆਗਿਆ ਕੇਵਲ ਉਨ੍ਹਾਂ ਪੰਜਾਂ ਨੂੰ ਹੀ ਮਿਲੀ ਸੀ ਜੋ ਪੜ੍ਹਨ ਲਈ ਗਏ ਸਨ, ਅੱਗੋਂ ਸਭ ਸਿੱਖਾਂ ਲਈ ਇਕ ਹੀ ਜੀਵਨ-ਜਾਚ ਦਾ ਆਦੇਸ਼ ਸੀ।

ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਵਿਚ ਸਿੱਖ ਮੱਤ ਦੇ ਜਿਨ੍ਹਾਂ ਨਿਯਮਾਂ ਬਾਰੇ ਵਿਵਾਦ ਹੈ, ਉਨ੍ਹਾਂ ਦੇ ਦੋਵੇਂ ਪੱਖਾਂ ਤੇ ਵਿਦਵਾਨਾਂ ਦੀਆਂ ਰਾਵਾਂ ਵੀ ਉੱਤੇ ਚਰਚਾ ਕੀਤੀ ਗਈ ਹੈ। ਇਹ ਨਿਰਣਾ ਦੇਣ ਤੋਂ ਪਹਿਲਾਂ ਕਿ ਨਿਰਮਲੇ ਸੰਤ ਗੁਰਮਤ ਦਰਸ਼ਨ ਦੇ ਕਿਹੜੇ ਪੱਖ ਨਾਲ ਸਹਿਮਤ ਨਹੀਂ ਅਤੇ ਕਿਹੜੇ ਉਨ੍ਹਾਂ ਨੇ ਸਵੀਕਾਰ ਕਰ ਲਏ ਹਨ, ਸਾਨੂੰ ਸਾਹਿਤ ਅਤੇ ਧਰਮ ਵਿਚ ਪਰੰਪਰਾ ਦੀ ਮਹੱਤਤਾ ਉੱਤੇ ਵੀ ਵਿਚਾਰ ਕਰਨ ਦੀ ਲੋੜ ਹੈ।

ਕਿਸੇ ਵੀ ਰੀਤ, ਦਰਸ਼ਨ ਜਾਂ ਵਿਚਾਰਧਾਰਾ ਦਾ ਯੋਗ ਮੁਲਾਂਕਣ ਕਰਨ ਤੋਂ ਪਹਿਲਾਂ ਉਸ ਦੇ ਪਿਛੋਕੜ ਵਿਚ ਚੱਲੀਆਂ ਆ ਰਹੀਆਂ ਸਮਾਜਿਕ ਅਤੇ ਧਾਰਮਿਕ ਪਰਿਸਥਿਤੀਆਂ ਦੀਆਂ ਕਦਰਾਂ ਕੀਮਤਾਂ ਦੀ ਪਰਖ ਪੜਚੋਲ ਕਰਨੀ ਜ਼ਰੂਰੀ ਹੈ। ਵਰਤਮਾਨ ਭੂਤ ਦੀ ਕੁੱਖ ਵਿਚੋਂ ਜਨਮ ਲੈਂਦਾ ਹੈ, ਇਸ ਲਈ ਭਾਵੇਂ ਭੂਤਕਾਲ ਨਾਲੋਂ ਵੱਖਰਾ ਹੁੰਦਾ ਹੈ ਪਰ ਬਿਲਕੁਲ ਮੌਲਿਕ ਨਹੀਂ ਆਖਿਆ ਜਾ ਸਕਦਾ। ਅਤੀਤ ਵਿਚ ਵਾਪਰ ਚੁੱਕੀਆਂ ਅਣਗਿਣਤ ਘਟਨਾਵਾਂ ਅਤੇ ਉਨ੍ਹਾਂ ਦੇ ਪ੍ਰਤਿਕਰਮ, ਮਹਾਂ ਪੁਰਖਾਂ ਅਤੇ ਵਿਦਵਾਨਾਂ ਦੇ ਜੀਵਨ-ਤਜਰਬਿਆਂ ਤੋਂ ਕੱਢੇ ਤੱਤ, ਸਮਾਜ ਦੀਆਂ ਰਹੁ ਰੀਤਾਂ, ਅਧਿਆਤਮਕ ਅਤੇ ਧਾਰਮਿਕ ਵਿਚਾਰਧਾਰਾਵਾਂ ਦੇ ਪ੍ਰਭਾਵ, ਇਹ ਸਾਰਾ ਵਿਰਸਾ ਵਰਤਮਾਨ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਕ੍ਰਾਂਤੀਕਾਰੀ

---

*ਕਿਹਾ ਜਾਂਦਾ ਹੈ ਕਿ ਕਾਂਸ਼ੀ ਦੇ ਪੰਡਤ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਸੰਸਕ੍ਰਿਤ ਪੜ੍ਹਾਉਂਦੇ ਸਨ ਜੋ ਉਨ੍ਹਾਂ ਪੰਡਤਾਂ ਦੀ ਰਹਿਤ ਮਰਿਆਦਾ ਅਨੁਸਾਰ ਅਣਸੀਤੀ ਪੁਸ਼ਾਕ ਪਹਿਨਦੇ ਸਨ।

www.sikhbookclub.com

ਪਰੀਵਰਤਨਾਂ ਦੇ ਬਾਵਜੂਦ ਵੀ ਪਿਛੋਕੜ ਦੇ ਅੰਸ਼ ਵਰਤਮਾਨ ਵਿਚ ਸਮੋਏ ਹੋਏ ਹੁੰਦੇ ਹਨ।

ਮਨੁੱਖੀ ਜੀਵਨ ਅਤੇ ਸਭਿਅਤਾ ਦੀ ਕਹਾਣੀ ਵਿਕਾਸਮਈ ਹੈ ਅਤੇ ਮਨੁੱਖ ਦਾ ਅੱਜ ਦਾ ਸਰੂਪ ਅਤੇ ਮਨੁੱਖੀ ਸਭਿਆਚਾਰ ਦੀ ਅਜੋਕੀ ਦਸ਼ਾ ਮੌਲਿਕ ਨਹੀਂ ਆਖੀਆਂ ਜਾ ਸਕਦੀਆਂ, ਇਹ ਤਾਂ ਵਿਰਸੇ ਦੀ ਹੀ ਵਿਕਸਿਤ ਹੋ ਕੇ ਬਦਲੀ ਹੋਈ ਨਵੀਂ ਨੁਹਾਰ ਹੈ, ਜਿਸ ਵਿਚ ਬੀਤੇ ਦੀ ਝਲਕ ਕਾਇਮ ਹੈ। ਸਭਿਅਤਾ ਅਤੇ ਮਾਨਵ ਉੱਨਤੀ ਦੀ ਇਕ ਪਰੰਪਰਾ ਹੈ ਜਿਸ ਨਾਲੋਂ ਇਹ ਨਿਖੇੜ ਕੇ ਪੇਸ਼ ਨਹੀਂ ਕੀਤੀਆਂ ਜਾ ਸਕਦੀਆਂ। ਭਾਰਤ ਵਿਚ ਪ੍ਰਚਲਤ ਧਾਰਮਿਕ ਦਰਸ਼ਨ ਵੀ ਅਧਿਆਤਮਵਾਦੀ ਲਹਿਰਾਂ ਦੀ ਪਰੰਪਰਾ ਨਾਲੋਂ ਨਿਖੇੜੇ ਨਹੀਂ ਜਾ ਸਕਦੇ। ਇਨ੍ਹਾਂ ਦੀ ਇਕ ਵਿਲੱਖਣਤਾ ਹੈ ਜਿਸ ਬਾਰੇ ਡਾ. ਰਾਧਾ ਕ੍ਰਿਸ਼ਨ ਨੇ ਲਿਖਿਆ ਹੈ :-

"...When you are able to reach your goal of completing yourself, of integrating your personality from wharever religion you, come, you fel that you-belong to one common family. This has been the tradition that has come down to us from the 30 centuries."*

ਡਾ. ਰਾਧਾ ਕ੍ਰਿਸ਼ਨ ਦੇ ਇਸ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਪਰੰਪਰਾ ਦੀ ਲੜੀ ਸਦੀਆਂ ਤੀਕ ਸਜੀਵ ਰਹਿ ਕੇ ਵੀ ਰੂਪ ਬਦਲਦੀ ਰਹਿੰਦੀ ਹੈ ਅਤੇ ਵਰਤਮਾਨ ਕਾਲ ਵਿਚ ਸਮਾਅ ਜਾਂਦੀ ਹੈ।

ਗੁਰਮਤ ਦਰਸ਼ਨ ਦਾ ਮੌਲਿਕ ਰੂਪ ਪੇਸ਼ ਕਰਦਿਆਂ ਡਾ. ਸ਼ੇਰ ਸਿੰਘ ਨੇ ਇਸ ਨੂੰ ਪਰੰਪਰਾ ਨਾਲੋਂ ਅਟੁੱਟ ਨਹੀਂ ਆਖਿਆ। ਸੁਧਾਰਵਾਦੀ ਲਹਿਰਾਂ ਅਤੇ ਧਾਰਮਿਕ ਸਿਧਾਂਤਾਂ ਉੱਤੇ ਚਰਚਾ ਕਰਦਿਆਂ ਉਨ੍ਹਾਂ ਨੇ ਲਿਖਿਆ ਹੈ :-

"ਅਸੀਂ ਸੰਸਾਰ ਵਿਚ ਕੋਈ ਅਜਿਹੀ ਲਹਿਰ ਜਾਂ ਮੱਤ ਪੇਸ਼ ਨਹੀਂ ਕਰ ਸਕਦੇ ਜੋ ਸੌ ਫ਼ੀਸਦੀ ਨਵਾਂ ਹੋਵੇ ਯਾਨੀ ਕਿ ਜਿਸ ਦਾ ਆਪਣੇ ਆਲੇ ਦੁਆਲੇ ਨਾਲ ਜਾਂ ਉਸ ਵੇਲੇ ਜਾਂ ਉਸ ਤੋਂ ਪਹਿਲਾਂ ਦੇ ਮੱਤਾਂ ਨਾਲ ਕੋਈ ਸੰਬੰਧ ਨਾ ਹੋਵੇ। ਭੂਤ ਵਰਤਮਾਨ ਵਿਚ ਪਲਟਾ ਖਾ ਜਾਂਦਾ ਹੈ ਤੇ ਵਰਤਮਾਨ ਬੇਮਲੂਮਾ ਹੀ ਭਵਿੱਖਤ ਦਾ ਰੂਪ ਧਾਰਨ ਕਰ ਲੈਂਦਾ ਹੈ।"**

ਮਨੁੱਖੀ ਜੀਵਨ ਦੇ ਹਰ ਪੱਖ ਦਾ ਇਕ ਵਿਰਸਾ ਹੁੰਦਾ ਹੈ। ਧਰਮ ਦੇ ਨਿਯਮਾਂ ਅਤੇ ਸਾਹਿਤ ਦੀਆਂ ਧਾਰਾਵਾਂ ਵਿਚ ਪੁਰਾਤਨ ਵਿਰਸੇ ਦੇ ਚਿੰਨ੍ਹ ਸਮਾਏ ਹੋਏ ਹੁੰਦੇ ਹਨ। ਜੋਜ਼ਫ ਜੇ ਸ਼ਿਪਲੇ ਨੇ ਪਰੰਪਰਾ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੈ ਅਤੇ ਸਾਹਿਤ ਵਿਚ ਇਸ ਦੀ ਦੇਣ ਬਾਰੇ ਇਸ ਤਰ੍ਹਾਂ ਲਿਖਿਆ ਹੈ :-

---

*ਡਾ. ਰਾਧਾ ਕ੍ਰਿਸ਼ਨ– our haritage (Page 9.)

**ਡਾ. ਸ਼ੇਰ ਸਿੰਘ, ਗੁਰਮਤ ਦਰਸ਼ਨ (ਪੰਨਾ 70)

www.sikhbookclub.com

Tradition in its broadest sense devotes all the conventions, literary devices and habits of enpression handed over to writer from the past.*

ਡਾ. ਰਾਧਾ ਕ੍ਰਿਸ਼ਨ, ਡਾ. ਸ਼ੇਰ ਸਿੰਘ ਅਤੇ ਸ਼ਿਪਲੇ ਦੇ ਪਰੰਪਰਾ ਦੀ ਮਹੱਤਤਾ ਬਾਰੇ ਅਭਿਵਿਅਕਤ ਕੀਤੇ ਗਏ ਵਿਚਾਰਾਂ ਨੂੰ ਜੇ ਮੁੱਖ ਰੱਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਇਸ ਦੇ ਵਿਸ਼ਿਆਂ ਨੂੰ ਭਾਰਤੀ ਧਾਰਮਿਕ ਅਤੇ ਸਾਹਿਤਕ ਪਰੰਪਰਾ ਦਾ ਇਕ ਨਵੀਨ ਰੂਪ ਤਾਂ ਆਖ ਸਕਦੇ ਹਾਂ ਪਰ ਭੂਤਕਾਲ ਵਿਚ ਪ੍ਰਗਟ ਹੋ ਚੁੱਕੇ ਵਿਚਾਰਾਂ ਦਾ ਅਨੁਕਰਨ ਜਾਂ ਸਰਲ ਵਿਆਖਿਆ ਨਹੀਂ ਆਖ ਸਕਦੇ। ਗੁਰੂ ਨਾਨਕ ਦੇਵ ਜੀ ਨੇ ਆਤਮਿਕ ਉੱਨਤੀ ਅਤੇ ਮੁਕਤੀ ਮਾਰਗ ਦਿਖਾਉਣ ਲਈ ਸਾਹਿਤ ਦੇ ਕਾਵਿ-ਰੂਪ ਨੂੰ ਮਾਧਿਅਮ ਬਣਾਇਆ। ਇਕ ਨਵੇਂ ਮੱਤ ਦੇ ਬਾਨੀ ਹੋਣ ਤੋਂ ਇਲਾਵਾ ਉਹ ਇਕ ਮਹਾਨ ਕਵੀ ਵੀ ਸਨ। ਉਨ੍ਹਾਂ ਦਾ ਸਾਹਿਤ, ਬੋਲੀ ਅਤੇ ਨਵੀਨ ਅਧਿਆਤਮਕ ਦਰਸ਼ਨ ਪਰੰਪਰਾ ਨਾਲ ਜੁੜੇ ਹੋਏ ਹਨ। ਗੁਰੂ ਜੀ ਦੀ ਬਾਣੀ ਵਿਚ ਪ੍ਰਯੁਕਤ ਵਿਚਾਰਾਂ ਦਾ ਪਰੰਪਰਾ ਨਾਲ ਸੰਬੰਧ ਵੇਖਣ ਤੋਂ ਪਹਿਲਾਂ ਭਾਰਤੀ ਪਰੰਪਰਾ ਬਾਰੇ ਡਾ. ਰਾਧਾ ਕ੍ਰਿਸ਼ਨ ਦਾ ਵਿਚਾਰ ਦ੍ਰਿਸ਼ਟੀਗੋਚਰ ਹੈ :-

"The indian tradition asks us to accept nothing on trust or authority but to test everything by experience." **

ਮਨੁੱਖੀ ਜੀਵਨ ਦੇ ਹਰ ਖੇਤਰ ਦੇ ਵਰਤਮਾਨ ਵਿਚ ਪਰੰਪਰਾ ਦਾ ਕਾਇਮ ਰਹਿਣਾ ਇਕ ਸਰਵ ਪ੍ਰਵਾਣਤ ਤੱਤ ਹੈ। ਪਰੰਪਰਾ ਅਤੇ ਵਰਤਮਾਨ ਨੇ ਸੰਬੰਧਾਂ ਬਾਰੇ ਵਿਦਵਾਨਾਂ ਦੇ ਵਿਚਾਰਾਂ ਦੇ ਆਧਾਰ 'ਤੇ ਨਿਰਮਲ ਸੰਪ੍ਰਦਾਇ ਵੱਲੋਂ ਕੀਤੀ ਗਈ ਗੁਰਮਤ ਦਰਸ਼ਨ ਦੀ ਵਿਆਖਿਆ ਨੂੰ ਪਰਖਣਾ ਹੈ। ਨਿਰਮਲ ਸੰਪ੍ਰਦਾਇ ਵੇਦਾਂਤ ਦੀ ਪ੍ਰਭੁਤਾ ਨੂੰ ਮਾਨਤਾ ਦੇ ਕੇ ਗੁਰਮਤ ਦੀ ਵਿਆਖਿਆ ਵੀ ਵੇਦਾਂਤ ਅਨੁਸਾਰ ਹੀ ਕਰਦੀ ਹੈ। ਗੁਰਬਾਣੀ ਦੀ ਵਿਆਖਿਆ ਕਰਨ ਲੱਗਿਆਂ ਇਹ ਆਖਦੇ ਹਨ ਕਿ ਗੁਰਬਾਣੀ ਵਿਚ ਨਵੀਂ ਵਿਚਾਰਧਾਰਾ ਕੋਈ ਨਹੀਂ। ਵੇਦਾਂਤ ਵਿਚ ਲਿਖੇ ਗਏ ਵਿਚਾਰਾਂ ਨੂੰ ਭੀ ਸਰਲ ਭਾਸ਼ਾ ਦਾ ਰੂਪ ਦੇ ਕੇ ਗੁਰੂ ਸਾਹਿਬਾਨ ਨੇ ਕਾਵਿ-ਸਿਰਜਨਾ ਕੀਤੀ ਹੈ। ਨਿਰਮਲੇ ਵਿਦਵਾਨਾਂ ਦਾ ਦ੍ਰਿਸ਼ਟੀਕੋਣ ਸ਼ਾਇਦ ਪਰੰਪਰਾ ਦੇ ਮਹੱਤਵ ਨੂੰ ਠੀਕ ਤਰ੍ਹਾਂ ਨਾ ਸਮਝਣ ਕਰ ਕੇ ਬਣ ਗਿਆ ਹੈ। ਪਰੰਪਰਾ ਬਾਰੇ ਜੋ ਕੁਝ ਕਿਹਾ ਜਾ ਚੁੱਕਾ ਹੈ, ਉਨ੍ਹਾਂ ਤੱਤਾਂ ਨੂੰ ਆਧਾਰ ਬਣਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਕੋਈ ਵੀ ਮਹਾਨ ਲੇਖਕ ਜਾਂ ਚਿੰਤਕ ਪਰੰਪਰਾਵਾਦੀ ਸਾਹਿਤ ਜਾਂ ਵਿਚਾਰਧਾਰਾ ਨੂੰ ਸਰਲ ਰੂਪ ਨਹੀਂ ਦੇਂਦਾ। ਵਿਰਸੇ ਵਿਚ ਪ੍ਰਾਪਤ ਹੋਇਆ ਸਾਹਿਤ ਉਸ ਲਈ ਪ੍ਰੇਰਨਾ-ਸਰੋਤ ਬਣਦਾ ਹੈ ਪਰ ਉਹਦੀ ਰਚਨਾ ਜਾਂ ਵਿਚਾਰਧਾਰਾ ਨਿੱਜੀ ਅਨੁਭੂਤੀ ਦਾ ਅਭਿਵਿਅਕਤੀ ਕਾਰਨ ਹੁੰਦੀ ਹੈ। ਕੇਵਲ ਵਿਸ਼ੇ ਵਸਤੂ ਦਾ ਸੰਪਰਕ ਵਿਰਸੇ ਨਾਲ ਹੁੰਦਾ ਹੈ। ਉਹ ਆਪਣੀ ਰਚਨਾ ਜੀਵਨ-ਤਜਰਬੇ ਅਤੇ ਆਪਣੇ

* Dictionary of world litrature, edited by shipley. (p.48)

** Dr. Radha Krishnan—Our Heritage. (page-18)

www.sikhbookclub.com

ਅਨੁਭਵ ਦੇ ਆਧਾਰ 'ਤੇ ਹੀ ਉਸਾਰਦੀ ਹੈ ਅਤੇ ਸਮੁੱਚੀ ਰਚਨਾ ਜੋ ਕਿ ਬਦਲੀਆਂ ਹੋਈਆਂ ਪਰਿਸਥਿਤੀਆਂ ਦੇ ਪ੍ਰਤਿਕਰਮਾਂ ਦਾ ਫਲ ਕਹੀ ਜਾ ਸਕਦੀ ਹੈ, ਦੀ ਰੂਪ ਰੇਖਾ ਪਰੰਪਰਾ ਨਾਲੋਂ ਭਿੰਨ ਹੁੰਦੀ ਹੈ ਅਤੇ ਉਸ ਉੱਤੇ ਲੇਖਕ ਦੀ ਮੌਲਿਕ ਪ੍ਰਤਿਭਾ ਦੀ ਮੋਹਰ ਛਾਪ ਹੁੰਦੀ ਹੈ। ਸ਼ਿਪਲੇ ਦੀ ਸੰਪਾਦਤ ਕੀਤੀ ਪੁਸਤਕ ਵਿਚ ਲੇਖਕ ਅਤੇ ਪਰੰਪਰਾ ਦੇ ਸੰਬੰਧ ਦੋ ਪੱਖਾਂ ਤੋਂ ਦੱਸੇ ਗਏ ਹਨ :-

"Every writer, even the humblest, even the so, called illiterate writer begin's with a tradition. The very fact that he inherits a language means that he cannot start from scrtatch. His own compositions Written or oral will reflect what he has read of heard.

ਸਾਹਿਤ ਅਤੇ ਧਰਮ ਦੇ ਸੰਬੰਧ ਪਰੰਪਰਾ ਨਾਲੋਂ ਅਨਿਖੜਵੇਂ ਹਨ। ਇਨ੍ਹਾਂ ਦੀ ਰੂਪ ਰੇਖਾ ਪਰੰਪਰਾ ਨਾਲੋਂ ਵੱਖਰੀ ਹੋ ਜਾਂਦੀ ਹੈ ਜਿਸ ਵਿਚ ਨਵੀਨ ਯੁੱਗ ਦੇ ਪ੍ਰਭਾਵਾਂ ਅਧੀਨ ਹੋ ਕੇ ਲੇਖਕ ਜਾਂ ਚਿੰਤਕ ਮੌਲਿਕ ਵਿਚਾਰਾਂ ਦਾ ਰੰਗ ਭਰਦਾ ਹੈ। ਇਸ ਪ੍ਰਕਾਰ ਨਵਾਂ ਮੱਤ ਜਾਂ ਨਵੀਂ ਰਚਨਾ ਪੁਰਾਤਨਤਾ ਨਾਲੋਂ ਵੱਖਰੀ ਹੋ ਕੇ ਮੌਲਿਕ ਰੂਪ ਧਾਰਨ ਕਰ ਲੈਂਦੀ ਹੈ। ਗੁਰਮਤ ਦੇ ਸਿਧਾਂਤ ਪਰੰਪਰਾ ਨਾਲ ਸੰਬੰਧ ਰੱਖਦੇ ਹੋਏ ਵੀ ਮੌਲਿਕ ਹਨ ਅਤੇ ਇਸ ਮੌਲਿਕਤਾ ਦੀ ਰੋਸ਼ਨੀ ਵਿਚ ਅਸੀਂ ਨਿਰਮਲ ਸੰਪ੍ਰਦਾਇ ਦੀ ਸਿੱਖ ਮੱਤ ਦੇ ਸਿਧਾਂਤਾਂ ਨਾਲ ਸਹਿਮਤੀ ਅਤੇ ਭਿੰਨਤਾ ਦਾ ਨਿਰਣਾ ਦੇਣਾ ਹੈ।

ਸਿੱਖ ਮੱਤ ਬਾਰੇ ਨਿਰਮਲ ਸੰਪ੍ਰਦਾਇ ਦਾ ਵੱਡਾ ਭੁਖੇਲਾ ਇਹ ਹੈ ਕਿ ਇਸ ਮੱਤ ਦੇ ਮੁੱਖ ਨਿਯਮ ਵੇਦਾਂ ਦਾ ਹੀ ਸਾਰ ਰੂਪ ਹਨ। ਇਹ ਭੁਲੇਖਾ ਉਸ ਸਮੇਂ ਤੋਂ ਹੀ ਪੈ ਗਿਆ ਜਦੋਂ ਪੰਜ ਵਿਦਵਾਨ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕਾਂਸ਼ੀ ਵਿਖੇ ਸੰਸਕ੍ਰਿਤ ਵਿੱਦਿਆ ਪੜ੍ਹਨ ਲਈ ਭੇਜਿਆ ਸੀ। ਸੰਸਕ੍ਰਿਤ ਸਿਖਾਉਣ ਦਾ ਮਨੋਰਥ ਕਦਾਚਿਤ ਕਿਸੇ ਦੂਜੇ ਮੱਤ ਦੇ ਅਨੁਆਈ ਬਣਾਉਣਾ ਨਹੀਂ ਹੋ ਸਕਦਾ ਸੀ। ਗੁਰੂ ਜੀ ਦੀ ਭਾਵਨਾ ਇਹੋ ਸੀ ਕਿ ਵਿਦਵਾਨ ਸਿੱਖ ਭਾਰਤ ਦੇ ਧਰਮਾਂ ਦਾ ਅਧਿਐਨ ਕਰਨ ਦੇ ਯੋਗ ਹੋ ਜਾਣ, ਗੁਰਬਾਣੀ ਵਿਚ ਅੰਕਤ ਵੇਦਾਂ ਉਪਨਿਸ਼ਦਾਂ ਵਿਚੋਂ ਦਿੱਤੇ ਗਏ ਪ੍ਰਸੰਗਾਂ ਨੂੰ ਸਮਝ ਸਕਣ ਅਤੇ ਗੁਰਮਤ ਦੇ ਨਵੇਂ ਸਿਧਾਂਤਾਂ ਦੀ ਰੋਸ਼ਨੀ ਵਿਚ ਵੇਦਾਂਤ ਦੀ ਸੂਝ ਭਰੀ ਟਿੱਪਣੀ ਕਰ ਕੇ ਗੁਰਮਤ ਦੀ ਸ੍ਰੇਸ਼ਟਤਾ ਨੂੰ ਸਮਝ ਸਕਣ ਅਤੇ ਇਸ ਦੀ ਵਿਆਖਿਆ ਕਰ ਕੇ ਪ੍ਰਚਾਰ ਕਰਨ ਲਈ ਨਿਪੁੰਨ ਬਣ ਜਾਣ। ਧਾਰਮਿਕ ਪਰੰਪਰਾ ਦੇ ਪੂਰਨ ਗਿਆਨ ਤੋਂ ਬਾਅਦ ਹੀ ਆਪਣੇ ਮੱਤ ਦਾ ਸਫਲ ਤੇ ਪ੍ਰਭਾਵਸ਼ਾਲੀ ਪ੍ਰਚਾਰ ਹੋ ਸਕਦਾ ਹੈ। ਪਰ ਇਸ ਮਨੋਰਥ ਦੇ ਵਿਪਰੀਤ ਉਨ੍ਹਾਂ ਵਿਦਵਾਨਾਂ ਨੇ ਵੇਦਾਂਤ ਦੇ ਪ੍ਰਭਾਵ ਨੂੰ ਹੀ ਕਬੂਲ ਕਰ ਲਿਆ ਅਤੇ ਵੇਦਾਂਤ ਦੀ ਰੋਸ਼ਨੀ ਵਿਚ ਗੁਰਬਾਣੀ ਨੂੰ ਪਰਖਣਾ ਸ਼ੁਰੂ ਕਰ ਦਿੱਤਾ। ਇਸ ਪ੍ਰਭਾਵ ਨੂੰ ਇਨ੍ਹਾਂ ਵਿਦਵਾਨਾਂ ਨੇ ਆਪਣੀ ਸਿੱਖਿਆ ਦਾ ਭਾਗ ਹੀ ਬਣਾ ਲਿਆ ਜੋ ਕਿ ਇਨ੍ਹਾਂ ਦੇ ਸਿਖਿਅਤ ਸ਼ਿਸ਼ਾਂ ਦੁਆਰਾ ਸਮੁੱਚੀ ਸੰਪ੍ਰਦਾਇ ਦੀ ਵਿਚਾਰਧਾਰਾ ਬਣ ਕੇ ਅੱਜ

www.sikhbookclub.com

ਤੱਕ ਪ੍ਰਚਲਤ ਹੈ।

ਅਧਿਆਤਮਕਵਾਦ ਲਈ ਨਵੀਆਂ ਸੇਧਾਂ ਦੇਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸਮਕਾਲੀ ਧਾਰਮਿਕ ਤੇ ਸਮਾਜਿਕ ਰਹੁ ਰੀਤਾਂ ਨੂੰ ਘੋਖਿਆ ਅਤੇ ਮਨੁੱਖੀ ਕਲਿਆਨ ਲਈ ਉਨ੍ਹਾਂ ਦੀ ਸਾਰਥਕਤਾ ਨੂੰ ਵੀ ਪਰਖਿਆ। ਲੋਕ ਨਿਰਾਸ ਸਨ, ਧਰਮ ਦੇ ਭੁਲੇਖਿਆਂ ਕਾਰਨ ਵਹਿਮਾਂ ਭਰਮਾਂ ਦੇ ਜਾਲ ਵਿਚ ਗ੍ਰਸੇ ਹੋਏ ਸਨ ਕਿਉਂਕਿ ਧਾਰਮਿਕ ਸਿਧਾਂਤਾਂ ਵਿਚ ਕੁਰੀਤੀਆਂ ਪ੍ਰਵੇਸ਼ ਕਰ ਚੁੱਕੀਆਂ ਸਨ ਅਤੇ ਇਹ ਧਾਰਮਿਕ ਸਿਧਾਂਤ ਜਨ ਸਾਧਾਰਨ ਨੂੰ ਸੰਤੁਸ਼ਟ ਕਰਨ ਦੀ ਥਾਂ, ਅਗਿਆਨਤਾ ਦਾ ਕਾਰਨ ਬਣ ਕੇ, ਭਟਕਣਾ ਵਿਚ ਪਾ ਰਹੇ ਸਨ। ਭਟਕ ਰਹੇ ਲੋਕਾਂ ਦੀ ਦੁਰਦਸ਼ਾ ਦਾ ਚਿੱਤਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਚਿਤ੍ਰਿਆ ਹੈ। ਸਮਾਜਿਕ ਜੀਵਨ ਵਿਚ ਕ੍ਰਾਂਤੀਕਾਰੀ ਪਰੀਵਰਤਨ ਅਤੇ ਧਾਰਮਿਕ ਵਿਸ਼ਵਾਸਾਂ ਲਈ ਨਵੀਆਂ ਸੇਧਾਂ ਦੀ ਅਵੱਸ਼ਕਤਾ ਸੀ, ਆਤਮਕ ਬਲ ਲਈ ਸੱਚੇ ਗਿਆਨ ਦਾ ਪ੍ਰਕਾਸ਼ ਕਰਨਾ ਸਮੇਂ ਦੀ ਲੋੜ ਸੀ। ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਸਮੁੱਚੀ ਧਾਰਮਿਕ ਪਰੰਪਰਾ ਨੂੰ ਨਵਾਂ ਰੂਪ ਦੇਣਾ ਅਨਿਵਾਰੀ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਪਰੰਪਰਾਵਾਦੀ ਜੀਵਨ-ਜਾਚ ਦੀ ਕਰੜੀ ਅਲੋਚਨਾ ਕੀਤੀ, ਜਿਸ ਵਿਚ ਮਜ਼ੁਬ ਮਨੁੱਖ ਲਈ ਕਲਿਆਣਕਾਰੀ ਸਿੱਧ ਨਹੀਂ ਹੁੰਦਾ ਸਗੋਂ ਇਕ ਪਾਖੰਡ ਦਾ ਰੂਪ ਬਣ ਕੇ ਰਹਿ ਜਾਂਦਾ ਹੈ। ਸੁਰਤੀਆਂ, ਉਪਨਿਸ਼ਦਾਂ ਤੇ ਸ਼ਾਸਤ੍ਰਾਂ ਵਿਚ "ੴ" ਤੋਂ ਬਿਨਾਂ ਦੂਜੀਆਂ ਸ਼ਕਤੀਆਂ ਦੀ ਪੂਜਾ ਅਤੇ ਆਰਾਧਨਾ ਦਾ ਉਪਦੇਸ਼ ਹੈ। ਗੁਰੂ ਨਾਨਕ ਨੇ ਦੇਵ ਜੀ ਕੇਵਲ "ੴ" ਨੂੰ ਸਰਵ ਸ਼ਕਤੀਮਾਨ ਸਵੀਕਾਰ ਕਰਨ ਉੱਤੇ ਜ਼ੋਰ ਦਿੱਤਾ ਅਤੇ ਇਸ ਦਾ ਸਰੂਪ ਨਿਰਾਕਾਰ ਥਾਪਿਆ। ਕਿਉਂ ਜੋ ਆਪ ਦੀ ਬਾਣੀ ਮਨੁੱਖ ਨੂੰ ਪੁਰਾਣੇ ਮਾਰਗ ਤਿਆਗ ਕੇ ਨਵੀਆਂ ਲੀਹਾਂ 'ਤੇ ਚਲਣ ਲਈ ਪ੍ਰੇਰਦੀ ਹੈ, ਇਸ ਲਈ ਇਨ੍ਹਾਂ ਦੀ ਬਾਣੀ ਦੇ ਵਿਸ਼ਿਆਂ ਵਿਚ ਪਰੰਪਰਾ ਤੋਂ ਅਪਣਾਏ ਗਏ ਉਨ੍ਹਾਂ ਨਿਯਮਾਂ ਅਤੇ ਵਿਸ਼ਵਾਸਾਂ ਦੇ ਹਵਾਲੇ ਹਨ ਜਿਨ੍ਹਾਂ ਨੂੰ ਪ੍ਰਸੰਗ ਵਿਚ ਰੱਖ ਕੇ ਆਪ ਨੇ ਉਸ ਵੇਲੇ ਦੀ ਜੀਵਨ-ਜਾਚ ਦਾ ਖੰਡਨ ਕੀਤਾ ਹੈ। ਇਸ ਪ੍ਰਸੰਗ ਵਿਚ ਵੇਦਾਂ ਅਤੇ ਉਪਨਿਸ਼ਦਾਂ ਦੇ ਜ਼ਿਕਰ ਆਉਂਦੇ ਹਨ ਪਰ ਉਨ੍ਹਾਂ ਨੂੰ ਦੁਹਰਾ ਕੇ ਉਨ੍ਹਾਂ ਵਿਚਾਰਾਂ ਅਨੁਸਾਰ ਹੀ ਜੀਵਨ ਬਿਤਾਉਣ ਦਾ ਉਪਦੇਸ਼ ਨਹੀਂ ਹੈ। ਇਹ ਪ੍ਰਸੰਗ ਹੀ ਨਿਰਮਲੇ ਵਿਦਵਾਨਾਂ ਨੂੰ ਭੁਲੇਖਿਆਂ ਵਿਚ ਪਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦਾ ਮਾਰਗ ਪਰੰਪਰਾਵਾਦੀ ਲੀਹਾਂ ਤੋਂ ਅਨਿਖੜਵਾਂ ਹੁੰਦਾ ਹੋਇਆ ਨਵਾਂ ਤੇ ਵੱਖਰਾ ਹੈ ਅਤੇ ਇਹ ਨਵੀਨਤਾ ਤੇ ਵੱਖਰਾ-ਪਨ ਹੀ ਆਪਦੇ ਦਰਸ਼ਨ ਦੀ ਮੌਲਿਕਤਾ ਹੈ। ਪਰ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਨਾਨਕ ਬਾਣੀ ਵਿਚੋਂ ਉਪਨਿਸ਼ਦਾਂ ਅਤੇ ਵੇਦਾਂ ਦੀਆਂ ਇਕਾ ਦੁਕਾ ਤੁੱਕਾਂ ਨੂੰ ਲੈ ਕੇ ਅਤੇ ਪ੍ਰਸੰਗ ਨਾਲੋਂ ਨਿਖੇੜ ਕੇ ਉਨ੍ਹਾਂ ਦੇ ਸ਼ਬਦਾਰਥ ਨੂੰ ਉਪਨਿਸ਼ਦਾਂ ਤੇ ਵੇਦਾਂ ਦਾ ਸਰਲ ਰੂਪ ਆਖਣ ਲੱਗ ਪਏ ਹਨ। ਇਸ ਪ੍ਰਕਾਰ ਦੀ ਵਿਆਖਿਆ ਪਰੰਪਰਾ ਅਤੇ ਧਰਮ ਦੇ ਸੰਬੰਧਾਂ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਬਿਨਾਂ ਕੀਤੀ ਗਈ ਹੈ।

ਗੁਰੂ ਨਾਨਕ ਦੇਵ ਜੀ ਭਾਰਤ ਦੀ ਸੰਤ-ਪਰੰਪਰਾ ਨਾਲੋਂ ਟੁੱਟੇ ਨਹੀਂ। ਡਾ. ਰੰਜਨ ਦੇ

www.sikhbookclub.com

ਵਿਚਾਰ ਇਸ ਸੰਪਰਕ ਦੀ ਵਿਆਖਿਆ ਕਰਦੇ ਹਨ :-

"The inheritance was a rich one but there was Nanak's Theology and the socio-religious Way of life, that is prescribed by him which together we call Sikhism is not just kasirisn, it is not just continuation of the sant tradition either. Nanak accepted both but oriented and organised in a manner imparted to them a coerence and what is more a social purpose."*

ਪਰੰਪਰਾ ਅਤੇ ਨਾਨਕ ਮੱਤ ਦੇ ਸੰਬੰਧਾਂ ਨੂੰ ਸਪੱਸ਼ਟ ਕਰਨ ਲਈ ਡਾ. ਸ਼ੇਰ ਸਿੰਘ ਦੇ ਵਿਚਾਰ ਦ੍ਰਿਸ਼ਟੀ ਗੋਚਰ ਹਨ :-

"ਅਦ੍ਵੈਤਵਾਦ ਵੇਦਾਂਤ ਅਤੇ ਗੁਰਮਤਿ—ਇਨ੍ਹਾਂ ਦੋਹਾਂ ਮੱਤਾਂ ਵਿਚ ਸਿਧਾਂਤਕ ਸਾਂਝ ਇੰਨੀ ਹੈ ਕਿ ਕਈ ਲਿਖਾਰੀ, ਖ਼ਾਸ ਕਰ ਨਿਰਮਲੇ ਵਿਦਵਾਨ ਹੁਣ ਤਕ ਇਹੋ ਹੀ ਪ੍ਰਗਟ ਕਰਦੇ ਰਹੇ ਹਨ ਕਿ ਗੁਰਮਤਿ ਦੇ ਅਦ੍ਵੈਤ ਵੇਦਾਂਤ ਮੱਤ ਦਾ ਸਿਧਾਂਤ ਇਕੋ ਹੈ। ਇਹ ਠੀਕ ਹੈ ਕਿ ਸ਼ੰਕਰਾਚਾਰੀਆ ਦੇ ਅਦ੍ਵੈਤ ਵੇਦਾਂਤ ਦਾ ਅਸਰ ਉਸ ਤੋਂ ਪਿੱਛੋਂ ਭਾਰਤ ਦੀ ਹਰ ਇਕ ਫ਼ਿਲਾਸਫ਼ੀ ਤੇ ਹਰ ਇਕ ਧਰਮ ਉੱਤੇ ਹੋਇਆ ਤੇ ਸਿੱਖੀ ਸਿਧਾਂਤਾਂ ਉੱਤੇ ਭੀ ਹੈ। ਭਾਵੇਂ ਗੁਰੂ ਸਾਹਿਬ ਸ਼ੰਕਰਾਚਾਰੀਆ ਦੇ ਕਈ ਖ਼ਿਆਲਾਂ ਨਾਲ ਸਹਿਮਤ ਹਨ ਪਰ ਕਈ ਜ਼ਰੂਰੀ ਗੱਲਾਂ ਵਿਚ ਗੁਰਮਤ ਤੇ ਸ਼ੰਕਰ ਦੇ ਅਦ੍ਵੈਤਵਾਦ ਵਿਚ ਖਾਸਾ ਫ਼ਰਕ ਹੈ।"**

ਨਾਨਕ ਮੱਤ ਦੇ ਸਿਧਾਂਤਾਂ ਦਾ ਵਿਸ਼ਲੇਸ਼ਨਾਤਮਕ ਅਧਿਐਨ ਕਰ ਕੇ ਅਤੇ ਇਨ੍ਹਾਂ ਸਾਰੇ ਵਿਦਵਾਨਾਂ ਦੀ ਰਾਇ ਪੜ੍ਹ ਕੇ ਨਿਰਸੰਦੇਹ ਇਹ ਕਿਹਾ ਜਾ ਸਕਦਾ ਹੈ ਕਿ ਨਾਨਕ ਮੱਤ ਦਾ ਰੂਪ ਮੌਲਿਕ ਅਤੇ ਨਵਾਂ ਹੈ।

ਸਾਹਿਤ ਅਤੇ ਧਰਮ ਨੂੰ ਪਰੰਪਰਾ ਦੀ ਵਿਸ਼ੇਸ਼ ਦੇਣ ਹੈ। ਇਨ੍ਹਾਂ ਦੇ ਵਰਤਮਾਨ ਰੂਪ ਵਿਚ ਸਦੀਆਂ ਤੋਂ ਚੱਲੀ ਆ ਰਹੀ ਪਰੰਪਰਾ ਦਾ ਅੰਸ਼ਕ ਮੇਲ ਹੈ। ਗੁਰਮਤ ਵਿਚ ਪਰੰਪਰਾਵਾਦੀ ਧਰਮ ਦੇ ਨਿਯਮਾਂ ਦੀ ਮਿਲਾਵਟ ਨੂੰ ਵੇਖਣ ਤੋਂ ਪਹਿਲਾਂ ਪੂਰਵ ਨਾਨਕ ਕਾਲ ਵਿਚ ਭਾਰਤ ਦੀ ਮਜ਼ਬੀ ਪਰੰਪਰਾ ਨੂੰ ਬਿਹੰਗਮ ਦ੍ਰਿਸ਼ਟੀ ਨਾਲ ਵੇਖਣ ਦੀ ਲੋੜ ਹੈ। ਗੁਰੂ ਨਾਨਕ ਦੇਵ ਜੀ ਦੇ ਆਵੇਸ਼ ਤੋਂ ਪਹਿਲਾਂ ਭਾਰਤ ਦੇ ਵਧੇਰੇ ਲੋਕ ਹਿੰਦੂ ਮੱਤ ਦੇ ਅਨੁਆਈ ਸਨ। ਇਹ ਮੱਤ, ਨਿਸਚਿਤ ਨਿਯਮਾਂ ਅਧੀਨ ਚਲਾਇਆ ਕਿਸੇ ਯੁੱਗ-ਪੁਰਸ਼ ਚਿੰਤਕ ਦਾ ਮਜ਼ਬ ਨਹੀਂ ਹੈ। ਇਸ ਮੱਤ ਵਿਚ ਵੇਦ-ਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਭਿੰਨ ਭਿੰਨ ਚਿੰਤਕਾਂ ਦੇ ਵਿਚਾਰਾਂ ਦਾ ਮੇਲ ਹੈ। ਵੇਦਾਂ ਦੇ ਵਿਸ਼ਾ-ਵਸਤੂ ਉੱਤੇ ਭਾਰਤੀ ਅਧਿਆਤਮਕਵਾਦੀ ਫ਼ਿਲਾਸਫ਼ਰਾਂ ਦੇ ਵੱਖ-ਵੱਖ ਵਿਚਾਰ ਹਨ ਜਿਸ ਦੀ ਪੁਸ਼ਟੀ ਨਿਮਨ ਲਿਖਤ ਵਿਚਾਰਾਂ ਤੋਂ ਵੀ ਹੁੰਦੀ ਹੈ :-

* ਨਾਨਕ ਪ੍ਰਕਾਸ਼ ਪੱਤ੍ਰਕਾ, ਸਤੰਬਰ 69 (ਪੰਨਾ 23)

** ਡਾ. ਸ਼ੇਰ ਸਿੰਘ, ਗੁਰਮਤ ਦਰਸ਼ਨ (ਪੰਨਾ 101)

www.sikhbookclub.com

Hinduism has grown like a vast forest over the centuries and one gets lost in it. The scriptures are so many and the commentries so numerous that a lifetime is not enough to be acquainted with them. Moreover Hinduism embreces everything from animism to monoism and a Hindu does not care where he stands in all this."*

ਹਿੰਦੂ ਮੱਤ ਦੀ ਮੌਲਿਕਤਾ ਦੀ ਆਧਾਰਸ਼ਿਲਾ ਵੇਦ ਹਨ ਅਤੇ ਇਨ੍ਹਾਂ ਦੇ ਵਿਸ਼ਾ ਵਸਤੂ ਉੱਤੇ ਸ਼ੰਕਰਾਚਾਰ ਨੇ ਟਿਪਣੀ ਕਰ ਕੇ ਇਹ ਸਿੱਧ ਕੀਤਾ ਹੈ ਕਿ ਬ੍ਰਹਮ ਅਤੇ ਆਤਮਾ ਵਿਚ ਕੋਈ ਅੰਤਰ ਨਹੀਂ ਹੈ। ਸ਼ੰਕਰਾਚਾਰਜ ਦਾ ਇਹ ਸੰਕਲਪ ਅਦ੍ਵੈਤਵਾਦ ਦਾ ਸਿਧਾਂਤ ਅਖਵਾਉਂਦਾ ਹੈ ਅਤੇ ਇਸ ਸਿਧਾਂਤ ਨੇ ਹਿੰਦੂ ਮੱਤ ਦੀ ਵਿਚਾਰਧਾਰਾ ਵਿਚ ਇਕ ਨਵਾਂ ਵਾਧਾ ਕੀਤਾ ਹੈ। ਸ਼ੰਕਰਾਚਾਰਜ ਅਨੁਸਾਰ ਦ੍ਰਿਸ਼ਟ ਸੰਸਾਰ ਦਾ ਕਾਰਨ ਮਾਇਆ ਹੈ। ਆਤਮਾ ਪਰਮਾਤਮਾ ਦਾ ਅੰਸ਼ ਨਹੀਂ ਹੈ ਬਲਕਿ ਪਰਮਾਤਮਾ ਆਪ ਹੀ ਹੈ। ਗਿਆਨ ਨਾਲ ਮਾਇਆ ਦਾ ਭਰਮ ਦੂਰ ਹੋ ਜਾਂਦਾ ਹੈ ਤੇ ਫੇਰ ਕੇਵਲ ਬ੍ਰਹਮ ਦੀ ਹਸਤੀ ਹੀ ਵਿਆਪਕ ਰਹਿ ਜਾਂਦੀ ਹੈ। ਇਹ ਸੰਸਾਰ ਨਾ ਸੱਤ ਹੈ, ਨਾ ਅਸੱਤ ਹੈ ਨਾ ਸੱਤ ਅਸੱਤ ਹੈ।

ਸ਼ੰਕਰਾਚਾਰਜ ਤੋਂ ਬਾਅਦ ਭਾਰਤ ਵਿਚ ਹੋਏ ਵੇਦਾਂਤ ਦੇ ਵਿਦਵਾਨਾਂ ਨੇ ਸ਼ੰਕਰਾਚਾਰਜ ਦੇ ਮਾਇਆਵਾਦ ਦੇ ਸਿਧਾਂਤ ਨੂੰ ਸਵੀਕਾਰ ਨਹੀਂ ਕੀਤਾ। ਬ੍ਰਹਮ ਜੀਵ ਅਤੇ ਮਾਇਆ ਦੇ ਸੰਬੰਧਾਂ ਨੂੰ ਉਨ੍ਹਾਂ ਨੇ ਸ਼ੰਕਰਾਚਾਰਜ ਨਾਲੋਂ ਭਿੰਨ ਢੰਗ ਨਾਲ ਪੇਸ਼ ਕੀਤਾ ਹੈ॥ 11ਵੀਂ ਅਤੇ 12ਵੀਂ ਸਦੀ ਵਿਚ ਰਾਮਾਨੁਜ ਨੇ ਭਾਰਤੀ ਦਰਸ਼ਨ 'ਤੇ ਆਪਣੇ ਵਿਚਾਰਾਂ ਦਾ ਪ੍ਰਭਾਵ (impact) ਪਾਇਆ। ਆਪ ਦੇ ਸਿਧਾਂਤ ਨੂੰ ਵਿਸ਼ਿਸ਼ਟ ਅਦ੍ਵੈਤ ਦਾ ਸਿਧਾਂਤ ਆਖਿਆ ਜਾਂਦਾ ਹੈ। ਇਸ ਵਿਚਾਰ ਅਨੁਸਾਰ ਬ੍ਰਹਮ ਤੇ ਜੀਵ ਵਿਸ਼ੇਸ਼ ਹਸਤੀਆਂ ਹਨ। ਆਤਮਾ ਦਾ ਸੰਪਰਕ ਪਰਮਾਤਮਾ ਨਾਲ ਹੈ, ਆਤਮਾ ਦੀ ਹੋਂਦ ਵੱਖਰੀ ਨਹੀਂ ਹੈ। ਇਹ ਜਗਤ ਕਿਉਂਕ ਸੱਤ ਬ੍ਰਹਮ ਦੀ ਰਚਨਾ ਹੈ ਇਸ ਲਈ ਸੱਤ ਰੂਪ ਹੈ। (ਉਤਪਤੀ ਦਾ ਕਾਰਨ ਬ੍ਰਹਮ ਹੈ।)

ਮਾਧਵਾ ਦਾ ਮੱਤ ਦ੍ਵੈਤਵਾਦੀ ਹੈ। ਮਾਧਵਾ ਦਾ ਵਿਸ਼ਵਾਸ ਹੈ ਕਿ ਬ੍ਰਹਮ, ਆਤਮਾ ਅਤੇ ਜੀਵ ਤਿੰਨ ਹਨ। ਈਸ਼ਵਰ ਸਰਬ ਸ਼ਕਤੀਮਾਨ ਹੈ ਤੇ ਜੀਵ ਦੀ ਹਸਤੀ ਤੁੱਛ ਹੈ। ਦੋ ਭਿੰਨ ਵਸਤੂਆਂ ਨੂੰ ਇਕ ਨਹੀਂ ਕਿਹਾ ਜਾ ਸਕਦਾ। ਬ੍ਰਹਮ ਸਰਗੁਣ ਹੈ, ਅਵਤਾਰ ਅਤੇ ਭਗਵਾਨ ਦਾ ਸਰੂਪ ਇਕੋ ਹੀ ਹੈ।

ਪੂਰਵ ਨਾਨਕ ਕਾਲ ਵਿਚ ਹਿੰਦੂ ਮੱਤ ਦੀ ਪਰੰਪਰਾ ਨੂੰ ਵਾਚ ਕੇ ਇਹ ਸਪੱਸ਼ਟ ਰੂਪ ਵਿਚ ਪਤਾ ਲੱਗਦਾ ਹੈ ਕਿ ਵੇਦਾਂਤੀਆਂ ਦੇ ਚਿੰਤਨ ਵਿਚ ਵੀ ਪਰਸਪਰ ਵਿਰੋਧ ਹਨ ਅਤੇ ਹਿੰਦੂ ਮੱਤ ਉੱਤੇ ਟਿਪਣੀ ਇਨ੍ਹਾਂ ਵੇਦਾਂਤ ਦੇ ਵਿਦਵਾਨਾਂ ਨੇ ਭਿੰਨ ਭਿੰਨ ਢੰਗ ਨਾਲ ਕੀਤੀ ਹੈ।

* R.G.K. The Ellustrated Weekly of India-September 26.1971

www.sikhbookclub.com

ਉੱਪਰ ਵਰਣਨ ਕੀਤਾ ਵਿਰਸਾ ਗੁਰੂ ਨਾਨਕ ਜੀ ਨੂੰ ਮਿਲਿਆ। ਅਦ੍ਵੈਤਵਾਦ ਤੇ ਅਦ੍ਵੈਤਵਾਦ ਦੇ ਸਿਧਾਂਤਾਂ ਅਨੁਸਾਰ ਜੀਵਨ ਬਿਤਾ ਕੇ ਮਨੁੱਖ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ ਜਾਂ ਨਹੀਂ, ਇਸ ਭਟਕਣ ਤੋਂ ਨਿਵਿਰਤੀ ਮਿਲਦੀ ਹੈ ਜਾਂ ਨਹੀਂ, ਇਸ ਗੱਲ ਨੂੰ ਗੁਰੂ ਨਾਨਕ ਦੇਵ ਜੀ ਨੇ ਵਾਚਿਆ। ਅਤੇ ਬ੍ਰਹਮ ਬਾਰੇ ਉਨ੍ਹਾਂ ਦਾ ਅਨੁਭਵ ਵਿਅਕਤੀਗਤ ਸੀ। ਉਹ ਅਨੁਭਵ ਦਾ ਪ੍ਰਗਟਾਵਾ ਪਹਿਲਾਂ ਦਰਸਾਏ ਜਾ ਚੁੱਕੇ ਸਿਧਾਂਤਾਂ ਦਾ ਅਨੁਕਰਨ ਨਹੀਂ ਸੀ, ਕੇਵਲ ਪਰਮ ਸੱਚ ਨੂੰ ਪ੍ਰਗਟਾਏ ਜਾ ਚੁੱਕੇ ਵਿਚਾਰਾਂ ਨਾਲ ਮੇਲ ਖਾਂਦਾ ਸੀ ਪਰ ਸੱਚ ਦੀ ਪ੍ਰਾਪਤੀ ਲਈ ਦੱਸੇ ਮਾਰਗ ਨਾਲੋਂ ਭਿੰਨ ਸੀ। ਆਪ ਦੇ ਵਿਚਾਰਾਂ ਵਿਚ ਸ਼ੰਕਰ ਦੇ ਅਦ੍ਵੈਤਵਾਦ ਨਾਲ ਸਹਿਮਤੀ ਹੈ ਪਰ ਇਸ ਦੇ ਸਮਾਨਾਂਤਰ ਅਦ੍ਵੈਤਵਾਦ ਵਿਚ ਨਵੀਨਤਾ ਵੀ ਹੈ। ਆਪ ਨੇ ਸੰਸਾਰ ਨੂੰ ਅਸੱਤ ਨਹੀਂ ਆਖਿਆ, ਇਸ ਨੂੰ ਸੱਚ ਦਾ ਵਾਸ ਆਖਿਆ ਹੈ। ਸ੍ਰਿਸ਼ਟੀ ਦਾ ਕਾਰਨ ਮਾਇਆ ਨਹੀਂ, ਸ੍ਰਿਸ਼ਟੀ ਦੀ ਰਚਨਾ ਬ੍ਰਹਮ ਦੇ ਹੁਕਮ ਨਾਲ ਹੋਈ ਹੈ :-

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

(ਜਪੁ ਜੀ ਸਾਹਿਬ, ਅੰਗ ੧)

ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ॥
ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ॥

(ਸ੍ਰੀਰਾਗੁ ਮਹਲਾ ੧ ਅਸਟਪਦੀਆਂ, ਅੰਗ ੫੫)

ਇਹ ਸੰਸਾਰ ਬ੍ਰਹਮ ਤੋਂ ਭਿੰਨ ਕਿਉਂ ਸਮਝਿਆ ਜਾਂਦਾ ਹੈ ? ਵੇਦਾਂਤ ਅਨੁਸਾਰ ਇਸ ਦਾ ਕਾਰਨ ਮਾਇਆ ਹੈ ਪਰ ਗੁਰਮਤ ਅਨੁਸਾਰ ਹਉਮੈ ਹੈ। ਸਿੱਧ ਗੋਸ਼ਟ ਵਿਚ ਇਕ ਪ੍ਰਸ਼ਨ ਦਾ ਉੱਤਰ ਇਸ ਨੂੰ ਸਪੱਸ਼ਟ ਕਰਦਾ ਹੈ :-

ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ॥
ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ॥

(ਰਾਮਕਲੀ ਮ: ੧ ਸਿਧ ਗੋਸਟਿ, ਅੰਗ ੯੪੬)

ਮਾਇਆ ਮਮਤਾ ਕਰਤੈ ਲਾਈ॥
ਏਹੁ ਹੁਕਮੁ ਕਰਿ ਸ੍ਰਿਸਟਿ ਉਪਾਈ॥

(ਮਲਾਰ ਮ: ੩, ਅੰਗ ੧੨੬੧)

ਵੇਦਾਂਤੀਆਂ ਅਨੁਸਾਰ ਮਾਇਆ ਦੀ ਪਰੀਭਾਸ਼ਾ ਇਹ ਹੈ ਕਿ ਜੋ ਕੁਝ ਪਦਾਰਥਕ ਰੂਪ ਵਿਚ ਹੋਂਦ ਨਹੀਂ ਰੱਖਦਾ ਪਰ ਉਸ ਦੀ ਹੋਂਦ ਦਾ ਭੁਲੇਖਾ ਪੈਂਦਾ ਹੈ। ਜਿਵੇਂ ਸਹੇ ਦੇ ਸਿੰਗ ਹੁੰਦੇ ਨਹੀਂ ਪਰ ਹੋਣ ਦਾ ਭੁਲੇਖਾ ਪੈਂਦਾ ਹੈ। ਪਰ ਗੁਰਮਤ ਵਿਚ ਮਾਇਆ ਤੋਂ ਭਾਵ ਪਦਾਰਥਕ ਵਸਤੂਆਂ ਦੇ ਬਦਲਦੇ ਰਹਿਣ, ਨਾਸ਼ ਹੋ ਜਾਣ ਦੀ ਕਿਰਿਆ ਤੋਂ ਹੈ। ਮਾਇਆ ਸੱਤ-ਅਸੱਤ ਹੈ।

www.sikhbookclub.com

ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥
ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥

(ਅੰਗ ੨੯੪)

ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥

(ਅੰਗ ੨੮੧)

ਪੂਰਵ ਨਾਨਕ ਸਮਾਜ ਵਿਚ ਸ਼ੰਕਰਾਚਾਰਜ ਦੇ ਪ੍ਰਚਾਰ ਨਾਲ ਅਤੇ ਵੈਸ਼ਨਵ ਮੱਤ ਦੇ ਸਿਧਾਂਤਾਂ ਨਾਲ ਗ੍ਰਹਿਸਤ ਜੀਵਨ ਨੂੰ ਆਤਮਕ ਉੱਨਤੀ ਲਈ ਤਿਆਗਣਾ ਜ਼ਰੂਰੀ ਸਮਝਿਆ ਜਾਂਦਾ ਸੀ। ਗੁਰਮਤ ਵਿਚ ਤਿਆਗ-ਮਾਰਗ ਦਾ ਖੰਡਨ ਕੀਤਾ ਗਿਆ ਹੈ। ਗੁਰਮਤ-ਮਾਰਗ ਪਰਵਿਰਤੀ-ਮਾਰਗ ਹੈ ਅਤੇ ਇਕ ਨਿਸ਼ਚਿਤ ਢੰਗ ਨਾਲ ਪਰਵਿਰਤ ਰਹਿਣ ਦਾ ਉਪਦੇਸ਼ ਹੈ। ਗੁਰੂ ਨਾਨਕ ਦੇਵ ਜੀ ਦਾ ਚਿੰਤਨ ਪਰੰਪਰਾ ਵਲੋਂ ਟੁੱਟਦਾ ਨਹੀਂ। ਅਧਿਆਤਮਕਵਾਦ ਦੇ ਮਾਰਗ ਨੂੰ ਨਵਾਂ ਮੋੜ ਦੇ ਕੇ ਮਨੁੱਖੀ ਜੀਵਨ ਦਾ ਉਦੇਸ਼ ਸੱਚ ਦੀ ਪ੍ਰਾਪਤੀ ਨਿਸ਼ਚਿਤ ਕੀਤਾ ਜਿਸ ਨੂੰ ਨਵੇਂ ਰੂਪ ਦੀ ਜੀਵਨ-ਜਾਚ ਨਾਲ ਪ੍ਰਾਪਤ ਕਰਨਾ ਹੈ। ਇਹ ਪਰਵਿਰਤੀ-ਮਾਰਗ ਦਾ ਉਪਦੇਸ਼ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋ ਚੁੱਕੇ ਧਾਰਮਿਕ ਚਿੰਤਕਾਂ ਦੇ ਦੱਸੇ ਮਾਰਗ ਤੋਂ ਬਿਲਕੁਲ ਭਿੰਨ ਹੈ।

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

(ਅੰਗ ੯੩੮)

ਭਾਰਤੀ ਵੇਦਾਂਤੀਆਂ ਨੇ ਵੇਦਾਂ ਦੀ ਪੜਚੋਲ ਕਰਨ ਤੋਂ ਬਾਅਦ ਜੋ ਸਾਰ ਤੱਤ ਕੱਢੇ ਹਨ, ਉਹਨਾਂ ਨੂੰ ਵੀ ਮੁੱਖ ਰੱਖ ਕੇ ਜੇ ਵੇਖਿਆ ਜਾਏ ਤਾਂ ਗੁਰੂ ਨਾਨਕ ਦੇਵ ਜੀ ਦਾ ਸਿੱਖ ਮੱਤ ਉਨ੍ਹਾਂ ਨਾਲੋਂ ਭਿੰਨ ਹੈ। ਗੁਰੂ ਜੀ ਨੇ ਪਰੰਪਰਾਵਾਦੀ ਨਿਵਿਰਤੀ ਜੀਵਨ-ਜਾਚ ਦੀ ਪੜਚੋਲ ਕੀਤੀ। ਇਸ ਸ੍ਰਿਸ਼ਟੀ ਨੂੰ ਸੱਚੇ ਦਾ ਵਾਸ ਆਖਿਆ ਅਤੇ ਸਮਾਜ ਤੇ ਧਰਮ ਦਾ ਸੰਬੰਧ ਜੋੜ ਕੇ ਨਵੇਂ ਪ੍ਰਸੰਗ ਵਿਚ ਸਮੋਇਆ ਅਤੇ ਅਧਿਆਤਮਕ ਪੱਖ ਤੋਂ ਸਮਾਜਿਕ ਜੀਵਨ ਵੀ ਮਾਨਵ ਹਿਤੈਸ਼ੀ ਬਣਾ ਦਿੱਤਾ। ਪਰੰਪਰਾ ਅਤੇ ਸਿੱਖ ਮੱਤ ਦੇ ਸੰਬੰਧਾਂ ਉੱਤੇ ਵਿਵੇਚਨ ਤੋਂ ਬਾਅਦ ਅਸੀਂ ਨਿਰਮਲ ਸੰਪ੍ਰਦਾਇ ਦੇ ਇਸ ਵਿਸ਼ਵਾਸ ਨਾਲ ਸਹਿਮਤ ਨਹੀਂ ਹਾਂ ਕਿ ਸਿੱਖ ਮੱਤ ਦੇ ਸਿਧਾਂਤ ਜਾਂ ਆਦਿ ਗ੍ਰੰਥ ਦੀ ਬਾਣੀ ਵੇਦਾਂ ਦਾ ਹੀ ਸਰਲ ਰੂਪ ਹਨ। ਗੁਰਮਤ ਦਰਸ਼ਨ ਦੇ ਆਧਾਰ 'ਤੇ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਬਾਰੇ ਚਰਚਾ ਕਰ ਚੁੱਕਣ ਤੋਂ ਬਾਅਦ ਅਸੀਂ ਇਨ੍ਹਾਂ ਸਿੱਟਿਆਂ 'ਤੇ ਪੁੱਜਦੇ ਹਾਂ ਕਿ ਨਿਰਮਲੇ ਸੰਤ ਗੁਰਸਿੱਖ ਹੁੰਦੇ ਹੋਏ ਵੀ ਗੁਰਮਤ ਮਾਰਗ ਦੇ ਸਾਰੇ ਨਿਯਮਾਂ ਨੂੰ ਸਵੀਕਾਰ ਨਹੀਂ ਕਰਦੇ। ਕੁਝ ਨਿਯਮਾਂ ਦੀ ਵਿਆਖਿਆ ਆਪਣੀ ਵਿਚਾਰਧਾਰਾ ਅਨੁਸਾਰ ਕਰਦੇ ਹਨ ਅਤੇ ਕੁਝ ਨਿਯਮਾਂ ਨੂੰ ਤਿਆਗ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ।

www.sikhbookclub.com

ਸਿੱਖ ਮੱਤ ਨਾਲੋਂ ਅੰਤਰ

(1) ਆਦਿ ਗ੍ਰੰਥ ਨੂੰ ਵੇਦਾਂ ਦਾ ਹੀ ਸਰਲ ਰੂਪ ਆਖਦੇ ਹਨ ਅਤੇ ਗੁਰਬਾਣੀ ਦੀ ਵਿਆਖਿਆ ਵੇਦਾਂਤ ਅਨੁਸਾਰ ਹੀ ਕਰਦੇ ਹਨ ਜਾਂ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਵੇਦਾਂਤ ਵਿਚ ਵਿਸ਼ਵਾਸ ਹੈ ਅਤੇ ਗੁਰਬਾਣੀ ਵਿਚੋਂ ਵੀ ਉਹੋ ਅਰਥ ਕੱਢਦੇ ਹਨ।

(2) ਗ੍ਰਹਿਸਤ ਜੀਵਨ ਨੂੰ ਤਿਆਗ ਕੇ ਬ੍ਰਹਮਚਾਰੀ ਜੀਵਨ ਨੂੰ ਹੀ ਅਧਿਆਤਮਕਵਾਦ ਵੱਲ ਜਾਣ ਦਾ ਠੀਕ ਮਾਰਗ ਦੱਸਦੇ ਹਨ।

(3) ਦੇਹਧਾਰੀ ਗੁਰੂ ਦੀ ਅਵੱਸ਼ਕਤਾ ਵਿਚ ਵਿਸ਼ਵਾਸ ਰੱਖਦੇ ਹਨ।

(4) ਅਵਤਾਰਵਾਦ ਦਾ ਮੰਡਨ ਕਰਦੇ ਹਨ ਅਤੇ ਰਾਮ, ਕ੍ਰਿਸ਼ਨ ਆਦਿ ਅਵਤਾਰਾਂ ਨੂੰ ਪੂਜਯ ਮੰਨਦੇ ਹਨ।

(5) ਦੇਵਤਿਆਂ ਦੀ ਸ਼ਕਤੀ ਵਿਚ ਵੀ ਵਿਸ਼ਵਾਸ ਰੱਖਦੇ ਹਨ ਅਤੇ ਗਣੇਸ਼ ਤੋਂ ਵਰਦਾਨ ਮੰਗਦੇ ਹਨ।

(6) ਸਵੇਰੇ ਸ਼ਾਮ ਧੂਪ ਆਦਿ ਨਾਲ ਗੁਰੂ ਦੀ ਪੂਜਾ ਤੇ ਆਰਤੀ ਕਰਦੇ ਹਨ। ਪੂਜਯ ਸੰਤਾਂ ਮਹਾਤਮਾਵਾਂ ਦੀਆਂ ਸਮਾਧਾਂ 'ਤੇ ਧੂਪ ਆਦਿ ਕਰਨਾ ਅਤੇ ਫੁੱਲ ਚੜ੍ਹਾਉਣਾ ਉਚਿਤ ਸਮਝਦੇ ਹਨ।

(7) ਰਹਿਤ ਅਤੇ ਪਹਿਰਾਵੇ ਨੂੰ ਗੁਰ-ਮਰਿਆਦਾ ਅਨੁਸਾਰ ਨਹੀਂ ਬਲਕਿ ਪ੍ਰਾਚੀਨ ਸੰਤ-ਮਰਿਆਦਾ ਅਨੁਸਾਰ ਸਵੀਕਾਰ ਕਰਦੇ ਹਨ ਅਤੇ ਭਗਵਾ ਵੇਸ ਪਹਿਨਣਾ ਜ਼ਰੂਰੀ ਸਮਝਦੇ ਹਨ।

ਗੁਰਮਤ ਦਰਸ਼ਨ ਨਾਲ ਪੂਰਨ ਰੂਪ ਵਿਚ ਸਹਿਮਤ ਨਾ ਹੋਣ ਦੇ ਬਾਵਜੂਦ ਵੀ ਨਿਰਮਲ ਸੰਪ੍ਰਦਾਇ ਦੇ ਸੰਤ, ਗੁਰੂ ਨਾਨਕ ਜੀ ਦੇ ਮੱਤ ਨੂੰ ਹੀ ਆਪਣਾ ਮੱਤ ਆਖਦੇ ਹਨ ਅਤੇ ਦੱਸਾਂ ਗੁਰੂਆਂ ਤੇ ਉਨ੍ਹਾਂ ਦੀ ਬਾਣੀ ਲਈ ਇਨ੍ਹਾਂ ਦੇ ਹਿਰਦਿਆਂ ਵਿਚ ਅਥਾਹ ਸ਼ਰਧਾ ਹੈ। ਨਿਮਨ ਲਿਖਤ ਸਿਧਾਂਤਾਂ ਜਾਂ ਪ੍ਰਚਲਤ ਰੀਤਾਂ ਨਾਲ ਇਹ ਸਹਿਮਤ ਹਨ :-

1. ਗੁਰੂ ਨਾਨਕ ਦੇਵ ਜੀ ਨੂੰ ਇਸ਼ਟ ਗੁਰੂ ਮੰਨਦੇ ਹਨ ਅਤੇ ਉਨ੍ਹਾਂ ਦੀ ਬਾਣੀ ਵਿਚੋਂ ਉਪਦੇਸ਼ ਲੈਂਦੇ ਹਨ।
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦੱਸਾਂ ਗੁਰੂਆਂ ਦਾ ਸਰੂਪ ਮੰਨਦੇ ਹਨ ਅਤੇ ਆਪਣੇ ਡੇਰਿਆਂ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੀ ਪ੍ਰਕਾਸ਼ ਕਰਦੇ ਹਨ। ਆਪਣੇ ਸ਼ਿਸ਼ਾਂ ਨੂੰ ਗੁਰੂ ਦੀਖਿਆ ਦੇਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵਾਸ ਰੱਖ ਕੇ ਇਸ ਦੇ ਅਧਿਐਨ ਦਾ ਉਪਦੇਸ਼ ਦੇਂਦੇ ਹਨ।

www.sikhbookclub.com

3. ਭਾਵੇਂ ਦੇਹਧਾਰੀ ਗੁਰੂ ਨੂੰ ਵੀ ਅਨਿਵਾਰੀ ਸਮਝਦੇ ਹਨ ਪਰ ਅਰਦਾਸ ਵਿਚ ਇਸ ਗੁਰੂ ਦਾ ਜ਼ਿਕਰ ਨਹੀਂ ਕਰਦੇ।
4. ਇਕ ਪਰਮਾਤਮਾ ਵਿਚ ਵਿਸ਼ਵਾਸ ਰੱਖਦੇ ਹਨ।
5. ਅੰਮ੍ਰਿਤ ਛੱਕਣ ਅਤੇ ਕੇਸਾਧਾਰੀ ਰਹਿਣਾ ਜ਼ਰੂਰੀ ਸਮਝਦੇ ਹਨ।
6. ਆਪਣੇ ਨਾਮ ਨਾਲ ਸਿੰਘ ਸ਼ਬਦ ਦੀ ਵਰਤੋਂ ਲਾਜ਼ਮੀ ਕਰਦੇ ਹਨ, ਜਦੋਂ ਕਿ ਉਦਾਸੀ ਸੰਤ ਆਪਣੇ ਨਾਮ ਨਾਲ ਗਿਆਨੀ ਜਾਂ ਦਾਸ ਸ਼ਬਦ ਦੀ ਵਰਤੋਂ ਕਰਦੇ ਹਨ।
7. ਸਿਰ 'ਤੇ ਦਸਤਾਰ ਵੀ ਲਾਜ਼ਮੀ ਸਜਾਉਂਦੇ ਹਨ।
8. ਕਈ ਨਿਰਮਲੇ ਸੰਤ, ਜਿਵੇਂ ਕਿ ਸੰਤ ਨਿੱਕਾ ਸਿੰਘ ਜੀ ਵਿਰਕਤ ਕੇਵਲ ਗੁਰਬਾਣੀ ਦੀ ਹੀ ਵਿਆਖਿਆ ਕਰਦੇ ਸਨ। ਉਹਨਾਂ ਵੇਦਾਂਤ ਦਾ ਪ੍ਰਭਾਵ ਨਹੀਂ ਕਬੂਲਿਆ, ਗੁਰਬਾਣੀ ਨੂੰ ਹੀ ਆਪਣੇ ਜੀਵਨ ਦਾ ਆਧਾਰ ਬਣਾਇਆ। ਅੱਜ ਵੀ ਉਹਨਾਂ ਦੇ ਕਈ ਸਥਾਨਾਂ 'ਤੇ ਗੁਰਬਾਣੀ ਦਾ ਕੀਰਤਨ ਤੇ ਕਥਾ ਹੁੰਦੀ ਹੈ। ਅੱਜ ਕਲ੍ਹ ਉਹਨਾਂ ਵੱਲੋਂ ਵਰੋਸਾਏ ਸੰਤ ਰਾਮ ਸਿਘ ਜੀ ਹੀ ਕੇਵਲ ਗੁਰਬਾਣੀ ਦੀ ਕਥਾ ਕਰਦੇ ਹਨ। ਜਿਥੇ ਵੀ ਜਾਂਦੇ ਹਨ, ਸੰਗਤਾਂ ਵਿਚ ਗੁਰਬਾਣੀ ਦੀ ਕਥਾ ਕਰਦੇ ਹਨ। ਜਿਥੇ ਵੀ ਜਾਂਦੇ ਹਨ, ਸੰਗਤਾਂ ਨੂੰ ਗੁਰਬਾਣੀ ਨਾਲ ਹੀ ਜੋੜਦੇ ਹਨ। ਮੈਂ ਡਾ. ਪਰਮਜੀਤ ਸਿੰਘ ਆਪ ਕਈ ਵਾਰ ਉਹਨਾਂ ਪਾਸੋਂ ਗੁਰਬਾਣੀ ਦੀ ਕਥਾ ਸ੍ਰਵਣ ਕੀਤੀ ਹੈ। ਇਸੇ ਤਰ੍ਹਾਂ ਹੀ ਸੰਤ ਜੋਧ ਸਿੰਘ ਜੀ ਵੀ ਗੁਰਬਾਣੀ ਦਾ ਹੀ ਪ੍ਰਚਾਰ ਤੇ ਪ੍ਰਸਾਰ ਕਰਦੇ ਹਨ। ਮੈਂ ਕਈ ਵਾਰ ਉਹਨਾਂ ਨਾਲ ਦੂਜੇ ਮੱਤਾਂ ਦੇ ਧਰਮ-ਗ੍ਰੰਥਾਂ ਦੀ ਚਰਚਾ ਕੀਤੀ ਹੈ, ਪਰੰਤੂ ਉਹਨਾਂ ਦੇ ਵਿਚਾਰ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਾਰਥਕ ਹਨ ਕਿ ਅੱਜ ਦੇ ਯੁੱਗ ਵਿਚ ਗੁਰਬਾਣੀ ਹੀ ਮਨੁੱਖੀ ਜੀਵਨ ਦਾ ਕਲਿਆਣ ਕਰ ਸਕਦੀ ਹੈ।

☆☆☆

www.sikhbookclub.com

ਅਧਿਆਇ ਤੀਜਾ

ਨਿਰਮਲੇ ਸੰਤਾਂ ਦਾ ਪੰਜਾਬੀ ਸਾਹਿਤ ਵਿਚ ਯੋਗਦਾਨ

ਨਿਰਮਲ ਸੰਪ੍ਰਦਾਇ ਦੇ ਮਹਾਨ ਧਰਮ-ਵੇਤਾਵਾਂ (theologists) ਨੇ ਆਪਣੀ ਸੰਪ੍ਰਦਾਇ ਦੇ ਅਸਤਿਤਵ ਨੂੰ ਸਥਿਰ ਰੱਖ ਕੇ ਮੌਲਿਕ ਢੰਗ ਨਾਲ ਗੁਰਮਤ ਦੀ ਵਿਆਖਿਆ ਕੀਤੀ ਹੈ। ਗੁਰਮਤ ਦੀ ਵਿਆਖਿਆ ਵੇਦਾਂਤ ਅਨੁਸਾਰ ਕਰਨਾ ਹੀ ਇਸ ਸੰਪ੍ਰਦਾਇ ਦੀ ਪ੍ਰਚਾਰ-ਵਿਧੀ ਦੀ ਮੌਲਿਕਤਾ ਹੈ। ਆਪਣੇ ਨਵੀਨ ਵਿਚਾਰਾਂ ਨੂੰ ਪ੍ਰਚਲਤ ਕਰ ਕੇ ਆਪਣੀ ਸੰਪ੍ਰਦਾਇ ਦੇ ਪ੍ਰਸਾਰ ਲਈ ਇਨ੍ਹਾਂ ਨੇ ਸਾਹਿਤ-ਸਿਰਜਣਾ ਨੂੰ ਮਾਧਿਅਮ ਬਣਾਇਆ। ਇਸੇ ਕਾਰਨ ਧਰਮ ਪ੍ਰਚਾਰ ਦੇ ਖੇਤਰ ਵਿਚ ਇਹਨਾਂ ਸੰਤ ਸਾਹਿਤਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਜਿਹੜੇ ਨਿਰਮਲੇ ਸੰਤ ਨਿਰਮਲ ਮਰਿਆਦਾ ਅਨੁਸਾਰ ਗੁਰੂ ਦੀਖਿਆ ਲੈ ਕੇ ਵਿਰਕਤ ਭਾਂਤ ਦਾ ਜੀਵਨ ਬਤੀਤ ਕਰਦੇ ਰਹੇ ਹਨ, ਉਨ੍ਹਾਂ ਦੀਆਂ ਰਚਨਾਵਾਂ ਸੰਬੰਧੀ ਵਿਗਿਆਨਕ ਦ੍ਰਿਸ਼ਟੀ ਤੋਂ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਹੈ।

ਨਿਰਮਲ ਸੰਪ੍ਰਦਾਇ ਦੇ ਆਰੰਭਕ ਪੜਾਅ 'ਤੇ ਜਿਨ੍ਹਾਂ ਸੰਤਾਂ ਨੇ ਸਾਹਿਤ ਰਚਨਾ ਕੀਤੀ ਹੈ, ਉਨ੍ਹਾਂ ਨੂੰ ਸੰਸਕ੍ਰਿਤ ਭਾਸ਼ਾ ਵਿਰਸੇ ਵਿਚ ਮਿਲੀ ਹੈ। ਸਿੱਖ ਇਤਿਹਾਸਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ *ਪਾਉਂਟਾ ਸਾਹਿਬ ਵਿਖੇ ਵਾਪਰੀ ਜਿਸ ਘਟਨਾ ਦਾ ਜ਼ਿਕਰ ਕੀਤਾ ਹੈ, ਉਸ ਅਨੁਸਾਰ ਜੋ ਸਿੱਖ ਕਾਂਸ਼ੀ ਵਿਚ ਸੰਸਕ੍ਰਿਤ ਵਿੱਦਿਆ ਪ੍ਰਾਪਤ ਕਰਨ ਗਏ ਸਨ, ਉਨ੍ਹਾਂ ਦਾ ਵਰਗ ਹੀ ਨਿਰਮਲੇ ਸਾਹਿਤਕਾਰ ਵਰਗ ਦੀ ਆਧਾਰ-ਸ਼ਿਲਾ ਹੈ। ਇਨ੍ਹਾਂ ਸਿੱਖਾਂ ਦੇ ਸ਼ਿਸ਼ਾਂ ਨੇ ਸੰਸਕ੍ਰਿਤ ਸਾਹਿਤ ਨੂੰ ਹੀ ਆਪਣੇ ਅਧਿਐਨ ਦਾ ਕੇਂਦਰ ਬਣਾ ਕੇ ਰੱਖਿਆ। ਜਿਵੇਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਤ ਦੁਆਰਾ ਧਰਮ ਪ੍ਰਚਾਰ ਫੈਲਾਉਣ ਦੇ ਉਦੇਸ਼ ਨਾਲ ਆਪਣੇ ਦਰਬਾਰ ਵਿਚ 52 ਕਵੀ** ਨਿਯਤ ਕੀਤੇ ਹੋਏ ਸਨ ਅਤੇ ਉਹ ਮੌਲਿਕ ਰਚਨਾਵਾਂ ਤੋਂ ਛੁੱਟ ਹਿੰਦੀ ਅਤੇ ਸੰਸਕ੍ਰਿਤ ਗ੍ਰੰਥਾਂ ਦਾ ਸਰਲ ਬੋਲੀ ਵਿਚ ਅਨੁਵਾਦ ਕਰਦੇ ਸਨ। ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ, ਇਸੇ ਪ੍ਰਥਾ ਨੂੰ ਜਾਰੀ ਰੱਖਣ ਲਈ ਨਿਰਮਲ ਵਰਗ ਦੇ ਸਾਹਿਤਕਾਰਾਂ ਨੇ ਸੰਸਕ੍ਰਿਤ ਗ੍ਰੰਥਾਂ ਦੇ ਅਨੁਵਾਦ ਬ੍ਰਿਜ ਭਾਸ਼ਾ ਵਿਚ ਕਰਨੇ ਸ਼ੁਰੂ ਕੀਤੇ। ਇਸ ਵਰਗ ਦੇ

* *ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖਾਲਸਾ ਭਾਗ 1– (ਭਾਸ਼ਾ ਵਿਭਾਗ) (ਪੰਨਾ 798)*

** *ਹਰਬੰਸ ਸਿੰਘ, ਗੁਰੂ ਗੋਬਿੰਦ ਸਿੰਘ ਜੀ, (ਪੰਨਾ 50) (ਪ੍ਰਕਾਸ਼ਕ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ, ਚੰਡੀਗੜ੍ਹ।)*

www.sikhbookclub.com

ਸਾਹਿਤਕਾਰਾਂ ਦੀਆਂ ਵਧੇਰੇ ਰਚਨਾਵਾਂ ਬ੍ਰਿਜ ਭਾਸ਼ਾ ਅਤੇ ਹਿੰਦੀ (ਗੁਰਮੁਖੀ ਲਿਪੀ) ਵਿਚ ਮਿਲਦੀਆਂ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਨਿਰਮਲ ਸੰਪ੍ਰਦਾਇ ਦੇ ਪੂਰਬਲੇ ਸਾਹਿਤਕਾਰਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਵਿਚ ਵੀ ਸਾਹਿਤ ਰਚਨਾ ਕੀਤੀ ਹੈ ਪਰ ਉਸ ਕਾਲ ਜਾਂ ਉਸ ਤੋਂ ਕੁਝ ਸਮਾਂ ਪਿੱਛੋਂ ਦੇ ਸਾਹਿਤਕਾਰਾਂ ਨੂੰ ਪ੍ਰਮਾਣਾਂ ਸਹਿਤ ਨਿਰਮਲੇ ਸਾਹਿਤਕਾਰਾਂ ਦੇ ਵਰਗ ਵਿਚ ਰੱਖ ਸਕਣਾ ਸੰਭਵ ਨਹੀਂ ਹੈ। ਜਿਵੇਂ ਨਿਰਮਲੇ ਸਾਹਿਤਕਾਰਾਂ ਨੇ ਆਪਣੀਆਂ ਪੁਸਤਕਾਂ ਵਿਚ ਭਾਈ ਮਨੀ ਸਿੰਘ ਨੂੰ ਨਿਰਮਲੇ ਵਰਗ ਦਾ ਹੀ ਇਕ ਸਾਹਿਤਕਾਰ ਆਖਿਆ ਹੈ ਪਰ ਭਾਈ ਮਨੀ ਸਿੰਘ ਦੇ ਜੀਵਨ ਵਿਚੋਂ ਕੋਈ ਅਜਿਹਾ ਪ੍ਰਮਾਣ ਨਹੀਂ ਦਿੱਤਾ ਜਿਸ ਦੇ ਆਧਾਰ 'ਤੇ ਮਨੀ ਸਿੰਘ ਦੇ ਜੀਵਨ ਮਰਿਆਦਾ ਨਿਰਮਲੇ ਸੰਤਾਂ ਅਨੁਸਾਰ ਸਿੱਧ ਹੋ ਸਕੇ। ਸੰਪ੍ਰਦਾਇ ਦੇ ਪ੍ਰਾਪਤ ਸਾਹਿਤ ਵਿਚੋਂ *ਪੰਡਤ ਗੁਲਾਬ ਸਿੰਘ ਤੋਂ ਪਹਿਲਾਂ ਕਿਸੇ ਨਿਰਮਲੇ ਸੰਤ ਦੀ ਰਚਨਾ ਨਹੀਂ ਮਿਲਦੀ। ਨਿਰਮਲ ਸੰਪ੍ਰਦਾਇ ਦੇ ਖੋਜੀ ਸਾਹਿਤਕਾਰ ਮਹੰਤ ਗਣੇਸ਼ਾ ਸਿੰਘ ਨੇ ਆਪਣੀ ਪੁਸਤਕ "ਅਧਿਆਤਮਕ ਪ੍ਰਕਾਸ਼" ਅਤੇ ਇਕ ਲੇਖ (ਹੱਥ ਲਿਖਤ) ਵਿਚ ਪੰਡਤ ਗੁਲਾਬ ਸਿੰਘ ਤੋਂ ਪਹਿਲਾਂ ਹੋ ਚੁੱਕੇ ਨਿਰਮਲੇ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਸੰਕੇਤ ਦਿੱਤੇ ਹਨ। 'ਅਧਿਆਤਮਕ ਪ੍ਰਕਾਸ਼' ਬਾਰੇ ਭੂਮਿਕਾ ਵਿਚ ਲਿਖਿਆ ਹੈ :-

"ਬਹੁਤ ਸੇ ਦੀਰਘ ਆਯੂ ਮਹਾਤਮਾਓਂ ਸੇ ਸੁਨਾ ਗਿਆ ਹੈ ਕਿ ਇਸ ਗ੍ਰੰਥ (ਅਧਿਆਤਮ ਪ੍ਰਕਾਸ਼) ਕੇ ਕਰਤਾ ਮਹਾਤਮਾ ਪੰਡਤ ਸੁੱਖਾ ਸਿੰਘ ਜੀ ਨਿਰਮਲੇ ਥੇ। ਇਨ੍ਹੋਂ ਨੇ ਸੰਮਤ 1747-50 ਬਿਕ੍ਰਮੀ (1690-93 ਈਸਵੀ) ਕੇ ਲਗਭਗ ਬਨਾਰਸ ਕਾਂਸ਼ੀ ਮੇਂ ਬਹੁਤ ਵਾਰ ਵੇਦਾਂਤ ਵਿਦਿਆ ਕੇ ਵਿਖਯੋਂ ਮੇਂ ਸਭਾਓਂ ਕੋ ਪਰਾਜਯ ਕੀਆ।"**

ਡਾ. ਤ੍ਰਿਲੋਚਨ ਸਿੰਘ ਬੇਦੀ ਨੇ ਆਪਣੇ ਸ਼ੋਧ ਪ੍ਰਬੰਧ 'ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ' ਵਿਚ ਮਹੰਤ ਗਣੇਸ਼ਾ ਸਿੰਘ ਦੀ ਇਕ ਹੱਥ*** ਲਿਖਤ ਵਿਚੋਂ ਹੇਠ ਲਿਖੀਆਂ ਸਤਰਾਂ ਲਿਖੀਆਂ ਹਨ, ਇਹ ਸਤਰਾਂ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਹਨ :- "ਪੰਥ ਪ੍ਰਕਾਸ਼" ਅਤੇ "ਅਨੰਤ ਗੁਰ ਬਿਲਾਸ" 1718 ਈ. ਕੇ ਕਰੀਬ ਕਿਸੇ ਨਿਰਮਲੇ ਪੰਡਤ ਨੇ ਲਿਖੀਆਂ ਪਰ ਅਫ਼ਸੋਸ ਕਿ ਇਹ ਦੋਨੋਂ ਹੀ ਪੁਸਤਕਾਂ ਗੁੰਮ ਹੋ ਚੁੱਕੀਆਂ ਹੋਈਆਂ ਹਨ।" (ਪੰਨਾ 45) ਗਣੇਸ਼ਾ ਸਿੰਘ ਦੀ ਉਪਰੋਕਤ ਖੋਜ ਦੇ ਆਧਾਰ 'ਤੇ ਅਸੀਂ ਨਿਸਚਿਤ ਰੂਪ ਵਿਚ ਨਿਰਮਲੇ ਸੰਤਾਂ ਦੇ ਸਾਹਿਤ ਦੇ ਕਾਲ ਦੀ ਸੀਮਾ ਨੀਯਤ ਨਹੀਂ ਕਰ ਸਕਦੇ ਕਿਉਂਕਿ ਅਧਿਆਤਮਕ ਪ੍ਰਕਾਸ਼ ਦੇ ਕਰਤਾ ਦਾ ਅੰਦਾਜ਼ਾ ਤਾਂ ਸੁਣੀਆਂ

---

* ਡਾ. ਹਰਭਜਨ ਸਿੰਘ — ਨਿਰਮਲ ਕਵੀਓਂ ਕੀ ਹਿੰਦੀ ਸਾਹਿਤ ਕੋ ਦੇਨ (ਹਿੰਦੀ)

** ਮਹੰਤ ਗਣੇਸ਼ਾ ਸਿੰਘ — ਭੂਮਿਕਾ ਅਧਿਆਤਮਕ ਪ੍ਰਕਾਸ਼।

*** ਡਾ. ਬੇਦੀ ਨੇ ਲਿਖਿਆ ਹੈ ਕਿ ਇਹ ਹੱਥ ਲਿਖਤ ਲੇਖ ਉਨ੍ਹਾਂ ਦੇ ਪਾਸ ਹੈ।

ਡਾ. ਮੋਹਨ ਸਿੰਘ ਦੀਵਾਨਾ 'ਏ ਹਿਸਟ੍ਰੀ ਆਫ਼ ਪੰਜਾਬੀ ਲਿਟਰੇਚਰ' (ਪੰਨਾ 60)

www.sikhbookclub.com

ਸੁਣਾਈਆਂ ਕਥਾਵਾਂ ਨੂੰ ਮੁੱਖ ਰੱਖ ਕੇ ਹੀ ਲਗਾਇਆ ਗਿਆ ਹੈ ਅਤੇ ਕੋਈ ਲਿਖਤੀ ਜਾਂ ਇਤਿਹਾਸਕ ਪ੍ਰਮਾਣ ਨਹੀਂ ਦਿੱਤਾ ਗਿਆ। ਦੂਜੀਆਂ ਰਚਨਾਵਾਂ ਦੇ ਕਰਤਾ ਦਾ ਨਾਂ ਵੀ ਨਹੀਂ ਲਿਖਿਆ ਗਿਆ। 'ਪੰਥ ਪ੍ਰਕਾਸ਼' ਅਤੇ 'ਅਨੰਤ ਗੁਰਬਿਲਾਸ' 1718 ਈ. ਦੇ ਜ਼ਿਕਰ ਤੋਂ ਇਹ ਸੰਕੇਤ ਜ਼ਰੂਰ ਮਿਲ ਜਾਂਦਾ ਹੈ ਕਿ ਅਠਾਰ੍ਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਬੋਲੀ ਵਿਚ ਰਚਨਾ ਕੀਤੀ ਹੈ।+

ਪੰਡਤ ਗੁਲਾਬ ਸਿੰਘ (ਜਨਮ 1732 ਈਸਵੀ) ਦਾ ਉਪਲੱਬਧ ਸਾਹਿਤ ਹੀ ਨਿਰਮਲ ਸੰਪ੍ਰਦਾਇ ਦਾ ਪਹਿਲਾ ਪ੍ਰਾਪਤ ਸਾਹਿਤ ਹੈ। ਪੰਡਤ ਗੁਲਾਬ ਸਿੰਘ ਦੀਆਂ ਜੋ ਰਚਨਾਵਾਂ ਮਿਲਦੀਆਂ ਹਨ, ਉਨ੍ਹਾਂ ਵਿਚੋਂ ਸੰਮਤ 1810 ਬਿ: (1753 ਈ.) ਤੋਂ ਪਹਿਲਾਂ ਕੋਈ ਪੁਸਤਕ ਨਹੀਂ ਮਿਲਦੀ। ਭਾਵੇਂ ਪੰਡਤ ਗੁਲਾਬ ਸਿੰਘ ਨੇ ਪੰਜਾਬੀ ਬੋਲੀ ਵਿਚ ਨਹੀਂ ਲਿਖਿਆ ਪਰ ਇਸ ਦੀਆਂ ਰਚਨਾਵਾਂ—ਪ੍ਰਬੋਧ ਚੰਦਰ ਨਾਟਕ, ਭਾਵ ਰਸਾਮ੍ਰਿਤ ਅਤੇ 'ਮੋਖ ਪੰਥ' ਨੂੰ ਪੜ੍ਹ ਕੇ ਇਹ ਕਿਹਾ ਜਾ ਸਕਦਾ ਹੈ ਕਿ ਸੰਸਕ੍ਰਿਤ ਭਾਸ਼ਾ ਤੋਂ ਇਲਾਵਾ ਬ੍ਰਿਜ ਜਿਹੀ ਸਰਲ ਬੋਲੀ ਵਿਚ ਸਾਹਿਤ ਲਿਖਣ ਦੀ ਪ੍ਰਥਾ ਗੁਲਾਬ ਸਿੰਘ ਤੋਂ ਪਹਿਲਾਂ ਚੱਲ ਚੁੱਕੀ ਸੀ ਅਤੇ ਪੰਡਤ ਗੁਲਾਬ ਸਿੰਘ ਨੇ ਉਸੇ ਪਰੰਪਰਾ ਨੂੰ ਅੱਗੇ ਤੋਰਿਆ ਹੈ। ਵੇਦਾਂਤ ਅਤੇ ਗੁਰਮਤ ਦੀ ਵਿਆਖਿਆ ਨੂੰ ਸਰਲ ਬੋਲੀ ਵਿਚ ਲਿਖ ਕੇ ਲੋਕਾਂ ਤੀਕ ਪਹੁੰਚਾਣ ਦੀ ਰੁਚੀ ਗੁਲਾਬ ਸਿੰਘ ਤੋਂ ਬਾਅਦ ਹੋਏ ਨਿਰਮਲੇ ਸਾਹਿਤਕਾਰਾਂ ਵਿਚ ਵੀ ਕਾਇਮ ਰਹੀ। ਟੀਕਾ ਸਾਹਿਤ ਅਤੇ ਵੇਦਾਂਤ ਉੱਤੇ ਬ੍ਰਿਜ ਵਿਚ ਲਿਖੀਆਂ ਪੁਸਤਕਾਂ ਇਸ ਪ੍ਰਥਾ ਦੇ ਪ੍ਰਮਾਣ ਹਨ। ਸਾਹਿਤ ਨੂੰ ਸੁਖੈਨ ਰੂਪ ਵਿਚ ਪੇਸ਼ ਕਰਨ ਦੀ ਪਰੰਪਰਾ ਨੇ ਹੀ ਨਿਰਮਲੇ ਸੰਤਾਂ ਨੂੰ ਪੰਜਾਬੀ ਅਤੇ ਸਾਧੂਕੜੀ ਬੋਲੀ ਵਿਚ ਲਿਖਣ ਲਈ ਪ੍ਰੇਰਨਾ ਦਿੱਤੀ। ਨਿਮਨ ਲਿਖਤ ਵਿਚਾਰ ਵੀ ਏਸੇ ਪ੍ਰੇਰਨਾ ਦਾ ਸਮਰਥਨ ਕਰਦੇ ਹਨ :-

"ਮੈਂ ਇਹ ਗੱਲ ਚਿਰਾਂ ਤੋਂ ਮਹਿਸੂਸ ਕਰ ਰਿਹਾ ਸਾਂ ਕਿ ਜਿਨ੍ਹਾਂ ਆਦਮੀਆਂ ਨੂੰ ਵੱਡੀ ਉਮਰ ਵਿਚ ਵੇਦਾਂਤ ਨਾਲ ਪਿਆਰ ਜਾਗ ਉਠਦਾ ਹੈ, ਹਿੰਦੀ ਸੰਸਕ੍ਰਿਤ ਪੜ੍ਹਨ ਦਾ ਉਪਰਾਲਾ ਕਰਨਾ ਔਖਾ ਹੁੰਦਾ ਹੈ, ਉਨ੍ਹਾਂ ਲਈ ਇਕ ਸਰਲ ਭਾਸ਼ਾ ਵਿਚ ਪੁਸਤਕ ਜ਼ਰੂਰੀ ਚਾਹੀਦੀ ਹੈ।"*

ਪ੍ਰਚਾਰ ਦੇ ਖੇਤਰ ਵਿਚ ਆ ਕੇ ਨਿਰਮਲੇ ਵਿਦਵਾਨਾਂ ਦਾ ਸੰਪਰਕ ਜਨ-ਸਾਧਾਰਨ ਨਾਲ ਵੱਧ ਗਿਆ ਅਤੇ ਇਨ੍ਹਾਂ ਵਿਦਵਾਨਾਂ ਨੂੰ ਇਹ ਅਹਿਸਾਸ ਹੋ ਗਿਆ ਕਿ ਆਮ ਲੋਕਾਂ ਤੱਕ ਵਿਚਾਰ ਪਹੁੰਚਾਣ ਲਈ ਸੰਸਕ੍ਰਿਤ ਅਤੇ ਹਿੰਦੀ ਨੂੰ ਤਿਆਗ ਕੇ ਸੌਖੀ ਤਰ੍ਹਾਂ ਸਮਝ ਆਉਣ ਵਾਲੀ ਬੋਲੀ ਵਿਚ ਸਾਹਿਤ ਲਿਖਣਾ ਜ਼ਰੂਰੀ ਹੈ। ਨਿਰਮਲੇ ਸੰਤਾਂ ਦੇ ਵਿਚਾਰਾਂ ਵਿਚ ਸਾਹਿਤਕ ਬੋਲੀ ਬਾਰੇ ਆਏ ਪਰੀਵਰਤਨ ਦੇ ਪ੍ਰਮਾਣ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਵਿਚੋਂ ਮਿਲਦੇ ਹਨ। ਸੰਸਕ੍ਰਿਤ ਦੇ ਪਰੰਪਰਾਵਾਦੀ ਵਿਦਵਾਨ ਹੁੰਦੇ ਹੋਏ ਵੀ ਨਿਰਮਲੇ ਵਰਗ ਦੇ ਸੰਤ ਲੇਖਕਾਂ ਨੇ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਦਿੱਤੀ ਹੈ। ਇਨ੍ਹਾਂ ਦੇ ਅਭਿਦਾਨ ਬਾਰੇ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਵਿਚ ਬੜੀ ਦੇਰ ਤੋਂ ਇਕ ਵਿਵਾਦ ਛਿੜਿਆ ਹੋਇਆ ਹੈ ਜਿਸ ਦੇ ਕਾਰਨ ਪੰਜਾਬੀ ਸਾਹਿਤ ਦੇ ਖੇਤਰ ਵਿਚ

* ਮੁਖ ਬੰਦ ਗਯਾਨ ਭੂਮਿਕਾ।

www.sikhbookclub.com

ਇਹ ਭੁਲੇਖਾ ਪੈ ਗਿਆ ਹੈ ਕਿ ਨਿਰਮਲੇ ਸੰਤਾਂ ਨੇ ਪੰਜਾਬੀ ਵਿਚ ਰਚਨਾ ਨਹੀਂ ਕੀਤੀ, ਜੇ ਕੀਤੀ ਹੈ ਤਾਂ ਏਨੀ ਥੋੜੀ ਕਿ ਉਸ ਦੀ ਕੋਈ ਮਹੱਤਤਾ ਨਹੀਂ ਹੈ।

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਹੁਣ ਤੱਕ ਲਿਖੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਤਿੰਨ ਰਾਵਾਂ ਮਿਲਦੀਆਂ ਹਨ। ਇਕ ਰਾਏ ਅਨੁਸਾਰ ਪੰਜਾਬੀ ਦੇ ਵਿਦਵਾਨਾਂ ਨੇ ਨਿਰਮਲੇ ਸੰਤਾਂ ਵੱਲੋਂ ਪੰਜਾਬੀ ਸਾਹਿਤ ਦੀ ਰਚਨਾ ਨੂੰ ਸਵੀਕਾਰ ਨਹੀਂ ਕੀਤਾ ਜਾਂ ਇਨ੍ਹਾਂ ਦੀ ਸਾਹਿਤਕ ਦੇਣ ਦੇ ਵਿਸ਼ੇ ਨੂੰ ਆਪਣੇ ਇਤਿਹਾਸ ਵਿਚ ਛੁਹਿਆ ਹੀ ਨਹੀਂ। ਡਾ. ਗੋਪਾਲ ਸਿੰਘ ਨੇ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿਚ ਨਿਰਮਲ ਸੰਪ੍ਰਦਾਇ ਜਾਂ ਕਿਸੇ ਵਿਰਲੇ ਨਿਰਮਲੇ ਸੰਤ ਦੀ ਰਚਨਾ ਦਾ ਕੋਈ ਜ਼ਿਕਰ ਨਹੀਂ ਕੀਤਾ। ਭਾਸ਼ਾ ਵਿਭਾਗ ਪੰਜਾਬ ਨੇ ਜੋ ਪੰਜਾਬੀ ਸਾਹਿਤ ਦਾ ਇਤਿਹਾਸ ਪਹਿਲੀ ਵਾਰ ਪ੍ਰਕਾਸ਼ਤ ਕੀਤਾ ਹੈ, ਉਸ ਵਿਚ ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਵਿਚ ਸਥਾਨ ਬਾਰੇ ਕੁਝ ਵੀ ਨਹੀਂ ਲਿਖਿਆ ਗਿਆ। ਡਾ. ਮੋਹਨ ਸਿੰਘ ਦੀਵਾਨਾ ਨੇ ਵੀ ਨਿਰਮਲੇ ਸੰਤਾਂ ਦੀ ਦੇਣ ਨੂੰ ਪਰਵਾਨ ਨਹੀਂ ਕੀਤਾ ਜੋ ਕਿ ਉਨ੍ਹਾਂ ਦੀ ਨਿਰਮਲੇ ਸਾਹਿਤਕਾਰਾਂ ਬਾਰੇ ਲਿਖੀ ਰਾਏ ਤੋਂ ਪਤਾ ਲੱਗਦਾ ਹੈ :-

"As official theologists and philosphers of the new creed, they wrote extensively not confining themselves to religion but annexing presody, medicine, music, rhetoric geography, ostrolegy astranomy, history, biography etc, enriching punjabi extensively, with though but damaning it with numereus, ever growing Braji words and epithets and styles aristocrarizing and difficulting literature, marking it impossible of easy comprehension by the masses."*

ਨਿਰਮਲੇ ਸੰਤਾਂ ਦੇ ਹਿੰਦੀ ਪ੍ਰੇਮ ਬਾਰੇ ਲਿਖਦਿਆਂ ਡਾ. ਹਰਿਭਜਨ ਸਿੰਘ ਨੇ ਇਨ੍ਹਾਂ ਦੀਆਂ ਪੰਜਾਬੀ ਰਚਨਾਵਾਂ ਦੀ ਅਣਹੋਂਦ ਦਾ ਪ੍ਰਗਟਾਵਾ ਕੀਤਾ ਹੈ :-

"ਉਨੀਸਵੀਂ ਸਦੀ ਕੇ ਅੰਤਿਮ ਔਰ ਬੀਸਵੀਂ ਸਦੀ ਕੇ ਪ੍ਰਥਮ ਚਰਣ ਮੇਂ ਜਬ ਕਿ ਸਿੰਘ ਸਭਾ ਕੇ ਪ੍ਰਚਾਰ ਸੇ ਸਿੱਖ ਲੇਖਕ ਔਰ ਜਨਸਧਾਰਨ ਪੰਜਾਬੀ ਕੀ ਔਰ ਪ੍ਰਵਿਰਤ ਹੋ ਰਹੇ ਥੇ, ਨਿਰਮਲ ਸੰਤ ਹਿੰਦੀ ਕੇ ਪ੍ਰਤੀ ਨਿਸ਼ਠਾਵਾਨ ਰਹੇ। ਨਿਰਮਲੇ ਸੰਤੋਂ ਕੀ ਏਕ ਭੀ ਉਲੇਖਨੀਯ ਕ੍ਰਿਤ ਪੰਜਾਬੀ ਭਾਸ਼ਾ ਮੇਂ ਉਪਲਬਧ ਨਹੀਂ ਹੋਤੀ।"**

ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਬਾਰੇ ਦੂਜੀ ਰਾਇ ਉਨ੍ਹਾਂ ਵਿਦਵਾਨਾਂ ਦੀ ਹੈ ਜੋ ਇਸ ਸੰਪ੍ਰਦਾਇ ਦੇ ਇਕ ਦੋ ਪ੍ਰਸਿੱਧ ਸਾਹਿਤਕਾਰਾਂ ਦੀਆਂ ਪੰਜਾਬੀ ਰਚਨਾਵਾਂ ਦਾ ਹੀ ਵਰਣਨ ਕਰਦੇ ਹਨ ਪਰ ਸਮੁੱਚੀ ਸੰਪ੍ਰਦਾਇ ਦੀ ਮਹੱਤਵਪੂਰਨ ਦੇਣ ਬਾਰੇ ਖ਼ਾਮੋਸ਼ ਹਨ। ਭਾਸ਼ਾ ਵਿਭਾਗ ਪੰਜਾਬ ਨੇ ਪੰਜਾਬੀ ਸਾਹਿਤ ਦਾ ਇਤਿਹਾਸ ਦੂਜੀ ਵਾਰ ਸੋਧ ਕੇ ਪ੍ਰਕਾਸ਼ਤ ਕੀਤਾ ਹੈ। ਉਸ ਵਿਚ

* Dr Mohan singh Diwana— A History of Punjabi Literature (Page 60-61)

** ਡਾ. ਹਰਿਭਜਨ ਸਿੰਘ— ਨਿਰਮਲ ਕਵੀਓਂ ਕੀ ਹਿੰਦੀ ਸਾਹਿਤਯ ਕੋ ਦੇਨ।

www.sikhbookclub.com

ਇਕ ਦੋ ਪ੍ਰਸਿੱਧ ਨਿਰਮਲੇ ਸੰਤਾਂ ਦੀਆਂ ਪੰਜਾਬੀ ਰਚਨਾਵਾਂ ਦੀ ਚਰਚਾ ਕੀਤੀ ਗਈ ਹੈ।

"1920 ਤੱਕ ਮਹੰਤ ਗਣੇਸ਼ਾ ਸਿੰਘ ਨੇ ਪੰਜਾਬੀ ਵਿਚ ਬਹੁ-ਪੱਖੀ ਰਚਨਾ ਕੀਤੀ। ਆਪ ਨੂੰ ਪ੍ਰਸਿੱਧੀ 'ਭਾਰਤ ਮੱਤ ਦਰਪਨ' (1926 ਈਸਵੀ) ਪੁਸਤਕ ਲਿਖਣ 'ਤੇ ਪ੍ਰਾਪਤ ਹੋਈ। ਵਾਰਤਕ ਦੇ ਤੌਰ 'ਤੇ ਇਹ ਪੰਜਾਬੀ ਸਰਲ ਵਾਰਤਕ ਦਾ ਸੁਚੱਜਾ ਨਮੂਨਾ ਹੈ।"*

ਮਹੰਤ ਗਣੇਸ਼ਾ ਸਿੰਘ ਦੀਆਂ ਪੁਸਤਕਾਂ ਦੀ ਸੂਚੀ ਵੀ ਦਿੱਤੀ ਹੈ। ਇਸੇ ਪੁਸਤਕ ਵਿਚ ਗਿਆਨੀ ਗਿਆਨ ਸਿੰਘ ਦੀ ਸਾਹਿਤਕ ਵਾਰਤਕ ਦੀਆਂ ਵੰਨਗੀਆਂ ਵੀ ਦਿੱਤੀਆਂ ਹਨ। ਇਨ੍ਹਾਂ ਦੋ ਨਿਰਮਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਤੋਂ ਬਿਨਾਂ ਸੰਪ੍ਰਦਾਇ ਦੇ ਕਿਸੇ ਹੋਰ ਸੰਤ ਲੇਖਕ ਦੀ ਪੰਜਾਬੀ ਕਿਰਤ ਬਾਰੇ ਨਹੀਂ ਲਿਖਿਆ ਗਿਆ।

ਤੀਜੀ ਰਾਇ ਅਨੁਸਾਰ ਕੁਝ ਸਾਹਿਤਕਾਰਾਂ ਨੇ ਸਮੁੱਚੀ ਨਿਰਮਲ ਸੰਪ੍ਰਦਾਇ ਦੀ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਦੇਣ ਨੂੰ ਸਵੀਕਾਰ ਤਾਂ ਕਰ ਲਿਆ ਹੈ ਪਰ ਅੱਜ ਤੱਕ ਇਸ ਦੇਣ ਬਾਰੇ ਕਿਸੇ ਵਿਗਿਆਨਕ ਖੋਜ ਦੀ ਅਣਹੋਂਦ ਕਾਰਨ ਉਹ ਕੋਈ ਨਿਰਣੈਜਨਕ ਰਾਏ ਕਾਇਮ ਕਰਨ ਤੋਂ ਅਸਮਰਥ ਜਾਪਦੇ ਹਨ। ਡਾ. ਸੁਰਿੰਦਰ ਸਿੰਘ ਕੋਹਲੀ ਦਾ ਵਿਚਾਰ ਹੈ ਕਿ ਨਿਰਮਲੇ ਸੰਤਾਂ ਨੇ ਪੰਜਾਬੀ ਬੋਲੀ ਵਿਚ ਅਵੱਸ਼ ਲਿਖਿਆ ਹੈ :-

"ਨਿਰਮਲੇ ਸਾਧੂਆਂ ਦੀਆਂ ਲਿਖਤਾਂ ਪੰਜਾਬੀ ਸਾਹਿਤ ਦਾ ਅਨਮੋਲ ਖ਼ਜ਼ਾਨਾ ਹਨ ਪਰ ਇਨ੍ਹਾਂ ਬਾਰੇ ਅਜੇ ਢੇਰ ਖੋਜ ਦੀ ਲੋੜ ਹੈ।"**

ਪ੍ਰੋ: ਕਿਰਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ ਨੇ ਨਿਰਮਲੇ ਸੰਤਾਂ ਦੇ ਸਾਹਿਤ ਬਾਰੇ ਸੰਕੇਤ ਮਾਤ੍ਰ ਲਿਖਿਆ ਹੈ। ਅਜੇ ਤੀਕ ਖੋਜ ਭਰਪੂਰ ਸਿੱਟੇ ਸਾਹਮਣੇ ਨਾ ਹੋਣ ਕਾਰਨ ਉਨ੍ਹਾਂ ਨੇ ਨਿਰਮਲੇ ਲੇਖਕਾਂ ਦਾ ਵਿਸਥਾਰ ਨਾਲ ਜ਼ਿਕਰ ਨਹੀਂ ਕੀਤਾ :-

"ਪਿਛਲੇ ਕਾਲ ਵਿਚ ਸਾਹਿਤ ਦੀ ਉਪਜ ਨੇ ਲੋਕਾਂ ਨੂੰ ਕਾਫ਼ੀ ਖਿਚਿਆ। ਨਿਰਮਲੇ, ਸੇਵਾ ਪੰਥੀਏ ਤੇ ਹੋਰ ਕਈ ਸੰਪ੍ਰਦਾਇਕ ਮੰਡਲੀਆਂ ਦਾ ਧਿਆਨ ਵੀ ਗੱਦ ਰਚਨਾ ਵੱਲ ਹੋ ਜਾਂਦਾ ਹੈ।"***

ਖੋਜੀ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਵੀ ਇਸ ਵਿਚਾਰ ਦੇ ਹਾਮੀ ਹਨ ਕਿ ਨਿਰਮਲ ਸੰਪ੍ਰਦਾਇ ਦੀ ਪੰਜਾਬੀ ਸਾਹਿਤ ਦੇ ਖੇਤਰ ਵਿਚ ਵਰਣਨ ਯੋਗ ਮਹੱਤਤਾ ਹੈ :-

"ਨਿਰਮਲ ਸਾਹਿਤ ਨੂੰ ਬੋਲੀ ਦੇ ਪੱਖ ਤੋਂ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ— ਸੰਸਕ੍ਰਿਤ, ਹਿੰਦੀ ਤੇ ਪੰਜਾਬੀ।"°

* ਪੰਜਾਬੀ ਸਾਹਿਤ ਦਾ ਇਤਿਹਾਸ — ਭਾਗ ਤੀਜਾ-(ਪੰਨਾ 134) (ਭਾਸ਼ਾ ਵਿਭਾਗ ਪੰਜਾਬ, ਪਟਿਆਲਾ।)

** ਡਾ. ਸੁਰਿੰਦਰ ਸਿੰਘ ਕੋਹਲੀ — ਪੰਜਾਬੀ ਸਾਹਿਤ ਦਾ ਇਤਿਹਾਸ (ਪੰਨਾ 210)

*** ਪ੍ਰੋ: ਕਿਰਪਾਲ ਸਿੰਘ ਕਸੇਲ ਤੇ ਪਰਮਿੰਦਰ ਸਿੰਘ — ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ।

° ਸ਼ਮਸ਼ੇਰ ਸਿੰਘ ਅਸ਼ੋਕ — ਨਿਰਮਲੇ ਸਾਧੂ ਅਤੇ ਉਨ੍ਹਾਂ ਦਾ ਸਾਹਿਤ (ਲੇਖ) 'ਨਿਰਮਲ ਉਦੇਸ਼' ਸਪਤਾਹਕ, 21 ਮਾਰਚ, 1973।

www.jainbookclub.com

ਡਾ. ਤ੍ਰਿਲੋਚਨ ਸਿੰਘ ਬੇਦੀ ਨੇ ਨਿਰਮਲ ਸੰਪ੍ਰਦਾਇ ਦੇ ਪੰਜਾਬੀ ਸਾਹਿਤ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਲਿਖਿਆ ਹੈ :-

"ਜਿਥੋਂ ਤੀਕ ਇਸ ਨਿਰਮਲ ਸਾਹਿਤ ਦੀ ਬੋਲੀ ਦਾ ਸੁਆਲ ਹੈ, ਇਸ ਵਿਚ ਵਧੇਰੇ ਕਰ ਕੇ ਬ੍ਰਿਜ ਭਾਸ਼ਾ ਦਾ ਪ੍ਰਯੋਗ ਕੀਤਾ ਹੋਇਆ ਹੈ। ਸ਼ੁੱਧ ਪੰਜਾਬੀ ਬੋਲੀ ਵਿਚ ਇਨ੍ਹਾਂ ਨੇ ਬਹੁਤ ਥੋੜ੍ਹਾ ਲਿਖਿਆ ਹੈ। ਜੇ ਕਿਤੇ ਪੰਜਾਬੀ ਬੋਲੀ ਦੀ ਵਰਤੋਂ ਕੀਤੀ ਵੀ ਹੈ ਤਾਂ ਬ੍ਰਿਜ ਭਾਸ਼ਾ ਸ਼ਬਦਾਵਲੀ ਆਦਿ ਨਾਲ ਉਸ ਨੂੰ ਲੱਦ ਦਿੱਤਾ ਗਿਆ ਹੈ।"*

ਭਾਵੇਂ ਡਾ. ਬੇਦੀ ਨੇ ਇਕ ਨਿਸਚਿਤ ਕਾਲ ਦੇ ਸਾਹਿਤ ਦਾ ਜ਼ਿਕਰ ਕੀਤਾ ਹੈ ਪਰ ਪੰਜਾਬੀ ਬੋਲੀ ਵਿਚ ਲਿਖੇ ਥੋੜ੍ਹੇ ਸਾਹਿਤ ਨੂੰ ਪ੍ਰਵਾਨ ਕਰ ਲਿਆ ਹੈ।

ਨਿਰਮਲੇ ਸੰਤਾਂ ਦੀਆਂ ਲਿਖਤਾਂ ਦੀ ਪੰਜਾਬੀ ਸਾਹਿਤ ਵਿਚ ਮਹੱਤਤਾ ਬਾਰੇ ਉਪਰੋਕਤ ਤਿੰਨ ਪ੍ਰਕਾਰ ਦੇ ਵਿਚਾਰ ਸਾਨੂੰ ਕਿਸੇ ਨਿਸਚਿਤ ਸਿੱਟੇ 'ਤੇ ਨਹੀਂ ਪਹੁੰਚਾਉਂਦੇ, ਕਿਉਂ ਜੋ ਨਿਰਮਲ ਸੰਪ੍ਰਦਾਇ ਸਾਹਿਤਕਾਰਾਂ ਦੇ ਵਰਗ ਦੀ ਉਪਜ ਹੈ। ਇਸ ਲਈ ਸੰਪ੍ਰਦਾਇ ਦੇ ਸੰਤਾਂ ਦੀਆਂ ਸਾਹਿਤਕ ਰੁਚੀਆਂ ਬਾਰੇ ਤਾਂ ਵਿਦਵਾਨਾਂ ਨੂੰ ਕੋਈ ਸੰਦੇਹ ਨਹੀਂ ਹੈ ਪਰ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਆਦਿ ਤੋਂ ਬਿਨਾਂ ਪੰਜਾਬੀ ਬੋਲੀ ਵਿਚ ਇਸ ਸੰਪ੍ਰਦਾਇ ਦੇ ਲੇਖਕਾਂ ਨੇ ਕਿੰਨਾ ਕੁ ਸਾਹਿਤ ਲਿਖਿਆ ਹੈ, ਇਸ ਵਿਸ਼ੇ 'ਤੇ ਵਿਦਵਾਨਾਂ ਦੀ ਖੋਜ ਆਰੰਭਕ ਪੜਾਅ ਤਕ ਸੀਮਤ ਹੈ। ਜਾਂ ਡਾ. ਤ੍ਰਿਲੋਚਨ ਸਿੰਘ ਬੇਦੀ ਵਾਂਗ ਮੁੱਖ ਵਿਸ਼ੇ ਬਾਰੇ ਖੋਜ ਕਰਦਿਆਂ, ਵਿਸ਼ੇ ਦੀ ਲੋੜ ਅਨੁਸਾਰ, ਇਕ ਨਿਸਚਿਤ ਕਾਲ ਦੇ ਸਾਹਿਤ ਨੂੰ ਹੀ ਵੇਖਿਆ ਗਿਆ ਹੈ। ਮੁੱਢਲੀ ਖੋਜ ਦੇ ਸਿੱਟਿਆਂ ਵਜੋਂ ਪ੍ਰਸਿੱਧ ਨਿਰਮਲੇ ਸਾਹਿਤਕਾਰਾਂ ਦੀਆਂ ਜੋ ਪੰਜਾਬੀ ਰਚਨਾਵਾਂ ਮਿਲੀਆਂ, ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੋਣ ਕਰਕੇ ਪੰਜਾਬੀ ਦੇ ਵਿਦਵਾਨਾਂ ਨੇ ਨਿਰਮਲ ਸੰਪ੍ਰਦਾਇ ਦੀ ਦੇਣ ਨੂੰ ਕੋਈ ਮਹੱਤਤਾ ਨਾ ਦਿੱਤੀ। ਉਨ੍ਹਾਂ ਤੋਂ ਬਾਅਦ ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਬਿਨਾਂ ਡੂੰਘੀ ਅਤੇ ਵਿਸਤ੍ਰਿਤ ਪਰੀਖਿਆ ਦੇ, ਆਪਣੇ ਤੋਂ ਪਹਿਲਾਂ ਕਾਇਮ ਹੋ ਚੁੱਕੀ ਧਾਰਾ ਨੂੰ ਹੀ ਪ੍ਰਵਾਨ ਕਰ ਲਿਆ। ਨਿਰਮਲੇ ਸੰਤਾਂ ਦੇ ਪੰਜਾਬੀ ਦੇ ਸਾਹਿਤ ਖੇਤਰ ਵਿਚ ਵਿਗਿਆਨਕ ਭਾਂਤ ਦੀ ਖੋਜ ਅਜੇ ਤੱਕ ਨਹੀਂ ਹੋਈ। ਵਧੇਰੇ ਵਿਦਵਾਨਾਂ ਨੇ ਪ੍ਰਸਿੱਧ ਨਿਰਮਲੇ ਸਾਹਿਤਕਾਰਾਂ—ਪੰਡਿਤ ਗੁਲਾਬ ਸਿੰਘ ਅਤੇ ਪੰਡਿਤ ਤਾਰਾ ਸਿੰਘ ਨਰੋਤਮ—ਆਦਿ ਦੀਆਂ ਪੁਸਤਕਾਂ ਹੀ ਪੜ੍ਹੀਆਂ ਹਨ ਅਤੇ ਆਧੁਨਿਕ ਕਾਲ ਦੇ ਸੰਤ ਲੇਖਕਾਂ ਦੀਆਂ ਰਚਨਾਵਾਂ ਸ਼ਾਇਦ ਨਹੀਂ ਪੜ੍ਹੀਆਂ, ਜਿਸ ਕਰਕੇ ਪ੍ਰਚਲਤ ਧਾਰਨਾ ਤੋਂ ਵੱਖਰੀ ਕੋਈ ਰਾਏ ਕਾਇਮ ਨਹੀਂ ਕਰ ਸਕੇ। ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਲਾਬ ਸਿੰਘ ਦੇ ਕਾਲ ਵਿਚ ਨਿਰਮਲੇ ਸੰਤਾਂ ਨੇ ਪੰਜਾਬੀ ਬੋਲੀ ਵਿਚ ਨਿਗੂਣੀ ਜਿਹੀ ਰਚਨਾ ਕੀਤੀ ਹੈ ਪਰ ਉਸ ਤੋਂ ਬਾਅਦ ਆਧੁਨਿਕ ਕਾਲ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਪਰੰਪਰਾਗਤ ਭਾਸ਼ਾ ਤੇ ਸ਼ੈਲੀ ਨਾਲੋਂ ਵੱਖਰਾ

*ਡਾ. ਤ੍ਰਿਲੋਚਨ ਸਿੰਘ ਬੇਦੀ—ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ ਸ਼ੋਧ ਪ੍ਰਬੰਧ (ਪੰਨਾ 45)

ਰੰਗ ਮਿਲਦਾ ਹੈ।

www.sikhbookclub.com

ਪੰਡਿਤ ਗੁਲਾਬ ਸਿੰਘ ਦੇ ਕਾਲ 1753 ਈਸਵੀ ਤੋਂ ਲੈ ਕੇ 1858 ਈਸਵੀ ਤੱਕ ਨਿਰਮਲੇ ਸੰਤਾਂ ਦੀਆਂ ਜੋ ਛਪੀਆਂ ਅਤੇ ਅਣ-ਛਪੀਆਂ ਪੁਸਤਕਾਂ ਪ੍ਰਾਪਤ ਹੁੰਦੀਆਂ ਹਨ, ਉਹ ਬ੍ਰਿਜ ਭਾਸ਼ਾ, ਸੰਸਕ੍ਰਿਤੀ ਅਤੇ ਹਿੰਦੀ ਵਿਚ ਲਿਖੀਆਂ ਹੋਈਆਂ ਹਨ। ਭਾਵੇਂ ਇਨ੍ਹਾਂ ਵਿਚ ਪੰਜਾਬੀ ਦੀ ਸ਼ਬਦਾਵਲੀ ਦਾ ਪ੍ਰਯੋਗ ਵੀ ਕੀਤਾ ਗਿਆ ਹੈ ਪਰ ਵਿਕੋਲਿਤਰੇ ਪੰਜਾਬੀ ਦੇ ਸ਼ਬਦਾਂ ਨੂੰ ਵੇਖ ਕੇ ਇਸ ਕਾਲ ਵਿਚ ਲਿਖੀ ਗਈ ਕਿਸੇ ਵੀ ਪੁਸਤਕ ਨੂੰ ਪੰਜਾਬੀ ਬੋਲੀ ਵਿਚ ਲਿਖੀ ਪੁਸਤਕ ਨਹੀਂ ਕਿਹਾ ਜਾ ਸਕਦਾ। ਪੰਡਿਤ ਗੁਲਾਬ ਸਿੰਘ ਦੇ ਕਾਲ ਤੋਂ ਲਗਭਗ ਸਾਲ ਬਾਅਦ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਨਿਰਮਲੇ ਸੰਤਾਂ ਦੀਆਂ ਪੰਜਾਬੀ ਵਿਚ ਲਿਖੀਆਂ ਪੁਸਤਕਾਂ ਮਿਲਦੀਆਂ ਹਨ। ਉਨ੍ਹੀਵੀਂ ਸਦੀ ਦੇ ਅੰਤਲੇ ਭਾਗ ਵਿਚ ਲਿਖੇ ਗਏ ਨਿਰਮਲ ਸੰਪ੍ਰਦਾਇ ਦੇ ਪੰਜਾਬੀ ਸਾਹਿਤ ਨੂੰ ਵੇਖ ਕੇ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ ਵਰ੍ਹਿਆਂ ਤੋਂ ਪਹਿਲਾਂ ਵੀ ਇਸ ਸੰਪ੍ਰਦਾਇ ਦੇ ਸਾਹਿਤਕਾਰ ਪੰਜਾਬੀ ਵਿਚ ਲਿਖਦੇ ਰਹੇ ਹਨ ਪਰ ਸੰਪ੍ਰਦਾਇ ਦੇ ਡੇਰਿਆਂ ਵਿਚੋਂ ਜੋ ਹੱਥ ਲਿਖਤਾਂ ਮਿਲਦੀਆਂ ਹਨ, ਉਨ੍ਹਾਂ ਨੂੰ ਨਿਸਚਿਤ ਰੂਪ ਵਿਚ ਨਿਰਮਲੇ ਸੰਤਾਂ ਦੀਆਂ ਰਚਨਾਵਾਂ ਆਖਣਾ ਸੰਭਵ ਨਹੀਂ ਹੈ ਕਿਉਂਕਿ ਉਹ ਗੁਮਨਾਮ ਲੇਖਕਾਂ ਦੀਆਂ ਹਨ। ਸ਼ੈਲੀ ਅਤੇ ਵਿਸ਼ੇ ਵਸਤੂ ਦੇ ਪੱਖ ਤੋਂ ਉਹ ਨਿਰਮਲਿਆਂ ਦੀਆਂ ਲਿਖੀਆਂ ਹੀ ਜਾਪਦੀਆਂ ਹਨ। ਪੁਰਾਣੀਆਂ ਲਿਖਤਾਂ ਗੁਮਨਾਮ ਹੋਣ ਦੇ ਦੋ ਕਾਰਨ ਹਨ :-

1. ਸੰਤ ਲੇਖਕ, ਵਿਸ਼ੇਸ਼ ਤੌਰ 'ਤੇ ਨਿਰਮਲੇ ਸੰਤ, ਨਿਮਰਤਾ ਦੀ ਭਾਵਨਾ ਕਰ ਕੇ ਆਪਣੀ ਰਚਨਾ ਉੱਤੇ ਆਪਣਾ ਨਾਮ ਪਤਾ ਨਹੀਂ ਲਿਖਦੇ ਸਨ।

2. ਸੰਤ ਲੇਖਕ ਆਪਣੀਆਂ ਰਚਨਾਵਾਂ ਨੂੰ ਪ੍ਰਕਾਸ਼ਤ ਕਰਨ ਤੋਂ ਸੰਕੋਚ ਕਰਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਜੋ ਵਿਅਕਤੀ ਉਨ੍ਹਾਂ ਦੇ ਵਿਚਾਰਾਂ ਨੂੰ ਪੜ੍ਹ ਕੇ ਲਾਭ ਉਠਾਉਣਾ ਚਾਹੁੰਦਾ ਹੋਵੇ, ਉਹ ਨਿੱਜੀ ਰੂਪ ਵਿਚ ਉਨ੍ਹਾਂ ਪਾਸ ਪਹੁੰਚ ਕੇ ਉਨ੍ਹਾਂ ਦੀ ਲਿਖਤ ਦਾ ਉਤਾਰਾ ਕਰ ਲਵੇ। ਪੁਸਤਕ ਪ੍ਰਕਾਸ਼ਤ ਕਰ ਕੇ ਬਿਨਾਂ ਕਿਸੇ ਮੰਗ ਤੋਂ ਬਜ਼ਾਰ ਵਿਚ ਵੇਚਣ ਲਈ ਲੈ ਆਉਣ ਨੂੰ ਉਹ ਆਪਣਾ ਅਪਮਾਨ ਸਮਝਦੇ ਸਨ।

ਉਤੇ ਦੱਸੇ ਦੋ ਕਾਰਨਾਂ ਦਾ ਸਮਰਥਨ ਡਾ. ਸ਼ੇਰ ਸਿੰਘ ਨੇ ਆਪਣੀ ਪੁਸਤਕ "Pholosophy of Sikhism" ਵਿਚ ਵੀ ਕੀਤਾ ਹੈ।

ਸਾਡਾ ਖ਼ਿਆਲ ਹੈ ਕਿ ਇਨ੍ਹਾਂ ਦੋ ਕਾਰਨਾਂ ਦੇ ਪ੍ਰਤੀਫਲ ਹੀ ਨਿਰਮਲੇ ਸੰਤਾਂ ਦੀਆਂ ਗੁਮਨਾਮ ਰਚਨਾਵਾਂ ਹੱਥ ਲਿਖਤਾਂ ਦੇ ਰੂਪ ਵਿਚ ਹੀ ਰਹਿ ਗਈਆਂ ਅਤੇ ਉਨ੍ਹਾਂ ਉਤੇ ਕਰਤਾ ਦਾ ਨਾਮ ਪਤਾ ਨਾ ਹੋਣ ਕਾਰਨ ਨਿਰੋਲ ਵਿਚਾਰ, ਧਾਰਾ ਨੂੰ ਪਰਖ ਕੇ ਅਸੀਂ ਉਨ੍ਹਾਂ ਨੂੰ ਨਿਰਮਲੇ ਸੰਤਾਂ ਦੀਆਂ ਰਚਨਾਵਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਕਰ ਸਕਦੇ।

ਵਰਤਮਾਨ ਕਾਲ ਵਿਚ ਨਿਰਮਲੇ ਸੰਤਾਂ ਦਾ ਸਾਹਿਤ ਪ੍ਰਾਪਤ ਕਰਨ ਲਈ ਸਭ ਤੋਂ ਮੁੱਖ

www.sikhbookclub.com

ਸ੍ਰੋਤ ਉਨ੍ਹਾਂ ਦੇ ਡੇਰੇ ਅਤੇ ਅਖਾੜੇ ਹਨ। ਇਨ੍ਹਾਂ ਡੇਰਿਆਂ ਵਿਚ ਰਹਿ ਰਹੇ ਸੰਤਾਂ ਨੂੰ ਮਿਲਣ 'ਤੇ ਪਤਾ ਲੱਗਦਾ ਹੈ ਕਿ ਪੁਰਾਣੇ ਸੰਤਾਂ ਦੀਆਂ ਅਨੇਕ ਹੱਥ-ਲਿਖਤਾਂ, ਜਿਨ੍ਹਾਂ ਵਿਚੋਂ ਕੁਝ ਪੰਜਾਬੀ ਬੋਲੀ ਵਿਚ ਵੀ ਲਿਖੀਆਂ ਹੋਈਆਂ ਸਨ, ਪੂਰੇ ਯਤਨਾਂ ਦੇ ਬਾਵਜੂਦ ਵੀ ਸੁਰੱਖਿਅਤ ਨਹੀਂ ਰਹਿ ਸਕੀਆਂ। ਸਿਉਂਕ ਆਦਿਕ ਲੱਗਣ ਦੇ ਕਾਰਨ ਸੰਤਾਂ ਨੇ ਉਨ੍ਹਾਂ ਲਿਖਤਾਂ * ਨੂੰ ਜਲ-ਪਰਵਾਹ ਕਰ ਦਿੱਤਾ।

ਨਿਰਮਲ ਸੰਪ੍ਰਦਾਇ ਦੇ ਸੰਤ, ਪੰਜਾਬ ਦੇ ਰਹਿਣ ਵਾਲੇ ਹੀ ਹਨ ਅਤੇ ਇਨ੍ਹਾਂ ਦਾ ਸਿੱਧਾ ਸੰਬੰਧ ਸਿੱਖ ਧਰਮ ਨਾਲ ਹੈ। ਇਨ੍ਹਾਂ ਦੀ ਸੰਪ੍ਰਦਾਇ ਦਾ ਇਤਿਹਾਸ ਪੜ੍ਹਨ ਤੋਂ ਪਤਾ ਲੱਗਦਾ ਹੈ ਕਿ ਲਗਭਗ ਹਰ ਸੰਤ ਨੇ ਪਹਿਲਾਂ ਪੰਜਾਬੀ ਬੋਲੀ ਸਿੱਖੀ ਅਤੇ ਗੁਰਮਤ ਬਾਰੇ ਲਿਖੇ ਪੰਜਾਬੀ ਸਾਹਿਤ ਦਾ ਅਧਿਐਨ ਵੀ ਕੀਤਾ। ਕਿਉਂਕਿ ਪੰਜਾਬੀ ਇਨ੍ਹਾਂ ਦੀ ਮਾਤ੍ਰ ਭਾਸ਼ਾ ਹੈ, ਇਸ ਲਈ ਇਨ੍ਹਾਂ ਦੀਆਂ ਬਹੁਤ ਸਾਰੀਆਂ ਬ੍ਰਿਜ ਭਾਸ਼ਾ ਵਿਚ ਲਿਖੀਆਂ ਪੁਸਤਕਾਂ ਦੀ ਬੋਲੀ ਵਿਚ ਪੰਜਾਬੀ ਸ਼ਬਦਾਵਲੀ ਦਾ ਮਿਸ਼ਰਨ ਸੁਭਾਵਕ ਹੀ ਹੋ ਗਿਆ ਹੈ ਜਾਂ ਇੰਜ ਆਖਿਆ ਜਾ ਸਕਦਾ ਹੈ ਕਿ ਬ੍ਰਿਜ ਵਿਚ ਲਿਖੀਆਂ ਪੁਸਤਕਾਂ ਦੀ ਬੋਲੀ ਦਾ ਪਿੰਡਾ ਪੰਜਾਬੀ ਵਿਚ ਅਤੇ ਬ੍ਰਿਜ ਤੇ ਸਾਧ ਭਾਸ਼ਾ ਦਾ ਅੰਸ਼ਕ ਮੇਲ ਹੈ।

ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਬਾਰੇ ਵਿਦਵਾਨਾਂ ਦੇ ਵਿਚਾਰਾਂ ਅਤੇ ਨਿਰਮਲਿਆਂ ਦੀਆਂ ਪੁਸਤਕਾਂ ਅਤੇ ਡੇਰਿਆਂ ਤੋਂ ਮਿਲੇ ਸੰਕੇਤਾਂ ਨੂੰ ਆਧਾਰ ਬਣਾ ਕੇ ਸੰਪ੍ਰਦਾਇ ਦੇ ਸਾਹਿਤ ਦੀ ਖੋਜ ਕਰਨ ਤੋਂ ਬਾਅਦ ਜੋ ਪੰਜਾਬੀ ਸਾਹਿਤ ਪ੍ਰਾਪਤ ਹੋਇਆ ਹੈ, ਉਸ ਦੀ ਸਵਿਸਥਾਰ ਚਰਚਾ ਕਰਨ ਤੋਂ ਬਾਅਦ ਅਸੀਂ ਇਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਨਿਰਣੇ ਜਨਕ ਸਿੱਟਿਆਂ 'ਤੇ ਪੁੱਜ ਸਕਦੇ ਹਾਂ।

ਵਿਸ਼ੇ ਦੇ ਪੱਖ ਤੋਂ ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :-

1. ਆਦਿ ਗ੍ਰੰਥ ਦੀ ਬਾਣੀ ਦੇ ਟੀਕੇ ਅਤੇ ਰਹਿਤਨਾਮੇ।
2. ਮੌਲਿਕ ਰਚਨਾਵਾਂ—ਗੁਰਮਤ ਦੀ ਵਿਆਖਿਆ।
3. ਵੇਦਾਂਤ ਦੀ ਵਿਆਖਿਆ।
4. ਆਧੁਨਿਕ ਸਾਹਿਤ।

ਬੋਲੀ ਦੇ ਪੱਖ ਤੋਂ ਵੀ ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਦੇ ਦੋ ਭਾਗ ਕੀਤੇ ਜਾ ਸਕਦੇ

---

*ਮੈਂ ਆਪਣੀ ਖੋਜ ਦੇ ਸੰਬੰਧ ਵਿਚ ਜੂਨ 1974 ਈ. ਵਿਚ ਹਰਿਦੁਆਰ ਗਿਆ ਸਾਂ। ਉਥੇ ਅਜੋਕੇ ਪੰਜਾਬੀ ਦੇ ਨਿਰਮਲੇ ਸੰਤ ਕਵੀ ਬਿਸ਼ਨ ਸਿੰਘ ਜੀ ਨੂੰ ਮਿਲਣ ਦਾ ਅਵਸਰ ਮਿਲਿਆ। ਮੇਰੇ ਆਉਣ ਦਾ ਪ੍ਰਯੋਜਨ ਸਮਝ ਕੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਪਾਸ ਇਕ ਵੱਡਮੁੱਲੀ ਪੰਜਾਬੀ ਹੱਥ-ਲਿਖਤ "ਆਤਮ ਪੁਰਾਣ" ਲੇਖਕ ਸੰਤ ਪਿਆਰਾ ਸਿੰਘ, ਬੜੀ ਦੇਰ ਸੁਰੱਖਿਅਤ ਪਈ ਰਹੀ। ਅੰਤ ਸਿਉਂਕ ਲੱਗਣ ਕਰ ਕੇ ਏਨੀ ਖ਼ਰਾਬ ਹੋ ਗਈ ਕਿ ਸੰਤ ਜੀ ਨੇ ਉਥੇ ਹੀ ਹੋਰ ਪੁਰਾਣੇ ਗ੍ਰੰਥਾਂ ਸਮੇਤ ਜਲ ਪਰਵਾਹ ਕਰ ਦਿੱਤੀ।

www.sikhbookclub.com

ਹਨ :-

—ਉਹ ਰਚਨਾਵਾਂ, ਜੋ ਸ਼ੁੱਧ ਪੰਜਾਬੀ ਵਿਚ ਲਿਖੀਆਂ ਗਈਆਂ ਹਨ।

—ਉਹ ਪੁਸਤਕਾਂ, ਜਿਨ੍ਹਾਂ ਦੀ ਬੋਲੀ ਵਿਚ ਪੰਜਾਬੀ ਸਾਧੁਕੜੀ ਅਤੇ ਬ੍ਰਿਜ ਦਾ ਮਿਸ਼ਰਨ ਹੈ।

ਨਿਰਮਲੇ ਸੰਤਾਂ ਦੀ ਪੰਜਾਬੀ ਵਾਰਤਕ :-

1. ਸੁਧਰਮ* ਮਾਰਗ ਗ੍ਰੰਥ — ਇਸ ਪੁਸਤਕ ਨੂੰ ਸੰਤ ਸੰਪੂਰਨ ਸਿੰਘ ਨੇ ਸੰਪਾਦਤ ਕੀਤਾ ਹੈ। ਉਨ੍ਹਾਂ ਨੇ ਇਸ ਦਾ ਲਿਖਣ ਸਮਾਂ ਸੰਮਤ 1915 ਬ੍ਰਿਕਮੀ ਲਿਖਿਆ ਹੈ। ਇਸ ਸੰਮਤ ਅਨੁਸਾਰ ਇਹ ਪੁਸਤਕ ਅੱਜ ਤੋਂ 151 ਵਰ੍ਹੇ ਪਹਿਲਾਂ 1858 ਈ. ਵਿਚ ਲਿਖੀ ਗਈ ਸਿੱਧ ਹੁੰਦੀ ਹੈ। ਇਸ ਦਾ ਵਿਸ਼ਾ ਵਸਤੂ ਗੁਰਸਿੱਖਾਂ ਦੀ ਰਹਿਤ ਨਾਲ ਸੰਬੰਧ ਰੱਖਦਾ ਹੈ, ਇਸ ਲਈ ਕੇਵਲ ਵਿਸ਼ੇ ਨੂੰ ਹੀ ਆਧਾਰ ਬਣਾ ਕੇ ਲੇਖਕ ਦਾ ਅਨੁਮਾਨ ਨਹੀਂ ਲਗਾਇਆ ਜਾ ਸਕਦਾ। ਇਸ ਤੋਂ ਬਿਨਾਂ ਇਸ ਰਹਿਤਨਾਮੇ ਵਿਚ ਕੁਝ ਅਜਿਹੀਆਂ ਗੱਲਾਂ ਮਿਲਦੀਆਂ ਹਨ, ਜਿਨ੍ਹਾਂ ਤੋਂ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਸੰਕੇਤ ਮਿਲਦਾ ਹੈ। ਉਨ੍ਹਾਂ ਦਾ ਨਿਰੀਖਣ ਕਰਕੇ ਲੇਖਕ ਦੀ ਸੰਪ੍ਰਦਾਇ ਦਾ ਨਿਰਣਾ ਹੋ ਸਕਦਾ ਹੈ। ਰਹਿਤਨਾਮੇ ਵਿਚ ਕੁਝ ਭਾਗ ਇਹੋ ਜਿਹੇ ਹਨ ਜਿਨ੍ਹਾਂ ਵਿਚ ਨਿਰਮਲ ਸੰਪ੍ਰਦਾਇ ਦੀ ਸ੍ਰੇਸ਼ਟਤਾ ਦਰਸਾਉਣ ਦਾ ਯਤਨ ਕੀਤਾ ਗਿਆ ਹੈ, ਜਿਵੇਂ ਸਿੱਖਾਂ ਦੀ ਰਹਿਤ ਬਾਰੇ ਲਿਖਦਿਆਂ ਨਿਰਮਲੇ ਸੰਤਾਂ ਦੇ ਭੋਜਨ ਢੰਗ ਦਾ ਵਿਸ਼ੇਸ਼ ਰੂਪ ਵਿਚ ਵਰਣਨ ਕੀਤਾ ਹੈ :-

"ਜੋ ਨਿਰਮਲੇ ਭੋਜਨ ਖਾਵਨ ਬੈਠੇਂ ਤੋ ਭਿੰਨ ਭਿੰਨ ਆਸਨ ਪੈ ਬੈਠੇਂ। ਜਲ ਪਾਤ੍ਰ ਭਿੰਨ ਭਿੰਨ ਰਖੇਂ। ਭੋਜਨ ਕਰੇਂ ਗਲ੍ਹ ਮੇਂ ਬਸਤਰ ਨਾ ਰਾਖੇਂ। ਜੋ ਪ੍ਰਸੰਨ ਹੋਯ ਤੋ ਛਕਾਵਣੇ ਵਾਲਾ ਚੁਲਾ ਕਰਾਵੈ ਤੇ ਚੁਲਾ ਕਰ ਪੜੇ ਅਰਦਾਸ ਕਰੇ ਜੋ ਵੈ ਜਲ ਜੂਠਾ ਹੋਵੇ ਸੋ ਆਪਣੇ ਘਰ ਅੰਦਰ

---

* ਇਹ ਇਕ ਰਹਿਤਨਾਮਾ ਹੈ। ਨਿਰਮਲੇ ਸੰਤਾਂ ਦੇ ਸਾਹਿਤ ਦਾ ਅਧਿਐਨ ਕਰਦਿਆਂ 'ਪ੍ਰੇਮ ਸੁਮਾਰਗ ਗ੍ਰੰਥ' (ਸੰਪਾਦਕ ਰਣਧੀਰ ਸਿੰਘ — ਸਿੱਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ) ਨੂੰ ਪੜ੍ਹਨ ਦਾ ਮੌਕਾ ਮਿਲਿਆ। ਇਸ ਪੁਸਤਕ ਦੇ ਪੰਨਾ 26 'ਤੇ ਲੇਖਕ ਨੇ ਇਕ ਨਿਰਮਲੇ ਸੰਤ ਭੂਪ ਸਿੰਘ ਦੀ ਪੁਸਤਕ 'ਸੁਧਰਮ ਮਾਰਗ ਗ੍ਰੰਥ' ਦਾ ਜ਼ਿਕਰ ਕੀਤਾ ਹੈ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਦਾ ਨੰਬਰ ਲਿਖਿਆ ਹੈ। ਪੰਨਾ 46 'ਤੇ ਲਿਖਿਆ ਹੈ ਕਿ ਇਹ ਪੁਸਤਕ ਲਗਭਗ ਡੂਢ ਸੈ ਵਰ੍ਹਾ ਪਹਿਲਾਂ ਦੀ ਲਿਖਤ ਹੈ। ਵਿਦਵਾਨ ਖੋਜੀ ਦਾ ਇਹ ਹਵਾਲਾ ਪੜ੍ਹ ਕੇ ਮੈਂ ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਪਹੁੰਚਿਆ ਅਤੇ 'ਸੁਧਰਮ ਮਾਰਗ ਗ੍ਰੰਥ' ਪੁਸਤਕ ਕਢਵਾਈ। ਇਸ ਪੁਸਤਕ ਦੀ ਜਿਲਦ 'ਤੇ ਹੱਥ ਨਾਲ ਲੇਖਕ ਦਾ ਨਾਮ ਲਿਖਿਆ ਹੈ— "ਸੰਤ ਭੂਪ ਸਿੰਘ ਨਿਰਮਲਾ"। ਭੂਪ ਸਿੰਘ ਨਾਮ, ਪੁਸਤਕ ਵਿਚ ਦਿੱਤੀਆਂ ਇਨ੍ਹਾਂ ਸਤਰਾਂ ਤੋਂ ਪਤਾ ਲੱਗਾ ਹੈ :- ਪ੍ਰਥਮ ਭਵਾਨੀ ਸਿਧ ਬਿਧ ਕ੍ਰਿਤ ਰਚਨਾਇ ਅਨੂਪ ॥ ਪੁਨ ਅਰਿਪੂਤ ਕ੍ਰਿਤ ਪਾਠ ਵਿਧ ਕੀਟ ਮ੍ਰਿਗਿੰਦ ਸੁਭੂਪ ॥ ਕਿਉਂਕਿ ਇਹ ਪੁਸਤਕ ਅਤੇ ਲੇਖਕ ਦੇ ਨਾਮ ਦਾ ਨਿਰਮਲ ਸੰਪ੍ਰਦਾਇ ਨਾਲ ਸੰਬੰਧ ਮੈਂ ਇਤਿਹਾਸ ਵਿਚ ਨਹੀਂ ਪੜ੍ਹਿਆ ਸੀ, ਇਸ ਲਈ ਇਸ ਪੁਸਤਕ ਦਾ ਡੂੰਘਾ ਅਧਿਐਨ ਕੀਤਾ ਤਾਂ ਜੋ ਅੰਦਰਲੀ ਗੁਆਹੀ ਤੋਂ ਲੇਖਕ ਨਿਰਮਲਾ ਸਿੱਧ ਹੋ ਸਕੇ।

www.sikhbookclub.com

ਛਿੜਕੇ। ਸਿੱਖਾਂ ਨੂੰ ਪਾਯਾ ਬਸਤ੍ਰ ਦੇਵੇ ਤੇ ਖ਼ੁਸ਼ੀ ਲੇਵੈ।''*

ਇਕ ਹੋਰ ਥਾਂ ਨਿਰਮਲਿਆਂ ਬਾਰੇ ਪ੍ਰਸ਼ਨ ਅਤੇ ਉਸ ਦਾ ਉੱਤਰ ਹੈ :-

ਦੇਸਾ ਸਿੰਘ ਵਾਚ। ਸ੍ਰੀ ਗੁਰੂ ਨਿਰਮਲੇ ਕੋ ਕੌਨ ਕਰਮ ਕਰੇ ਹੈ ਸ੍ਰੀ ਗੁਰੋ ਵਾਕ।

ਦੋਹਰਾ :

ਨਿਰਮਲ ਕਰਮ ਕਰੈ ਸਭ ਨਿਰਮਲ ਰਹਿਤ ਸਰੀਰ।
ਨਿਰਮਲ ਮੇਂ ਜਿਸ ਆਸਥਾ ਸੋਊ ਨਿਰਮਲਾ ਬੀਰ।
ਮਾਇਆ ਮਲ ਪਰਸੇ ਨਹੀਂ ਰਾਗਾ ਦੋਖ ਤੈ ਹੀਨ।
ਅਤਿ ਵੈਰਾਗ ਚਿਤ ਮੇਂ ਧਰੈ ਗਯਾਨ ਮੋਖ ਮਨ ਲੀਨ।

ਦ੍ਰਿੜ ਆਸਨ ਪੈ ਨਾ ਮਿਲੈ ਤੋ ਮਾਧੂਕਰੀ ਮਾਂਗ।
ਸਤਿਨਾਮੁ ਉਦਾਰ ਕਰ ਭਿਖਿਆ ਭਾਵ ਸੁਲਾਰ।
ਤੀਨਾ ਪਾਂਚ ਔ ਸਾਤ ਲੌਂ ਗ੍ਰਹਿ ਕੀ ਭਿਖਿਆ ਖਾਯ।
ਕਿਯਾ ਅਚਾਰਜ ਭਜਨ ਮੇਂ ਵਿਦਿਆ ਪੜ੍ਹੇਂ ਪੜ੍ਹਾਯ।**

ਰਹਿਤ ਬਾਰੇ ਉੱਤੇ ਵਰਣਨ ਕੀਤੀ ਮਰਿਆਦਾ ਤੋਂ ਇਲਾਵਾ ਕੁਝ ਹੋਰ ਵਿਚਾਰ ਵੀ ਹਨ ਜੋ ਕੇਵਲ ਨਿਰਮਲਿਆਂ ਦੀ ਵਿਚਾਰਧਾਰਾ ਨਾਲ ਮੇਲ ਖਾਂਦੇ ਹਨ। ਇਕ ਥਾਂ 'ਤੇ ਲਿਖਿਆ ਹੈ :-

"ਜੋ ਤਮਾਕੂ ਕੋ ਛੁਵੈ ਤਾਂ ਸ੍ਰੀ ਗੰਗਾ ਜੀ ਵਾ ਸ੍ਰੀ ਅੰਮ੍ਰਿਤਸਰ ਜੀ ਨਾਵੈ।" ***

"ਸਰਬ ਦੂਖ ਸਹਨਤਾ ਜੋਯ।
ਨਾਮ ਤਤਿਖਯਾ ਤਾਕਾ ਹੋਇ।
ਵੇਦਾਂਤ ਸ਼ਾਸਤ੍ਰ ਗੁਰਬਚਨ ਪ੍ਰਤੀਤ।
ਸ਼ਰਧਾ ਨਾਮ ਯਾਹ ਕੌ ਮੀਤ॥+
ਬਿਦਿਆ ਵੇਦਾਂਤ ਸ਼ਾਸਤ੍ਰ ਪੜ੍ਹੇਂ ਪੜ੍ਹਾਵੈ ਹਿਰਦੈ ਮੇਂ
ਧਾਰੈ ਬ੍ਰਹਮ ਜੀਵ ਕਾ ਨਿਰਨਾ ਕਰੈ।

*ਸੁਧਰਮ ਮਾਰਗ ਗ੍ਰੰਥ (ਪੰਨਾ 129)

** ਸੁਧਰਮ ਮਾਰਗ ਗ੍ਰੰਥ (ਪੰਨਾ 191)

*** ਸੁਧਰਮ ਮਾਰਗ ਗ੍ਰੰਥ (ਪੰਨਾ 222)

+ ਸੁਧਰਮ ਮਾਗਰ ਗ੍ਰੰਥ (ਪੰਨਾ 173)

www.sikhbookclub.com

ਪਿੱਛੇ ਵਰਣਨ ਕੀਤੇ ਪ੍ਰਸੰਗਾਂ ਵਿਚੋਂ ਲੇਖਕ ਦੇ ਵਿਚਾਰ ਸਿੱਖਾਂ ਦੀ ਰਹਿਤ ਮਰਿਆਦਾ ਨਾਲੋਂ ਵੱਖਰੇ ਹਨ ਅਤੇ ਅਜੋਕੀ ਨਿਰਮਲ ਸੰਪ੍ਰਦਾਇ ਦੀ ਰਹਤਿ ਅਤੇ ਵਿਚਾਰਧਾਰਾ ਦੇ ਵਧੇਰੇ ਨੇੜੇ ਹਨ, ਜਿਵੇਂ ਗੰਗਾ ਦੇ ਪਾਣੀ ਨਾਲ ਆਪਣੇ ਆਪ ਨੂੰ ਪਵਿੱਤਰ ਕਰਨਾ ਅਤੇ ਜੀਵਨ ਵਿਚ ਵੇਦਾਂਤ ਸ਼ਾਸਤ੍ਰ ਆਦਿ ਵਿਚ ਵਿਸ਼ਵਾਸ ਰੱਖਣਾ ਨਿਰਮਲ ਸੰਪ੍ਰਦਾਇ ਦੀ ਜੀਵਨ-ਜਾਚ ਦਾ ਇਕ ਵਿਲੱਖਣ ਪੱਖ ਹੈ। ਪੁਸਤਕ ਦੇ ਅੰਤ 'ਤੇ ਨਿਰਮਲ ਸੰਪ੍ਰਦਾਇ ਦਾ ਇਕ ਸ਼ਜਰਾ ਵੀ ਦਿੱਤਾ ਹੈ।

ਭਾਵੇਂ ਸਪੱਸ਼ਟ ਰੂਪ ਵਿਚ ਇਸ ਪੁਸਤਕ ਦੇ ਕਰਤਾ ਬਾਰੇ ਲਿਖਣਾ ਸੰਭਵ ਨਹੀਂ ਪਰ ਵਿਦਵਾਨ ਖੋਜੀ ਰਣਧੀਰ ਸਿੰਘ ਦੀ ਰਾਇ, ਅੰਦਰਲੀ ਗਵਾਹੀ ਅਤੇ ਲਿਖਣ-ਸ਼ੈਲੀ ਦੇ ਆਧਾਰ 'ਤੇ ਇਸ ਪੁਸਤਕ ਦੇ ਕਰਤਾ ਨੂੰ ਨਿਰਮਲਾ ਸੰਤ ਹੀ ਆਖਿਆ ਜਾ ਸਕਦਾ ਹੈ।

ਪੁਸਤਕ ਦੀ ਬੋਲੀ ਪੰਜਾਬੀ ਅਤੇ ਬ੍ਰਿਜ ਦਾ ਮਿਸ਼ਰਨ ਹੈ। ਸਮੁੱਚਾ ਪਿੰਡਾ ਪੰਜਾਬੀ ਬੋਲੀ ਦਾ ਹੈ। ਇਸ ਵਿਚਲੀ ਪੰਜਾਬੀ ਵਾਰਤਕ ਦੀਆਂ ਕੁਝ ਵਨੰਗੀਆਂ ਹੇਠਾਂ ਦਿੱਤੀਆਂ ਜਾਂਦੀਆਂ ਹਨ :-

"ਸਿੱਖੀ ਪੰਜ ਤਰ੍ਹਾਂ ਦੀ ਹੈ— ਇਕ ਧੰਦੇ ਦੀ ਜੋ ਲੋਕ ਨਿਗੁਰਾ ਨਾ ਕਹੇ, ਦੂਸਰੀ ਦੇਖਾ ਦੇਖੀ ਜੋ ਪਦਾਰਥ ਬਹੁਤ ਹੋਣ ਵਾਸਤੇ, ਤੀਸਰੀ ਹਿਰਸੀ, ਬਹੁਤੇ ਜੋ ਕਰਨ ਸੋ ਕਰਨਾ, ਰਹਨ ਨਾ ਮੇਲ, ਪਾਰਨ ਭੇਦ ਨਾ ਜੱਪਣਾ, ਪੰਜਵੀਂ ਸਿਦਕ ਦੀ ਭਾਵ ਗੁਰੂ ਪੂਰਨ ਥੀਂ ਪੂਰਨ ਜੱਪਣਾ ਆਸ ਬਾਣੀ ਭਜਨ ਕਰਨਾਂ ਰਿਦੇ ਸ਼ੁੱਧ ਰੱਖਣਾ।

ਪ੍ਰਸ਼ਾਦ ਵੰਡ ਖਾਵੇ, ਸੁਰਮਾ ਦਿਨੇ ਨਾ ਪਾਵੇ, ਨੰਗਾ ਰਾਤੀ ਨਾ ਸੌਂਵੇਂ, ਗੁਰਸਿੱਖਾਂ ਕਾ ਭੋਜਨ ਖਾਵੇ, ਕੰਨਯਾ ਸਿੱਖ ਨੂੰ ਦੇਵੇ, ਗੁਰਮੰਤ੍ਰ ਜੱਪ ਪੜੇ, ਫੇਰ ਜੂਠਾ ਨਾ ਖਾਵੇ, ਜੂਠਾ ਖਾਣਾ ਪੀਣਾ ਨਹੀਂ, ਜਿਉਂ ਸੋਚ ਰੱਖੇ, ਤਿਉਂ ਚੰਗੀ ਹੈ, ਪਹਿਰ ਰਾਤ ਰਹਿੰਦੀ ਨਹਾਵੇ, ਨਹਾਵੇ ਕੇਸਾਂ ਸਣੇ, ਵੰਡ ਖਾਵੇ।

ਇਸ ਤੋਂ ਇਲਾਵਾ ਜੇ ਕਿਸੇ ਥਾਂ ਬ੍ਰਿਜ ਲਿਖੀ ਗਈ ਹੈ ਤਾਂ ਉਸ ਵਿਚ ਵੀ ਪੰਜਾਬੀ ਸ਼ਬਦਾਵਲੀ ਨੂੰ ਮਿਲਾ ਦਿੱਤਾ ਹੈ, ਜਿਵੇਂ :-

ਕੰਜਕਾਂ ਕੋ ਸੂਹੇ ਵਸਤ੍ਰ ਰੁਪਿਆ ਦੇਣਾ, ਨਿੱਤ ਅੱਠਵੇਂ ਦਿਨ ਸ੍ਰੀ ਭਾਵਗਤੀ ਸੂਹੀ ਪੁਸ਼ਾਕ ਰੁਪਿਆ ਦੇਣਾ। ਹਮ ਸੇ ਤੇਜ ਸਹਾਰਿਆ ਨਹੀਂ ਜਾਤਾ।

ਇਸ ਪੁਸਤਕ ਦੀ ਸਮੁੱਚੀ ਬੋਲੀ ਪੰਜਾਬੀ ਹੈ ਅਤੇ ਸਾਡੇ ਵਿਚਾਰ ਵਿਚ ਇਹ ਪੁਸਤਕ ਨਿਰਮਲੇ ਸੰਤਾਂ ਦੀ ਪਹਿਲੀ ਪ੍ਰਾਪਤ ਪੰਜਾਬੀ ਪੁਸਤਕ ਹੈ ਜੋ ਕਿ 1858 ਈਸਵੀ ਵਿਚ ਲਿਖੀ ਗਈ ਹੈ।

ਨਿਰਮਲੇ ਸੰਤਾਂ ਦੀਆਂ ਪ੍ਰਕਾਸ਼ਤ ਪੰਜਾਬੀ ਵਾਰਤਕ ਰਚਨਾਵਾਂ ਵਿਚ ਉਨ੍ਹੀਵੀਂ ਸਦੀ ਵਿਚ ਲਿਖੀ ਦੂਜੀ ਪੁਸਤਕ, 'ਸਾਖੀ ਪ੍ਰਮਾਣ' ਹੈ। ਇਹ ਪੁਸਤਕ ਨਿਰਮਲੇ ਸੰਤ ਆਤਮਾ ਸਿੰਘ

www.....bookclub.com

ਨੇ ਸੰਮਤ 1950 ਬਿਕ੍ਰਮੀ (1893 ਈਸਵੀ) ਵਿਚ ਲਿਖੀ। ਸੰਤ ਆਤਮਾ ਸਿੰਘ ਬਾਰੇ 'ਨਿਰਮਲ ਪੰਥ ਦਰਸ਼ਨ' ਵਿਚ ਵਿਸਥਾਰ ਨਾਲ ਲਿਖਿਆ ਹੋਇਆ ਹੈ :-

"ਸੰਤ ਆਤਮਾ ਸਿੰਘ....18 ਸਾਲ ਦੀ ਆਯੂ ਵਿਚ ਠਾਕਰਾਂ ਦੇ ਡੇਰੇ ਅੰਮ੍ਰਿਤਸਰ ਆਏ। ਆਪ ਨੇ ਇਕ ਸਾਖੀ ਪ੍ਰਮਾਣ ਗ੍ਰੰਥ ਲਿਖਿਆ। 75 ਵਰ੍ਹੇ ਦੀ ਆਯੂ ਵਿਚ ਪੋਹ ਦੇ ਮਹੀਨੇ ਸੰਮਤ 1961 ਨੂੰ ਗੁਰਪੁਰੀ ਸਿਧਾਰ ਗਏ। ਸੰਤ ਲਹਿਣਾ ਸਿੰਘ ਆਪ ਦੇ ਕਾਨੂੰਨੀ ਸ਼ਿਸ਼ ਹਨ।" ਗ੍ਰੰਥ ਸਾਖੀ ਪ੍ਰਮਾਣ ਉੱਤੇ ਪ੍ਰਕਾਸ਼ਕ ਨੇ ਨੋਟ ਦਿੱਤਾ ਹੈ ਕਿ, "ਸੰਤ ਆਤਮਾ ਸਿੰਘ ਦੇ ਸ਼ਿਸ਼ ਸੰਤ ਲਹਿਣਾ ਸਿੰਘ ਤੋਂ ਆਗਿਆ ਲੈ ਕੇ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਸੰਤ ਆਤਮਾ ਸਿੰਘ ਨਿਰਮਲੇ ਦਾ ਅਸਲੀ ਗ੍ਰੰਥ ਹੈ।"

ਇਸ ਪੁਸਤਕ ਦਾ ਵਿਸ਼ਾ ਗੁਰਮਤ ਗੁਰਬਾਣੀ ਵਿਚ ਅੰਕਿਤ ਵਿਚਾਰਾਂ ਨੂੰ ਨਿਰਾਪੁਰੀ ਜੀਵਨ ਲਈ ਅਤਿਅੰਤ ਲਾਭਦਾਇਕ ਸਿੱਧ ਕਰਨਾ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਅਗਵਾਈ ਦੇ ਲਈ, ਗੁਰਬਾਣੀ ਪੰਥ ਪ੍ਰਦਰਸ਼ਕ (ਚਾਨਣ ਮੁਨਾਰਾ) ਹੈ। ਆਦਿ ਗ੍ਰੰਥ ਵਿਚੋਂ ਜੀਵਨ ਦਾ ਸਾਰ ਪ੍ਰਗਟਾਉਣ ਵਾਲੀਆਂ ਤੁੱਕਾਂ ਨੂੰ ਸਾਖੀਆਂ ਦਾ ਵਿਸ਼ਾ ਬਣਾਇਆ ਗਿਆ ਹੈ। ਹਰ ਤੁਕ ਨੂੰ ਸਾਖੀ ਦਾ ਸਿਰਲੇਖ ਲਿਖ ਕੇ ਉਸ ਨਾਲ ਸਬੰਧਿਤ ਇਕ ਸਾਖੀ ਲਿਖੀ ਗਈ ਹੈ। ਜਿਵੇਂ 'ਚੁਪੈ ਨਹ ਜੋਰੁ' ਦੇ ਵਿਸ਼ੇ ਦੀ ਸਾਖੀ। ਇਸ ਵਿਚੋਂ ਕੁਝ ਸਤਰਾਂ ਵੰਨਗੀ ਲਈ ਹੇਠਾਂ ਦੇਂਦੇ ਹਾਂ :-

"ਏਕ ਗੁਰੂ ਔਰ ਚੇਲਾ ਤਪੱਸੀ ਥੇ। ਤਿਨਾ ਨੇ ਮੋਨ ਕਰੀ। ਤਬ ਏਕ ਰਾਜਾ ਨੇ ਤਿਨਾ ਕੀ ਬਹੁਤ ਸੇਵਾ ਕਰੀ। ਤਬ ਚੇਲਾ ਤਿਨ ਕੇ ਉਪਰ ਬਹੁਤ ਪ੍ਰਸੰਨ ਹੂਆ। ਤਿਸ ਕੋ ਕਹਾ ਵਰ ਮਾਂਗ, ਤਿਸ ਨੇ ਕਹਾ ਹਮਾਰੇ ਪੁੱਤਰ ਨਹੀਂ। ਤਬ ਚੇਲੇ ਨੇ ਕਹਾ ਜੀ ਇਹ ਰਾਜਾ ਵੱਡਾ ਚੰਗਾ ਹੈ ਇਸ ਕੋ ਪੁੱਤਰ ਦੇਵੋ। ਗੁਰੂ ਨੇ ਕਹਾ ਅਸੀਂ ਕਿਸੀ ਵਾਸਤੇ ਕਿਸੀ ਕੇ ਸਾਥ ਬੋਲਤੇ ਨਹੀਂ।

ਇਤੁ ਤਨਿ ਲਾਗੀ ਬਾਣੀਆ (ਅੰਗ ੨੫)

"ਬਾਣੀਆ ਸਿਆਣਾ ਹੋਤਾ ਹੈ। ਏਕ ਬਾਣੀਆ ਹੈ ਸੀ। ਸੋ ਸਹੁਰੇ ਗਿਆ। ਤਬ ਉਸਕੀ ਸੱਸ ਭੀ ਵੱਡੀ ਸਿਆਣੀ ਹੈ ਸੀ। ਉਹ ਘਿਉ ਥੋੜਾ ਪਾਵੈ। ਏਕ ਦਿਨ ਅਗਨ ਸੇਕਣ ਦੇ ਬਹਾਨੇ ਪਾਸ ਬੈਠ ਗੱਲਾਂ ਲੱਗਾ ਕਰਨ। ਉਹ ਰੋਟੀ ਦੇਣ ਲੱਗੀ। ਘਿਉ ਕਾ ਕੁੱਜਾ ਹੈ ਸੀ। ਘਿਉ ਪਾਵਣ ਲੱਗੀ ਤਬ ਅਰਕ ਹਿਲਾਇਕੇ ਵਧੇਰੇ ਡੋਲ ਦੀਆ। ਤਬ ਪੁੱਤਰ ਕੋ ਲਾਗੀ ਅਵਾਜ਼ ਮਾਰਨੇ ਹੇ ਮੋਤੀ ਤੂੰ ਕਹਿੰਦਾ ਹੁੰਦਾ ਸੈਂ ਮੈਂ ਜੀਜੇ ਨਾਲ ਰੋਟੀ ਖਾਣੀ ਹੈ ਆਉ ਖਾ ਲਵੋ। ਉਹ ਆਇ ਬੈਠਾ।"

ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਪ੍ਰਕਾਸ਼ਤ ਹੋਈ ਨਿਰਮਲੇ ਲੇਖਕ ਮਹੰਤ ਸਾਧੂ ਸਿੰਘ ਦੀ ਲਿਖੀ ਪੰਜਾਬੀ ਪੁਸਤਕ 'ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ' ਹੈ। ਇਹ ਉਥਾਨਕਾ ਬਿਕ੍ਰਮੀ ਸੰਮਤ 1955 (1869 ਈ.) ਵਿਚ ਛਪੀ ਹੈ। ਮਹੰਤ ਸਾਧੂ ਸਿੰਘ

www.sikhbookclub.com

(1898-1964)* ਵਿਰਕਤ ਨਿਰਮਲਾ ਸੰਤ ਹੋਇਆ ਹੈ ਅਤੇ ਨਿਰਮਲ ਸੰਪ੍ਰਦਾਇ ਦੇ ਵਿਦਵਾਨ ਸਾਹਿਤਕਾਰਾਂ ਵਿਚੋਂ ਗਿਣਿਆ ਜਾਂਦਾ ਹੈ। ਮਹੰਤ ਸਾਧੂ ਸਿੰਘ, ਪੰਡਤ ਤਾਰਾ ਸਿੰਘ ਨਰੋਤਮ ਦਾ ਗੁਰਭਾਈ ਸੀ। ਇਸ ਦੀ ਉਪਰ ਵਰਣਨ ਕੀਤੀ ਰਚਨਾ ਪੰਜਾਬੀ ਅਤੇ ਸਾਧ ਭਾਸ਼ਾ ਵਿਚ ਲਿਖੀ ਹੋਈ ਹੈ। ਇਸ ਵਿਚੋਂ ਵਾਰਤਕ ਦੀ ਇਕ ਵੰਨਗੀ ਪੇਸ਼ ਹੈ।

ਗਿਆਨੀ ਗਿਆਨ ਸਿੰਘ ਇਸ ਕਾਲ ਦਾ ਪ੍ਰਸਿੱਧ ਨਿਰਮਲਾ ਵਿਦਵਾਨ ਸਾਹਿਤਕਾਰ ਹੋਇਆ ਹੈ। ਉਸ ਨੇ ਪੰਜਾਬੀ ਅਤੇ ਬ੍ਰਿਜ ਵਿਚ ਉਚ ਕੋਟੀ ਦਾ ਸਾਹਿਤ ਰਚਿਆ ਹੈ। ਗਿਆਨੀ ਗਿਆਨ ਸਿੰਘ ਦੇ ਜੀਵਨ ਬਾਰੇ ਜੋ ਕੁਝ ਪਤਾ ਲੱਗਦਾ ਹੈ, ਉਸ ਤੋਂ ਇਹੋ ਸਿੱਧ ਹੁੰਦਾ ਹੈ ਕਿ ਉਹ ਇਕ ਵਿਰਕਤ ਨਿਰਮਲਾ ਸੰਤ ਸੀ। ਕੁਝ ਪ੍ਰਮਾਣ ਅਸੀਂ ਹੇਠਾਂ ਦੇਂਦੇ ਹਾਂ :-

ਗਿਆਨੀ ਗਿਆਨ ਸਿੰਘ ਜੀ ਆਪ ਵਿਰਕਤ ਸਾਧੂ ਸੇ। ਪਟਿਆਲੇ ਵੀ ਰਹੇ। ਬਰਨਾਲੇ ਵਾਲੇ ਡੇਰੇ ਦੇ ਪੱਕੇ ਜਾਣੂ ਸੇ।''**

ਗਿਆਨੀ ਗਿਆਨ ਸਿੰਘ ਨੇ ਆਪਣੀਆਂ ਕਿਰਤਾਂ ਵਿਚ ਵੀ ਆਪਣੇ ਜੀਵਨ ਅਤੇ ਸੰਪ੍ਰਦਾਇ ਉੱਤੇ ਪ੍ਰਕਾਸ਼ ਪਾਇਆ ਹੈ ਜਿਸ ਤੋਂ ਸਪੱਸ਼ਟ ਹੁੰਦਾ ਹੈ ਉਹ ਨਿਰਮਲਾ ਸੰਤ ਸੀ।

ਪੰਥ ਪ੍ਰਕਾਸ਼ ਵਿਚ ਆਪਣੀ ਸੰਪ੍ਰਦਾਇ, ਵਿਦਿਆ ਗੁਰੂ ਅਤੇ ਡੇਰੇ ਬਾਰੇ ਲਿਖਿਆ ਹੈ :-

''ਤਾਸੁ ਸੁਧਾਸਰ ਸ਼ਹਿਰ ਮੇਂ ਇਕ ਨਿਰਮਲ ਪੰਥ ਸੁ ਸੰਤ ਮਹਾਨੀ।
ਬਿਨ ਵਾਸਨ ਵਾਸ ਵਾਸੇਸ ਧਰੈ ਬਿਨ ਬਾਸ ਬਸੈ ਬਰ ਖਾਸ ਜਹਾਨੀ।
ਸਭ ਸੁਜਨ ਠੀਕ ਪਛਾਨਤ ਹੈ ਮਮ ਨਾਲ ਗਯਾਨ ਮ੍ਰਿਗੇਸ਼ ਗਯਾਨੀ।
ਗੁਰੁ ਗਾਚ ਰਚੀ ਹਿਤ ਸਾਥ ਤਰਾਂ ਸਫਲੀ ਕਰ ਕੇ ਹਿਤ ਮੇਂ ਨਿਜ ਬਾਨੀ।
*ਤਹ ਪੰਡਤ ਤਾਰਾ ਮ੍ਰਿਗੇਸੁ। ਬਿਦਿਆ ਗੁਰ ਮਮ ਕਹਤ ਬਸੇਸੁ।****

ਪੰਜਾਬੀ ਸਾਹਿਤ ਦੇ ਖੋਜੀ ਇਤਿਹਾਸਕਾਰ ਸ਼ਮਸ਼ੇਰ ਸਿੰਘ ਅਸ਼ੋਕ ਨੇ ਗਿ: ਗਿਆਨ ਸਿੰਘ ਦੇ ਜੀਵਨ ਬਾਰੇ ਲਿਖਦਿਆਂ ਉਸ ਨੂੰ ਨਿਰਮਲਾ ਸੰਤ ਆਖਿਆ ਹੈ :-

+''ਗਿਆਨੀ ਗਿਆਨ ਸਿੰਘ ਦਾ ਜਨਮ 1879 ਸੰਮਤ ਬਿਕ੍ਰਮੀ (1822 ਈਸਵੀ) ਵਿਚ ਹੋਇਆ। ਪਹਿਲਾਂ ਆਪ ਨੇ ਫ਼ੌਜ ਵਿਚ ਨੌਕਰੀ ਕੀਤੀ, ਫੇਰ ਉਥੋਂ ਵਾਪਸ ਆ ਕੇ ਨਿਰਮਲੇ ਸੰਤ ਬਣ ਗਏ। ਆਪ ਤਾਰਾ ਸਿੰਘ ਨਰੋਤਮ ਦੇ ਸ਼ਗਿਰਦ ਸਨ ਅਤੇ ਗੁਰੂ ਦੀਖਿਆ ਸੰਤ ਵੀਰ ਸਿੰਘ ਜੀ ਨਿਰਮਲੇ ਤੋਂ ਲਈ। ਆਪ ਦਾ ਦੇਹਾਂਤ 105 ਵਰ੍ਹਿਆਂ ਦੀ ਆਯੂ ਵਿਚ ਸੰਮਤ 1983

---

*ਨਿਰਮਲ ਪੰਥ ਦਰਸ਼ਨ, ਭਾਗ ਪਹਿਲਾ (ਪੰਨਾ 453)

** ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ (ਪੰਨਾ 50) ਭਾਈ ਸੰਤੋਖ ਸਿੰਘ, ਸੰਪਾਦਕ ਡਾ. ਵੀਰ ਸਿੰਘ।

*** ਪੰਥ ਪ੍ਰਕਾਸ਼, (ਪੰਨਾ 7)

+ ਸ਼ਮਸ਼ੇਰ ਸਿੰਘ ਅਸ਼ੋਕ — ਪੰਜਾਬ ਦੀਆਂ ਲਹਿਰਾਂ (ਪੰਨਾ 253)

www.sikhbookclub.com

ਬਿਕ੍ਰਮੀ (1926 ਈ.) ਵਿਚ ਹੋਇਆ।''*

ਨਿਰਮਲੇ ਇਤਿਹਾਸਕਾਰ ਮਹੰਤ ਦਿਆਲ ਸਿੰਘ ਨੇ ਵੀ ਗਿਆਨੀ ਗਿਆਨ ਸਿੰਘ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ, ਜਿਸ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਗਿਆਨੀ ਗਿਆਨ ਸਿੰਘ ਵਿਰਕਤ ਨਿਰਮਲਾ ਸੰਤ ਸੀ :-

**''ਆਪਦਾ (ਗਿ: ਗਿਆਨ ਸਿੰਘ) ਦਾ ਜਨਮ ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦਾ ਸੀ। ਪੰਦਰਾਂ ਸੋਲ੍ਹਾਂ ਵਰ੍ਹੇ ਘਰੋਗੀ ਕੰਮਾਂ ਵਿਚ ਪਰਚੇ ਰਹੇ। ਬਾਅਦ ਵਿਚ ਨਿਰਮਲੇ ਸੰਤਾਂ ਦੇ ਡੇਰੇ ਬਰਨਾਲੇ ਆ ਕੇ ਸੇਵਾ ਕਰਦੇ ਰਹੇ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਵੀਰ ਸਿੰਘ ਜੀ ਮਹੰਤ ਸਨ। ਜਿਨ੍ਹਾਂ ਪਾਸੋਂ ਸ਼ਿਸ਼ ਭਾਵ ਗ੍ਰਹਿਣ ਕਰ ਕੇ ਵਿੱਦਿਆ ਪੜ੍ਹਦੇ ਰਹੇ। ਮਹੰਤ ਜੀ ਨੇ ਆਪ ਨੂੰ ਵਿੱਦਿਆ ਦੇ ਚਾਹਵਾਨ ਸਮਝ ਕੇ ਸ੍ਰੀਮਾਨ ਪੰਡਿਤ ਤਾਰਾ ਸਿੰਘ ਨਰੋਤਮ (ਸ੍ਰੀ ਮਹੰਤ ਨਿਰਮਲ ਪੰਚਾਇਤੀ ਅਖਾੜਾ) ਦੇ ਪਾਸ ਪਟਿਆਲੇ ਭੇਜ ਦਿੱਤਾ। ਇਨ੍ਹਾਂ ਦਿਨਾਂ ਵਿਚ ਸ੍ਰੀ ਮਹੰਤ ਜੀ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਜੀ ਕੀ ਪ੍ਰੇਰਨਾ ਨਾਲ ਗੁਰੂ ਘਰ ਦੇ ਗ੍ਰੰਥ ਲਿਖ ਰਹੇ ਸਨ, ਜਿਸ ਕਰ ਕੇ ਆਪ ਦੀ ਬ੍ਰਿਤੀ ਵੀ ਗੁਰਮਤ ਦੀ ਖੋਜ ਵਿਚ ਵਧਦੀ ਗਈ।''

ਗਿਆਨੀ ਗਿਆਨ ਸਿੰਘ ਦੀਆਂ ਲਿਖਤਾਂ ਦੀ ਅੰਦਰਲੀ ਗਵਾਹੀ ਅਤੇ ਇਤਿਹਾਸਕਾਰਾਂ ਦੀ ਰਾਇ ਪੜ੍ਹ ਕੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਵਿਰਕਤ ਨਿਰਮਲਾ ਸੰਤ ਸੀ, ਇਸ ਲਈ ਅਸੀਂ ਉਸ ਦੀ ਸਾਹਿਤ-ਦੇਣ ਨੂੰ ਨਿਰਮਲ ਸੰਪ੍ਰਦਾਇ ਦੀ ਦੇਣ ਦਾ ਭਾਗ ਸਮਝਦੇ ਹਾਂ।

ਗਿਆਨੀ ਗਿਆਨ ਸਿੰਘ ਨੇ ਸਾਹਿਤ ਲਿਖਣ ਲਈ ਪੰਜਾਬੀ ਬੋਲੀ ਅਤੇ ਸਾਧ ਭਾਸ਼ਾ ਨੂੰ ਮਾਧਿਅਮ ਬਣਾਇਆ ਹੈ। ਉਹ ਇਕ ਵਿਦਵਾਨ ਖੋਜੀ, ਇਤਿਹਾਸਕਾਰ, ਵਾਰਤਕ ਲੇਖਕ ਅਤੇ ਕਵੀ ਸਨ। ਸਿੱਖ ਇਤਿਹਾਸ ਅਤੇ ਪੰਜਾਬੀ ਸਾਹਿਤ ਨੂੰ ਉਸ ਦੀਆਂ ਰਚਨਾਵਾਂ ਇਕ ਅਦੁੱਤੀ ਦੇਣ ਹਨ। ਉਸ ਦੀਆਂ ਰਚਨਾਵਾਂ ਦੀ ਸੂਚੀ ਨਿਮਤ ਲਿਖਤ ਹੈ :-

1. ਤਵਾਰੀਖ਼ ਗੁਰੂ ਖ਼ਾਲਸਾ।

2. ਸ਼ਮੇਸ਼ਰ ਖ਼ਾਲਸਾ।

3. ਸਰਦਾਰ ਖ਼ਾਲਸਾ।

4. ਖ਼ਾਲਸਾ ਧਰਮ।

5. ਤਵਾਰੀਖ਼ ਅੰਮ੍ਰਿਤਸਰ ਲਾਹੌਰ ਬਾਗੜੀਆਂ।

6. ਪਤਿਤ ਪਾਵਨ।

---

*ਪੰਜਾਬੀ ਸਾਹਿਤ ਦਾ ਇਤਿਹਾਸ (ਭਾਗ ਤੀਜਾ) ਭਾਸ਼ਾ ਵਿਭਾਗ ਵਿਚ ਦੇਹਾਂਤ 1923 ਈ. ਵਿਚ ਲਿਖਿਆ ਹੈ।

** ਨਿਰਮਲ ਪੰਥ (ਭਾਗ ਤੀਜਾ) (ਪੰਨਾ 35)

7. ਪੰਥ ਪ੍ਰਕਾਸ਼।

www.sikhbookclub.com

8. ਨਿਰਮਲ ਪੰਥ ਪ੍ਰਦੀਪਕਾ।

9. ਗੁਰਧਾਮ ਸੰਗ੍ਰਹਿ।

ਗਿਆਨੀ ਗਿਆਨ ਸਿੰਘ ਦੀਆਂ ਕਈ ਲਿਖਤਾਂ ਵਿਚ ਨਿਰੋਲ ਪੰਜਾਬੀ ਨਹੀਂ ਮਿਲਦੀ ਪਰ ਉਨ੍ਹਾਂ ਪੁਸਤਕਾਂ ਨੂੰ ਅਸੀਂ ਬ੍ਰਿਜ ਜਾਂ ਹਿੰਦੀ ਵਿਚ ਲਿਖੀਆਂ ਵੀ ਨਹੀਂ ਆਖ ਸਕਦੇ। ਦੂਸਰੇ ਨਿਰਮਲੇ ਲਿਖਾਰੀਆਂ ਵਾਂਗ ਗਿਆਨ ਸਿੰਘ ਦੀਆਂ ਬ੍ਰਿਜ ਰਚਨਾਵਾਂ ਵਿਚ ਪੰਜਾਬੀ ਦਾ ਅੰਸ਼ ਬਹੁਤ ਮਿਲਦਾ ਹੈ। ਵਿਦਵਾਨ ਹੋਣ ਦੇ ਬਾਵਜੂਦ ਵੀ ਉਸ ਦੀ ਰੁਚੀ ਸਾਹਿਤ ਨੂੰ ਸਰਲ ਰੂਪ ਵਿਚ ਪ੍ਰਗਟਾਉਣ ਵੱਲ ਰਹੀ ਹੈ। ਭਾਸ਼ਾ ਦੀ ਸਰਲਤਾ ਵੱਲ ਮੁੱਖ ਮੋੜਨ ਦਾ ਕਾਰਨ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਦੇ ਆਰੰਭ ਵਿਚ ਵਰਣਨ ਕੀਤਾ ਹੈ। ਇਸ ਅਨੁਸਾਰ ਕੁਝ ਸਿੱਖਾਂ ਨੇ ਗਿਆਨੀ ਗਿਆਨ ਸਿੰਘ ਨੂੰ ਬੇਨਤੀ ਕੀਤੀ ਕਿ ਉਸ ਦੀ ਪੁਸਤਕ ਪੰਥ ਪ੍ਰਕਾਸ਼ ਕਠਨ ਬੋਲੀ ਵਿਚ ਲਿਖੀ ਹੋਣ ਕਾਰਨ ਪਾਠਕਾਂ ਨੂੰ ਸਮਝ ਨਹੀਂ ਸੀ ਆਉਂਦੀ। ਸਿੱਖ ਪਾਠਕਾਂ ਦੀ ਬੇਨਤੀ ਪ੍ਰਵਾਨ ਕਰਕੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਗ੍ਰੰਥ ਨੂੰ ਦੂਜੀ ਵਾਰ ਸਰਲ ਭਾਸ਼ਾ ਵਿਚ ਲਿਖਿਆ :-

ਤਾ ਤੇ ਸਰਲ ਸੁਗਮ ਸੁਖਦਾਈ।
ਰਚੋਂ ਆਪ ਦੋਹਾ ਚੌਪਾਈ।
ਮੂੜ ਅਰਥ ਪਦ ਕੋਇ ਨ ਰਾਖੋ।
ਜੋ ਸਭ ਸਮਝੈਂ ਤੈਸੇ ਭਾਖੋ।

ਦੋਹਰਾ : ਐਸੀ ਆਗਿਆ ਪੰਥ ਕੀ ਮਨ ਗਿਆਨ ਸਿੰਘ ਹੇਰ।
ਸੁਗਮ ਸਰਲ ਕਵਿਤਾ ਵਿਚ ਰਚਯੋ ਗ੍ਰੰਥ ਇਹੁ ਫੇਰ।*

ਗਿਆਨੀ ਗਿਆਨ ਸਿੰਘ ਦੇ ਉਪਰੋਕਤ ਵਿਚਾਰ ਪੜ੍ਹ ਕੇ ਇਸ ਧਾਰਾ ਦੀ ਪੁਸ਼ਟੀ ਹੋ ਜਾਂਦੀ ਹੈ ਕਿ ਨਿਰਮਲੇ ਵਿਦਵਾਨਾਂ ਦੇ ਮਨਾਂ ਵਿਚ ਸਾਹਿਤ ਨੂੰ ਸਰਲ ਬੋਲੀ ਜਾਂ ਪੰਜਾਬੀ ਵਿਚ ਲਿਖਣ ਦੀ ਰੀਤ ਉਪਰੋਕਤ ਚੱਲੀ ਆ ਰਹੀ ਹੈ। ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਵਿਚ ਜਦੋਂ ਨਿਰਮਲੇ ਸਾਹਿਤਕਾਰਾਂ ਨੇ ਸੰਸਕ੍ਰਿਤ ਅਤੇ ਹਿੰਦੀ ਵਿਚ ਬਹੁਤ ਸਾਹਿਤ ਰਚਿਆ ਤਾਂ ਠੀਕ ਉਸੇ ਕਾਲ ਵਿਚ ਸੰਤ ਭੂਪ ਸਿੰਘ, ਮਹੰਤ ਆਤਮਾ ਸਿੰਘ, ਮਹੰਤ ਸਾਧੂ ਸਿੰਘ ਅਤੇ ਗਿਆਨੀ ਗਿਆਨ ਸਿੰਘ ਪੰਜਾਬੀ ਬੋਲੀ ਵਿਚ ਵੀ ਸਾਹਿਤ ਲਿਖਣ ਲੱਗ ਪਏ ਸਨ।

ਗਿਆਨੀ ਗਿਆਨ ਸਿੰਘ ਇਸ ਕਾਲ ਦਾ ਸ੍ਰੇਸ਼ਟ ਪੰਜਾਬੀ ਸਾਹਿਤਕਾਰ ਹੈ। ਪੰਥ ਪ੍ਰਕਾਸ਼ ਵਿਚ ਗਿਆਨ ਸਿੰਘ ਨੇ ਸਿੱਖ ਇਤਿਹਾਸ ਨੂੰ ਕਵਿਤਾ ਵਿਚ ਕਾਨੀਬੰਦ ਕੀਤਾ ਹੈ। ਇਸ

* ਪੰਥ ਪ੍ਰਕਾਸ਼-ਪੰਨਾ 12।

www.sikhbookclub.com

ਪੁਸਤਕ ਦੀ ਬੋਲੀ ਹਿੰਦੀ, ਬ੍ਰਿਜ ਅਤੇ ਪੰਜਾਬੀ ਦਾ ਮਿਸ਼ਰਨ ਹੈ। ਆਪਣੇ ਵਿਸ਼ੇ ਨੂੰ ਜਨ ਸਾਧਾਰਨ ਵਿਚ ਸਪੱਸ਼ਟ ਕਰਨ ਲਈ ਉਸੇ ਇਤਿਹਾਸ ਨੂੰ ਪੰਜਾਬੀ ਵਾਰਤਕ ਵਿਚ ਵੀ ਲਿਖਿਆ ਹੈ। ਤਵਾਰੀਖ਼ ਗੁਰੂ ਖ਼ਾਲਸਾ ਅਤੇ ਸ਼ਮਸ਼ੇਰ ਖ਼ਾਲਸਾ ਸਿੱਖ ਇਤਿਹਾਸ ਦੀਆਂ ਪੁਸਤਕਾਂ ਹਨ। ਭਾਵੇਂ ਵਿਸ਼ਾ ਇਤਿਹਾਸਕਾਰੀ ਹੈ ਪਰ ਇਨ੍ਹਾਂ ਵਿਚਲੀ ਵਾਰਤਕ ਸਾਹਿਤਕ ਗੁਣਾਂ ਤੋਂ ਸਖਣੀ ਨਹੀਂ ਹੈ। ਗਿਆਨ ਸਿੰਘ ਦੀ ਵਾਰਤਕ ਸਰਲ ਤੇ ਸਪੱਸ਼ਟ ਹੈ। ਇਤਿਹਾਸ ਲਿਖਦਿਆਂ ਵੀ ਸਾਖੀਆਂ ਦਾ ਬਿਆਨ ਰਵਾਇਤੀ ਹੈ ਪਰ ਉਸ ਦੀ ਵਾਰਤਕ ਚੁਸਤ ਅਤੇ ਤੇਜ਼ ਗਤੀ ਵਾਲੀ ਹੈ। ਦ੍ਰਿਸ਼-ਚਿਤਰਨ ਬੜਾ ਸੁੰਦਰ ਹੈ ਅਤੇ ਯੁੱਧਾਂ ਦਾ ਬਿਆਨ ਘਟਨਾਵਾਂ ਅਨੁਸਾਰ ਢੁਕਵੇਂ ਸ਼ਬਦਾਂ ਨਾਲ ਕਰਦਾ ਹੈ। ਇਤਿਹਾਸਕ ਵਿਸ਼ੇ ਦੀ ਸ਼ੈਲੀ ਵੀ ਸਾਹਿਤਕ ਅਤੇ ਰੌਚਕ ਹੈ। ਬੋਲੀ ਸਰਲ ਅਤੇ ਸਧਾਰਨ ਬੋਲ ਚਾਲ ਦੇ ਨੇੜੇ। ਜਿਵੇਂ :-

ਸਰਹੰਦ ਦਾ ਜੰਗ ਤੇ ਲੁੱਟਮਾਰ

"ਭਾਵੇਂ ਪਹਿਲੇ ਤਾਂ ਸਿੰਘਾਂ ਦੀ ਜਿੱਤ ਦੀ ਖੇਤੀ ਕੁਮਲਾ ਰਹੀ ਸੀ ਹੁਣ ਬੰਦੇ ਬਹਾਦਰ ਦਾ ਆਉਣਾ ਬੱਦਲ ਵਾਂਗ ਵਰਸਿਆ ਤੇ ਮਲੇਰੀਆਂ ਦੇ ਮਰਨੇ ਦੀ ਬਿਜਲੀ ਨੇ ਚਾਨਣਾ ਕਰ ਵਿਖਾਇਆ, ਜਿੱਤ ਦੀ ਆਸਾ ਦਾ ਖੇਤ ਫੇਰ ਫਲ ਪਿਆ। ਦੁਵੱਲੇ ਜੋਧੇ ਤੀਰਾਂ ਤਲਵਾਰਾਂ ਨਾਲ ਜੂਝ ਰਹੇ ਸਨ, ਬਬੇ ਅੱਖਰ ਦੋਹਾਂ ਦਲਾਂ ਦੇ ਦਿਲ ਵਧਾ ਰਹੇ ਸਨ, ਲੜਾਈ ਤੁਲੀ ਖੜੀ ਸੀ। ਝੋਕ ਵੱਜਦੀ ਨਾ ਦੇਖ ਕੇ ਬੰਦੇ ਬਹਾਦਰ ਨੇ ਉਨ੍ਹਾਂ ਪੰਜਾਂ ਤੀਰਾਂ ਵਿਚੋਂ ਜੋ ਗੁਰੂ ਜੀ ਨੇ ਬਖ਼ਸ਼ਸ਼ ਕੀਤੇ ਸਨ, ਇਕ ਸਰਹੰਦ ਵੰਨੀ ਚਲਾ ਦਿੱਤਾ ਜਿਸ ਦੇ ਛੁਟਦੇ ਹੀ ਐਡੀ ਕਹਿਰ ਦੀ ਹਨ੍ਹੇਰੀ ਛੁਟੀ ਕਿ ਕੰਕਰੀਆਂ ਧੂੜ ਨੇ ਸ਼ਤਰੂ ਵਿਆਕੁਲ ਕਰ ਸਿੱਟੇ। ਦੂਜਾ ਸਿੰਘਾਂ ਦਾ ਹੱਲਾ ਅੱਲ੍ਹਾ ਦਾ ਕਹਿਰ ਸਮਝੋ। ਤੀਜੇ ਅਚਾਨਕ ਕਿਸੇ ਸਿੰਘ ਦਾ ਤੀਰ ਵਜ਼ੀਦ ਦੇ ਸਰੀਰ ਨੂੰ ਚੀਰ ਕੇ ਘੋੜੇ ਉਤੋਂ ਦੜ ਜ਼ਮੀਨ 'ਤੇ ਸੁੱਟ ਗਿਆ। ਮਾਲਕ ਮਰੇ ਤੋਂ ਐਸੇ ਡਰਪੋਕ ਹੋ ਕੇ ਨੱਠ ਤੁਰੇ ਜੋ ਉਸ ਦੀ ਲੋਥ ਭੀ ਨਾ ਚੁੱਕ ਸਕੇ ਬਲਕਿ ਮਰੇ ਸਹਿਕਦੇ ਦਾ ਪਤਾ ਭੀ ਨਾ ਲੀਤਾ।"

(ਸ਼ਮਸ਼ੇਰ ਖ਼ਾਲਸਾ-ਪੰਨਾ ੨੩)

ਵੀਹਵੀਂ ਸਦੀ ਦੇ ਆਰੰਭ ਵਿਚ ਨਿਰਮਲੇ ਸਾਹਿਤਕਾਰਾਂ ਦਾ ਝੁਕਾ ਪੰਜਾਬੀ ਵੱਲ ਹੋਰ ਵੱਧ ਜਾਂਦਾ ਹੈ ਅਤੇ ਇਸ ਕਾਲ ਵਿਚ ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਬੋਲੀ ਵਿਚ ਟੀਕੇ, ਸਾਖੀਆਂ, ਇਤਿਹਾਸ ਅਤੇ ਗੁਰਮਤ ਦੀ ਵਿਆਖਿਆ ਆਦਿ ਵਿਸ਼ਿਆਂ 'ਤੇ ਅਨੇਕ ਪੁਸਤਕਾਂ ਲਿਖੀਆਂ ਹਨ। ਭਾਵੇਂ ਇਸ ਕਾਲ ਦੀਆਂ ਰਚਨਾਵਾਂ ਵਿਚ ਪੰਜਾਬੀ ਬੋਲੀ ਦੇ ਨਾਲ ਹਿੰਦੀ ਬ੍ਰਿਜ ਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ ਹੈ ਪਰ ਵਧੇਰੇ ਸੰਖਿਆ ਨਿਰੋਲ ਪੰਜਾਬੀ ਬੋਲੀ ਵਿਚ ਲਿਖੀਆਂ ਪੁਸਤਕਾਂ ਦੀ ਹੀ ਹੈ। ਬੋਲੀ ਦੇ ਨਾਲ ਨਾਲ ਇਸ ਕਾਲ ਦੇ ਸਾਹਿਤਕਾਰਾਂ ਨੇ ਵਿਸ਼ਿਆਂ ਵਿਚ ਵੀ ਨਵੀਆਂ ਵੰਨਗੀਆਂ ਲਿਆਂਦੀਆਂ ਹਨ। ਗੁਰਮਤ ਦਰਸ਼ਨ ਨਾਲ ਸਬੰਧਿਤ ਵਿਸ਼ਿਆਂ ਤੋਂ ਇਲਾਵਾ ਜੀਵਨੀਆਂ, ਨਿਤਾਪ੍ਰਤੀ ਜੀਵਨ ਦੀ ਅਗਵਾਈ ਅਤੇ ਇਤਿਹਾਸ

www.sikhbookclub.com

ਆਦਿ ਦੇ ਵਿਸ਼ਿਆਂ 'ਤੇ ਵੀ ਪੰਜਾਬੀ ਭਾਸ਼ਾ ਵਿਚ ਲਿਖਿਆ ਹੈ। ਜੀਵਨੀ-ਸਾਹਿਤ ਨਿਰਮਲ ਸੰਪ੍ਰਦਾਇ ਦੀ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਦੇਣ ਹੈ।

ਨੌਰੰਗਾਬਾਦ ਸੰਪ੍ਰਦਾਇ ਦੇ ਨਿਰਮਲੇ ਸਾਹਿਤਕਾਰ ਪੰਡਤ ਸ਼ੇਰ ਸਿੰਘ ਨੇ ਸੰਮਤ 1968 ਬਿਕ੍ਰਮੀ (1911 ਈਸਵੀ) ਵਿਚ 'ਵੀਰ ਮ੍ਰਿਗੇਸ਼' ਜਿਹਾ ਅਦੁੱਤੀ ਗ੍ਰੰਥ ਲਿਖ ਕੇ ਜੀਵਨੀ ਲਿਖਣ ਦੀ ਪੱਧਤੀ ਨੂੰ ਅੱਗੇ ਤੋਰਿਆ ਹੈ। ਪੰਡਤ ਸ਼ੇਰ ਸਿੰਘ ਦੇ ਨਿਰਮਲ ਸੰਪ੍ਰਦਾਇ ਨਾਲ ਸੰਬੰਧਾਂ ਬਾਰੇ ਮਹੰਤ ਦਿਆਲ ਸਿੰਘ ਨੇ ਲਿਖਿਆ ਹੈ :-

"ਆਪ ਛੋਟੀ ਉਮਰ ਵਿਚ ਹੀ ਲਾਹੌਰ ਬਾਬਾ ਖੁਦਾ ਸਿੰਘ ਜੀ ਦਿਆਂ ਚਰਨਾਂ ਵਿਚ ਆਏ। ਕਈ ਵਰ੍ਹੇ ਲੰਗਰ ਦੀ ਸੇਵਾ ਕੀਤੀ। ਵੱਡੇ ਗੁਰਭਾਈ ਪੰਡਿਤ ਸੇਵਾ ਸਿੰਘ ਪਾਸੋਂ ਭਾਸ਼ਾ ਤੇ ਸੰਸਕ੍ਰਿਤ ਦੇ ਗ੍ਰੰਥ ਪੜ੍ਹਦੇ ਰਹੇ। ਵੱਡੇ ਗੁਰਭਾਈ ਬਾਬਾ ਪ੍ਰੇਮ ਸਿੰਘ ਜੀ ਨੂੰ ਗੁਰੂ ਰੂਪ ਕਰ ਕੇ ਮੰਨਦੇ ਰਹੇ।"

ਪੰਡਿਤ ਸ਼ੇਰ ਸਿੰਘ ਦੇ ਰਚਿਤ ਗ੍ਰੰਥ 'ਬੀਰ ਮ੍ਰਿਗੇਸ਼' ਦੀ ਬੋਲੀ ਪੂਰਨ ਰੂਪ ਵਿਚ ਪੰਜਾਬੀ ਨਹੀਂ ਹੈ ਪਰ ਇਹ ਹਿੰਦੀ ਜਾਂ ਬ੍ਰਿਜ ਵਿਚ ਵੀ ਨਹੀਂ ਕਹੀ ਜਾ ਸਕਦੀ। ਇਸ ਵਿਚ ਪੰਜਾਬੀ ਅਤੇ ਸਾਧ ਭਾਸ਼ਾ ਦਾ ਮੇਲ ਵਧੇਰੇ ਹੈ। ਪੰਜਾਬੀ ਬੋਲੀ ਦੀ ਵਰਤੋਂ, ਬ੍ਰਿਜ ਦੇ ਸ਼ਬਦਾਂ ਦਾ ਪੰਜਾਬੀ ਰੂਪ ਅਤੇ ਹਿੰਦੀ ਦੀ ਤਦਭਾਵ ਸ਼ਬਦਾਵਲੀ ਨੂੰ ਮੁਖ ਰੱਖ ਕੇ, ਇਸ ਪੁਸਤਕ ਵਿਚ ਪੰਜਾਬੀ ਬੋਲੀ ਦੀ ਮਹੱਤਤਾ ਨੂੰ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਹ ਵੱਡੇ ਆਕਾਰ ਦਾ ਗ੍ਰੰਥ ਦੋ ਭਾਗਾਂ ਵਿਚ ਹੈ। ਕੁੱਲ ਪੰਨੇ ਲਗਭਗ ਦੋ ਹਜ਼ਾਰ ਹਨ। ਇਸ ਵਿਚ ਚਾਰ ਮਹਾਂ ਪੁਰਖਾਂ ਦੀਆਂ ਜੀਵਨੀਆਂ ਹਨ ਜੋ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹੋ ਗੁਜ਼ਰੇ ਹਨ :-

1. ਬਾਬਾ ਖੁਦਾ ਸਿੰਘ ਲਾਹੌਰ ਵਾਲੇ।
2. ਬਾਬਾ ਸਾਹਿਬ ਸਿੰਘ ਜੀ ਬੇਦੀ ਊਨਾ ਵਾਲੇ।
3. ਸੰਤ ਬੀਰ ਸਿੰਘ ਨੌਰੰਗਾਬਾਦੀ।
4. ਸੰਤ ਭਾਗ ਸਿੰਘ ਕੁਰੀ, ਨਿਰਮਲੇ।

ਜੀਵਨੀਆਂ ਦਾ ਆਧਾਰ ਅਤੇ ਸਰੋਤ ਜ਼ਬਾਨੀ ਸੁਣੀਆਂ ਕਥਾਵਾਂ ਹੀ ਹਨ। ਘਟਨਾਵਾਂ ਨੂੰ ਇਤਿਹਾਸ ਦੀ ਕਸੌਟੀ 'ਤੇ ਪੂਰਾ ਉਤਾਰਨ ਦਾ ਯਤਨ ਨਹੀਂ ਕੀਤਾ ਗਿਆ। ਆਪਣੇ ਵੱਡਿਆਂ ਦੇ ਜੀਵਨ ਨੂੰ ਵਿਗਿਆਨਕ ਦ੍ਰਿਸ਼ਟੀ ਦੀ ਬਜਾਏ ਸ਼ਰਧਾ ਭਾਵਨਾ ਨਾਲ ਪੇਸ਼ ਕੀਤਾ ਗਿਆ ਹੈ। ਜੇ ਕਿਸੇ ਥਾਂ 'ਤੇ ਇਤਿਹਾਸਕ ਪ੍ਰਮਾਣ ਦੇਣ ਦੀ ਲੋੜ ਪਈ ਤਾਂ ਬਹੁਤੇ ਹਵਾਲੇ ਗਿਆਨੀ ਗਿਆਨ ਸਿੰਘ ਦੀ ਪੁਸਤਕ ਪੰਥ ਪ੍ਰਕਾਸ਼ ਵਿਚੋਂ ਦਿੱਤੇ ਗਏ ਹਨ। ਪੰਡਤ ਸ਼ੇਰ ਸਿੰਘ ਦੀ ਵਾਰਤਕ ਦੀਆਂ ਅਤੇ ਭਾਸ਼ਾ ਦੀਆਂ ਕੁਝ ਵੰਨਗੀਆਂ ਹੇਠਾਂ ਦੇਂਦੇ ਹਾਂ :-

www.sikhbookclub.com

(1) "ਉਧਰ ਸਰਬ ਮੇਂ ਦ੍ਵਾਬੀ ਸਰਦਾਰੋਂ ਨੇ ਆਪਸ ਮੇਂ ਸਭਾ ਲਗਾਇਕੇ ਗੁਰਮਤੇ ਪਕਾਯੇ ਕਿ ਮਹਾਰਾਜਾ ਰਣਜੀਤ ਸਿੰਘ ਕੀ ਮਾਤਹਿਤੀ ਸੇ ਅੰਗ੍ਰੇਜ਼ਾਂ ਕੀ ਮਾਤਹਿਤੀ ਰਾਜਨੀਤੀ ਅਨੁਸਾਰ ਉਚਿਤ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਝਟ ਪਟ ਮਾਰ ਦੇਵੇਗਾ ਅਤੇ ਅੰਗ੍ਰੇਜ਼ਾਂ ਦੇ ਮਾਤਹਿਤ ਬਹੁਤ ਕਾਲ ਤਕ ਦੂਰ ਅੰਦੇਸ਼ੀ ਨਾਲ ਨਿਰਬਾਹ ਹੋ ਸਕਦਾ ਹੈ।"

(ਪੰਨਾ 188)

(2) ਲੇਖਕ ਦੇ ਮਨ ਵਿਚ ਵਿਚਾਰਾਂ ਨੂੰ ਪੰਜਾਬੀ ਸੁਭਾਅ ਅਨੁਸਾਰ ਪ੍ਰਗਟਾਉਣ ਦੀ ਰੁਚੀ ਕਿੰਨੀ ਪ੍ਰਬਲ ਹੈ, ਉਸ ਦਾ ਅਨੁਮਾਨ ਲਿਖਤ ਸਤਰਾਂ ਤੋਂ ਲਗਾਇਆ ਜਾ ਸਕਦਾ ਹੈ :-

"ਹੇ ਰਾਜਨ ! ਹਮ ਰਣਜੀਤ ਸਿੰਘ ਸੇ ਪ੍ਰਤਗਯਾ ਕਰ ਚੁਕੇ ਹੈਂ ਕਿ ਸਭੇ ਗਹਿਣੇ ਭੰਨ ਕੇ ਇਕੋ ਹੰਸ ਘੜਾਇਆ। ਅਬ ਉਸ ਕੇ ਸਦ੍ਰਿਸ਼ ਹਮ ਕਿਸੀ ਕੋ ਨਹੀਂ ਬਨਾਵੇਂਗੇ।"

(ਪੰਨਾ 189)

ਸ਼ੇਰ ਸਿੰਘ ਇਕ ਸੂਝਵਾਨ ਵਾਰਤਾਕਾਰ ਹੈ। ਉਸ ਨੇ ਵਾਰਤਕ ਨੂੰ ਚਮਕਾ ਕੇ ਅਤੇ ਰੋਚਕ ਬਣਾ ਕੇ ਲਿਖਣ ਦੇ ਯਤਨ ਕੀਤੇ ਹਨ। ਦ੍ਰਿਸ਼-ਵਰਣਨ ਅਤੇ ਸ਼ਬਦ-ਚਿੱਤ੍ਰ ਦਾ ਨਮੂਨਾ ਆਪ ਦੀ ਵਾਰਤਕ ਵਿਚੋਂ ਹੇਠਾਂ ਦਿੱਤਾ ਜਾਂਦਾ ਹੈ :-

"ਬੜੀ ਉਚੀ ਸੁਰ ਸੇ ਜੈਕਾਰਾ ਬੁਲਾਇਕੇ ਤਲਵਾਰੇ ਨਿਕਾਸ ਕੈ ਤੁਰਕੋਂ ਕੀ ਸੈਨਾ ਪਰ ਐਸੇ ਜਾਇ ਪਰੇ ਜੈਸੇ ਮ੍ਰਿਗੋਂ ਕੇ ਝੁੰਡੋਂ ਉਪਰ ਸਿੰਘ ਜਾਇ ਪਰਤੇ ਹੈਂ, ਜੈਸੇ ਕੁਲੰਗੋਂ ਕੇ ਸਮੂਹ ਪਰ ਕੂਹੀਆਂ ਜਾਇ ਪਰਤਯਾਂ ਹੈ, ਜੈਸੇ ਬਟੇਰਯੋਂ ਕੀ ਸਮੂਹ ਪਰ ਬਾਜ ਜਾਇ ਪਰਤੇ ਹੈਂ। ਜੈਸੇ ਦਛਪ੍ਰਜਾਪਤੀ ਪਰ ਭੀ ਭਦ੍ਰ ਜਾਇ ਪਰਯੋ ਥੇ, ਜੈਸੇ ਗਰੁੜ ਸਰਪੋਂ ਪਰ ਧਾਵੇ ਕਰਤੇ ਹੈ ਤੈਸੇ ਸਿੰਘ ਤੁਰਕੋਂ ਪਰ ਬਲ ਸੇਹਲਾ ਕਰ ਕੇ ਜਾਇ ਪਰੇ। ਜੈਸੇ ਦੋਨੋਂ ਔਰ ਸੇ ਸਯਾਮ ਘਟਾ ਬਾਦਲੋਂ ਕੀ ਆਪਸ ਮੇਂ ਮਿਲ ਜਾਤੀਆਂ ਹੈਂ ਤੈਸੇ ਸਿੰਘ ਔਰ ਤੁਰਕੋਂ ਕੀ ਸੈਨਾ ਪਰਸਪਰ ਮਿਲ ਜਾਤੀ ਭਈ ਔਰ ਬਿਜਲੀਆਂ ਕੇ ਸਮਾਨ ਤੇਗਾਂ ਬਰਛੀਆਂ ਨੰਗੀਆਂ ਚਮਕ ਰਹੀ ਹੈਂ। ਬਡੀਆਂ ਲੰਮੀਆਂ ਲੰਮੀਆਂ ਭੁੱਜਾਂ ਉਲਾਰ ਉਲਾਰ ਕੇ ਵਾਰੋ ਵਾਰੀ ਵੰਗਾਰ ਵੰਗਾਰ ਕੇ ਤੇਗਾਂ ਬਰਛੀਆਂ ਸੂਰਮੇਂ ਵਾਹਤੇ ਹੈਂ।

(ਪੰਨਾ 221)

"ਬਾਣ, ਬਰਛੀ, ਤਰਵਾਰੈ ਨੰਗੀਆਂ ਸੂਰਮਯੋਂ ਕੇ ਹਾਥੋਂ ਮੇਂ ਏਕਠਯਾਂ ਲਹੂ ਕੇ ਬੀਜ ਸੇ ਡੂਬ ਕੇ ਨਿਕਸਾਂ ਔਰ ਸੋਭਤਯਾਂ ਭਈਆ ਮਾਨੋ ਮਿਲ ਕੇ ਬਹੁਤਸਯਾਂ ਦੇਵੀਆਂ ਇਸਨਾਨ ਕਰ ਕੇ ਸੁਰਸਤੀ ਗੰਗਾ ਮੇਂ ਸੇ ਨਿਕਸਯਾਂ ਹੈਂ। ਸੂਰਬੀਰਾਂ ਕੇ ਹਾਥ ਸੇ ਵਾਹੀਆਂ ਤਰਵਾਰਾਂ ਬੀਰੋਂ ਕੇ ਸਰੀਰੋਂ ਕੋ ਸਨੇ ਸੰਜੋਏ ਤੇ ਖੋਲ ਓਪਦੀਆਂ ਕੋ ਐਸੇ ਚੀਰਤੀਆਂ ਜਾਤੀਆਂ ਹੈਂ ਜੈਸੇ ਕਾਂਸੀ ਮੇਂ ਕਲਵਤ੍ਰ ਸਰੀਰ ਕੇ ਦੋ ਦੋ ਟੁਕੜੇ ਕਰ ਕੇ ਫੈਂਕ ਦੇਤੇ ਹੈਂ। ਪੀਛੇ ਕੋ ਮੁਖ ਕਰ ਕੇ ਝਾਕਤੇ ਭੀ ਨਹੀਂ ਹੈਂ।

(ਪੰਨਾ 222)

www.sikhbookclub.com

ਲੇਖਕ ਨੂੰ ਵਾਰਤਕ ਦੇ ਸਾਰੇ ਪੱਖਾਂ ਦੀ ਸੂਝ ਹੈ। ਪ੍ਰਮਾਣ ਵਜੋਂ ਇਕ ਪੈਰਾ ਇਸ ਤਰ੍ਹਾਂ ਹੈ :-

"ਕਿਧੌ ਸਰਧਾ ਕੇ ਭੂਰਿ ਭਾਰ ਸੇ ਲਿਖ ਦੀਓ ਹੈ, ਅਥਵਾ ਪ੍ਰਮਾਦ ਸੇ ਲਿਖ ਧਰਯੋ ਹੈ ਅਥਵਾ ਯਥਾਰਥ ਲਿਖਯੋ ਹੈ"

ਇਨ੍ਹਾਂ ਸਤਰਾਂ ਵਿਚ ਇਕ ਹੀ ਕਿਰਿਆ ਮੁੜ-ਮੁੜ ਦਰਸਾਈ ਗਈ ਹੈ ਪਰੰਤੂ ਹਰ ਵਾਰ ਸ਼ਬਦ ਦਾ ਰੂਪ ਭਿੰਨ ਢੰਗ ਨਾਲ ਵਰਤਿਆ ਹੈ। ਪਹਿਲੀ ਵਾਰ ਲਿਖ ਦੀਓ ਹੈ, ਦੂਜੀ ਵਾਰ ਲਿਖ ਧਰਯੋ ਹੈ ਅਤੇ ਤੀਜੀ ਵਾਰ ਲਿਖਯੋ ਹੈ।

ਇਸ ਤਰ੍ਹਾਂ ਅਨੇਕ ਪ੍ਰਕਾਰ ਦੀਆਂ ਉਦਾਹਰਣਾਂ ਇਸ ਗ੍ਰੰਥ ਵਿਚੋਂ ਮਿਲਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਇਹ ਪਤਾ ਲੱਗਦਾ ਹੈ ਕਿ ਪੰਡਤ ਸ਼ੇਰ ਸਿੰਘ ਵਾਰਤਕ ਕਲਾ ਵਿਚ ਪ੍ਰਬੀਨ ਹਨ। ਪੜ੍ਹਨ ਵੇਲੇ ਇਸ ਤਰ੍ਹਾਂ ਪਰਤੀਤ ਹੁੰਦਾ ਹੈ ਕਿ ਆਪ ਦੀ ਵਾਰਤਕ ਪੰਜਾਬੀ ਬੋਲੀ ਵਿਚ ਨਹੀਂ ਹੈ ਪਰ ਜਦੋਂ ਇਕ ਇਕ ਸ਼ਬਦ ਨੂੰ ਨਿਖੇੜ ਕੇ ਵੇਖਿਆ ਜਾਏ ਤਾਂ ਇਸ ਵਿਚ ਪੰਜਾਬੀ ਦੀ ਮਾਤ੍ਰਾ ਵਧੇਰੇ ਹੈ। ਉੱਪਰ ਵਰਣਨ ਕੀਤੇ ਪੈਰਿਆਂ ਵਿਚ ਪੰਜਾਬੀ ਸ਼ਬਦਾਂ ਤੋਂ ਇਲਾਵਾ ਬ੍ਰਿਜ ਦੇ ਸ਼ਬਦਾਂ ਨੂੰ ਵੀ ਪੰਜਾਬੀ ਰੂਪ ਦਿੱਤਾ ਗਿਆ ਹੈ; ਜਿਵੇਂ- ਜਾਤੀਆਂ, ਨਿਕਸਯਾਂ, ਸੋਭਤਯਾਂ, ਬਹੁਤਸਯਾਂ, ਚੀਰਤੀਆਂ, ਝਾਕਤੇ, ਵਾਹਤੇ ਆਦਿ।

ਪੰਡਤ ਗੁਰਦਿੱਤ ਸਿੰਘ ਨਿਰਮਲੇ ਦੀ ਪੰਜਾਬੀ ਸਾਹਿਤ ਨੂੰ ਦੇਣ ਵਿਲੱਖਣਤਾ ਦੀ ਲਖਾਇਕ ਹੈ। ਗੁਰਦਿੱਤ ਸਿੰਘ ਦੀਆਂ ਸਾਹਿਤਕ ਰਚਨਾਵਾਂ ਵਿਚੋਂ 'ਗੁਰਮਤ ਸਿਧਾਂਤ ਸਾਰ' ਵਰਣਨ ਯੋਗ ਪੰਜਾਬੀ ਵਾਰਤਕ ਦੀ ਪੁਸਤਕ ਹੈ। ਇਹ ਪੁਸਤਕ ਬਿਕ੍ਰਮੀ ਸੰਮਤ 1986 (1929 ਈ.) ਵਿਚ ਪਹਿਲੀ ਵਾਰ ਪ੍ਰਕਾਸ਼ਤ ਹੋਈ ਸੀ। ਦੇਹਧਾਰੀ ਗੁਰੂ ਦੀ ਮਾਨਤਾ ਨਿਰਮਲ ਸੰਪ੍ਰਦਾਇ ਅਤੇ ਦੂਜੇ ਗੁਰਮਤ ਦੇ ਅਨੁਯਾਈਆਂ ਵਿਚਾਲੇ, ਇਕ ਵਿਵਾਦ ਵਿਸ਼ਾ ਬਣਿਆ ਹੋਇਆ ਹੈ। ਗੁਰਦਿੱਤ ਸਿੰਘ ਨੇ ਆਪਣੀ ਪੁਸਤਕ ਵਿਚ ਇਸ ਵਿਸ਼ੇ ਉੱਤੇ ਸਵਿਸਥਾਰ ਚਰਚਾ ਕੀਤੀ ਹੈ ਅਤੇ ਨਿਰਮਲ ਸੰਪ੍ਰਦਾਇ ਦੇ ਦ੍ਰਿਸ਼ਟੀਕੋਣ ਨੂੰ ਪ੍ਰਕਾਸ਼ਮਾਨ ਕੀਤਾ ਹੈ। ਇਸ ਤੋਂ ਅਤਿਰਿਕਤ ਵੇਦਾਂਤ ਅਤੇ ਗੁਰਬਾਣੀ ਵਿਚ ਅੰਤਰ ਤੇ ਸਮਾਨਤਾ ਨੂੰ ਸਥਾਪਿਤ ਰੂਪ ਵਿਚ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਗੁਰਦਿੱਤ ਸਿੰਘ ਦੀ ਇਹ ਰਚਨਾ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦੀ ਪ੍ਰਤਿਨਿਧ ਪੁਸਤਕ ਆਖੀ ਜਾ ਸਕਦੀ ਹੈ। ਕਰਤਾ ਨੇ ਪ੍ਰਸ਼ਨ-ਉੱਤਰ ਦੀ ਸ਼ੈਲੀ ਅਪਣਾਈ ਹੈ। ਗੁਰੂ ਧਾਰਨ ਕਰਨ ਦੇ ਪ੍ਰਸੰਗ ਵਿਚ ਹਰ ਸੰਭਵ ਪ੍ਰਸ਼ਨ ਦੀ ਵਿਆਖਿਆ ਕੀਤੀ ਹੈ। ਇਸ ਪ੍ਰਸੰਗ ਵਿਚ ਕੀਤੀ ਗਈ ਵਿਆਖਿਆ ਵਿਚੋਂ ਇਕ ਪੈਰਾ ਹੇਠਾਂ ਦਿੱਤਾ ਜਾਂਦਾ ਹੈ। ਇਹ ਪੈਰਾ ਗੁਰਦਿੱਤ ਸਿੰਘ ਦੇ ਵਿਚਾਰਾਂ ਅਤੇ ਬੋਲੀ ਦੀ ਇਕ ਵੰਨਗੀ ਹੈ :-

"ਚਾਹੇ ਉਹ ਕੋਈ ਪਰਮੇਸ਼ਰ ਦਾ ਅਵਤਾਰ ਹੋਵੇ, ਚਾਹੇ ਉਸ ਦਾ ਭੇਜਿਆ ਹੋਇਆ ਕੋਈ ਮਹਾਂ ਪੁਰਖ ਹੋਵੇ ਅਤੇ ਚਾਹੇ ਕੋਈ ਦੇਹਧਾਰੀ ਮਨੁੱਖ ਹੋਵੇ, ਇਸ ਵਿਚ ਕੋਈ ਨਿਯਮ

...ikhbookclub.com

ਨਹੀਂ ਕੀਤਾ ਜਾਂਦਾ। ਏਥੇ ਪ੍ਰਸੰਗ ਨਾਲ ਇਹ ਗੱਲ ਵੀ ਅਵੱਸ਼ ਜਾਨਣੇ ਯੋਗ ਹੈ ਕਿ ਜਿਸ ਜਿਸ ਸਮੇਂ ਧਰਤੀ ਉੱਤੇ ਗਿਆਨ ਤੇ ਭਗਤੀ ਆਦਿਕ ਧਰਮਾਂ ਦੀ ਮਰਯਾਦਾ ਦਾ ਲੋਪ ਹੋ ਜਾਂਦਾ ਹੈ, ਉਸ ਸਮੇਂ ਪਰਮੇਸ਼ਰ ਆਪ ਜਾਂ ਕਿਸੇ ਮਹਾਂ ਪੁਰਖ ਨੂੰ ਸੰਸਾਰ ਵਿਚ ਪ੍ਰਗਟ ਕਰ ਕੇ ਉਸ ਧਰਮ ਮਰਯਾਦਾ ਨੂੰ ਦੰਡ ਨਾਲ ਯਾ ਉਪਦੇਸ਼ ਨਾਲ ਫੇਰ ਅਸਥਾਪਨ ਕਰਦਾ ਹੈ। ਜਦੋਂ ਉਹ ਧਰਮ ਸਾਧੂ ਮਨੁੱਖਾਂ ਵਿਚ ਇਸਥਿਤ ਹੋ ਜਾਂਦਾ ਹੈ ਅਤੇ ਉਸ ਦੀ ਪ੍ਰਵਿਰਤੀ ਕਰਨ ਵਿਚ ਉਹ ਆਪ ਅਸਮਰਥ ਹੋ ਜਾਂਦੇ ਹਨ ਤਦੋਂ ਆਪਣੇ ਮਾਇਕ ਸਰੂਪ ਨੂੰ ਅਥਵਾ ਉਸ ਮਹਾਂ ਪੁਰਖ ਨੂੰ ਗੁਪਤ ਕਰ ਲੈਂਦਾ ਹੈ। ਪਿਛੋਂ ਉਹ ਸਾਧੂ ਮਨੁੱਖ ਹੀ ਉਸ ਧਰਮ ਮਰਯਾਦਾ ਦੇ ਚਾਲਕ ਹੁੰਦੇ ਹਨ।''*

ਵਿਸ਼ੇ ਅਨੁਸਾਰ ਲੇਖਕ ਦੀ ਵਾਰਤਕ ਤਰਕਵਾਦੀ ਹੈ ਅਤੇ ਪਾਠਕ ਨੂੰ ਆਪਣਾ ਵਿਚਾਰ ਸਪੱਸ਼ਟ ਰੂਪ ਵਿਚ ਸਮਝਾਉਣ ਲਈ ਬੋਲੀ ਸਰਲ ਹੈ। ਵਾਕ-ਬਣਤਰ ਤੇ ਹਿੰਦੀ ਸੰਸਕ੍ਰਿਤ ਦਾ ਪ੍ਰਭਾਵ ਹੈ। ਜਿਵੇਂ ਇਸ ਵਿਚ ਕੋਈ ਨਿਯਮ ਨਹੀਂ ਕੀਤਾ ਜਾਂਦਾ। ਏਥੇ ਪ੍ਰਸੰਗ ਨਾਲ ਇਹ ਗੱਲ ਵੀ ਜਾਨਣੇ ਯੋਗ ਹੈ। ਆਪਣੇ ਵਿਚਾਰਾਂ ਦੀ ਵਿਆਖਿਆ ਕਰਨ ਲਈ ਗੁਰਦਿੱਤ ਸਿੰਘ ਵਿਚਾਰ ਦੀ ਡੂੰਘਾਈ ਵਿਚ ਲਹਿ ਜਾਂਦਾ ਹੈ। ਸ਼ਬਦ-ਗੁਰੂ ਅਤੇ ਦੇਹਧਾਰੀ ਗੁਰੂ ਦੇ ਪ੍ਰਸੰਗ ਵਿਚ ਸ਼ਬਦ ਦੀ ਵਿਉਂਤਪਤੀ 'ਤੇ ਪੂਰਾ ਪ੍ਰਕਾਸ਼ ਪਾ ਕੇ ਆਪਣੇ ਵਿਚਾਰ ਦੀ ਪੁਸ਼ਟੀ ਕਰਦੇ ਹਨ :-

"ਸ਼ਬਦ ਤਾਂ ਅਕਾਸ਼ ਤੱਤ ਦਾ ਗੁਣ ਹੈ ਅਤੇ ਉਹ ਧੁਨੀ ਰੂਪ ਤੇ ਵਰਣ ਰੂਪ ਹੈ। ਜਿਹੜਾ ਇੰਦਰੇ ਨਾਲ ਉਸ ਦਾ ਉਚਾਰਨ ਹੁੰਦਾ ਹੈ ਤੇ ਸ੍ਰੋਤ ਇੰਦ੍ਰੇ ਨਾਲ ਉਸ ਦੀ ਗ੍ਰਹਿਣ ਹੁੰਦਾ ਹੈ ਅਤੇ ਸਭਨਾਂ ਦੇਹਧਾਰੀਆਂ ਦੇ ਸਰੀਰ ਵਿਚ ਵਿਦਯਾਮਾਨ (ਮੌਜੂਦ) ਹੈ।**

ਸ਼ਬਦ ਦੀ ਵਿਉਂਤਪਤੀ ਨੂੰ ਵਿਗਿਆਨਕ ਢੰਗ ਨਾਲ ਸਮਝਾਇਆ ਗਿਆ ਹੈ। ਲੇਖਕ ਨੂੰ ਵਿਸ਼ੇ ਦੀ ਪੂਰੀ ਜਾਣਕਾਰੀ ਹੈ, ਵਾਰਤਕ ਵਿਚ ਸੰਜਮ ਅਤੇ ਸਰਲਤਾ ਦੇ ਗੁਣ ਹਨ। ਵਿਸ਼ੇ-ਵਸਤੂ ਨੂੰ ਤਰਕਸ਼ੀਲ ਢੰਗ ਨਾਲ ਨਿਭਾਇਆ ਗਿਆ ਹੈ। ਵਿਚਾਰ ਅਨੁਸਾਰ ਬੋਲੀ ਵੀ ਵਿਦਵਤਾ ਭਰਪੂਰ ਹੈ। ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਗੁਰਦਿੱਤ ਸਿੰਘ ਦੀ ਵਾਰਤਕ ਸਾਹਿਤਕ ਕਸੌਟੀ 'ਤੇ ਪੂਰੀ ਉਤਰਦੀ ਹੈ।

ਬਿਕ੍ਰਮੀ ਸੰਮਤ 1994 (1937 ਈ.) ਵਿਚ ਨਿਰਮਲੇ ਸੰਤ ਪੰਡਤ ਹਰਦੇਵ ਸਿੰਘ ਨੇ ਪੰਜਾਬੀ ਸਾਹਿਤ ਵਿਚ ਵਾਧਾ ਕੀਤਾ। ਇਨ੍ਹਾਂ ਦਾ ਪ੍ਰਸਿੱਧ ਗ੍ਰੰਥ 'ਨਾਰਾਇਣ ਹਰੀ ਉਪਦੇਸ਼' ਹੈ। ਲੇਖਕ ਨੇ ਆਪਣੇ ਗੁਰੂ ਦੀ ਜੀਵਨੀ ਨੂੰ ਕਾਨੀਬੰਦ ਕੀਤਾ ਹੈ। ਰੂਪਕ ਪੱਖ ਤੋਂ ਇਹ ਜੀਵਨੀ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਥਾਂ ਰੱਖਦੀ ਹੈ। ਇਸ ਵਿਰਕਤ ਸੰਤ ਦੇ ਜੀਵਨ ਨੂੰ ਲਗਭਗ ਇਕ ਹਜ਼ਾਰ ਪੰਨੇ ਵਿਚ ਵਰਣਨ ਕੀਤਾ ਹੈ। ਆਰੰਭ ਵਿਚ ਪੰਡਤ ਨਾਰਾਇਣ ਸਿੰਘ ਦਾ ਬਚਪਨ ਅਤੇ ਘਰੋਗੀ ਜੀਵਨ ਤੇ ਉਪਰਾਮਤਾ ਨੂੰ ਵਿਸਥਾਰ ਨਾਲ ਦਰਸਾਇਆ ਗਿਆ

* *ਗੁਰਮਤ ਸਿਧਾਂਤ ਸਾਰ, ਗੁਰਦਿੱਤ ਸਿੰਘ।*

** *ਉਹੀ, (ਪੰਨਾ 39)*

www.sikhbookclub.com

ਹੈ। ਉਸ ਤੋਂ ਬਾਅਦ ਆਤਮ ਉੱਨਤੀ ਲਈ ਪ੍ਰਬਲ ਇੱਛਾ ਅਤੇ ਸੱਚੇ ਗੁਰੂ ਦੀ ਭਾਲ ਦਾ ਬਿਆਨ ਹੈ। ਤੀਜੇ ਭਾਗ ਵਿਚ ਗਿਆਨ ਪ੍ਰਾਪਤੀ ਤੋਂ ਬਾਅਦ ਯਾਤਰਾ ਅਤੇ ਉਪਦੇਸ਼ ਦਾ ਹਾਲ ਲਿਖਿਆ ਹੈ। ਇਸ ਭਾਗ ਵਿਚ ਨਾਰਾਇਣ ਸਿੰਘ ਦੇ ਜੀਵਨ ਦੀਆਂ ਪ੍ਰਸਿੱਧ ਘਟਨਾਵਾਂ ਦਾ ਬਿਆਨ ਹੈ ਅਤੇ ਉਨ੍ਹਾਂ ਦੇ ਉਪਦੇਸ਼ਾਂ ਤੇ ਭਾਸ਼ਨਾਂ ਨੂੰ ਵਿਸਥਾਰ ਨਾਲ ਲਿਖਿਆ ਗਿਆ ਹੈ ਜੋ ਪੰਡਤ ਨਾਰਾਇਣ ਸਿੰਘ ਨੇ ਥਾਂ ਥਾਂ 'ਤੇ ਦਿੱਤੇ। ਲੇਖਕ ਨੇ ਸਾਖੀ ਵਾਲੀ ਸ਼ੈਲੀ ਨੂੰ ਤਿਆਗ ਕੇ ਜੀਵਨੀ ਨੂੰ ਇਕ ਵਿਗਿਆਨਕ ਰੂਪ ਦਿੱਤਾ ਹੈ।

ਬੋਲੀ ਦੇ ਪੱਖ ਤੋਂ ਇਸ ਪੁਸਤਕ ਦੀ ਵਾਰਤਕ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਨਾਰਾਇਣ ਸਿੰਘ ਦੇ ਜੀਵਨ ਦਾ ਮੁੱਢਲਾ ਭਾਗ ਸ਼ੁੱਧ ਪੰਜਾਬੀ ਬੋਲੀ ਵਿਚ ਲਿਖਿਆ ਗਿਆ ਹੈ। ਜਦੋਂ ਉਹ ਵਿਰਕਤ ਸੰਤ ਦੇ ਰੂਪ ਵਿਚ ਪ੍ਰਚਾਰ ਕਰਨ ਲਈ ਯਾਤਰਾ ਲਈ ਚੱਲਦੇ ਹਨ ਤਾਂ ਲੇਖਕ ਬੋਲੀ ਵਿਚ ਵੀ ਪਰੀਵਰਤਨ ਲੈ ਆਉਂਦਾ ਹੈ। ਯਾਤਰਾ ਦਾ ਹਾਲ ਅਤੇ ਸ਼ਰਧਾਲੂਆਂ ਸਾਹਮਣੇ ਦਿੱਤੇ ਗਏ ਭਾਸ਼ਨ ਪੰਜਾਬੀ ਬੋਲੀ ਵਿਚ ਨਹੀਂ ਲਿਖੇ ਗਏ ਬਲਕਿ ਇਨ੍ਹਾਂ ਨੂੰ ਅਭਿਵਿਅਕਤ ਕਰਨ ਲਈ ਬ੍ਰਿਜੀ, ਹਿੰਦੀ ਅਤੇ ਪੰਜਾਬੀ ਦਾ ਪ੍ਰਯੋਗ ਕੀਤਾ ਗਿਆ ਹੈ।

ਪੁਸਤਕ ਦਾ ਆਰੰਭ ਕਰਨ ਦੀ ਵਿਧੀ ਲੇਖਕ ਦੀ ਵਿਦਵਤਾ ਅਤੇ ਸਾਹਿਤਕ ਸੂਝ ਦੀ ਸੂਚਕ ਹੈ। ਗ੍ਰੰਥ ਦਾ ਆਰੰਭ ਵਾਰਤਕ ਸਾਹਿਤ ਦੇ ਨਿਯਮਾਂ ਨੂੰ ਮੁੱਖ ਰੱਖ ਕੇ ਕੀਤਾ ਗਿਆ ਹੈ। ਮੰਗਲ ਕਰਨ ਤੋਂ ਬਾਅਦ ਲਿਖਿਆ ਹੈ- "ਮੰਗਲ ਤੋਂ ਉਪ੍ਰੰਤ ਚਾਰ ਅਨੁਬੰਧਾਂ ਦਾ ਗਿਆਨ ਹੋਣਾ ਆਵਸ਼ਕ ਹੈ ਕਿਉਂਕਿ ਚਾਰ ਅਨੁਬੰਧਾਂ ਦੇ ਜਾਣੇ ਬਿਨਾਂ ਜਗਿਆਸੂ ਦੀ ਕਿਸੇ ਤਰ੍ਹਾਂ ਵੀ ਗ੍ਰੰਥ ਪਰਵਿਰਤੀ ਨਹੀਂ ਹੋ ਸਕਦੀ ਅਤੇ ਇਨ੍ਹਾਂ ਚਹੁੰਆਂ ਅਨੁਬੰਧਾਂ ਵਿਚ ਹੀ ਸਾਰਾ ਗ੍ਰੰਥ ਸਮਾਪਤ ਹੁੰਦਾ ਹੈ। ਉਹ ਅਨੁਬੰਧ ਚਾਰ ਪ੍ਰਕਾਰ ਦੇ ਹੁੰਦੇ ਹਨ :-

(1) ਅਧਿਕਾਰੀ। (2) ਵਿਸ਼ਯ। (3) ਪ੍ਰਯੋਜਨ। (4) ਸੰਬੰਧ।

ਸੋ ਇਸ ਗ੍ਰੰਥ ਦਾ ਅਧਿਕਾਰੀ ਗੁਰਮੁਖ ਪੁਰਸ਼ ਹੀ ਹੈ, ਮਨਮੁਖ ਨਹੀਂ ਅਤੇ ਉਸੇ ਨੂੰ ਹੀ ਜਗਿਆਸੂ ਅਤੇ ਮਨਮੁਖ ਆਖਦੇ ਹਨ। ਬੇਦਾਂ ਵਿਚ ਇਸ ਨੂੰ ਬ੍ਰਾਹਮਣ ਕਰ ਕੇ ਲਿਖਿਆ ਹੈ।

(ਪੰਨਾ 19)

ਪੁਸਤਕ ਨੂੰ ਭਾਰਤੀ ਸਾਹਿਤਕਾਰਾਂ ਦੀ ਪੁਰਾਤਨ ਰੀਤ ਅਨੁਸਾਰ ਸ਼ੁਰੂ ਕੀਤਾ ਗਿਆ ਹੈ। ਵਿਸ਼ੇ ਨੂੰ ਪਹਿਲਾਂ ਕਥਨ ਕੀਤੇ ਗੁਣਾਂ ਦੇ ਅਨੁਸਾਰ ਨਿਭਾਇਆ ਗਿਆ ਹੈ। ਹਰਦੇਵ ਸਿੰਘ ਦੀ ਪੰਜਾਬੀ ਦੀਆਂ ਦੋ ਵੰਨਗੀਆਂ ਹੇਠਾਂ ਦੇਂਦੇ ਹਾਂ :-

"ਉਹ ਅਸਥਾਨ ਇਕ ਨਿਰਜਨ ਤੇ ਇਕਾਂਤ ਥਾਂ ਸੀ। ਆਸ ਪਾਸ ਬੜੀ-ਬੜੀ ਦੂਰ ਤਕ ਹਰਿਆਵਲ ਹੀ ਹਰਿਆਵਲ ਸੀ। ਗੰਗਾ ਦਾ ਇਕ ਪਵਿੱਤਰ ਕਿਨਾਰਾ ਸੀ ਤੇ ਉਸ ਕਿਨਾਰੇ 'ਤੇ ਇਕ ਬੜੀ ਸੁੰਦਰ ਤੇ ਦਾਰਸ਼ਨਿਕ ਝਾੜੀ ਸੀ....ਤੇ ਰਮਣੀਕ ਝਾੜੀ ਦੇ ਵਿਚ ਇਕ ਬੋਹੜ ਦੇ ਹੇਠਾਂ ਮਹਾਰਾਜ ਪਰਮ ਪੂਜਨੀਕ ਸੁਆਮੀ ਬੁੱਧ ਸਿੰਘ ਜੀ ਇਸਥਿਤ ਸਨ। ਆਪਦਾ ਸੋਹਣਾ

www.sikhbookclub.com

ਜਿਹਾ ਚਿਹਰਾ ਸੀ ਤੇ ਉਸ ਵੇਲੇ ਦਗ-ਦਗ ਕਰ ਰਿਹਾ ਸੀ। ਸਭ ਦੇ ਦਿਲਾਂ ਵਿਚ ਇਕੋ ਖਿੱਚ ਪਾ ਰਿਹਾ ਸੀ।'' (ਪੰਨਾ 36)

ਪੂਜਨੀਕ ਬੁੱਧ ਸਿੰਘ ਦੀ ਸ਼ਖ਼ਸੀਅਤ ਦਾ ਪ੍ਰਭਾਵ ਪਾਉਣ ਲਈ ਲੇਖਕ ਨੇ ਨੇੜੇ ਵਾਤਾਵਰਨ ਵਿਚ ਐਨ ਸ਼ਖ਼ਸੀਅਤ ਦੇ ਅਨੁਕੂਲ ਚਿਤਰਿਆ ਹੈ। ਕੁਦਰਤ ਦਾ ਸੁੰਦਰ ਦ੍ਰਿਸ਼, ਸ਼ਾਂਤ ਮਾਹੌਲ ਅਤੇ ਪਵਿੱਤਰ ਜਲ ਵਾਲੀ ਗੰਗਾ ਦਾ ਕਿਨਾਰਾ ਵੀ ਪਵਿੱਤਰ ਦਰਸਾ ਕੇ ਲੇਖਕ ਨੇ ਇਕ ਆਤਮਕ ਉੱਨਤੀ ਵਾਲੀ ਸ਼ਖ਼ਸੀਅਤ ਦੇ ਬੈਠਣ ਵਾਲੇ ਥਾਂ ਦੀ ਵਿਸ਼ੇਸ਼ਤਾ ਦਰਸਾਉਣ ਦਾ ਸਫਲ ਯਤਨ ਕੀਤਾ ਹੈ। ਕੁਝ ਸ਼ਬਦ ਨਵੇਂ ਰੂਪ ਵਿਚ ਵਰਤੇ ਗਏ ਹਨ। ਜਿਵੇਂ ਨਿਰਜਨ, ਦਾਰਸ਼ਨਿਕ। ਗੰਗਾ ਦੇ ਜਲ ਦੀ ਪਵਿੱਤ੍ਰਤਾ ਦੇ ਸੰਬੋਧ ਨੂੰ ਪਾਠਕਾਂ ਦੇ ਮਨਾਂ ਵਿਚ ਕਾਇਮ ਰੱਖਣ ਲਈ ਗੰਗਾ ਦਾ ਕਿਨਾਰਾ ਵੀ ਪਵਿੱਤਰ ਹੀ ਆਖਿਆ ਗਿਆ ਹੈ। ਸ਼ਾਂਤ ਅਤੇ ਰਮਣੀਕ ਚੌਗਿਰਦੇ ਵਿਚ ਬਿਰਾਜਮਾਨ ਸਖ਼ਸ਼ੀਅਤ ਦੇ ਆਕਰਸ਼ਕ ਗੁਣਾਂ ਤੋਂ ਵੀ ਪਾਠਕਾਂ ਨੂੰ ਜਾਣੂ ਕਰਾਇਆ ਹੈ। ਸਮੁੱਚਾ ਪਹਿਰਾ ਲੇਖਕ ਦੀ ਬਰੀਕ ਸੂਝ, ਸੰਜਮਤਾ ਵਾਲੀ ਸ਼ੈਲੀ ਅਤੇ ਸੌਂਦਰਯ ਬੋਧ ਦਾ ਲਖਾਇਕ ਹੈ।

ਨਾਰਾਇਣ ਸਿੰਘ ਨੇ ਆਤਮਕ ਉੱਨਤੀ ਲਈ ਜੀਵਨ-ਮਾਰਗ ਅਤੇ ਗੁਰੂ ਦੀ ਚੋਣ ਲਈ ਜੋ ਘਾਲਣਾ ਕੀਤੀ ਹੈ, ਉਸ ਦਾ ਵਰਣਨ ਸਵਿਸਥਾਰ ਯਥਾਰਥ ਰੂਪ ਵਿਚ ਕੀਤਾ ਗਿਆ ਹੈ। ਯਾਤਰਾ ਸਮੇਂ ਨਾਰਾਇਣ ਸਿੰਘ ਦੀ ਜੋ ਮਾਨਸਕ ਦਸ਼ਾ ਸੀ, ਉਸ ਨੂੰ ਨਿੱਕੀਆਂ- ਨਿੱਕੀਆਂ ਘਟਨਾਵਾਂ ਦਾ ਜ਼ਿਕਰ ਕਰ ਕੇ ਬਿਆਨਿਆ ਹੈ। ਜੀਵਨ-ਮਾਰਗ ਬਦਲਣ ਤੋਂ ਪਹਿਲਾਂ ਗੁਰੂ ਦੀ ਭਾਲ ਦੇ ਬ੍ਰਿਤਾਂਤ ਵਿਚੋਂ ਕੁਝ ਸਤਰਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ :-

''ਰਸਤੇ ਵਿਚ ਅਨੇਕਾਂ ਹੀ ਤੀਰਥਾਂ, ਗੁਰਧਾਮਾਂ, ਮਹਾਤਮਾਵਾਂ ਦੇ ਦਰਸ਼ਨ ਹੋਏ ਪਰ ਮਨ ਦੀ ਬਿਰਤੀ ਉਥੇ ਹੀ ਲੱਗੀ ਰਹੀ....ਉਥੇ ਠਹਿਰ ਕੇ ਆਪਣੇ ਗੁਰੂ ਦੀ ਭਾਲ ਲਈ ਸਭ ਅਸਥਾਨਾਂ ਵਿਖੇ ਪਹੁੰਚੇ ਪਰ ਜਿਹੋ ਜਿਹਾ ਪਿਤਾ ਜੀ ਨੇ ਗੁਰੂ ਦੱਸਿਆ ਸੀ, ਉਹੋ ਜਿਹਾ ਨਜ਼ਰ ਨਾ ਆਇਆ। ਸੋ ਉਦਾਸ ਜਿਹੇ ਹੋ ਕੇ ਰਿਸ਼ੀਕੇਸ਼ ਪਹੁੰਚ ਗਏ।'' (ਉਹੀ ਪੁਸਤਕ, ਪੰਨਾ 36)

ਲੇਖਕ ਇਹ ਪ੍ਰਭਾਵ ਪਾਉਣ ਵਿਚ ਸਫਲ ਹੋਇਆ ਹੈ ਕਿ ਨਾਰਾਇਣ ਸਿੰਘ ਆਪਣੀ ਜੀਵਨ ਦੀ ਅਗਵਾਈ ਲਈ ਇਕ ਵਿਸ਼ੇਸ਼ ਪ੍ਰਕਾਰ ਦੇ ਗੁਰੂ ਦੀ ਭਾਲ ਵਿਚ ਘਰੋਂ ਨਿਕਲੇ ਸਨ। ਸੰਤਾਂ ਸਾਧੂਆਂ ਦੇ ਭੇਖ ਵਿਚ ਬੈਠੇ ਸਾਧਾਰਨ ਆਦਮੀਆਂ ਦੀ ਪਰਖ ਨਾਰਾਇਣ ਸਿੰਘ ਚੰਗੀ ਤਰ੍ਹਾਂ ਕਰ ਸਕਦੇ ਸਨ।

ਨਰਾਇਣ ਸਿੰਘ ਜੀ ਦੇ ਵਿਚਾਰਾਂ ਨੂੰ ਕਾਨੀਬੰਦ ਕਰਨ ਲਈ ਕਰਤਾ ਨੇ ਉਨ੍ਹਾਂ ਦੇ ਸਾਰੇ ਭਾਸ਼ਨਾਂ ਨੂੰ ਵਿਸਥਾਰ ਨਾਲ ਲਿਖ ਦਿੱਤਾ ਹੈ ਜੋ ਉਨ੍ਹਾਂ ਨੇ ਵੱਖ-ਵੱਖ ਥਾਵਾਂ 'ਤੇ ਆਪਣੇ ਸ਼ਰਧਾਲੂਆਂ ਅਤੇ ਆਮ ਇਕੱਤਰਤਾਵਾਂ ਵਿਚ ਕੀਤੇ ਸਨ। ਲੇਖਕ ਦੀ ਇਸ ਪ੍ਰਕਾਰ ਦੀ ਸ਼ੈਲੀ ਦੂਹਰੇ ਮਨੋਰਥ ਨੂੰ ਦਰਸਾਉਂਦੀ ਹੈ। ਪਾਠਕ ਨੂੰ ਇਹ ਪਤਾ ਲੱਗਦਾ ਹੈ ਕਿ ਜਿਸ ਦਾ ਜੀਵਨ-

www.sikhbookclub.com

ਬ੍ਰਿਤਾਂਤ ਦੱਸਿਆ ਜਾ ਰਿਹਾ ਹੈ, ਉਹ ਆਪਣੇ ਜੀਵਨ ਵਿਚ ਕਿਨ੍ਹਾਂ-ਕਿਨ੍ਹਾਂ ਮਹੱਤਵਪੂਰਨ ਸਥਾਨਾਂ 'ਤੇ ਗਿਆ ਅਤੇ ਉਥੇ ਜਾਣ ਦਾ ਕਾਰਨ ਕੀ ਸੀ। ਦੂਜੇ ਉਸ ਦੇ ਵਿਚਾਰ ਅਤੇ ਉਨ੍ਹਾਂ ਵਿਚਾਰਾਂ ਦਾ ਲੋਕਾਂ ਉੱਤੇ ਪ੍ਰਭਾਵ ਪਤਾ ਲੱਗਦਾ ਹੈ। ਇਸ ਤੋਂ ਵੀ ਵੱਧ ਮਹੱਤਵਪੂਰਨ ਲਾਭ ਇਹ ਹੈ ਕਿ ਪਾਠਕਾਂ ਨੂੰ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਅਤੇ ਉਨ੍ਹਾਂ ਵੱਲੋਂ ਕੀਤੀ ਗੁਰਮਤ ਦੀ ਵਿਆਖਿਆ ਦਾ ਪੂਰਨ ਗਿਆਨ ਹੁੰਦਾ ਹੈ। ਹਰਦੇਵ ਸਿੰਘ ਦਾ ਰਚਿਆ ਇਹ ਗ੍ਰੰਥ ਗੁਰਮਤ ਅਤੇ ਵੇਦਾਂਤ ਵਿਚ ਸਮਾਨਤਾਵਾਂ ਦਾ ਕੋਸ਼ ਆਖਿਆ ਜਾ ਸਕਦਾ ਹੈ। ਕਿਉਂਕਿ ਨਾਰਾਇਣ ਸਿੰਘ ਦੇ ਭਾਸ਼ਨਾਂ ਵਿਚ ਸਮਾਨਤਾ ਦੀਆਂ ਅਨੇਕ ਉਦਾਹਰਨਾਂ ਮਿਲਦੀਆਂ ਹਨ। ਵਿਚਾਰਧਾਰਾ ਦੇ ਪੱਖ ਤੋਂ ਪੰਜਾਬੀ ਵਾਰਤਕ ਵਿਚ ਇਹ ਇਕ ਮਹੱਤਵਪੂਰਨ ਪੁਸਤਕ ਹੈ।

ਸਮੇਂ ਅਤੇ ਪਰਿਸਥਿਤੀਆਂ ਦੇ ਪਰੀਵਰਤਨ ਨਾਲ ਨਿਰਮਲੇ ਸੰਤਾਂ ਨੇ ਸਾਹਿਤ ਦੇ ਵਿਸ਼ਿਆਂ ਵਿਚ ਵੀ ਭਿੰਨਤਾ ਲਿਆਂਦੀ ਹੈ। ਵੀਹਵੀਂ ਸਦੀ ਦੇ ਸਾਹਿਤ ਨੂੰ ਗੁਰਮਤ ਦੀ ਵਿਆਖਿਆ ਜਾਂ ਵੇਦਾਂਤ ਦੇ ਵਿਸ਼ਿਆਂ ਤੀਕ ਹੀ ਸੀਮਤ ਨਹੀਂ ਰੱਖਿਆ। ਇਸ ਕਾਲ ਵਿਚ ਚਿਰੰਕਾਲ ਤੋਂ ਚੱਲੀ ਆ ਰਹੀ ਇਸ ਵਲਗਣ ਵਿਚੋਂ ਨਿਕਲ ਕੇ ਜੀਵਨ ਦੇ ਸਮਾਜਕ ਤੇ ਸਦਾਚਾਰਕ ਪੱਖਾਂ ਵੱਲ ਵੀ ਆਪਣੀਆਂ ਰੁਚੀਆਂ ਨੂੰ ਮੋੜਿਆ ਹੈ। ਇਨ੍ਹਾਂ ਰੁਚੀਆਂ ਦੇ ਪ੍ਰਤੀਫਲ, ਵਿਸ਼ੇ-ਵਸਤੂ ਦੇ ਪੱਖ ਤੋਂ ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਵਿਚ ਵਰਣਨ ਯੋਗ ਵਾਧਾ ਹੋਇਆ ਹੈ। ਸੰਤ ਸੰਪੂਰਨ ਸਿੰਘ ਦੀਆਂ ਰਚਨਾਵਾਂ, ਗੁਰਦਿੱਤ ਸਿੰਘ ਦਾ ਟੀਕਾ ਕੁਰਾਨ, ਗਣੇਸ਼ਾ ਸਿੰਘ ਦਾ ਭਾਰਤ ਮੱਤ ਦਰਪਣ ਅਤੇ ਸੰਗਤ ਸਿੰਘ ਦਾ ਗ੍ਰੰਥ ਮੱਤ ਸੰਗ੍ਰਹਿ ਵਿਸ਼ੇ ਵਸਤੂ ਦੇ ਹੋ ਚੁੱਕੇ ਘੇਰੇ ਦਾ ਪ੍ਰਮਾਣ ਹਨ।

ਸੰਤ ਗੁਰਦਿੱਤ ਸਿੰਘ ਨਿਰਮਲੇ ਦਾ ਪੰਜਾਬੀ ਸਾਹਿਤ ਵਿਚ ਵਿਸ਼ੇਸ਼ ਸਥਾਨ ਬਣਦਾ ਹੈ ਕਿਉਂਕਿ ਇਸ ਨੇ ਸੰਪ੍ਰਦਾਇ ਦੇ ਵਿਚਾਰਾਂ ਨੂੰ ਪਰਸਾਰਤ ਕਰਨ ਲਈ 1914 ਈਸਵੀ ਵਿਚ ਮਾਸਕ ਪੱਤਰ *'ਨਿਰਮਲ ਪੱਤਰਕਾ' ਸ਼ੁਰੂ ਕੀਤਾ। ਇਸ ਵਿਚ ਗੁਰਦਿੱਤ ਸਿੰਘ ਗੁਰਮਤ ਦੇ ਪ੍ਰਚਾਰ ਲਈ ਆਪਣੀਆਂ ਕਵਿਤਾਵਾਂ ਅਤੇ ਲੇਖ ਛਾਪਦੇ ਸਨ। ਇਸ ਪੱਤਰਕਾ ਵਿਚ ਬੋਲੀ ਨਿਰੋਲ ਪੰਜਾਬੀ ਨਹੀਂ ਹੈ। ਕਿਉਂਕਿ ਇਹ ਪੱਤਰਕਾ ਨਿਰਮਲ ਸੰਪ੍ਰਦਾਇ ਦੀ ਪਰਵਕਤਾ ਸੀ, ਇਸ ਲਈ ਜੇ ਕੋਈ ਲੇਖਕ ਬ੍ਰਿਜੀ ਜਾਂ ਹਿੰਦੀ (ਗੁਰਮੁਖੀ ਲਿਪੀ) ਵਿਚ ਲਿਖ ਕੇ ਛੱਪਣ ਲਈ ਭੇਜਦਾ, ਉਹ ਵੀ ਛਾਪ ਦਿੱਤੀ ਜਾਂਦੀ ਸੀ। ਉਸ ਵੇਲੇ ਦੀਆਂ ਸਾਰੀਆਂ ਫਾਈਲਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਇਸ ਪੱਤਰਕਾ ਦੇ ਸੰਪਾਦਕ ਨੇ ਸਮੁੱਚੇ ਤੌਰ 'ਤੇ ਪੰਜਾਬੀ ਬੋਲੀ ਅਤੇ ਗੁਰਮਤ ਦੀ ਸੇਵਾ ਕੀਤੀ ਹੈ। ਇਹ ਮਾਸਕ ਪੱਤਰ ਕਈ ਵਰ੍ਹੇ ਪ੍ਰਕਾਸ਼ਤ ਹੁੰਦਾ ਰਿਹਾ ਤੇ ਫੇਰ ਬੰਦ ਹੋ ਗਿਆ। ਪੰਡਿਤ ਸੰਤ ਗੁਰਦਿੱਤ ਸਿੰਘ ਜੀ ਦੀ ਇਸ ਪੱਤਰਕਾ ਦੁਆਰਾ ਕੀਤੀ ਪੰਜਾਬੀ ਸਾਹਿਤ ਦੀ ਸੇਵਾ, ਸਾਹਿਤ ਖੇਤਰ ਵਿਚ ਇਨ੍ਹਾਂ ਦੇ ਸਥਾਨ ਨੂੰ ਮਹੱਤਵਪੂਰਨ ਬਣਾ ਦੇਂਦੀ ਹੈ।

** ਇਸ ਪੱਤ੍ਰਕਾ ਦੀਆਂ ਫਾਈਲਾਂ ਮਹੰਤ ਹਰੀ ਸਿੰਘ ਨਿਰਮਲਾ, ਗਲੀ ਬਾਗ ਵਾਲੀ, ਅੰਮ੍ਰਿਤਸਰ ਪਾਸ ਮੌਜੂਦ ਹਨ।*

www.sikhbookclub.com

ਬਿਕਰਮੀ ਸੰਮਤ 1962 (1906 ਈਸਵੀ) ਵਿਚ ਸੰਤ ਗੁਰਦਿੱਤ ਸਿੰਘ ਨੇ ਕੁਰਾਨ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਅਤੇ ਪ੍ਰਕਾਸ਼ਤ ਕਰਵਾਇਆ। ਮੁੱਖ ਪੰਨੇ 'ਤੇ ਲਿਖਿਆ– "ਕੁਰਾਨ ਸ਼ਰੀਫ਼ ਦਾ ਗੁਰਮੁਖੀ ਅਨੁਵਾਦ–ਰਚਿਤਯ ਸੰਤ ਗੁਰਦਿੱਤ ਸਿੰਘ ਐਡੀਟਰ ਨਿਰਮਲ ਪੱਤ੍ਰ।"

ਗੁਰਦਿੱਤ ਸਿੰਘ ਦਾ ਇਹ ਟੀਕਾ ਜਿੱਥੇ ਇਸ ਦੇ ਭਾਸ਼ਾ ਗਿਆਨ ਅਤੇ ਧਾਰਮਿਕ ਖੇਤਰ ਵਿਚ ਵਿਦਵਤਾ ਦਾ ਪ੍ਰਮਾਣ ਹੈ, ਉਥੇ ਪੰਜਾਬੀ ਸਾਹਿਤ ਨੂੰ ਇਕ ਵੱਡਮੁਲੀ ਦੇਣ ਵੀ ਹੈ। ਸ਼ਾਇਦ ਕੁਰਾਨ ਦਾ ਪੰਜਾਬੀ ਬੋਲੀ ਵਿਚ ਇਹ ਪਹਿਲਾ ਅਨੁਵਾਦ ਹੈ। ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਨੇ ਇਸ ਅਦੁੱਤੀ ਦੇਣ ਨੂੰ ਪੰਜਾਬੀ ਦੇ ਟੀਕਾ ਸਾਹਿਤ ਵਿਚ ਅਜੇ ਤੀਕ ਦਰਜ ਨਹੀਂ ਕੀਤਾ।

ਕੁਰਾਨ ਦੇ ਅਨੁਵਾਦ ਨੂੰ ਪ੍ਰਮਾਣਤ ਅਤੇ ਠੀਕ ਸਿੱਧ ਕਰਨ ਲਈ ਲੇਖਕ ਨੇ ਸਮਕਾਲੀ ਪ੍ਰਸਿੱਧ ਮੁਸਲਮਾਨ ਵਿਦਵਾਨਾਂ ਅਤੇ ਧਾਰਮਿਕ ਅਧਿਕਾਰੀਆਂ ਤੋਂ ਅਨੁਵਾਦ ਦਾ ਸਮਰਥਨ ਕਰਵਾਇਆ ਹੈ।

ਸੰਤ ਗੁਰਦਿੱਤ ਸਿੰਘ ਇਕ ਹੰਢਿਆ ਹੋਇਆ ਵਿਦਵਾਨ ਸਾਹਿਤਕਾਰ ਹੈ। ਉਸ ਨੇ ਸਾਹਿਤ ਦੇ ਵੱਖ-ਵੱਖ ਰੂਪਾਂ 'ਤੇ ਕਲਮ-ਅਜ਼ਮਾਈ ਹੈ। ਆਪਣੀਆਂ ਸਾਹਿਤਕ ਰਚਨਾਵਾਂ ਦਾ ਜ਼ਿਕਰ ਕਰਦਿਆਂ ਟੀਕਾ ਕੁਰਾਨ ਦੀ ਭੂਮਿਕਾ ਵਿਚ ਗੁਰਦਿੱਤ ਸਿੰਘ ਨੇ ਆਪਣੀਆਂ ਸਾਹਿਤਕ ਕਿਰਤਾਂ ਦਾ ਵੇਰਵਾ ਦਿੱਤਾ ਹੈ। ਇਨ੍ਹਾਂ ਵਿਚੋਂ 'ਗੁਰੂ ਸਾਹਿਤ ਸਿੰਧੂ' ਮਹੱਤਵਪੂਰਨ ਰਚਨਾ ਹੈ, ਜਿਸ ਬਾਰੇ ਲੇਖਕ ਨੇ ਦੱਸਿਆ ਹੈ ਕਿ ਅਜੇ ਹੱਥ ਲਿਖਤ ਰੂਪ ਵਿਚ ਹੀ ਹੈ, ਪ੍ਰਕਾਸ਼ਤ ਨਹੀਂ ਹੋ ਸਕੀ। ਕੁਰਾਨ ਦਾ ਅਨੁਵਾਦ ਕਰਨ ਤੋਂ ਪਹਿਲਾਂ ਸੰਤ ਗੁਰਦਿੱਤ ਸਿੰਘ ਨੂੰ ਅਨੁਵਾਦ ਕਰਨ ਦਾ ਚੰਗਾ ਅਭਿਆਸ ਹੋ ਚੁੱਕਾ ਸੀ। ਇਸ ਅਭਿਆਸ ਦਾ ਜ਼ਿਕਰ ਕਰਤਾ ਨੇ ਵਿਸ਼ੇਸ਼ ਤੌਰ 'ਤੇ ਕੀਤਾ ਹੈ :-

"ਪਹਿਲਾਂ ਪਹਿਲਾਂ ਲੋਕਾਂ ਦੇ ਹਿਤਾਰਥ ਚਕਿਤਸਾ ਕੋਸ਼ ਲਿਖਿਆ ਜੋ ਸਵਰਗਵਾਸੀ ਨੱਥਾ ਸਿੰਘ ਨੇ ਅਮਰ ਪ੍ਰੈਸ ਵਿਚ ਛਪਵਾ ਕੇ ਪ੍ਰਗਟ ਕੀਤਾ ਸੀ। ਪੁਨਰ ਲੋਲੰਬਰਾਜ ਦਾ ਟੀਕਾ ਲਿਖਿਆ ਜੋ ਚਸ਼ਮੇ ਨੂਰ ਵਿਚ ਛਪਿਆ ਸੀ ਅਤੇ ਫੇਰ ਦਲਾਇਲ ਅਰਸਤੂ ਦਾ ਤਰਜਮਾ ਪ੍ਰਕ੍ਰਿਤੀ ਭਾਸਕਰ ਲਿਖਿਆ ਅਤੇ ਫੇਰ ਕਾਨੂਨਚੇ ਦਾ ਤਰਜਮਾ ਬਾਲ ਉਪਦੇਸ਼ ਲਿਖਿਆ। ਅਰ ਫੇਰ ਗੁਰੂ ਸਾਹਿਤ ਸਿੰਧੂ ਲਿਖਿਆ। ਇਹ ਸਭ ਗ੍ਰੰਥ ਗੁਰਮੁਖੀ ਦੇ ਬਹੁਤ ਉਪਯੋਗੀ ਹਨ। ਇਨ੍ਹਾਂ ਸਰਬ ਗ੍ਰੰਥਾਂ ਤੋਂ ਬਾਅਦ ਮੈਨੇ ਕੁਰਾਨ ਦਾ ਤਰਜਮਾ ਲਿਖਿਆ ਆਪਦੇ ਕਰ ਕਮਲਾਂ ਵਿਚ ਸ਼ੋਭਾ ਪਾ ਰਿਹਾ ਹੈ।

ਕੁਰਾਨ ਦੀ ਪਿਠ ਭੂਮਿਕਾ, ਤਕਨੀਕ ਅਤੇ ਵਿਸ਼ਿਸ਼ਟ ਸ਼ਬਦਾਵਲੀ ਦੀ ਪੂਰੀ ਜਾਣਕਾਰੀ ਆਰੰਭ ਵਿਚ ਲਿਖੀ ਗਈ ਹੈ ਤਾਂ ਜੋ ਪਾਠਕ ਨੂੰ ਅਨੁਵਾਦ ਅਤੇ ਭਾਵਾਰਥ ਸਮਝਣ

www.sikhbookclub.com

ਵਿਚ ਕੋਈ ਕਠਨਾਈ ਪੇਸ਼ ਨਾ ਆਵੇ। ਲੇਖਕ ਦੀ ਅਨੁਵਾਦ-ਪ੍ਰਤਿਭਾ ਅਤੇ ਵਾਰਤਕ ਸ਼ੈਲੀ ਨੂੰ ਜਾਣਨ ਲਈ ਕੁਰਾਨ ਦੇ ਅਨੁਵਾਦ ਵਿਚੋਂ ਕੁਝ ਸਤਰਾਂ ਹੇਠਾਂ ਲਿਖ ਰਹੇ ਹਾਂ :-

"*ਔਰ ਹੇ ਪੈਗੰਬਰ ਇਹਨਾਂ ਲੋਗਾਂ ਨੂੰ ਨੂਹ ਦਾ ਬ੍ਰਿਤਾਂਤ ਵਾਚ ਕੇ ਸੁਣਾਉ ਕਿ ਜਦੋਂ ਉਹਨਾਂ ਨੇ ਆਪਣੀ ਗਿਆਤੀ ਦੇ ਲੋਗਾਂ ਨੂੰ ਕਹਿਆ ਕਿ ਭਿਰਾਉ ! ਯਦਪਿ ਮੇਰਾ ਰਹਿਨਾ ਔਰ ਖ਼ੁਦਾ ਦੀਆਂ ਆਯਤਾਂ ਨੂੰ ਵਾਚ ਵਾਚ ਕੇ ਸੁਣਾਉਣਾ ਸਮਝਾਉਣਾ ਤੁਹਾਡੇ ਪਰ ਭਾਰਾ ਗੁਜ਼ਰਦਾ ਹੈ ਤਥਾਪਿ ਮੇਰਾ ਭਰੋਸਾ ਅੱਲ੍ਹਾ ਪਰ ਹੀ ਹੈ। ਬਸ ਤੁਸੀਂ ਔਰ ਤੁਹਾਡੇ ਸਜਾਤੀ ਸਾਰੇ ਇਕੱਤ੍ਰ ਹੋ ਕੇ ਆਪਣੀ ਇਕ ਬਾਤ ਨੀਯਤ ਕਰ ਲਵੋ ਪੁਨਰ ਤੁਹਾਡੀ ਉਹ ਬਾਤ ਤੁਹਾਡੇ ਵਿਚੋਂ ਕਿਸੇ ਪੁਰ ਗੁਪਤ ਨ ਰਹੇ ਤਾਂਕਿ ਸਾਰੇ ਉਸ ਤਦਬੀਰ ਦੇ ਪੂਰਾ ਕਰਨੇ ਵਿਚ ਸ਼ਰੀਕ ਹੋ ਸਕਣ।

(ਤਰਜਮਾ ਕੁਰਾਨ, ਪੰਨਾ 279)

ਯਾਦ ਰਖੋ ਕਿ ਜੋ ਫ਼ਰਿਸ਼ਤੇ ਅਕਾਸ਼ ਵਿਚ ਹੈਨ ਔਰ ਜੋ ਲੋਗ ਧਰਤੀ ਪਰ ਹੈ, ਸਾਰੇ ਅੱਲ੍ਹਾ ਦੇ ਹੀ ਹੁਕਮ ਵਿਚ ਹੈਨ ਔਰ ਜੋ ਲੋਗ ਖ਼ੁਦਾ ਦੇ ਹੁਕਮ ਤੋਂ ਸਿਵਾ ਆਪਣੇ ਨੀਯਤ ਕੀਤੇ ਹੋਏ ਸਜਾਤੀਆਂ ਨੂੰ ਪੁਕਾਰਦੇ ਹਨ, ਕੁਝ ਮਲੂਮ ਹੈ ਕਿ ਕਿਸੇ ਤਰੀਕੇ ਪਰ ਚੱਲਦੇ ਹੈਨ, ਉਹ ਕੇਵਲ ਅਨੁਮਾਨ ਪਰ ਹੀ ਚੱਲਦੇ ਹੈਨ ਅਰ ਨਿਰੇ ਅਟਕਲ ਪਚੂ ਮਾਰਦੇ ਹਨ। ਲੋਗੋ ਵਹੀ ਮੁਤਲਿਕ ਕਾਦਰ ਹੈ ਜਿਸ ਨੇ ਤੁਹਾਡੇ ਵਸਤੇ ਰਾਤ੍ਰੀ ਨੂੰ ਬਣਾਇਆ ਹੈ।"

ਅਨੁਵਾਦ ਕਰਨ ਵੇਲੇ ਸ਼ਬਦਾਵਲੀ ਦਾ ਪ੍ਰਯੋਗ ਬੜੀ ਸੂਝ ਨਾਲ ਕੀਤਾ ਗਿਆ ਹੈ। ਇਸਲਾਮ ਮੱਤ ਦੇ ਵਿਸ਼ੇਸ਼ ਪ੍ਰਚਲਤ ਸ਼ਬਦ ਉਸੇ ਰੂਪ ਵਿਚ ਰਹਿਣ ਦਿੱਤੇ ਗਏ ਹਨ। ਜਿਵੇਂ ਅੱਲ੍ਹਾ, ਖ਼ੁਦਾ ਆਦਿ ਇਨ੍ਹਾਂ ਨੂੰ ਬਦਲ ਕੇ ਕੋਈ ਹੋਰ ਰੂਪ ਨਹੀਂ ਦਿੱਤਾ ਗਿਆ। ਕਰਤਾ ਹਿੰਦੀ ਸੰਸਕ੍ਰਿਤ ਦਾ ਵਿਦਵਾਨ ਹੈ। ਪਰ ਕੁਰਾਨ ਜਿਹੀ ਧਾਰਮਿਕ ਪੁਸਤਕ ਦੇ ਅਨੁਵਾਦ ਵਿਚ ਸਰਲ ਤੇ ਠੇਠ ਪੰਜਾਬੀ ਲਿਖੀ ਹੈ।

ਮਹੰਤ ਗਣੇਸ਼ਾ ਸਿੰਘ ਵੀ ਏਸੇ ਕਾਲ ਦਾ ਨਿਰਮਲਾ ਸਾਹਿਤਕਾਰ ਹੋਇਆ ਹੈ। ਗਣੇਸ਼ਾ ਸਿੰਘ ਦਾ ਜਨਮ ਸੰਮਤ 1917 ਬਿਕਰਮੀ (1860 ਈ.) ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਰਲ੍ਹਣ ਵਿਚ ਹੋਇਆ। ਸੱਤ ਸਾਲ ਦੀ ਉਮਰ ਵਿਚ ਸੰਤ ਬੂਟਾ ਸਿੰਘ ਨਿਰਮਲਾ ਦੇ ਡੇਰੇ ਖੁੱਡਾ ਵਿਖੇ ਆ ਕੇ ਉਸ ਦਾ ਸ਼ਿਸ਼ ਬਣ ਗਿਆ ਅਤੇ ਵਿੱਦਿਆ ਪੜ੍ਹੀ। ਫੇਰ ਗੌਰਮਿੰਟ ਸਕੂਲ ਤਰਨ ਤਾਰਨ ਵਿਚ ਅੰਗ੍ਰੇਜ਼ੀ** ਉਰਦੂ ਦੀ ਵਿੱਦਿਆ ਵੀ ਪੜ੍ਹੀ। ਇਸ ਤੋਂ ਬਾਅਦ ਅੰਮ੍ਰਿਤਸਰ ਡੇਰਾ ਅੰਤ੍ਰਯਾਮੀਆਂ ਦੇ ਮਹੰਤ ਸਾਧੂ ਸਿੰਘ ਦੇ ਸ਼ਿਸ਼ ਬਣ ਗਏ ਅਤੇ ਏਥੇ ਹੀ ਵੈਦਿਕ ਵਿੱਦਿਆ ਦਾ ਅਧਿਐਨ ਕੀਤਾ। ਗਣੇਸ਼ਾ ਸਿੰਘ ਨੂੰ ਪੰਚਾਇਤੀ ਨਿਰਮਲ ਅਖਾੜੇ ਦਾ ਸਕੱਤਰ ਵੀ ਬਣਾਇਆ ਗਿਆ ਸੀ। ਸੰਮਤ 1984 ਬਿਕ੍ਰਮੀ (1929 ਈਸਵੀ) ਵਿਚ ਅੰਤ੍ਰਯਾਮੀ ਡੇਰਾ ਅੰਮ੍ਰਿਤਸਰ ਦੇ

---

* *ਟੀਕਾ ਕੁਰਾਨ (ਪੰਨਾ 279)*

** *ਨਿਰਮਲ ਪੰਥ ਦਰਸ਼ਨ, ਭਾਗ ਚੌਥਾ (ਪੰਨਾ 504)*

www.sikhbookclub.com

ਮਹੰਤ ਠਾਕਰ ਸਿੰਘ ਦੀ ਮੌਤ ਤੋਂ ਬਾਅਦ ਡੇਰੇ ਦਾ ਮਹੰਤ, ਗਣੇਸ਼ਾ ਸਿੰਘ ਨੂੰ ਬਣਾਇਆ ਗਿਆ। ਗਣੇਸ਼ਾ ਸਿੰਘ ਕੁਝ ਸਮੇਂ ਲਈ* ਨਿਰਮਲ ਪੱਤ੍ਰ ਦਾ ਐਡੀਟਰ ਵੀ ਰਿਹਾ। ਆਖ਼ਿਰ 90 ਵਰ੍ਹੇ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਿਆ।

ਗਣੇਸ਼ਾ ਸਿੰਘ ਨੇ ਧਰਮ, ਇਤਿਹਾਸ, ਖੋਜ, ਚਕਿਤਸਾ ਅਤੇ ਵੇਦਾਂਤ ਦੇ ਵਿਸ਼ਿਆਂ 'ਤੇ ਦੋ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ। ਪੰਜਾਬੀ ਵਿਚ ਲਿਖੀਆਂ ਪੁਸਤਕਾਂ ਵਿਚੋਂ ਭਾਰਤ ਮੱਤ ਦਰਪਨ, ਸਾਖੀ ਪ੍ਰਮਾਣ, ਨਿਰਮਲ ਭੂਸ਼ਣ ਅਤੇ ਕੁਝ ਟੀਕੇ ਇਸ ਸਾਹਿਤਕਾਰ ਦੀਆਂ ਪ੍ਰਸਿੱਧ ਰਚਨਾਵਾਂ ਗਿਣੀਆਂ ਜਾ ਸਕਦੀਆਂ ਹਨ।

ਗ੍ਰੰਥ ਸਾਖੀ ਪ੍ਰਮਾਣ 1908 ਈਸਵੀ ਵਿਚ ਪ੍ਰਕਾਸ਼ਤ ਹੋਈ ਸੀ। ਇਸ ਵਿਚ ਆਤਮਕ ਉੱਨਤੀ ਦੀ ਅਗਵਾਈ ਲਈ ਉਪਦੇਸ਼ਾਤਮਕ ਸਾਖੀਆਂ ਹਨ। ਆਪਣੇ ਵਿਚਾਰਾਂ ਨੂੰ ਸਰਲ ਪੰਜਾਬੀ ਬੋਲੀ ਵਿਚ ਪ੍ਰਗਟ ਕੀਤਾ ਹੈ।

ਸਾਖੀ ਪ੍ਰਮਾਣ ਵਿਚ ਗਣੇਸ਼ਾ ਸਿੰਘ ਦਾ ਅਭਿਵਿਅਕਤ ਕਰਨ ਹੇਠ ਲਿਖੀਆਂ ਸਤਰਾਂ ਵਿਚੋਂ ਭਲੀ ਪ੍ਰਕਾਰ ਪਤਾ ਲੱਗ ਜਾਂਦਾ ਹੈ :-

**"ਇਕ ਪ੍ਰੇਮੀ ਸੇਵਕ ਸੀ। ਉਹ ਰੋਜ਼ ਹੀ ਸੰਤਾਂ ਸਾਧਾਂ ਨੂੰ ਪ੍ਰਸ਼ਾਦ ਛਕਾਇਆ ਕਰੇ ਅਰ ਪਿੱਛੋਂ ਹੱਥ ਜੋੜ ਕੇ ਇਹ ਪੁੱਛਿਆ ਕਰੇ ਮਹਾਰਾਜ ਜੀ, ਸਾਧੂ ਦੇ ਮਿਲਣੇ ਦਾ ਕੀ ਫਲ ਹੈ? ਇਸ ਦੇ ਉੱਤਰ ਵਿਚ ਕੋਈ ਕੁਝ ਕਹਿ ਜਾਵੇ, ਕੋਈ ਕੁਝ ਕਹਿ ਜਾਵੇ, ਜੋ ਕਿਸੇ ਦੀ ਸਮਝ ਵਿਚ ਆਵੇ ਸੋ ਕਹਿ ਦੇਵੇ ਅਰ ਪ੍ਰਸ਼ਾਦ ਛੱਕ ਕੇ ਤੁਰਦਾ ਹੋਵੇ। ਪਰੰਤੂ ਉਸ ਦੇ ਮਨ ਦਾ ਭਰਮ ਠੀਕ ਠੀਕ ਨਾ ਦੂਰ ਹੋਵੇ। ਜਦ ਬਹੁਤ ਚਿਰ ਐਸੇ ਹੀ ਕਰਦਿਆਂ ਬੀਤ ਗਿਆ ਤਾਂ ਇਕ ਦਿਨ ਗੁਰੂ ਨਾਨਕ ਜੀ ਮਹਾਰਾਜ ਵੀ ਉਸ ਦੇ ਸ਼ਹਿਰ ਵਿਚ ਜਾ ਪਹੁੰਚੇ।"

ਮਹੰਤ ਗਣੇਸ਼ਾ ਸਿੰਘ ਦੇ ਟੀਕਿਆਂ ਦਾ ਅਤੇ ਇਤਿਹਾਸ ਦੇ ਸਾਹਿਤ ਦਾ ਜ਼ਿਕਰ ਅਸੀਂ ਅਗਲੇ ਪੰਨਿਆਂ ਵਿਚ ਟੀਕਾ ਸਾਹਿਤ ਅਤੇ ਇਤਿਹਾਸ ਦੇ ਸਿਰਲੇਖ ਹੇਠ ਕਰਾਂਗੇ।

ਇਸ ਕਾਲ ਦਾ ਵਰਣਨ ਯੋਗ ਵਿਸ਼ੇਸ਼ ਸਾਹਿਤਕਾਰ ਸੰਤ ਸੰਪੂਰਨ ਸਿੰਘ ਹੈ। ਉਸ ਨੇ ਪੰਜਾਬੀ ਵਾਰਤਕ ਅਤੇ ਕਵਿਤਾ ਦੀਆਂ ਮੌਲਿਕ ਰੂਪ ਵਿਚ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਹਨ। ਇਸ ਤੋਂ ਇਲਾਵਾ ਟੀਕਾ ਸਾਹਿਤ ਨੂੰ ਸੰਪੂਰਨ ਸਿੰਘ ਦੀ ਵੱਡਮੁਲੀ ਦੇਣ ਹੈ। ਨਿਰਮਲ ਸੰਪ੍ਰਦਾਇ ਵਿਚ ਪਹਿਲਾ ਸਾਹਿਤਕਾਰ ਹੈ, ਜਿਸ ਨੇ ਆਪਣੀਆਂ ਰਚਨਾਵਾਂ ਵਿਚ ਧਰਮ ਤੋਂ ਇਲਾਵਾ ਨਿਤਾ-ਪ੍ਰਤੀ ਦੇ ਸਮਾਜਿਕ ਜੀਵਨ ਦੀਆਂ ਸਮੱਸਿਆਵਾਂ ਨੂੰ ਸਾਹਿਤ ਦਾ ਵਿਸ਼ਾ ਬਣਾਇਆ ਹੈ।

ਸੰਤ ਸੰਪੂਰਨ ਸਿੰਘ ਦੀ ਲਿਖੀ ਸ੍ਵੈ-ਜੀਵਨੀ, ਜੋ ਜੀਵਨ-ਗਾਥਾ ਦੇ ਨਾਂ ਹੇਠ ਪ੍ਰਕਾਸ਼ਤ

---

*ਉਹੀ (ਪੰਨਾ 505)

** ਸਾਖੀ ਪ੍ਰਮਾਣ, ਗਣੇਸ਼ਾ ਸਿੰਘ (ਪੰਨਾ 17)

www.sikhbookclub.com

ਹੋਈ ਹੈ, ਇਨ੍ਹਾਂ ਦੇ ਜੀਵਨ ਬਾਰੇ ਇਕ ਪ੍ਰਮਾਣਤ ਸਰੋਤ ਹੈ। ਆਪ ਦਾ ਜਨਮ *ਬਿਕ੍ਰਮੀ ਸੰਮਤ 1933 (1876 ਈ.) ਮਾਤਾ ਉਤਮ ਕੌਰ ਦੀ ਕੁਖੋਂ ਭਾਈ ਜੈਮਲ ਸਿੰਘ ਜੀ ਵੈਦ ਦੇ ਘਰ ਤਰਨ ਤਾਰਨ ਵਿਖੇ ਹੋਇਆ। ਆਪ ਦਾ ਮੁੱਢਲਾ ਜੀਵਨ ਵਿਵਹਾਰਕ ਧੰਦਿਆਂ ਵਿਚ ਬੀਤਿਆ ਪਰ ਸਤਿਸੰਗ ਨਾਲ ਰੁਚੀ ਬਾਲਪਨ ਤੋਂ ਹੀ ਸੀ। ਸਤਿਸੰਗ ਦੇ ਪ੍ਰਭਾਵ ਅਧੀਨ ਆਪ ਦੇ ਮਨ ਵਿਚ ਵਿਰਕਤ ਸੰਤ ਬਣਨ ਦੀ ਇੱਛਾ ਪ੍ਰਬਲ ਹੋ ਗਈ। ਆਪਣੇ ਇਸ ਉਦੇਸ਼ ਨੂੰ ਪੂਰਾ ਕਰਨ ਲਈ ਸੰਤ ਸੰਪੂਰਨ ਸਿੰਘ ਨੂੰ ਸੰਘਰਸ਼ ਕਰਨਾ ਪਿਆ। ਬਿਕ੍ਰਮੀ ਸੰਮਤ 1962 (1905 ਈ.) ਵਿਚ ਆਪ ਪਰਿਵਾਰਕ ਜੀਵਨ ਨੂੰ ਤਿਆਗ ਕੇ ਵਿਰਕਤ ਸੰਤ ਬਣ ਗਏ। "......ਮੈਂ ਮੁੜ ਹਰਿ ਕੀ ਪੌੜੀ ਆ ਕੇ ਇਸ਼ਨਾਨ ਕੀਤਾ ਤੇ ਗ੍ਰਿਹਸਥੀ ਲਿਬਾਸ ਦੀ ਥਾਵੇਂ ਸਤਿਗੁਰੂ ਦਾ ਧਯਾਨ ਧਾਰੀ ਸੰਤ ਬਾਣਾ ਧਾਰਨ ਕਰ ਲਿਆ।" (ਜੀਵਨ ਗਾਥਾ, ਪੰਨਾ 25)

ਸਾਧੂ ਸਮਾਜ ਵਿਚ ਪ੍ਰਵੇਸ਼ ਕਰ ਚੁੱਕਣ ਤੋਂ ਬਾਅਦ ਸੰਪੂਰਨ ਸਿੰਘ ਨੇ ਨਿਰਮਲ ਸੰਪ੍ਰਦਾਇ ਨਾਲ ਸੰਪਰਕ ਜੋੜ ਲਏ ਅਤੇ ਪੂਰਨ ਨਿਯਮਾਂ ਅਨੁਸਾਰ ਨਿਰਮਲ ਸੰਤ ਬਣ ਗਏ। ਨਿਰਮਲ ਸੰਪ੍ਰਦਾਇ ਨਾਲ ਗੂੜ੍ਹੇ ਸੰਪਰਕ ਦਾ ਵਰਣਨ ਆਪ ਨੇ ਸ੍ਵੈ-ਜੀਵਨੀ ਵਿਚ ਬੜੇ ਵਿਸਥਾਰ ਨਾਲ ਕੀਤਾ ਹੈ। ਸੰਪ੍ਰਦਾਇ ਦੀ ਸੇਵਾ ਵਿਚ ਆਪ ਦਾ ਵਿਸ਼ੇਸ਼ ਭਾਗ ਹੈ। ਆਪਣੇ ਸੰਬੰਧਾਂ ਦੀ ਮਹੱਤਤਾ ਅਤੇ ਸੇਵਾ ਦਾ ਜ਼ਿਕਰ ਕਰਦਿਆਂ ਆਪ ਨੇ ਇਕ ਥਾਂ ਲਿਖਿਆ ਹੈ :-

".....ਨਿਰਮਲ ਪੰਥ ਦੀ ਸ਼ਾਨ ਨੂੰ ਸਾਣ 'ਤੇ ਚੜ੍ਹਾਉਣ ਦਾ ਬੋਝਾ ਕੇਵਲ ਇਹਨਾਂ ਹੀ ਮੋਢਿਆਂ ਪਰ ਰਿਹਾ। ਇਕ ਪਾਸੇ ਲੋਕਲ ਗੁਰਦੁਆਰਾ ਕਮੇਟੀ ਦੀ ਮੈਂਬਰੀ, ਦੂਜੇ ਪਾਸੇ ਨਿਰਮਲ ਮਹਾਂ ਮੰਡਲ ਦੀ ਸੇਵਾ ਇਕ ਮਾਤਰ ਗੁਰੂ ਅਰਜਨ ਦੇਵ ਜੀ ਦੀ ਸਹਾਇਤਾ ਨਾਲ ਹੀ ਸੋਹਣੀ ਭੁਗਤਦੀ ਰਹੀ।" (ਜੀਵਨ-ਗਾਥਾ, ਪੰਨਾ 108)

ਸੰਤ ਸੰਪੂਰਨ ਸਿੰਘ ਦੀ ਯੋਗਤਾ ਅਤੇ ਸ਼ਰਧਾ ਭਰਪੂਰ ਸੇਵਾ ਨੂੰ ਮੁੱਖ ਰੱਖ ਕੇ ਸੰਪ੍ਰਦਾਇ ਨੇ ਆਪ ਨੂੰ ਸ੍ਰੀ ਮਹੰਤ (ਸੰਪ੍ਰਦਾਇ ਦਾ ਮੁਖੀਆ) ਦਾ ਪਦ ਸੰਭਾਲਣ ਲਈ ਬੇਨਤੀ ਕੀਤੀ। ਇਹ ਗੱਲ ਬਾਤ ਸੰਪ੍ਰਦਾਇ ਦੇ ਪ੍ਰਤਿਨਿਧ ਮਹੰਤ ਬੁੱਢਾ ਸਿੰਘ ਨੇ ਕੀਤੀ ਸੀ, ਪਰ ਸੰਤ ਸੰਪੂਰਨ ਸਿੰਘ ਨੇ ਇਹ ਪਦਵੀ ਸਵੀਕਾਰ ਨਾ ਕੀਤੀ। ਇਸ ਪ੍ਰਸੰਗ ਵਿਚ ਆਪ ਨੇ ਲਿਖਿਆ ਹੈ :-

"ਮਤਲਬ ਉਨ੍ਹਾਂ ਦਾ ਇਹ ਸੀ ਕਿ ਮੈਂ ਸ੍ਰੀ ਮਹੰਤ ਪ੍ਰਵਾਨ ਕਰ ਲਵਾਂ ਸਾਧੂਆਂ ਦੇ ਨੁਕਤੇ ਨਾਲ ਭੀ, ਸਿੱਖੀ ਨੁਕਤੇ ਨਾਲ ਹਰ ਤਰ੍ਹਾਂ ਉਨ੍ਹਾਂ ਨੇ ਮੈਨੂੰ ਇਸ ਵਿਚ ਲਾਭ ਦਿਖਾਇਆ।" (ਜੀਵਨ-ਗਾਥਾ, ਪੰਨਾ ੧੧੧)

ਸੰਤ ਸੰਪੂਰਨ ਸਿੰਘ ਦੀ ਸ੍ਵੈ-ਜੀਵਨੀ ਪੜ੍ਹ ਚੁੱਕਣ ਤੋਂ ਬਾਅਦ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਵਿਰਕਤ ਨਿਰਮਲੇ ਸੰਤ ਸਨ। ਸੰਤ ਜੀ ਦਾ ਮੁੱਢਲਾ ਜੀਵਨ ਆਮ ਸੰਤਾਂ ਨਾਲੋਂ ਭਿੰਨ ਸੀ। ਇਨ੍ਹਾਂ ਨੇ ਪਹਿਲਾਂ ਪਰਿਵਾਰਕ ਜੀਵਨ ਵਿਚ ਰਹਿ ਕੇ ਸਕੂਲ ਤੇ ਕਾਲਜ ਦੀ

* *ਜੀਵਨ ਗਾਥਾ (ਪੰਨਾ 16)*

www.sikhbookclub.com

ਵਿੱਦਿਆ ਪ੍ਰਾਪਤ ਕੀਤੀ। ਫੇਰ ਕੁਝ ਸਮਾਂ ਉਪਜੀਵਕਾ ਲਈ ਨੌਕਰੀ ਵੀ ਕੀਤੀ। ਆਪ ਦੀਆਂ ਪੁਸਤਕਾਂ ਉੱਤੇ ਪੀ.ਐਚ.ਡੀ. ਸਾਇੰਸ ਦੀ ਡਿਗਰੀ ਲਿਖੀ ਹੁੰਦੀ ਹੈ, ਪਰ ਇਸ ਉੱਚ-ਕੋਟੀ ਦੀ ਵਿੱਦਿਆ ਦਾ ਜ਼ਿਕਰ ਸ੍ਵੈ-ਜੀਵਨੀ ਵਿਚ ਨਹੀਂ ਹੈ, ਸ਼ਾਇਦ ਨਿਮਰਤਾ ਕਾਰਨ। ਸੰਤ ਸੰਪੂਰਨ ਸਿੰਘ ਨੇ ਸਾਹਿਤ ਦੇ ਵੱਖ-ਵੱਖ ਰੂਪਾਂ ਲਈ ਕਲਮ ਚਲਾਈ ਹੈ। ਆਪਣੀ ਸਾਹਿਤ-ਸੇਵਾ ਸਬੰਧੀ ਇਕ ਥਾਂ ਇਸ ਤਰ੍ਹਾਂ ਉਲੇਖ ਕੀਤਾ ਹੈ :-

"ਪੜ੍ਹਨ ਪੜ੍ਹਾਉਣ ਤੋਂ ਸਿਵਾਇ ਕਲਮ ਦ੍ਵਾਰਾ ਇਤਨੀ ਸੇਵਾ ਕਹੀ ਜਾ ਸਕਦੀ ਹੈ ਜੋ ਘੱਟੋ ਘੱਟ ਤੀਹ ਚਾਲੀ ਦੇ ਅੰਦਾਜ਼ੇ ਵਿਚ ਛੋਟੇ ਮੋਟੇ ਗ੍ਰੰਥਾਂ ਦੇ ਲਿਖਣ ਵਾ ਟਿਪਣੀ ਟੀਕਾ ਆਦਿ ਦੇ ਰੂਪ ਵਿਚ ਗਿਣੀ ਜਾ ਸਕੇ।"*

ਸੰਤ ਸੰਪੂਰਨ ਸਿੰਘ ਦੀਆਂ ਪੰਜਾਬੀ ਵਾਰਤਕ ਵਿਚ ਲਿਖੀਆਂ ਉੱਘੀਆਂ ਪੁਸਤਕਾਂ ਦੀ ਜਾਣ ਪਛਾਣ ਹੇਠਾਂ ਕਰਾਉਂਦੇ ਹਾਂ :-

'ਜੀਵਨ ਗਾਥਾ' ਪੁਸਤਕ ਸੰਪੂਰਨ ਸਿੰਘ ਦੀ ਵਾਰਤਕ ਵਿਚ ਲਿਖੀ ਸ੍ਵੈ-ਜੀਵਨੀ ਹੈ। ਸੰਤ ਸੰਪੂਰਨ ਸਿੰਘ ਨੇ ਗ੍ਰਹਿਸਤ ਜੀਵਨ ਦੇ ਕਈ ਪੜਾਵਾਂ ਤੋਂ ਲੰਘ ਕੇ ਸੰਤ-ਜੀਵਨ ਗ੍ਰਹਿਣ ਕੀਤਾ ਸੀ। ਇਸ ਤੋਂ ਬਾਅਦ ਨਿਰਮਲ ਸੰਪ੍ਰਦਾਇ ਵਿਚ ਸ਼ਾਮਲ ਹੋਣ ਤੋਂ ਪਿੱਛੋਂ ਵੱਖ-ਵੱਖ ਵਿਚਾਰਾਂ ਦੇ ਮਹਾਂ ਪੁਰਸ਼ਾਂ ਨਾਲ ਆਪ ਦੇ ਸੰਬੰਧ ਬਣੇ ਹੋਏ ਸਨ। ਇਨ੍ਹਾਂ ਸੰਬੰਧਾਂ ਨੇ ਆਪਦੀ ਸ਼ਖਸੀਅਤ ਅਤੇ ਵਿਚਾਰਧਾਰਾ ਬਾਰੇ ਕਈ ਕਿਸਮ ਦੇ ਭੁਲੇਖੇ ਪਾ ਦਿੱਤੇ ਸਨ। ਆਪਣੇ ਵਿਅਕਤਿਤਵ ਨੂੰ ਨਿਖਾਰ ਕੇ ਲੋਕਾਂ ਸਾਹਮਣੇ ਰੱਖਣ ਦੇ ਪ੍ਰਯੋਜਨ ਨਾਲ ਇਹ ਸ੍ਵੈ-ਜੀਵਨੀ ਲਿਖੀ ਗਈ ਸੀ।

ਅੰਗ੍ਰੇਜ਼ੀ ਵਿੱਦਿਆ ਪੜ੍ਹੇ ਲਿਖੇ ਹੋਣ ਕਰਕੇ ਸੰਤ ਸੰਪੂਰਨ ਸਿੰਘ ਨੇ ਅੰਗ੍ਰੇਜ਼ੀ ਸਾਹਿਤ ਦਾ ਵੀ ਅਧਿਐਨ ਕੀਤਾ ਸੀ। ਆਧੁਨਿਕ ਸਾਹਿਤ ਦਾ ਆਪਦੀ ਸ਼ੈਲੀ ਉੱਤੇ ਪ੍ਰਭਾਵ ਹੈ। ਜੀਵਨੀ ਨੂੰ ਵਿਗਿਆਨਕ ਅਤੇ ਸਾਹਿਤਕ ਢੰਗ ਨਾਲ ਲਿਖਿਆ ਹੈ। ਆਪ ਦੀ ਸ਼ੈਲੀ ਵਿਚ ਸਾਦਗੀ ਤੇ ਰਵਾਨਗੀ ਹੈ, ਵਿਚਾਰਾਂ ਵਿਚ ਗੰਭੀਰਤਾ ਤੇ ਡੂੰਘਾਈ, ਬੋਲੀ ਸਰਲ ਤੇ ਸਾਹਿਤਕ ਹੈ। ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਦੀ ਲੜੀਵਾਰ ਗੋਂਦ ਹੈ। ਸਮਾਜਿਕ ਜੀਵਨ ਦੇ ਵਾਤਾਵਰਨ ਦਾ ਜੋ ਪ੍ਰਭਾਵ ਸੰਤ ਸੰਪੂਰਨ ਸਿੰਘ ਦੇ ਵਿਚਾਰਾਂ 'ਤੇ ਪਿਆ ਹੈ, ਉਸ ਦਾ ਉਲੇਖ ਇਸ ਜੀਵਨੀ ਵਿਚ ਕੀਤਾ ਗਿਆ ਹੈ। ਗ੍ਰਹਿਸਤ ਜੀਵਨ ਨੂੰ ਤਿਆਗਣ ਸਮੇਂ ਜੋ ਮਾਨਸਿਕ ਅਤੇ ਪਰਿਵਾਰਕ ਔਕੜਾਂ ਆਈਆਂ, ਉਨ੍ਹਾਂ ਨੂੰ ਵਿਸਥਾਰ ਨਾਲ ਬਿਆਨਿਆ ਹੈ। ਸੰਬੰਧੀਆਂ ਨਾਲੋਂ ਵਿਛੜਨ ਤੋਂ ਪਹਿਲਾਂ ਮਨ ਵਿਚ ਹੋ ਰਹੇ ਸੰਘਰਸ਼ ਦਾ ਯਥਾਰਕ ਢੰਗ ਨਾਲ ਵਿਸ਼ੇਲਸ਼ਨ ਕੀਤਾ ਗਿਆ ਹੈ। ਜੀਵਨ ਦੇ ਹਰ ਪੱਖ ਦੀ ਕੋਈ ਨਾ ਕੋਈ ਘਟਨਾ ਪੇਸ਼ ਕੀਤੀ ਗਈ ਹੈ। ਇਸ ਸ੍ਵੈ-ਜੀਵਨੀ ਵਿਚੋਂ ਉਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਮਿਲਦੇ ਹਨ ਜੋ ਗ੍ਰਹਿਸਤ ਜੀਵਨ ਨੂੰ

* *ਆਦਰਸ਼ ਦੇਵੀ, ਸੰਤ ਸੰਪੂਰਨ ਸਿੰਘ (ਪੰਨਾ 21)*

www.sikhbookclub.com

ਤਿਆਗ ਕੇ ਸਾਧੂ ਸਮਾਜ ਵਿਚ ਜਾਣ ਵਾਲੇ ਵਿਅਕਤੀ ਬਾਰੇ ਪੈਦਾ ਹੁੰਦੇ ਹਨ। ਇਸ ਤੋਂ ਉਪਰੰਤ ਇਹ ਪੁਸਤਕ ਸਾਧੂ ਸਮਾਜ ਦਾ ਇਕ ਸਹੀ ਚਿਤਰਨ ਆਖੀ ਜਾ ਸਕਦੀ ਹੈ। ਸੰਤ ਸ਼੍ਰੇਣੀ ਦੇ ਦੋਸ਼ਾਂ ਅਤੇ ਊਣਤਾਈਆਂ ਨੂੰ ਉਘਾੜਨ ਤੋਂ ਵੀ ਲੇਖਕ ਨੇ ਸੰਕੋਚ ਨਹੀਂ ਕੀਤਾ।

ਸੰਤ ਸੰਪੂਰਨ ਸਿੰਘ ਦੀ ਸਾਹਿਤਕ ਪ੍ਰਤਿਭਾ ਦਰਸਾਉਣ ਲਈ ਜੀਵਨ-ਗਾਥਾ ਵਿਚੋਂ ਕੁਝ ਵੰਨਗੀਆਂ ਦੇਂਦੇ ਹਾਂ। ਸਤਿਸੰਗ ਲਈ ਪ੍ਰੇਮ ਦਾ ਕਾਰਨ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਦੱਸਦੇ ਹਨ :-

"ਮੇਰਾ ਜੀਵਨ ਮੁੱਢ ਤੋਂ ਹੀ ਸੰਕੋਚੀ ਰਿਹਾ ਤੇ ਤੇ ਖ਼ਾਸ ਕਰ ਕੇ ਭੈੜੀ ਤੇ ਅਪਵਿੱਤਰ ਸੰਗਤ ਵੱਲੋਂ ਸੁੱਤੇ ਹੀ ਅਤਿਅੰਤ ਘ੍ਰਿਣਾਵਾਨ-ਬੱਸ। ਐਸੇ ਸੁਭਾਵ ਵਾਲੇ ਉੱਪਰ ਭਲਾ ਅਸਰ ਕੁਦਰਤੀ ਹੀ ਪ੍ਰਭਾਵ ਪਾ ਲਿਆ ਕਰਦਾ ਹੈ ਜਿਸ ਕਰ ਕੇ ਸਤਿਸੰਗ ਦੇ ਸ਼ੌਕ ਦੀ ਕਣੀ ਅੰਦਰ ਜਾਗ ਪਈ।"

(ਜੀਵਨ-ਗਾਥਾ, ਪੰਨਾ 9)

ਲੇਖਕ ਦੀ ਉਮਰ 7 ਵਰ੍ਹਿਆਂ ਦੀ ਸੀ ਤਾਂ ਉਨ੍ਹਾਂ ਦੇ ਮਾਤਾ ਜੀ ਪਰਲੋਕ ਸਿਧਾਰ ਗਏ। 18 ਵਰ੍ਹੇ ਦੀ ਉਮਰ ਵਿਚ ਇਨ੍ਹਾਂ ਦੇ ਜੀਵਨ ਵਿਚ ਇਕ ਇਸਤ੍ਰੀ ਆਈ। ਉਹਦੇ ਪੁੱਤਰ ਦੀ ਮੌਤ ਹੋ ਚੁੱਕੀ ਸੀ। ਸੰਤ ਸੰਪੂਰਨ ਸਿੰਘ ਦਾ ਰੰਗ ਰੂਪ ਤੇ ਮੁਹਾਂਦਰਾ ਉਸ ਦੇ ਪੁੱਤਰ ਵਰਗਾ ਸੀ। ਇਹ ਕਾਰਨ ਸੀ ਕਿ ਉਸ ਇਸਤ੍ਰੀ ਨੂੰ ਸੰਪੂਰਨ ਸਿੰਘ ਆਪਣਾ ਹੀ ਪੁੱਤਰ ਜਾਪਦਾ ਸੀ। ਉਹਦੇ ਦਿਲ ਵਿਚ ਸੰਪੂਰਨ ਸਿੰਘ ਲਈ ਮਾਂ-ਪਿਆਰ ਉਛਾਲੇ ਮਾਰਨ ਲੱਗਾ ਪਰ ਸੰਤ ਜੀ ਨੇ ਇਸ ਗੱਲ 'ਤੇ ਵਿਸ਼ਵਾਸ ਨਾ ਕੀਤਾ ਅਤੇ ਉਸ ਦੇ ਮਾਂ-ਪਿਆਰ 'ਤੇ ਸ਼ੰਕਾ ਪ੍ਰਗਟ ਕਰ ਦਿੱਤੀ। ਆਪਦੇ ਸ਼ੰਕੇ ਦਾ ਜੋ ਪ੍ਰਤੀਕਰਮ ਉਸ ਮਾਂ ਦੇ ਜਜ਼ਬਿਆਂ 'ਤੇ ਹੋਇਆ, ਉਸ ਦੀ ਅਭਿਵਿਅਕਤੀ ਕਰਨੀ ਸੰਤ ਸੰਪੂਰਨ ਸਿੰਘ ਦੀ ਇਕ ਸ਼ਲਾਘਾ ਯੋਗ ਵਾਰਤਕ ਹੈ :-

"ਸੁਣਦੇ ਸਾਰ ਮਾਤਾ ਜੀ ਦੇ ਅੰਦਰ ਇਕ ਐਸੀ ਪਿਆਰ ਦੀ ਰੌ ਚੱਲੀ ਕਿ ਉਹਨਾਂ ਨੇ ਬੇਇਖ਼ਤਿਆਰ ਹੋਇਆਂ ਮੇਰੇ ਸਿਰ ਨੂੰ ਗੋਦ ਵਿਚ ਲੈ ਕੇ ਵਾਰੋ ਵਾਰ ਦੋਨੋਂ ਥਣ ਮੂੰਹ ਵਿਚ ਦਿੱਤੇ। ਮੈਂ ਬਿਆਨ ਕੀ ਕਰਾਂ ਕਿ ਦੁੱਧ ਉਛਾਲੇ ਮਾਰ ਮਾਰ ਕੇ ਗਟ-ਗਟ ਮੇਰੇ ਸੰਘੋਂ ਉਤਰਦਾ ਜਾਣ ਲੱਗਾ। ਮੇਰੀ ਰੂਹ ਸਰੀਰ ਸਮੇਤ ਪਿਘਲ ਕੇ ਉਸ ਵੇਲੇ ਪਾਣੀ ਹੋ ਗਈ ਤੇ ਸਿਰ ਉਠਾ ਕੇ ਉਨ੍ਹਾਂ ਦੇ ਚਰਨਾਂ 'ਤੇ ਢਹਿ ਪਿਆ। ਉਹਨਾਂ ਨੇ ਪਿਆਰ ਦੇ ਕੇ ਅਸੀਸਾਂ ਦਿੰਦਿਆਂ ਉਠਾਇਆ ਤੇ ਫੇਰ ਆਪਣੇ ਆਪ ਨੂੰ ਮਾਨੋਂ ਸਦਕੇ ਕਰਦਿਆਂ ਮੈਨੂੰ ਨਿਵਾਜਿਆ।"

ਇਸਤ੍ਰੀ ਅੰਦਰ ਮਾਂ ਦੇ ਉਦਗਾਰਾਂ ਦਾ ਬਿਆਨ ਕਰਨ ਲੱਗਿਆਂ ਲੇਖਕ ਵਿਸ਼ੇ ਅਨੁਸਾਰ ਭਾਵਕ ਹੋ ਗਿਆ ਹੈ। ਜਜ਼ਬਿਆਂ ਨੂੰ ਪ੍ਰਗਟਾਉਣ ਲਈ ਸੂਖਮ ਸ਼ਬਦਾਂ ਦਾ ਵਹਾ ਆਪ ਮੁਹਾਰਾ ਹੈ। ਵਾਰਤਕ ਨੂੰ ਕਾਵਿਕ ਛੁਹਾਂ ਦੇ ਕੇ ਵੀ ਲੇਖਕ ਨੇ ਭਾਵ ਨੂੰ ਅਸਪੱਸ਼ਟ ਨਹੀਂ ਹੋਣ ਦਿੱਤਾ।

www.sikhbookclub.com

ਸੰਤ ਸੰਪੂਰਨ ਸਿੰਘ ਦੀ ਸਾਹਿਤਕ ਵਾਰਤਕ ਦੀ ਦੂਜੀ ਵਰਣਨ ਯੋਗ ਪੁਸਤਕ "ਉਨਤੀ ਦਾ ਮਾਰਗ" ਹੈ। ਇਹ ਸੰਤ ਲੇਖਕ ਦੇ ਨਿਬੰਧਾਂ ਦਾ ਸੰਗ੍ਰਹਿ ਹੈ। ਧਰਮ ਦੀ ਵਲਗਣ 'ਚੋਂ ਨਿਕਲ ਕੇ ਇਸ ਸੰਤ ਸਾਹਿਤਕਾਰ ਨੇ ਜੀਵਨ ਦੇ ਦੂਜੇ ਪੱਖਾਂ ਨੂੰ ਆਪਣੇ ਨਿਬੰਧਾਂ ਦਾ ਵਿਸ਼ਾ ਬਣਾਇਆ ਹੈ। ਵਿਸ਼ਾ ਵਸਤੂ ਅਤੇ ਰੂਪਕ ਪੱਖ ਤੋਂ ਇਹ ਪੁਸਤਕ ਨਾ ਕੇਵਲ ਨਿਰਮਲ ਸੰਪ੍ਰਦਾਇ ਦੇ ਸਾਹਿਤ ਵਿਚ ਬਲਕਿ ਉਸ ਕਾਲ ਦੇ ਸਮੁੱਚੇ ਪੰਜਾਬੀ ਸਾਹਿਤ ਵਿਚ ਇਕ ਮਹੱਤਤਾ ਰੱਖਦੀ ਹੈ। ਲੇਖਕ ਨਿਬੰਧ ਕਲਾ ਵਿਚ ਪ੍ਰਬੀਨ ਜਾਪਦਾ ਹੈ। ਸੰਤ ਸਾਹਿਤਕਾਰ ਨੇ ਮਨੁੱਖ ਨੂੰ ਜੀਵਨ ਵਿਚ ਉਤਸ਼ਾਹਤ ਰਹਿ ਕੇ ਸਦਾ ਅੱਗੇ ਵੱਧਣ ਲਈ ਪ੍ਰੇਰਿਆ ਹੈ। ਬੋਲੀ ਸਾਹਿਤਕ, ਵਾਕ ਨਿੱਕੇ, ਵਿਸ਼ੇ ਦੀ ਛੋਟੇ-ਛੋਟੇ ਪੈਰਿਆਂ ਵਿਚ ਵੰਡ ਅਤੇ ਵਿਸ਼ੇ ਦੀ ਪਕੜ ਨੂੰ ਪੂਰਨ ਤੌਰ 'ਤੇ ਕਾਇਮ ਰੱਖਣਾ ਆਪਦੀ ਨਿਬੰਧ-ਸ਼ੈਲੀ ਦੇ ਕੁਝ ਗੁਣ ਹਨ। 'ਉਨਤੀ' ਨਾਂ ਦੇ ਲੇਖ ਵਿਚੋਂ ਕੁਝ ਸਤਰਾਂ ਦੇਂਦੇ ਹਾਂ :-

"ਵੱਡੇ ਕੰਮ (ਨੌਕਰੀ) ਦੇ ਨਜਿੱਠਣ ਲਈ ਆਪਣੀਆਂ ਸ਼ਕਤੀਆਂ ਨੂੰ ਜਗਾਉਣ ਖ਼ਾਤਰ ਵਰਤਮਾਨ ਜਗ੍ਹਾ (ਅਸਾਮੀ) ਦੇ ਸਰੰਜਾਮ ਖ਼ਾਤਰ ਵੱਧ ਕੇ (ਰੁਚੀ ਤੇ ਲਯਾਕਤ) ਵਰਤੋ, ਇਉਂ ਕਰਦਿਆਂ ਹੋਇਆਂ ਭੀ ਜੇਕਰ ਤੁਹਾਡਾ ਮਾਲਕ ਤੁਹਾਡੀ ਯੋਗਤਾ ਵਾਲੀ ਆਸਾਮੀ (ਨੌਕਰੀ) ਤੁਹਾਨੂੰ ਨਹੀਂ ਪ੍ਰਦਾਨ ਕਰਦਾ ਤਾਂ ਆਪਣੀ ਸੇਵਾ ਕਿਸੇ ਦੂਸਰੇ ਮਾਲਕ ਨੂੰ ਅਰਪਣ ਕਰ ਦਿਉ। ਉੱਨਤਸ਼ਾਲੀ ਪੁਰਖ (Advancig man) ਲਈ ਸਦਾ ਹੀ ਬੇਅੰਤ ਜਗ੍ਹਾ ਮੌਜੂਦ ਰਹਿੰਦੀਆਂ ਹਨ। ਬਸ, ਆਪਣੇ ਮਨ ਨੂੰ ਜੋ ਕੁਝ ਬਣਾਉਣਾ ਚਾਹੁੰਦੇ ਹੋ, ਉਸ ਪਰ ਅਡੋਲ ਟਿਕਾਈ ਰੱਖੋ ਤੇ ਵਰਤਮਾਨ ਕੰਮ ਨੂੰ ਵਧਵੇਂ ਉਤਸ਼ਾਹ ਨਾਲ ਨਿਭਾਈ ਜਾਉ। ਫੇਰ ਦੇਖੋ ਕਿ ਤੁਹਾਡਾ ਅੰਦਰਲਾ ਕਿਸ ਤਰ੍ਹਾਂ ਤੁਹਾਡੀ ਦਸ਼ਾ ਨੂੰ ਉੱਨਤ ਹੋਣ ਵਾਸਤੇ ਹਰ ਇਕ ਮੌਕਾ (ਅਵਸਰ) ਝਟ ਤੁਹਾਡੇ ਵਾਸਤੇ ਲਿਆਈ ਜਾ ਰਿਹਾ ਹੈ। ਉਨ੍ਹਾਂ ਅਵਸਰਾਂ ਤੋਂ ਸਮੇਂ ਸਿਰ ਫਾਇਦਾ ਉਠਾਉਣ ਵਾਲਾ ਕੋਈ ਆਦਮੀ ਵੀ ਤੁਹਾਡੇ ਟਾਕਰੇ ਵਿਚ ਲੱਭਿਆਂ ਨਹੀਂ ਮਿਲ ਸਕੇਗਾ।"

(ਪੰਨਾ 23)

ਇਕ ਹੋਰ ਨਿਬੰਧ "ਬਚਨ ਬਿਲਾਸੀ ਘਾੜਤ" ਵਿਚ ਲਿਤਾੜੇ ਜਾ ਰਹੇ ਗ਼ਰੀਬ ਲੋਕਾਂ ਦੇ ਜੀਵਨ ਨੂੰ ਵਿਸ਼ਾ ਬਣਾਇਆ ਹੈ। ਲੇਖਕ ਗਰੀਬੀ ਦੇ ਕਾਰਨਾਂ ਦਾ ਵਿਸ਼ਲੇਸ਼ਨ ਕਰ ਕੇ ਲਿਤਾੜੀ ਜਾ ਰਹੀ ਜਨਤਾ ਨੂੰ ਕ੍ਰਾਂਤੀਕਾਰੀ ਮਾਰਗ ਅਪਣਾਉਣ ਲਈ ਉਤਸ਼ਾਹਤ ਕਰਦਾ ਹੈ। ਕੇਵਲ ਕ੍ਰਾਂਤੀ ਤੋਂ ਬਾਅਦ ਹੀ ਮਜ਼ਦੂਰ ਤਬਕਾ ਉੱਨਤੀ ਕਰ ਸਕੇਗਾ। ਇਸ ਵਿਚਾਰ ਨੂੰ ਜਿਸ ਢੰਗ ਨਾਲ ਨਿਭਾਇਆ ਹੈ, ਉਸ ਦਾ ਕੁਝ ਭਾਗ ਅੱਗੇ ਦੇਂਦੇ ਹਾਂ :-

"ਮਜ਼ਦੂਰ ਲੋਕ ਅਸਲ ਵਿਚ ਸੰਸਾਰ ਭਰ ਦੇ ਮਾਲਕ ਹਨ। ਉਹਨਾਂ ਨੇ ਹੀ ਇਹ ਸਭ ਕੁਝ ਬਣਾਇਆ ਸੁਆਰਿਆ ਹੈ ਅਤੇ ਚਾਹੁਣ ਤਾਂ ਉਹ ਕੱਲ੍ਹ ਹੀ ਸਭ ਕਾਸੇ ਨੂੰ ਆਪਣਾ ਬਣਾ

www.sikhbookclub.com

ਸਕਦੇ ਹਨ। ਜਿਸ ਵੇਲੇ ਉਹ ਚਾਹੁਣ, ਆਪਣਿਆਂ ਮਾਲਕਾਂ ਵਾਸਤੇ ਧਨ ਇਕੱਠਾ ਕਰਨ ਦਾ ਸਾਧਨ ਬਣਨ ਦੀ ਬਜਾਇ ਆਪਣੀ ਖ਼ਾਤਰ ਚੀਜ਼ਾਂ ਵਸਤਾਂ ਬਣਾਉਣ ਲਈ ਉਹ ਫ਼ੈਕਟਰੀਆਂ (ਕਾਰਖ਼ਾਨਿਆਂ) ਨੂੰ ਵਰਤਣ ਲੱਗ ਪੈਣ। (ਪੰਨਾ-66)

ਉਪਰੋਕਤ ਪੁਸਤਕ ਬਿਕ੍ਰਮੀ ਸੰਮਤ 1976 (1919 ਈ.) ਵਿਚ ਪ੍ਰਕਾਸ਼ਤ ਹੋਈ ਹੈ। ਸੰਤ ਸੰਪੂਰਨ ਸਿੰਘ ਨੇ ਆਪਣੀ ਜੀਵਨੀ ਤੋਂ ਇਲਾਵਾ ਮਹਾਂ ਪੁਰਸ਼ਾਂ ਦੇ ਜੀਵਨ ਵੀ ਲਿਖੇ ਹਨ। ਉਨ੍ਹਾਂ ਵਿਚੋਂ ਭਾਈ ਗੁਰਦਾਸ ਜੀ ਦੀ ਜੀਵਨੀ ਉੱਘੀ ਪੁਸਤਕ ਹੈ। ਇਹ ਪੁਸਤਕ ਬਿਕ੍ਰਮੀ ਸੰਮਤ 1986 (1929 ਈ.) ਵਿਚ ਪ੍ਰਕਾਸ਼ਤ ਹੋਈ ਹੈ। ਇਸ ਵਿਚ ਭਾਈ ਗੁਰਦਾਸ ਦੀ ਪੈਦਾਇਸ਼, ਵਿੱਦਿਆ ਅਤੇ ਕੋੜਮਾ ਕੁਟੰਬ ਬਾਰੇ ਇਤਿਹਾਸਕ ਦ੍ਰਿਸ਼ਟੀ ਤੋਂ ਚੰਗੀ ਤਰ੍ਹਾਂ ਵਿਚਾਰ ਕਰ ਕੇ ਅਤੇ ਘੋਖ ਕੇ ਲੇਖਕ ਨੇ ਆਪਣੀ ਰਾਇ ਸਥਾਪਿਤ ਕੀਤੀ ਹੈ। ਜੀਵਨੀ ਲਿਖਣ ਦੀ ਸ਼ੈਲੀ ਦੀ ਇਕ ਵੰਨਗੀ ਇਸ ਪ੍ਰਕਾਰ ਹੈ :-

ਭਾਈ ਸਾਹਿਬ ਦੀ ਵਿਦਿਆ—

"ਭਾਈ ਸਾਹਿਬ ਦੇ ਵਕਤ ਐਸੇ ਪਾਠਸ਼ਾਲਾ ਜਾਂ ਕਾਲਜ ਨਹੀਂ ਹੁੰਦੇ ਸਨ। ਬ੍ਰਾਹਮਣ ਪਾਠਸ਼ਾਲਾ ਭੀ ਇਤਨੀਆਂ ਅਧਿਕ ਨਹੀਂ ਹੁੰਦੀਆਂ ਸਨ। ਹਾਂ, ਮਕਤਬਾਂ ਦੀ ਪਰਪਾਟੀ ਬਹੁਤ ਸੀ ਪਰ ਭਾਈ ਜੀ ਦੀ ਬਾਬਤ ਇਹ ਗੱਲ ਜਾਨਣ ਵਿਚ ਨਹੀਂ ਆ ਸਕੀ ਕਿ ਆਪ ਅਮੁਕ ਪਾਠਸ਼ਾਲੇ ਯਾ ਮਕਤਬ ਵਿਚ ਪੜ੍ਹਨ ਬੈਠੇ ਸਨ ਅਥਵਾ ਬਾਲ ਅਵਸਥਾ ਵਿਚ ਬ੍ਰਹਮਚਾਰੀ ਬਿਰਤੀ ਧਾਰ ਕੇ ਕਾਂਸ਼ੀ ਵਿਚ ਪੜ੍ਹਨ ਗਏ ਸਨ।"

ਸੰਤ ਸੰਪੂਰਨ ਸਿੰਘ ਨੇ ਨਿਰਮਲ ਸੰਪ੍ਰਦਾਇ ਦੇ ਮਨੋਰਥਾਂ ਨੂੰ ਮੁੱਖ ਰੱਖਦਿਆਂ ਗੁਰਮਤ ਦੀ ਵਿਆਖਿਆ ਉੱਤੇ ਵੀ ਕੁਝ ਪੁਸਤਕਾਂ ਲਿਖੀਆਂ ਹਨ। 'ਗੁਰਮਤ ਸਿਧਾਂਤ ਬਯੋਗ' ਇਨ੍ਹਾਂ ਦੀ ਪ੍ਰਸਿੱਧ ਪੁਸਤਕ ਹੈ। ਇਸ ਵਿਚ ਗੁਰਮਤ ਦਰਸ਼ਨ ਦੀ ਪ੍ਰਸ਼ਨ-ਉੱਤਰ ਦੇ ਰੂਪ ਵਿਚ ਵਿਆਖਿਆ ਕੀਤੀ ਗਈ ਹੈ। ਗੁਰਮਤ ਦੇ ਮਾਰਗ ਉੱਤੇ ਆਉਣ ਵਾਲੇ ਜਗਿਆਸੂ ਦੇ ਮਨ ਵਿਚ ਉਤਪੰਨ ਹੋਣ ਵਾਲੇ ਹਰ ਸੰਭਵ ਪ੍ਰਸ਼ਨ ਦਾ ਉੱਤਰ ਦੇ ਕੇ ਨਵਿਰਤੀ ਕੀਤੀ ਗਈ ਹੈ। ਵਿਸ਼ੇ ਵਸਤੂ ਅਤੇ ਸ਼ੈਲੀ ਦੇ ਪੱਖ ਤੋਂ ਇਸ ਪੁਸਤਕ ਵਿਚ ਕੋਈ ਮੌਲਕਤਾ ਨਹੀਂ ਹੈ। ਦਰਸ਼ਨ ਨੂੰ ਦਲੀਲਾਂ ਸਹਿਤ ਸਪੱਸ਼ਟ ਕਰਨਾ ਲੇਖਕ ਦੀ ਪ੍ਰਤਿਭਾ ਦੀ ਵਿਲੱਖਣਤਾ ਹੈ।

ਸੰਤ ਸੰਪੂਰਨ ਸਿੰਘ ਦੀਆਂ ਰਚਨਾਵਾਂ ਵਿਚੋਂ ਵਾਰਤਕ ਵਿਚ ਲਿਖੀਆਂ ਦੋ ਹੋਰ ਪੁਸਤਕਾਂ ਵਿਸ਼ੇ ਵਸਤੂ ਦੇ ਪੱਖ ਤੋਂ ਮਹੱਤਤਾ ਰੱਖਦੀਆਂ ਹਨ। 'ਮੌਤ ਰਹੱਸਯ' ਪੁਸਤਕ ਦਾ ਵਿਸ਼ਾ ਲੇਖਕ ਨੇ ਅਧਿਆਤਮ ਰੰਗ ਵਿਚ ਪੇਸ਼ ਕੀਤਾ ਹੈ। ਇਸ ਵਿਚ ਆਤਮਾ ਅਤੇ ਸਰੀਰ ਦੇ ਸੰਬੰਧਾਂ ਬਾਰੇ ਲੇਖਕ ਦੇ ਅਨੁਭਵਾਂ ਦਾ ਪ੍ਰਗਟਾਵਾ ਹੈ। ਆਪਣੇ ਜੀਵਨ ਵਿਚ ਸੰਤ ਜੀ ਨੇ ਇਕ ਮਹਾਤਮਾ ਦੀ ਮੌਤ ਵੇਖੀ। ਉਸ ਦਾ ਜੋ ਪ੍ਰਤੀਕਰਮ ਹੋਇਆ, ਉਸ ਨੂੰ ਆਪ ਨੇ ਆਪਣੇ ਸ਼ਰਧਾਲੂਆਂ

www.sikhbookclub.com

ਲਈ ਕਾਨੀ-ਬੱਧ ਕੀਤਾ ਹੈ :-

"ਜਦ ਪਹਿਲਾਂ ਕਥਨ ਕੀਤੀ ਰੀਤੀ ਨਾਲ ਸਰੀਰ ਤੇ ਰੂਹ ਦਾ ਆਪੋ ਵਿਚ ਵਿਯੋਗ ਹੋ ਕੇ ਰੂਹ ਦਾ ਸਰੀਰ ਵਿਚੋਂ ਚਲਾਣਾ ਆਰੰਭ ਹੋਇਆ ਸੀ। ਉਸ ਸਮੇਂ ਐਉਂ ਜਾਪਿਆ ਜੋ ਵਿਦਯੁਤ ਤਤ ਸਰੂਪੀ ਤੇਜ਼ ਚੁੰਬਕ ਪ੍ਰਭਾਵ ਸ਼ਕਤੀ ਸਾਰੀ ਅੰਦਰਲੀ ਬਾਹਰਲੀ (ਮਾਨਸਕ ਸਰੀਰਕ ਕ੍ਰਿਆ) ਪ੍ਰਾਣਿਕ ਸੱਤਾ, ਗਿਆਨ ਕਰਮ ਸਰੂਪ....ਸ਼ਕਤੀ ਸਭ ਦੀਆਂ ਸਭ ਦਿਮਾਗ਼ ਵਿਚ ਖਿੱਚੀਆਂ ਚੱਲੀਆਂ ਆ ਰਹੀਆਂ ਹਨ ਤੇ ਇਕ ਕਿਸੇ ਖ਼ਾਸ ਕੇਂਦਰ ਉੱਪਰ ਸੰਚਿਤ ਹੋ ਰਹੀਆਂ ਹਨ। ਸਿਰ (ਮਸਤਕ) ਡਾਢਾ ਦਮਕ ਉਠਿਆ।" (ਪੰਨਾ 26)

ਲੇਖਕ ਨੇ ਪਾਠਕਾਂ ਸਾਹਮਣੇ ਸਰੀਰ ਨਾਲੋਂ ਵਿਛੜ ਰਹੀ ਆਤਮਾ ਦਾ ਚਿਤਰਨ ਚਿਤ੍ਰਿਆ ਹੈ। ਅਧਿਆਤਮਕ ਵਿਸ਼ਾ ਹੋਣ ਕਰ ਕੇ ਸ਼ਬਦਾਵਲੀ ਵਿਸ਼ੇ ਅਨੁਸਾਰ ਵਿਦਵਤਾ ਭਰਪੂਰ ਹੈ। ਉੱਨਤੀ ਮਾਰਗ ਵਿਚ ਅੰਕਿਤ ਲੇਖਾਂ ਦੀ ਬੋਲੀ ਸਦਾਚਾਰਕ ਵਿਸ਼ਿਆਂ ਵਾਲੀ ਲਿਖੀ ਗਈ ਹੈ ਅਤੇ 'ਮੌਤ ਰਹੱਸਯ' ਪੁਸਤਕ ਵਿਚ ਭਾਸ਼ਾ, ਗੰਭੀਰ ਅਤੇ ਵਿਦਵਾਨਾਂ ਵਾਲੀ ਹੈ। ਵਿਸ਼ੇ ਨੂੰ ਮੁੱਖ ਰੱਖ ਕੇ ਬੋਲੀ ਦਾ ਪ੍ਰਯੋਗ ਕਰਨਾ ਲੇਖਕ ਦੀ ਸਾਹਿਤਕ ਪ੍ਰਤਿਭਾ ਦੀ ਸੂਚਕ ਹੈ।

ਸਮੁੱਚੇ ਤੌਰ 'ਤੇ ਸੰਤ ਸੰਪੂਰਨ ਸਿੰਘ ਦੀ ਵਾਰਤਕ ਵਿਸ਼ੇ ਵਸਤੂ ਅਤੇ ਸ਼ੈਲੀ ਦੇ ਪੱਖ ਤੋਂ ਨਿਰਮਲੇ ਸੰਤਾਂ ਦੇ ਲਿਖੇ ਪੰਜਾਬੀ ਸਾਹਿਤ ਵਿਚ ਇਕ ਵਿਲੱਖਣ ਢੰਗ ਦਾ ਵਾਧਾ ਹੈ। ਸ੍ਵੈ-ਜੀਵਨੀ ਅਤੇ ਉੱਨਤੀ ਮਾਰਗ ਜਿਹੀਆਂ ਪੁਸਤਕਾਂ ਲਿਖ ਕੇ ਸੰਤ ਜੀ ਨੇ ਉਸ ਕਾਲ ਦੇ ਸਾਰੇ ਪੰਜਾਬੀ ਸਾਹਿਤ ਨੂੰ ਮਹੱਤਵਪੂਰਨ ਦੇਣ ਦਿੱਤੀ ਹੈ। ਸੰਤ ਸੰਪੂਰਨ ਸਿੰਘ ਨਿਰਮਲ ਸੰਪ੍ਰਦਾਇ ਦੇ ਪੰਜਾਬੀ ਸਾਹਿਤਕਾਰਾਂ ਦੀ ਪਰੰਪਰਾ ਵਿਚ ਇਕ ਮੀਲ ਪੱਥਰ ਹੈ। ਸੰਤ ਸੰਪੂਰਨ ਸਿੰਘ ਨੇ ਨਿਰਮਲੇ ਸਾਹਿਤਕਾਰਾਂ ਦੀ ਧਾਰਮਿਕ ਸਾਹਿਤ ਲਿਖਣ ਦੀ ਰੀਤ ਨੂੰ ਤੋੜ ਕੇ ਜੀਵਨ ਦੇ ਸਮਾਜਿਕ ਅਤੇ ਸਦਾਚਾਰਕ ਪੱਖਾਂ ਨੂੰ ਸਾਹਿਤ ਵਿਚ ਸ਼ਾਮਲ ਕੀਤਾ ਹੈ। ਸੰਤ ਜੀ ਦੀਆਂ ਕਾਵਿ-ਪੁਸਤਕਾਂ ਅਤੇ ਟੀਕਿਆਂ ਦੀ ਚਰਚਾ ਅਸੀਂ ਵੱਖਰੇ ਸਿਰਲੇਖ ਹੇਠ ਕਰਾਂਗੇ। ਸੰਤ ਸੰਪੂਰਨ ਸਿੰਘ ਦਾ ਦੇਹਾਂਤ ਬਿਕ੍ਰਮੀ ਸੰਮਤ 2003 (1946 ਈ.) ਵਿਚ ਹੋਇਆ।

ਇਸ ਕਾਲ ਦੇ ਇਕ ਹੋਰ ਉੱਘੇ ਨਿਰਮਲੇ ਵਿਦਵਾਨ ਸਾਹਿਤਕਾਰ ਪੰਡਤ ਨਰੈਣ ਸਿੰਘ ਜੀ ਹੋਏ ਹਨ। ਪੰਡਤ ਨਰੈਣ ਸਿੰਘ ਜੀ ਵਿਰਕਤ ਨਿਰਮਲੇ ਸੰਤ ਸਨ। ਇਨ੍ਹਾਂ ਨੇ ਪੰਡਤ ਗੁਲਾਬ ਸਿੰਘ ਦੀ ਵੇਦਾਂਤ ਉੱਤੇ ਲਿਖੀ ਪੁਸਤਕ ਪ੍ਰਬੋਧ ਚੰਦਰ ਨਾਟਕ ਦਾ ਪੰਜਾਬੀ ਟੀਕਾ ਕੀਤਾ ਹੈ। ਏਸੇ ਪੁਸਤਕ ਦੇ ਅੰਤ 'ਤੇ ਆਪਣੀ ਸੰਪ੍ਰਦਾਇ ਬਾਰੇ ਲਿਖਿਆ ਹੈ :-

"ਵਿਦਿਆ ਪੜ੍ਹਨ ਸੁ ਕਾਰਨੇ ਦੇ ਦੇਸ਼ ਰਟਨ ਪੁਨ ਕੀਨ।
ਸਾਧੂ ਬ੍ਰਿਤੀ ਫਿਰਿ ਦੇਸ ਬਹੁ ਪੁਨ ਮਨ ਵਿਦਯਾ ਚੀਨ।
ਤਰਨ ਤਾਰਨ ਗੁਰਧਾਮ ਮੇਂ ਵਿਦਯਾ ਲਯ ਸੁਭ ਥਾਨ।

www.sikhbookclub.com

ਤਾ ਮੈ ਇਸਥਿਤ ਹੋਇ ਪੁਨ ਕੀਨ ਵਿਦਯਾ ਅਨੁਸ਼ਠਾਨ।
ਗੁਰ ਘਰ ਕੀ ਸਭ ਵਿਦਯਾ ਪੜ੍ਹੀ ਸੁਮਨ ਚਿਤ ਲਾਇ।
ਤਾਂ ਤੇ ਗਿਆਨੀ ਕਹਿਤ ਹੈਂ ਸਜਨ ਸਭੀ ਬਲਾਇ।
ਨਹ ਬਲ ਵਿਦਯਾ ਅਕਲ ਕੋ ਕੇਵਲ ਗੁਰ ਪ੍ਰਸਾਦਿ।
ਜਾਂ ਸੰਤਨ ਕੌ ਆਸਰਾ ਧਰਿ ਹੋ ਆਦਿ ਜੁਗਾਦਿ।
ਲਵਪੁਰ ਰਾਵੀ ਨਦੀ ਤਟ ਸ਼ਾਹਦਰਾ ਸ਼ੁਭ ਗ੍ਰਾਮ।
ਤਾ ਮੇਂ ਗੁਰ ਅਸਥਾਨ ਮਮ ਨਿਰਮਲ ਆਸ਼੍ਰਮ ਧਾਮ।
ਸ੍ਰੀ ਸ਼ਾਂਤਿ ਰੂਪ ਸ਼ੁਭ ਆਤਮਾ ਤੇਜ ਪੁੰਜ ਮਹਿਤਾਬ।
ਮੇਰੇ ਗੁਰ ਤਿਨ ਨਾਮ ਸ਼ੁਭ ਸੰਤ ਸੁ ਸਿੰਘ ਮਤਾਬ।
ਤਾਂ ਕੇ ਚਰਨ ਸਰੋਜ ਕੋ ਨਮੋ ਕਰੋਂ ਲਖ ਵਾਰ।
ਜਿਨ ਅੰਮ੍ਰਿਤ ਅਚਵਾਯ ਕੈ ਭਵ ਨਿਧ ਤੈ ਕਰਿ ਪਿਆਰ।

ਉਪਰੋਕਤ ਜਾਣਕਾਰੀ ਤੋਂ ਵੱਧ ਆਪਦੇ ਜੀਵਨ ਬਾਰੇ ਕੁਝ ਵੀ ਪ੍ਰਾਪਤ ਨਹੀਂ ਹੋ ਸਕਿਆ। ਨਰੈਣ ਸਿੰਘ ਜੀ ਪ੍ਰਸਿੱਧ ਟੀਕਾਕਾਰ ਹਨ। ਟੀਕਿਆਂ ਤੋਂ ਇਲਾਵਾ ਇਨ੍ਹਾਂ ਨੇ ਪੰਜਾਬੀ ਵਾਰਤਕ ਦੀਆਂ ਦੋ ਪੁਸਤਕਾਂ ਸਾਖੀਆਂ ਦੇ ਰੂਪ ਵਿਚ ਲਿਖੀਆਂ ਹਨ : 'ਸ੍ਰੀ ਗੁਰ ਭਗਤ ਮਾਲਾ ਸਟੀਕ' ਤੇ ਸਾਖੀ ਪ੍ਰਮਾਣ ਭਗਤ ਮਾਲਾ। ਇਨ੍ਹਾਂ ਦੋਹਾਂ ਪੁਸਤਕਾਂ ਵਿਚ ਉਹਨਾਂ ਭਗਤਾਂ, ਮੁਨੀਆਂ, ਅਵਤਾਰਾਂ ਆਦਿ ਦੇ ਜੀਵਨ ਦੀਆਂ ਕਥਾਵਾਂ ਤੇ ਸਾਖੀਆਂ ਹਨ ਜਿਨ੍ਹਾਂ ਦਾ ਜ਼ਿਕਰ ਆਦਿ ਗ੍ਰੰਥ ਦੀ ਬਾਣੀ ਵਿਚ ਥਾਂ-ਥਾਂ 'ਤੇ ਆਉਂਦਾ ਹੈ। ਇਹ ਪੁਸਤਕਾਂ ਗੁਰਬਾਣੀ ਦੇ ਪ੍ਰਸੰਗਾਂ ਨੂੰ ਸਮਝਣ ਵਿਚ ਸਹਾਇਕ ਹੁੰਦੀਆਂ ਹਨ। ਇਨ੍ਹਾਂ ਸਾਖੀਆਂ ਦੀ ਮਹੱਤਤਾ ਦਰਸਾਉਣ ਲਈ ਲੇਖਕ ਨੇ ਗੁਰਬਾਣੀ ਵਿਚੋਂ ਉਹ ਹਵਾਲੇ ਦਿੱਤੇ ਹਨ ਜਿਨ੍ਹਾਂ ਵਿਚ ਭਗਤਾਂ ਅਤੇ ਉਨ੍ਹਾਂ ਦੇ ਜੀਵਨ ਦੀ ਸ਼ਲਾਘਾ ਕੀਤੀ ਗਈ ਹੈ। ਇਹ ਸਾਖੀਆਂ ਪ੍ਰਸਤੁਤ ਕਰਨ ਦਾ ਮਨੋਰਥ ਦੱਸਦਿਆਂ ਨਰੈਣ ਸਿੰਘ ਨੇ ਲਿਖਿਆ ਹੈ ਕਿ ਭਗਤਾਂ ਦੀਆਂ ਸਾਖੀਆਂ ਹਿਰਦੇ ਦੀ ਮੈਲ ਹਰਦੀਆਂ ਤੇ ਪਾਪਾਂ ਦਾ ਖੰਡਨ ਕਰਦੀਆਂ ਹਨ।

ਪੰਡਤ ਨਰੈਣ ਸਿੰਘ ਦੀ ਵਾਰਤਕ ਸਰਲ ਪੰਜਾਬੀ ਵਿਚ ਸਾਹਿਤਕ ਗੁਣਾਂ ਵਾਲੀ ਹੈ। ਸਾਖੀ ਬਿਆਨ ਕਰਨ ਦਾ ਢੰਗ ਰੌਚਿਕ ਤੇ ਰਸਿਕ ਹੈ। ਘਟਨਾਵਾਂ ਦੇ ਵਾਤਾਵਰਨ ਅਨੁਕੂਲ ਸ਼ਬਦਾਵਲੀ ਅਤੇ ਭਾਵਾਂ ਨੂੰ ਇਕ ਸੁਰ ਕਰ ਕੇ ਪਾਠਕ ਤੇ ਲੋੜੀਂਦਾ ਪ੍ਰਭਾਵ ਪਾਇਆ ਹੈ। ਧ੍ਰੂ ਭਗਤ ਦੀ ਸਾਖੀ ਇਹਨਾਂ ਦੀ ਸੁੰਦਰ ਪੰਜਾਬੀ ਵਾਰਤਕ ਦਾ ਸਜੀਵ ਪ੍ਰਮਾਣ ਹੈ। ਸਾਖੀ ਅਨੁਸਾਰ ਜਦੋਂ ਧ੍ਰੂ ਰੋਂਦਾ ਰੋਂਦਾ ਮਾਂ ਤੋਂ ਪੁੱਛਦਾ ਹੈ ਕਿ ਉਹ ਦਾਸੀ ਹੈ ਜਾਂ ਰਾਣੀ ? ਤਾਂ ਮਾਂ ਦਾ ਦਿਲ ਭਰ ਆਉਂਦਾ ਹੈ :-

www.sikhbookclub.com

"ਪੁੱਤਰ ਦੀ ਇਹ ਗੱਲ ਸੁਣ ਕੇ ਸੁਨੀਤੀ ਸੋਚੀਂ ਪੈ ਗਈ। ਉਹਦਾ ਸਿਰ ਚਕਰਾਉਣ ਲੱਗ ਪਿਆ। ਉਹ ਸੋਚਣ ਲੱਗੀ ਕਿ ਹੋ ਸਕਦਾ ਹੈ ਕਿਸੇ ਬਾਲਕ ਨੇ ਇਸ ਨੂੰ ਤਾਹਨਾ ਮਾਰਿਆ ਹੋਵੇ। ਉਹ ਕੀ ਉੱਤਰ ਦੇਵੇ ? ਉਹਦੇ ਦਿਲ ਦੀ ਧੜਕਣ ਵੱਧ ਗਈ, ਅੱਖਾਂ ਵਿਚ ਅੱਥਰੂ ਕਿਰ ਕੇ ਧ੍ਰੂ ਦੇ ਮੂੰਹ ਉੱਤੇ ਡਿੱਗ ਪਏ। ਉਨ੍ਹਾਂ ਅੱਥਰੂਆਂ ਦੀ ਗਰਮਾਈ ਨੇ ਧ੍ਰੂ ਨੂੰ ਸਾਰਾ ਗਿਆਨ ਕਰਵਾ ਦਿੱਤਾ।"*

ਜਜ਼ਬਿਆਂ ਦੇ ਵੇਗ ਵਿਚ ਆਈ ਧ੍ਰੂ ਦੀ ਮਾਂ ਦੇ ਅੰਤ੍ਰੀਵ ਭਾਵਾਂ ਨੂੰ ਨਿੱਘੇ ਅੱਥਰੂਆਂ ਦੀ ਬੋਲੀ ਵਿਚ ਆਖ ਕੇ ਲੇਖਕ ਪਾਠਕ ਦੇ ਮਨ 'ਤੇ ਸੂਖਮ ਪ੍ਰਭਾਵ ਪਾਉਣ ਵਿਚ ਸਫਲ ਹੋਇਆ ਹੈ। ਵਿਸ਼ੇ ਦੇ ਪੱਖ ਤੋਂ ਸਾਖੀਆਂ ਦੀਆਂ ਇਹ ਪੁਸਤਕਾਂ ਨਵੀਨ ਜਾਂ ਮੌਲਿਕ ਨਹੀਂ ਕਹੀਆਂ ਜਾ ਸਕਦੀਆਂ, ਪ੍ਰੰਤੂ ਨਰੈਣ ਸਿੰਘ ਦਾ ਪ੍ਰਸਤੁਤ ਢੰਗ ਅਤੇ ਵਾਰਤਕ ਸ਼ੈਲੀ ਪੰਜਾਬੀ ਸਾਹਿਤ ਵਿਚ ਕਦਰ ਯੋਗ ਸਥਾਨ ਰੱਖਦੀਆਂ ਹਨ। ਹਰ ਸਾਖੀ ਦੇ ਅੰਤ 'ਤੇ ਲੇਖਕ ਨੇ ਸਾਖੀ ਦੇ ਉਪਦੇਸ਼ ਨੂੰ ਆਪਣੇ ਸ਼ਬਦਾਂ ਵਿਚ ਵੱਖਰਾ ਲਿਖ ਕੇ ਸਪੱਸ਼ਟ ਕੀਤਾ ਹੈ।

ਨਿਰਮਲ ਸੰਪ੍ਰਦਾਇ ਦੇ ਸਾਹਿਤਕਾਰਾਂ ਨੇ ਆਪਣੀ ਸੰਪ੍ਰਦਾਇ ਦੇ ਇਤਿਹਾਸ ਅਤੇ ਸਾਹਿਤ ਬਾਰੇ ਖੋਜ ਕਰ ਕੇ ਕੁਝ ਪੁਸਤਕਾਂ ਪੰਜਾਬੀ ਵਿਚ ਲਿਖੀਆਂ ਹਨ। ਇਨ੍ਹਾਂ ਵਿਚ ਸੰਪ੍ਰਦਾਇ ਦਾ ਪੂਰਾ ਇਤਿਹਾਸ ਲਿਖਣ ਤੋਂ ਇਲਾਵਾ ਸੰਪ੍ਰਦਾਇ ਦੇ ਸੰਤਾਂ ਦੀਆਂ ਜੀਵਨੀਆਂ—ਪ੍ਰਚਾਰਕ ਵਿਦਵਾਨਾਂ ਦੀ ਵਿਸ਼ੇਸ਼ ਸੇਵਾ ਅਤੇ ਸਾਹਿਤਕਾਰ ਸੰਤਾਂ ਦੀਆਂ ਰਚਨਾਵਾਂ ਬਾਰੇ ਸਵਿਸਥਾਰ ਜਾਣਕਾਰੀ ਦਿੱਤੀ ਗਈ ਹੈ।

ਨਿਰਮਲ ਪੰਥ ਪ੍ਰਦੀਪਕਾ :- ਨਿਰਮਲ ਸੰਪ੍ਰਦਾਇ ਦੇ ਮੁੱਢ ਅਤੇ ਇਤਿਹਾਸ ਦੇ ਸੰਬੰਧ ਵਿਚ ਪਹਿਲੀ ਖੋਜ ਪੁਸਤਕ ਹੈ ਜੋ ਗਿਆਨੀ ਗਿਆਨ ਸਿੰਘ ਨੇ ਲਿਖੀ ਅਤੇ ਪਹਿਲੀ ਵਾਰ 1891 ਈਸਵੀ ਵਿਚ ਪ੍ਰਕਾਸ਼ਤ ਹੋਈ। ਇਸ ਵਿਚ ਪ੍ਰਾਚੀਨ ਸਾਖੀਆਂ ਦੇ ਆਧਾਰ 'ਤੇ ਸੰਪ੍ਰਦਾਇ ਦਾ ਸੰਖੇਪ ਇਤਿਹਾਸ ਲਿਖਿਆ ਹੋਇਆ ਹੈ।

ਨਿਰਮਲ ਸੰਪ੍ਰਦਾਇ ਦਾ ਦੂਜਾ ਵਿਦਵਾਨ ਇਤਿਹਾਸਕਾਰ ਮਹੰਤ ਦਿਆਲ ਸਿੰਘ ਹੈ। ਸੰਤ ਦਿਆਲ ਸਿੰਘ ਦਾ ਜਨਮ ਪਿੰਡ ਢੁਡਿਆਲ, ਜ਼ਿਲ੍ਹਾ ਜੇਹਲਮ ਵਿਚ ਸੰਮਤ 1945 ਬਿਕਰਮੀ (1888 ਈ.) ਵਿਚ ਹੋਇਆ। 1901 ਈਸਵੀ ਵਿਚ ਪੰਚਾਇਤੀ ਨਿਰਮਲ ਅਖਾੜਾ ਪਿੰਡ ਢੁਡਿਆਲ ਵਿਚ ਪੁੱਜਾ। ਅਖਾੜੇ ਦਾ ਸਤਿਸੰਗ ਅਤੇ ਕੀਰਤਨ ਸੁਣ ਕੇ ਦਿਆਲ ਸਿੰਘ ਦੀ ਮਾਤਾ ਬਹੁਤ ਪ੍ਰਭਾਵਤ ਹੋਈ ਅਤੇ ਆਪਣੇ ਪੁੱਤਰ ਦਿਆਲ ਸਿੰਘ ਨੂੰ ਧਾਰਮਿਕ ਸਿੱਖਿਆ ਲਈ ਅਖਾੜੇ ਦੇ ਸੰਤਾਂ ਨਾਲ ਤੋਰ ਦਿੱਤਾ। ਇਸ ਰਮਤੇ ਅਖਾੜੇ ਵਿਚੋਂ ਪੰਡਿਤ ਜੀਵਨ ਸਿੰਘ ਨੂੰ ਦਿਆਲ ਸਿੰਘ ਨੇ ਆਪਣਾ ਸਿੱਖਿਆ-ਗੁਰੂ ਧਾਰਨ ਕਰ ਕੇ ਨਿਰਮਲ ਸੰਪ੍ਰਦਾਇ ਨਾਲ ਸੰਪਰਕ ਜੋੜ ਲਿਆ। 1932 ਈ. ਵਿਚ ਜੀਵਨ ਸਿੰਘ ਦੀ ਮੌਤ ਤੋਂ ਬਾਅਦ ਨਿਰਮਲ

** ਸਾਖੀ ਪ੍ਰਮਾਣ ਭਗਤ ਮਾਲ (ਪੰਨਾ 369)*

www.sikhbookclub.com

ਮਰਿਆਦਾ ਅਨੁਸਾਰ ਡੇਰੇ ਦੀ ਦਸਤਾਰ ਦਿਆਲ ਸਿੰਘ ਨੂੰ ਬਖ਼ਸ਼ੀ।

ਮਹੰਤ ਦਿਆਲ ਸਿੰਘ ਨਿਰਮਲ ਸੰਪ੍ਰਦਾਇ ਦਾ ਪ੍ਰਤੀਨਿਧ ਵਿਦਵਾਨ ਸਾਹਿਤਕਾਰ ਹੈ। ਇਸ ਨੇ ਅਣਥੱਕ ਘਾਲਣਾ ਘਾਲ ਕੇ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਨੂੰ ਚਾਰ ਜਿਲਦਾਂ ਵਿਚ ਲਿਖਿਆ ਹੈ। ਇਸ ਇਤਿਹਾਸ ਵਿਚ ਸੰਪ੍ਰਦਾਇ ਦੇ ਸਵਿਸਥਾਰ ਇਤਿਹਾਸ ਤੋਂ ਇਲਾਵਾ ਭਾਰਤ ਦੇ ਲਗਭਗ ਸਾਰੇ ਨਿਰਮਲੇ ਸੰਤਾਂ ਦੀ ਸੂਚੀ ਅਤੇ ਉਨ੍ਹਾਂ ਦੇ ਸੰਖੇਪ ਜੀਵਨ ਦਿੱਤੇ ਹਨ। ਵਿਸ਼ੇਸ਼ ਨਿਰਮਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਸੂਚੀ ਅਤੇ ਉਨ੍ਹਾਂ ਦਾ ਵਿਸ਼ਾ ਵਸਤੂ ਵੀ ਦੱਸਿਆ ਹੈ। ਦਿਆਲ ਸਿੰਘ ਦੀ ਇਸ ਇਤਿਹਾਸਕ ਕਿਰਤ ਵਿਚ ਇਤਿਹਾਸਕ ਅਤੇ ਸਾਹਿਤਕ ਲੋੜ ਪੂਰੀ ਕਰਨ ਦੀ ਦੂਹਰੀ ਸ਼ਕਤੀ ਹੈ। ਦਿਆਲ ਸਿੰਘ ਦੀ ਪੰਜਾਬੀ ਵਾਰਤਕ ਵਿਚ ਬ੍ਰਿਜੀ ਤੇ ਹਿੰਦੀ ਸ਼ਬਦਾਵਲੀ ਅਲੋਪ ਹੈ, ਉਸ ਦੀ ਬੋਲੀ ਅਧੁਨਿਕ ਪੰਜਾਬੀ ਹੈ ਅਤੇ ਪ੍ਰਚਲਤ ਉਰਦੂ ਸ਼ਬਦਾਵਲੀ ਦਾ ਪ੍ਰਯੋਗ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਵਾਰਤਕ ਸ਼ੈਲੀ ਸਰਲ ਤੇ ਸੁਖੈਨ ਹੈ, ਢੰਗ ਬਿਆਨਿਆ ਹੈ। ਮਹੰਤ ਦਿਆਲ ਸਿੰਘ ਦੀ ਵਾਰਤਕ ਸ਼ੈਲੀ ਦੀ ਵੰਨਗੀ ਇਸ ਪ੍ਰਕਾਰ ਹੈ :-

ਇਸ ਤਰ੍ਹਾਂ ਗੁਰੂ ਜੀ ਨੇ ਪ੍ਰਸੰਨਤਾ ਭਰੇ ਮੁੱਖ ਨਾਲ ਕਿਹਾ ਕਿ ਸਾਡਾ ਦੋ ਤਰ੍ਹਾਂ ਦਾ ਹੀ ਪੰਥ ਪ੍ਰਸਿੱਧ ਰਹੇਗਾ। ਇਕ ਤਾਂ ਭਗਤੀ, ਨਾਮ, ਗਿਆਨ ਰੂਪ ਖੜਗਧਾਰੀ ਜੋ ਅੰਤ੍ਰੀਵ ਕਾਮ, ਕ੍ਰੋਧ ਆਦਿ ਦੁਸ਼ਟਾਂ ਦਾ ਨਾਸ਼ ਕਰਨ ਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਚਲਤ ਕੀਤਾ ਨਿਰਮਲ ਪੰਥ ਨਾਮ ਕਰਕੇ। ਦੂਜਾ ਸ਼ਸਤ੍ਰਧਾਰੀ ਖ਼ਾਲਸਾ ਜੋ ਅਧਰਮੀ ਪਾਪੀਆਂ ਦਾ ਸਰੀਰਕ ਬਲ ਕਰਕੇ ਨਾਸ਼ ਕਰੇਗਾ। ਇਸ ਤਰ੍ਹਾਂ ਪ੍ਰੇਮ ਭਰੇ ਸ਼ਬਦ ਕਹਿ ਕੇ ਯਥਾ ਯੋਗ ਸਭਨਾਂ ਪਾਸੋਂ ਸੁੱਖ ਸਾਂਦ ਪੁੱਛੀ। ਦੀਵਾਨ ਸਮਾਪਤੀ ਤੋਂ ਬਾਅਦ ਸਭ ਦੇ ਥਾਉਂ ਥਾਈਂ ਡੇਰੇ ਲਵਾਏ।

ਗੁਰਦਵਾਰਾ ਤਹਿਰੀਕ ਨਾਲ ਹੁਣ ਵਤਨ ਪ੍ਰਸਤੀ ਦਾ ਜਜ਼ਬਾ ਵੀ ਉਠਿਆ ਹੋਇਆ ਸੀ। ਇਸ ਲਈ ਸੰਨ 1927–28 ਵਿਚ ਸਾਈਮਨ ਕਮਿਸ਼ਨ ਅਤੇ ਨਹਿਰੂ ਰਿਪੋਰਟ ਦੇ ਖ਼ਿਲਾਫ਼ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ......" ਮਹੰਤ ਦਿਆਲ ਸਿੰਘ ਨੇ ਉਪਰੋਕਤ ਇਤਿਹਾਸ ਨੂੰ ਵਰਗੀਕਰਨ ਕਰਕੇ ਚਾਰ ਅੰਗਾਂ ਵਿਚ ਵੰਡਿਆ ਹੈ :-

(1) ਨਿਰਮਲ ਸੰਪ੍ਰਦਾਇ ਦੀ ਪਿੱਠ ਭੂਮੀ ਅਤੇ ਇਤਿਹਾਸ।
(2) ਸੰਪ੍ਰਦਾਇ ਦੇ ਪ੍ਰਸਿੱਧ ਸੰਤਾਂ ਦੀਆਂ ਸੰਖੇਪ ਜੀਵਨੀਆਂ ਅਤੇ ਉਨ੍ਹਾਂ ਦੇ ਡੇਰਿਆਂ ਦੀ ਸੂਚੀ।
(3) ਨਿਰਮਲੇ ਸਾਹਿਤਕਾਰਾਂ ਦੀਆਂ ਜੀਵਨੀਆਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੀ ਜਾਣ-ਪਛਾਣ।
(4) ਭਾਰਤ ਦੀਆਂ ਦੂਜੀਆਂ ਸਿੱਖ ਸੰਪ੍ਰਦਾਵਾਂ ਅਤੇ ਪ੍ਰਸਿੱਧ ਤੀਰਥ ਸਥਾਨਾਂ ਦੀ ਸੰਖਿਪਤ

' ਨਿਰਮਲ ਪੰਥ ਦਰਸ਼ਨ, ਭਾਗ ਪਹਿਲਾ (ਪੰਨਾ 168, 226)

www.sikhbookclub.com

ਜਾਣਕਾਰੀ।

ਮਹੰਤ ਦਿਆਲ ਸਿੰਘ ਦੀ ਦੂਜੀ ਖੋਜ ਪੁਸਤਕ "ਬਾਬੇ ਨਾਨਕ ਦਾ ਨਿਰਮਲ ਪੰਥ" ਹੈ। ਇਸ ਦਾ ਵਿਸ਼ਾ ਨਿਰਮਲੇ ਸੰਪ੍ਰਦਾਇ ਬਾਰੇ ਉਠੇ ਪ੍ਰਸ਼ਨਾਂ ਅਤੇ ਇਨ੍ਹਾਂ ਸੰਤਾਂ ਉੱਤੇ ਸਿੱਖ ਮਰਿਆਦਾ ਅਨੁਸਾਰ ਜੀਵਨ ਨਾ ਬਿਤਾਉਣ ਦੇ ਲਗੇ ਦੋਸ਼ਾਂ ਦੇ ਉੱਤਰ ਹਨ। ਲੇਖਕ ਨੇ ਆਦਿ ਗ੍ਰੰਥ ਵਿਚੋਂ ਖੋਜ ਕਰ ਕੇ ਉਹ ਪ੍ਰਮਾਣ ਲੱਭੇ ਹਨ ਜਿਨ੍ਹਾਂ ਅਨੁਸਾਰ ਇਹ ਸਿੱਧ ਹੁੰਦਾ ਹੈ ਕਿ ਨਿਰਮਲੇ ਸੰਤਾਂ ਦੀ ਰਹਿਤ ਸਿੱਖ ਮਰਿਆਦਾ ਤੋਂ ਭਿੰਨ ਨਹੀਂ ਹੈ। ਇਸ ਪੁਸਤਕ ਵਿਚ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਵੀ ਹਨ ਜੋ ਸੰਪ੍ਰਦਾਇ ਦੇ ਵਿਰੋਧੀਆਂ ਵੱਲੋਂ ਸਮੇਂ ਸਮੇਂ ਉਠਾਏ ਜਾਂਦੇ ਰਹੇ ਹਨ।

ਮਹੰਤ ਗਣੇਸ਼ਾ ਸਿੰਘ ਖੁੱਡਾ ਨਿਵਾਸੀ :- ਗਣੇਸ਼ਾ ਸਿੰਘ ਦਾ ਖੋਜ ਅਤੇ ਇਤਿਹਾਸਕਾਰੀ ਵਿਚ ਵੀ ਵਿਸ਼ੇਸ਼ ਯੋਗਦਾਨ ਹੈ। 'ਨਿਰਮਲ ਭੂਸ਼ਣ' ਵਿਚ ਸੰਪ੍ਰਦਾਇ ਦਾ ਇਤਿਹਾਸ ਲਿਖਿਆ ਹੈ। ਇਸ ਦੇ ਵਿਚ ਹੀ ਨਿਰਮਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਚਰਚਾ ਵੀ ਕੀਤੀ ਗਈ ਹੈ। ਇਹ ਇਤਿਹਾਸ ਸੰਮਤ ਬਿਕ੍ਰਮੀ 1980 (1923 ਈ.) ਵਿਚ ਲਿਖ ਕੇ ਮੁਕੰਮਲ ਹੋ ਚੁੱਕਾ ਸੀ ਪਰ ਛੱਪਣ ਵਿਚ ਕੁਝ ਔਕੜਾਂ ਕਰ ਕੇ ਸੰਮਤ 1994 ਬਿਕ੍ਰਮੀ (1937 ਈ.) ਵਿਚ ਪ੍ਰਕਾਸ਼ਤ ਕੀਤਾ ਗਿਆ। ਗਣੇਸ਼ਾ ਸਿੰਘ ਦੀ ਦੂਜੀ ਖੋਜ-ਪੁਸਤਕ 'ਭਾਰਤ ਮੱਤ ਦਰਸ਼ਨ' ਹੈ ਜੋ 1926 ਈ. ਵਿਚ ਲਿਖੀ ਗਈ। ਇਹ ਪੁਸਤਕ ਲੇਖਕ ਨੇ ਲੰਮੀ ਖੋਜ ਮਗਰੋਂ ਲਿਖੀ ਹੈ ਅਤੇ ਇਸ ਵਿਚ ਭਾਰਤ ਦੇ ਦੋ ਸੌ ਮੱਤਾਂ ਦੇ ਸਿਧਾਂਤਾਂ ਦਾ ਵਰਣਨ ਕੀਤਾ ਗਿਆ ਹੈ। ਇਸ ਦੀ ਪੰਜਾਬੀ ਵਾਰਤਕ ਸਰਲ ਅਤੇ ਸੁਚੱਜੇ ਢੰਗ ਦੀ ਹੈ।

ਸੰਤ ਟਹਿਲ ਸਿੰਘ ਲੰਮੇ ਜਗੀਰ ਵਾਲੇ :- ਸੰਤ ਟਹਿਲ ਸਿੰਘ ਵੀ ਇਕ ਖੋਜੀ ਸਾਹਿਤਕਾਰ ਹੋਇਆ ਹੈ। ਇਹ ਪੰਡਿਤ *ਗੁਰਮੁਖ ਸਿੰਘ ਲੰਮੇ ਜਗੀਰ ਵਾਲੇ ਦਾ ਸ਼ਿਸ਼ ਸੀ। ਟਹਿਲ ਸਿੰਘ ਨੇ ਰਾਗ ਮਾਲਾ ਉੱਤੇ ਭਰਪੂਰ ਖੋਜ ਕੀਤੀ ਹੈ। 'ਆਦਿ ਗ੍ਰੰਥ' ਦੇ ਅੰਤ 'ਤੇ ਦਰਜ ਰਾਗ ਮਾਲਾ ਦੇ ਸੰਬੰਧ ਵਿਚ ਹੋ ਰਹੇ ਵਿਵਾਦ ਉੱਤੇ ਇਹ ਪੁਸਤਕ ਨਿਰਮਲ ਸੰਪ੍ਰਦਾਇ ਦੀ ਨਿਰਣੈ ਜਨਕ ਰਾਇ ਹੈ। ਇਸ ਪੁਸਤਕ ਦਾ ਨਾਮ 'ਰਾਗ ਮਾਲਾ ਪ੍ਰਬੋਧ ਮੰਡਨ' ਹੈ ਅਤੇ ਸੰਮਤ ਬਿਕ੍ਰਮੀ 1965 (ਈਸਵੀ 1908) ਵਿਚ ਪਹਿਲੀ ਵਾਰ ਪ੍ਰਕਾਸ਼ਤ ਕੀਤੀ ਗਈ। ਉਸ ਕਾਲ ਦੇ ਧਾਰਮਿਕ ਨੇਤਾਵਾਂ ਅਤੇ ਗੁਰਮਤ ਦੇ ਵਿਦਵਾਨਾਂ ਨੇ ਇਸ ਪੁਸਤਕ ਦਾ ਸੁਆਗਤ ਕੀਤਾ। ਇਸ ਪੁਸਤਕ ਬਾਰੇ ਪ੍ਰਸਿੱਧ ਵਿਅਕਤੀਆਂ ਦੇ ਵਿਚਾਰ ਮੁੱਢਲੇ ਪੰਨਿਆਂ ਉੱਤੇ ਛਾਪੇ ਗਏ ਹਨ। ਟਹਿਲ ਸਿੰਘ ਦੀ ਖੋਜ-ਪ੍ਰਤਿਭਾ ਅਤੇ ਬੋਲੀ ਦੀ ਵੰਨਗੀ ਇਸ ਪ੍ਰਕਾਰ ਹੈ :-

"ਜਬ ਸ੍ਰੀ ਗੁਰੂ ਸਾਹਿਬ ਜੀ 'ਰਾਗਮਾਲਾ' ਕੋ ਰਚ ਕਰ ਭੋਗ ਕੀ ਸਮਾਪਤੀ ਕੀਤੀ, ਇਸੀ ਸਮੇਂ ਭਾਈ ਬੰਨੋ ਸਾਹਿਬ ਜੀ ਲੰਮੇ ਦੇਸ਼ ਦੀ ਸੰਗਤਿ ਸੰਜੁਕਤ ਸ੍ਰੀ ਅੰਮ੍ਰਿਤਸਰ ਜੀ ਮੇਂ

* ਨਿਰਮਲ ਭੂਸ਼ਣ (ਪੰਨਾ 463)

www.sikhbookclub.com

ਕਰਣ ਕਾਰਣ ਜੋਤੀ ਸਰੂਪ ਜਗਤਾ ਧਾਰ ਸ੍ਰੀ ਗੁਰੂ ਪੰਚਮ ਪਾਤਸ਼ਾਹ ਜੀ ਦੇ ਦਰਸ਼ਨਾਰਥ ਆਏ (ਸ੍ਰੀ ਗੁਰੂ ਜੀ) ਭਾਈ ਬੰਨੋ ਜੀ ਕੋ ਹੁਕਮ ਦੀਆ ਕਿ ਭਾਈ ਜੀ ਲਵਪੁਰ ਮੇਂ ਜਾ ਕੇ ਜਿਲਦ ਬੰਧਵਾ ਲਿਆਓ, ਭਾਈ ਬੰਨੋ ਜੀ ਨੇ ਬੇਨਤੀ ਕੀਤੀ, ਜੀ ਸੱਚੇ ਪਾਤਸ਼ਾਹ ਜੀ, ਆਗਿਆ ਹੋਵੇ ਤੋ ਮਾਂਸਟ ਮੇਂ ਲੰਮੇ ਦੀ ਸੰਗਤਿ ਨੂੰ ਦਰਸ਼ਨ ਭੀ ਕਰਾ ਲਿਆਵਾਂ।"

ਟੀਕਾ ਸਾਹਿਤ :- ਸਿੱਖ ਮੱਤ ਦਾ ਪ੍ਰਚਾਰ ਕਰਨਾ ਅਤੇ ਪ੍ਰਚਾਰ ਨੂੰ ਸਫਲ ਬਣਾਉਣ ਲਈ ਧਾਰਮਿਕ ਪੁਸਤਕਾਂ ਦੇ ਅਨੁਵਾਦ ਕਰਨਾ ਨਿਰਮਲ ਸੰਪ੍ਰਦਾਇ ਦੇ ਸੰਤ ਸਾਹਿਤਕਾਰਾਂ ਦਾ ਪ੍ਰਮੁੱਖ ਉਦੇਸ਼ ਰਿਹਾ ਹੈ। ਸੰਸਕ੍ਰਿਤ ਅਤੇ ਹਿੰਦੀ ਭਾਸ਼ਾ ਵਿਚ ਨਿਪੁੰਨਤਾ ਪ੍ਰਾਪਤ ਕਰਨ ਪਿਛੋਂ ਨਿਰਮਲੇ ਵਿਦਵਾਨ ਟੀਕਾ ਸਾਹਿਤ ਦੀ ਰਚਨਾ ਕਰਦੇ ਰਹੇ ਹਨ। ਆਪਣੇ ਗੁਰੂ ਸਾਹਿਬਾਨ ਜਾਂ ਮਹਾਂ ਪੁਰਸ਼ਾਂ ਦੀ ਬਾਣੀ ਦਾ ਸ਼ੁੱਧ ਅਨੁਵਾਦ ਕਰਨ ਦਾ ਪੂਰਾ ਯਤਨ ਕਰਦੇ ਸਨ। ਇਹੋ ਕਾਰਨ ਹੈ ਕਿ ਮੂਲ ਬੋਲੀ ਦਾ ਗਿਆਨ ਪਹਿਲਾਂ ਪ੍ਰਾਪਤ ਕਰਦੇ ਸਨ ਤਾਂ ਜੋ ਸ਼ਬਦਾਂ ਦੇ ਧਾਤੂ ਅਤੇ ਰੂਪ ਦੀ ਪੂਰੀ ਤਰ੍ਹਾਂ ਵਿਆਖਿਆ ਕਰ ਸਕਣ। ਨਿਰਮਲ ਸੰਪ੍ਰਦਾਇ ਦੇ ਸਮੁੱਚੇ ਟੀਕਾ ਸਾਹਿਤ ਦੇ ਸਾਹਿਤਕ ਪੱਧਰ ਬਾਰੇ ਕੋਈ ਰਾਇ ਸਥਾਪਤ ਕਰਨ ਤੋਂ ਪਹਿਲਾਂ ਕੁਝ ਪ੍ਰਸਿੱਧ ਵਿਦਵਾਨ ਟੀਕਾਕਾਰਾਂ ਦੇ ਟੀਕਿਆਂ ਦੀ ਚਰਚਾ ਕਰ ਲੈਣੀ ਯੋਗ ਹੋਵੇਗੀ।

ਸੰਤ ਸੰਪੂਰਨ ਸਿੰਘ :- ਮੌਲਿਕ ਰਚਨਾਵਾਂ ਤੋਂ ਇਲਾਵਾ ਸੰਤ ਸੰਪੂਰਨ ਸਿੰਘ ਨੇ ਟੀਕਾ ਅਤੇ ਟਿਪਣੀ ਸਾਹਿਤ ਵਿਚ ਵਰਣਨ ਯੋਗ ਵਾਧਾ ਕੀਤਾ ਹੈ। 'ਸਵਈਏ ਭਾਈ ਗੁਰਦਾਸ' ਅਤੇ 'ਭਗਤ ਬਾਣੀ' ਦੇ ਟੀਕੇ ਪੰਜਾਬੀ ਬੋਲੀ ਵਿਚ ਕੀਤੇ ਹਨ। ਇਕ ਇਕ ਤੁੱਕ ਦਾ ਟੀਕਾ ਕੀਤਾ ਗਿਆ ਹੈ। ਔਖੇ ਸ਼ਬਦਾਂ ਦੇ ਅਰਥ ਜਾਂ ਪ੍ਰਸੰਗ ਇਨ੍ਹਾਂ ਟੀਕਿਆਂ ਵਿਚ ਨਹੀਂ ਦਿੱਤੇ ਗਏ। ਇਨ੍ਹਾਂ ਟੀਕਿਆਂ ਤੋਂ ਉਪ੍ਰੰਤ ਇਕ ਰਹਿਤਨਾਮਾ 'ਸੁਧਰਮ ਮਾਰਗ ਗ੍ਰੰਥ' ਨੂੰ ਸੰਪਾਦਤ ਕਰ ਕੇ ਉਸ 'ਤੇ ਟਿਪਣੀ ਕੀਤੀ ਹੈ। ਸੰਤ ਸੰਪੂਰਨ ਸਿੰਘ ਦੀ ਖੋਜ ਭਰਪੂਰ ਟਿਪਣੀ ਰਹਿਤਨਾਮੇ ਦੇ ਇਨ੍ਹਾਂ ਪੱਖਾਂ 'ਤੇ ਪ੍ਰਕਾਸ਼ ਪਾਉਂਦੀ ਹੈ ਜਿਨ੍ਹਾਂ ਬਾਰੇ ਕਰਤਾ ਨੇ ਕੇਵਲ ਸੰਕੇਤਕ ਰੂਪ ਵਿਚ ਹੀ ਜ਼ਿਕਰ ਕੀਤਾ ਹੈ। ਟਿਪਣੀਕਾਰ ਨੇ ਖੋਜ ਤੋਂ ਬਾਅਦ ਇਤਿਹਾਸਕ ਅਤੇ ਸਮਾਜਿਕ ਘਟਨਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰ ਕੇ ਰਹਿਤਨਾਮੇ ਨੂੰ ਪਾਠਕਾਂ ਲਈ ਇਕ ਉਪਯੋਗੀ ਪੁਸਤਕ ਬਣਾ ਦਿੱਤਾ ਹੈ। ਰਹਿਤਨਾਮੇ ਦਾ ਰੂਪ ਮੌਲਿਕ ਹੈ, ਵਿਆਖਿਆ ਅਤੇ ਟਿਪਣੀ ਫੁਟਨੋਟਾਂ ਵਿਚ ਕੀਤੀ ਗਈ ਹੈ।

ਸੰਤ ਨਿਰੰਕਾਰ ਸਿੰਘ :- ਸੰਤ ਨਿਰੰਕਾਰ ਸਿੰਘ ਦਾ ਜਨਮ ਬਿਕਰਮੀ ਸੰਮਤ 1940 (ਸੰਨ 1883 ਈਸਵੀ) ਵਿਚ ਹੋਇਆ। ਸੰਤ ਨਿਰੰਕਾਰ ਸਿੰਘ ਦੀ ਜੀਵਨੀ ਇਨ੍ਹਾਂ ਦੇ ਵੰਸ਼ ਦੇ ਇਕ ਮੈਂਬਰ ਸ੍ਰ: ਕੁਲਦੀਪ ਸਿੰਘ ਚੋਪੜ ਨੇ ਲਿਖੀ ਹੈ ਜੋ ਕਿ ਪ੍ਰਕਾਸ਼ਤ ਹੋ ਚੁੱਕੀ ਹੈ। ਸੰਤ ਨਿਰੰਕਾਰ ਸਿੰਘ ਇਕ ਚਿਤ੍ਰਕਾਰ ਸੀ। ਮੁੱਢਲਾ ਜੀਵਨ ਚਿਤ੍ਰਕਾਰੀ ਦੇ ਕੰਮਾਂ ਵਿਚ ਹੀ ਬਿਤਾਇਆ। ਪੰਜਾਬੀ ਬੋਲੀ ਨਾਲ ਇਨ੍ਹਾਂ ਨੂੰ ਅਥਾਹ ਪਿਆਰ ਸੀ। ਗੁਰਮੁਖੀ ਵਰਨਮਾਲਾ ਨੂੰ ਸੁੰਦਰ ਰੂਪ ਵਿਚ ਢਾਲਣ ਦੀ ਪ੍ਰਬਲ ਇੱਛਾ ਸੀ। ਇਸ ਇੱਛਾ ਦੇ ਪ੍ਰਤੀਫਲ ਇਨ੍ਹਾਂ ਨੇ ਗੁਰਮੁਖੀ

www.sikhbookclub.com

ਅੱਖਰਾਂ ਦੇ 150 ਨਮੂਨੇ ਲਿਖ ਕੇ ਟਾਈਪ ਦਾ ਰੂਪ ਦਿੱਤਾ। ਆਪਣੀ ਕਲਾ ਨੂੰ ਨਿਰੰਕਾਰ ਸਿੰਘ ਨੇ ਧਰਮ ਦੀ ਸੇਵਾ ਹਿੱਤ ਅਰਪਣ ਕੀਤਾ। ਸਿੱਖ ਮੱਤ ਦੀ ਸੇਵਾ ਕਰਦਿਆਂ 1921 ਈਸਵੀ ਵਿਚ ਨਿਰਮਲੇ ਸੰਤ ਹਰਨਾਮ ਸਿੰਘ (ਲਾਇਲਪੁਰ ਵਾਲੇ) ਪਾਸ ਪਹੁੰਚ ਗਏ। ਉਨ੍ਹਾਂ ਪਾਸ ਅੰਮ੍ਰਿਤ ਛੱਕ ਕੇ ਸਦਾ ਲਈ ਆਪਣਾ ਸੰਪਰਕ ਨਿਰਮਲ ਸੰਪ੍ਰਦਾਇ ਨਾਲ ਜੋੜ ਲਿਆ ਅਤੇ ਸਾਰਾ ਜੀਵਨ ਇਕ ਵਿਰਕਤ ਸੰਤ ਦੇ ਰੂਪ ਵਿਚ ਬਿਤਾਇਆ।

ਨਿਰੰਕਾਰ ਸਿੰਘ ਚਿਤ੍ਰਕਾਰ ਹੋਣ ਤੋਂ ਇਲਾਵਾ ਸੰਸਕ੍ਰਿਤ ਅਤੇ ਹਿੰਦੀ ਦਾ ਵਿਦਵਾਨ ਵੀ ਸੀ। ਇਸ ਨੇ ਵੀਚਾਰ ਸਾਗਰ ਦਾ ਅਨੁਵਾਦ ਬ੍ਰਿਜ ਭਾਸ਼ਾ ਵਿਚ ਕੀਤਾ ਹੈ। ਪੰਜਾਬੀ ਟੀਕਾ ਸਾਹਿਤ ਵਿਚ ਵੀ ਨਿਰੰਕਾਰ ਸਿੰਘ ਦਾ ਵਰਣਨ ਯੋਗ ਭਾਗ ਹੈ। ਆਦਿ ਗ੍ਰੰਥ ਦੀ ਬਾਣੀ ਵਿਚੋਂ ਬਾਵਨ ਅੱਖਰੀ, ਸੱਤੇ ਬਲਵੰਡ ਦੀ ਵਾਰ ਅਤੇ ਜੈਤਸਰੀ ਦੀ ਵਾਰ ਦੇ ਟੀਕੇ ਪੰਜਾਬੀ ਬੋਲੀ ਵਿਚ ਕੀਤੇ ਹਨ। ਬਾਵਨ ਅੱਖਰੀ ਦੇ ਟੀਕੇ ਦੇ ਸ਼ੁਰੂ ਵਿਚ ਉਥਾਨਕਾ ਵੀ ਦਿੱਤੀ ਹੈ। ਨਿਰੰਕਾਰ ਸਿੰਘ ਦੀ ਟੀਕਾ-ਸ਼ੈਲੀ ਆਮ ਟੀਕਾਕਾਰਾਂ ਨਾਲੋਂ ਭਿੰਨ ਹੈ। ਉਸ ਨੇ ਕਿਸੇ ਪ੍ਰਸੰਗ ਜਾਂ ਸ਼ਬਦਾਰਥ ਤੋਂ ਬਿਨਾਂ ਹੀ ਸਮੁੱਚੇ ਬੰਦ ਜਾਂ ਪੈਰੇ ਦੇ ਭਾਵ ਨੂੰ ਪੰਜਾਬੀ ਵਿਚ ਲਿਖ ਦਿੱਤਾ ਹੈ। ਉਸ ਦੀ ਵਿਲੱਖਣ ਸ਼ੈਲੀ ਅਤੇ ਟੀਕਿਆਂ ਦੀ ਬੋਲੀ ਦੀ ਵੰਨਗੀ ਲਈ ਕੁਝ ਸਤਰਾਂ ਹੇਠਾਂ ਦਰਜ ਹਨ।

**ਪਉੜੀ॥ ਧਧਾ ਧਾਵਤ ਤਉ ਮਿਟੈ ਸੰਤਸੰਗਿ ਹੋਇ ਬਾਸੁ ॥*

(ਅੰਗ ੨੫੭)

ਧਧੇ ਅੱਖਰ ਦੁਆਰਾ ਕਹਿੰਦੇ ਹਨ ਕਿ ਕਈ ਤਰ੍ਹਾਂ ਦੇ ਸੰਕਲਪਾਂ ਵਿਚ (ਧਾਵਤ) ਦੌੜਨੇ ਵਾਲਾ ਜੋ ਮਨ ਤਾਂ ਮਿਟਦਾ ਹੈ ਅਰਥਾਤ ਮਨ ਤਾਂ ਇਕਾਗਰ ਹੋ ਕੇ ਸ਼ਾਂਤੀ ਪ੍ਰਾਪਤ ਕਰਦਾ ਹੈ ਜੇਕਰ ਸੰਤਾਂ ਦੇ ਸੰਗ ਵਿਚ ਜੀਵ ਦਾ ਵਾਸਾ ਹੋ ਜਾਵੇ। ਅਥਵਾ ਜੀਵ ਦਾ ਵਾਸ ਹੋਵੇ ਅਤੇ ਹਿਰਦੇ ਵਿਚ ਪ੍ਰੇਮ ਭਗਤੀ ਦੇ ਗਿਆਨ ਦਾ ਪ੍ਰਕਾਸ਼ ਹੋਵੇ"

ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ॥
ਨਾਨਕ ਸਚੀ ਰੀਤਿ ਸਾਂਈ ਸੇਤੀ ਰਤਿਆ॥

(ਅੰਗ ੭੦੬)

ਭਾਵ—ਸਾਕਾਂ, ਅੰਗਾਂ, ਦੁਨੀਆਂ ਦੇ ਪਦਾਰਥਾਂ, ਦੇਵੀ ਦੇਵਤਿਆਂ ਤੇ ਮਨੋਕਲਪਤ ਦੇਵਾਂ ਅਰ ਭਰਮਾਂ ਨਾਲ ਜੋ ਪ੍ਰੀਤ ਕੀਤੀ ਜਾਂਦੀ ਹੈ ਸੋ ਝੂਠੀ ਹੈ, ਕਿਉਂਕਿ ਦਵੈਤ, ਮੌਤ ਅਤੇ ਵਿਪਦਾ ਦੇ ਆਇਆਂ ਟੁੱਟ ਜਾਂਦੀ ਹੈ। ਕਈ ਲੋਕ ਜਿਨ੍ਹਾਂ ਨੂੰ ਅਸੀਂ ਹਿੱਤੂ ਸਮਝਦੇ ਹਾਂ, ਹਿੱਤੂ ਨਹੀਂ ਹੁੰਦੇ। ਗੁਰੂ ਜੀ ਆਖਦੇ ਹਨ-

---

** ਕਲਿਆਨ ਮਾਰਗ (ਪੰਨਾ 95) ਸਟੀਕ ਬਾਵਨ ਅੱਖਰੀ।*

www.sikhbookclub.com

ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥

(ਅੰਗ ੯੫੯)

ਅਰਥਾਤ ਜਿੰਨਾ ਚਿਰ ਖਾਣ ਪੀਣ ਨੂੰ ਦਿਓ, ਉੱਨਾ ਚਿਰ ਹੀ ਪ੍ਰੀਤ ਰੱਖਦੇ ਹਨ।

ਪੰਡਤ ਨਰੈਣ ਸਿੰਘ :- ਪੰਜਾਬੀ ਟੀਕਾ ਸਾਹਿਤ ਵਿਚ ਪੰਡਤ ਨਰੈਣ ਸਿੰਘ ਦਾ ਸਥਾਨ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਸ਼ਾਇਦ ਪੰਜਾਬੀ ਦੇ ਕਿਸੇ ਵੀ ਟੀਕਾਕਾਰ ਦੇ ਟੀਕਿਆਂ ਦੀ ਸੰਖਿਆ ਏਨੀ ਨਾ ਹੋਵੇ ਜਿੰਨੀ ਨਰੈਣ ਸਿੰਘ ਦੇ ਟੀਕਿਆਂ ਦੀ ਹੈ। ਇਸ ਟੀਕਾਕਾਰ ਨੇ ਆਦਿ ਗ੍ਰੰਥ ਦੀ ਲਗਭਗ ਸਾਰੀ ਬਾਣੀ ਦਾ ਟੀਕਾ ਵੱਖ ਵੱਖ ਭਾਗਾਂ ਵਿਚ ਕੀਤਾ ਹੈ। ਏਥੇ ਹੀ ਬਸ ਨਹੀਂ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਦਸਮ ਗ੍ਰੰਥ ਦੇ ਟੀਕੇ ਵੀ ਸਰਲ ਪੰਜਾਬੀ ਵਿਚ ਕੀਤੇ ਹਨ। ਵੇਦਾਂਤ ਉੱਤੇ ਲਿਖੀ ਗੁਲਾਬ ਸਿੰਘ ਦੀ ਪੁਸਤਕ ਪ੍ਰਬੋਧ ਚੰਦ੍ਰ ਨਾਟਕ ਦਾ ਵਿਸਥਾਰ ਨਾਲ, ਸ਼ਬਦਾਰਥ ਸਮੇਤ, ਪੰਜਾਬੀ ਵਿਚ ਅਨੁਵਾਦ ਕਰ ਕੇ ਪੰਜਾਬੀ ਪਾਠਕਾਂ ਨੂੰ ਵੇਦਾਂਤ ਦੀ ਵਿਚਾਰਧਾਰਾ ਸਰਲ ਰੂਪ ਵਿਚ ਦਿੱਤੀ ਹੈ।

ਮਹੰਤ ਗਣੇਸ਼ਾ ਸਿੰਘ ਖੁੱਡਾ ਨਿਵਾਸੀ :- ਗਣੇਸ਼ਾ ਸਿੰਘ ਦੀ ਪੰਜਾਬੀ ਸਾਹਿਤ ਨੂੰ ਬਹੁਪੱਖੀ ਦੇਣ ਹੈ। ਖੋਜ, ਇਤਿਹਾਸ ਅਤੇ ਚਕਿਤਸਾ ਤੋਂ ਇਲਾਵਾ ਟੀਕਾ ਸਾਹਿਤ ਨੂੰ ਵੀ ਇਸ ਵਿਦਵਾਨ ਦਾ ਵਿਸ਼ੇਸ਼ ਯੋਗਦਾਨ ਹੈ। ਪ੍ਰਸਿੱਧ ਬਾਣੀਆਂ ਦੇ ਟੀਕਿਆਂ ਤੋਂ ਇਲਾਵਾ ਉਨ੍ਹਾਂ ਪੁਸਤਕਾਂ ਦੇ ਟੀਕੇ ਵੀ ਕੀਤੇ ਹਨ ਜਿਨ੍ਹਾਂ ਨੂੰ ਆਮ ਟੀਕਾਕਾਰਾਂ ਨੇ ਕੋਈ ਮਹੱਤਤਾ ਨਹੀਂ ਦਿੱਤੀ। ਵੇਦਾਂਤ ਨਾਲ ਸਬੰਧਤ ਇਕ ਪ੍ਰਾਚੀਨ ਪੁਸਤਕ 'ਅਧਿਆਤਮ ਪ੍ਰਕਾਸ਼' ਦਾ ਟੀਕਾ ਗਣੇਸ਼ਾ ਸਿੰਘ ਦੀ ਇਕ ਅਦੁੱਤੀ ਦੇਣ ਹੈ। ਇਸ ਟੀਕੇ ਦੀ ਬੋਲੀ ਪੰਜਾਬੀ, ਬ੍ਰਿਜੀ ਅਤੇ ਸਾਧ ਭਾਸ਼ਾ ਦਾ ਮਿਸ਼ਰਨ ਹੈ ਪਰ ਸਮੁੱਚਾ ਪ੍ਰਭਾਵ ਪੰਜਾਬੀ ਬੋਲੀ ਦਾ ਹੀ ਪੈਂਦਾ ਹੈ।

ਟੀਕਾ ਸਲੋਕ ਸਹਸਕ੍ਰਿਤੀ :- ਇਸ ਬਾਣੀ ਦਾ ਟੀਕਾ ਸ਼ੁੱਧ ਅਤੇ ਸਾਹਿਤਕ ਪੰਜਾਬੀ ਵਿਚ ਹੈ। ਟੀਕਾਕਾਰ ਇਸ ਪੱਖ ਤੋਂ ਬਹੁਤ ਚੇਤੰਨ ਹੈ ਕਿ ਅਨੁਵਾਦ ਦੀ ਬੋਲੀ ਵਿਚ ਮੂਲ ਭਾਵ ਬਾਰੇ ਕੋਈ ਭੁਲੇਖਾ ਨਾ ਪੈ ਜਾਵੇ। ਆਪਣੇ ਇਸ ਵਿਸ਼ੇਸ਼ ਯਤਨ ਦਾ ਜ਼ਿਕਰ ਲੇਖਕ ਨੇ ਭੂਮਿਕਾ ਵਿਚ ਵੀ ਕੀਤਾ ਹੈ :-

"ਬਹੁਤੇ ਅਰਥਕਾਰ ਉਪਰੋਂ ਬਹੁਤ ਕੁਝ ਅਰਥ ਦੀ ਸਿੱਧੀ ਵਾਸਤੇ ਲਗਾਉਂਦੇ ਹਨ। ਉਹ ਵਿਦਵਾਨਾਂ ਵਾਸਤੇ ਤਾਂ ਉਪਕਾਰ ਦਾ ਕੰਮ ਕਿਹਾ ਜਾਂਦਾ ਹੈ ਪਰ ਪ੍ਰੇਮੀਆਂ ਦੇ ਵਾਸਤੇ ਕੌਡੀ ਦੇ ਕੰਮ ਦਾ ਭੀ ਨਹੀਂ ਕਿਉਂਕਿ ਉਨ੍ਹਾਂ ਅੱਖਰਾਂ ਵਿਚੋਂ ਅਰਥ ਟੋਲਦੇ ਟੋਲਦੇ ਬਾਜ਼ੇ ਵੇਲੇ ਮੂਲ ਭੀ ਗੁਆਚ ਜਾਂਦਾ ਹੈ। ਸੋ ਉਕਤ ਭਾਵ ਨੂੰ ਦੂਰ ਕਰਨ ਹਿੱਤ ਵਿਚਾਰ ਕੀਤੀ ਗਈ ਕਿ ਪਹਿਲੇ ਸਹਸਕ੍ਰਿਤੀ ਆਦਿ ਛੋਟੀਆਂ ਬਾਣੀਆਂ ਦੇ ਅਰਥ ਇਸ ਢੰਗ ਨਾਲ ਕੀਤੇ ਜਾਣ। ਮੈਂ ਇਨ੍ਹਾਂ ਦੇ ਅਰਥਾਂ ਵਿਚ ਉਪਰੋਂ ਘੱਟ ਕਲਪਨਾ ਕੀਤੀ ਹੈ।"

* ਕਲਿਆਨ ਮਾਰਗ- (ਪੰਨਾ 263) ਸਟੀਕ ਜੈਤਸਰੀ ਦੀ ਵਾਰ।

www.sikhbookclub.com

ਗਣੇਸ਼ਾ ਸਿੰਘ ਦੀ ਟੀਕਾ ਸ਼ੈਲੀ ਨੂੰ ਸਮਝਣ ਲਈ ਇਕ ਬੰਦ ਦਾ ਟੀਕਾ ਮੂਲ ਰੂਪ ਵਿਚ ਦੇਂਦੇ ਹਾਂ:- ਨਿਹਫਲੰ ਤਸ੍ਯ ਜਨਮਸ੍ਯ ਜਾਵਦ ਬ੍ਰਹਮ ਨ ਬਿੰਦਤੇ ॥

ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ॥

ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ॥

ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥

(ਅੰਗ ੧੩੫੩)

ਟੀਕਾ :- (ਤਿਸ ਪੁਰਖ ਦਾ) ਜਨਮ ਤਦ ਤੀਕ ਨਿਸਫਲ ਹੈ ਜਦ ਤੀਕ ਉਹ ਬ੍ਰਹਮ ਨੂੰ ਨਹੀਂ ਜਾਣ ਸਕਦਾ। (ਇਸ) ਸੰਸਾਰ ਸਮੁੰਦਰ ਨੂੰ ਗੁਰਾਂ ਦੀ ਕਿਰਪਾ ਨਾਲ ਕੋਈ ਇਕ ਪ੍ਰਾਣੀ ਹੀ ਤਰ ਸਕਦੇ ਹਨ। ਗੁਰੂ ਜੀ ਵਿਚਾਰ ਕੇ ਆਖਦੇ ਹਨ : ਕਾਰਨ=ਜੋ ਪ੍ਰਪੰਚ ਹੈ, ਇਸ ਦੇ ਕਰਨੇ ਨੂੰ ਵਾਹਿਗੁਰੂ ਹੀ ਸਮਰਥ ਹੈ, (ਇਹ) ਕਾਰਣ (ਕਾਰਜ) ਕਰਤੇ=ਵਾਹਿਗੁਰੂ ਦੇ ਹੀ ਹੱਥ ਵਿਖੇ ਹੈ, ਜਿਸ ਨੇ ਸਾਰੇ (ਜਗਤ) ਵਿਚ ਆਪਣੀ ਕਲਾ=ਸ਼ਕਤੀ ਧਾਰ ਰੱਖੀ ਹੈ।

ਸੰਤ ਟਹਿਲ ਸਿੰਘ ਨਿਰਮਲੇ :- ਸੰਤ ਟਹਿਲ ਸਿੰਘ ਦਾ ਜਨਮ ਸੰਮਤ 1938 ਬਿਕ੍ਰਮੀ (1881 ਈਸਵੀ) ਵਿਚ ਪਿੰਡ ਸੁਜੋਂ ਜ਼ਿਲ੍ਹਾ ਜਲੰਧਰ ਵਿਚ ਹੋਇਆ। 14 ਵਰ੍ਹੇ ਦੀ ਉਮਰ ਵਿਚ ਸੰਤਾਂ ਮਹਾਤਮਾਂ ਦੀ ਸੰਗਤ ਪ੍ਰਾਪਤ ਹੋਈ ਤੇ ਸੰਤਾਂ ਦੀ ਸੇਵਾ ਕਰਦੇ ਕਰਦੇ ਆਪ ਵੀ ਸੰਤ ਨਿਹਾਲ ਸਿੰਘ ਦੇ ਚੇਲੇ ਬਣ ਕੇ ਨਿਰਮਲ ਸੰਪ੍ਰਦਾਇ ਦੇ ਵਿਰਕਤ ਸੰਤਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਏ। ਗੁਰਬਾਣੀ ਦੇ ਟੀਕੇ ਅਤੇ ਮੌਲਿਕ ਕਵਿਤਾਵਾਂ ਦੇ ਸੰਗ੍ਰਹਿ ਸੰਤ ਟਹਿਲ ਸਿੰਘ ਦੀ ਪੰਜਾਬੀ ਸਾਹਿਤ ਨੂੰ ਦੇਣ ਹੈ। ਸੰਤ ਟਹਿਲ ਸਿੰਘ ਦੇ ਟੀਕਿਆਂ ਵਿਚੋਂ ਦੋ ਵਧੇਰੇ ਪ੍ਰਸਿੱਧ ਹਨ ਜੋ 'ਜੀਵਨ ਪ੍ਰਕਾਸ਼' ਅਤੇ 'ਅਸਲੀ ਗੁਰੂ ਪ੍ਰਕਾਸ਼' ਦੇ ਨਾਵਾਂ ਨਾਲ ਪ੍ਰਕਾਸ਼ਤ ਹੋਏ ਹਨ।

ਅਸਲੀ ਗੁਰੂ ਪ੍ਰਕਾਸ਼ ਦਾ ਮਨੋਰਥ ਜਗਿਆਸੂ ਨੂੰ ਗੁਰਬਾਣੀ ਦੇ ਆਧਾਰ 'ਤੇ ਅਸਲੀ ਗੁਰੂ ਦਾ ਸੰਬੋਧ ਕਰਾਉਣਾ ਹੈ ਜਿਸ ਬਾਰੇ ਭੂਮਿਕਾ ਵਿਚ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੈ :-

"ਦਾਸ ਨੇ 30 ਸਾਲ ਦੀ ਖੋਜ ਸੇ ਕੁਝ ਕੁ ਗੁਰਬਾਣੀ ਖੋਜੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 500 ਪਾਠ ਕੀਤੇ ਹਨ। ਅਖ਼ੀਰ ਅਸਲੀ ਗੁਰੂ ਪਦ ਦਾ ਗਿਆਨ ਲੱਗਾ ਹੈ। ਅਸੀਂ ਅਸਲੀ ਗੁਰੂ ਦੱਸਣ ਵਾਸਤੇ ਇਹ ਗ੍ਰੰਥ ਲਿਖਿਆ ਹੈ।"

ਜੀਵਨ ਵਿਚ ਆਤਮ ਉੱਨਤੀ ਦੀ ਅਗਵਾਈ ਲਈ ਆਦਿ ਗ੍ਰੰਥ ਵਿਚੋਂ ਸੱਤ ਵਿਸ਼ਿਆਂ 'ਤੇ ਅਮੋਲਕ ਤੁਕਾਂ ਚੁਣ ਕੇ ਸਾਰੀ ਪੁਸਤਕ ਨੂੰ ਸਤ ਪ੍ਰਕਰਣਾਂ ਵਿਚ ਵੰਡਿਆ ਹੈ। ਹਰ ਪ੍ਰਕਰਣ ਦੀਆਂ ਤੁਕਾਂ ਦੀ ਟੀਕਾ ਕਰ ਕੇ ਭਾਵ ਅਰਥ ਸਮਝਾਇਆ ਹੈ। ਕਈ ਥਾਵਾਂ 'ਤੇ ਲੋੜ ਅਨੁਸਾਰ ਵਿਚਾਰ ਦੀ ਡੂੰਘਾਈ ਨੂੰ ਸਪੱਸ਼ਟ ਕਰਨ ਲਈ ਅਨੁਵਾਦ ਦੇ ਨਾਲ ਨਿਤਾਪ੍ਰਤੀ ਜ਼ਿੰਦਗੀ ਵਿਚੋਂ ਦ੍ਰਿਸ਼ਟਾਂਤ ਦੇ ਕੇ ਪ੍ਰਭਾਵ ਨੂੰ ਵਧੇਰੇ ਸਾਰਥਕ ਬਣਾਇਆ ਹੈ। ਆਦਿ ਗ੍ਰੰਥ ਦੀ ਬਾਣੀ ਵਿਚੋਂ ਜੀਵਨ ਵਿਚ ਪ੍ਰਾਪਤ ਕਰਨ ਲਈ ਪ੍ਰਸੰਗਾਂ ਦਾ ਵਰਗੀਕਰਨ ਕਰਕੇ ਟੀਕਾ ਸਾਹਿਤ ਨੂੰ ਇਕ

www.sikhbookclub.com

ਜ਼ੀ ਦੇਣ ਦਿੱਤੀ ਹੈ।

ਗੁਰੂ ਦੇ ਪ੍ਰਸੰਗ ਤੋਂ ਬਿਨਾਂ ਬਾਕੀ ਪ੍ਰਕਰਣਾਂ ਵਿਚ 'ਬੈਰਾਗ ਸਾਰਨੈ', 'ਸੰਤ ਦੀ ਮਹਿਮਾ', ਨਾਮ ਲੇਵਾ ਸੰਤ ਦੀ ਅਵਸਥਾ' ਆਦਿ ਸਿਰਲੇਖ ਦੇ ਕੇ ਸਬੰਧਿਤ ਬਾਣੀ ਦੀਆਂ ਤੁੱਕਾਂ ਨੂੰ ਸੰਗ੍ਰਹਿ ਕੀਤਾ ਗਿਆ ਹੈ।

ਦੂਜਾ ਵਿਸ਼ੇਸ਼ ਟੀਕਾ 'ਸ੍ਵੈ-ਜੀਵਨੀ ਪ੍ਰਕਾਸ਼' ਹੈ। ਇਹ ਟੀਕਾ ਪ੍ਰਕਾਸ਼ਤ ਕਰਨ ਦਾ ਮਨੋਰਥ ਟਹਿਲ ਸਿੰਘ ਨੇ ਭੂਮਿਕਾ ਵਿਚ ਲਿਖਿਆ ਹੈ :-

"ਜੀਵਨ ਮੁਕਤ ਹੋ ਜਾਣ ਵਾਸਤੇ ਕੁਝ ਕੁ ਸ਼ਬਦ ਸਲੋਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕੱਤ੍ਰ ਕਰ ਕੇ ਸ੍ਵੈ-ਗੁਰਬਾਣੀ ਜੀਵਨ ਪ੍ਰਕਾਸ਼ 'ਗੁਟਕਾ' ਗੁਰੂ ਖ਼ਾਲਸਾ ਪੰਥ ਵਾਸਤੇ ਤਿਆਰ ਕੀਤਾ ਹੈ।"

ਆਪਣੇ ਨਿਯੁਕਤ ਕੀਤੇ ਅਨੁਸਾਰ ਗੁਰਬਾਣੀ ਵਿਚ ਕੁਝ ਸ਼ਬਦ ਅਤੇ ਸਲੋਕ ਸੰਗ੍ਰਹਿ ਕਰ ਕੇ ਉਨ੍ਹਾਂ ਦੇ ਭਾਵ ਅਰਥ ਸਮਝਾਏ ਗਏ ਹਨ। ਸੰਤ ਟਹਿਲ ਸਿੰਘ ਦੇ ਟੀਕਿਆਂ ਦਾ ਰੂਪ ਅਤੇ ਢੰਗ ਆਮ ਟੀਕਾਕਾਰਾਂ ਨਾਲੋਂ ਵੱਖਰਾ ਹੈ। ਗੁਰਬਾਣੀ ਵਿਚ ਸਮੋਏ ਹੋਏ ਇਕ ਇਕ ਵਿਚਾਰ ਦਾ ਪਾਠਕ ਉਤੇ ਡੂੰਘਾ ਅਤੇ ਚਿਰ-ਸਥਾਈ ਪ੍ਰਭਾਵ ਪਾਉਣ ਲਈ ਇਹ ਇਕ ਵਿਲੱਖਣ ਸਾਹਿਤਕ ਢੰਗ ਹੈ।

ਪੰਡਤ ਤਾਰਾ ਸਿੰਘ :- ਉਨ੍ਹੀਵੀਂ ਸਦੀ ਦੇ ਪੰਜਵੇਂ ਛੇਵੇਂ ਦਹਾਕੇ ਵਿਚ ਦੁਭੇਰਨੀ ਸੰਪ੍ਰਦਾਇ ਦੇ ਵਿਦਵਾਨ ਪੰਡਤ ਤਾਰਾ ਸਿੰਘ ਨੇ ਉਪਦੇਸ਼ਾਤਮਕ ਪ੍ਰਚਾਰ ਤੋਂ ਇਲਾਵਾ ਕੁਝ ਟੀਕੇ ਵੀ ਲਿਖੇ ਹਨ। ਪੰਡਤ ਤਾਰਾ ਸਿੰਘ ਦਾ ਡੇਰਾ ਅੰਮ੍ਰਿਤਸਰ ਗਲੀ ਬਾਗ਼ ਵਾਲੀ ਵਿਚ ਹੈ ਅਤੇ ਇਨ੍ਹਾਂ ਦਾ ਸ਼ਿਸ਼ ਮਹੰਤ ਹਰੀ ਸਿੰਘ ਇਸ ਡੇਰੇ ਦੀ ਸੇਵਾ ਕਰ ਰਿਹਾ ਹੈ। ਪੰਡਤ ਤਾਰਾ ਸਿੰਘ ਦੀ ਲਾਇਬ੍ਰੇਰੀ ਅਤੇ ਹੱਥ ਲਿਖਤਾਂ ਮਹੰਤ ਹਰੀ ਸਿੰਘ ਪਾਸ ਸੁਰੱਖਿਅਤ ਹਨ। ਪੰਡਤ ਤਾਰਾ ਸਿੰਘ ਦੇ ਟੀਕਿਆਂ ਵਿਚੋਂ ਜਪੁਜੀ ਦਾ ਟੀਕਾ ਪ੍ਰਸਿੱਧ ਹੈ ਅਤੇ ਇਹ ਸ਼ੁੱਧ ਪੰਜਾਬੀ ਵਿਚ ਕੀਤਾ ਗਇਆ ਹੈ, ਸ਼ੈਲੀ ਰਵਾਇਤੀ ਹੈ ਪਰ ਅਰਥ ਸ਼ੁੱਧ ਅਤੇ ਸਪੱਸ਼ਟ ਹਨ।

☆☆☆

www.sikhbookclub.com

ਅਧਿਆਇ ਚੌਥਾ

ਪੰਜਾਬੀ ਪੱਤਰਕਾਰੀ ਨੂੰ ਦੇਣ

ਪੰਜਾਬੀ ਪੱਤਰਕਾਰੀ ਨੂੰ ਨਿਰਮਲ ਸੰਪ੍ਰਦਾਇ ਦੀ ਦੇਣ ਵਰਣਨਯੋਗ ਹੈ। ਸਾਹਿਤ ਦੇ ਇਸ ਪੱਖ ਨੂੰ ਵੀ ਨਿਰਮਲੇ ਸੰਤਾਂ ਨੇ ਪ੍ਰਚਾਰ ਲਈ ਵਰਤਿਆ ਹੈ। ਇਸ ਮਨੋਰਥ ਨੇ ਕਈ ਸਾਹਿਤਕ ਰਚਨਾਵਾਂ ਨੂੰ ਜਨਮ ਦਿੱਤਾ ਹੈ। 1914 ਈਸਵੀ ਵਿਚ ਪਹਿਲੀ ਸਪਤਾਹਕ ਪੱਤ੍ਰਕਾ 'ਨਿਰਮਲ ਪੱਤ੍ਰਕਾ ਪ੍ਰਕਾਸ਼ਤ ਕਰਨੀ ਸ਼ੁਰੂ ਕੀਤੀ ਗਈ। ਇਸ ਦੇ ਸੰਪਾਦਕ ਨਿਰਮਲੇ ਵਿਦਵਾਨ ਸੰਤ ਗੁਰਦਿੱਤ ਸਿੰਘ ਸਨ। ਮੁੱਢ ਵਿਚ ਇਸ ਪੱਤ੍ਰਕਾ ਦੀ ਬੋਲੀ ਸ਼ੁੱਧ ਪੰਜਾਬੀ ਦੀ ਥਾਂ 'ਤੇ ਬ੍ਰਿਜੀ ਲੱਗੀ ਹੈ ਅਤੇ ਸੰਪਾਦਕੀ ਨੋਟ 'ਤੇ ਕਈ ਹੋਰ ਰਚਨਾਵਾਂ ਵਿਚ ਵੀ ਹਿੰਦੀ ਤੇ ਬ੍ਰਿਜੀ ਦਾ ਅੰਸ਼ ਵਧੇਰੇ ਹੈ ਪਰ ਹੌਲੀ-ਹੌਲੀ ਪੰਜਾਬੀ ਬੋਲੀ ਨੇ ਇਸ ਪੱਤ੍ਰਕਾ ਵਿਚ ਆਪਣਾ ਯੋਗ ਥਾਂ ਬਣਾ ਲਿਆ ਅਤੇ ਗੁਰਦਿੱਤ ਸਿੰਘ ਨੇ ਸੰਪਾਦਕੀ ਨੋਟ ਪੰਜਾਬੀ ਵਿਚ ਲਿਖਣੇ ਸ਼ੁਰੂ ਕਰ ਦਿੱਤੇ। ਇਸ ਦੇ ਨਾਲ ਹੀ ਦੂਜੇ ਲੇਖਕਾਂ ਦੀਆਂ ਪੰਜਾਬੀ ਰਚਨਾਵਾਂ, ਖ਼ਾਸ ਤੌਰ 'ਤੇ ਕਵਿਤਾਵਾਂ, 'ਨਿਰਮਲ ਪੱਤ੍ਰਕਾ ਵਿਚ ਛੱਪਣੀਆਂ ਸ਼ੁਰੂ ਹੋ ਗਈਆਂ ਸਨ। ਕੁਝ ਕਾਰਨਾਂ ਕਰ ਕੇ ਇਹ ਪੱਤ੍ਰਕਾ ਥੋੜ੍ਹੇ ਵਰ੍ਹਿਆਂ ਬਾਅਦ ਛਪਣੀ ਬੰਦ ਹੋ ਗਈ ਪਰ ਪ੍ਰਚਾਰ ਦੇ ਇਸ ਸਾਹਿਤਕ ਸਾਧਨ ਤੋਂ ਨਿਰਮਲ ਵਿਦਵਾਨ ਅਨਜਾਣ ਨਹੀਂ ਸਨ। ਪੱਤ੍ਰਕਾਰੀ ਸਾਹਿਤ ਦੀ ਚੱਲ ਚੁੱਕੀ ਪ੍ਰਥਾ ਨੂੰ ਸਜੀਵ ਰੱਖਣ ਲਈ, ਸੰਪ੍ਰਦਾਇ ਦੇ ਪ੍ਰਤਿਨਿਧ ਲੇਖਕ ਮਹੰਤ ਹਰੀ ਸਿੰਘ ਨੇ ਨਿੱਜੀ ਉੱਦਮ ਨਾਲ ਦੁਬਾਰਾ 'ਨਿਰਮਲ ਉਦੇਸ਼' ਪੱਤ੍ਰਕਾ ਪ੍ਰਕਾਸ਼ਤ ਕਰਨੀ ਸ਼ੁਰੂ ਕਰ ਦਿੱਤੀ ਜੋ ਕਿ 30 ਨਵੰਬਰ 1960 ਈਸਵੀ ਨੂੰ ਪਹਿਲੀ ਵਾਰ ਪ੍ਰਕਾਸ਼ਤ ਹੋਈ ਅਤੇ ਅੱਜ ਤੱਕ ਨਿਰੰਤਰ ਸਪਤਾਹਕ ਰੂਪ ਵਿਚ ਛੱਪ ਰਹੀ ਹੈ। ਹੁਣ ਇਹ ਪੱਤ੍ਰਕਾ ਪੂਰਨ ਰੂਪ ਵਿਚ ਸ਼ੁੱਧ ਪੰਜਾਬੀ ਬੋਲੀ ਵਿਚ ਪ੍ਰਕਾਸ਼ਤ ਹੁੰਦੀ ਹੈ ਅਤੇ ਇਸ ਦੀ ਅਜੋਕੀ ਬੋਲੀ ਇਸ ਗੱਲ ਦੀ ਸੂਚਕ ਹੈ ਕਿ ਨਿਰਮਲੇ ਸੰਤਾਂ ਨੇ ਬ੍ਰਿਜੀ ਅਤੇ ਹਿੰਦੀ ਦੇ ਪ੍ਰਯੋਗ ਨੂੰ ਪੱਤਰਕਾਰੀ ਵਿਚ ਘੱਟ ਹੀ ਨਹੀਂ ਕੀਤਾ ਬਲਕਿ ਤਿਆਗ ਦਿੱਤਾ ਹੈ। ਇਸ ਪੱਤ੍ਰਕਾ ਦੇ ਚਾਰ ਮੁੱਖ (Features) ਹਨ— ਭਾਰਤ ਵਿਚ ਨਿਰਮਲ ਸੰਪ੍ਰਦਾਇ ਦੇ ਹੋ ਰਹੇ ਕੰਮਾਂ ਬਾਰੇ ਪੂਰੀ ਜਾਣਕਾਰੀ, ਭਾਰਤੀ ਸਾਧੂ ਸਮਾਜ ਬਾਰੇ ਸੰਪਾਦਕ ਦਾ ਦ੍ਰਿਸ਼ਟੀਕੋਣ, ਆਮ ਖ਼ਬਰਾਂ ਅਤੇ ਨਿਰਮਲੇ ਸੰਤਾਂ ਦੀਆਂ ਸਾਹਿਤਕ ਪੰਜਾਬੀ ਰਚਨਾਵਾਂ ਨੂੰ ਪ੍ਰਕਾਸ਼ਤ ਕਰਨਾ। ਸਮੁੱਚੇ ਰੂਪ ਵਿਚ ਨਿਰਮਲ ਉਦੇਸ਼ ਭਾਰਤ ਦੇ ਸਾਧੂ ਸਮਾਜ ਦਾ ਦਰਪਣ ਹੈ।

www.sikhbookclub.com

ਵਿਕੋਲਿਤਰੇ ਨਿਰਮਲੇ ਲੇਖਕਾਂ ਤੋਂ ਇਲਾਵਾ ਕੁਝ ਨਿਰਮਲੇ ਲੇਖਕ ਇਹੋ ਜਿਹੇ ਵੀ ਹਨ ਜੋ ਨਿਰੰਤਰ ਇਸ ਪੱਤਰਕਾ ਲਈ ਕੁਝ ਨਾ ਕੁਝ ਲਿਖਦੇ ਹਨ ਅਤੇ ਆਪਣੀਆਂ ਰਚਨਾਵਾਂ ਦੁਆਰਾ ਉਨ੍ਹਾਂ ਨੇ ਪੰਜਾਬੀ ਪੱਤਰਕਾਰੀ ਦੇ ਖੇਤਰ ਵਿਚ ਆਪਣਾ ਸਥਾਨ ਬਣਾ ਲਿਆ ਹੈ ਅਤੇ ਪੰਜਾਬੀ ਦੀ ਸੇਵਾ ਨੂੰ ਆਪਣਾ ਉਦੇਸ਼ ਬਣਾ ਚੁੱਕੇ ਹਨ। ਪੰਜਾਬੀ ਬੋਲੀ ਪ੍ਰਤੀ ਨਿਰਮਲ ਸੰਪ੍ਰਦਾਇ ਦੇ ਅਜੋਕੇ ਵਤੀਰੇ ਨੂੰ ਸਮਝਣ ਲਈ 'ਨਿਰਮਲ ਉਦੇਸ਼' ਵਿਚ ਛੱਪੀਆਂ ਹੇਠ ਲਿਖੀਆਂ ਸਤਰਾਂ ਨੂੰ ਵਾਚਣ ਦੀ ਲੋੜ ਹੈ :-

"ਜਿਸ ਤਰ੍ਹਾਂ ਬਾਕੀ ਸੂਬਿਆਂ ਵਿਚ ਉਥੋਂ ਦਾ ਮਾਧਿਅਮ ਸਰਕਾਰੀ ਬੋਲੀ ਹੈ, ਜਿਸ ਤਰ੍ਹਾਂ ਮਦਰਾਸ ਦੀ ਮਾਤ ਭਾਸ਼ਾ ਮਦਰਾਸੀ ਹੈ, ਪਰ ਦੂਜੇ ਦਰਜੇ 'ਤੇ ਅੰਗ੍ਰੇਜ਼ੀ ਦਾ ਸਨਮਾਨ ਕੀਤਾ ਹੈ ਤੇ ਮਦਰਾਸੀ ਪੂਰੀ ਆਨ ਸ਼ਾਨ ਨਾਲ ਪ੍ਰਫੁੱਲਤ ਹੋ ਰਹੀ ਹੈ। ਪਰ ਪੰਜਾਬ ਵਿਚ ਕੁਝ ਪੰਜਾਬੀ ਵਿਰੋਧੀ ਪੰਜਾਬੀ ਨੂੰ ਉਹ ਸਥਾਨ ਨਹੀਂ ਦਿਵਾਉਣਾ ਚਾਹੁੰਦੇ, ਜਿਸ ਤਰ੍ਹਾਂ ਦੇਸ਼ ਦੇ ਹੋਰ ਪ੍ਰਾਂਤਾਂ ਵਿਚ ਉਥੋਂ ਦੀ ਬੋਲੀ ਦਾ ਸਤਿਕਾਰ ਹੈ। ਪੰਜਾਬ ਦੇ ਲੋਕਾਂ ਦੀ ਬੋਲੀ ਪੰਜਾਬੀ ਹੈ। ਜਿਹੜੇ ਪੰਜਾਬੀ ਭਾਸ਼ਾ ਨੂੰ ਨਾ ਅਪਣਾਉਣ, ਉਨ੍ਹਾਂ ਦੀਆਂ ਗ੍ਰਾਂਟਾਂ ਬੰਦ ਕਰ ਦੇਣੀਆਂ ਚਾਹੀਦੀਆਂ ਹਨ।"*

ਮਹੰਤ ਗੁਰਦੀਪ ਸਿੰਘ ਕੇਸਰੀ ਪੰਜਾਬੀ ਪੱਤਰਕਾਰੀ ਵਿਚ ਵਿਸ਼ੇਸ਼ ਭਾਗ ਲੈਣ ਵਾਲੇ ਲੇਖਕ ਹਨ। ਇਨ੍ਹਾਂ ਦਾ ਡੇਰਾ ਕਾਂਸ਼ੀ ਵਿਚ ਚੇਤਨ ਮੱਠ ਹੈ। ਮਹੰਤ ਗੁਰਦੀਪ ਸਿੰਘ ਜਵਾਨ ਅਵਸਥਾ ਤੋਂ ਹੀ ਨਿਰਮਲ ਸੰਪ੍ਰਦਾਇ ਵਿਚ ਸ਼ਾਮਲ ਹੋ ਗਏ ਸਨ ਅਤੇ ਨਵੰਬਰ 1946 ਈ. ਤੋਂ ਪੂਰੀ ਰਸਮ ਨਾਲ ਮਹੰਤ ਗੁਰਬਖਸ਼ ਸਿੰਘ ਸੰਗਤ ਲਾਹੌਰੀ ਟੋਲਾ ਦੇ ਸ਼ਿਸ਼ ਬਣ ਗਏ। ਸੰਸਕ੍ਰਿਤ ਦੇ ਵਿਦਵਾਨ ਹਨ ਪਰ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਪੰਜਾਬੀ ਬੋਲੀ ਨੂੰ ਹੀ ਮਾਧਿਅਮ ਬਣਾਇਆ ਹੈ। ਸੰਪ੍ਰਦਾਇ ਦੇ ਸਪਤਾਹਕ ਨਿਰਮਲ ਉਦੇਸ਼ ਲਈ ਵਿਸ਼ੇਸ਼ ਤੌਰ 'ਤੇ ਲਿਖਦੇ ਹਨ। ਗੁਰਦੀਪ ਸਿੰਘ ਦੇ ਵਿਚਾਰਾਂ ਅਤੇ ਬੋਲੀ ਦੀ ਵੰਨਗੀ ਲਈ ਇਥੇ ਪੈਰਾ ਹੇਠਾਂ ਦੇਂਦੇ ਹਾਂ :-

"ਪ੍ਰਿਥਵੀ 'ਤੇ ਵੱਸਣ ਵਾਲੇ ਜਨਤਾ ਦੀ ਰਖਸ਼ਾ ਵਾਸਤੇ ਅਤੇ ਦੁਸ਼ਟ ਦੋਖੀਆਂ ਦਾ ਨਾਸ਼ ਕਰਨ ਵਾਸਤੇ ਮਨੁੱਖੀ ਧਰਮ ਦੇ ਉਬਾਰਨ ਵਾਸਤੇ ਆਪ ਜੀ ਨੇ ਮਨੁੱਖੀ ਅਵਤਾਰ ਧਾਰਨ ਕੀਤਾ। ਸਭ ਤੋਂ ਪਹਿਲਾਂ ਸਮੇਂ ਦੇ ਪ੍ਰਬੰਧਕ ਰਾਜੇ ਜੋ ਕਸਾਈ ਬਣ ਰਹੇ ਸਨ ਤੇ ਗ਼ਰੀਬ ਜਨਤਾ ਦਾ ਸ਼ੋਸ਼ਣ ਅਤੇ ਅੰਧਵਿਸ਼ਵਾਸੀ ਹੋ ਕੇ ਧਰਮ ਦੇ ਨਾਮ ਉੱਤੇ ਧਰਮ ਦਾ ਪ੍ਰਚਾਰ ਕਰ ਰਹੇ ਸਨ, ਉਹਨਾਂ ਦਾ ਸੁਧਾਰ ਕਰਨ ਵਾਸਤੇ ਗੁਰਦੇਵ ਜੀ ਨੇ ਪਵਿੱਤਰ ਜੀਵਨ ਵਾਲੇ ਮਰਜੀਵੜੇ ਲੋਕਾਂ ਦਾ ਸੰਗਠਨ ਕਰ ਕੇ ਇਕ ਸੈਨਾ ਤਿਆਰ ਕੀਤੀ ਜਿਸ ਦਾ ਉਦੇਸ਼ ਦੇਸ਼ ਦੀ ਸੇਵਾ ਤੇ ਧਰਮ ਦੀ ਰਖਸ਼ਾ ਹੀ ਦੋ ਮੁੱਖ ਕਾਰਜ ਸਨ।"**

---

* *ਸੰਪਾਦਕੀ ਨੋਟ :- 'ਨਿਰਮਲ ਉਦੇਸ਼' ਸਪਤਾਹਕ ਅੰਮ੍ਰਿਤਸਰ, 25 ਮਾਰਚ, 1970*

** *ਨਿਰਮਲ ਉਦੇਸ਼ — 26 ਦਸੰਬਰ 1973।*

www.sikhbookclub.com

ਗੁਰਦੀਪ ਸਿੰਘ ਕੇਸਰੀ ਦੇ ਅਨੇਕ ਲੇਖ 'ਨਿਰਮਲ-ਪੱਤਰਕਾ' ਵਿਚ ਛੱਪਦੇ ਰਹਿੰਦੇ ਹਨ। ਇਸੇ ਤਰ੍ਹਾਂ ਕੁਝ ਹੋਰ ਨਿਰਮਲੇ ਸਾਹਿਤਕਾਰ ਵੀ ਹਨ ਜਿਨ੍ਹਾਂ ਦੀਆਂ ਰਚਨਾਵਾਂ ਪੁਸਤਕਾਂ ਦੇ ਰੂਪ ਵਿਚ ਸਾਡੇ ਸਾਹਮਣੇ ਨਹੀਂ ਹਨ ਪਰ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਪੱਤਰਕਾਵਾਂ ਵਿਚ ਛੱਪਣ ਕਾਰਨ ਉਨ੍ਹਾਂ ਦੇ ਨਾਂ ਪ੍ਰਸਿੱਧ ਹੋ ਗਏ ਹਨ। ਪੰਡਿਤ ਹਰਕੀਰਤ ਸਿੰਘ ਅਰਵਿੰਦ ਸਰਬ ਭਾਰਤ ਮਹਾਂ ਨਿਰਮਲ ਮੰਡਲ ਦੇ ਪ੍ਰਧਾਨ ਹਨ। ਇਨ੍ਹਾਂ ਦੀ ਵਾਰਤਕ ਵੰਨਗੀ ਲਈ ਇਕ ਲੇਖ ਵਿਚੋਂ ਪੈਰਾ ਹੇਠਾਂ ਦੇ ਰਹੇ ਹਾਂ :-

"ਬਾਲ ਗੁਰੂ ਨੇ ਜਿਉਂ ਹੀ ਮਾਤਾ ਦੀ ਗੋਦ ਵਿਚੋਂ ਚਰਨ ਬਾਹਰ ਰੱਖੇ, ਬਸ ਬਾਲ ਲੀਲ੍ਹਾ ਵਿਚ ਹੀ ਸਾਰਾ ਦਿਨ ਖ਼ਤਮ ਕੀਤਾ। ਬਾਲ ਗੁਰੂ ਦੇ ਇਹ ਨਿਰਾਲੇ ਚੋਜ, ਇਹ ਵਿਨੋਦ ਭਰੀਆਂ ਅਦਭੁੱਤ ਖੇਲਾਂ ਮਿੱਠੀਆਂ ਮਨੋਹਰ, ਕੋਮਲ ਸਨ। ਖ਼ੁਸ਼ੀਆਂ ਭਰਪੂਰ ਤੇ ਰਸਦਾਇਕ ਸਨ, ਠੀਕ ਓਵੇਂ ਹੀ ਜਿਵੇਂ ਸਵੇਰ ਦੇ ਲਾਲ ਸੁਰਖ਼ ਸੂਰਜ ਦੀਆਂ ਸੁਨਹਿਰੀ, ਸੁਖਦਾਈ ਤੇ ਸੀਤਲ ਕਿਰਨਾਂ, ਪਰ ਜੋ ਪ੍ਰਤੀਬਿੰਬ ਤੀਬਰ ਤੋਂ ਤੀਬਰ ਪ੍ਰਬਲ ਤੇ ਤ੍ਰਿਖੀਆਂ ਹੁੰਦੀਆਂ ਜਾਂਦੀਆਂ ਹਨ। ਗੁਰੂ ਜੀ ਦੇ ਅਨਭੋਲ ਬਚਪਨ ਵਿਚ ਹੀ ਜੋਸ਼ ਭਰੀ ਜਵਾਨੀ ਦਾ ਅੱਦਮ ਉਤਸ਼ਾਹ, ਅਡੋਲ ਆਤਮ ਵਿਸ਼ਵਾਸ ਤੇ ਹਿਮਾਲੇ ਜੇਹਾ ਬੁਲੰਦ ਹੌਂਸਲਾ ਸੀ।"*

ਨਿਰਮਲੇ ਸਾਹਿਤਕਾਰ ਪੱਤਰਕਾਰੀ ਦੇ ਗੁਣਾਂ ਤੋਂ ਸੁਚੇਤ ਹਨ ਅਤੇ ਬਦਲ ਰਹੀਆਂ ਪਰਿਸਥਿਤੀਆਂ ਅਨੁਕੂਲ ਆਪਣੇ ਵਿਚਾਰਾਂ ਨੂੰ ਨਵਾਂ ਮੋੜ ਦੇ ਰਹੇ ਹਨ। 'ਨਿਰਮਲ ਉਦੇਸ਼' ਦੇ ਸੰਪਾਦਕੀ ਨੋਟ ਵਿਚੋਂ ਸ਼ਹੀਦ ਊਧਮ ਸਿੰਘ 'ਤੇ ਇਹ ਲਿਖਿਆ ਨੋਟ ਦੇਸ਼-ਪ੍ਰੇਮ ਦਾ ਸੂਚਕ ਹੈ :

"ਕਿਸੇ ਦਾ ਕੋਈ ਬਹੁਤ ਹੀ ਪਿਆਰਾ ਗੁਜ਼ਰ ਜਾਵੇ ਤਾਂ ਉਸ ਦੇ ਦਿਲ ਨੂੰ ਵੱਡੀ ਸੱਟ ਵੱਜਦੀ ਹੈ ਤੇ ਉਹਨੂੰ ਭਾਰੀ ਦੁੱਖ ਹੁੰਦਾ ਹੈ, ਪਰ ਸਮਾਂ ਉਹਦੇ ਦੁੱਖਾਂ ਨੂੰ ਭੁਲਾ ਦੇਂਦਾ ਹੈ। ਕਿਸੇ ਨੂੰ ਕਿਸੇ ਕਾਰਨ ਬੜਾ ਕਰੋਧ ਚੜ੍ਹਦਾ ਹੈ। ਉਹ ਲਾਲ ਪੀਲਾ ਹੁੰਦਾ ਹੈ, ਤੜਫਦਾ ਹੈ, ਕਲਪਦਾ ਹੈ ਤੇ ਆਪੇ ਤੋਂ ਬਾਹਰ ਹੁੰਦਾ ਜਾਂਦਾ ਹੈ। ਪਰ ਕੁਝ ਦਿਨ ਪਾ ਕੇ, ਉਸ ਦਾ ਕਰੋਧ ਠੰਢਾ ਪੈ ਜਾਂਦਾ ਹੈ ਤੇ ਉਹ ਸਾਧਾਰਨ ਮਨੁੱਖਾਂ ਵਾਂਗ ਆਪਣੇ ਕੰਮਾਂ ਵਿਚ ਰੁੱਝ ਜਾਂਦਾ ਹੈ। ਟਾਈਮ ਇਕ ਅਜਿਹੀ ਵਸਤੂ ਹੈ ਕਿ ਬੜੇ ਬੜੇ ਜ਼ਖ਼ਮ ਮੇਲ ਦੇਂਦੀ ਹੈ, ਕਰੂਰਤਾਂ ਦੂਰ ਕਰ ਦੇਂਦੀ ਹੈ, ਦੁਸ਼ਮਨੀਆਂ ਨੂੰ ਦੋਸਤੀਆਂ ਦੀ ਸ਼ਕਲ ਵਿਚ ਬਦਲ ਦੇਂਦੀ ਹੈ। ਜੋ ਮਨੁੱਖ ਟਾਈਮ ਪਰ ਫਤਿਹ ਪਾ ਕੇ ਆਪਣੀ ਲਗਣ, ਆਪਣੇ ਇਰਾਦੇ ਪਰ ਪੂਰੀ ਤਰ੍ਹਾਂ ਦ੍ਰਿੜਤਾ ਨਾਲ ਡਟਿਆ ਰਹਿੰਦਾ ਹੈ, ਉਹ ਕਿਸੇ ਵਿਸ਼ੇਸ਼ ਗੁਣਾਂ ਦਾ ਮਾਲਕ ਹੁੰਦਾ ਹੈ। ਸ਼ਹੀਦ ਊਧਮ ਸਿੰਘ ਅਜਿਹੇ ਵਿਸ਼ੇਸ਼ ਗੁਣਾਂ ਦਾ ਮਾਲਕ ਸੀ।"**

** ਨਿਰਮਲ ਉਦੇਸ਼, 3 ਜਨਵਰੀ, 1973।*

*** ਸੰਪਾਦਕੀ ਨਿਰਕਲ ਉਦੇਸ਼, 7 ਅਗਸਤ, 1974।*

www.sikhbookclub.com

ਨਿਰਮਲੇ ਸਾਹਿਤਕਾਰਾਂ ਦੇ ਦੇਸ਼-ਭਗਤੀ ਵੱਲ ਹੋ ਰਹੇ ਝੁਕਾਵਾਂ ਦੇ ਪ੍ਰਮਾਣ ਵਜੋਂ ਮਹੰਤ ਕ੍ਰਿਸ਼ਨ ਸਿੰਘ ਕ੍ਰੀਟ ਦੀ ਬੱਚਿਆਂ ਉਤੇ ਲਿਖੀ ਕਵਿਤਾ ਵਿਚੋਂ ਇਕ ਛੰਦ ਵੇਖੋ :-

ਐਟਮ ਯੁੱਗ ਦਾ ਸਮਾਂ ਸੰਭਾਲਣ।
ਅਣੂ ਸ਼ਕਤੀ ਦਾ ਜੋਸ਼ ਦਿਖਾਲਣ।
ਦਾਨ ਵੀਰਾਂ ਦੀ ਧਰਤੀ ਉੱਤੇ।
ਗੁਰੂ ਪੀਰਾਂ ਦੀ ਧਰਤੀ ਉੱਤੇ।
ਸ਼ਹੀਦਾਂ ਦੀ ਇਸ ਧਰਤੀ ਉੱਤੇ।
ਸਤੀਆਂ ਦੀ ਇਸ ਧਰਤੀ ਉੱਤੇ।
ਸ਼ਹੀਦੀ ਦਾ ਇਹ ਰੂਪ ਨਿਖਾਰਨ।
ਖ਼ੂਨ ਸਿੰਜ ਕੇ ਦੇਸ਼ ਸ਼ਿੰਗਾਰਨ।*

ਨਿਰਮਲ ਸੰਪ੍ਰਦਾਇ ਦੇ ਪ੍ਰਤਿਨਿਧ ਸੰਤ ਸਾਹਿਤਕਾਰਾਂ ਵੱਲੋਂ ਕੁਝ ਹੋਰ ਪੱਤਰਕਾਵਾਂ ਵੀ ਪ੍ਰਕਾਸ਼ਤ ਹੁੰਦੀਆਂ ਹਨ, ਜਿਨ੍ਹਾਂ ਵਿਚ ਦੋ ਵਧੇਰੇ ਪ੍ਰਸਿੱਧ ਹਨ :-

(1) ਸਿੱਖ ਸੰਦੇਸ਼, ਸੰਪਾਦਕ ਸੰਤ ਬਚਿੱਤ੍ਰ ਸਿੰਘ ਡੰਗਾਲੀ।

(2) ਨਿਰਮਲ ਪ੍ਰਕਾਸ਼ (ਸਪਤਾਹਕ) ਸੰਪਾਦਕ ਸੰਤ ਪ੍ਰਕਾਸ਼ ਸਿੰਘ।

ਇਨ੍ਹਾਂ ਪੱਤਰਕਾਵਾਂ ਵਿਚ ਛਪੀਆਂ ਰਚਨਾਵਾਂ ਵਧੇਰੇ ਕਰ ਕੇ ਨਿਰਮਲੇ ਸੰਤਾਂ ਦੀਆਂ ਹੀ ਹੁੰਦੀਆਂ ਹਨ। ਨਿਰਮਲ ਸੰਤਾਂ ਦੀਆਂ ਪੱਤਰਕਾਵਾਂ ਨੇ ਜਿੱਥੇ ਪੰਜਾਬੀ ਪੱਤਰਕਾਰੀ ਨੂੰ ਇਕ ਨਵੀਂ ਦੇਣ ਦਿੱਤੀ ਹੈ, ਉਥੇ ਉਨ੍ਹਾਂ ਨਿਰਮਲੇ ਸੰਤਾਂ ਦੇ ਸਾਹਿਤ ਨੂੰ ਵੀ ਸੁਰੱਖਿਅਤ ਕਰ ਲਿਆ ਹੈ ਜੋ ਆਪਣੀਆਂ ਰਚਨਾਵਾਂ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਨ ਤੋਂ ਅਸਮਰਥ ਹਨ। ਇਨ੍ਹਾਂ ਪੱਤਰਕਾਵਾਂ ਦੇ ਪੰਨਿਆਂ ਵਿਚ ਭਿੰਨ-ਭਿੰਨ ਰੂਪਾਂ ਵਿਚ ਨਿਰਮਲ ਸੰਪ੍ਰਦਾਇ ਦਾ ਪੰਜਾਬੀ ਸਾਹਿਤ ਸੁਰੱਖਿਅਤ ਪਿਆ ਹੈ।

★★★

*-ਉਹੀ- 21 ਅਗਸਤ, 1974।

www.sikhbookclub.com

ਅਧਿਆਇ ਪੰਜਵਾਂ

ਨਿਰਮਲੇ ਵਿਦਵਾਨਾਂ ਦੀ ਵਿਚਾਰਧਾਰਾ, ਸ਼ੈਲੀ ਅਤੇ ਭਾਸ਼ਾ

ਵਿਚਾਰਧਾਰਾ :-

ਵਿਚਾਰਧਾਰਾ ਦਾ ਸੰਬੰਧ ਵਿਅਕਤੀ ਦੇ ਨਿੱਜੀ ਦ੍ਰਿਸ਼ਟੀਕੋਣ ਅਤੇ ਅਨੁਭਵ ਨਾਲ ਹੁੰਦਾ ਹੈ। ਜੀਵਨ ਤਜਰਬਿਆਂ ਦਾ ਪ੍ਰਤੀਕਰਮ ਅਤੇ ਸਾਹਿਤ ਦਾ ਡੂੰਘਾ ਅਧਿਐਨ ਜੋ ਪ੍ਰਭਾਵ ਸਾਹਿਤਕਾਰ ਉੱਤੇ ਪਾਉਂਦੇ ਹਨ, ਉਹ ਪ੍ਰਭਾਵ ਹੀ ਉਸ ਦਾ ਜੀਵਨ-ਦਰਸ਼ਨ ਬਣ ਜਾਂਦੇ ਹਨ। ਸੰਪ੍ਰਦਾਵਾਂ ਜਾਂ ਪ੍ਰਚਾਰਕ ਸੰਸਥਾਵਾਂ ਵੱਲੋਂ ਰਚੇ ਗਏ ਸਾਹਿਤ ਵਿਚ ਵਿਚਾਰਧਾਰਾ ਵਿਅਕਤੀਗਤ ਹੋਣ ਦੀ ਥਾਂ ਸਮੂਹਕ ਰੂਪ ਵਿਚ ਹੁੰਦੀ ਹੈ। ਸੰਪ੍ਰਦਾਵਾਂ ਦੀ ਸਥਾਪਨਾ ਦੀ ਅਧਾਰਸ਼ਿਲਾ ਇਕ ਨਿਸ਼ਚਿਤ ਵਿਚਾਰਧਾਰਾ ਹੁੰਦੀ ਹੈ ਅਤੇ ਉਸ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸੰਪ੍ਰਦਾਇਕ ਸਾਹਿਤਕਾਰਾਂ ਦਾ ਮੁੱਖ ਕਰਤੱਵ ਹੁੰਦਾ ਹੈ ਤੇ ਇਹੋ ਕਾਰਣ ਹੈ ਕਿ ਇਨ੍ਹਾਂ ਸਾਹਿਤਕਾਰਾਂ ਦੇ ਸਾਹਿਤ ਦਾ ਵਿਸ਼ਾ-ਵਸਤੂ ਆਪਣੀ ਸੰਪ੍ਰਦਾਇ ਦੀ ਵਿਚਾਰਧਾਰਾ ਦੀਆਂ ਹੱਦਾਂ ਵਿਚ ਹੀ ਸੀਮਤ ਰਹਿੰਦਾ ਹੈ ਅਤੇ ਵਿਅਕਤੀਗਤ ਅਨੁਭਵ ਨੂੰ ਪ੍ਰਗਟਾਉਣ ਦੀ ਗੁੰਜਾਇਸ਼ ਸੰਪ੍ਰਦਾਇਕ ਸਾਹਿਤ ਵਿਚ ਨਹੀਂ ਹੁੰਦੀ। ਸੰਪ੍ਰਦਾਵਾਂ ਦੇ ਸਾਹਿਤਕਾਰ ਨਿੱਜੀ ਵਿਚਾਰਾਂ ਨੂੰ ਤਿਆਗ ਕੇ ਆਪਣੀਆਂ ਰਚਨਾਵਾਂ ਵਿਚ ਨਿਸ਼ਚਿਤ ਹੋ ਚੁੱਕੀ ਵਿਚਾਰਧਾਰਾ ਦਾ ਹੀ ਸੰਚਾਰ ਕਰਦੇ ਹਨ। ਸੰਪ੍ਰਦਾਇ ਦੀ ਦਾਰਸ਼ਨਿਕ ਵਿਚਾਰਧਾਰਾ ਕਿਸੇ ਗੁਰੂ ਦੁਆਰਾ ਜਾਂ ਪ੍ਰਚਲਤ ਹੋ ਚੁੱਕੇ ਮੱਤ ਅਨੁਸਾਰ ਹੁੰਦੀ ਹੈ ਅਤੇ ਉਸੇ ਦਰਸ਼ਨ ਨੂੰ ਸਾਹਿਤ ਦਾ ਵਿਸ਼ਾ ਬਣਾ ਕੇ ਭਿੰਨ-ਭਿੰਨ ਸਾਹਿਤਕ ਰੂਪਾਂ ਵਿਚ ਵਿਆਖਿਆ ਕਰਨਾ ਸੰਪ੍ਰਦਾਇਕ ਸਾਹਿਤਕਾਰਾਂ ਦਾ ਉਦੇਸ਼ ਹੁੰਦਾ ਹੈ। ਇਕ ਸਾਹਿਤਕਾਰ ਵਿਅਕਤੀਗਤ ਰੂਪ ਵਿਚ ਕੋਈ ਨਵੀਂ ਸੋਚ-ਪ੍ਰਣਾਲੀ ਨਹੀਂ ਦੇਂਦੇ ਬਲਕਿ ਆਪਣੇ ਮੱਤ ਦੇ ਵਿਚਾਰਾਂ ਦਾ ਹੀ ਪੁਨਰ-ਨਿਰਮਾਨ ਕਰਦੇ ਹਨ, ਇਸੇ ਕਾਰਨ ਇਨ੍ਹਾਂ ਦੇ ਰਚੇ ਸਾਹਿਤ ਵਿਚ ਆਮ ਤੌਰ 'ਤੇ ਵਿਸ਼ੇ ਦੀ ਮੌਲਿਕਤਾ ਦਾ ਅਭਾਵ ਹੁੰਦਾ ਹੈ।

ਨਿਰਮਲੇ ਸਾਹਿਤਕਾਰ ਵੀ ਆਪਣੀ ਸੰਪ੍ਰਦਾਇ ਦੀ ਵਿਚਾਰਧਾਰਾ ਤੋਂ ਸੁਤੰਤਰ ਨਹੀਂ ਹਨ। ਇਸ ਸੰਪ੍ਰਦਾਇ ਦਾ ਉਦੇਸ਼ ਗੁਰਮਤ ਜਾਂ ਗੁਰੂ ਨਾਨਕ ਮੱਤ ਦੇ ਸਿਧਾਂਤਾਂ ਦੀ ਵਿਆਖਿਆ ਕਰਕੇ ਪ੍ਰਚਾਰ ਕਰਨਾ ਹੈ। ਇਸ ਲਈ ਨਿਰਮਲੇ ਸੰਤਾਂ ਦੇ ਸਾਹਿਤ ਦੇ

www.sikhbookclub.com

ਦਾਰਸ਼ਨਿਕ ਪੱਖ ਦਾ ਸੰਬੰਧ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਅਧਿਕਾਰੀ ਗੁਰੂ ਸਾਹਿਬਾਨ ਦੀ ਬਾਣੀ ਨਾਲ ਹੈ ਅਤੇ ਗੁਰੂ ਨਾਨਕ ਵਲੋਂ ਨਿਸਚਿਤ ਕੀਤੇ ਗਏ ਸਿੱਖ ਮੱਤ ਦੇ ਸਿਧਾਂਤਾਂ ਦੀ ਟਿੱਪਣੀ ਅਤੇ ਵਿਆਖਿਆ ਕਰਨਾ ਨਿਰਮਲੇ ਸੰਤਾਂ ਦੀਆਂ ਪੰਜਾਬੀ ਰਚਨਾਵਾਂ ਦਾ ਮੁੱਖ ਵਿਸ਼ਾ ਹੈ। ਕਿਉਂ ਜੋ ਗੁਰਬਾਣੀ ਦਾ ਪਿਛੋਕੜ ਵੇਦਾਂਤ ਸਾਹਿਤ ਹੈ, ਵੇਦਾਂਤ ਦੇ ਪ੍ਰਸੰਗ ਵੀ ਗੁਰਬਾਣੀ ਵਿਚ ਆਉਂਦੇ ਹਨ, ਇਸ ਲਈ ਵੇਦਾਂਤ ਦੀ ਵਿਚਾਰਧਾਰਾ ਨੂੰ ਵੀ ਨਿਰਮਲੇ ਸਾਹਿਤਕਾਰਾਂ ਨੇ ਗੌਣ ਰੂਪ ਵਿਚ ਆਪਣੇ ਸਾਹਿਤ ਦਾ ਵਿਸ਼ਾ ਬਣਾਇਆ ਹੈ। ਨਿਰਮਲੇ ਸਾਹਿਤਕਾਰਾਂ ਦਾ ਵਿਚਾਰ ਹੈ ਕਿ ਗੁਰਬਾਣੀ ਨੂੰ ਪ੍ਰਸੰਗ ਸਹਿਤ ਸਮਝਣ ਲਈ ਵੇਦਾਂਤ ਨੂੰ ਸਮਝਣਾ ਜ਼ਰੂਰੀ ਹੈ, ਇਸ ਲਈ ਵੈਦਿਕ ਸਾਹਿਤ ਦੀ ਵਿਆਖਿਆ ਵੀ ਨਿਰਮਲ ਸੰਪ੍ਰਦਾਇ ਦੇ ਸਾਹਿਤ ਦਾ ਇਕ ਅੰਗ ਬਣ ਗਈ ਹੈ। ਨਿਰਮਲੇ ਸੰਤਾਂ ਦੀ ਸਾਹਿਤ ਵਿਚ ਵਿਚਾਰਧਾਰਾ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਗੁਰਮਤ ਅਤੇ ਵੇਦਾਂਤ ਦੀ ਵਿਚਾਰਧਾਰਾ ਦਾ ਮੇਲ ਹੈ ਜਿਸ ਵਿਚ ਗੁਰਮਤ ਦਰਸ਼ਨ ਦੀ ਪ੍ਰਧਾਨਤਾ ਹੈ।

ਨਿਰਮਲ ਸੰਪ੍ਰਦਾਇ ਦਾ ਮੁੱਢਲਾ ਰੂਪ ਇਕ ਸਾਹਿਤਕ ਵਰਗ ਦਾ ਰੂਪ ਹੈ ਜਿਸ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਨਾਲ ਸੀ। ਇਹ ਦਰਬਾਰੀ ਕਵੀ ਨਾ ਕੇਵਲ ਮੌਲਿਕ ਰਚਨਾਵਾਂ ਹੀ ਰਚਦੇ ਸਨ ਬਲਕਿ ਦੂਜੇ ਧਰਮਾਂ ਦੀਆਂ ਸ੍ਰੇਸ਼ਟ ਪੁਸਤਕਾਂ ਦੇ ਅਨੁਵਾਦ ਵੀ ਸਰਲ ਬੋਲੀ ਵਿਚ ਕਰਦੇ ਸਨ। ਪ੍ਰਾਚੀਨ ਸਾਹਿਤ ਦਾ ਅਨੁਵਾਦ ਕਰਨ ਦੀ ਪਰੰਪਰਾ ਤੋਂ ਨਿਰਮਲੇ ਵਿਦਵਾਨਾਂ ਨੂੰ ਵੀ ਪ੍ਰੇਰਨਾ ਮਿਲੀ ਜਿਸ ਦੇ ਫਲਸਰੂਪ ਇਨ੍ਹਾਂ ਵਿਦਵਾਨਾਂ ਨੇ ਸੰਸਕ੍ਰਿਤ ਅਤੇ ਹਿੰਦੀ ਦੇ ਅਨੇਕ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਬ੍ਰਿਜ ਭਾਸ਼ਾ ਅਤੇ ਪੰਜਾਬੀ ਵਿਚ ਕੀਤੇ ਹਨ, ਜਿਨ੍ਹਾਂ ਦੁਆਰਾ ਪੰਜਾਬੀ ਪਾਠਕਾਂ ਦਾ ਭਾਰਤੀ ਸਾਹਿਤ ਦੀਆਂ ਵੰਨਗੀਆਂ ਨਾਲ ਪਰੀਚੈ ਕਰਵਾਇਆ ਹੈ।

ਭਾਵੇਂ ਨਿਰਮਲ ਸੰਪ੍ਰਦਾਇ ਦੀ ਦੋ-ਪੱਖੀ ਵਿਚਾਰਧਾਰਾ ਦਾ ਪ੍ਰਧਾਨ ਪੱਖ ਗੁਰਮਤ ਦਰਸ਼ਨ ਹੀ ਹੈ ਪਰ ਫਿਰ ਵੀ ਇਨ੍ਹਾਂ ਸੰਤ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਨਾ ਹੀ ਸਪੱਸ਼ਟ ਰੂਪ ਵਿਚ ਗੁਰਮਤ ਦੀ ਮੌਲਿਕਤਾ ਦਾ ਸਮਰਥਨ ਕੀਤਾ ਹੈ ਅਤੇ ਨਾ ਪੂਰਨ ਤੌਰ 'ਤੇ ਵੇਦਾਂਤ ਨੂੰ ਸਵੀਕਾਰ ਕਰਦੇ ਹਨ। (ਇਨ੍ਹਾਂ ਦੇ ਸਾਹਿਤ ਦਾ ਵਿਸ਼ਾ-ਵਸਤੂ ਦਾ ਇਕ ਵਿਸ਼ੇਸ਼ ਪੱਖ ਇਹ ਵੀ ਹੈ ਕਿ ਗੁਰਮਤ ਦੇ ਜਿਨ੍ਹਾਂ ਸਿਧਾਂਤਾਂ ਨਾਲ ਇਹ ਪੂਰੀ ਤਰ੍ਹਾਂ ਸਹਿਮਤੀ ਪ੍ਰਗਟ ਨਹੀਂ ਕਰਦੇ, ਉਨ੍ਹਾਂ ਪ੍ਰਚਲਿਤ ਸਿਧਾਂਤਾਂ ਨੂੰ ਇਸ ਸੰਪ੍ਰਦਾਇ ਦੇ ਲੇਖਕਾਂ ਨੇ ਆਪਣੇ ਸਾਹਿਤ ਵਿਚ ਵਿਵਾਦ ਦਾ ਵਿਸ਼ਾ ਬਣਾ ਲਿਆ ਹੈ। ਉਦਾਹਰਣ ਵਜੋਂ ਗੁਰੂ ਦੀ ਪਰੀਭਾਸ਼ਾ ਅਤੇ ਮਾਨਤਾ ਬਾਰੇ ਨਿਰਮਲ ਸੰਪ੍ਰਦਾਇ ਅਤੇ ਦੂਜੇ ਸਿੱਖਾਂ ਵਿਚ ਮਤਭੇਦ ਹੈ।) ਦੇਹਧਾਰੀ ਗੁਰੂ ਧਾਰਨ ਕਰ ਲੈਣਾ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਪ੍ਰਥਮ ਲੱਛਣ ਹੈ ਅਤੇ ਗੁਰਮਤ ਦਰਸ਼ਨ ਅਨੁਸਾਰ ਵੀ ਜਗਿਆਸੂ ਲਈ ਗੁਰੂ ਦੀ ਸ਼ਰਨ ਜ਼ਰੂਰੀ ਦੱਸੀ ਗਈ ਹੈ। ਗੁਰੂ ਲਈ ਸ਼ਰਧਾ ਅਤੇ ਉਪਾਸ਼ਨਾ ਆਤਮ ਉੱਨਤੀ ਦੇ ਮਾਰਗ 'ਤੇ ਚਲਣ ਵਾਲਿਆਂ ਲਈ ਅਵੱਸ਼ਕ ਹੈ

www.sikhbookclub.com

ਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਲਈ ਆਦਿ ਗ੍ਰੰਥ ਨੂੰ ਹੀ ਗੁਰੂ ਦੀ ਪਦਵੀ ਦੇ ਦਿੱਤੀ ਅਤੇ ਆਪਣੇ ਅਨੁਯਾਈ ਸਿੱਖਾਂ ਨੂੰ ਇਹ ਆਦੇਸ਼ ਕਰ ਦਿੱਤਾ ਕਿ ਉਨ੍ਹਾਂ ਦੀ ਮੌਤ ਤੋਂ ਬਾਅਦ ਕਿਸੇ ਦੇਹਧਾਰੀ ਗੁਰੂ ਨੂੰ ਮਾਨਤਾ ਨਾ ਦਿੱਤੀ ਜਾਵੇ। ਨਿਰਮਲੇ ਸੰਤ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੁਯਾਈ ਹਨ ਪਰ ਗੁਰੂ ਨੂੰ ਧਾਰਨ ਕਰਨ ਬਾਰੇ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ ਨਾਲ ਇਨ੍ਹਾਂ ਦਾ ਮਤਭੇਦ ਹੈ। ਨਿਰਮਲੇ ਸੰਤ ਗੁਰਦਿੱਤ ਸਿੰਘ ਨੇ ਆਪਣੀ ਪੁਸਤਕ 'ਗੁਰਮਤ ਸਿਧਾਂਤ ਸਾਰ' ਵਿਚ ਦੇਹਧਾਰੀ ਗੁਰੂ ਦੇ ਵਿਸ਼ੇ ਨੂੰ ਦੂਜੇ ਵਿਸ਼ਿਆਂ ਨਾਲੋਂ ਵਧੇਰੇ ਮਹੱਤਤਾ ਦੇ ਕੇ, ਇਸ ਦੇ ਪੱਖ ਵਿਚ ਦਲੀਲਾਂ ਦਿੱਤੀਆਂ ਹਨ ਅਤੇ ਗੁਰੂ ਧਾਰਨ ਕਰਨ ਦੇ ਸਿਧਾਂਤ ਨੂੰ ਹਰ ਪੱਖ ਤੋਂ ਸਪੱਸ਼ਟ ਕਰ ਕੇ ਇਹੋ ਸਿੱਟਾ ਕੱਢਿਆ ਹੈ ਕਿ ਦੇਹਧਾਰੀ ਗੁਰੂ ਅਧਿਆਤਮਕ ਜੀਵਨ ਬਿਤਾਉਣ ਵਾਲਿਆਂ ਲਈ ਅਨਿਵਾਰੀ ਹੈ।

ਗੁਰੂ ਧਾਰਨ ਕਰਨ ਦੇ ਵਿਸ਼ੇ ਨੂੰ ਸੰਤ ਸੰਪੂਰਨ ਸਿੰਘ ਨੇ ਵੀ ਆਪਣੀ ਸ੍ਵੈਜੀਵਨੀ 'ਜੀਵਨ ਗਾਥਾ' ਵਿਚ ਸੰਪ੍ਰਦਾਇ ਦੀ ਵਿਚਾਰਧਾਰਾ ਅਨੁਸਾਰ ਹੀ ਪੇਸ਼ ਕਰ ਕੇ ਜੀਵਨ ਦਾ ਪਥ ਪ੍ਰਦਰਸ਼ਕ ਸਵੀਕਾਰ ਕੀਤਾ ਹੈ ਅਤੇ ਆਦਿ ਗ੍ਰੰਥ ਵਿਚੋਂ ਅਗਵਾਈ ਮਿਲਣ ਦੇ ਬਾਵਜੂਦ ਵੀ ਦੇਹਧਾਰੀ ਗੁਰੂ ਦੀ ਅਗਵਾਈ ਨੂੰ ਜ਼ਰੂਰੀ ਸਮਝਿਆ ਹੈ।

ਸੰਤ ਟਹਿਲ ਸਿੰਘ ਨਿਰਮਲੇ ਨੇ ਆਪਣੀ ਪੁਸਤਕ 'ਅਸਲੀ ਗੁਰੂ ਪ੍ਰਕਾਸ਼' ਵਿਚ ਆਦਿ ਗ੍ਰੰਥ ਵਿਚੋਂ ਗੁਰੂ ਦੇ ਪ੍ਰਸੰਗ ਵਿਚ ਲਿਖੀ ਗਈ ਬਾਣੀ ਨੂੰ ਸੰਕਲਤ ਕੀਤਾ ਹੈ ਅਤੇ ਇਨ੍ਹਾਂ ਚੁਣੀਆਂ ਗਈਆਂ ਤੁਕਾਂ ਦੀ ਵਿਆਖਿਆ ਕਰ ਕੇ ਇਹੋ ਸਿੱਟਾ ਕੱਢਿਆ ਹੈ ਕਿ ਦੇਹਧਾਰੀ ਗੁਰੂ ਧਾਰਨ ਕਰ ਲੈਣਾ ਗੁਰਸਿੱਖਾਂ ਲਈ ਉਚਿਤ ਹੈ। ਦੂਜੇ ਨਿਰਮਲੇ ਸਾਹਿਤਕਾਰਾਂ ਵਾਂਗ ਆਪਣੇ ਦਲੀਲ ਦੇ ਪੱਖ ਵਿਚ ਪ੍ਰਮਾਣ ਆਦਿ ਗ੍ਰੰਥ ਵਿਚੋਂ ਹੀ ਦਿੱਤੇ ਗਏ ਹਨ ਪਰ ਆਦਿ ਗ੍ਰੰਥ ਦੇ ਉਸ ਪੱਖ ਨੂੰ ਪਰੋਖੇ ਕਰ ਦਿੱਤਾ ਹੈ ਜਿਸ ਅਨੁਸਾਰ ਇਹ ਆਪਣੇ ਆਪ ਹੀ ਗੁਰੂ ਹੈ।

ਨਿਰਮਲੇ ਸੰਤਾਂ ਦੇ ਸਾਹਿਤ ਵਿਚ ਦੂਜਾ ਮੁਖ ਵਿਸ਼ਾ ਅਵਤਾਰਵਾਦ ਦਾ ਹੈ। ਅਵਤਾਰਵਾਦ ਦੀ ਵਿਚਾਰਧਾਰਾ ਨੂੰ ਉਪਨਿਸ਼ਦਾਂ ਵਿਚੋਂ ਪ੍ਰਮਾਣ ਦੇ ਕੇ ਪ੍ਰਚਾਰਨ ਦਾ ਯਤਨ ਕੀਤਾ ਹੈ। ਮਹੰਤ ਦਿਆਲ ਸਿੰਘ ਅਤੇ ਮਹੰਤ ਗਣੇਸ਼ਾ ਸਿੰਘ ਨੇ ਸੰਪ੍ਰਦਾਇ ਦੇ ਇਤਿਹਾਸ ਦੀਆਂ ਪੁਸਤਕਾਂ ਵਿਚ ਅਵਤਾਰਵਾਦ ਦਾ ਮੰਡਨ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਨੂੰ ਪਰਮਾਤਮਾ ਦਾ ਹੀ ਦੇਹਧਾਰੀ ਰੂਪ ਦੱਸਿਆ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਕਰਨ ਲੱਗਿਆਂ ਇਹ ਸਾਹਿਤਕਾਰ ਗੁਰਮਤ ਦੇ ਉਨ੍ਹਾਂ ਵਿਚਾਰਾਂ ਦਾ ਵਰਣਨ ਕਰਨ ਤੋਂ ਸੰਕੋਚ ਕਰ ਜਾਂਦੇ ਹਨ ਜੋ ਇਨ੍ਹਾਂ ਦੀ ਆਪਣੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹਨ। ਜਿਵੇਂ ਕਿ ਅਵਤਾਰਵਾਦ ਵਿਚ ਇਨ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਹੈ ਪਰ ਇਸ ਵਿਸ਼ਵਾਸ ਨੂੰ ਗੁਰਬਾਣੀ ਦੇ ਅਨੁਕੂਲ ਸਿੱਧ ਕਰਨ ਲਈ ਭੱਟਾਂ ਦੇ ਸਵੱਈਏ ਦਾ ਵਰਣਨ ਤਾਂ ਕਰਦੇ ਹਨ ਪਰ ਗੁਰੂ ਗੋਬਿੰਦ ਸਿੰਘ ਜੀ ਦੀਆਂ ਉਨ੍ਹਾਂ ਤੁਕਾਂ ਨੂੰ ਪ੍ਰਸੰਗ ਵਿਚ ਰੱਖ ਕੇ ਪ੍ਰਸਤੁਤ ਨਹੀਂ ਕਰਦੇ ਜਿਨ੍ਹਾਂ ਵਿਚ ਗੁਰੂ ਜੀ ਨੇ ਅਵਤਾਰਵਾਦ ਵਿਚ ਵਿਸ਼ਵਾਸ ਰੱਖਣ ਵਾਲਿਆਂ ਦਾ ਕਰੜੇ ਸ਼ਬਦਾਂ ਵਿਚ ਖੰਡਨ

www.sikhbookclub.com

ਕੀਤਾ ਹੈ।

ਵੇਦਾਂਤ ਦੀ ਵਿਚਾਰਧਾਰਾ ਨੂੰ ਅੰਸ਼ਕ ਰੂਪ ਵਿਚ ਅਪਣਾ ਲੈਣਾ ਹੀ ਨਿਰਮਲ ਸੰਪ੍ਰਦਾਇ ਦਾ ਸਿੱਖ ਧਰਮ ਨਾਲੋਂ ਨਿਖੜਣ ਦਾ ਮੂਲ ਕਾਰਨ ਹੈ। ਇਸ ਕਾਰਨ ਨੂੰ ਉਚਿਤ ਸਿੱਧ ਕਰਨ ਲਈ ਨਿਰਮਲੇ ਸੰਤਾਂ ਨੇ ਆਪਣੀ ਪੰਜਾਬੀ ਵਾਰਤਕ ਵਿਚ ਵੇਦਾਂਤ ਦੀ ਚਰਚਾ, ਵਿਸਥਾਰ ਨਾਲ ਕੀਤੀ ਹੈ ਅਤੇ ਉਪਨਿਸ਼ਦਾਂ ਦੇ ਵਿਚਾਰਾਂ ਨੂੰ ਹੀ ਗੁਰਬਾਣੀ ਦਾ ਆਧਾਰ ਦੱਸਿਆ ਹੈ। ਉਪਨਿਸ਼ਦਾਂ ਤੇ ਪੁਰਾਣਾਂ ਦੇ ਵਿਚਾਰ ਜਟਿਲ ਹਨ ਇਸ ਲਈ ਇਨ੍ਹਾਂ ਦੀ ਵਿਆਖਿਆ ਕਰਨ ਲਈ ਸਾਹਿਤ ਦਾ ਵਾਰਤਕ ਰੂਪ ਹੀ ਅਪਣਾਇਆ ਗਿਆ ਹੈ। 'ਨਾਰਾਇਣ ਹਰੀ ਉਪਦੇਸ਼' ਕਰਤਾ ਪੰਡਤ ਹਰਦੇਵ ਸਿੰਘ ਅਤੇ 'ਬੀਰ ਮ੍ਰਿਗੇਸ਼' ਕਰਤਾ ਪੰਡਤ ਸ਼ੇਰ ਸਿੰਘ ਵਿਚ ਪੁਰਾਣਾਂ ਅਤੇ ਉਪਨਿਸ਼ਦਾਂ ਦੇ ਵਿਸ਼ੇ ਨੂੰ ਛੂਹ ਕੇ ਵਿਆਖਿਆ ਕੀਤੀ ਹੈ ਅਤੇ ਗੁਰਮਤ ਤੇ ਉਪਨਿਸ਼ਦਾਂ ਵਿਚ ਸਮਾਨਤਾ ਵਾਲੇ ਪੱਖਾਂ 'ਤੇ ਪ੍ਰਕਾਸ਼ ਪਾਇਆ ਹੈ।

ਦੇਹਧਾਰੀ ਗੁਰੂ, ਅਵਤਾਰਵਾਦ ਅਤੇ ਵੇਦਾਂਤ ਆਦਿ ਨਾਲ ਸਬੰਧਿਤ ਵਿਸ਼ਿਆਂ ਤੋਂ ਬਿਨਾਂ ਨਿਰਮਲੇ ਸਾਹਿਤਕਾਰਾਂ ਨੇ ਆਪਣੀ ਪੰਜਾਬੀ ਵਾਰਤਕ ਵਿਚ ਗੁਰਮਤ ਦਰਸ਼ਨ ਦੇ ਅਧਿਆਤਮਕ ਪੱਖਾਂ ਦੀ ਵਿਆਖਿਆ ਵੀ ਕੀਤੀ ਹੈ। ਮਹੰਤ ਸਾਧੂ ਸਿੰਘ ਨੇ 'ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ ਸੰਤ ਆਤਮਾ ਸਿੰਘ ਨੇ "ਗ੍ਰੰਥ ਸਾਖੀ ਪ੍ਰਮਾਣ" ਵਿਚ ਗੁਰਬਾਣੀ ਦੇ ਵਿਸ਼ਿਆਂ ਨੂੰ ਹੀ ਪ੍ਰਕਾਸ਼ਮਾਨ ਕੀਤਾ ਹੈ। ਇਨ੍ਹਾਂ ਉਥਾਨਕਾਵਾਂ ਤੋਂ ਛੁੱਟ ਸੰਤ ਗੁਰਦਿੱਤ ਸਿੰਘ ਦੀ 'ਗੁਰਮਤ ਸਿਧਾਂਤ ਸਾਰ' ਅਤੇ ਸੰਤ ਸੰਪੂਰਨ ਸਿੰਘ ਦੀ 'ਗੁਰਮਤ ਸਿਧਾਂਤ ਬਯੋਗ' ਗੁਰਮਤ ਦਰਸ਼ਨ ਦੀ ਵਿਆਖਿਆ ਦੇ ਸੰਬੰਧ ਵਿਚ ਵਰਣਨਯੋਗ ਪੁਸਤਕਾਂ ਹਨ ਜਿਨ੍ਹਾਂ ਵਿਚ ਗੁਰਬਾਣੀ ਦੀ ਵਿਸਥਾਰ ਨਾਲ ਵਿਆਖਿਆ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਨਿਰਮਲ ਸੰਪ੍ਰਦਾਇ ਦਾ ਗੁਰਮਤ ਦਰਸ਼ਨ ਪ੍ਰਤੀ ਦ੍ਰਿਸ਼ਟੀਕੋਣ ਸਪੱਸ਼ਟ ਹੋ ਜਾਂਦਾ ਹੈ।

ਨਿਰਮਲੇ ਸੰਤਾਂ ਦੀ ਪੰਜਾਬੀ ਵਾਰਤਕ ਵਿਚ ਜੀਵਨੀਆਂ, ਸ੍ਵੈ-ਜੀਵਨੀਆਂ ਅਤੇ ਸਾਖੀਆਂ ਦਾ ਵੀ ਵਰਣਨਯੋਗ ਸਥਾਨ ਹੈ। ਮਹਾਂ ਪੁਰਸ਼ਾਂ ਦੀਆਂ ਜੀਵਨੀਆਂ ਲਿਖ ਕੇ ਸੰਤ ਲੇਖਕਾਂ ਨੇ ਉੱਚ-ਪੱਧਰ ਦਾ ਆਤਮਕ ਜੀਵਨ ਬਿਤਾਉਣ ਲਈ ਸੰਕੇਤ ਦਿੱਤੇ ਹਨ। ਆਤਮਕ ਉੱਨਤੀ ਦੇ ਜਗਿਆਸੂਆਂ ਦੇ ਜੀਵਨ ਨੂੰ ਯਥਾਰਥ ਰੂਪ ਵਿਚ ਪ੍ਰਗਟਾਅ ਕੇ ਉਪਦੇਸ਼ਾਤਮਕ ਢੰਗ ਨਾਲੋਂ ਵੀ ਵਧੇਰੇ ਸਫਲਤਾ ਨਾਲ ਅਧਿਆਤਮਕ ਜੀਵਨ ਬਿਤਾਉਣ ਲਈ ਅਗਵਾਈ ਕੀਤੀ ਹੈ। ਸੰਤਾਂ ਦੀਆਂ ਜੀਵਨੀਆਂ ਜਿੱਥੇ ਆਤਮਕ ਜੀਵਨ ਦੇ ਉਪਾਸ਼ਕਾਂ ਲਈ ਪ੍ਰੇਰਨਾ ਦੇ ਸੋਮੇ ਹਨ, ਉਥੇ ਨਿਰਮਲ ਸੰਪ੍ਰਦਾਇ ਦੀ ਰਹਿਤ ਮਰਿਆਦਾ ਦਾ ਇਕ ਉੱਤਮ ਨਮੂਨਾ ਵੀ ਆਖੀਆਂ ਜਾ ਸਕਦੀਆਂ ਹਨ। ਪ੍ਰਭੂ-ਪ੍ਰੇਮ ਵਿਚ ਰੱਤੇ ਭਗਤਾਂ ਦੀ ਆਤਮਕ-ਸ਼ਕਤੀ ਦਾ ਗਿਆਨ ਕਰਾਉਣ ਲਈ ਸਾਖੀ ਵਿਧੀ ਨੂੰ ਵੀ ਮਾਧਿਅਮ ਬਣਾਇਆ ਗਿਆ ਹੈ। ਨਰੈਣ ਸਿੰਘ ਦੀਆਂ ਸਾਖੀਆਂ ਜੋ "ਭਗਤ ਮਾਲ ਸਟੀਕ" ਵਿਚ ਹਨ, ਸਾਹਿਤਕ ਵਾਰਤਕ ਦਾ ਇਕ ਸੁੰਦਰ ਨਮੂਨਾ ਹਨ।

www.sikhbookclub.com

ਨਿਰਮਲੇ ਸਾਹਿਤਕਾਰ ਵਿਰਕਤ ਸੰਤਾਂ ਦੀ ਸੰਪ੍ਰਦਾਇ ਵਿਚੋਂ ਹਨ, ਜੋ ਕਿ ਸੁਭਾਵਕ ਤੌਰ 'ਤੇ ਉਦਾਰ ਚਿੱਤ ਹੁੰਦੇ ਹਨ ਅਤੇ ਧਾਰਮਿਕ ਸੰਕੀਰਨਤਾ ਦੀਆਂ ਵਲਗਣਾਂ ਨੂੰ ਵੀ ਪਰਵਾਨ ਨਹੀਂ ਕਰਦੇ। ਇਹ ਦੂਸਰੇ ਧਰਮਾਂ ਦੇ ਦਰਸ਼ਨ ਨੂੰ ਸਮਝਣ ਅਤੇ ਉਸ ਦਾ ਅਧਿਐਨ ਕਰਨ ਵਿਚ ਦਿਲਚਸਪੀ ਰੱਖਦੇ ਹਨ। ਸਾਰੇ ਧਰਮਾਂ ਦੇ ਸਾਂਝੇ ਤੇ ਮਾਨਵ ਹਿਤਕਾਰੀ ਨਿਯਮਾਂ ਨੂੰ ਪਾਠਕਾਂ ਸਾਹਮਣੇ ਲਿਆਉਣ ਲਈ ਸਿੱਖ ਧਰਮ ਤੋਂ ਬਿਨਾਂ ਦੂਜੀਆਂ ਧਾਰਮਿਕ ਪੁਸਤਕਾਂ ਦੇ ਅਨੁਵਾਦ ਨੂੰ ਵੀ ਆਪਣੇ ਸਾਹਿਤ ਦਾ ਵਿਸ਼ਾ ਬਣਾ ਲੈਂਦੇ ਹਨ। ਸੰਤ ਗੁਰਦਿੱਤ ਸਿੰਘ ਵਲੋਂ ਕੀਤਾ ਗਿਆ 'ਕੁਰਾਨ' ਦਾ ਪੰਜਾਬੀ ਟੀਕਾ, ਗਣੇਸ਼ਾ ਸਿੰਘ ਦਾ 'ਭਾਰਤ ਮਤ ਦਰਪਨ' ਕੁਝ ਕੁ ਵਰਣਨ ਯੋਗ ਪੁਸਤਕਾਂ ਹਨ ਜੋ ਸੰਪ੍ਰਦਾਇ ਦੀ ਵਿਸ਼ਾਲ ਵਿਚਾਰਧਾਰਾ ਦੀਆਂ ਸੂਚਕ ਹਨ।

ਕੁਝ ਨਿਰਮਲੇ ਸਾਹਿਤਕਾਰਾਂ ਨੇ ਸੰਪ੍ਰਦਾਇ ਦੀ ਧਾਰਮਿਕ ਵਿਚਾਰਧਾਰਾ ਦੀ ਸੀਮਾ ਨੂੰ ਪਾਰ ਕਰ ਕੇ ਆਪਣੇ ਸਾਹਿਤ ਦਾ ਸੰਬੰਧ ਨੈਤਿਕ ਜੀਵਨ ਨਾਲ ਜੋੜ ਲਿਆ ਹੈ। ਜੀਵਨ-ਰੌ ਨੂੰ ਸਦਾ ਉਤਸ਼ਾਹ ਭਰਪੂਰ ਰੱਖਣ ਲਈ ਨਿਤਾ-ਪ੍ਰਤੀ ਜੀਵਨ ਵਿਚ ਪੇਸ਼ ਆਉਂਦੀਆਂ ਔਕੜਾਂ ਉੱਤੇ ਸਫਲਤਾ ਨਾਲ ਕਾਬੂ ਪਾਉਣ ਲਈ ਉਹ ਵਿਚਾਰ ਦਿੱਤੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਜੀਵਨ ਸੰਗ੍ਰਾਮ ਨੂੰ ਉਤਸ਼ਾਹ ਨਾਲ ਕਰਨ ਲਈ ਪ੍ਰੇਰਿਤ ਹੋ ਜਾਂਦਾ ਹੈ। ਸੰਤ ਸੰਪੂਰਨ ਸਿੰਘ ਦੇ ਨਿਬੰਧਾਂ ਦੇ ਸੰਗ੍ਰਹਿ ਅਤੇ ਸੰਤ ਟਹਿਲ ਸਿੰਘ ਦੀਆਂ ਰਚਨਾਵਾਂ ਸੰਤ ਲੇਖਕਾਂ ਦੀ ਇਸ ਵਿਲੱਖਣ ਵਿਚਾਰਧਾਰਾ ਦੀਆਂ ਸੂਚਕ ਹਨ। ਧਰਮ-ਪ੍ਰਚਾਰ ਜਾਂ ਕੇਵਲ ਸੰਪ੍ਰਦਾਇ ਦੀ ਵਿਚਾਰਧਾਰਾ ਤੋਂ ਬਿਨਾਂ ਸਮਾਜਿਕ ਸਮੱਸਿਆਵਾਂ ਨੂੰ ਵੀ ਸਾਹਿਤ ਦੁਆਰਾ ਅਭਿਵਿਅਕਤ ਕਰਨਾ ਸੰਤ ਲੇਖਕਾਂ ਦੀ ਸਾਹਿਤਕ ਪ੍ਰਤਿਭਾ ਦਾ ਪ੍ਰਸੰਸਾ ਯੋਗ ਪੱਖ ਹੈ ਅਤੇ ਇਨ੍ਹਾਂ ਦੀ ਸਮਾਜਿਕ ਸੂਝ ਦੀ ਲਖਾਇਕ ਹੈ। ਸੰਪ੍ਰਦਾਇਕ ਨਿਯਮਾਂ ਦੇ ਚੌਖਟੇ ਵਿਚੋਂ ਬਾਹਰ ਆ ਕੇ ਜੋ ਵਿਚਾਰ ਨਿਰਮਲੇ ਲਿਖਾਰੀਆਂ ਨੇ ਪੰਜਾਬੀ ਰਚਨਾਵਾਂ ਵਿਚ ਪ੍ਰਗਟ ਕੀਤੇ ਹਨ, ਇਨ੍ਹਾਂ ਨੂੰ ਸੰਪ੍ਰਦਾਇ ਦੀ ਪ੍ਰਤੀਨਿਧ ਵਿਚਾਰਧਾਰਾ ਤਾਂ ਨਹੀਂ ਆਖਿਆ ਜਾ ਸਕਦਾ ਪਰ ਨਿਰਮਲ ਸੰਪ੍ਰਦਾਇ ਦੇ ਸਾਹਿਤ ਵਿਚ ਇਸ ਵੰਨਗੀ ਦੀ ਸਾਹਿਤਕ ਮਹੱਤਤਾ ਅਵੱਸ਼ ਹੈ ਕਿਉਂਕਿ ਇਹ ਵਿਚਾਰ ਜਨ-ਸਾਧਾਰਨ ਦੇ ਜੀਵਨ ਦਾ ਚਿੱਤ੍ਰ ਪੇਸ਼ ਕਰਦੇ ਹਨ।

ਨਿਰਮਲੇ ਸੰਤਾਂ ਵੱਲੋਂ ਪੰਜਾਬੀ ਵਾਰਤਕ ਵਿਚ ਜੋ ਵਿਚਾਰ ਸੰਚਾਰ ਕੀਤੇ ਗਏ ਹਨ, ਸਮੁੱਚੇ ਤੌਰ 'ਤੇ ਉਹ ਸੰਪ੍ਰਦਾਇ ਦੀ ਵਿਚਾਰਧਾਰਾ ਦੇ ਪ੍ਰਤਿਨਿਧ ਹਨ। ਨਿਰਮਲੇ ਸਾਹਿਤਕਾਰ ਕੇਵਲ ਸਿੱਖ ਮੱਤ ਦੀ ਵਿਆਖਿਆ ਨੂੰ ਹੀ ਅਧਿਆਤਮਕ ਜੀਵਨ ਲਈ ਕਾਫ਼ੀ ਨਹੀਂ ਸਮਝਦੇ, ਇਸੇ ਕਾਰਨ ਇਨ੍ਹਾਂ ਨੇ ਦੂਜੇ ਧਰਮਾਂ ਦੇ ਵਿਚਾਰਾਂ ਨੂੰ ਆਪਣੇ ਸਾਹਿਤ ਦਾ ਵਿਸ਼ਾ ਬਣਾ ਕੇ ਪਾਠਕਾਂ ਨੂੰ ਤੁਲਨਾਤਮਕ ਅਧਿਐਨ ਲਈ ਪ੍ਰੇਰਿਆ ਹੈ।

ਨਿਰਮਲੇ ਸੰਤਾਂ ਨੇ ਸਿੱਖ ਮੱਤ ਦੇ ਨਿਯਮਾਂ ਨਾਲ ਵੇਦਾਂਤ ਨੂੰ ਮਿਲਾ ਦਿੱਤਾ ਹੈ। ਦੇਹਧਾਰੀ, ਗੁਰੂ ਅਤੇ ਅਵਤਾਰਵਾਦ ਦੇ ਵਿਸ਼ੇ ਗੁਰਮਤ ਦੇ ਪ੍ਰਸੰਗ ਵਿਚ ਰੱਖ ਕੇ ਪਰਖਿਆਂ ਅਸਪੱਸ਼ਟ ਅਤੇ ਧੁੰਦਲੇ ਪ੍ਰਤੀਤ ਦੇਂਦੇ ਹਨ। ਵੇਦਾਂਤ ਅਤੇ ਗੁਰਮਤ-ਦਰਸ਼ਨ ਦਾ ਮਿਸ਼ਰਨ

www.sikhbookclub.com

ਕੋਈ ਨਿਸ਼ਚਿਤ ਦ੍ਰਿਸ਼ਟੀਕੋਣ ਸਾਡੇ ਸਾਹਮਣੇ ਨਹੀਂ ਲਿਆਉਂਦਾ, ਇਸ ਦੇ ਵਿਪਰੀਤ ਪਾਠਕਾਂ ਨੂੰ ਦਵੰਧ ਵਿਚ ਪਾ ਦੇਂਦਾ ਹੈ। ਜਿਵੇਂ ਦੇਹਧਾਰੀ ਗੁਰੂ ਦਾ ਵਿਸ਼ਾ ਇਕ ਵਿਵਾਦ ਬਣ ਕੇ ਹੀ ਰਹਿ ਗਿਆ ਹੈ।

ਨਿਰਮਲੇ ਸੰਤਾਂ ਦੀ ਵਾਰਤਕ ਦਾ ਮੂਲ ਆਧਾਰ ਗੁਰਮਤ ਦਰਸ਼ਨ ਹੀ ਹੈ ਅਤੇ ਇਨ੍ਹਾਂ ਸਾਹਿਤਕਾਰਾਂ ਨੇ ਗੁਰਮਤ ਚਿੰਤਨ ਦੇ ਅਧਿਆਤਮਕ ਪੱਖਾਂ ਨੂੰ ਉਜਾਗਰ ਕਰ ਕੇ ਸਜੀਵ ਰੱਖਣ ਦੇ ਯਤਨ ਕੀਤੇ ਹਨ। ਭਾਵੇਂ ਉਪਨਿਸ਼ਦਾਂ ਅਤੇ ਪੁਰਾਣਾਂ ਵਿਚੋਂ ਹਵਾਲੇ ਦੇ ਕੇ ਗੁਰਮਤ ਨਾਲ ਸਮਾਨਤਾ ਵਾਲੇ ਪੱਖਾਂ ਉੱਤੇ ਪ੍ਰਕਾਸ਼ ਪਾਇਆ ਹੈ ਪਰ ਇਨ੍ਹਾਂ ਦੀ ਵਾਰਤਕ ਰਚਨਾ ਦਾ ਮੁੱਖ ਮਨੋਰਥ ਕੋਈ ਨਵਾਂ ਦਰਸ਼ਨ ਦੇਣਾ ਨਹੀਂ ਬਲਕਿ ਸੰਪ੍ਰਦਾਇਕ ਰੂਪ ਵਿਚ ਗੁਰਮਤ ਦਾ ਪ੍ਰਚਾਰ ਕਰਨਾ ਹੀ ਹੈ।

ਸ਼ੈਲੀ :-

ਸ਼ੈਲੀ ਲੇਖਕ ਦੇ ਅਭਿਵਿਅਕਤ ਕਰਨ ਦੀ ਉਹ ਵਿਲੱਖਣਤਾ ਹੈ ਜਿਸ ਤੋਂ ਉਸ ਦੀ ਸ਼ਖ਼ਸੀਅਤ ਪਛਾਣੀ ਜਾ ਸਕਦੀ ਹੈ। ਸ਼ੈਲੀ ਦੇ ਸੰਬੰਧ ਵਿਚ ਸਾਹਿਤ ਦੇ ਵਿਦਵਾਨਾਂ ਨੇ ਭਿੰਨ ਭਿੰਨ ਦ੍ਰਿਸ਼ਟੀਕੋਣ ਦਿੱਤੇ ਹਨ ਪਰ ਇਸ ਵਿਚਾਰ ਨਾਲ ਸਾਰੇ ਸਹਿਮਤ ਹਨ ਕਿ ਸ਼ੈਲੀ ਵਿਚ ਲੇਖਕ ਦਾ ਵਿਅਕਤਿਤਵ ਸਮੋਇਆ ਹੁੰਦਾ ਹੈ। ਜੇ.ਮਿਡਲਟਨ ਮਰੀ ਨੇ ਆਪਣੀ ਪੁਸਤਕ "ਪ੍ਰਾਬਲਮ ਆਫ ਸਟਾਈਲ" ਵਿਚ ਲਿਖਿਆ ਹੈ ਕਿ ਸ਼ੈਲੀ ਭਾਸ਼ਾ ਦਾ ਉਹ ਗੁਣ ਹੈ ਜਿਹੜਾ ਲੇਖਕ ਦੇ ਵਿਅਕਤੀ ਜਜ਼ਬਿਆਂ ਅਤੇ ਵਿਚਾਰਾਂ ਅਥਵਾ ਜਜ਼ਬਿਆਂ ਜਾਂ ਵਿਚਾਰਾਂ ਦੇ ਵਰਗ ਨੂੰ ਵਾਸਤਵਕ ਰੂਪ ਵਿਚ ਸੰਚਾਰ ਕਰ ਦੇਂਦਾ ਹੈ। ਬਫ਼ਟਨ ਦੀ ਪਰੀਭਾਸ਼ਾ ਕਿ "ਸ਼ੈਲੀ ਹੀ ਮਨੁੱਖ ਹੈ" ਤਾਂ ਸਰਬ ਪ੍ਰਵਾਨ ਹੋ ਚੁੱਕੀ ਹੈ। ਸੋ ਲੇਖਕ ਦੀ ਸ਼ੈਲੀ ਨੂੰ ਪਰਖਣ ਤੋਂ ਪਹਿਲਾਂ ਉਸ ਦੀ ਸ਼ਖ਼ਸੀਅਤ ਬਾਰੇ ਜਾਣਨਾ ਜ਼ਰੂਰੀ ਹੈ ਅਤੇ ਜਿਸ ਕਾਲ ਅਤੇ ਵਾਤਾਵਰਣ ਦਾ ਪ੍ਰਭਾਵ ਵਿਅਕਤਿਤਵ 'ਤੇ ਪੈਂਦਾ ਹੈ, ਉਸ ਨੂੰ ਵੀ ਦ੍ਰਿਸ਼ਟੀਗੋਚਰ ਰੱਖਣ ਦੀ ਲੋੜ ਹੈ। ਕਿਉਂਕਿ ਜੋ ਤਤ ਲੇਖਕ ਦੀ ਸ਼ਖ਼ਸੀਅਤ ਉੱਤੇ ਪ੍ਰਭਾਵ ਪਾਉਂਦੇ ਹਨ, ਉਨ੍ਹਾਂ ਦਾ ਹੀ ਪ੍ਰਤਿਬਿੰਬ ਉਸ ਦੀ ਰਚਨਾ ਵਿਚੋਂ ਲੱਭਦਾ ਹੈ। ਮਨੁੱਖ ਦੀ ਸ਼ਖ਼ਸੀਅਤ ਉੱਤੇ ਪ੍ਰਭਾਵ ਪਾਉਣ ਵਾਲੇ ਅਨੇਕ ਪੱਖ ਹਨ ਪਰ ਬਚਪਨ ਵਿਚ ਪ੍ਰਾਪਤ ਕੀਤੀ ਵਿੱਦਿਆ, ਸਮਾਜਿਕ ਵਾਤਾਵਰਣ ਅਤੇ ਵਿਅਕਤੀਗਤ-ਅਨੁਭਵ ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ ਉੱਤੇ ਆਪਣੀ ਮੋਹਰ-ਛਾਪ ਛੱਡ ਜਾਂਦੇ ਹਨ ਅਤੇ ਇਸ ਮੋਹਰ ਛਾਪ ਦੇ ਪ੍ਰਭਾਵ ਨੂੰ ਹੀ ਲੇਖਕ ਆਪਣੀਆਂ ਰਚਨਾਵਾਂ ਵਿਚ ਪ੍ਰਗਟਾਉਂਦਾ ਹੈ। ਉਹ ਆਪਣੇ ਅਨੁਭਵ ਨੂੰ ਆਪਣੀ ਰਚਨਾ ਵਿਚ ਸਮੋ ਦੇਂਦਾ ਹੈ। ਕਿਸੇ ਲੇਖਕ ਦੀ ਸ਼ੈਲੀ ਦਾ ਅਧਿਐਨ ਕਰਨ ਲਈ ਹਡਸਨ ਨੇ ਤਿੰਨ ਪੱਖ ਦੱਸੇ ਹਨ– ਪਹਿਲਾ ਲੇਖਕ ਦਾ ਵਿਅਕਤਿਤਵ, ਦੂਜਾ ਕਾਲ ਜਾਂ ਸਮਾਂ ਅਤੇ ਤੀਸਰਾ ਤਕਨੀਕ ਤੇ ਵਿਚਾਰਾਂ ਦੀ ਵਿਉਂਤ।

www.sikhbookclub.com

ਸ਼ੈਲੀ ਨੂੰ ਪਰਖਣ ਲਈ ਸਾਹਿਤ ਦੇ ਵਿਦਵਾਨਾਂ ਦੀਆਂ ਪਿਛੇ ਵਰਣਨ ਕੀਤੀਆਂ ਕਸੌਟੀਆਂ ਨੂੰ ਆਧਾਰ ਬਣਾ ਕੇ ਨਿਰਮਲੇ ਸਾਹਿਤਕਾਰਾਂ ਦੀ ਵਾਰਤਕ ਸ਼ੈਲੀ ਨੂੰ ਪਰਖਣ ਦੀ ਲੋੜ ਹੈ।

ਨਿਰਮਲੇ ਸੰਤਾਂ ਦੀ ਜੀਵਨ-ਜਾਚ, ਵਿੱਦਿਆ ਅਤੇ ਵਾਤਾਵਰਨ ਵਿਚ ਕੋਈ ਵਿਸ਼ੇਸ਼ ਅੰਤਰ ਨਹੀਂ ਹੈ। ਗਿਆਨ-ਪ੍ਰਾਪਤੀ ਅਤੇ ਨਿੱਜੀ ਤਜਰਬਿਆਂ ਦੇ ਖੇਤਰ ਇਕੋ ਹੀ ਹਨ ਅਤੇ ਸੀਮਤ ਹਨ। ਧਾਰਮਿਕ ਵਿਚਾਰਧਾਰਾ ਇਨ੍ਹਾਂ ਦੇ ਸਾਹਿਤ ਦੀ ਆਧਾਰਸ਼ਿਲਾ ਹੈ, ਅਧਿਐਨ ਗੁਰਮਤ ਉੱਤੇ ਕੇਂਦ੍ਰਿਤ ਹੈ ਅਤੇ ਇਸ ਮੱਤ ਦੇ ਪਿਛੋਕੜ ਵੇਦਾਂਤ ਦਾ ਗਿਆਨ ਵੀ ਹਰ ਨਿਰਮਲਾ ਸੰਤ ਪ੍ਰਾਪਤ ਕਰਦਾ ਹੈ। ਵੇਦਾਂਤ ਗਿਆਨ ਦੀ ਸੰਸਥਾ ਅਤੇ ਵਿੱਦਿਆ ਦਾ ਕੇਂਦਰ ਸਮੁੱਚੀ ਸੰਪ੍ਰਦਾਇ ਲਈ ਬਨਾਰਸ ਹੀ ਹੈ। ਇਸ ਤਰ੍ਹਾਂ ਕਹਿਣਾ ਵੀ ਅਨੁਚਿਤ ਨਹੀਂ ਕਿ ਸੰਪ੍ਰਦਾਇ ਦੇ ਹਰ ਸਾਹਿਤਕਾਰ ਨੂੰ ਇਕੋ ਹੀ ਰੂਪ ਵਿਚ ਢਾਲਿਆ ਜਾਂਦਾ ਹੈ ਅਤੇ ਉਸ ਦੇ ਸਾਹਿਤ ਦਾ ਵਿਸ਼ਾ ਵਸਤੂ ਵੀ ਪੂਰਵ-ਮਿਥਿਆ ਹੋਇਆ ਹੈ। ਨਿਰਮਲੇ ਸਾਹਿਤਕਾਰਾਂ ਨੇ ਧਾਰਮਿਕ ਗ੍ਰੰਥਾਂ ਦੀ ਹੀ ਪੰਜਾਬੀ ਵਾਰਤਕ ਦੀ ਕਿਸੇ ਨਾ ਕਿਸੇ ਵੰਨਗੀ ਵਿਚ ਵਿਆਖਿਆ ਕੀਤੀ ਹੈ। ਇਸ ਕਰ ਕੇ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਪ੍ਰਤੀਨਿਧ ਸਾਹਿਤ ਹੋਣ ਕਾਰਨ ਇਸ ਵਿਚੋਂ ਵਿਅਕਤੀ ਦੀ ਸ਼ਖ਼ਸੀਅਤ ਨੂੰ ਪਛਾਣ ਲੈਣਾ ਸੰਭਵ ਨਹੀਂ ਹੈ। ਇਨ੍ਹਾਂ ਦੀ ਸ਼ੈਲੀ ਵਿਚੋਂ ਵਿਅਕਤੀ ਦੀ ਨਹੀਂ, ਬਲਕਿ ਸੰਪ੍ਰਦਾਇ ਦੀ ਪਛਾਣ ਉਭਰਦੀ ਹੈ। ਨਿਰਮਲੇ ਲੇਖਕ ਦੀ ਰਚਨਾ ਪੜ੍ਹ ਕੇ ਲੇਖਕ ਬਾਰੇ ਅਨਜਾਣ ਰਹਿ ਕੇ ਵੀ ਪਾਠਕ ਇਹ ਨਿਰਣਾ ਦੇ ਸਕਦਾ ਹੈ ਕਿ ਇਹ ਕਿਸੇ ਨਿਰਮਲੇ ਸੰਤ ਦੀ ਰਚਨਾ ਹੈ। ਨਿਰਮਲੇ ਸੰਤਾਂ ਦੇ ਸਾਹਿਤ ਦਾ ਇਤਿਹਾਸ ਵਾਚਨ ਤੋਂ ਪਤਾ ਲੱਗਦਾ ਹੈ ਕਿ ਕਿਸੇ ਵੀ ਪੜਾਅ 'ਤੇ ਕਿਸੇ ਲੇਖਕ ਨੇ ਵੱਖਰੇ ਰੂਪ ਦੀ ਵਿਅਕਤੀਗਤ ਸ਼ੈਲੀ ਵਿਚ ਸਾਹਿਤ ਲਿਖਣ ਦੀ ਪੱਧਤੀ ਨਹੀਂ ਚਲਾਈ। ਇਨ੍ਹਾਂ ਦਾ ਸਾਰਾ ਸਾਹਿਤ ਜਨ-ਸਾਧਾਰਨ ਦੀਆਂ ਧਾਰਮਿਕ ਉਪਾਸ਼ਨਾਮਈ ਲੋੜਾਂ ਨੂੰ ਮੁੱਖ ਰੱਖ ਕੇ ਲਿਖਿਆ ਗਿਆ ਹੈ। ਇਸ ਲਈ ਇਨ੍ਹਾਂ ਦੀ ਸ਼ੈਲੀ ਸਾਦਾ ਅਤੇ ਸਪੱਸ਼ਟ ਹੈ ਜੋ ਪ੍ਰਚਾਰ ਦੀਆਂ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਦੀ ਹੈ।

ਨਿਰਮਲ ਸੰਪ੍ਰਦਾਇ ਦਾ ਸਾਹਿਤ ਕਿਸੇ ਇਕ ਕਾਲ ਦੀ ਰਚਨਾ ਨਹੀਂ ਹੈ। ਸੰਪ੍ਰਦਾਇ ਦੇ ਵਿਕਾਸ ਨਾਲ ਇਸ ਦਾ ਸਾਹਿਤ ਵੀ ਕਾਲ ਦੀਆਂ ਹੱਦਾਂ ਤੋਂ ਮੁਕਤ ਹੈ। ਆਰੰਭਕ ਪੜਾਅ ਤੋਂ ਹੀ ਇਹ ਗੁਰਮਤ ਚਿੰਤਨ ਦੇ ਆਧਾਰੀ ਗੁਣਾਂ ਉੱਤੇ ਉਸਰਦਾ ਆ ਰਿਹਾ ਹੈ। ਇਨ੍ਹਾਂ ਦੇ ਅਜੋਕੇ ਸਾਹਿਤ ਵਿਚ ਵੀ ਉਨ੍ਹਾਂ ਵਿਚਾਰਾਂ ਅਤੇ ਸਿਧਾਂਤਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਜਿਨ੍ਹਾਂ ਬਾਰੇ ਪੂਰਬਲੇ ਨਿਰਮਲੇ ਸਾਹਿਤਕਾਰ ਬਹੁਤ ਕੁਝ ਲਿਖ ਚੁੱਕੇ ਹਨ। ਨਿਰਮਲੇ ਸੰਤਾਂ ਦੇ ਸਾਹਿਤ ਨੂੰ ਵੱਖ-ਵੱਖ ਸਮਿਆਂ ਦੇ ਪ੍ਰਭਾਵ ਅਧੀਨ ਉਪਜਿਆ ਭਿੰਨ-ਭਿੰਨ ਪ੍ਰਕਾਰ ਦਾ ਸਾਹਿਤ ਨਹੀਂ ਆਖਿਆ ਜਾ ਸਕਦਾ।

ਨਿਰਮਲੇ ਸੰਤਾਂ ਦੀ ਪੰਜਾਬੀ ਵਾਰਤਕ ਨੂੰ ਤਕਨੀਕ ਦੇ ਪੱਖ ਤੋਂ ਪਰਖਿਆਂ ਪਤਾ

www.sikhbookclub.com

ਲੱਗਦਾ ਹੈ ਕਿ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਲੇਖਕਾਂ ਨੇ ਵਾਰਤਕ ਦੀਆਂ ਵੱਖ-ਵੱਖ ਵਿਧੀਆਂ ਨੂੰ ਪ੍ਰਯੁੱਕਤ ਕੀਤਾ ਹੈ।

ਨਿਰਮਲ ਸੰਪ੍ਰਦਾਇ ਦੇ ਇਤਿਹਾਸ ਤੋਂ ਜੋ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਸ ਦੇ ਆਧਾਰ 'ਤੇ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਇਸ ਸੰਪ੍ਰਦਾਇ ਦੇ ਤਿੰਨ ਪੱਖ ਹਨ। ਇਸ ਦੀ ਉੱਤਪਤੀ ਦਾ ਸੰਬੰਧ ਪ੍ਰਾਚੀਨ ਭਾਰਤੀ ਸਾਹਿਤ ਅਤੇ ਸਾਹਿਤਕਾਰਾਂ ਦੇ ਵਰਗ ਨਾਲ ਜੁੜਦਾ ਹੈ। ਪ੍ਰਾਚੀਨ ਸਾਹਿਤ ਦੇ ਅਧਿਐਨ ਦੇ ਨਾਲ ਨਾਲ ਇਨ੍ਹਾਂ ਦੇ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਵੀ ਸਾਹਿਤ ਦੁਆਰਾ ਕੀਤਾ ਹੈ, ਇਹ ਇਕ ਸਾਹਿਤਕਾਰਾਂ ਦੀ ਸੰਪ੍ਰਦਾਇ ਦਾ ਪੱਖ ਹੈ।

ਗੁਰਮਤ-ਦਰਸ਼ਨ ਨਿਰਮਲ ਸੰਪ੍ਰਦਾਇ ਦੇ ਜੀਵਨ ਦਾ ਆਧਾਰ ਹੈ। ਦੂਜੇ ਧਰਮਾਂ ਦੇ ਸਿਧਾਂਤਾਂ ਨੂੰ ਪਿਛੋਕੜ ਵਿਚ ਰੱਖ ਕੇ ਗੁਰਮਤ ਦਰਸ਼ਨ ਨੂੰ ਵਾਚਿਆ, ਸਮਝਿਆ ਅਤੇ ਫੇਰ ਇਸ ਦਾ ਪ੍ਰਚਾਰ ਕੀਤਾ ਹੈ। ਇਨ੍ਹਾਂ ਨੇ ਆਪਣੇ ਪ੍ਰਚਾਰ ਦੁਆਰਾ ਰੱਬੀ ਬਾਣੀ ਦਾ ਉਪਦੇਸ਼ ਕੀਤਾ ਹੈ ਅਤੇ ਮਨੁੱਖ ਤੇ ਪਰਮਾਤਮਾ ਦੇ ਸੰਬੰਧਾਂ ਨੂੰ ਸਪੱਸ਼ਟ ਕਰਨ ਦੇ ਯਤਨ ਕੀਤੇ ਹਨ।

ਨਿਰਮਲ ਸੰਪ੍ਰਦਾਇ ਦਾ ਤੀਸਰਾ ਪੱਖ ਇਸ ਨੂੰ ਪ੍ਰਚਾਰਕਾਂ ਦੀ ਜੱਥੇਬੰਦੀ ਦੇ ਰੂਪ ਵਿਚ ਦਰਸਾਉਂਦਾ ਹੈ। ਆਪਣੀ ਸੰਪ੍ਰਦਾਇ ਦੀ ਵਿਕਾਸ-ਗਤੀ ਲਈ ਅਤੇ ਗੁਰਮਤ ਦੇ ਪ੍ਰਚਾਰ ਲਈ ਨਿਰਮਲੇ ਸੰਤ ਦੇਸ਼-ਰਟਨ ਕਰ ਕੇ ਧਾਰਮਿਕ ਦੀਵਾਨਾਂ ਅਤੇ ਇਕੱਤ੍ਰਤਾਵਾਂ ਵਿਚ ਭਾਸ਼ਨ ਦੇਂਦੇ ਹਨ। ਨਿਰਮਲ ਸੰਪ੍ਰਦਾਇ ਦੇ ਇਹ ਤਿੰਨ ਪੱਖ ਸਾਹਿਤਕਾਰਾਂ ਦੀ ਵਾਰਤਕ ਸ਼ੈਲੀ ਵਿਚ ਵੀ ਮਿਲੇ ਹੋਏ ਹਨ। ਨਿਰਮਲ ਸੰਪ੍ਰਦਾਇ ਧਰਮਵੇਤਾ ਅਤੇ ਪ੍ਰਚਾਰਕ ਹਨ। ਜਦੋਂ ਵੀ ਕਿਸੇ ਲਹਿਰ ਜਾਂ ਸੰਪ੍ਰਦਾਇ ਦੇ ਉਦੇਸ਼ਾਂ ਦਾ ਪ੍ਰਚਾਰ ਕਰਨਾ ਹੁੰਦਾ ਹੈ ਤਾਂ ਸਾਹਿਤ ਨੂੰ ਵੀ ਇਸ ਪ੍ਰਚਾਰ ਦਾ ਮਾਧਿਅਮ ਬਣਾਇਆ ਜਾਂਦਾ ਹੈ। ਸਾਹਿਤ ਵਿਚ ਵਾਰਤਕ ਦਾ ਰੂਪ ਪ੍ਰਚਾਰ ਲਈ ਯੋਗ ਅਤੇ ਪ੍ਰਭਾਵਸ਼ਾਲੀ ਰੂਪ ਹੈ ਕਿਉਂਕਿ ਉਪਦੇਸ਼ ਦਾ ਪ੍ਰਭਾਵ ਪਾ ਕੇ ਆਪਣੇ ਵਿਚਾਰਾਂ ਦਾ ਅਨੁਯਾਈ ਬਣਾਉਣ ਲਈ ਬੁੱਧੀ ਨੂੰ ਟੁੰਬਣਾ ਅਵੱਸ਼ਕ ਹੈ ਅਤੇ ਇਸ ਪ੍ਰਯੋਜਨ ਵਿਚ ਸਫਲਤਾ ਪ੍ਰਾਪਤ ਕਰਨ ਲਈ ਸਾਹਿਤ ਦਾ ਵਾਰਤਕ ਰੂਪ ਹੀ ਯੋਗ ਮਾਧਿਅਮ ਹੈ।

ਕਿਉਂਕਿ ਨਿਰਮਲੇ ਲੇਖਕ ਪ੍ਰਚਾਰਕ-ਉਪਦੇਸ਼ਕ ਵੀ ਹਨ ਇਸ ਲਈ ਇਨ੍ਹਾਂ ਦੀ ਸਾਹਿਤ ਕਲਾ ਵਿਚ ਵੀ ਭਾਸ਼ਨ-ਕਲਾ ਦਾ ਅੰਸ਼ਕ ਮੇਲ ਹੈ। 'ਨਾਰਾਇਣ ਹਰੀ ਉਪਦੇਸ਼' ਵਿਚ ਸੰਤ ਹਰਦੇਵ ਸਿੰਘ ਨੇ ਆਪਣੀ ਵਾਰਤਕ ਵਿਚ ਭਾਸ਼ਨ-ਕਲਾ ਨੂੰ ਵੀ ਮਿਲਾ ਦਿੱਤਾ ਹੈ। ਲੇਖਕ ਨੇ ਆਪਣੇ ਪੂਜਯ ਗੁਰੂ ਦਾ ਜੀਵਨ-ਚਿੱਤ੍ਰ ਪੇਸ਼ ਕੀਤਾ ਹੈ ਅਤੇ ਆਪਣੇ ਜੀਵਨ ਵਿਚ ਜਿਨ੍ਹਾਂ ਮੌਕਿਆਂ 'ਤੇ ਉਸ ਦੇ ਗੁਰੂ ਨੇ ਸਰੋਤਿਆਂ ਨੂੰ ਸੰਬੋਧਨ ਕੀਤਾ ਹੈ, ਉਨ੍ਹਾਂ ਮੌਕਿਆਂ ਦਾ ਜ਼ਿਕਰ ਕਰ ਕੇ ਗੁਰੂ ਦੇ ਭਾਸ਼ਨ ਦੇ ਸਾਰ ਨੂੰ ਆਪਣੇ ਸ਼ਬਦਾਂ ਵਿਚ ਲਿਖ ਦਿੱਤਾ ਹੈ। ਇਹ ਭਾਸ਼ਨ ਸਾਹਿਤਕ ਅਤੇ ਵਿਆਖਿਆ-ਮਈ ਵਾਰਤਕ ਵਿਚ ਲਿਖੇ ਗਏ ਹਨ। ਪੰਜਾਬੀ ਸਾਹਿਤ ਵਿਚ

www.sikhbookclub.com

ਵਾਰਤਕ ਦੀ ਇਹ ਵੰਨਗੀ ਨਿਰਮਲੇ ਸਾਹਿਤਕਾਰਾਂ ਦੀ ਇਕ ਵਿਲੱਖਣ ਦੇਣ ਹੈ। ਇਸ ਪ੍ਰਕਾਰ ਦੀ ਵਾਰਤਕ ਨੂੰ ਐਚ.ਰੀਡ ਨੇ ਆਧੁਨਿਕ ਵਾਰਤਕ ਦੀ ਸਰੋਤ ਦੱਸਿਆ ਹੈ :-

'Some to these ways such as eloquence and exposition it has in common with ancient oratory. others such as fancy and imagination were already present in ancient prose but the special complexity and the special power of modern prose writing comes from the wedding of these two arts or oratory and prose in to a single art which we call prose.

ਨਿਰਮਲੇ ਸੰਤਾਂ ਨੇ ਆਪਣੀ ਵਾਰਤਕ ਵਿਚ ਵਿਸ਼ੇ-ਵਸਤੂ ਦੇ ਅਨੁਕੂਲ ਵਾਰਤਕ-ਸ਼ੈਲੀ ਦੀਆਂ ਵੱਖ-ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਹੈ। ਇਨ੍ਹਾਂ ਸਾਹਿਤਕਾਰਾਂ ਦੀ ਸਮੁੱਚੀ ਵਾਰਤਕ ਦਾ ਸਰੂਪ ਵੇਖਣ ਲਈ ਇਨ੍ਹਾਂ ਵਿਧੀਆਂ ਦੀਆਂ ਵੰਨਗੀਆਂ ਹੇਠਾਂ ਦੇਂਦੇ ਹਾਂ :-

ਪ੍ਰਸ਼ਨੋਤਰੀ ਜਾਂ ਸੰਬਾਦ ਵਿਧੀ :-

ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਦੇ ਕਈ ਪੱਖ ਗੁਰਮਤ ਦਰਸ਼ਨ ਦੇ ਅਨੁਕੂਲ ਨਹੀਂ ਹਨ ਅਤੇ ਸਿੱਖ ਮੱਤ ਵਿਚ ਵਿਵਾਦ ਦਾ ਵਿਸ਼ਾ ਬਣ ਗਏ ਹਨ। ਇਨ੍ਹਾਂ ਵਿਵਾਦ ਵਾਲੇ ਪੱਖਾਂ ਤੋਂ ਜੋ ਸ਼ੰਕੇ ਜਾਂ ਕਿੰਤੂ ਹੁੰਦੇ ਹਨ, ਉਹਨਾਂ ਨੂੰ ਸਪੱਸ਼ਟ ਕਰਨ ਲਈ ਪ੍ਰਸ਼ਨੋਤਰੀ ਜਾਂ ਸੰਬਾਦ ਵਿਧੀ ਦਾ ਪ੍ਰਯੋਗ ਕੀਤਾ ਗਿਆ ਹੈ। ਜਗਿਆਸੂ ਵੱਲੋਂ ਪ੍ਰਸ਼ਨ ਕੀਤੇ ਗਏ ਹਨ ਅਤੇ ਨਿਰਮਲ ਸੰਪ੍ਰਦਾਇ ਦੀ ਵਿਚਾਰਧਾਰਾ ਅਨੁਸਾਰ ਉਨ੍ਹਾਂ ਦੇ ਉੱਤਰ ਦੇ ਕੇ ਵਿਆਖਿਆ ਕੀਤੀ ਗਈ ਹੈ। ਸੰਤ ਗੁਰਦਿੱਤ ਸਿੰਘ ਨੇ 'ਗੁਰਮਤ ਸਿਧਾਂਤ ਸਾਰ' ਪੰਡਤ ਸ਼ੇਰ ਸਿੰਘ ਨੇ 'ਬੀਰ ਮ੍ਰਿਗੇਸ਼' ਅਤੇ ਸੰਤ ਸੰਪੂਰਨ ਸਿੰਘ ਨੇ 'ਗੁਰਮਤ ਸਿਧਾਂਤ ਬਯੋਗ' ਵਿਚ ਪ੍ਰਸ਼ਨੋਤਰੀ ਦੀ ਵਿਧੀ ਦੁਆਰਾ ਆਪਣੇ ਵਿਚਾਰਾਂ ਨੂੰ ਸਪੱਸ਼ਟ ਕੀਤਾ ਹੈ। ਗੁਰਮਤ ਸਿਧਾਂਤ ਸਾਰ ਵਿਚੋਂ ਇਸ ਵਿਧੀ ਦੀ ਵੰਨਗੀ ਹੇਠਾਂ ਦਿੰਦੇ ਹਾਂ :-

ਪ੍ਰਸ਼ਨ :- ਤੁਸਾਂ ਗੁਰਬਾਣੀ ਦਾ ਅਨੁਕਰਣ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿਉਂ ਆਖਿਆ ? ਇਸ ਤੋਂ ਪਰਤੀਤ ਹੁੰਦਾ ਹੈ ਕਿ ਤੁਸੀਂ ਗੁਰਮਤ ਦੇ ਵਿਰੋਧੀ ਹੋ ਕਿਉਂਕਿ ਗੁਰਮਤ ਦੇ ਅਨੁਸਾਰ ਸਾਰੇ ਲੋਕ ਗੁਰੂ ਗ੍ਰੰਥ ਜੀ ਨੂੰ ਗੁਰਬਾਣੀ ਆਖਦੇ ਹਨ।

ਉੱਤਰ :- ਪਿਆਰੇ ਸੱਜਣ ਜੀ ! ਗੁਰਮਤ ਦੇ ਵਿਰੋਧੀ ਤਾਂ ਤੁਸੀਂ ਹੋ ਜੋ ਉਨ੍ਹਾਂ ਦੇ ਆਸ਼ੇ ਨੂੰ ਨਾ ਜਾਣ ਕੇ ਹੋਰ ਦਾ ਹੋਰ ਕਰ ਕੇ ਲੋਕਾਂ ਨੂੰ ਸੁਣਾਉਂਦੇ ਹੋ ਅਤੇ ਕਦੇ ਭੀ ਉਨ੍ਹਾਂ ਦੇ ਸੂਖਮ ਆਸ਼ੇ ਦੀ ਤਰਫ਼ ਧਿਆਨ ਨਹੀਂ ਕਰਦੇ ਹੋ। ਪਹਿਲੇ ਤੁਸਾਂ ਨੂੰ ਬਾਣੀ ਅਰਥਾਤ ਸ਼ਬਦ ਦਾ ਗਿਆਨ ਨਹੀਂ ਹੈ ਕਿਉਂਕਿ ਤੁਸੀਂ ਕਲਪਿਤ ਆਕਾਰਾਦਿਕ ਅੱਖਰਾਂ ਨੂੰ ਹੀ ਸ਼ਬਦ ਮੰਨਦੇ ਹੋ ? ਅਸਲ ਵਿਚ ਉਹ ਸ਼ਬਦ ਨਹੀਂ ਹਨ। ਅਸਲੀ ਸ਼ਬਦ ਦੇ ਸਮਾਰਕ ਹੋਣ ਕਰ ਕੇ ਉਨ੍ਹਾਂ ਨੂੰ

www.sikhbookclub.com

ਸ਼ਬਦ ਕਹਿਆ ਜਾਂਦਾ ਹੈ। ਜਿਸ ਤਰ੍ਹਾਂ ਕੋਈ ਹਲ ਨੂੰ ਜੀਵਨ ਦਾ ਕਾਰਨ ਦੱਸੇ ਤਾਂ ਉਹ ਅੰਨ ਦੀ ਉੱਤਪਤੀ ਵਾਂਗ ਜੀਵਨ ਦਾ ਕਾਰਨ ਹੈ, ਅਸਲ ਵਿਚ ਜੀਵਨ ਦਾ ਕਾਰਨ ਅੰਨ ਹੈ। ਅਤੇ ਜਿਸ ਤਰ੍ਹਾਂ ਕਲਪਿਤ ਪ੍ਰਤਿਬਿੰਬ ਨੂੰ ਬਿੰਬ ਗਿਆਨ ਦਾ ਕਾਰਨ ਹੋਣੇ ਕਰ ਕੇ ਬਿੰਬ ਰੂਪਤਾ ਨਹੀਂ ਜਾਂਦੀ ਹੈ, ਇਸੀ ਤਰ੍ਹਾਂ ਸੰਕੇਤਕ ਰੇਖਾ ਰੂਪ ਆਕਾਰਾਦਿਕ ਅਸਲੀ ਆਕਾਰਾਦਿਕ ਅੱਖਰਾਂ ਦੇ ਸਮਾਰਕ ਹੋਣੇ ਕਰ ਸ਼ਬਦ ਕਹੇ ਜਾਂਦੇ ਹਨ.....ਸ਼ਬਦ ਤਾਂ ਆਕਾਸ਼ ਤੱਤ ਦਾ ਗੁਣ ਹੈ ਅਤੇ ਉਹ ਧੁਨੀ ਰੂਪ ਤੇ ਵਰਣ ਰੂਪ ਹੈ। ਜਿਹਵਾ ਇੰਦ੍ਰੇ ਨਾਲ ਉਸ ਦਾ ਉਚਾਰਨ ਹੁੰਦਾ ਹੈ ਤੇ ਸਰੋਤ੍ਰ ਇੰਦਰੇ ਨਾਲ ਉਸ ਦਾ ਗ੍ਰਹਿਣ ਹੁੰਦਾ ਹੈ ਅਤੇ ਸਭਨਾਂ ਦੇਹਧਾਰੀਆਂ ਦੇ ਸਰੀਰ ਵਿਚ ਵਿਦਯਾਮਾਨ ਹੈ।"*

ਵਿਵਰਣਾਤਮਕ ਵਾਰਤਕ :-

ਇਕ ਥਿਓਲੋਜਿਸਟ ਦੇ ਰੂਪ ਵਿਚ ਨਿਰਮਲੇ ਸਾਹਿਤਕਾਰ ਗੁਰਮਤ ਦਰਸ਼ਨ ਦੀ ਵਿਆਖਿਆ ਕਰਦੇ ਹਨ ਅਤੇ ਇਸ ਪ੍ਰਯੋਜਨ ਨੂੰ ਸਫਲਤਾ ਪੂਰਵਕ ਨੇਪਰੇ ਚੜ੍ਹਾਉਣ ਲਈ ਸਰਲ ਤੇ ਸਪੱਸ਼ਟ ਢੰਗ ਨਾਲ ਵਿਵਰਾਤਮਕ (expository) ਵਾਰਤਕ ਦਾ ਪ੍ਰਯੋਗ ਕੀਤਾ ਹੈ। 'ਗੁਰਮਤ ਸਿਧਾਂਤ ਬਯੋਗ' ਵਿਚੋਂ ਸੰਤ ਸੰਪੂਰਨ ਸਿੰਘ ਦੀ ਵਾਰਤਕ ਦਾ ਇਕ ਪੈਰਾ ਦ੍ਰਿਸ਼ਟੀਗੋਚਰ ਹੈ :-

"ਵੇਦਾਂਤ ਮੱਤ ਨੂੰ ਸਨਾਤਨੀ ਲੋਕ ਤਾਂ ਅੰਤਲਾ ਕਾਂਡ ਮੰਨਦੇ ਹਨ ਤੇ ਸਿੱਖਾਂ ਦਾ ਸਿਧਾਂਤ- ਵੇਦਾਂਤ ਬਾਬਤ ਇਹ ਦੱਸਦਾ ਹੈ ਕਿ ਵੇਦਾਂ ਦਾ ਵੀ ਅੰਤ ਹੋ ਜਾਂਦਾ ਹੈ ਜਿਸ ਸਿਧਾਂਤ ਅੱਗੇ ਉਹ ਸਿੱਖਾਂ ਦਾ ਅੰਤਲਾ ਸਿਧਾਂਤ ਹੈ। ਕਿਉਂਕਿ ਵੇਦ ਨੇਤ, ਨੇਤ ਆਖ ਕੇ ਚੁੱਪ ਹੋ ਜਾਂਦੇ ਹਨ ਤੇ ਗੁਰੂ ਆਖਦੇ ਹਨ 'ਸੰਤ ਕੀ ਮਹਿਮਾ ਬੇਦ ਨ ਜਾਨਹਿ' ਸੰਤਾਂ ਦਾ ਅਨੁਭਵ ਬੇਦਾਂ ਤੋਂ ਉਪਰ ਹੈ। ਔਰ ਜੋ ਕਿ ਗੁਰੂ ਮਹਾਰਾਜ ਪਰਮ ਸੰਤ ਸਨ, ਉਨ੍ਹਾਂ ਦਾ ਅਨਭਉ ਸਿਧਾਂਤ ਫੇਰ ਭਲਾ ਬੇਦਾਂ ਦੀ ਗੰਮ ਤੋਂ ਕਿਉਂ ਨਾ ਬਾਹਰ ਹੋਊ।"

ਬ੍ਰਿਤਾਂਤਕ ਵਾਰਤਕ :-

ਨਿਰਮਲੇ ਸਾਹਿਤਕਾਰਾਂ ਨੇ ਵਿਸ਼ੇ ਅਤੇ ਮੌਕੇ ਅਨੁਸਾਰ ਵਾਰਤਕ ਸ਼ੈਲੀ ਨੂੰ ਵੀ ਬਦਲਿਆ ਹੈ। ਜੀਵਨ ਦੀਆਂ ਘਟਨਾਵਾਂ ਦਾ ਵਰਣਨ ਕਰਨ ਸਮੇਂ ਸ਼ੈਲੀ ਬ੍ਰਿਤਾਂਤਕ ਹੈ ਜਿਸ ਵਿਚ ਸਾਹਿਤਕ ਗੁਣ ਹਨ ਅਤੇ ਰੋਚਕਤਾ ਤੋਂ ਵੀ ਸਖਣੀ ਨਹੀਂ ਹੈ। "ਜੀਵਨ ਗਾਥਾ" ਵਿਚ ਸੰਤ ਸੰਪੂਰਨ ਸਿੰਘ ਨੇ ਆਪਣੀ ਜ਼ਿੰਦਗੀ ਦੀ ਇਕ ਘਟਨਾ ਨੂੰ ਸਾਹਿਤਕ ਰੂਪ ਇਸ ਤਰ੍ਹਾਂ ਦਿੱਤਾ ਹੈ :-

* ਗੁਰਮਤ ਸਿਧਾਂਤ ਸਾਰ- (ਪੰਨਾ 19)

www.sikhbookclub.com

"ਸਾਹ ਟੁੱਟਣ ਲੱਗੇ ਤਾਂ ਇਕ ਪਹਾੜੀ ਮਜ਼ਦੂਰ ਸਿਰ 'ਤੇ ਆ ਨਿਕਲਿਆ। ਉਸ ਨੂੰ ਪਾਣੀ ਕਿਤੇ ਨੇੜੇ ਹੋਣ ਦਾ ਪੁੱਛਿਆ ਤਾਂ ਉਸ ਨੇ ਕਿਹਾ, ਮੇਰੇ ਪਿਛੇ ਚਲੇ ਆਓ। ਕਣਕ ਦੇ ਸਿੱਟਿਆਂ ਦੀ ਪੰਡ ਉਸ ਦੀ ਕਮਰ ਪਿੱਛੇ ਸੀ। ਸਾਡੀ ਘਬਰਾਹਟ ਨੂੰ ਦੇਖ ਕੇ ਉਸ ਨੇ ਦਿਲਾਸਾ ਦਿੱਤਾ ਕਿ ਪਾਣੀ ਬਿਲਕੁਲ ਨੇੜੇ ਹੈ ਅਤੇ ਇਕ ਪਗਡੰਡੀ ਵੱਲ ਸਾਨੂੰ ਲੈ ਤੁਰਿਆ। ਇਕ ਫਰਲਾਂਗ ਵੀ ਨਹੀਂ ਗਏ ਸਾਂ ਕਿ ਠੰਢੀ-ਠੰਢੀ ਪੌਣ ਰੁਮਕਣ ਲੱਗ ਪਈ, ਮੈਂ ਪੁੱਛਿਆ, ਕਿ ਭਾਈ, ਤੇਰਾ ਨਾਮ ਕੀ ਹੈ ਤੇ ਕਿਸ ਗਿਰਾਂ ਦੇ ਰਹਿਣ ਵਾਲਾ ਹੈਂ ? ਉਸ ਨੇ ਨਾਮ ਦੱਸਿਆ ਬਦਰੀ ਨਰੈਣ, ਤੇ ਬਦਰੀ ਨਰੈਣ ਦਾ ਹੀ ਵਸਨੀਕ ਦਸਿਓ ਸੂ। ਇਤਨੇ ਵਿਚ ਇਕ ਬਹੁਤ ਸੋਹਣੇ ਚਸ਼ਮੇ ਪੁਰ ਲਿਜਾ ਕੇ ਬਿਠਾ ਦਿੱਤਾ ਸੂ। ਬ੍ਰਿਛਾਂ ਦੀ ਛਾਇਆ ਸੰਘਣੀ ਸੀ। ਆਪਣੇ ਪਾਸੋਂ ਹੀ ਪੱਥਰ ਨਾਲ ਪੱਥਰ ਮਾਰ ਕੇ ਅੱਗ ਬਾਲੀ ਤੇ ਸਿੱਟੇ ਭੁੰਨ ਕੇ ਸਾਨੂੰ ਖੁਵਾਏ ਅਰ ਜਯ ਬਦਰੀ ਵਿਸ਼ਾਲ ਕਹਿੰਦਾ ਚਲਿਆ ਗਿਆ ਤੇ ਥੋੜ੍ਹੀ ਦੂਰ ਜਾ ਕੇ ਅਲੋਪ ਹੋ ਗਿਆ।"*

ਸੰਪ੍ਰਦਾਇ ਦੇ ਸਾਹਿਤਕਾਰਾਂ ਦੀ ਵਾਰਤਕ ਵਿਚ ਪੁਰਾਤਨ ਪੰਜਾਬੀ ਵਾਰਤਕ ਦੇ ਲੱਛਣ ਵੀ ਪ੍ਰਤੱਖ ਹਨ। ਬੋਲੀ ਟਕਸਾਲੀ ਪੰਜਾਬੀ ਨਹੀਂ ਬਲਕਿ ਸਾਧ ਭਾਸ਼ਾ ਤੇ ਪੰਜਾਬੀ ਦਾ ਮੇਲ ਹੈ ਅਤੇ ਸ਼ੈਲੀ ਕਥਾਕਾਰਾਂ ਵਾਲੀ ਹੈ। ਸੰਤ ਆਤਮਾ ਸਿੰਘ ਦੀ ਪੁਸਤਕ ਗ੍ਰੰਥ ਸਾਖੀ ਪ੍ਰਮਾਣ ਵਿਚ ਕਥਾਕਾਰਾਂ ਵਾਲੀ ਵਾਰਤਕ ਦੀ ਵਿਧੀ ਮਿਲਦੀ ਹੈ ਜੋ ਕਿ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਲਿਖੀ ਗਈ ਹੈ :-

"ਏਕ ਬਾਣੀਆ ਹੈ ਸੀ ਸੋ ਸਹੁਰੇ ਗਿਆ। ਤਬ ਉਸਕੀ ਸੱਸ ਭੀ ਵੱਡੀ ਸਿਆਣੀ ਹੈਸੀ। ਉਹ ਘਿਓ ਥੋੜਾ ਪਾਵੈ ਏਕ ਦਿਨ ਅਗਨ ਸੇਕਣ ਦੇ ਬਹਾਨੇ ਪਾਸ ਬੈਠਾ ਗੱਲਾਂ ਲੱਗਾ ਕਰਨ, ਉਹ ਰੋਟੀ ਦੇਨ ਲੱਗੀ ਘਿਓ ਕਾ ਕੁੱਜਾ ਪੰਗਲਿਆ ਹੈਸੀ ਪਾਵਨ ਲੱਗੀ ਤਬ ਅਰਕ ਹਿਲਾਇਕੇ ਵਧੇਰੇ ਡੋਲ ਦੀਆ। ਤਬ ਉਸ ਨੇ ਜਾਨਾ ਹੁਣ ਥਾਲੀ ਵਿਚੋਂ ਨਿਕਲਤਾ ਨਹੀਂ, ਤਬ ਪੁੱਤ੍ਰ ਕੋ ਲਾਗੀ ਅਵਾਜ਼ ਕਰਨੇ ਹੈ ਮੋਤੀ ਤੂੰ ਕਹਿੰਦਾ ਹੁੰਦਾ ਸੈਂ ਮੈਂ ਜੀਜੇ ਨਾਲ ਰੋਟੀ ਖਾਣੀ ਹੈ। ਆਓ ਖਾਹਿ। ਉਹ ਆਇ ਬੈਠਾ ਤਿਸ ਨੇ ਘਿਓ ਵਾਲਾ ਪਾਸਾ ਆਪਨੀ ਤਰਫ਼ ਕਰਾ ਘਿਓ ਨੂੰ ਖੰਡ ਦੀ ਵਟ ਜੈਸੀ ਬਨਾਈ ਤਾਂ ਸੱਸ ਜਾਣਿਆ ਜੋ ਪੁੱਤਰ ਦੀ ਤਰਫ਼ ਸੁੱਕੀ ਖੰਡ ਹੈ ਤੋ ਥਾਲੀ ਵਿਚੋਂ ਲਕੀਰ ਕਰ ਦਿੱਤੀ ਭਈ ਤੇਰੀ ਮਾਂ ਨੇ ਮੇਰੀ ਧੀ ਕੋ ਲਕੀਰ ਲਾਈ ਹੈ।"**

ਵਾਰਤਕ ਦੀ ਕਥਾਕਾਰਾਂ ਵਾਲੀ ਸ਼ੈਲੀ ਨਿਰਮਲੇ ਸੰਤਾਂ ਨੇ ਆਧੁਨਿਕ ਸਾਹਿਤ ਵਿਚ ਵੀ ਕਾਇਮ ਰੱਖੀ ਹੈ। ਵੀਹਵੀਂ ਸਦੀ ਵਿਚ ਲਿਖੀ ਗਣੇਸ਼ਾ ਸਿੰਘ ਦੀ ਪੁਸਤਕ "ਗ੍ਰੰਥ ਸਾਖੀ ਪ੍ਰਮਾਣ" ਵਿਚ ਇਹੋ ਸ਼ੈਲੀ ਹੈ :-

---

* *ਸੰਤ ਸੰਪੂਰਨ ਸਿੰਘ — ਜੀਵਨ ਗਾਥਾ (ਪੰਨਾ-22)*

** *ਸੰਤ ਆਤਮਾ ਸਿੰਘ — ਗ੍ਰੰਥ ਸਾਖੀ ਪ੍ਰਮਾਣ (ਪੰਨਾ 72)*

www.sikhbookclub.com

"ਏਕ ਪ੍ਰੇਮੀ ਸੇਵਕ ਸੀ। ਉਹ ਰੋਜ਼ ਹੀ ਸੰਤਾਂ ਸਾਧਾਂ ਨੂੰ ਪ੍ਰਸ਼ਾਦ ਛਕਾਯਾ ਕਰੇ ਅਰ ਪਿਛੋਂ ਹੱਥ ਜੋੜ ਕੇ ਇਹ ਪ੍ਰੱਛਿਆ ਕਰੇ ਮਹਾਰਾਜ ਜੀ ਸਾਧੂ ਦੇ ਮਿਲਣੇ ਦਾ ਕੀ ਫਲ ਹੈ। ਇਸ ਦੇ ਉੱਤਰ ਵਿਚ ਕੋਈ ਕੁਝ ਕਹਿ ਜਾਵੇ ਕੋਈ ਕੁਝ ਕਹਿ ਜਾਵੇ, ਜੋ ਕਿਸੇ ਦੀ ਸਮਝ ਵਿਚ ਆਵੇ ਸੋ ਕਹਿ ਦੇਵੇ ਅਰ ਪ੍ਰਸ਼ਾਦ ਛੱਕ ਕੇ ਤੁਰਦਾ ਹੋਵੇ। ਪਰੰਤੂ ਉਸ ਦੇ ਮਨ ਦਾ ਭਰਮ ਠੀਕ ਠੀਕ ਨਾ ਦੂਰ ਹੋਵੇ। ਜਦ ਬਹੁਤ ਚਿਰ ਐਸੇ ਹੀ ਕਰਦਿਆਂ ਬੀਤ ਗਿਆ ਤਾਂ ਇਕ ਦਿਨ ਗੁਰੂ ਨਾਨਕ ਜੀ ਮਹਾਰਾਜ ਵੀ ਉਸ ਦੇ ਸ਼ਹਿਰ ਵਿਚ ਪਹੁੰਚੇ....।"*

ਨਿਰਮਲੇ ਸੰਤਾਂ ਦੀ ਪੰਜਾਬੀ ਵਾਰਤਕ ਧਾਰਮਿਕ ਤੇ ਵਿਵੇਕੀ ਵਿਸ਼ਿਆਂ ਨੂੰ ਪ੍ਰਗਟਾਉਂਦੀ ਹੈ ਪਰ ਇਸ ਵਿਚ ਸੂਖਮ ਸਾਹਿਤਕ ਛੁਹਾਂ ਦਾ ਅਭਾਵ ਨਹੀਂ ਹੈ। ਇਸ ਨੂੰ ਰੌਚਕ ਅਤੇ ਸਾਹਿਤਕ ਬਣਾਉਣ ਲਈ ਦ੍ਰਿਸ਼-ਵਰਣਨ, ਪ੍ਰਕ੍ਰਿਤੀ-ਚਿਤਰਨ ਅਤੇ ਅਲੰਕਾਰਾਂ ਦਾ ਪ੍ਰਯੋਗ ਵੀ ਹੈ। ਇਨ੍ਹਾਂ ਦੇ ਸਾਹਿਤ ਵਿਚੋਂ ਦ੍ਰਿਸ਼-ਵਰਣਨ ਦੀਆਂ ਕੁਝ ਵੰਨਗੀਆਂ ਇਨ੍ਹਾਂ ਦੀ ਸਾਹਿਤਕ ਪ੍ਰਤਿਭਾ ਦੀ ਪ੍ਰਤੀਨਿਧਤਾ ਕਰਦੀਆਂ ਹਨ :-

"ਮੀਂਹ ਸਚਮੁਚ ਪ੍ਰਲਯਾਧਾਰੀ ਦਸ਼ਾ ਵਿਚ ਵਰ੍ਹ ਰਿਹਾ ਸੀ। ਜਾਂ ਰਾਤ ਪਈ ਤਾਂ ਭਾਰਾ ਹੜ੍ਹ ਗੰਗਾ ਵਿਚ ਆ ਗਿਆ। ਨਗਰਾਂ ਦੇ ਨਗਰ ਰੁੜ੍ਹੇ ਆਉਣ ਲੱਗ ਪਏ ਤੇ ਪੱਕੀਆਂ ਕੱਚੀਆਂ ਕੁਟੀਆਂ ਦੜਾਦੜ ਡਿੱਗਦੀਆਂ ਦੀ ਅਵਾਜ਼ ਏਧਰੋਂ ਓਧਰੋਂ ਆਉਣ ਲੱਗ ਪਈ। ਜੰਗਲੀ ਜਾਨਵਰਾਂ ਦੀਆਂ ਕੂਕਾਂ ਵੀ ਹਿਰਦੇ ਵੇਧਕ ਧੁਨੀ ਵਿਚ ਸੁਨੀਣ। ਦਿਨ ਚੜ੍ਹਦੇ ਵਿਸਮਾਦਕਾਰੀ ਦ੍ਰਿਸ਼ ਪਸ਼ੂਆਂ, ਪੰਛੀਆਂ, ਮਨੁੱਖਾਂ (ਬਾਲ ਬੁੱਢੇ ਆਦਿ) ਰੁੜ੍ਹਦੇ ਚੱਲੇ ਆ ਰਹੇ ਵਿਖਾਈ ਦੇਣ। ਪੁਰਾਣੀ ਝਾੜੀ, ਨਵੀਆਂ ਝਾੜੀਆਂ, ਸਭ ਪੁਰ ਹੀ ਪਾਣੀ ਨੇ ਨਮੋ-ਨਾਸਤੀ ਦਾ ਵਰਤਾਰਾ ਵਰਤਾ ਦਿੱਤਾ। ਤਿੰਨ ਦਿਨ ਗੰਗਾ ਦੀਆਂ ਲਹਿਰਾਂ ਪ੍ਰੇਤ ਬੈਤਾਲ ਰੂਪ ਵਿਚ ਧਮਾਲ ਪੈਂਦੇ ਦਿੱਸਦੇ ਰਹੇ। ਸਭ ਜਲ ਹੀ ਜਲ ਸੀ।"**

ਬਾਰਸ਼ ਅਤੇ ਹੜ੍ਹ ਦਾ ਦ੍ਰਿਸ਼ ਚਿੱਤ੍ਰ ਕੇ ਲੇਖਕ ਨੇ ਪਾਠਕਾਂ ਨੂੰ ਹੜ੍ਹ ਦੀ ਭਿਆਨਕ ਬਰਬਾਦੀ ਦਾ ਅਨੁਭਵ ਕਰਵਾ ਦਿੱਤਾ ਹੈ।

ਦ੍ਰਿਸ਼-ਵਰਣਨ ਅਤੇ ਪ੍ਰਕਿਰਤੀ-ਚਿਤਰਨ ਦੀ ਇਕ ਹੋਰ ਵੰਨਗੀ ਦ੍ਰਿਸ਼ਟੀਗੋਚਰ ਹੈ ਜਿਸ ਵਿਚ ਸ਼ਾਂਤੀ ਤੇ ਸੁੰਦਰਤਾ ਦਾ ਵਾਤਾਵਰਣ ਪੈਦਾ ਕੀਤਾ ਗਿਆ ਹੈ :-

"ਓਹੁ ਸਥਾਨ ਇਕ ਨਿਰੰਜਨ ਤੇ ਇਕਾਂਤ ਥਾਂ ਸੀ। ਆਸ ਪਾਸ ਬੜੀ ਬੜੀ ਦੂਰ ਤਕ ਹਰਿਆਵਲ ਹੀ ਹਰਿਆਵਲ ਸੀ। ਗੰਗਾ ਦਾ ਇਕ ਪਵਿੱਤਰ ਕਿਨਾਰਾ ਸੀ ਤੇ ਉਸ ਕਿਨਾਰੇ 'ਤੇ ਇਕ ਬੜੀ ਸੁੰਦਰ ਤੇ ਦਰਸ਼ਨਿਕ ਝਾੜੀ ਸੀ....ਤੇ ਰਮਣੀਕ ਝਾੜੀ ਦੇ ਵਿਚ ਇਕ ਬੋਹੜ

*ਗਣੇਸ਼ਾ ਸਿੰਘ— ਗ੍ਰੰਥ ਸਾਖੀ ਪ੍ਰਮਾਣ, (ਪੰਨਾ 17)

**ਸੰਤ ਸੰਪੂਰਨ ਸਿੰਘ— ਜੀਵਨ ਗਾਥਾ, (ਪੰਨਾ 118)

www.sikhbookclub.com

ਦੇ ਹੇਠਾਂ ਮਹਾਰਾਜ ਪਰਮ ਪੂਜੀਨਕ ਸੁਆਮੀ ਬੁੱਧ ਸਿੰਘ ਜੀ ਸਖਿਤ ਸਨਾ।''*

ਇਤਿਹਾਸਕਾਰ ਵਾਰਤਕ ਲੇਖਕ ਗਿਆਨੀ ਗਿਆਨ ਸਿੰਘ ਦੀ ਇਤਿਹਾਸਕ ਵਾਰਤਕ ਵਿਚ ਵੀ ਯੁੱਧਾਂ ਦੇ ਦ੍ਰਿਸ਼ ਚਿਤਰੇ ਗਏ ਹਨ :-

''ਹੁਣ ਜਦੋਂ ਦੋਵੇਂ ਦਲ ਮੁਕਾਬਲੇ ਪਰ ਆ ਡਟੇ ਤਾਂ ਵਜ਼ੀਦ ਖ਼ਾਂ ਨੇ ਤੋਪਾਂ ਦੀ ਸਲਾਮੀ ਬਾੜ ਝਾੜੀ, ਕਈ ਗੋਲੇ ਬੰਦੇ ਦੇ ਦਲ ਵਿਚ ਆ ਡਿੱਗੇ, ਫੇਰ ਤਾਂ ਜੰਜੀਰੀ ਗੋਲੇ ਇਤਨੇ ਬਰਸਾਏ ਤੋਪਾਂ ਨੇ ਧਰਤੀ ਕੰਬਾ ਦਿੱਤੀ ਪਰ ਜੰਜੀਰੀ ਗੋਲੇ ਬਹੁਤ ਦਰੱਖ਼ਤਾਂ ਵਿਚ ਹੀ ਅਟਕਦੇ ਰਹੇ ਸਿੰਘਾਂ ਨੂੰ ਥੋੜੀ ਮਾਰ ਕੀਤੀ।''**

ਨਿਰਮਲੇ ਸੰਤਾਂ ਦੀ ਵਾਰਤਕ ਵਿਚ ਸਾਹਿਤਕ ਸੂਝ ਅਤੇ ਵਾਰਤਕ ਕਲਾ ਦੇ ਗੁਣ ਪ੍ਰਤੱਖ ਦਿੱਸਦੇ ਹਨ। ਵਾਰਤਕ ਨੂੰ ਰੋਚਕ ਤੇ ਸਪੱਸ਼ਟ ਰੂਪੀ ਬਣਾਉਣ ਲਈ ਲੇਖਕਾਂ ਨੇ ਯੋਗ ਥਾਵਾਂ 'ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ ਜਿਸ ਦੇ ਨਾਲ ਵਿਚਾਰ ਵਧੇਰੇ ਪ੍ਰਭਾਵਸ਼ਾਲੀ ਬਣ ਗਏ ਹਨ। ਸੰਪ੍ਰਦਾਇਕ ਸਾਹਿਤ ਦੀ ਵਾਰਤਕ ਵਿਚੋਂ ਅਲੰਕਾਰਾਂ ਦੀਆਂ ਕੁਝ ਉਦਾਹਰਣਾਂ ਹੇਠਾਂ ਦੇ ਰਹੇ ਹਾਂ :-

ਮਯਾਨ ਤੇ ਖੜਕ ਨਿਕਾਸ ਕੇ ਤੌਲ ਦੀ ਗ੍ਰੀਵਾ ਮੇਂ ਲਗਾ ਕੇ
ਸਿਰ ਕਾਟ ਦੇਤੇ ਕੈਸੇ ਖੇਲ ਸੇ ਤੂੰਬਾ ਕਾਟ ਗੇਰੀਤਾ ਹੈ।

(ਬੀਰ ਮ੍ਰਿਗੇਸ਼, ਪੰਨਾ ੧੬੪)

ਸਿੱਖ ਸੈਨਾ ਦੀ ਨਿਰਾਸ਼ਾਜਨਕ ਅਵਸਥਾ ਦਾ ਆਸ਼ਾਵਾਦੀ ਦੀ ਹਾਲਤ ਵਿਚ ਪਰੀਵਰਤਤ ਹੋਣ ਦਾ ਪ੍ਰਸੰਗ ਕਲਾਮਈ ਅਲੰਕਾਰਕ ਵਾਰਤਕ ਵਿਚ ਪੇਸ਼ ਕੀਤਾ ਗਿਆ ਹੈ :-

''ਭਾਵੇਂ ਪਹਿਲੇ ਤਾਂ ਸਿੰਘਾਂ ਦੀ ਜਿੱਤ ਦੀ ਖੇਤੀ ਕੁਮਲਾ ਰਹੀ ਸੀ, ਹੁਣ ਬੰਦੇ ਦਾ ਆਉਣਾ ਬੱਦਲ ਵਾਂਗ ਬਰਸ ਗਿਆ ਤੇ ਮਲੇਰੀਆਂ ਦੇ ਮਰਨੇ ਦੀ ਬਿਜਲੀ ਨੇ ਚਾਨਣ ਕਰ ਦਿਖਾਇਆ, ਜਿੱਤ ਦੀ ਆਸਾ ਦਾ ਖੇਤ ਫੇਰ ਫਲ ਗਿਆ।

(ਸ਼ਮਸ਼ੇਰ ਖਾਲਸਾ, ਪੰਨਾ ੨੫)

ਭਾਸ਼ਾ :-

ਨਿਰਮਲੇ ਸੰਤਾਂ ਦੀ ਸਾਹਿਤਕ ਭਾਸ਼ਾ ਉੱਤੇ ਬਹੁਪੱਖੀ ਪ੍ਰਭਾਵ ਹਨ। ਇਨ੍ਹਾਂ ਦੀ ਵਿੱਦਿਆ ਦਾ ਵਾਤਾਵਰਣ ਸੰਸਕ੍ਰਿਤ ਸਾਹਿਤ ਦਾ ਹੈ ਅਤੇ ਜਿਸ ਸਾਹਿਤ ਦਾ ਅਧਿਐਨ ਕੀਤਾ ਹੈ, ਉਹ ਵਧੇਰੇ ਹਿੰਦੀ, ਬ੍ਰਿਜੀ ਤੇ ਬ੍ਰਿਜੀ-ਪ੍ਰਧਾਨ ਪੰਜਾਬੀ ਵਿਚ ਹੈ। ਬੋਲੀਆਂ ਦੇ ਵਾਯੂ ਮੰਡਲ ਦਾ

---

* *ਪੰਡਤ ਹਰਦੇਵ ਸਿੰਘ — ਨਾਰਾਇਣ ਹਰੀ ਉਪਦੇਸ਼, (ਪੰਨਾ 36)*

** *ਗਿ. ਗਿਆਨ ਸਿੰਘ — ਸ਼ਮਸ਼ੇਰ ਖਾਲਸਾ, (ਪੰਨਾ 122)*

www.sikhbookclub.com

ਪ੍ਰਭਾਵ ਸਾਹਿਤਕਾਰਾਂ ਉੱਤੇ ਅਵੱਸ਼ ਪੈਂਦਾ ਹੈ ਸੋ ਨਿਰਮਲੇ ਵੀ ਇਸ ਪ੍ਰਭਾਵ ਤੋਂ ਨਿਰਲੇਪ ਨਾ ਰਹਿ ਸਕੇ। ਇਹੋ ਕਾਰਨ ਹੈ ਕਿ ਇਨ੍ਹਾਂ ਦੀ ਸਾਹਿਤਕ ਭਾਸ਼ਾ ਵਿਚ ਹਿੰਦੀ, ਸੰਸਕ੍ਰਿਤ, ਬ੍ਰਿਜੀ ਅਤੇ ਪੰਜਾਬੀ ਸ਼ਬਦਾਵਲੀ ਦਾ ਮਿਸ਼ਰਨ ਹੈ। ਕਿਉਂਕਿ ਇਹ ਪੰਜਾਬ ਦੇ ਵਸਨੀਕ ਹਨ ਅਤੇ ਇਨ੍ਹਾਂ ਦੀ ਮਾਤ੍ਰੀ ਭਾਸ਼ਾ ਪੰਜਾਬੀ ਹੈ, ਇਸ ਲਈ ਪੰਜਾਬੀ ਬੋਲੀ ਦਾ ਇਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਵਿਚ ਪ੍ਰਵੇਸ਼ ਕਰ ਜਾਣਾ ਇਕ ਸੁਭਾਵਕ ਗੱਲ ਹੈ। ਇਹ ਸਾਹਿਤਕਾਰ ਵਿਰਕਤ ਸੰਤ ਹਨ ਅਤੇ ਦੇਸ਼ ਰਟਨ ਕਰਦੇ ਹਨ, ਇਕ ਦੂਜੇ ਪ੍ਰਾਂਤ ਦੀ ਬੋਲੀ ਦੇ ਰੂਪ ਨੂੰ ਬਦਲ ਕੇ ਉਚਾਰਨ ਨੂੰ ਨਵਾਂ ਰੂਪ ਦੇਂਦੇ ਹਨ ਜੋ ਕਿ ਸਾਧ ਭਾਸ਼ਾ ਦਾ ਰੂਪ ਆਖਿਆ ਜਾਂਦਾ ਹੈ। ਭਾਸ਼ਾ ਦੇ ਉਪਰੋਕਤ ਪ੍ਰਭਾਵ ਦਾ ਪ੍ਰਗਟਾਵਾ ਇਨ੍ਹਾਂ ਦੇ ਸਾਹਿਤ ਵਿਚ ਹੋਇਆ ਹੈ। ਨਿਰਮਲਿਆਂ ਦੀਆਂ ਪੰਜਾਬੀ ਰਚਨਾਵਾਂ ਵਿਚੋਂ ਇਸ ਪ੍ਰਭਾਵ ਦੀਆਂ ਵੰਨਗੀਆਂ ਇਸ ਪ੍ਰਕਾਰ ਦੀਆਂ ਹਨ :-

ਪੰਜਾਬੀ ਪ੍ਰਧਾਨ ਬ੍ਰਿਜੀ ਪੰਜਾਬੀ ਦਾ ਮਿਸ਼ਰਨ :-

"ਐਸੇ ਸੁਣ ਕਰ ਸ੍ਰੀ ਗੁਰੂ ਜੀ ਬਹੁਤ ਹੀ ਖ਼ੁਸ਼ ਹੂਏ ਅਰ ਕਹਿਆ ਕਿ ਧੰਨ ਸਿੱਖਾ ਤੂੰ ਧੰਨ ਹੈਂ। ਅਸੀਂ ਤੈਨੇ ਨਿਹਾਲ ਕੀਤੇ ਸਾਡੀ ਪ੍ਰਸੰਨਤਾ ਸੇ ਤੂੰ ਭੀ ਨਿਹਾਲ ਹੂਆ ਤੇਰੇ ਮਾਤਾ ਪਿਤਾ ਭੀ ਨਿਹਾਲ ਹੋਏ। ਤੇਰਾ ਜਨਮ ਮਰਨ ਸ੍ਰੀ ਗੁਰੂ ਜੀ ਨੇ ਕਟ ਦੀਆ ਹੈ ਐਸੇ ਕਹਿ ਕਰ ਆਪ ਅੰਦਰ ਹੀ ਉਠ ਖੜੇ ਹੂਏ। ਅਰ ਕਹਿਆ ਕਿ ਚਲ ਭਾਈ ਸਿੱਖਾ ਸੋ ਸਿੱਖ ਕਿਥੇ ਹੈ ਜਹਾਂ ਹੈ ਤਹਾਂ ਸਾਨੂੰ ਲੈ ਚੱਲ। ਤਬ ਸੋ ਸਿੱਖ ਗੁਰੂ ਜੀ ਕੇ ਸਾਥ ਹੋ ਕਰ ਸੰਗਤ ਵਿਚ ਸ੍ਰੀ ਗੁਰੂ ਜੀ ਕੋ ਲੈ ਗਿਆ। ਆਗੇ ਸੋ ਸਿੱਖ ਸੰਗਤ ਵਿਚ ਬੈਠਾ ਹੋਇਆ ਸੀ ਫਿਰ ਚਰਨ ਕਵਲੋਂ ਪਰ ਸੀਸ ਰੱਖ ਦੀਆ। ਸ੍ਰੀ ਗੁਰੂ ਜੀ ਨੇ ਉਠਾਇ ਕਰ ਆਪਨੇ ਕੰਠ ਸਾਥ ਲਗਾਇ ਦੀਆ ਅਰ ਕਹਿਆ ਕਿ ਭਾਈ ਖਾਲਸਾ ਜੀ ਤੇਰੇ ਪਾਸ ਸਾਡੀ ਵੱਡੀ ਅਮਾਨਤ ਹੈ ਤੂੰ ਸਾਨੂੰ ਦੇਹ।"*

"ਹਮ ਹਰ ਰੋਜ਼ ਇਤਨੀ ਸਮਗ੍ਰੀ ਕਹਾਂ ਸੇ ਲਯਾਵੇਂ ਜੋ ਤੂੰ ਖੁਲ੍ਹੇ ਦਿਲ ਸੇ ਫ਼ਕੀਰਾਂ ਕੋ ਖੁਆਵਤ ਰਹੇ ਆਪਣੀ ਖਟੀ ਤਾਂ ਤੂੰ ਸਾਰੀ ਫ਼ਕੀਰਾਂ ਕੋ ਖੁਆਇ ਆਇਆ ਹੈ ਅਬ ਹਮਾਰਾ ਭੀ ਘਰ ਲਗਾ ਹੈ ਉਜਾੜਨ। ਭਾਈ ਤੇਰੇ ਖਟਦੇ ਹੈਂ ਅਤੇ ਤੂੰ ਖਾਂਦਾ ਹੈਂ ਮੈਂ ਭੀ ਖਾਂਦੀ ਹਾਂ ਜਾਹੁ ਹੁਣ ਤੂੰ ਚਲਯਾ ਜਾਹੁ ਚਾਰੇ ਰਾਹ ਛਿਟੇ ਹੈਨ।"**

"ਉਧਰ ਸਰਬ ਮੈਣ ਦਾਰੀ ਸਰਦਾਰੋਂ ਨੇ ਆਪਸ ਮੇਂ ਸਭਾ ਲਗਾਇ ਕੇ ਗੁਰਮਤੇ ਪਕਾਯੋ ਕਿ ਮਹਾਰਾਜ ਰਣਜੀਤ ਸਿੰਘ ਕੀ ਮਾਤਹਿਤੀ ਸੇ ਅੰਗਰੇਜ਼ ਦੀ ਮਾਤਹਿਤੀ ਰਾਜਨੀਤੀ ਅਨੁਸਾਰ ਉਚਿਤ ਹੈ ਕਿਉਂਕਿ ਮਹਾਰਾਜ ਰਣਜੀਤ ਸਿੰਘ ਝਟ ਪਟ ਮਾਰ ਦੇਵੇਗਾ ਅਤੇ

---

*ਸੰਤ ਸਾਧੂ ਸਿੰਘ — ਉਥਾਨਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ, (ਪੰਨਾ 106)

**ਪੰਡਤ ਸ਼ੇਰ ਸਿੰਘ — ਵੀਰ ਮ੍ਰਿਗੇਸ਼, (ਪੰਨਾ 335)

www.sikhbookclub.com

ਅੰਗਰੇਜ਼ ਦੇ ਮਾਤਹਿਤ ਬਹੁਤ ਕਾਲ ਤਕ ਦੂਰ ਅੰਦੇਸ਼ੀ ਨਾਲ ਨਿਰਬਾਹ ਹੋ ਸਕਦਾ ਹੈ।"*

ਨਿਰਮਲੇ ਸੰਤਾਂ ਦਾ ਬ੍ਰਿਜੀ ਭਾਸ਼ਾ ਨਾਲ ਭਰਪੂਰ ਸਾਹਿਤ ਸਰਲਤਾ ਵੱਲ ਵਿਕਾਸ ਕਰਦਾ ਪੰਜਾਬੀ ਦੀ ਸਾਹਿਤਕ ਭਾਸ਼ਾ ਤੀਕ ਪੁੱਜ ਗਿਆ ਹੈ। ਇਨ੍ਹਾਂ ਦਾ ਮਿਸ਼ਰਤ ਭਾਸ਼ਾ ਵਿਚ ਰਚਿਆ ਸਾਹਿਤ ਬ੍ਰਿਜੀ ਅਤੇ ਪੰਜਾਬੀ ਸਾਹਿਤਕ ਭਾਸ਼ਾ ਦੇ ਵਿਚਾਲੇ ਇਕ ਪੁੱਲ ਹੈ। ਅੰਤ ਇਨ੍ਹਾਂ ਨੇ ਪੰਜਾਬੀ ਬੋਲੀ ਨੂੰ ਆਪਣੀ ਸਾਹਿਤਕ ਰਚਨਾਵਾਂ ਲਈ ਅਪਣਾ ਲਿਆ ਹੈ ਅਤੇ ਹੁਣ ਇਨ੍ਹਾਂ ਦੇ ਸਾਹਿਤ ਵਿਚ ਸ਼ੁੱਧ ਪੰਜਾਬੀ ਦੀਆਂ ਰਚਨਾਵਾਂ ਵੀ ਮਿਲਦੀਆਂ ਹਨ। ਕੁਝ ਪੈਰੇ ਵੰਨਗੀ ਲਈ ਦੇਂਦੇ ਹਾਂ :-

(1) "ਔਰ ਕਹਿੰਦੇ ਹਨ ਕਿ ਖ਼ੁਦਾ ਔਲਾਦ ਰੱਖਦਾ ਹੈ (ਹਾਲਾਂਕਿ) ਵੈ (ਏਸ ਬਖੜਿਓ) ਪਾਰ ਹੈ। ਕਿੰਤੂ ਉਸੇ ਦਾ ਹੈ, ਜੋ ਕੁਝ ਧਰਤੀ, ਅਕਾਸ਼ ਔਰ ਸਭ ਉਸੇ ਦੀ ਆਗਿਆ ਵਿਚ ਹੈ। (ਏਸ ਉਤਮ) ਧਰਮੀ ਅਗਾਸ ਦਾ (ਵਹੀ) ਕਾਰਨ ਹੈ ਜਦੋਂ ਕਿਸੇ ਕੰਮ ਦਾ ਕਰਨਾ ਠਾਨ ਲੈਂਦਾ ਹੈ ਤਾਂ ਫੇਰ ਉਸ ਦੀ ਨਿਸਬਤ ਕਹਿ ਦੇਂਦਾ ਹੈ।"**

2) "ਉਹ ਪ੍ਰੇਮੀ ਗੁਰੂ ਜੀ ਦੇ ਵਿਛੋੜੇ ਦੇ ਵਚਨ ਸੁਣ ਕੇ ਜਿਨ੍ਹਾਂ ਦਾ ਸਗਨ ਮੂਰਤੀ ਵਿਚ ਡਾਢਾ ਪ੍ਰੇਮ ਸੀ ਡਬ ਡਬ ਆਂਸੂ ਗੇਰਨੇ ਲੱਗੇ ਤੇ ਮੋਹ ਨਿਮਗਨ ਹੋ ਗਏ। ਗੁਰੂ ਜੀ ਨੇ ਜਾਤਾ ਜੋ ਕ੍ਰਿਸ਼ਨ ਊਧਵ ਵਾਂਗ ਇਨ੍ਹਾਂ ਦਾ ਭੀ ਸਾਡੇ ਸਰੀਰ ਵਿਖੇ ਅਤਯੰਤ ਮੋਹ ਹੈ। ਸੋ ਮੁਹ ਜਨਮ ਮਰਨ ਦਾ ਦੇਣਹਾਰਾ ਹੈ। ਇਸ ਤੇ ਇਨ੍ਹਾਂ ਨੂੰ ਬ੍ਰਹਮਗਯਾਨ ਦਾ ਉਪਦੇਸ਼ ਦੇ ਕੇ ਨਿਰਮੋਹ ਕਰੀਏ ਤਦੇ ਹੀ ਕਲਿਯਾਣ ਪੌਣਗੇ।+

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਦਾ ਮੁਲਾਂਕਣ ਕਰਨ ਸਮੇਂ ਇਨ੍ਹਾਂ ਦੇ ਸਾਹਿਤ ਵਿਚ ਪ੍ਰਯੁਕਤ ਹੋਈ ਉਸ ਸ਼ਬਦਾਵਲੀ ਦੀ ਚਰਚਾ ਕਰਨ ਦੀ ਵੀ ਲੋੜ ਹੈ ਜਿਸ ਨੂੰ ਇਨ੍ਹਾਂ ਨੇ ਤਤਸਮ ਤੇ ਤਦਭਵ ਰੂਪ ਵਿਚ ਵਰਤਿਆ ਹੈ। ਇਨ੍ਹਾਂ ਦੇ ਸਮੁੱਚੇ ਪੰਜਾਬੀ ਸਾਹਿਤ ਵਿਚੋਂ ਉਨ੍ਹਾਂ ਸ਼ਬਦਾਂ ਦੀ ਸੂਚੀ ਹੇਠਾਂ ਦੇਂਦੇ ਹਾਂ ਜਿਨ੍ਹਾਂ ਨੂੰ ਤਦਭਵ ਰੂਪ ਦੇ ਕੇ ਇਨ੍ਹਾਂ ਲੇਖਕਾਂ ਨੇ ਪੰਜਾਬੀ ਸੁਭਾਅ ਅਨੁਸਾਰ ਢਾਲ ਕੇ ਲਿਖਿਆ ਹੈ :-

(1) ਦੀਖਿਆ, ਪ੍ਰੀਖਿਆ, ਪ੍ਰਤੱਖ, ਭਿੱਖੂ, ਬ੍ਰਿਖ, ਅਪੇਖਿਆ, ਮੋਖ, ਸੂਖਮ।

(2) ਭੇਖ, ਉਪਲਿਖਦ, ਰਿਖੀ, ਪੁਰਖ, ਔਖਦ, ਕ੍ਰਿਪੀ, ਆਕਰਖਣ, ਭਾਖਾ, ਵਿਖਯੋਂ ਮੇਂ (ਵਿਸ਼ਿਆਂ ਵਿਚ)

ਉਪਰੋਕਤ ਸ਼ਬਦਾਵਲੀ ਨੂੰ ਨਿਰਣੇਜਨਕ ਢੰਗ ਨਾਲ ਪੰਜਾਬੀ ਦੀ ਸ਼ਬਦਾਵਲੀ ਆਖਣ ਤੋਂ ਪਹਿਲਾਂ ਇਹ ਵੇਖਣਾ ਜ਼ਰੂਰੀ ਹੈ ਕਿ ਇਨ੍ਹਾਂ ਸ਼ਬਦਾਂ ਦਾ ਧਾਤੂ ਕੀ ਹੈ ਅਤੇ ਕੀ

* *ਉਹੀ (ਪੰਨਾ 188)*

** *ਸੰਤ ਗੁਰਦਿੱਤ ਸਿੰਘ — ਟੀਕਾ ਕੁਰਾਨ।*

+ *ਮਹੰਤ ਗਣੇਸ਼ਾ ਸਿੰਘ — ਨਿਰਮਲ ਭੂਸ਼ਣ, (ਪੰਨਾ 72)*

www.sikhbookclub.com

ਭਾਸ਼ਾ ਪਰੀਵਰਤਨ ਦੇ ਪ੍ਰਮਾਣਿਕ ਨਿਯਮਾਂ ਅਨੁਸਾਰ ਬਦਲੇ ਗਏ ਹਨ। ਸੰਸਕ੍ਰਿਤ ਵਿਚ ਅੱਖਰ (ਕ+ਸ਼) ਨੂੰ ਬਦਲ ਕੇ ਪੰਜਾਬੀ ਭਾਸ਼ਾ ਨੇ (ਖ) ਬਣਾਇਆ ਹੈ ਜਾਂ ਕਿਤੇ ਕਿਤੇ 'ਛ' ਵੀ ਬਣ ਜਾਂਦਾ ਹੈ ਕਿਉਂਕਿ ਕ+ਸ਼ ਨਾਲੋਂ 'ਖ' ਦੀ ਧੁਨੀ ਪੰਜਾਬੀ ਸੁਭਾਅ ਦੇ ਵਧੇਰੇ ਅਨੁਕੂਲ ਹੈ। ਜਿਵੇਂ ਕਿ ਸੰਸਕ੍ਰਿਤ ਦੇ ਸ਼ਬਦ (ਪਕਸ਼) ਨੂੰ ਪੰਜਾਬੀ ਵਿਚ ਪੱਖ ਦਾ ਰੂਪ ਦੇ ਦਿੱਤਾ ਗਿਆ ਹੈ।

ਸੂਕਸ਼ਮ ਨੂੰ ਸੂਖਮ ਬਣਾਇਆ ਹੈ, ਸੂਸ਼ਮ ਨਹੀਂ, ਸਾਕਸ਼ਾਤ ਨੂੰ ਸਾਖਿਆਤ ਦੇ ਰੂਪ ਵਿਚ ਅਪਣਾਇਆ ਹੈ, ਸਾਸ਼ਿਆਤ ਦੇ ਰੂਪ ਵਿਚ ਨਹੀਂ। ਤਤਸਮ ਨੂੰ ਤਦਭਵ ਰੂਪ ਵਿਚ ਬਦਲਣ ਲਈ ਜੋ ਨਿਯਮ ਪੰਜਾਬੀ ਭਾਸ਼ਾ ਨੇ ਅਪਣਾਏ ਹਨ, ਉਨ੍ਹਾਂ ਨਿਯਮਾਂ ਨੂੰ ਹੀ ਪਰਵਾਨ ਕਰਕੇ ਨਿਰਮਲੇ ਸਾਹਿਤਕਾਰਾਂ ਨੇ ਸੰਸਕ੍ਰਿਤ ਦੀ ਸ਼ਬਦਾਵਲੀ ਨੂੰ ਤਤਸਮ ਰੂਪ ਤੋਂ ਤਦਭਵ ਰੂਪ ਦਿੱਤਾ ਹੈ। ਉਪਰੋਕਤ ਸੂਚੀ (1) ਦੀਆਂ ਉਦਾਹਰਣਾਂ ਵਿਚ 'ਖ' ਦੀ ਥਾਂ 'ਤੇ ਲਗਾ ਕੇ ਹਰ ਸ਼ਬਦ ਨੂੰ ਪੰਜਾਬੀ ਧੁਨੀ ਅਨੁਸਾਰ ਢਾਲਿਆ ਗਿਆ ਹੈ। ਤਤਸਮ ਸ਼ਬਦਾਵਲੀ ਪ੍ਰਤੀ ਨਿਰਮਲੇ ਸੰਤਾਂ ਦਾ ਰਵੱਈਆ ਠੀਕ ਪੰਜਾਬੀ ਸੁਭਾਅ ਅਨੁਸਾਰ ਹੈ ਅਤੇ ਸੰਸਕ੍ਰਿਤ ਦੇ ਵਿਦਵਾਨ ਹੁੰਦੇ ਹੋਏ ਵੀ ਇਨ੍ਹਾਂ ਨੇ ਭਾਸ਼ਾ ਪਰੀਵਰਤਨ ਦੇ ਉਹੀ ਨਿਯਮ ਅਪਣਾਏ ਹਨ ਜੋ ਪੰਜਾਬੀ ਭਾਸ਼ਾ ਦੀ ਰੀਤ ਹੈ।

ਉਪਰੋਕਤ ਸੂਚੀ (2) ਵਿਚ ਵੀ ਸ਼ਬਦਾਂ ਦਾ ਤਤਸਮ ਰੂਪ ਸੰਸਕ੍ਰਿਤ ਦੇ ਸ਼ਬਦ ਹੀ ਹਨ। ਇਨ੍ਹਾਂ ਦੇ ਮੂਲ ਰੂਪ ਵਿਚ 'ਖ' ਦੀ ਥਾਂ 'ਤੇ ਪੇਟ ਪਾਟਾ ਥ ਦੀ ਅਵਾਜ਼ 'ਖ਼-ਸ਼' ਦੀ ਮਿਲਵੀਂ ਅਵਾਜ਼ ਦੇ ਵਿਚਾਲੇ ਜਿਹੇ ਦੀ ਧੁਨੀ ਹੁੰਦੀ ਹੈ। ਪੇਟ ਪਾਟਾ ਥ ਦੀ ਧੁਨੀ ਨੂੰ ਵੀ ਪੰਜਾਬੀ ਬੋਲੀ ਨੇ 'ਖ' ਦੇ ਰੂਪ ਵਿਚ ਹੀ ਅਪਣਾਇਆ ਹੈ। ਥ 'ਖ਼-ਸ਼' ਦੀ ਰਲਵੀਂ ਜਿਹੀ ਅਵਾਜ਼ ਵਿਚ ਪੰਜਾਬੀ ਸੁਭਾਅ ਅਨੁਸਾਰ 'ਖ' ਤੇ ਪੂਰਾ ਜ਼ੋਰ ਪਾ ਕੇ ਨੂੰ ਬਦਲ ਕੇ 'ਖ' ਬਣਾ ਲਿਆ ਹੈ। ਨਿਰਮਲੇ ਸਾਹਿਤਕਾਰ ਵੀ ਇਸੇ ਰੀਤ ਨੂੰ ਕਾਇਮ ਰੱਖ ਰਹੇ ਹਨ ਅਤੇ ਪੇਟ ਪਾਟੇ 'ਥ' ਨੂੰ ਤਿਆਗ ਕੇ ਪੰਜਾਬੀ ਦਾ 'ਖ' ਵਰਤ ਕੇ ਪੰਜਾਬੀ ਦੀ ਤਦਭਵ ਸ਼ਬਦਾਵਲੀ ਵਿਚ ਵਾਧਾ ਕੀਤਾ ਹੈ। ਇਹ ਗੱਲ ਵਿਸ਼ੇਸ਼ ਤੌਰ 'ਤੇ ਵਾਚਣ ਯੋਗ ਹੈ ਕਿ ਜੋ ਸ਼ਬਦ ਕੁਝ ਪੰਜਾਬੀ ਲੇਖਕਾਂ ਨੇ ਤਤਸਮ ਰੂਪ ਵਿਚ ਹੀ ਪ੍ਰਵਾਨ ਕੀਤੇ ਹਨ, ਉਨ੍ਹਾਂ ਨੂੰ ਵੀ ਸੰਸਕ੍ਰਿਤ ਪੱਖੀ ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਧੁਨੀਆਂ ਦੇ ਨਿਯਮਾਂ ਅਨੁਸਾਰ ਹੀ ਲਿਖਿਆ ਹੈ ਜਿਵੇਂ ਕਿ 'ਔਸ਼ਦ' 'ਉਪਨਿਖਦ' ਭਾਸ਼ਾ, ਰਿਸ਼ੀ, ਆਦਿ ਸ਼ਬਦ ਪੰਜਾਬੀ ਵਿਚ ਵੀ ਇਸੇ ਰੂਪ ਵਿਚ ਲਿਖੇ ਹੋਏ ਵੇਖੇ ਜਾਂਦੇ ਹਨ ਪਰ ਨਿਰਮਲਿਆਂ ਦੇ ਸਾਹਿਤ ਵਿਚ ਇਨ੍ਹਾਂ ਦਾ ਰੂਪ 'ਅਖਦ, ਉਪਖਿਦ, ਭਾਖਾ, ਰਿਖੀ, ਵੇਖਣ ਵਿਚ ਆਉਂਦਾ ਹੈ। 'ਥ' ਦੀ ਥਾਂ 'ਤੇ 'ਖ' ਦਾ ਪ੍ਰਯੋਗ ਕਰ ਕੇ ਇਨ੍ਹਾਂ ਸਾਹਿਤਕਾਰਾਂ ਨੇ ਭਾਸ਼ਾ ਵਿਚ ਪੰਜਾਬੀ ਸੁਭਾਅ ਨੂੰ ਕਾਇਮ ਰੱਖਣ ਦੇ ਵਿਸ਼ੇਸ਼ ਯਤਨ ਕੀਤੇ ਹਨ। ਇਨ੍ਹਾਂ ਦੇ ਯਤਨਾਂ ਦੇ ਪ੍ਰਤੀਫਲ ਜੋ ਸ਼ਬਦ ਪੰਜਾਬੀ ਬੋਲੀ ਵਿਚ ਵੇਖੇ ਜਾਂਦੇ ਹਨ, ਉਨ੍ਹਾਂ ਨੂੰ ਅਸੀਂ ਨਿਰਮਲੇ ਸਾਹਿਤਕਾਰਾਂ ਦੀ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਦੇਣ ਆਖ ਸਕਦੇ ਹਾਂ।

www.sikhbookclub.com

ਭਾਸ਼ਾ ਪਰੀਵਰਤਨ ਨੇ ਨਿਯਮ ਅਨੁਸਾਰ ਨਿਰਮਲੇ ਸਾਹਿਤਕਾਰਾਂ ਨੇ ਹੋਰ ਵੀ ਸੰਸਕ੍ਰਿਤ ਮੂਲ ਦੇ ਸ਼ਬਦਾਂ ਨੂੰ ਵੀ ਤਦਭਵ ਰੂਪ ਦੇਣ ਲੱਗਿਆਂ ਭਾਸ਼ਾ ਪਰੀਵਰਤਨ ਦੇ ਉਨ੍ਹਾਂ ਨਿਯਮਾਂ ਨੂੰ ਹੀ ਮੁੱਖ ਰੱਖਿਆ ਹੈ ਜੋ ਪੰਜਾਬੀ ਬੋਲੀ ਅਪਨਾ ਚੁੱਕੀ ਹੈ। ਜਿਵੇਂ ਕਿ ਸੰਸਕ੍ਰਿਤ 'ਯ' ਪੰਜਾਬੀ ਦੇ ਤਦਭਵ ਸ਼ਬਦਾਂ ਵਿਚ 'ਜ' ਦਾ ਰੂਪ ਧਾਰਨ ਕਰ ਲੈਂਦਾ ਹੈ ਕਿਉਂਕਿ ਪੰਜਾਬੀ ਬੋਲਣ ਵਾਲਿਆਂ ਲਈ 'ਯ' ਨਾਲੋਂ 'ਜ' ਦੀ ਆਵਾਜ਼ ਕੱਢਣੀ ਸਰਲ ਤੇ ਸੁਭਾਵਕ ਹੈ। ਸੰਸਕ੍ਰਿਤ ਦੇ ਸ਼ਬਦ ਯਗ, ਯਾਤਰਾ, ਯੌਵਨ, ਯਾਤ ਆਦਿ ਨੂੰ ਪੰਜਾਬੀ ਵਿਚ ਜਗ, ਜਾਤਰਾ, ਜੋਬਨ, ਤੇ ਜਾਤ ਆਖਿਆ ਜਾਂਦਾ ਹੈ। ਨਿਰਮਲੇ ਸੰਤਾਂ ਨੇ ਵੀ ਆਪਣੀਆਂ ਪੰਜਾਬੀ ਰਚਨਾਵਾਂ ਵਿਚ 'ਯ' ਵਾਲੇ ਸ਼ਬਦਾਂ ਨੂੰ ਤਦਭਵ ਰੂਪ ਦਿੱਤਾ ਹੈ ਅਤੇ 'ਯ' ਦੀ ਥਾਂ 'ਤੇ 'ਜ' ਦਾ ਪ੍ਰਯੋਗ ਕੀਤਾ ਹੈ ਜੋ ਠੀਕ ਪੰਜਾਬੀ ਸੁਭਾਅ ਦੇ ਅਨੁਕੂਲ ਹੈ। ਇਨ੍ਹਾਂ ਦੇ ਸਾਹਿਤ ਵਿਚ ਪ੍ਰਯੁਕਤ ਹੋਏ ਕੁਝ ਸ਼ਬਦ ਹੇਠਾਂ ਦੇਂਦੇ ਹਾਂ :-

ਅਸਚਰਜ, ਸੰਜੁਗਤ, ਤਾਤਪਰਜ, ਕਾਰਜ, ਸੂਰਜ, ਸੰਜੋਗ, ਸੰਜਮ ਉਪਰੋਕਤ ਤੇ ਹੋਰ ਕਈ 'ਯ' ਦੇ ਪ੍ਰਯੋਗ ਵਾਲੇ ਸ਼ਬਦਾਂ ਦੇ ਤਦਭਵ ਰੂਪ ਵਿਚ ਲਗਭਗ ਹਰ ਨਿਰਮਲੇ ਸਾਹਿਤਕਾਰ ਨੇ ਆਪਣੀ ਰਚਨਾ ਵਿਚ 'ਖ' ਦਾ ਰੂਪ ਹੀ ਦਿੱਤਾ ਹੈ।

ਪ੍ਰਾਕ੍ਰਿਤ ਤੋਂ ਅਪਭ੍ਰੰਸ਼ ਕਾਲ ਤਕ ਅਪੜਦੇ ਪੰਜਾਬੀ ਵਿਚ ਜੋ ਪ੍ਰਵਿਰਤੀਆਂ ਉਤਪੰਨ ਹੋਈਆਂ ਹਨ, ਉਨ੍ਹਾਂ ਵਿਚੋਂ ਪ੍ਰਾਕ੍ਰਿਤ ਦੇ ਨਿਯਮਾਂ ਅਨੁਸਾਰ ਜੇ ਕਿਸੇ ਸ਼ਬਦ ਦੇ ਅੰਤ 'ਤੇ 'ਅ' ਰਹਿ ਜਾਏ ਅਤੇ ਬੁਲ੍ਹਾਂ ਦੀ ਸਹਾਇਤਾ ਨਾਲ ਬੋਲਿਆ ਜਾਣ ਵਾਲਾ ਕੋਈ ਵਰਣ ਪ, ਵ, ਮ, ਪ੍ਰਭਾਵ ਪਾਉਂਦਾ ਹੋਵੇ ਤਾਂ 'ਅ' 'ਔ' ਜਾਂ ਆਓ ਵਿਚ ਬਦਲ ਜਾਂਦਾ ਹੈ ਜਿਵੇਂ 'ਪਾਵ ਤੋਂ ਪਾਓ' ਨਾਮ ਤੋਂ ਨਾਉ, ਆਦਿ। ਇਸੇ ਪ੍ਰਵਿਰਤੀ ਦੇ ਪ੍ਰਤੀਫਲ ਪ੍ਰਯੁਕਤ ਹੋਏ ਕੁਝ ਸ਼ਬਦ ਨਿਰਮਲੇ ਸੰਤਾਂ ਦੇ ਸਾਹਿਤ ਵਿਚ ਵੀ ਮਿਲਦੇ ਹਨ ਜਿਵੇ :- 'ਅਨੁਭਉ, ਸੁਭਾਉ, ਔਸਰ, ਉਪਾਓ, ਆਵਾਗਉਣ।

ਤਦਭਵ ਸ਼ਬਦਾਂ ਦੀ ਦੇਣ ਤੋਂ ਇਲਾਵਾ ਨਿਰਮਲੇ ਸੰਤਾਂ ਦੇ ਸਾਹਿਤ ਵਿਚ ਕੁਝ ਹੋਰ ਪ੍ਰਵਿਰਤੀਆਂ ਵੀ ਵਰਣਨਯੋਗ ਹਨ ਜੋ ਇਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਭਾਸ਼ਾ ਦੀ ਦੇਣ ਦੇ ਵਿਚ ਇਕ ਨਵਾਂ ਵਾਧਾ ਕਰਦੀਆਂ ਹਨ। ਪੰਜਾਬੀ ਬੋਲਚਾਲ ਵਿਚ 'ਆਓ 'ਦੀ ਅਵਾਜ਼ ਆਮ ਤੌਰ 'ਤੇ 'ਔ' ਬੋਲੀ ਜਾਂਦੀ ਹੈ। ਪੰਜਾਬੀਆਂ ਦੇ ਸੁਭਾਅ ਅਨੁਸਾਰ 'ੌ' ਦੀ ਆਵਾਜ਼ ਨੂੰ ਨਿਰਮਲਿਆਂ ਨੇ ਆਪਣੇ ਸਾਹਿਤ ਵਿਚ ਖੁੱਲ੍ਹ ਕੇ ਵਰਤਿਆ ਹੈ ਜੋ ਕਿ ਇਨ੍ਹਾਂ ਦੀ ਸਾਹਿਤਕ ਬੋਲੀ ਨੂੰ ਠੇਠ ਪੰਜਾਬੀ ਦਾ ਰੂਪ ਦੇਂਦੀ ਹੈ। ਕੁਝ ਉਦਾਹਰਣਾਂ ਇਸ ਪ੍ਰਕਾਰ ਹਨ : ਲਗੌਣ, ਕਰੌਂਦੇ, ਡਰੌਣਾ, ਸੁਨੌਣਾ, ਭੌਂਦਾ, ਆਦਿ।

ਉਪਰੋਕਤ ਸ਼ਬਦਾਂ ਵਿਚ 'ਆਓ' ਦੀ ਆਵਾਜ਼ ਨੂੰ ਅਜੋਕੇ ਪੰਜਾਬੀ ਸਾਹਿਤਕਾਰ ਨਾਲ ਨਹੀਂ ਲਿਖਦੇ ਪਰ ਨਿਰਮਲੇ ਸਾਹਿਤਕਾਰਾਂ ਦਾ ਇਹ ਝੁਕਾਅ ਪੰਜਾਬੀ ਖੇਤਰ ਵਿਚ ਜਿਵੇਂ ਬੋਲੇ

www.sikhbookclub.com

ਤ੍ਰਿਵੇਂ ਲਿਖੋ, ਦੀ ਕਸੌਟੀ ਉੱਤੇ ਵੀ ਪੂਰਾ ਉਤਰਦਾ ਹੈ।

ਇਸੇ ਤਰ੍ਹਾਂ ਨਿਰਮਲੇ ਸਾਹਿਤ ਵਿਚ ਬਹੁਤ ਸ਼ਬਦਾਵਲੀ ਇਹੋ ਜਿਹੀ ਹੈ ਜਿਸ ਨੂੰ ਅਸੀਂ ਨਿਸ਼ਚਿਤ ਰੂਪ ਵਿਚ ਪੰਜਾਬੀ ਬੋਲ ਚਾਲ ਅਨੁਸਾਰ ਆਖ ਸਕਦੇ ਹਾਂ। ਪੰਜਾਬੀ ਦੇ ਸਾਹਿਤਕਾਰਾਂ, ਵਿਸ਼ੇਸ਼ ਕਰਕੇ ਕਵੀਆਂ ਅਤੇ ਕਿੱਸਾਕਾਰਾਂ ਨੇ 'ਆਓ' ਦੀ ਆਵਾਜ਼ ਨੂੰ 'ਆਵ' ਵਿਚ ਬਦਲ ਕੇ ਲਿਖਿਆ ਹੈ। ਜਿਸ ਤਰ੍ਹਾਂ ਪਾਂਵਦਾ, (ਪਾਉਂਦਾ ਦੀ ਥਾਂ 'ਤੇ) ਜਾਂਵਦਾ (ਜਾਂਦਾ ਦੀ ਥਾਂ 'ਤੇ) ਆਂਵਦਾ (ਆਉਂਦਾ ਦੀ ਥਾਂ 'ਤੇ) ਪ੍ਰਯੁਕਤ ਕੀਤੇ ਗਏ ਹਨ ਅਤੇ ਇਨ੍ਹਾਂ ਸ਼ਬਦਾਂ ਨੂੰ ਪੰਜਾਬੀ ਦਾ ਹੀ ਭੰਡਾਰ ਮੰਨਿਆ ਜਾਂਦਾ ਹੈ। ਠੀਕ ਇਹੋ ਪ੍ਰਵਿਰਤੀ ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਵਿਚ ਵੀ ਮਿਲਦੀ ਹੈ। ਇਨ੍ਹਾਂ ਦੇ ਸਾਹਿਤ ਵਿਚੋਂ ਇਸ ਪ੍ਰਵਿਰਤੀ ਦੇ ਪ੍ਰਮਾਣ ਹੇਠਲੀ ਸ਼ਬਦਾਵਲੀ ਵਿਚੋਂ ਮਿਲਦੇ ਹਨ :-

ਬਿਤਾਵਣੇ, ਲਿਖਾਵਣੇ, ਸੁਣਾਵਣੇ, ਬੁਝਾਂਵਦਾ, ਸੁਣਾਂਵਦਾ, ਪੀਵਣਾ, ਲਗਾਵਣਾ ਆਦਿ।

ਨਿਰਮਲੇ ਸੰਤਾਂ ਦੇ ਉਸ ਸਾਹਿਤ ਵਿਚ, ਜੋ ਬ੍ਰਿਜੀ ਅਤੇ ਪੰਜਾਬੀ ਦਾ ਮਿਸ਼ਰਨ ਹੈ, ਬ੍ਰਿਜੀ ਕ੍ਰਿਆਵਾਂ ਨੂੰ ਪੰਜਾਬੀ ਵਿਆਕਰਣ ਅਨੁਸਾਰ ਢਾਲਿਆ ਗਿਆ ਹੈ ਜੋ ਕਿ ਇਨ੍ਹਾਂ ਲੇਖਕਾਂ ਦੇ ਉਸ ਝੁਕਾਅ ਦਾ ਪ੍ਰਮਾਣ ਹਨ ਜੋ ਪੰਜਾਬੀ ਉਚਾਰਨ ਵੱਲ ਹੋ ਰਿਹਾ ਸੀ :

ਆਵਤਾ, ਜਾਵਤਾ, ਕਰਾਵਤਾ, ਸੌਂਵਤੇ, ਸੁਣਾਵਤਾ ਆਦਿ ਜਿਨ੍ਹਾਂ ਵਾਕਾਂ ਵਿਚ ਬ੍ਰਿਜੀ ਸ਼ਬਦਾਵਲੀ ਵਧੇਰੇ ਹੈ, ਉਨ੍ਹਾਂ ਵਿਚ ਬਹੁ ਵਚਨ ਪ੍ਰਯੋਗ ਪੰਜਾਬੀ ਵਿਅਕਰਣ ਦੇ ਨਿਯਮਾਂ ਅਨੁਸਾਰ ਕੀਤਾ ਗਿਆ ਹੈ। ਜਿਵੇਂ :- ਤੋਪਾਂ, ਬੰਦੂਕਾਂ, ਤੁਰਕਾਂ ਕੋ, ਸੰਤਾਂ ਕੋ, ਦੁੱਖਾਂ ਕੋ, ਤੋਪਾਂ ਬੰਦੂਕਾਂ ਚੱਲ ਰਹੀ ਥੀ ਆਦਿ।

ਸੰਸਕ੍ਰਿਤ ਦੇ ਵਿਦਵਾਨ ਹੋਣ ਕਾਰਨ ਨਿਰਮਲੇ ਸੰਤਾਂ ਨੇ ਆਪਣੀਆਂ ਪੰਜਾਬੀ ਲਿਖਤਾਂ ਵਿਚ ਤਤਸਮ ਸ਼ਬਦਾਂ ਦਾ ਪ੍ਰਯੋਗ ਕਰਨ ਤੋਂ ਕੋਈ ਸੰਕੋਚ ਨਹੀਂ ਕੀਤਾ ਪਰ ਤਤਸਮ ਸ਼ਬਦਾਂ ਦੀ ਸੂਚੀ ਵਿਚ ਵੀ ਵਧੇਰੇ ਸ਼ਬਦ ਉਹ ਹਨ ਜੋ ਪੰਜਾਬੀ ਬੋਲੀ ਵਿਚ ਸਹਿਜੇ ਹੀ ਸਮਾਅ ਚੁੱਕੇ ਹਨ। ਇਨ੍ਹਾਂ ਦੀ ਤਤਸਮ ਸ਼ਬਦਾਵਲੀ ਵਿਚੋਂ ਕੁਝ ਸ਼ਬਦਾਂ ਦੀ ਸੂਚੀ ਹੇਠਾਂ ਦੇਂਦੇ ਹਾਂ :-

ਸੌਚ, ਡੰਡਵਤ, ਗੂੰਥੀ (ਗੂੰਢ) ਸਰੂਪ, ਰੰਚਕ (ਰਿਣ ਮਾਤ੍ਰ) ਕਾਰਯ, ਪ੍ਰਥਮ, ਧਾਮ, ਸ਼ੰਸ਼ਯ, ਸੂਖਸ਼ਮ, ਕਰਨ (ਕੰਨ), ਜਿਹਬਾ (ਜੀਭ), ਮੋਖਸ਼, ਸ੍ਰਵਨ, ਹਸਤ, ਵਿਸਤਾਰ, ਇਸਥਿਤ, ਅਰਧ-ਰਾਤ੍ਰੀ ਵਿਵਾਹ, ਸਹਸ।

ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਰਚਨਾਵਾਂ ਵਿਚ ਸ਼ਬਦ-ਜੋੜ ਪੰਜਾਬੀ ਬੋਲੀ ਦੀ ਵਿਆਕਰਣ ਅਨੁਸਾਰ ਹੀ ਲਿਖੇ ਹਨ ਪਰ ਕੁਝ ਸ਼ਬਦ ਇਹੋ ਜਿਹੇ ਵੀ ਹਨ ਜਿਨ੍ਹਾਂ ਵਿਚ ਪੰਜਾਬੀ ਰੂਪ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਇਆ ਬਲਕਿ ਹਿੰਦੀ ਨਿਯਮਾਂ ਅਨੁਸਾਰ ਲਿਖੇ ਹਨ। ਭਾਵੇਂ ਇਹ ਜੋੜ ਪੰਜਾਬੀ ਵਿਚ ਪ੍ਰਚਲਤ ਨਹੀਂ ਹਨ ਪਰ ਇਨ੍ਹਾਂ ਦਾ ਸਮੁੱਚਾ ਰੂਪ ਪੰਜਾਬੀ ਵਿਚ

www.sikhbookclub.com

ਓਪਰਾ ਨਹੀਂ ਜਾਪਦਾ। ਇਹ ਸ਼ਬਦ 'ਯ' ਦੇ ਪ੍ਰਯੋਗ ਵਾਲੇ ਹਨ। ਸੰਸਕ੍ਰਿਤ ਦਾ ਸ਼ਬਦ ਕੋਕਿਲ ਪੰਜਾਬੀ ਵਿਚ 'ਕੋਇਲ' ਲਿਖਿਆ ਜਾਂਦਾ ਹੈ ਅਤੇ ਹਿੰਦੀ ਵਿਚ 'ਕੋਯਲ'। ਪਿਪਾਸਾ ਪੰਜਾਬੀ ਵਿਚ 'ਪਿਆਸ' ਤੇ ਹਿੰਦੀ ਵਿਚ 'ਪਯਾਸ'। ਹਿੰਦੀ ਦੇ ਇਸ ਨਿਯਮ ਅਨੁਸਾਰ ਹੀ ਹੇਠ ਲਿਖੀ ਸ਼ਬਦਾਵਲੀ ਦੇ ਜੋੜ ਹਨ :-

'ਵਯਾਕੁਲ, ਆਯਾ, ਕਯੋਂਕਿ, ਆ ਗਯਾ, ਵਿਦਯਾ, ਦਯਾਵਾਨ, ਖਯਾਲ, ਤਯਾਗ, ਮਰਯਾਦਾ, ਪ੍ਰਤਿਗਯਾ, ਜਗਯਾਸੂ, ਆਵਸ਼ਯਕਤਾ, ਗਯਾਨ, ਗਯਾਤਾ, ਸੰਨਯਾਸ, ਮਿਥਯਾ, ਵਿਚਾਰਯਾ।

ਨਿਰਮਲੇ ਸੰਤਾਂ ਦੀ ਪੰਜਾਬੀ ਵਾਰਤਕ ਦਾ ਮੁਲਾਂਕਣ ਕਰ ਚੁੱਕਣ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਨ੍ਹਾਂ ਸਾਹਿਤਕਾਰਾਂ ਨੇ ਬ੍ਰਿਜੀ ਨੂੰ ਤਿਆਗ ਕੇ ਪੰਜਾਬੀ ਭਾਸ਼ਾ ਵਿਚ ਸਾਹਿਤ ਲਿਖਣ ਦੇ ਵਿਸ਼ੇਸ਼ ਯਤਨ ਕੀਤੇ ਹਨ ਅਤੇ ਇਨ੍ਹਾਂ ਦਾ ਸਾਹਿਤ ਪੰਜਾਬੀ ਸਾਹਿਤ ਵਿਚ ਬਹੁ ਪੱਖੀ ਵਾਧਾ ਕਰਦਾ ਹੈ। ਨਿਰਮਲੇ ਸਾਹਿਤਕਾਰਾਂ ਦੀਆਂ ਪੰਜਾਬੀ ਰਚਨਾਵਾਂ ਵਿਚ ਜੋ ਵਿਸ਼ੇ ਅਤੇ ਵਿਚਾਰਧਾਰਾ ਪ੍ਰਸਤੁਤ ਕੀਤੀ ਗਈ ਹੈ, ਉਨ੍ਹਾਂ ਦਾ ਪੰਜਾਬੀ ਸਾਹਿਤ ਵਿਚ ਇਕ ਵਿਸ਼ੇਸ਼ ਸਥਾਨ ਹੈ। ਵਿਸ਼ਾ ਵਸਤੂ ਦੇ ਨਾਲ ਨਾਲ ਨਿਰਮਲੇ ਸੰਤਾਂ ਨੇ ਪੰਜਾਬੀ ਨੂੰ ਬਹੁ ਰੂਪੀ ਸ਼ਬਦਾਵਲੀ ਦਿੱਤੀ ਹੈ ਜਿਸ ਦਾ ਉਚਾਰਨ ਪੰਜਾਬੀ ਸੁਭਾਅ ਅਨੁਸਾਰ ਹੈ ਅਤੇ ਸਾਹਿਤਕ ਰਚਨਾਵਾਂ ਵਿਚ ਠੀਕ ਢੁੱਕਦੀ ਹੈ।

www.sikhbookclub.com

ਅਧਿਆਇ ਛੇਵਾਂ

ਨਿਰਮਲੇ ਸੰਤਾਂ ਦੀ ਪੰਜਾਬੀ ਸਾਹਿਤ ਨੂੰ ਦੇਣ

ਕਵਿਤਾ

ਨਿਰਮਲ ਸੰਪ੍ਰਦਾਇ ਇਕ ਪ੍ਰਚਾਰਕ ਸੰਸਥਾ ਹੈ, ਜਿਸ ਨੇ ਗੁਰਮਤ ਦਰਸ਼ਨ ਦੀ ਵਿਆਖਿਆ ਕਰ ਕੇ ਉਸ ਦਾ ਪ੍ਰਚਾਰ ਕੀਤਾ ਹੈ। ਸੰਪ੍ਰਦਾਇ ਦੇ ਸੰਤਾਂ ਨੇ ਪ੍ਰਚਾਰ ਦੇ ਦੋ ਢੰਗ-ਉਪਦੇਸ਼ ਅਤੇ ਸਾਹਿਤ-ਰਚਨਾ ਅਪਨਾਏ, ਜਿਨ੍ਹਾਂ ਦੇ ਵਿਸ਼ੇ ਵੇਦਾਂਤ ਅਤੇ ਗੁਰਮਤ ਨਾਲ ਸਬੰਧਿਤ ਹਨ। ਵੇਦਾਂਤ ਵਿਚਾਰਧਾਰਾ ਨੂੰ ਪਿਛੋਕੜ ਵਿਚ ਰੱਖ ਕੇ ਗੁਰਮਤ ਦੀ ਮੌਲਿਕਤਾ 'ਤੇ ਵਿਚਾਰ ਕਰਨਾ ਅਤੇ ਹਿੰਦੂ ਧਰਮ ਦੇ ਸ਼ਾਸਤ੍ਰਾਂ ਦੀ ਵਿਆਖਿਆ ਕਰਨਾ ਇਸ ਸੰਪ੍ਰਦਾਇ ਦੇ ਵੱਡੇ ਮਨੋਰਥ ਹਨ। ਦਾਰਸ਼ਨਿਕ ਵਿਸ਼ਿਆਂ ਨੂੰ ਸਾਹਿਤ ਦੇ ਵਾਰਤਕ ਰੂਪ ਵਿਚ ਹੀ ਸਪੱਸ਼ਟ ਕੀਤਾ ਜਾ ਸਕਦਾ ਹੈ ਇਸ ਲਈ ਨਿਰਮਲੇ ਵਿਦਵਾਨਾਂ ਨੇ ਵਾਰਤਕ ਵਿਚ ਰਚਨਾ ਕੀਤੀ। ਗੁਰਬਾਣੀ ਦੇ ਟੀਕੇ ਅਤੇ ਹੋਰ ਵਿਆਖਿਆ ਵਾਰਤਕ ਰਚਨਾਵਾਂ ਤੋਂ ਇਲਾਵਾ ਕੁਝ ਸੰਤਾਂ ਨੇ ਪੰਜਾਬੀ ਕਾਵਿ-ਰਚਨਾ ਵੀ ਕੀਤੀ ਹੈ ਪਰ ਬਹੁਤ ਘੱਟ। ਭਾਵੇਂ ਨਿਰਮਲੇ ਸੰਤਾਂ ਦੀਆਂ ਪੰਜਾਬੀ ਕਾਵਿ-ਰਚਨਾਵਾਂ ਵਿਚ ਉੱਤਮ ਪ੍ਰਕਾਰ ਦੀਆਂ ਵਲਵਲੇ ਵਾਲੀਆਂ ਕਵਿਤਾਵਾਂ ਨਹੀਂ ਹਨ ਕਿਉਂਕਿ ਇਨ੍ਹਾਂ ਦਾ ਮਨੋਰਥ ਕਾਵਿ ਰਚਨਾ ਨਹੀਂ ਬਲਕਿ ਇਕ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਹੀ ਹੈ, ਪਰ ਫੇਰ ਵੀ ਇਨ੍ਹਾਂ ਦੇ ਪੰਜਾਬੀ ਸਾਹਿਤ ਦਾ ਮੁਲਾਂਕਣ ਕਰਨ ਲਈ ਇਨ੍ਹਾਂ ਦੀਆਂ ਕਾਵਿ-ਵੰਨਗੀਆਂ ਨੂੰ ਦ੍ਰਿਸ਼ਟੀ ਗੋਚਰ ਰੱਖਣਾ ਜ਼ਰੂਰੀ ਹੈ।

ਨਿਰਮਲੇ ਸੰਤਾਂ ਦੇ ਵਾਰਤਕ ਸਾਹਿਤ ਦੀ ਭਾਸ਼ਾ ਵਾਂਗ ਇਨ੍ਹਾਂ ਦੇ ਕਾਵਿ-ਸਾਹਿਤ ਵਿਚ ਵੀ ਪੰਜਾਬੀ ਅਤੇ ਬ੍ਰਿਜ ਭਾਸ਼ਾ ਦਾ ਮਿਸ਼ਰਨ ਹੈ। ਬ੍ਰਿਜੀ ਸ਼ਬਦਾਵਲੀ ਦਾ ਪ੍ਰਯੋਗ ਹੋਣ ਕਾਰਨ ਕਈ ਕਵਿਤਾਵਾਂ ਦਾ ਸਮੁੱਚਾ ਰੂਪ ਬ੍ਰਿਜ ਭਾਸ਼ਾ ਦਾ ਹੀ ਪ੍ਰਤੀਤ ਹੁੰਦਾ ਹੈ ਪਰ ਜੇ ਕਵਿਤਾ ਦੀ ਬੋਲੀ ਦਾ ਅੰਗ ਨਿਖੇੜ ਕਰ ਕੇ ਵੇਖਿਆ ਜਾਵੇ ਤਾਂ ਪੰਜਾਬੀ ਬੋਲੀ ਦਾ ਮੁਹਾਂਦਰਾ ਦਿੱਸ ਆਉਂਦਾ ਹੈ। ਪੰਜਾਬੀ ਦੇ ਸ਼ਬਦ ਅਤੇ ਬ੍ਰਿਜੀ ਸ਼ਬਦਾਵਲੀ ਦਾ ਪੰਜਾਬੀ ਵਿਚ ਚਲਿਆ ਹੋਇਆ ਰੂਪ ਨਿਰਮਲੇ ਕਵੀਆਂ ਦੀਆਂ ਕਵਿਤਾਵਾਂ ਵਿਚੋਂ ਮਿਲਦਾ ਹੈ।

ਗਿਆਨੀ ਗਿਆਨ ਸਿੰਘ ਦੀ ਪ੍ਰਸਿੱਧ ਕਾਵਿ-ਰਚਨਾ 'ਪੰਥ ਪ੍ਰਕਾਸ਼' ਦੀ ਬੋਲੀ ਬਾਰੇ ਆਮ ਵਿਦਵਾਨਾਂ ਦੀ ਇਹੋ ਰਾਇ ਹੈ ਕਿ ਇਹ ਬ੍ਰਿਜ ਭਾਸ਼ਾ ਵਿਚ ਲਿਖੀ ਗਈ ਹੈ। ਪਰ ਵੱਡੇ

www.sikhbookclub.com

ਆਕਾਰ ਦੀ ਇਸ ਰਚਨਾ ਵਿਚ ਅਨੇਕ ਬੰਦ ਪੰਜਾਬੀ ਵਿਚ ਲਿਖੇ ਹੋਏ ਲੱਭਦੇ ਹਨ ਅਤੇ ਬਹੁਤਿਆਂ ਵਿਚ ਵਿਕੋਲਿਤਰੇ ਪੰਜਾਬੀ ਸ਼ਬਦਾਂ ਦਾ ਪ੍ਰਯੋਗ ਹੈ। ਪੰਥ ਪ੍ਰਕਾਸ਼ ਵਿਚੋਂ ਕੁਝ ਕਾਵਿ-ਟੋਟਿਆਂ ਦੀਆਂ ਵੰਨਗੀਆਂ ਗਿਆਨੀ ਗਿਆਨ ਸਿੰਘ ਦੀ ਪੰਜਾਬੀ ਬੋਲੀ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ :-

ਲਗੇ ਜਨੇਊ ਦੇਣ ਤਹਾਂ ਗੁਰ ਬਚਨ ਉਚਾਰੇ।
ਝੂਠਾ ਜੰਞੂ ਇਹ ਨਹੀਂ ਹਮ ਜਬਹੀ ਧਾਰੇ।
ਕੱਲਰ ਦੀ ਵਣਜਾਰੀ ਵੇਖੋ ਝੂੰਗੇ ਮੁਸਕ ਮੰਗੇਂਦੀ।
ਜੋ ਸੇਵਨ ਕਰ ਖੜੀਆਂ ਪਤਿ ਕੋ ਰੀਸਾਂ ਤਿਨ ਕਰੇਂਦੀ।
ਮੰਗ ਮੰਗ ਜੂਠੇ ਭੋਜਨ ਖੈ ਹੈ।
ਬਿਸਟਾ ਫੋਲ ਭੜਾਸਾਂ ਲੈ ਹੈ।
ਤੀਰਥ ਪਾਣੀ ਦੇਖ ਸੰਗਾਹੀ।
ਮੱਗ ਮੇਂ ਅਗੋਂ ਪਿਛੀ ਜਾਹੀ।

(ਪੰਨਾ ੪੯)

ਫੀਲ ਸੁਫੈਦ ਸਾਹਿਕਾ ਮਰਿਓ ਰੋਵਨ ਲੱਗੇ ਮੁਹਾਵਤ।
ਕਰਨਾ ਉਪਜੀ ਫੀਲ ਜਿਵਾਯੋ ਮਾਹਿ ਸਾਰ ਭੌਪਾਵਤ।
ਕਾਜ਼ੀ ਪਾਜੀ ਕੇ ਲਗ ਆਏ ਸਾਹਿ ਗੁਰਹਿ ਬੁਲਵਾਯੋ।
ਔਰੁ ਸਾਧੂ ਜਹਿ ਚਕੀਆਂ ਪੀਸਤ ਇਨਕੋ ਭੀ ਬੈਠਾਯੋ।

(ਪੰਨਾ ੪੨)

ਸਭ ਲੋਗਨ ਕੋ ਕਰੀ ਨਸੀਹਤ ਇਕ ਰੱਬ ਮਾਨੋ ਭਾਈ।
ਗੋਰ, ਮਜਾਰ, ਇਮਾਮ ਪਿਕੰਬਰ ਕੰਮ ਨ ਦੇਹੈ ਰਾਈ।
ਜੋ ਮਾਰਤ ਥੇ ਦਮ ਅਜਮਤ ਦਾ ਜੀਤ ਕਰੇ ਸੋ ਚੇਰੇ।
ਥਾ ਕਾਰੂੰ ਹਮੀਦ ਬਾਦਸ਼ਾਹ ਜ਼ਾਲਮ ਤਹਾਂ ਵਧੇਰੇ।
ਕਰ ਰਾਖੀ ਥੀ ਅਤਿ ਦੁਖਿਆਰੀ ਪਰਜਾ ਉਸ ਨੇ ਸਾਰੀ।
ਤਿਸ ਪਰਥਾਇ ਨਸੀਹਤ ਨਾਮਾ ਉਚਰਯੋ ਗੁਰ ਵਿਚਾਰੀ।
ਇਸਕੋ ਸੁਨ ਉਨ ਜ਼ੁਲਮ ਦਯੋ ਤਦ ਪਰਜਾ ਖ਼ੁਸ਼ੀ ਮਨਾਈ।
ਦੇਸ਼ ਵਿਚ ਫੈਲੀ ਗੁਰ ਕੀਰਤਿ ਖਲਕਤ ਪੂਜਣ ਆਈ।

(ਪੰਨਾ ੫੯)

www.sikhbookclub.com

ਸਵਾ ਪਹਿਰ ਕੇ ਤੜਕੇ ਲਿਆਵੇ।
ਨਿਤ ਗੁਰੂ ਕਾ ਇਸ਼ਨਾਨ ਕਰਾਵੇ। (ਪੰਨਾ ੧੭੬)

ਊਹ ਮੈਂ ਨਮੀ ਥੀ ਬਿਆਹੀ ਖੜੀ ਘੁੰਡ ਕੱਢ ਆਏ।
ਸਹਿਜ ਸੁਭਾਇ ਸਤਿਗੁਰੂ ਬੋਲੇ ਇਹ ਕਮਲੀ ਕਿਉਂ ਲਿਆਏ।
ਇਕ ਦਿਨ ਸਤਿਗੁਰ ਮੀਰ ਕੋ ਮਿਲਨੇ ਹੇਤ ਪਧਾਰੇ।
ਪੇਖ ਅਗਿਊਂ ਉਠ ਕਰ ਉਸ ਨੇ ਆਦਰ ਨਾਲ ਬਿਠਾਰੇ।
ਸਿਖਣੀ ਘਰ ਦੇ ਡਾਹੇ ਮੰਜੇ (ਪੰਨਾ ੨੧੬)

ਪੰਥ ਪ੍ਰਕਾਸ਼ ਦੀ ਕਾਵਿ-ਰਚਨਾ ਵਿਚੋਂ ਉਪਰੋਕਤ ਵੰਨਗੀਆਂ ਵਿਚਲੀ ਸ਼ਬਦਾਵਲੀ ਨੇ ਇਸ ਨੂੰ ਪੰਜਾਬੀ ਕਵਿਤਾ ਦਾ ਰੂਪ ਦਿੱਤਾ ਹੈ। ਪੰਜਾਬੀ ਬੋਲੀ ਦਾ ਪ੍ਰਯੋਗ ਆਖ ਮੁਹਾਰਾ ਹੈ ਜਿਸ ਤੋਂ ਕਵੀ ਦਾ ਪੰਜਾਬੀ ਸੁਭਾਅ ਅਤੇ ਪੰਜਾਬੀ ਲਈ ਪ੍ਰੇਮ ਪ੍ਰਤੱਖ ਦਿੱਸਦਾ ਹੈ। ਗਿਆਨੀ ਗਿਆਨ ਸਿੰਘ ਨੇ ਆਪਣੀ ਕਵਿਤਾ ਵਿਚ ਕੇਵਲ ਇਤਿਹਾਸਕ ਵਿਸ਼ਿਆਂ ਨੂੰ ਹੀ ਨਿਭਾਇਆ ਹੈ। ਬੋਲੀ ਦੇ ਪੱਖ ਤੋਂ ਗਿਆਨ ਸਿੰਘ ਦੀ ਕਵਿਤਾ ਨੂੰ ਜੇ ਡੂੰਘਾਈ ਨਾਲ ਵੇਖਿਆ ਜਾਏ ਤਾਂ ਉਸ ਵਿਚ ਬ੍ਰਿਜੀ ਸ਼ਬਦਾਵਲੀ ਦੀ ਤਹਿ ਥੱਲੇ ਲੁੱਕੀ ਪੰਜਾਬੀ ਆਤਮਾ ਲੱਭਦੀ ਹੈ। ਪੰਜਾਬ ਦਾ ਜੰਮਪਲ ਹੋਣ ਕਾਰਨ ਉਸ ਦੀ ਮਾਤ੍ਰੀ ਭਾਸ਼ਾ ਪੰਜਾਬੀ ਹੈ ਅਤੇ ਵਾਰਤਕ ਰਚਨਾਵਾਂ ਵੀ ਉਸ ਨੇ ਸ਼ੁੱਧ ਪੰਜਾਬੀ ਵਿਚ ਹੀ ਲਿਖੀਆਂ ਹਨ। ਇਸ ਕਾਰਨ ਉਹਦੇ ਬ੍ਰਿਜੀ ਮਾਧਿਅਮ ਵਿਚ ਵੀ ਪੰਜਾਬੀ ਸ਼ਬਦਾਵਲੀ ਸੁਭਾਵਕ ਹੀ ਮਿਲ ਗਈ ਹੈ। ਉਸ ਦੀ ਬ੍ਰਿਜ ਭਾਸ਼ਾ 'ਤੇ ਗੂੜ੍ਹ ਬ੍ਰਾਹਮਣਵਾਦ ਦਾ ਪ੍ਰਭਾਵ ਨਹੀਂ ਹੈ। ਉਸ ਨੇ ਬ੍ਰਿਜ ਭਾਸ਼ਾ ਨੂੰ ਕੇਵਲ ਇਸ ਲਈ ਮਾਧਿਅਮ ਬਣਾਇਆ ਹੈ ਕਿਉਂਕਿ ਉਸ ਤੋਂ ਪਹਿਲਾਂ ਵੀ ਸਾਹਿਤ ਰਚਨਾ ਲਈ ਬ੍ਰਿਜੀ ਨੂੰ ਹੀ ਮਾਧਿਅਮ ਬਣਾਇਆ ਜਾਂਦਾ ਸੀ ਅਤੇ ਹੀਣਤਾ ਭਾਵ ਕਾਰਨ ਪੰਜਾਬ ਦੇ ਸਾਹਿਤਕਾਰ ਵੀ ਪੰਜਾਬੀ ਬੋਲੀ ਦਾ ਪ੍ਰਯੋਗ ਕਰਨ ਤੋਂ ਸੰਕੋਚ ਕਰਦੇ ਸਨ। ਗਿਆਨ ਸਿੰਘ ਦੀ ਸਮੁੱਚੀ ਕਾਵਿ-ਰਚਨਾ ਵਿਚ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਅਤਾ ਦਾ ਰੰਗ ਸਪੱਸ਼ਟ ਉਭਰਦਾ ਹੈ। ਉਸ ਦੀ ਕਾਵਿ-ਰਚਨਾ ਵਿਚੋਂ ਪੰਜਾਬੀ ਮਨ ਅਤੇ ਪੰਜਾਬੀ ਦਿਲ ਲੱਭਦਾ ਹੈ। ਜਿੱਥੇ ਵੀ ਪੰਜਾਬੀ ਸਭਿਅਤਾ ਦਾ ਪ੍ਰਗਟਾਵਾ ਕਰਨ ਦੀ ਲੋੜ ਪਈ ਹੈ, ਉਥੇ ਉਹ ਸੁਭਾਵਕ ਹੀ ਪੰਜਾਬੀ ਬੋਲੀ ਦਾ ਪ੍ਰਯੋਗ ਕਰ ਜਾਂਦਾ ਹੈ ਜਿਵੇਂ :-

ਸਵਾ ਪਹਿਰ ਕੇ ਤੜਕੇ ਲਿਆਵੇ।
ਨਿਤ ਗੁਰੂ ਕਾ ਇਸ਼ਨਾਨ ਕਰਾਵੇ।'

ਊਹ ਮੈਂ ਏਕ ਨਮੀ ਥੀ ਬਿਆਹੀ ਖੜੀ ਘੁੰਡ ਕੱਢ ਆਏ।
ਸਹਿਜ ਸੁਭਾਇ ਸਤਿਗੁਰੂ ਬੋਲੇ ਇਹ ਕਮਲੀ ਕਿਉਂ ਲਿਆਏ।'

www.sikhbookclub.com

ਗਿਆਨੀ ਗਿਆਨ ਸਿੰਘ ਦੀ ਪੁਸਤਕ 'ਪੰਥ ਪ੍ਰਕਾਸ਼' ਨੂੰ ਪੰਜਾਬੀ ਸਾਹਿਤ ਦੀ ਸੂਚੀ ਵਿਚ ਗਿਣ ਲੈਣਾ ਅਨੁਚਿਤ ਨਹੀਂ ਹੈ।

ਨਿਰਮਲੇ ਕਵੀ ਸੰਤ ਸੰਗਤ ਸਿੰਘ ਦੀ ਪੰਜਾਬੀ ਕਾਵਿ ਨੂੰ ਵਿਸ਼ੇਸ਼ ਦੇਣ ਹੈ। ਵਿਸ਼ੇ ਦੇ ਪੱਖ ਤੋਂ 'ਪਿੰਗਲ ਪ੍ਰਸਤਾਰ' ਪੁਸਤਕ ਲੇਖਕ ਦੇ ਪਿੰਗਲ ਗਿਆਨ ਦੀ ਸੂਚਕ ਹੈ। ਸੰਤ ਸੰਗਤ ਸਿੰਘ ਨਿਰਮਲ ਸੰਪ੍ਰਦਾਇ ਦਾ ਪਹਿਲਾ ਕਵੀ ਹੈ ਜਿਸ ਨੇ ਪਿੰਗਲ ਅਤੇ ਛੰਦਾਂ-ਬੰਦੀ ਦੇ ਨਿਯਮਾਂ ਨੂੰ ਪੰਜਾਬੀ ਕਾਵਿ-ਰੂਪ ਵਿਚ ਪ੍ਰਸਤੁਤ ਕੀਤਾ ਹੈ।

ਸੰਤ ਸੰਗਤ ਸਿੰਘ ਦੀਆਂ ਸਾਹਿਤਕ ਰਚਨਾਵਾਂ ਨੂੰ ਪਰਖਣ ਤੋਂ ਪਹਿਲਾਂ ਉਨ੍ਹਾਂ ਦਾ ਪ੍ਰੀਚੈ ਉਨ੍ਹਾਂ ਦੀ ਜ਼ਬਾਨੀ ਹੀ ਕਰਾਉਂਦੇ ਹਾਂ :-

(੧) ਦੋਹਾ : ਸੋ ਪਟਿਆਲੇ ਰਾਜ ਮੇਂ ਛਾਕ ਅਮਰ ਗੜ੍ਹ ਦੀਸ।
ਤੋਲਾਵਾਲ ਗਰਾਮ ਕੇ ਸੰਗਤ ਸਿੰਘ ਕਵੀਸ।
ਸੇਵਕ ਨਿਰਮਲ ਪੰਥ ਕੇ ਰਚ ਪਿੰਗਲ ਪ੍ਰਸਤਾਰ।
ਮਦਸੰਗੇ ਮੇਂ ਮਤ ਸਭੇ ਰਚ ਦਿਖਲਾਏ ਸਾਰ।

ਇਸੇ ਪੁਸਤਕ ਦੇ ਅੰਤ 'ਤੇ ਆਪਣੀਆਂ ਰਚਨਾਵਾਂ ਦਾ ਜ਼ਿਕਰ ਵੀ ਕੀਤਾ ਹੈ :-

(੨) ਬੋਧ ਪ੍ਰਕਾਸ਼ ਗ੍ਰੰਥ ਰਚਾ ਫਿਰ ਪਿੰਗਲ ਮੇਂ ਪ੍ਰਸਤਾਰ ਅਲਾਏ।
ਜੋ ਮਤ ਸੰਗ੍ਰਹ ਗ੍ਰੰਥ ਵਿਖੇ ਪ੍ਰਚੀਨ ਕਮੀਨ ਸਭੀ ਮਤ ਗਾਏ।

ਇਨ੍ਹਾਂ ਸਤਰਾਂ ਵਿਚ ਕਵੀ ਨੇ ਆਪਣੀਆਂ ਤਿੰਨ ਕਿਰਤਾਂ ਦੀ ਸੂਚੀ ਦਿੱਤੀ ਹੈ :-

1. ਬੋਧ ਪ੍ਰਕਾਸ਼ 2. ਪਿੰਗਲ ਪ੍ਰਸਤਾਰ 3. ਗ੍ਰੰਥ ਮੱਤ ਸੰਗ੍ਰਹਿ।

ਗ੍ਰੰਥ ਮੱਤ ਸੰਗ੍ਰਹਿ ਨੂੰ ਵਿਸ਼ਾ ਅਤੇ ਬੋਲੀ ਦੇ ਪੱਖ ਤੋਂ ਕਿਸੇ ਇਕ ਵਰਗ ਵਿਚ ਨਹੀਂ ਗਿਣਿਆ ਜਾ ਸਕਦਾ। ਇਸ ਵਿਚ ਵਿਸ਼ੇ ਦੀਆਂ ਵੰਨਗੀਆਂ ਅਤੇ ਬੋਲੀ ਦੀ ਭਿੰਨਤਾ ਇਸ ਨੂੰ ਬਹੁ ਪੱਖੀ ਗ੍ਰੰਥ ਬਣਾ ਦੇਂਦੀਆਂ ਹਨ ਪਰ ਰਚਨਾ ਦਾ ਵਧੇਰੇ ਭਾਗ ਪੰਜਾਬੀ ਕਵਿਤਾ ਵਿਚ ਹੀ ਹੋਣ ਕਾਰਨ ਅਸੀਂ ਇਸ ਨੂੰ ਪੰਜਾਬੀ ਸਾਹਿਤ ਵਿਚ ਸ਼ਾਮਲ ਕਰ ਸਕਦੇ ਹਾਂ।

ਇਸ ਪੁਸਤਕ ਦਾ ਵਿਸ਼ਾ ਵਸਤੂ ਮਿਸ਼ਰਨ ਰੂਪ ਦਾ ਹੈ। ਇਸ ਵਿਚ ਵੇਦਾਂਤਕ ਵਿਚਾਰਾਂ ਦਾ ਪ੍ਰਗਟਾਵਾ ਹੈ। ਸਾਂਖ ਸ਼ਾਸਤ੍ਰ ਦੇ ਵਿਚਾਰਾਂ ਨੂੰ ਕਾਵਿ-ਬਧ ਕੀਤਾ ਹੋਇਆ ਹੈ। ਪਿੰਗਲ ਤੇ ਵਿਆਕਰਣ ਦੇ ਨਿਯਮਾਂ ਦੀ ਵਿਆਖਿਆ ਹੈ ਅਤੇ ਸਮਾਜ ਦੇ ਕਈ ਪੱਖਾਂ 'ਤੇ ਕਵੀ ਨੇ ਆਪਣੇ ਵਿਚਾਰ ਪ੍ਰਗਟਾਏ ਹਨ। ਸੰਗਤ ਸਿੰਘ ਦੇ ਵਿਚਾਰਾਂ ਅਤੇ ਪੰਜਾਬੀ ਬੋਲੀ ਦੀਆਂ ਵੰਨਗੀਆਂ ਲਈ ਇਸ ਪੁਸਤਕ ਵਿਚੋਂ ਕੁਝ ਵਿਕੋਲਿਤਰੇ ਬੰਦ ਹੇਠਾਂ ਦੇਂਦੇ ਹਾਂ :-

1-2 ਗ੍ਰੰਥ ਮਤ ਸੰਗ੍ਰਹਿ

www.sikhbookclub.com

ਬੈਂਤ ਵਾ ਵਿਜੇ ਦੰਡਕ ਛੰਦ

ਮਰਦ ਔਰਤਾਂ ਨੇ ਵਸੀ ਭੂਤ ਕੀਤੇ ਜਿਮੇ ਆਖਦੀ ਨਾਚ ਨਚਾਇ ਸੋਈ।
ਪਸ਼ੂ ਆਦਮੀ ਨੱਕ ਨਕੇਲ ਪਾ ਕੇ ਮੋਹ ਕਾਮ ਤੇ ਨਾਰ ਅਧੀਨ ਹੋਈ।
ਨਹੀਂ ਭੇਤ ਅਮੀਰ ਗਰੀਬ ਦੇਤੀ ਸਉਹਾਂ ਖਾਇ ਕੇ ਵਾਤ ਵਾਨਾਇ ਰੋਈ।
ਦੇਖ ਨਾਰ ਨਾ ਸੁੰਦਰੀ ਭੁੱਲ ਪਯਾਰੇ ਤੈਨੂੰ ਮਾਰ ਵਿਹਾਰ ਮੇਂ ਨਾਰ ਖੋਈ।

(ਪੰਨਾ ੧੦੯)

ਵੇਦਾਂਤ ਦੇ ਕਾਂਡ ਵਿਚੋਂ :-

ਬੈਂਤ

ਬਾਨ ਜਵਾਨ ਤੇ ਬਿਰਧ ਕੰਗਾਲ ਰਾਜੇ ਉਮਰ ਭੋਗ ਕੇ ਮਰਣ ਜ਼ਰੂਰ ਪਾਈ।
ਕਰੇ ਕੋਟ ਉਪਾਇ ਮਨਾਇ ਦੇਵਾਂ ਨਹੀਂ ਕਾਲ ਕੇ ਬਾਣ ਤੇ ਵਾਚ ਕਾਈ।
ਵੱਡੇ ਦੇਵ ਤੇ ਦੇਵੀਆਂ ਕਾਲ ਮਾਰੇ ਤੁਮੇ ਕੌਣ ਰਾਖੇ ਪਿਤਾ ਪੂਤ ਭਾਈ।
ਹੁਕਮ ਜਾਣ ਕਰਤਾਰ ਦਾ ਲੋਕ ਗਯਾਨੀ ਮੂੜ ਲੋਕ ਰੋਤੇ ਨਹੀਂ ਪੇਸ਼ ਜਾਈ।

ਚੌਪਈ

ਐਸੇ ਜਨਮ ਮਰਨ ਦੁੱਖ ਪਾਵੇ।
ਬਾਲ ਜਵਾਨ ਜਗ ਪਛਤਾਵੇ।
ਜੋ ਪ੍ਰਮੇਸ਼ਰ ਕਿਰਪਾ ਕੀਜੈ।
ਤੌ ਸਤਿ ਸੰਗਤ ਵਾਸਾ ਦੀਜੈ।

ਸ੍ਰਿਸ਼ਟੀ ਰਚਨਾ ਬਾਰੇ ਭਾਰਤ ਦੇ ਵੱਖ ਵੱਖ ਮੱਤਾਂ ਦੇ ਵਿਚਾਰ ਵੀ ਇਸ ਪੁਸਤਕ ਦਾ ਵਿਸ਼ਾ ਹਨ। ਉਨ੍ਹਾਂ ਵਿਚੋਂ ਇਕ ਮੱਤ ਅਨੁਸਾਰ ਜਿਵੇਂ ਸ੍ਰਿਸ਼ਟੀ ਬਣੀ ਹੈ, ਉਸ ਦੇ ਪ੍ਰਸੰਗ ਵਿਚੋਂ ਇਕ ਬੈਂਤ ਦੀ ਵੰਨਗੀ ਦੇਖੋ :-

ਬੈਂਤ

ਵਰੋ ਚਲਣ ਰਾਖਸ਼ ਕਾ ਮੱਤ
ਚਾਰ ਵਾਕ ਆਖੇ ਏਕ ਦੇਹ ਵਾਝੋ ਹੋਰ ਆਤਮਾ ਮੂਲ ਨਾ ਜਾਣ ਕੋਈ।

www.sikhbookclub.com

ਆਸ ਆਸ ਤੇ ਪੁਰਖ ਹੈ ਪੁਰਖ ਤੇ ਜੀ ਬ੍ਰਿਛ ਬ੍ਰਿਛ ਤੇ ਔਰ ਨਾ ਹੇਤੂ ਹੋਈ।
ਚਾਰ ਭੂਤ ਆਪੇ ਮਿਲੇ ਹੈ ਚੁਤੰਨੇ ਸੁਤੇ ਜਗਤ ਪ੍ਰਮਾਣ ਪਛੱਤ ਸੋਈ।
ਚੂਨਾ ਕਥਾ ਸਪਾਰਿਆ ਪਾਨ ਮੇਲੇ ਲਾਲ ਰੰਗ ਮੇਂ ਭੇਰ ਨਾ ਹੋਤ ਜੋਈ।

(ਪੰਨਾ ੧੪੦)

ਕਵੀ ਦੇ ਕਥਨ ਅਨੁਸਾਰ ਗ੍ਰੰਥ ਮੱਤ ਸੰਗ੍ਰਹਿ ਬਿਕ੍ਰਮੀ ਸੰਮਤ 1976 (1919 ਈਸਵੀ) ਵਿਚ ਸਮਾਪਤ ਹੋਇਆ।

ਐਸੇ ਜਨਮ ਮਰਨ ਦੁੱਖ ਪਾਵੇ।
ਬਾਲ ਜਵਾਨ ਜਗ ਪਛਤਾਵੇ।
ਜੋ ਪ੍ਰਮੇਸ਼ਰ ਕਿਰਪਾ ਕੀਜੈ।
ਤੌ ਸਤਿ ਸੰਗਤ ਵਾਸਾ ਦੀਜੈ।

ਸੰਤ ਸੰਗਤ ਸਿੰਘ ਨੇ ਛੰਦਾ ਬੰਦੀ ਦੀਆਂ ਵੰਨਗੀਆਂ, ਬੋਲੀ ਅਤੇ ਵਿਸ਼ੇ ਦੇ ਪੱਖ ਤੋਂ ਪੰਜਾਬੀ ਕਵਿਤਾ ਵਿਚ ਵਾਧਾ ਕੀਤਾ ਹੈ।

ਨਿਰਮਲ ਸੰਪ੍ਰਦਾਇ ਦੇ ਕਵੀਆਂ ਵਿਚੋਂ ਸੰਤ ਸੰਗਤ ਸਿੰਘ ਛੰਦਾ-ਬੰਦੀ ਵਿਚ ਪਰਬੀਨ ਕਵੀ ਹੈ। ਇਸ ਦੀ ਕਵਿਤਾ ਦਾ ਰੂਪ ਪਿੰਗਲ ਨਿਯਮਾਂ ਅਨੁਸਾਰ ਹੈ। ਪੰਜਾਬੀ ਕਵੀਆਂ ਨੇ ਬੈਂਤ ਨੂੰ ਕਈ ਰੂਪਾਂ ਵਿਚ ਲਿਖਿਆ ਹੈ ਪਰ ਬੈਂਤ ਦਾ ਜੋ ਪ੍ਰਸਿੱਧ ਰੂਪ ਪੰਜਾਬੀ ਸਾਹਿਤਕਾਰਾਂ ਨੇ ਪ੍ਰਵਾਨ ਕੀਤਾ ਹੈ, ਉਹ ਮੁਕਬਲ ਤੇ ਵਾਰਸ ਸ਼ਾਹ ਦਾ ਬੈਂਤ ਹੈ ਅਤੇ ਪੰਜਾਬੀ ਕਾਵਿ-ਖੇਤਰ ਵਿਚ ਬੈਂਤ ਦਾ ਇਹੋ ਰੂਪ ਪ੍ਰਚਲਤ ਹੋ ਗਿਆ ਹੈ। ਇਸ ਵਿਚ ਮਾਤ੍ਰਾ ਦੀ ਗਿਣਤੀ 20+20=40 ਹੁੰਦੀ ਹੈ ਪਰ ਇਕ ਅੱਧ ਮਾਤ੍ਰਾ ਘੱਟ ਵੱਧ ਕਰ ਲੈਣ ਨੂੰ ਵੀ ਕੋਈ ਦੋਸ਼ ਨਹੀਂ ਸਮਝਿਆ ਜਾਂਦਾ। ਕਈ ਵਾਰ ਤੁੱਕਾਂ 39 ਤੇ 41 ਮਾਤ੍ਰਾ ਦੀਆਂ ਵੀ ਹੋ ਜਾਂਦੀਆਂ ਹਨ। ਸੰਗਤ ਸਿੰਘ ਵੀ ਬੈਂਤ ਦੇ ਪ੍ਰਚਲਤ ਰੂਪ ਨੂੰ ਹੀ ਅਪਣਾਉਂਦਾ ਹੈ ਅਤੇ ਇਸ ਦੀ ਬੈਂਤ ਮਾਤ੍ਰਾ ਦੀ ਕਸੌਟੀ ਉੱਤੇ ਪੂਰੀ ਉਤਰਦੀ ਹੈ :-

'ਚਾਰ ਵਾਕ ਆਖੇ ਏਕ ਦੇਹ ਵਾਝੋ ਹੋਰ ਆਤਮਾ ਮੂਲ ਨਾ ਜਾਣ ਕੋਈ।
ਆਸ ਆਸ ਤੇ ਪੁਰਖ ਹੈ ਪੁਰਖ ਤੇ ਜੀ ਬ੍ਰਿਛ ਬ੍ਰਿਛ ਤੇ ਔਰ ਨ ਹੇਤੂ ਹੋਈ।

ਇਸੇ ਤਰ੍ਹਾਂ ਚੌਪਈ ਦਾ ਰੂਪ ਵੀ ਛੰਦਾ ਬੰਦੀ ਦੇ ਨਿਯਮਾਂ ਅਨੁਸਾਰ ਹੈ। ਚੌਪਈ ਦੇ ਨਿਯਮਾਂ 'ਤੇ ਪੂਰੀ ਉਤਰਦੀ ਸੰਗਤ ਸਿੰਘ ਦੀ ਰਚੀ ਚੌਪਈ ਦੀ ਹਰ ਤੁੱਕ 15 ਜਾਂ 16 ਮਾਤ੍ਰਾਂ ਦੀ ਹੈ ਅਤੇ ਤੁਕਾਂਤ ਵੀ ਦੋ ਦੋ ਤੁੱਕਾਂ ਦਾ ਹੀ ਮਿਲਦਾ ਹੈ :-

ਐਸੇ ਜਨਮ ਮਰਨ ਦੁੱਖ ਪਾਵੇ।
ਬਾਲ ਜਵਾਨ ਜਗ ਪਛਤਾਵੇ।

www.sikhbookclub.com

ਜੋ ਪ੍ਰਮੇਸ਼ਰ ਕਿਰਪਾ ਕੀਜੈ।
ਤੋ ਸਤਿ ਸੰਗਤ ਵਾਸਾ ਦੀਜੈ।

ਸੰਤ ਸੰਗਤ ਸਿੰਘ ਨੇ ਛੰਦਾ ਬੰਦੀ ਦੀਆਂ ਵੰਨਗੀਆਂ, ਬੋਲੀ ਅਤੇ ਵਿਸ਼ੇ ਦੇ ਪੱਖ ਤੋਂ ਪੰਜਾਬੀ ਕਵਿਤਾ ਵਿਚ ਵਾਧਾ ਕੀਤਾ ਹੈ। ਉਸ ਦੀ ਕਵਿਤਾ ਵਿਚ ਪ੍ਰਯੋਗ ਕੀਤੀ ਪੰਜਾਬੀ ਬੋਲੀ ਸਾਹਿਤਕ ਅਤੇ ਜਨ ਸਾਧਾਰਨ ਦੇ ਸਮਝ ਆਉਣ ਵਾਲੀ ਹੈ। ਵੇਦਾਂਤ ਦੇ ਦਰਸ਼ਨ ਨੂੰ ਪੰਜਾਬ ਦੇ ਲੋਕਪ੍ਰੀਯ ਬੈਂਤ ਛੰਦ ਵਿਚ ਸਰਲ ਪੰਜਾਬੀ ਵਿਚ ਅਭਿਵਿਅਕਤ ਕੀਤਾ ਹੈ। ਕਵੀ ਨੇ ਛੰਦ ਦੀ ਲੈਅ ਸ਼ਬਦਾਂ ਦੇ ਰੂਪ ਵਿਚ ਪਰੀਵਰਤਨ ਵੀ ਲਿਆਂਦਾ ਹੈ, ਜਿਵੇਂ :-

ਵੱਡੇ ਦੇਵ ਤੇ ਦੇਵੀਆਂ ਕਾਲ ਮਾਰੇ ਤੁਮੇ ਕੌਣ ਰਾਖੇ ਪਿਤਾ ਪੂਤ ਭਾਈ।
ਹੁਕਮ ਜਾਣ ਕਰਤਾਰ ਦਾ ਲੋਕ ਗਯਾਨੀ ਮੂੜ ਲੋਕ ਰੋਤੇ ਨਹੀਂ ਪੇਸ਼ ਜਾਈ।

ਇਨ੍ਹਾਂ ਤੁਕਾਂ ਵਿਚ 'ਤੁਮੇ' ਅਤੇ 'ਪੂਤ' ਨੂੰ ਬੈਂਤ ਦੀ ਲੈਅ ਅਨੁਸਾਰ ਢਾਲ ਲਿਆ ਗਿਆ ਹੈ।

*ਸੰਤ ਸੰਪੂਰਨ ਸਿੰਘ ਦਾ ਨਿਰਮਲੇ ਸੰਤਾਂ ਦੇ ਸਾਹਿਤ ਵਿਚ ਇਕ ਵਿਲੱਖਣ ਸਥਾਨ ਹੈ। ਜਿਥੇ ਇਨ੍ਹਾਂ ਨੇ ਵਿਸ਼ੇ ਦੇ ਪੱਖ ਤੋਂ ਸੰਪ੍ਰਦਾਇ ਦੇ ਸਾਹਿਤ ਵਿਚ ਵਾਧਾ ਕੀਤਾ ਹੈ, ਉਥੇ ਰੂਪਕ ਪੱਖ ਵਿਚ ਵੀ ਨਵੀਆਂ ਵੰਨਗੀਆਂ ਲਿਆਂਦੀਆਂ ਹਨ। ਸੰਤ ਸੰਪੂਰਨ ਸਿੰਘ ਨੇ ਪੰਜਾਬੀ ਕਵਿਤਾ ਵਿਚ ਭਿੰਨ ਭਿੰਨ ਛੰਦਾਂ ਦੀ ਵਰਤੋਂ ਕੀਤੀ ਹੈ। ਹਿੰਦੀ ਦੇ ਵਿਦਵਾਨ ਹੋਣ ਕਾਰਨ ਇਨ੍ਹਾਂ ਦੀ ਪੰਜਾਬੀ ਕਵਿਤਾ ਵਿਚ ਹਿੰਦੀ ਜਾਂ ਬ੍ਰਿਜੀ ਸ਼ਬਦਾਵਲੀ ਵੀ ਵਰਤੀ ਗਈ ਹੈ ਪਰ ਕਵਿਤਾ ਦੇ ਪਿੰਡੇ ਦੀ ਰੂਪ ਰੇਖਾ ਪੰਜਾਬੀ ਹੀ ਹੈ। ਵਾਰਤਕ ਵਾਂਗ ਇਨ੍ਹਾਂ ਨੇ ਆਪਣੀ ਕਵਿਤਾ ਵਿਚ ਵੀ ਵੰਨ ਸੁਵੰਨੇ ਵਿਸ਼ੇ ਲਿਆਂਦੇ ਹਨ। ਜੀਵਨ ਗਾਥਾ ਪੁਸਤਕ ਦੀ ਜਿਲਦ ਵਿਚ ਹੀ ਇਨ੍ਹਾਂ ਦੇ ਦੋ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋਏ ਹਨ। ਅਰਜ਼ੀ ਨਾਂ ਦੀ ਕਵਿਤਾ ਵਿਚ ਪ੍ਰਭੂ-ਮੇਲ ਲਈ ਪ੍ਰਬਲ ਇੱਛਾ ਹੈ :-

ਸਾਰੀ ਦੁਨੀਆਂ ਜੇ ਮਿਲ ਆਵੇ ਜੇ ਮਿਲ ਆਵੇ ਕੋਈ ਤੋੜ ਨਾ ਸਕੇ।
ਕੰਨੀ ਦੇਇ ਉਂਗਲਾਂ ਰਹੀਏ ਜੋ ਚਾਹੇ ਕੋਈ ਬੱਕੇ।
ਮੈਂ ਤੂੰ ਦੋਨੋਂ ਹਿਲ ਮਿਲ ਰਹੀਏ, ਸੂਰ ਕਿਰਣ ਜਯੋਂ ਇੱਕੇ।
*ਹਰਿ ਭਰਪੂਰ ਨਿਮਾਣੀ ਅਰਜ਼ੀ ਮਨਜ਼ੂਰੀ ਪਈ ਤੱਕੇ।***

'ਸ੍ਰੀ ਆਨੰਦ ਭਾਸਕਰ' ਕਾਵਿ-ਸੰਗ੍ਰਹਿ ਵਿਚ ਸੰਤ ਕਵੀ ਨੇ ਮਨੁੱਖ ਦੀ ਉਸ ਅਨੰਦਮਈ ਅਵਸਥਾ ਦਾ ਵਰਣਨ ਕੀਤਾ ਹੈ ਜੋ ਪ੍ਰਭੂ-ਭਗਤੀ ਵਿਚ ਲੀਨ ਹੋ ਚੁੱਕੇ ਜਗਿਆਸੂ ਦੀ ਹੁੰਦੀ ਹੈ। ਕੁਝ ਤੁਕਾਂ ਦੀ ਵੰਨਗੀ ਹੇਠਾਂ ਦੇਂਦੇ ਹਾਂ :-

---

* *ਸੰਤ ਸੰਪੂਰਨ ਸਿੰਘ ਦੇ ਜੀਵਨ ਬਾਰੇ ਕਾਂਡ ਦੱਸਿਆ ਜਾ ਚੁੱਕਾ ਹੈ।*

** *ਜੀਵਨ ਗਾਥਾ, (ਪੰਨਾ 208)*

www.sikhbookclub.com

ਜਿਉਂ ਜਿਉਂ ਪੁਰਖ ਚਿੱਤ ਮੇਂ ਲੋੜਾਂ ਤਿਉਂ ਤਿਉਂ ਰੂਪ ਵਟਾਵੈ।
ਏਕੋ ਹੂੰ ਬਹੁ ਰੂਪ ਸਮਾਯਾ, ਬ੍ਰਹਮ ਜਗਤ ਹੋਇ ਜਾਵੈ।
ਕਲਪਿਤ ਨਾਮ ਰੱਜ ਤੇ ਆਦਿਕ ਮੇਟਿ ਪੇਖੀਏ ਮੂਜਾ।
ਨਾਮ ਰੂਪ ਪਰਪੰਚ ਭਾਵ ਤਿਉਂ ਛੋਡਿ ਨ ਭਾਸੈ ਦੂਜਾ।*
ਸਰਬ ਠੌਰ ਧਰਤੀ ਮੇਂ ਹੈ ਜਲਪਰ ਖੋਜਤ ਹੂੰ ਪਾਈਐ।
ਖੋਦੇ ਬਿਨਾ ਜਤਨ ਬਹੁ ਕੀਏ ਦੁੱਖ ਬਿਅਰਥ ਉਠਾਈਐ।
ਤਿਲ ਕੇ ਮਾਂਹਿ ਤੇਲ ਹੈ ਜੈਸੇ ਕੋਹਲੂ ਪਾਇ ਪਿੜਾਈਐ।
ਸਰਬ ਰੂਪ ਸਭ ਮੇਂ ਬ੍ਰਹਮ ਤੈਸੇ ਗਿਆਨ ਪਾਇ ਪ੍ਰਗਟਾਈਐ।**

ਏਸੇ ਸੰਗ੍ਰਹਿ ਵਿਚ ਕਵੀ ਦੀ ਇਕ ਬਿਆਨੀਆ ਕਵਿਤਾ ਵੀ ਵਰਣਨਯੋਗ ਹੈ ਜਿਸ ਵਿਚੋਂ ਕੁਝ ਸਤਰਾਂ ਹੇਠਾਂ ਦੇ ਰਹੇ ਹਾਂ :-

ਸਿਧਾਂਤ ਉਪਦੇਸ਼

ਏਕ ਸਮੇਂ ਮਨਸੂਰ ਸਾਈਂ ਸਨ ਖੜੇ ਬਜ਼ਾਰੀ ਚੌਕੇ।
ਅਨਲਹਕ ਧੁਨ ਲੱਗੀ ਦੁਪਹਿਰੀਂ ਪੁੱਛਿਆ ਇਕ ਨੇ ਭੌਂ ਕੇ।
ਸਾਈਂ ! ਪਰਮ ਗੁਪਤ ਇਹ ਕਿਸ ਹਿਤ ਕੂਕ ਸੁਨਾਵੇਂ।
ਜਨ ਅਮੋਲਕ ਅਪਨੀ ਤਾਂਈ ਇਕ ਦਿਨ ਜਾਹ ਵੰਜਾਵੇਂ।
ਹਸ ਮਨਸੂਰ ਸ਼ਾਹ ਜੀ ਬੋਲੇ ਭਾ ਪਿਆਰੇ।
ਘਾਟੀ ਪਰੇਮ ਚਲਨ ਅਤਿ ਔਖਾ ਚਲੇ ਜਾਨ ਕੋ ਵਾਰੇ।
ਜਾਨ ਹਰਾਮੀ ਕਿਸੇ ਨਾ ਕਾਮੀ ਇਕ ਦਿਨ ਐਵੇਂ ਜਾਨੀ।
ਤਾਂ ਤੇ ਵਾਰ ਪਿਆਰ ਪਿਆਰੇ ਤੋਂ ਪਾਵੇਂ ਯਾਰ ਗੁਮਾਨੀ।***

ਸੰਤ ਸੰਪੂਰਨ ਸਿੰਘ ਦੀ ਇਕ ਹੋਰ ਪੁਸਤਕ 'ਆਦਰਸ਼ ਦੇਵੀ' ਹੈ। ਇਸ ਕਾਵਿ ਰੂਪ ਵਿਚ ਸੰਤ ਕਵੀ ਨੇ ਆਪਣੀ ਭੈਣ ਦੀ ਜੀਵਨੀ ਕਵਿਤਾ ਦੁਆਰਾ ਲਿਖੀ ਹੈ। ਬੋਲੀਆਂ ਦਾ ਮਿਸ਼ਰਨ ਹੋਣ ਦੇ ਬਾਵਜੂਦ ਪੰਜਾਬੀ ਸ਼ਬਦਾਵਲੀ ਦੀ ਪ੍ਰਧਾਨਤਾ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਜੀਵਨ-ਬ੍ਰਿਤਾਂਤ ਵਿਚ ਅਧਿਆਤਮਕ ਜੀਵਨ ਦੇ ਪੱਖ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ। ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾਉਣ ਲਈ ਉਪਦੇਸ਼ ਦਿੱਤਾ ਹੈ। ਸੰਤ ਸੰਪੂਰਨ ਸਿੰਘ

* ਜੀਵਨ ਗਾਥਾ, (ਪੰਨਾ 238)

** ਜੀਵਨ ਗਾਥਾ, (ਪੰਨਾ 238-39)

***ਜੀਵਨ ਗਾਥਾ, (ਪੰਨਾ 254)

www.sikhbookclub.com

ਨੇ ਆਪਣੇ ਜੀਵਨ ਦਾ ਮੁੱਢਲਾ ਭਾਗ ਪਰਿਵਾਰ ਵਿਚ ਬਿਤਾਇਆ ਹੈ ਅਤੇ ਸੰਸਾਰਕ ਜੀਵਨ ਦੀਆਂ ਔਕੜਾਂ ਤੇ ਸਮੱਸਿਆਵਾਂ ਵਿਚੋਂ ਲੰਘ ਕੇ ਸੰਤ-ਜੀਵਨ ਅਪਣਾਇਆ ਹੈ। ਪਰਿਵਾਰਕ ਜੀਵਨ ਦੇ ਮੋਹ ਮੁਹੱਬਤਾਂ ਦਾ ਅਨੁਭਵ ਉਨ੍ਹਾਂ ਸੰਤ ਲੇਖਕਾਂ ਨਾਲੋਂ ਵਧੇਰੇ ਹੈ ਜੋ ਗ੍ਰਹਿਸਤ ਜਾਂ ਪਰਿਵਾਰਕ ਜੀਵਨ ਨੂੰ ਬਚਪਨ ਵਿਚ ਹੀ ਤਿਆਗ ਗਏ ਅਤੇ ਇਸ ਜੀਵਨ ਦੀਆਂ ਵਾਸਤਵਿਕ ਸਮੱਸਿਆਵਾਂ ਦੇ ਅਨੁਭਵ ਤੋਂ ਵਾਂਝੇ ਰਹਿ ਗਏ। ਸੰਤ ਸੰਪੂਰਨ ਸਿੰਘ ਦਾ ਸੰਸਾਰਕ ਜੀਵਨ ਉਨ੍ਹਾਂ ਦੀ ਲੇਖਣੀ ਦੇ ਵਿਸ਼ਿਆਂ ਵਿਚ ਵੰਨ ਸੁਵੰਨਤਾ ਲਿਆਉਣ ਦਾ ਇਕ ਕਾਰਣ ਬਣਿਆ ਹੈ। ਆਦਰਸ਼ ਦੇਵੀ' ਵਿਚ ਉਨ੍ਹਾਂ ਦਾ ਪਰਿਵਾਰਕ ਜੀਵਨ ਵਿਅਕਤ ਹੋਇਆ ਹੈ। ਇਸ ਦੇ ਵਿਸ਼ੇ ਵਸਤੂ ਬਾਰੇ ਲੇਖਕ ਨੇ ਭੂਮਿਆ ਵਿਚ ਲਿਖਿਆ ਹੈ :-

ਕਿਤਕ ਬਿਰਤ ਕਸ ਲਹਿ ਅਰਥ ਕਮਾਯੋ,
ਕਾਮ ਨਾ ਸਚੇ ਕੌਡੀ ਆਯੋ ਸ਼ਾਦੀ ਪਰ ਲਗ ਕਰੇ ਕੰਗਾਰ।
ਨਾਨਕ ਦੁਖੀਆ ਸਭ ਸੰਸਾਰ॥

ਸਹਜ ਸਹਜ ਦਿਨ ਬਿਤੇ ਸਤਾਰਾਂ ਆਈ ਵਾਰੀ ਮੰਗਲ ਚਾਰ।
ਢੋਲਕ ਬਜੇ ਗਾਨ ਮਿਲ ਨਾਰਾਂ ਬੀਚ ਬਿਹਾਰ ਰਹੇ ਦਿਨ ਚਾਰ।
ਨਾਨਕ ਦੁਖੀਆ ਸਭ ਸੰਸਾਰ॥

ਧੂਮ ਧਾਮ ਸੌਂ ਭਯਾ ਬਿਆਹ। ਨੀਂਦ ਭੂਖ ਦੁੱਖ ਮਿਟਯੋ ਤਿਆਹ।
ਮੰਗਲ ਗਨੈ ਅਮੰਗਲ ਵਾਹ ਜੋੜੀ ਸੋਭੀ ਖ਼ੂਬ ਨੁਹਾਰ।
ਨਾਨਕ ਦੁਖੀਆ ਸਭ ਸੰਸਾਰ॥

ਸਮਾ ਪਾਇ ਤਿਸ ਨਾਰੀ ਤਾਂਈ, ਭਯਾ ਗਰਭ ਅਰੁ ਮਿਲਨ ਵਧਾਈ।
ਪੂਰੀ ਪਾਇ ਕਿਸੇ ਹਿਤ ਸਾਂਈ ਰਲ ਮਿਲ ਕਹਨ ਪਰਸਪਰ ਨਾਲ।
ਨਾਨਕ ਦੁਖੀਆ ਸਭ ਸੰਸਾਰ॥

ਐਪਰ ਦੁਨੀਆਂ ਕੇਰੇ ਧੰਧੇ, ਪੂਰੇ ਕਰਨ ਹੇਤ ਸਭ ਬੰਧੇ।
ਰਹੇ ਅਧੂਰੇ ਪਰਹੈਂ ਅੰਧੇ, ਕਰ ਕੇ ਪੇਖਤਿ ਨਾਹਿੰ ਵਿਚਾਰ।
ਨਾਨਕ ਦੁਖੀਆ ਸਭ ਸੰਸਾਰ॥

ਉਪਰੋਕਤ ਵਰਣਨ ਕੀਤੇ ਗਏ ਖ਼ੁਸ਼ੀ ਭਰੇ ਜੀਵਨ ਦੀ ਤੁੱਛਤਾ ਨੂੰ ਦਰਸਾਉਣ ਲਈ ਲੇਖਕ ਮਨੁੱਖ ਦੀ ਨਾਸ਼ਵੰਤਾ ਬਾਰੇ ਸੋਝੀ ਕਰਾਉਂਦਾ ਹੈ। ਵਿਆਹ ਤੋਂ ਬਾਅਦ ਪਤੀ ਦੀ ਮੌਤ ਦਾ ਵਰਣਨ ਹੈ :-

www.sikhbookclub.com

ਦੋ ਦਸ ਬੀਸ ਗਏ ਦਿਨ ਬੀਤ, ਲਗੀ ਵਰਤਨ ਹੋਣੀ ਰੀਤ।
ਕੁਛ ਨਾ ਥਾ ਕਿਸ ਕੇ ਮਨ ਚੀਤ, ਨਰ ਕੇ ਉਪਜਿਆ ਪੇਟ ਵਿਕਾਰ।
ਨਾਨਕ ਦੁਖੀਆ ਸਭ ਸੰਸਾਰ॥
ਤਤਕਾਲ ਹੈਜ਼ਾ ਹੋ ਗਿਆ, ਵੈਦ ਹਕੀਮ ਨੂੰ ਆਉਣਾ ਪਿਆ।
ਹੱਥਾਂ ਵਿਚੋਂ ਨਿਕਲ ਗਿਆ, ਭਾਣਾ ਅਚਰਜ ਅਤਿ ਕਰਤਾਰ।
ਨਾਨਕ ਦੁਖੀਆ ਸਭ ਸੰਸਾਰ॥

ਪ੍ਰਭੂ ਪ੍ਰੇਮ ਵਿਚ ਲੀਨ ਹੋ ਚੁੱਕੀ ਵਿਧਵਾ ਦੀ ਅਵਸਥਾ ਨੂੰ ਵੀ ਕਵੀ ਨੇ ਚਿਤਰਿਆ ਹੈ, ਜਿਸ ਅਵਸਥਾ ਵਿਚ ਮਨ ਸ਼ਾਂਤ ਅਤੇ ਹਿਰਦਾ ਅਡੋਲ ਹੋ ਗਿਆ ਹੈ :

ਸੱਚਾ ਪ੍ਰੇਮ ਦੇਖ ਰਿਦੇ ਮਾਹਿ, ਪਰਮ ਨਿਰਾਸ ਅਕੁੰਡੇ ਤਾਂਹਿ।
ਸਮਝ ਅਧਿ ਦ੍ਰਿਤ ਪੂਰਣ ਵਾਹਿ, ਬੋਲੇ ਬਾਣੀ ਮਧੁਰ ਉਦਾਰ।
ਤੇਰਾ ਅਉਸਰੁ ਇਹੀ ਤੇਰੀ ਬਾਰ॥
ਤਨ ਮਨ ਸੁਧ ਗਈ ਬੋਰਾਇ ਨਾਮ ਖੁਮਾਰੀ ਉਛਲੀ ਆਇ।
ਖੋਲ੍ਹੇ ਨੇਤ੍ਰ ਫਿਰ ਘੁੱਟ ਜਾਇ ਲਾਗਾ ਬਾਨ ਨਿਸ਼ਾਨਾ ਤਾਰ।
ਧੰਨ ਭਾਗ ਹੂਏ ਦਰਸਾਰ॥
ਸਤਿਗੁਰ ਤੋਂ ਦਾਸੀ ਬਲਿਹਾਰੀ ਫਿਰ ਫਿਰ ਲਏ ਪ੍ਰਕਰਮ ਚਾਰੀ।
ਮਾਨੋਂ ਪ੍ਰੇਮ ਮੂਰਤੀ ਧਾਰੀ ਅਦਭੁਤ ਤਾ ਕੀ ਦਸ਼ਾ ਨਿਰਾਰਿ।
ਪ੍ਰੇਮ ਦੀ ਨਵੀਓਂ ਨਵੀਂ ਬਹਾਰ॥
ਜਬ ਤਿਸ ਜੋਸ਼ ਪ੍ਰੇਮ ਭਾ ਸ਼ਾਂਤ ਸਨਮੁਖ ਗਈ ਬੈਠ ਹੋ ਸ਼ਾਂਤ।
ਬੋਲੇ ਬਚਨ ਜਿਵੇਂ ਜਗ ਕਾਂਤ ਏਕ ਪਛਾਣੈ ਹਉਮੈ ਮਾਰਿ।
ਸੋਭਾਵੰਤੀ ਕਹੀਐ ਨਾਰਿ॥

ਇਸ ਬ੍ਰਿਤਾਂਤਕ ਕਵਿਤਾ ਵਿਚ ਕਵੀ ਨੇ ਮਨੁੱਖ ਨੂੰ ਆਤਮਕ ਜੀਵਨ ਦੀ ਸੰਤੁਸ਼ਟਤਾ ਅਤੇ ਅਨੰਦਮਈ ਅਵਸਥਾ ਦੀ ਸੋਝੀ ਕਰਾਈ ਹੈ। ਵਾਸਤਵਕ ਜੀਵਨ ਵਿਚੋਂ ਇਕ ਇਸਤ੍ਰੀ ਦੀ ਸਮੁੱਚੀ ਜੀਵਨ-ਕਥਾ ਦਾ ਬਿਆਨ ਕਰ ਕੇ ਉਸ ਵਿਚੋਂ ਅਧਿਆਤਮਕ ਜੀਵਨ ਦਾ ਸੰਦੇਸ਼ ਦੇਣਾ ਕਵੀ ਦੀ ਕਾਵਿ-ਪ੍ਰਤਿਭਾ ਦਾ ਸੂਚਕ ਹੈ।

ਮੌਲਿਕ ਕਵਿਤਾ ਤੋਂ ਬਿਨਾ ਸੰਤ ਸੰਪੂਰਨ ਸਿੰਘ ਨੇ ਸ਼ੰਕਰਾਚਾਰਯ ਦੀ ਕ੍ਰਿਤ 'ਅਪਰੋਖਯ ਅਨੁਭੂਤੀ' ਦਾ ਅਨੁਵਾਦ ਕੀਤਾ ਹੈ। ਗਿਆਨ ਦੀ ਆਵੱਸ਼ਕਤਾ ਦੇ ਪ੍ਰਸੰਗ ਵਿਚ ਅਨੁਵਾਦ ਕੀਤੀਆਂ ਤੁੱਕਾਂ ਇਸ ਪ੍ਰਕਾਰ ਹਨ :-

www.sikhbookclub.com

ਨਹੀਂ ਗਯਾਨ ਉਪਜੇ ਵਿਚਾਰੇ ਬਿਨਾ।
ਕਰੇ ਜਤਨ ਸਾਧਨ ਨ ਕਯੋਂ ਭੀ ਕਿਨਾ।
ਯਥਾ ਵਸਤੁ ਭਾਲੀ ਨ ਮਿਲਹੈ ਕੁਈ।
ਬਿਨਾਂ ਚਾਨਣੇ ਕਦਿ ਕਹਾਂ ਪਰ ਸੁਈ।

ਸੰਤ ਸੰਪੂਰਨ ਸਿੰਘ ਦੀ ਕਵਿਤਾ ਦੇ ਵਿਸ਼ੇ ਅਧਿਆਤਮਕ ਤੇ ਸਮਾਜਿਕ ਹਨ। ਉਸ ਦੀ ਅਧਿਆਤਮਕ ਕਵਿਤਾ ਵਿਚ ਵਲਵਲੇ ਦਾ ਵੇਗ ਹੈ ਅਤੇ ਆਪਣੇ ਸੂਖਮ ਵਿਚਾਰਾਂ ਨੂੰ ਭਿੰਨ-ਭਿੰਨ ਪ੍ਰਕਾਰ ਦੇ ਅਲੰਕਾਰਾਂ ਨਾਲ ਸਪੱਸ਼ਟ ਕਰਦਾ ਹੈ। ਪਰਮ ਜੋਤ ਨਾਲ ਇਕ ਮਿਕ ਹੋਣ ਦੀ ਅਵਸਥਾ ਨੂੰ ਸੂਰਜ ਤੋਂ ਕਿਰਨ ਦੇ ਸੰਬੰਧਾਂ ਨਾਲ ਤੁਲਨਾ ਦੇ ਕੇ ਆਪਣੇ ਹਿਰਦੇ ਦੇ ਉਦਗਾਰਾਂ ਨੂੰ ਉਜਾਗਰ ਕੀਤਾ ਹੈ।

ਮੈਂ ਤੂੰ ਦੋਵੇਂ ਹਿਲ ਮਿਲ ਜਾਈਏ ਸੂਰਜ ਕਿਰਣ ਜਯੋ ਇਕੇ'

ਪਰਮਾਤਮਾ ਘਟ ਘਟ ਵਿਚ ਹੈ ਪਰ ਦ੍ਰਿਸ਼ਟੀ ਤੋਂ ਪਰ੍ਹੇ ਵੀ ਹੈ, ਪ੍ਰਭੂ ਦੀ ਇਸ ਪ੍ਰਕਾਰ ਦੀ ਹੋਂਦ ਨੂੰ ਕਵੀ ਨੇ ਬਹੁਤ ਯੋਗ ਉਪਮਾ ਅਲੰਕਾਰ ਨਾਲ ਸਪੱਸ਼ਟ ਕੀਤਾ ਹੈ। ਜਿਵੇਂ ਤੇਲ ਤਿਲਾਂ ਵਿਚ ਹੁੰਦਾ ਤਾਂ ਹੈ ਪਰ ਦਿਖਾਈ ਨਹੀਂ ਦੇਂਦਾ ਅਤੇ ਇਕ ਵਿਸ਼ੇਸ਼ ਪ੍ਰਕਾਰ ਦੀ ਮਿਹਨਤ ਨਾਲ ਉਸ ਦਾ ਪਤਾ ਲੱਗਦਾ ਹੈ, ਉਵੇਂ ਹੀ ਪਰਮਾਤਮਾ ਦੀ ਹੋਂਦ ਵੀ ਗਿਆਨ ਦੁਆਰਾ ਪਤਾ ਲੱਗਦੀ ਹੈ :-

ਤਿਲ ਕੇ ਮਾਂਹਿ ਤੇਲ ਹੈ ਜੈਸੇ ਕੋਲੂ ਪਾਇ ਪਿੜਾਇਐ।
ਸਰਬ ਰੂਪ ਸਭ ਮੋ ਬ੍ਰਹਮ ਤੈਸੇ ਗਿਆਨ ਪਾਇ ਪ੍ਰਗਟਾਈਐ।

ਪ੍ਰਭੂ ਮੇਲ ਦਾ ਇਕ ਹੋਰ ਉਪਮਾ ਅਲੰਕਾਰ :-

ਸਾਗਰ ਮੇਂ ਰਹਿ ਅਲਪ ਕਾਲ ਫਿਰ ਵਾ ਮੇਂ ਹੀ ਮਿਲ ਜਾਵੇਂ।
ਤਯੋਂ ਅਨੰਤ ਜਗ ਮੋ ਤੇ ਹੋ ਕਰ ਮੁਝ ਮੋ ਉਲਟਿ ਸਮਾਵੇਂ।

ਭਾਵੇਂ ਸੰਤ ਸੰਪੂਰਨ ਸਿੰਘ ਨੇ ਆਪਣੀਆਂ ਕਾਵਿ-ਰਚਨਾਵਾਂ ਵਿਚ ਬੋਲੀ ਦੀਆਂ ਬੰਦਸ਼ਾਂ ਨੂੰ ਪਰਵਾਨ ਨਹੀਂ ਕੀਤਾ ਪਰ ਵਿਚਾਰਾਂ ਨੂੰ ਸਰਲਤਾ ਨਾਲ ਪੇਸ਼ ਕਰਨ ਦੇ ਮਨੋਰਥ ਨਾਲ ਜੋ ਬ੍ਰਿਜੀ ਜਾਂ ਸਾਧ ਭਾਸ਼ਾ ਦੇ ਸ਼ਬਦ ਵਰਤੇ ਹਨ, ਉਹ ਵੀ ਪੰਜਾਬੀ ਬੋਲੀ ਵਿਚ ਇੰਜ ਇਕ-ਸੁਰ ਹੋਏ ਹਨ ਕਿ ਕਵਿਤਾ ਪੜ੍ਹਨ ਵੇਲੇ ਉਨ੍ਹਾਂ ਦਾ ਵੱਖਰਾ ਰੂਪ ਨਹੀਂ ਉਭਰਦਾ। ਪੰਜਾਬੀ ਬੋਲੀ ਦੀ ਸ਼ਬਦਾਵਲੀ ਠੇਠ ਤੇ ਸਾਹਿਤਕ ਹੈ।

ਕਵੀ ਦੇ ਵਿਸ਼ਿਆਂ ਵਿਚੋਂ ਆਤਮਕ ਉੱਨਤੀ ਲਈ ਉਪਦੇਸ਼ ਦੀ ਤੀਬਰ ਇੱਛਾ ਪ੍ਰਗਟ ਹੁੰਦੀ ਹੈ। 'ਆਦਰਸ਼ ਦੇਵੀ' ਦੀ ਬ੍ਰਿਤਾਂਤਕ ਕਵਿਤਾ ਨਾਸ਼ਵਾਨ ਜੀਵਨ ਦੀ ਸੋਝੀ ਕਰਾ ਕੇ ਪ੍ਰਭੂ-ਅਰਾਧਨਾ ਵੱਲ ਮੋੜਦੀ ਹੈ। ਲੇਖਕ ਦਾ ਸੰਤ ਹਿਰਦਾ ਸੰਕੀਰਨਤਾ ਦੀਆਂ ਵਲਗਣਾਂ

www.sikhbookclub.com

ਵਿਚ ਕੈਦ ਨਹੀਂ। ਸ਼ੰਕਰਾਚਾਰਯ ਦੇ ਅਧਿਆਤਮਕ ਵਿਚਾਰਾਂ ਨੂੰ ਪੰਜਾਬੀ ਪਾਠਕਾਂ ਲਈ ਸੁਖੈਨ ਬੋਲੀ ਵਿਚ ਕਾਨੀਬੰਦ ਕਰ ਕੇ ਕਵੀ ਨੇ ਪੰਜਾਬੀ ਕਾਵਿ-ਸਾਹਿਤ ਨੂੰ ਇਕ ਨਵੀਂ ਦੇਣ ਦਿੱਤੀ ਹੈ।

*ਸੰਤ ਟਹਿਲ ਸਿੰਘ ਨਿਰਮਲੇ ਦੀ ਪੰਜਾਬੀ ਸਾਹਿਤ ਨੂੰ ਬਹੁਪੱਖੀ ਦੇਣ ਹੈ। ਇਨ੍ਹਾਂ ਨੇ ਲਗਭਗ ਇਕ ਦਰਜਨ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਹਨ ਜਿਨ੍ਹਾਂ ਦੀ ਸੂਚੀ ਇਸ ਪ੍ਰਕਾਰ ਹੈ :-

1. ਗੁਰਬਾਣੀ ਅੰਮ੍ਰਿਤ ਪ੍ਰਕਾਸ਼।
2. ਗੁਰਬਾਣੀ ਜੀਵਨ ਪ੍ਰਕਾਸ਼।
3. ਗੁਰਬਾਣੀ ਅਸਲੀ ਗੁਰੂ ਪ੍ਰਕਾਸ਼।
4. ਗੁਰਬਾਣੀ ਸੰਪੂਰਨ ਸੰਪਟ ਸੁਖਮਨੀ।
5. ਸੁਖਮਨੀ ਸਾਹਿਬ।
6. ਗੁਰਦਵਾਰਾ ਤੀਰਥ ਯਾਤਰਾ।
7. ਇਨਸਾਨ ਹੈਵਾਨ ਸੰਬਾਦ (ਕਵਿਤਾ)।
8. ਵਿੱਦਿਆ ਵਜੰਤੀ ਮਾਲਾ (ਕਵਿਤਾ)।
9. ਵਿੱਦਿਆ ਵਜੰਤੀ ਮਾਲਾ।
10. ਵਿੱਦਿਆ ਮਹਿਮਾ ਪ੍ਰਕਾਸ਼ ਚੌਥਾ ਭਾਗ।
11. ਵਿੱਦਿਆ ਮਹਿਮਾ ਪ੍ਰਕਾਸ਼।
12. ਭਰਮ ਪ੍ਰਕਾਸ਼ ਬਿਨਾਸ ਅਰਥਾਤ ਗਿਆਨ ਦਾ ਜਾਮਨ।

ਵਾਰਤਕ ਦੀਆਂ ਪੁਸਤਕਾਂ ਦੇ ਵਿਸ਼ੇ ਗੁਰਬਾਣੀ ਦੀ ਖੋਜ ਅਤੇ ਵਿਆਖਿਆ ਨਾਲ ਹੀ ਸੰਬੰਧ ਰੱਖਦੇ ਹਨ ਪਰ ਕਾਵਿ-ਰਚਨਾਵਾਂ ਵਿਚ ਸੰਤ ਟਹਿਲ ਸਿੰਘ ਨੇ ਵਿਸ਼ਿਆਂ ਦੀਆਂ ਵੱਖ-ਵੱਖ ਵੰਨਗੀਆਂ ਦਿੱਤੀਆਂ ਹਨ। ਸੰਤ ਕਵੀ ਗੁਰਮਤ ਅਤੇ ਵੇਦਾਂਤ ਦੇ ਵਿਸ਼ਿਆਂ ਦੀ ਸੀਮਾ ਤੋਂ ਬਾਹਰ ਨਿਕਲ ਕੇ ਆਪਣੀ ਕਵਿਤਾ ਦੇ ਵਿਸ਼ਿਆਂ ਨੂੰ ਨੈਤਿਕ ਜੀਵਨ, ਦੇਸ਼ ਪ੍ਰੇਮ ਅਤੇ ਰਾਜਨੀਤਕ ਸਮੱਸਿਆਵਾਂ ਨਾਲ ਜੋੜਦਾ ਹੈ। ਸੰਤ ਟਹਿਲ ਸਿੰਘ ਉਨ੍ਹਾਂ ਨਿਰਮਲੇ ਸਾਹਿਤਕਾਰਾਂ ਵਿਚੋਂ ਇਕ ਹੈ ਜੋ ਆਪਣੇ ਸਾਹਿਤਕ ਪਿੜ ਨੂੰ ਵਿਸ਼ਾਲ ਕਰ ਕੇ ਵੇਦਾਂਤ ਅਤੇ ਗੁਰਮਤ ਤੋਂ ਇਲਾਵਾ ਜੀਵਨ ਦੇ ਹਰ ਪੱਖ ਨੂੰ ਵੀ ਥਾਂ ਦੇ ਰਹੇ ਹਨ। ਸੰਤ ਕਵੀ ਆਪਣੀ ਸੰਪ੍ਰਦਾਇ ਦੀ ਧਾਰਮਿਕ ਪਰੰਪਰਾ ਨਾਲੋਂ ਨਿਖੜ ਕੇ ਪੰਜਾਬੀ ਦੇ ਆਧੁਨਿਕ ਸਾਹਿਤਕਾਰਾਂ

★ *ਸੰਤ ਟਹਿਲ ਸਿੰਘ ਨਿਰਮਲੇ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਲਈ ਵੇਖੋ ਵਾਰਤਕ ਦਾ ਕਾਂਡ, (ਪੰਨਾ 1)*

www.sikhbookclub.com

ਸ਼ਾਮਲ ਹੋ ਗਿਆ ਹੈ। ਆਪਣੇ ਪੰਜ ਕਾਵਿ-ਸੰਗ੍ਰਹਾਂ ਵਿਚ ਗੁਰਮਤ ਦੇ ਵਿਸ਼ਿਆਂ ਤੋਂ ਛੁੱਟ ਰਾਜਨੀਤਕ, ਸਮਾਜਿਕ ਅਤੇ ਮਾਨਵਵਾਦੀ ਵਿਸ਼ਿਆਂ ਨੂੰ ਵੀ ਨਿਭਾਇਆ ਹੈ। ਇਸ ਕਵੀ ਦੀ ਪੰਜਾਬੀ ਕਵਿਤਾ ਨੂੰ ਦੇਣ ਵਿਸ਼ੇ ਦੇ ਪੱਖ ਤੋਂ ਇਕ ਮਹੱਤਵਪੂਰਨ ਥਾਂ ਰੱਖਦੀ ਹੈ ਜਿਸ ਨੂੰ ਪੂਰਨ ਤੌਰ 'ਤੇ ਸਮਝਣ ਲਈ ਇਨ੍ਹਾਂ ਦੇ ਕਾਵਿ-ਟੋਟਿਆਂ ਨੂੰ ਪੜ੍ਹਨ ਦੀ ਲੋੜ ਹੈ। ਹੇਠਾਂ ਅਸੀਂ ਇਨ੍ਹਾਂ ਦੀ ਕਾਵਿ-ਰਚਨਾਵਾਂ ਵਿਚੋਂ ਕੁਝ ਵੰਨਗੀਆਂ ਦੇਂਦੇ ਹਾਂ।

ਦੇਸ਼-ਵੰਡ ਤੋਂ ਬਾਅਦ ਭਾਰਤ ਦੀ ਦਸ਼ਾ ਵੇਖ ਕੇ ਜੋ ਪ੍ਰਤੀਕਰਮ ਇਸ ਨਿਰਮਲੇ ਸੰਤ 'ਤੇ ਹੋਇਆ ਹੈ, ਉਸ ਨੂੰ ਉਹਨਾਂ ਨੇ 'ਭਰਮ ਪ੍ਰਕਾਸ਼ ਬਿਨਾਸ' ਨਾਂ ਦੀ ਪੁਸਤਕ ਵਿਚ ਪ੍ਰਗਟਾਇਆ ਹੈ। ਇਸ ਪੁਸਤਕ ਵਿਚੋਂ 'ਰਾਜਨੀਤਕ ਸਲੋਕ' ਸਿਰਲੇਖ ਹੇਠ ਜੋ ਸਲੋਕ ਕਵੀ ਨੇ ਲਿਖੇ ਹਨ, ਉਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ :-

ਕਮਜ਼ੋਰ ਨਰ ਬਿਨੈ ਕਰੇ ਹੁਕਮ ਲਏ ਬਲਵਾਨ।
ਗਰਜਾਂ ਕਾਰਨ ਦੋਏ ਲੁਟੇ ਦੁਨੀਆਂ ਕਹੇ ਸ਼ੈਤਾਨ।
ਪਰਜਾ ਧਰਤੀ ਰੰਡੀ ਨਿਰੇ ਤਿਨਕੇ ਖਸਮ ਅਪਾਰ।
ਅਨਿਕ ਮਾਲਕ ਬਣ ਗਏ ਜਿਨਕਾ ਨਹੀਂ ਸ਼ੁਮਾਰ।

– – – – – – – – –

ਤਸਕਰ ਪੱਬਾਂ 'ਤੇ ਚਲਤੇ ਅੱਖੀਆਂ ਚਾਰ ਨਿਹਾਰ।
ਇਧਰ ਉਧਰ ਢੂੰਡ ਰਹੇ ਦਰਬ ਹਰਣ ਅਪਾਰ।
ਇਸਤਮਾਲ ਮਹਿਕਮੇ ਰਿਸ਼ਵਤ ਨਹੀਂ ਸ਼ੁਮਾਰ।
ਅਮੀਰ ਗਰੀਬ ਦੋਨੋਂ ਲੁੱਟੇ ਇਕੜ ਦੁਕੜ ਹਜ਼ਾਰ।
ਇਨਸਾਫ਼ ਹਾਕਮਾਂ ਆਸਰੇ ਪਰਜਾ ਸੁੱਖੀ ਨਰ ਨਾਰ।
ਇਸ ਨੂੰ ਤਿਆਗੇ ਨਿਰਪਖ ਜੋ ਦੁਖੀਏ ਮਰਦ ਸੰਸਾਰ।
ਬਰਬਾਦੀ ਆਜ਼ਾਦੀ ਸਸਤੀ ਭਾਰਤ ਹਿੰਦ ਮਝਾਰ।
ਮਰਜ਼ੀ ਸਭ ਦੀ ਬਦਲੀ ਆਵਤ ਜਾਇ ਨਰ ਨਾਰ।
ਨਸਲਾਂ ਫ਼ਸਲਾਂ ਬਦਲੀਆਂ, ਵਰਣ ਆਸ਼ਰਮਾ ਆਨ।
ਜਾਤੀਆਂ ਪਾਤੀਆਂ ਕੌਮੀਆਂ, ਕਲੀ ਅੰਤ ਇਹ ਹਾਨ।
ਅਪਰਾਧੀ ਨਿਵੇਂ ਬਾਰੰਬਾਰ, ਬੁਧ ਜਨ ਕਰੇ ਵੀਚਾਰ।
ਗਰਜਾਂ ਇਛਿਆਂ ਅਪਾਰ ਇਨਕਾ ਕਰੋ ਪਰਹਾਰ।
ਸਰੀਰਾਂ ਕਾਰਨ ਮੋਹ ਵਧੇ, ਚੇਤਨ ਸ਼ੁਧ ਸਰੂਪ।
ਸਵਾਦ ਆਸਰੇ ਨਚ ਰਹੇ, ਅੰਗ ਅੰਗ ਮਹਿ ਭੂਪ।

www.sikhbookclub.com

ਆਜ਼ਾਦੀ ਨਵੀਂ ਕਲਜੁਗ ਮੇਂ ਨੰਗ ਧੜੰਗੀ ਨਿਹਾਰ।
ਆਪਣੀ ਆਪਣੀ ਮਰਜ਼ੀ ਸੇ, ਖੁਲ੍ਹੀਆਂ ਫਿਰੇ ਬਾਜ਼ਾਰ।
ਇਨਕਲਾਬ ਪਹਿਰਾਵੇ ਭਏ ਧਰੇ ਨਾਹਿ ਕਿਸ ਕੀ ਆਨ।
ਗੁਰ ਪੀਰ ਸਿਖਿਆ ਤਜ ਕੇ, ਦੁਨੀਆਂ ਭਏ ਵੈਰਾਨ।
ਲੈਵਣ ਸੁੱਖ ਇਹ ਪਰਜਾ ਤੇ ਦੇਵਣ ਦਰਦ ਅਪਾਰ।
ਜ਼ੁਲਮ ਹੁਕਮਾਂ ਕੇ ਆਸਰੇ ਟਹਿਲ ਹਰੀ ਸਰਕਾਰ।
ਅਮੀਰ ਗਰੀਬ ਨਰ ਬਣੇ ਦੁੱਖ ਸੁੱਖ ਪਾਨ ਮਹਾਨ।
ਹੁਕਮ ਦੁੱਖੀ ਸਭ ਨੂੰ ਕਰੇ ਹਮ ਕਾ ਤੁਮ ਕਾ ਆਨ।
ਦੁਬਿਧ ਫੁਟ ਦੋਇ ਨਾਗਣੀ ਰਹਿਤ ਜਗਤ ਮਝਾਰ।
ਇਸ ਨੂੰ ਮਾਰੇ ਇਤਫ਼ਾਕ ਬਲੀ ਟਹਿਲ ਹਰੀ ਕਰਤਾਰ।
ਦਰਬ ਸਨੇਹ ਨਿਕਾਲ ਦੇ, ਸਰਸੋਂ ਤਿਲ ਪਹਿਚਾਨ।
ਦੀਰਘ ਦੀਰਘ ਦਿਸ ਰਹੇ ਲਘੂ ਲਘੂ ਹੈਰਾਨ।
ਗੁਲਾਮੀ ਮਤਰੇਈ ਸਖਣੀ ਆਜ਼ਾਦੀ ਮਾਤ ਪਛਾਨ।
ਧਰਤ ਸਮੇਰ ਵਿਚਰਦੀ ਢੂੰਡਤ ਫਿਰਦੀ ਗਿਆਨ।

ਕਵੀ ਰਾਜ-ਪ੍ਰਬੰਧ ਦੇ ਸੁਧਾਰ ਲਈ ਆਪਣੇ ਵੱਲੋਂ ਸੁਝਾਅ ਵੀ ਦੇਂਦਾ ਹੈ। ਉਸ ਦਾ ਵਿਚਾਰ ਹੈ ਕਿ ਫਿਰਕਿਆਂ ਦੇ ਆਧਾਰ 'ਤੇ ਕੋਈ ਮਲਕੀਅਤ ਜਾਂ ਹਕੂਮਤ ਨਹੀਂ ਹੋਣੀ ਚਾਹੀਦੀ ਕਿਉਂਕਿ ਫ਼ਿਰਕੇ ਬਦਲ ਕੇ ਇਕ ਮਨੁੱਖ ਦੂਜੇ ਫ਼ਿਰਕੇ ਵਿਚ ਸ਼ਾਮਲ ਹੋ ਜਾਂਦਾ ਹੈ, ਸੋ ਇਨ੍ਹਾਂ ਫ਼ਿਰਕਿਆਂ ਦੀ ਥਾਂ ਧਰਮ ਭਾਵ ਨਿਆਂ ਕਰਨ ਵਾਲਿਆਂ ਦੀ ਹਕੂਮਤ ਹੋਣੀ ਚਾਹੀਦੀ ਹੈ :-

ਫ਼ਿਰਕੇ ਭੇਖ ਮਾਲਕ ਨਹੀਂ ਵਕਫ ਧਰਮ ਪਛਾਨ।
ਛਤ੍ਰੀ ਗੋਤਰੀ ਕੌਮ ਜਦੀ, ਟਹਿਲ ਹਰੀ ਇਹ ਮਾਨ।
ਕੌਂਸਲ ਕੁਰਸੀ ਤਖ਼ਤ ਹੈ ਅਦਲ ਕਰੋ ਨਰ ਨਾਰ।
ਨਿਰਪਖ ਧਰਮ ਰਾਖ ਲੈ, ਬਿਬੇ ਕਰਤਾਰ ਨਿਹਾਰ।
ਰਿਸ਼ਵਤ ਫਰਮੈਸ਼ ਤਜੋ ਮੁਤਅੱਸਬ ਤਿਆਗੋ ਆਨ।
ਫਰੀਕ ਦੋ ਨਹੁ ਸ਼ੁਧ ਕਰੋ ਹਾਕਮ ਵਿਦਿਆਵਾਨ।
ਮਹਿਕਮੇ ਪੁਲਿਸ ਮਾਲ ਦੇ ਚੋਰੀ ਜ਼ੋਰੀ ਕਰੇ ਅਪਾਰ।
ਫ਼ੌਜਦਾਰੀ ਦੀਵਾਨੀ ਆਸਰੇ, ਨਹਿਰਾਂ ਨਹੀਂ ਸ਼ੁਮਾਰ।

www.sikhbookclub.com

ਇਸੇ ਪੁਸਤਕ ਦੇ ਦੂਜੇ ਭਾਗ ਵਿਚ ਕਵੀ ਨੇ ਅਧਿਆਤਮਵਾਦ ਦੇ ਵਿਸ਼ੇ ਨੂੰ ਆਪਣੀ ਮੌਲਿਕ ਕਵਿਤਾ ਵਿਚ ਨਿਭਾਇਆ ਹੈ। ਇਸ ਪੱਖ ਤੋਂ ਕਵੀ ਦੀ ਕਾਵਿ-ਪ੍ਰਤਿਭਾ ਵੇਖਣ ਲਈ ਕੁਝ ਸਲੋਕ ਹੇਠਾਂ ਦੇਂਦੇ ਹਾਂ :-

ਅੰਦਰ ਲਾਲ ਗੋਬਿੰਦ ਮੇਰੇ ਇਸ ਨੂੰ ਵਿਚੋਂ ਭਾਲ।
ਬਾਹਰਲੇ ਦਿਲ ਤਿਆਗਦੇ, ਅਸਲੀ ਲਾਲ ਗੁਪਾਲ।

ਪਰ ਕੇ ਦਰਦ ਦੂਰ ਕਰੋ ਆਪਣੇ ਤਬ ਹੀ ਜਾਇ।
ਆਪਣਾ ਬੀਜਿਆ ਆਪ ਲਵੋ ਟਹਿਲ ਹਰੀ ਹਰ ਰਾਇ।

ਬਨਾਸਪਤੀ ਬੀਜ ਜੈਸੇ ਰਹਿਤੇ ਧਰਤ ਮਝਾਰ।
ਤੈਸਹਿ ਕਰਮ ਜੀਵਾਂ ਕੇ ਉਗਾਵੈ ਸਮੇਂ ਅਨੁਸਾਰ।

ਈਸ਼ਰ ਸੇਵਾ ਸਰਬ ਮੇਂ, ਜੜ੍ਹ ਚੇਤਨ ਪਹਿਚਾਨ।
ਜਿਸ ਕੇ ਅੰਦਰ ਗਿਆਨ ਏ, ਸੋਈ ਪੁਰਖ ਸੁਜਾਨ।

ਇਨਸਾਨਾਂ ਮਰਦ ਆਸਰੇ ਸਰਬ ਜੀਵ ਸੁਖ ਪਾਇ।
ਅਸਲੀ ਇਨਸਾਨ ਜੋ ਬਣੇ, ਸਹਿਜੇ ਰਾਮ ਮਿਲਾਏ।

ਮਹਿੰਦੀ ਰਾਂਗਲੀ ਅੰਦਰੋਂ, ਬਾਹਰੋਂ ਹਰੀ ਪਹਿਚਾਨ।
ਇਸ ਨੂੰ ਸਹਿਜੇ ਘੋਟਿਓ, ਤੈਸੇ ਬ੍ਰਹਮ ਗਿਆਨ।

ਸੰਗਤ ਕਰੋ ਨਿਧ ਸਾਧ ਕੀ ਗੁਣਾਂ ਕੀ ਪਰੋਵੋ ਮਾਲ।
ਆਪਣੇ ਕੰਚ ਉਰਧਾਰਨੀ ਭਗਤ ਬਣੋ ਤਤਕਾਲ।

ਕਾਇਆਂ ਮੰਦਰ ਹਰ ਵਸੇ ਗੁਪਤਾ ਲਾਲ ਪਛਾਨ।
ਇਸ ਨੂੰ ਅੰਦਰੋਂ ਢੂੰਡ ਲੈ ਅਮੋਲਕ ਰਾਮ ਗਿਆਨ।

ਅੰਦਰ ਖੂਹਟਾ ਗਿਆਨ ਕਾ ਤਿਸ ਵਿਚ ਟੁਬਕੀ ਮਾਰ।
ਸ਼ਬਦ ਗੁਰੂ ਕਾ ਜੇਵੜਾ ਤਿਸ ਨੂੰ ਮਨ ਵਿਚ ਧਾਰ।

www.sikhbookclub.com

ਦੂਜੇ ਕਾਵਿ-ਸੰਗ੍ਰਹਿ "ਵਿੱਦਿਆ ਮਹਿਮਾ ਪ੍ਰਕਾਸ਼" ਵਿਚ ਕਵੀ ਨੇ ਗਿਆਨ ਅਤੇ ਵਿੱਦਿਆ ਦੀ ਮਹੱਤਤਾ ਨੂੰ ਸਲੋਕਾਂ ਵਿਚ ਪ੍ਰਗਟਾਇਆ ਹੈ ਅਤੇ ਕਲਿਆਣਕਾਰੀ ਜੀਵਨ ਬਿਤਾਉਣ ਲਈ ਮਨੁੱਖ ਨੂੰ ਉਪਦੇਸ਼-ਮਈ ਢੰਗ ਨਾਲ ਸੁਝਾਅ ਦਿੱਤੇ ਹਨ :-

ਸਲੋਕ

ਬਾਲਕਾਂ ਵਿਚ ਸ਼ੈਤਾਨ ਵੱਸੇ ਬਿਰਧਾਂ ਸੋਚ ਮਹਾਨ।
ਜਵਾਨਾਂ ਮਧੇ ਅਹੰਕਾਰ ਵੱਸੇ ਟਹਿਲ ਹਰੀ ਪਛਾਨ।
ਸ਼ੀਘਰ ਤੀਨਹੁ ਪਰਖ ਲੈ ਇਸ ਬਿਨ ਦੁਖੀ ਨਿਹਾਰ।
ਔਰ ਜੀਵ ਹਮ ਕਿਆ ਕਥੇ ਜਿਨਕਾ ਨਹੀਂ ਸੁਮਾਰ।
ਅਸਲੀ ਸਾਧਨ ਗਿਆਨ ਹੈ ਕੇਵਲ ਬ੍ਰਹਮ ਵਿਚਾਰ।
ਸਭ ਕੇ ਅੰਦਰ ਆਤਮਾ ਦ੍ਰਿਸ਼ਟੀ ਏਕ ਨਿਹਾਰ।
ਖੇਲਣ ਕਾਰਣ ਦੀਵਾਨ ਕਾ ਚੇਸ਼ਟਾ ਕਰੇ ਭਗਵਾਨ।
ਸਭ ਕੇ ਅੰਦਰ ਵਰਤਦਾ ਪੇਖਣ ਬੁੱਧ ਗਿਆਨ।

ਤੀਜੀ ਪੁਸਤਕ "ਵਿੱਦਿਆ ਵਜੰਤੀ ਮਾਲਾ" ਵਿਚ ਵੀ ਕਵੀ ਨੇ ਸਲੋਕਾਂ ਦੁਆਰਾ ਵਿੱਦਿਆ ਅਤੇ ਗਿਆਨ ਦੇ ਜੱਸ ਨੂੰ ਉਭਾਰਿਆ ਹੈ। ਇਸ ਸੰਗ੍ਰਹਿ ਦੇ ਸਲੋਕਾਂ ਵਿਚ ਵੀ ਲੇਖਕ ਨੇ ਆਤਮ ਉੱਨਤੀ ਲਈ ਉਪਦੇਸ਼ ਦਿੱਤਾ ਹੈ।

ਹੱਲ ਪੰਜਾਲੀ ਗਲ ਧਰੇ ਗਡਿਆਂ ਹੇਠ ਮਮ ਜੋਇ।
ਉਪਰੋਂ ਠਾਠੀਆਂ ਮਾਰਤੇ ਹੇਠੋਂ ਆਰ ਝਬੋਇ।

(ਪੰਨਾ ੧੦੦-੧੦੧)

ਬੱਕਰੇ ਵੱਲੋਂ ਉਸ ਦੀ ਪੁਕਾਰ ਬਾਰੇ ਇਕ ਦੋਹਰਾ ਹੋਰ ਦ੍ਰਿਸ਼ਟੀ ਗੋਚਰ ਹੈ :-

ਤਲਵਾਰ ਛੁਰੀ ਮੇਂ ਮਾਰਦੇ ਕਟੇ ਸਿਰ ਸੰਸਾਰ।
ਤਕੜੀਆਂ ਪਾਇ ਕੇ ਤੋਲਦੇ ਪਾਪੀਆਂ ਦੇ ਸੁਦਾਰ।

(ਪੰਨਾ ੧੩੮)

ਉਪਰੋਕਤ ਕਾਵਿ-ਵੰਨਗੀਆਂ ਤੋਂ ਕਵੀ ਦੇ ਸੰਪਰਕ ਦਾ ਪ੍ਰਗਟਾਵਾ ਹੁੰਦਾ ਹੈ। ਵਿਰਕਤ ਭਾਂਤ ਦਾ ਜੀਵਨ ਬਿਤਾਂਦਿਆਂ ਵੀ ਸੰਤ ਟਹਿਲ ਸਿੰਘ ਨੂੰ ਲੋਕਾਂ ਨਾਲ ਹੋ ਰਹੇ ਅਨਿਆ ਦਾ ਅਨੁਭਵ ਹੈ। ਪਸ਼ੂ ਪੰਛੀਆਂ ਉੱਤੇ ਹੁੰਦੇ ਅਤਿਆਚਾਰ ਨੂੰ ਵੇਖ ਕੇ ਉਸ ਨੂੰ ਦੁੱਖ ਹੁੰਦਾ ਹੈ ਅਤੇ ਉਸ ਦਾ ਕਵੀ ਹਿਰਦਾ ਪਸ਼ੂਆਂ ਦੇ ਜਜ਼ਬਿਆਂ ਨੂੰ ਜ਼ਬਾਨ ਦੇ ਕੇ ਮਨੁੱਖ ਨੂੰ ਕ੍ਰਿਤਘਣ ਹੋਣ ਤੋਂ ਵਰਜਦਾ ਅਤੇ ਮਾਨਵਵਾਦ ਦਾ ਸੁਨੇਹਾ ਦੇਂਦਾ ਹੈ। ਕਵੀ ਨੂੰ ਆਪਣੇ ਦੇਸ਼ ਨਾਲ ਪਿਆਰ

www.sikhbookclub.com

ਹੈ, ਸਰਕਾਰੀ ਕਰਮਚਾਰੀਆਂ ਵੱਲੋਂ ਚੱਲ ਰਹੀ ਰਿਸ਼ਵਤਖੋਰੀ ਅਤੇ ਉੱਚ-ਅਧਿਕਾਰੀਆਂ ਵੱਲੋਂ ਹੁੰਦੇ ਅਨਿਆਂ ਨੂੰ ਉਹ ਦੇਸ਼ ਲਈ ਹਾਨੀਕਾਰਕ ਸਮਝਦਾ ਹੈ। ਦੇਸ਼ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਕਵੀ ਅਧਿਕਾਰੀਆਂ ਨੂੰ ਸੁਚੇਤ ਕਰਦਾ ਹੈ ਅਤੇ ਯੋਗ ਰਾਜ-ਪ੍ਰਬੰਧ ਲਈ ਸਲਾਹ ਦੇਂਦਾ ਹੈ :

ਅਸਲੀ ਰੂਪ ਸਭਾਲ ਗਏ, ਨਕਲੀ ਬਣੇ ਅਪਾਰ।
ਤਸਕਰਬਾਜ਼ਾਰ ਏ ਢੂੰਡ ਲੈ, ਪਿਸ਼ਟਨਪਾਰ ਨਿਹਾਰ।
ਇੰਦਰ ਹਿੰਦ ਕੇ ਰਾਜ ਮਹਿ ਪੂਰਜੇ ਜੋਗ ਵਿਚਾਰ।
ਵਿਦਿਆਵਾਨ ਸੁਜਾਨ ਲਹਿ, ਸੁਖੀ ਵਸੀ ਨਰ ਨਾਰ।

ਸੰਤ ਕਵੀ ਦੇ ਇਸ ਪ੍ਰਕਾਰ ਦੇ ਵਿਚਾਰ ਉਸ ਨੂੰ ਦੇਸ਼-ਭਗਤਾਂ ਦੀ ਕਤਾਰ ਵਿਚ ਖੜਾ ਕਰਦੇ ਹਨ। ਉਹ ਸਾਹਿਤ ਕਲਾ ਨੂੰ ਦੇਸ਼ ਦੇ ਰਾਜਨੀਤਕ ਕਲਿਆਣ ਲਈ ਵਰਤਦਾ ਹੈ।

ਰੂਪਕ ਪੱਖ ਤੋਂ ਵੇਖਿਆਂ ਟਹਿਲ ਸਿੰਘ ਦੀ ਕਵਿਤਾ 'ਦੋਹਰਿਆਂ' ਅਤੇ ਸਵੈਯਾਂ ਦੇ ਰੂਪ ਵਿਚ ਮਿਲਦੀ ਹੈ। ਕਵੀ ਦੇ ਦੋਹਰਿਆਂ ਦੀ ਬਣਤਰ ਵਿਚ ਨਿਯਮਾਂ ਅਨੁਸਾਰ ਮਾਤ੍ਰਾ ਘੱਟ ਵੱਧ ਹੀ ਹਨ ਪਰ ਸੰਤ ਦੇ ਦੋਹਰੇ ਰੂਪਕ ਨਿਯਮ ਅਨੁਸਾਰ ਨਾਲ ਦੋਹਰੇ ਸਮਾਪਤ ਹੁੰਦੇ ਹਨ।

ਵਿਚਾਰਾਂ ਨੂੰ ਸੁੰਦਰ ਢੰਗ ਨਾਲ ਸਪੱਸ਼ਟ ਕਰਨ ਲਈ ਕਵੀ ਨੇ ਅਲੰਕਾਰ ਵਿਧੀ ਦਾ ਪ੍ਰਯੋਗ ਵੀ ਕੀਤਾ ਹੈ ਜਿਵੇਂ ਮਨੁੱਖ ਦੇ ਕਰਮਾਂ ਦਾ ਫਲ ਉਸ ਨੂੰ ਅਵੱਸ਼ ਮਿਲਦਾ ਹੈ। ਇਸ ਵਿਚਾਰ ਨੂੰ ਕਵੀ ਨੇ ਉਪਮਾ ਅਲੰਕਾਰ ਨਾਲ ਸਪੱਸ਼ਟ ਕੀਤਾ ਹੈ। ਜਿਵੇਂ ਬਨਾਸਪਤੀ ਦੇ ਬੀਜ ਧਰਤੀ ਵਿਚ ਟਿਕੇ ਰਹਿੰਦੇ ਹਨ ਅਤੇ ਯੋਗ ਮੌਸਮ ਵਿਚ ਆਪ ਮੁਹਾਰੇ ਉੱਗ ਆਉਂਦੇ ਹਨ, ਉਵੇਂ ਹੀ ਮਨੁੱਖ ਦੇ ਕਰਮਾਂ ਦਾ ਫਲ ਯੋਗ ਸਮੇਂ 'ਤੇ ਜ਼ਰੂਰ ਮਿਲਦਾ ਹੈ :-

ਬਨਾਸਪਤੀ ਬੀਜ ਜੈਸੇ ਰਹਿਤੇ ਧਰਤ ਮਝਾਰ।
ਤੈਸਹਿ ਕਰਮ ਜੀਵਾਂ ਕੇ ਉਗਾਇ ਸਮੇਂ ਅਨੁਸਾਰ।

ਗਿਆਨ ਦਾ ਅਧਿਕਾਰੀ ਕੇਵਲ ਵਿਸ਼ੇਸ਼ ਮਨੁੱਖ ਹੋ ਸਕਦਾ ਹੈ ਜਿਸ ਨੇ ਆਪਣੇ ਆਪ ਨੂੰ ਸੋਧਿਆ ਹੋਇਆ ਹੋਵੇ। ਮੂਰਖ ਜਾਂ ਪਾਪੀ ਆਦਮੀ ਗਿਆਨ ਪ੍ਰਾਪਤੀ ਲਈ ਉਵੇਂ ਹੀ ਹੈ ਜਿਵੇਂ ਕਲਰ ਜ਼ਮੀਨ ਬੀਜ ਲਈ। ਬੀਜ ਬੀਜਣ ਤੋਂ ਪਹਿਲਾਂ ਕਲਰ ਜ਼ਮੀਨ ਨੂੰ ਸੋਧਣਾ ਜ਼ਰੂਰੀ ਹੈ। ਇਸ ਅਧਿਆਤਮਕ ਵਿਚਾਰ ਨੂੰ ਕਵੀ ਨੇ ਰੂਪਕ ਅਲੰਕਾਰ ਵਿਚ ਪ੍ਰਗਟਾਇਆ ਹੈ :-

ਮੂਰਖ ਜ਼ਮੀਨ ਕਲਰ ਮੇਂ ਦਾਣੇ ਨਾਮ ਨਹਿ ਬੀਜ।
ਪਹਿਲਾਂ ਇਨਕੋ ਸਾਫ਼ ਕਰੇ, ਪਾਪੀਆਂ ਦਾਨ ਨ ਦੀਜ।

www.sikhbookclub.com

ਰੂਪਕ ਅਲੰਕਾਰ

ਅੰਦਰ ਖੂਹ ਗਿਆਨ ਕਾ ਤਿਸ ਵਿਚ ਟੁੱਬਕੀ ਮਾਰ।
ਸ਼ਬਦ ਗੁਰੂ ਕਾ ਜੇਵੜਾ, ਤਿਸ ਨੂੰ ਮਨ ਵਿਚ ਧਾਰ।

ਨਿਰਲੇਪ ਮਨੁੱਖ ਅੰਦਰ ਗਿਆਨ ਖੂਹ ਮੌਜੂਦ ਹੈ। ਅੰਤਰਮੁੱਖੀ ਬਿਰਤੀ ਧਾਰਨ ਨਾਲ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ। ਜਿਸ ਤਰ੍ਹਾਂ ਖੂਹ ਵਿਚ ਚੁੱਭੀ ਮਾਰਨ ਵਾਲਾ ਰਸੇ ਦੇ ਆਸਰੇ ਜਾਂਦਾ ਹੈ, ਇਸੀ ਤਰ੍ਹਾਂ ਗਿਆਨ ਨੂੰ ਗੁਰੂ-ਸ਼ਬਦ ਦਾ ਆਸਰਾ ਹੈ।

ਦ੍ਰਿਸ਼ਟਾਂਤ ਅਲੰਕਾਰ

ਮਹਿੰਦੀ ਰਾਂਗਲੀ ਅੰਦਰੋਂ, ਬਾਹਰੋਂ ਹਰੀ ਪਹਿਚਾਨ।
ਇਸ ਨੂੰ ਸਹਿਜੇ ਘੋਟਿਓ ਤੈਸੇ ਬ੍ਰਹਮ ਗਿਆਨ।

ਸ਼ਬਦ ਦੀ ਕਸੌਟੀ 'ਤੇ ਜਾਪ ਕਰਨ ਨਾਲ ਮਨੁੱਖ ਬ੍ਰਹਮ ਗਿਆਨੀ ਬਣ ਜਾਂਦਾ ਹੈ ਜਿਵੇਂ ਹਰੀ ਮਹਿੰਦੀ ਰਗੜਨੇ ਤੋਂ ਬਾਅਦ ਲਾਲ ਰੰਗ ਦੇਂਦੀ ਹੈ।

ਸੰਤ ਟਹਿਲ ਸਿੰਘ ਦੀ ਬੋਲੀ ਵਿਚ ਬ੍ਰਿਜੀ ਦਾ ਪ੍ਰਯੋਗ ਅਵੱਸ਼ ਹੈ ਪਰ ਸਮੁੱਚੇ ਦੋਹਰਿਆਂ ਵਿਚ ਪੰਜਾਬੀ ਦੀ ਪ੍ਰਧਾਨਤਾ ਹੈ। ਕਵੀ ਦੀਆਂ ਰਚਨਾਵਾਂ ਪੜ੍ਹ ਕੇ ਪਤਾ ਲੱਗਦਾ ਹੈ ਕਿ ਬ੍ਰਿਜੀ ਵਿਚ ਲਿਖਣ ਦਾ ਕੋਈ ਮਨੋਰਥ ਨਹੀਂ ਹੈ, ਵਾਕਾਂ ਨੂੰ ਪੰਜਾਬੀ ਸਭਿਅਤਾ ਅਤੇ ਸੁਭਾਅ ਅਨੁਸਾਰ ਪ੍ਰਸਤੁਤ ਕਰ ਕੇ (ਲੈਅ) ਦੀ ਲੋੜ ਅਨੁਸਾਰ ਬ੍ਰਿਜੀ ਦੇ ਸ਼ਬਦ ਵਰਤੇ ਗਏ ਹਨ। ਜਿਵੇਂ ਹੇਠਾਂ ਲਿਖੇ ਦੋ ਸਲੋਕਾਂ ਵਿਚ :-

ਮਾਲਕ ਬਣਾਉ ਸਰਬ ਕੋ, ਕਮਾਇ ਜ਼ਮੀਨ ਸੁਜਾਨ।
ਕ੍ਰਿਤ ਕਰ ਕੇ ਖਾਇਉ ਮਾਮਲੇ ਲਉ ਲਗਾਨ।
ਪੁਜ਼ੀਸ਼ਨ ਖਰਚ ਘਟਾਉ, ਤਲਬ ਘਟੇ ਤਬ ਆਇ।
ਇੰਦਰੇ ਭੋਗ ਪਰਹਰੋ ਪਰਜਾ ਸੁੱਖ ਸਭ ਪਾਇ।

ਇਨ੍ਹਾਂ ਸਲੋਕਾਂ ਨੂੰ ਪੰਜਾਬੀ ਬੋਲੀ ਵਿਚ ਪੇਸ਼ ਕੀਤਾ ਗਿਆ ਹੈ ਪਰ ਲੈਅ ਨੂੰ ਕਾਇਮ ਰੱਖਣ ਲਈ 'ਸਰਬ' ਅਤੇ 'ਪਰਹਰੋ' ਦਾ ਪ੍ਰਯੋਗ ਵੀ ਕਰ ਲਿਆ ਹੈ। ਇਥੋਂ ਤੱਕ ਕਿ ਅੰਗਰੇਜ਼ੀ ਦੇ ਸ਼ਬਦ 'ਪੁਜ਼ੀਸ਼ਨ' ਦਾ ਵੀ ਸੁਭਾਵਕ ਹੀ ਪ੍ਰਯੋਗ ਕਰ ਦਿੱਤਾ ਗਿਆ ਹੈ।

ਸੰਤ ਟਹਿਲ ਸਿੰਘ ਦੇ ਚੌਹਾਂ ਕਾਵਿ-ਸੰਗ੍ਰਹਾਂ ਦਾ ਅਧਿਐਨ ਕਰਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਸੰਤ ਕਵੀ ਨੇ ਵਿਸ਼ੇ ਵਸਤੂ ਰੂਪ ਅਤੇ ਬੋਲੀ ਦੇ ਪੱਖ ਤੋਂ ਆਧੁਨਿਕ ਪੰਜਾਬੀ ਸਾਹਿਤ ਵਿਚ ਵਾਧਾ ਕੀਤਾ ਹੈ।

www.sikhbookclub.com

'ਸੰਤ ਨਿਰੰਕਾਰ ਸਿੰਘ ਨੇ ਬਹੁਤ ਘੱਟ ਪੰਜਾਬੀ ਕਾਵਿ ਦੀ ਰਚਨਾ ਕੀਤੀ ਹੈ ਪਰ ਇਨ੍ਹਾਂ ਦੀਆਂ ਨਿੱਕੀਆਂ ਕਵਿਤਾਵਾਂ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਮਹੱਤਤਾ ਰੱਖਦੀਆਂ ਹਨ। ਇਕ ਕਬਿੱਤ ਵਿਚੋਂ ਕੁਝ ਸਤਰਾਂ ਹੇਠਾਂ ਦੇਂਦੇ ਹਾਂ :-

ਜੀਵਨ ਦੇ ਪੂਰਬ ਸ੍ਰਿਸ਼ਟੀ ਕਰਮ ਅਨੁਸਾਰ ਈਸ਼,
ਇੱਛਾ ਹੋਏ ਜੀਵ ਭੋਗ ਜਗ ਉਪਜਾਈਏ।
ਨਵ ਵਾਯੂ ਤੇਜ ਜਲ ਭੂਮੀ ਭੂਤ ਰਚੇ ਤਰਾਂ
ਸ਼ਬਦ ਸਪਰਸ਼ ਰੂਪ ਰਸ ਗੰਧ ਗੁਣ ਗਾਈਏ।**

ਮਹੰਤ ਦਿਆਲ ਸਿੰਘ ਦੀ ਪੰਜਾਬੀ ਸਾਹਿਤ ਨੂੰ ਬਹੁ ਪੱਖੀ ਦੇਣ ਹੈ। ਵਿਸ਼ੇ ਵਸਤੂ ਅਤੇ ਰੂਪ ਦੇ ਪੱਖ ਤੋਂ ਇਸ ਸਾਹਿਤਕਾਰ ਨੇ ਉਚ ਪੱਧਰ ਦੀ ਸਾਹਿਤ ਰਚਨਾ ਕੀਤੀ ਹੈ। ਸੰਪ੍ਰਦਾਇ ਦਾ ਪ੍ਰਤੀਨਿਧ ਸਾਹਿਤਕਾਰ ਹੋਣ ਕਾਰਨ ਵੇਦਾਂਤ ਨੂੰ ਸਰਲ ਅਤੇ ਸਪੱਸ਼ਟ ਰੂਪ ਵਿਚ ਪੇਸ਼ ਕਰਨ ਦੀ ਪ੍ਰਬਲ ਇੱਛਾ ਰਹੀ ਹੈ ਅਤੇ ਇਸੇ ਇੱਛਾ ਨੂੰ ਸਾਕਾਰ ਕਰਨ ਲਈ 'ਗਿਆਨ ਭੂਮਿਕਾ ਦੀ ਰਚਨਾ ਕਾਵਿ ਰੂਪ ਵਿਚ ਕੀਤੀ ਹੈ। ਵਿਸ਼ੇ ਦਾ ਆਧਾਰ ਵੇਦਾਂਤ ਦੀ ਵਿਚਾਰਧਾਰਾ ਹੈ। ਵੇਦਾਂਤ ਦੇ ਸਾਰ ਨੂੰ ਕਵੀ ਨੇ ਚੌਪਈ ਛੰਦ ਵਿਚ ਪ੍ਰਗਟਾਇਆ ਹੈ। ਆਤਮਕ ਅਵਸਥਾ ਦੇ ਜਿਨ੍ਹਾਂ ਪੜਾਵਾਂ ਵਿਚੋਂ ਲੰਘ ਕੇ ਬ੍ਰਹਮ ਗਿਆਨ ਪ੍ਰਾਪਤ ਹੁੰਦਾ ਹੈ, ਉਨ੍ਹਾਂ ਦੀ ਸੰਖਿਆ ਸੱਤ ਦੱਸੀ ਗਈ ਹੈ ਅਤੇ ਸੱਤਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ। ਵਿਸ਼ਾ ਗੁਰਮਤ ਤੋਂ ਭਿੰਨ ਹੈ, ਲੇਖਕ ਜਪੁ ਜੀ ਦੇ ਪੰਜ ਖੰਡਾਂ ਦੀ ਥਾਂ ਵੇਦਾਂਤ ਅਨੁਸਾਰ ਸੱਤ ਖੰਡਾਂ ਦਾ ਜ਼ਿਕਰ ਕਰ ਕੇ ਉਨ੍ਹਾਂ ਵਿਚ ਹੀ ਵਿਸ਼ਵਾਸ ਰੱਖਦਾ ਹੈ। ਮਹੰਤ ਦਿਆਲ ਸਿੰਘ ਨੂੰ ਪੰਜਾਬੀ ਵਿਚ ਲਿਖਣ ਦਾ ਬੜਾ ਸ਼ੌਕ ਸੀ ਜੋ ਉਪਰੋਕਤ ਪੁਸਤਕ ਦੇ ਆਰੰਭ ਵਿਚ ਲਿਖੀਆਂ ਸਤਰਾਂ ਤੋਂ ਸਪੱਸ਼ਟ ਹੁੰਦਾ ਹੈ :-

"ਹਿੰਦੀ ਸੰਸਕ੍ਰਿਤ ਦੋਇ ਭਾਸ਼ਾ।
ਹੈ ਪ੍ਰਚਾਰ ਜਗਤ ਵਿਚ ਖਾਸਾ।
ਅਧਿਕ ਇਨ੍ਹਾਂ ਵਿਚ ਬ੍ਰਹਮ ਵਿਚਾਰ।
ਨਿਸਚੇ ਕੀਤਾ ਸਭ ਸੰਸਾਰ।
ਫਿਰ ਵੀ ਰਹਿੰਦੇ ਕਈ ਉਦਾਸ।
ਜਿਨ੍ਹਾਂ ਗਯਾਨ ਦੀ ਪੂਰਨ ਆਸ।
ਉਨ੍ਹਾਂ ਲਈ ਉਪਰਾਲਾ ਕੀਤਾ।
ਸਰਲ ਭਾਸ਼ਾ ਵਿਚ ਲਿਖੀ ਰੀਤਾ।

* ਵੇਖੋ ਜੀਵਨ, (ਪੰਨਾ 32)

** ਪਦ ਅਰਥ ਵੀਚਾਰ ਸਾਗਰ, (ਪੰਨਾ 65)

www.sikhbookclub.com

ਪੁਸਤਕ ਪੰਜਾਬੀ ਵਿਚ ਲਿਖਿਆ।
ਆਤਮ ਵੇਤਾ ਦੀ ਇਹ ਸਿਖਿਆ।
ਦਿਲ ਵਿਚ ਜਾਨ ਸੁਖੇਲਾ ਢੰਗ।
ਮਾਦੀ ਭਾਸ਼ੀ ਚਾੜ੍ਹਿਆ ਰੰਗ।*

ਗਯਾਨ ਭੂਮਿਕਾ ਵਿਚ ਲੇਖਕ ਦੇ ਵਿਚਾਰ ਅਤੇ ਕਾਵਿ ਰੂਪ ਨੂੰ ਸਮਝਣ ਲਈ ਕੁਝ ਕਾਵਿ-ਵੰਨਗੀਆਂ ਹੇਠਾਂ ਦੇ ਰਹੇ ਹਾਂ। ਆਤਮ ਉੱਨਤੀ ਲਈ ਮਨੁੱਖ ਨੂੰ ਚੇਤਨ ਕੀਤਾ ਗਿਆ ਹੈ :-

ਸੱਤ ਅਵਸਥਾ ਜਗਤ ਵਿਚ ਜੀਵ ਦੀਆਂ ਪਰਧਾਨ।
ਇਕ ਇਕ ਕਰ ਸਭ ਆਖਦੇ ਸੁਣ ਤੂੰ ਕਰ ਕੇ ਧਯਾਨ।

ਗਯਾਨ ਭੂਮਿਕਾ ਦੇ ਵਿਸ਼ੇ ਨੂੰ ਜਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਉਸ ਦੀ ਕਲਾ ਦੇ ਗਿਆਨ ਲਈ ਇਕ ਭਾਗ ਹੇਠਾਂ ਦੇ ਰਹੇ ਹਾਂ :-

ਪਹਿਲਾਂ ਇਕ ਦ੍ਰਿਸ਼ਟਾਂਤ ਸੁਣਾਵਾਂ।
ਦ੍ਰਿਸ਼ਟਾਂਤ ਵਿਚ ਫਿਰ ਘਟਾਵਾਂ॥
ਰਾਜੇ ਸੀ ਇਕ ਮਹਿਲ ਬਣਾਯਾ।
ਕਿਲ੍ਹੇ ਵਾਂਗ ਓਹ ਖ਼ੂਬ ਸਜਾਯਾ।
ਸੱਤ ਮੰਜ਼ਲਾਂ ਉਸ ਦੀਆਂ ਜਾਨ।
ਚੜ੍ਹਨਾ ਜਿਸ 'ਤੇ ਦੁਰਘਟ ਮਾਨ॥
ਰਾਜੇ ਦਾ ਆਪਣਾ ਖ਼ਜ਼ਾਨਾ।
ਮੋਤੀ ਲਾਲ ਜਵਾਹਰ ਨਾਨਾ॥
ਸੱਤਵੀਂ ਮੰਜ਼ਲ 'ਤੇ ਸੀ ਸਾਰਾ।
ਰਾਖੀ ਕਰਦਾ ਹਰ ਪ੍ਰਕਾਰਾ॥
ਇਤਨੀ ਹੁੰਦੀ ਵੇਖ ਤਕੜਾਈ।
ਉਠਿਆ ਬੀਰ ਫੇਰ ਇਕ ਭਾਈ॥

(ਪੰਨਾ ੧੮)

ਇਸ ਦ੍ਰਿਸ਼ਟਾਂਤ ਤੋਂ ਬਾਅਦ ਆਤਮ ਉੱਨਤੀ ਲਈ ਚੜ੍ਹਨ ਵਾਲੀਆਂ ਸੱਤ ਮੰਜ਼ਲਾਂ ਦੇ ਨਾਮ ਦੱਸੇ ਹਨ :-

---

* ਗਯਾਨ ਭੂਮਿਕਾ, (ਪੰਨਾ 5)

www.sikhbookclub.com

'ਸ਼ੁੱਭ ਇੱਛਾ, ਪਹਿਲੀ ਇਹ ਜਾਨੋ।
ਦੂਜੀ ਹੈ 'ਵਿਚਾਰਨਾ' ਠਾਨੋ॥
'ਤਨੁ ਮਾਨੁਸਾ' ਤੀਜੀ ਗਾਈ।
'ਸਤਾਪਤੀ' ਚੌਥੀ ਸੁਖਦਾਈ॥
'ਅੰਸ਼ ਸ਼ਕਤੀ' ਪੰਜਵੀਂ ਦਾ ਨਾਮ।
'ਪਦਾਰਥਾ ਭਾਵਨੀ' ਛਿਆਂ ਧਾਮ॥
ਸੱਤਵੀਂ 'ਤੁਰਯਾ' ਕਹਨ ਗਯਾਨੀ।
ਜਿੱਕੇ ਪਹੁੰਚੇ ਨਾ ਕੋਈ ਮਾਨੀ॥ (ਪੰਨਾ ੨੧)

ਕਵੀ ਥਾਂ-ਥਾਂ 'ਤੇ ਵਿਚਾਰਾਂ ਨੂੰ ਦ੍ਰਿਸ਼ਟਾਂਤ ਦੁਆਰਾ ਸਪੱਸ਼ਟ ਕਰਦਾ ਹੈ, ਜਿਵੇਂ :-

ਤੇਰੇ ਪਾਸ ਸੁੱਕਾ ਇਹ ਪੇੜ।
ਵੇਖ ਗਹੁ ਨਾਲ ਜਾ ਕੇ ਨੇੜ॥
ਜੇਹੜਾ ਡਾਹਣ ਜੀਵ ਛੱਡ ਗਿਆ।
ਨਾਲ ਪਤ੍ਰ ਨਹੀਂ ਉਸ ਦੇ ਰਹਿਆ॥
ਕਰਮ ਵਾਸ਼ਨਾ ਹੋਇ ਅਧੀਨ।
ਜਿਸ ਨੂੰ ਛੱਡ ਦੇਵੇ ਇਹ ਚੀਨ॥
ਓਹੀ ਡਾਲ ਜਲਦ ਸੁੱਕ ਜਾਵੇ।
ਜੀਵ ਦੂਜੇ ਵਿਚ ਜਾ ਸਮਾਵੇ॥
ਜਦ ਦੂਜੇ ਨੂੰ ਵੀ ਛੱਡ ਜਾਂਦਾ।
ਸੁੱਕਾ ਬਾਲਣ ਓਹ ਅਖਵਾਂਦਾ॥
ਓੜਕ ਸਾਰੇ ਤੋਂ ਹੋਇ ਵੱਖ।
ਹੁੰਦਾ ਟੁੰਡ ਨਾ ਰਹਿੰਦੀ ਦੱਖ॥
ਇਸ ਗੱਲ ਦਾ ਤੂੰ ਕਰ ਵੀਚਾਰ।
ਵੱਖਰਾ ਬ੍ਰਿਛ ਤੋਂ ਆਤਮ ਸਾਰ॥
ਕਰਮ ਵਾਸ਼ਨਾ ਪਿੱਛੇ ਲੱਗਦਾ।
ਇਵੇਂ ਜੀਵ ਦੇਹਾਂ ਵਿਚ ਭੱਜਦਾ॥
ਬ੍ਰਿਛ ਵਾਂਗ ਦੇਹ ਜਾਣ ਅਨੰਤ।
ਜੀਵ ਬਿਨਾਂ ਸਭ ਹੋਵਨ ਅੰਤ॥

www.sikhbookclub.com

ਰੂਪ ਦੇਹ ਨਾਸ਼ ਹੋ ਜਾਵੇ।
ਅਵਿਨਾਸ਼ੀ ਪਰ ਇਹ ਕਹਾਵੇ॥
ਮੰਨ ਲੈ ਵੇਦਾਂ ਦਾ ਤੂੰ ਕਹਿਆ।
ਰੂਪ ਜੀਵ ਦਾ ਬ੍ਰਹਮ ਹੀ ਜੇਹਾ॥

ਚੌਪਈ ਛੰਦ ਵਿਚ ਲੰਬੀ ਕਵਿਤਾ ਤੋਂ ਬਿਨਾਂ ਕਵੀ ਨੇ ਕੁਝ ਹੋਰ ਕਵਿਤਾਵਾਂ ਅਤੇ ਭਜਨ ਵੀ ਲਿਖੇ ਹਨ। ਇਸ ਪ੍ਰਕਾਰ ਦੀਆਂ ਕਵਿਤਾਵਾਂ ਵਿਚੋਂ ਇਕ ਭਜਨ ਹੇਠਾਂ ਦੇਂਦੇ ਹਾਂ :-

ਢੂੰਡ ਲੀਤਾ ਵਰ ਆਪਣਾ ਮਾਏ,
ਦਿਲ ਸੁਖਲੜਾ ਹੋ ਗਿਆ।
ਚਿੰਤਾ ਲਹਿ ਗਈ ਤੇਰੇ ਮਗਰੋਂ
ਰੱਬ ਤੁਵਕੱਲੜਾ ਹੋ ਗਿਆ।
ਨਿੱਤ ਤੂੰ ਕਰਦੀ ਗੱਲ ਸੈਂ ਮੇਰੀ।
ਸ਼ਾਦੀ ਕਰਨੀ ਏਂ ਬੱਚੀਏ ਤੇਰੀ।
ਇਹ ਤਾਂ ਸਤਿਗੁਰੂ ਮੇਲ ਮਿਲਾਇਆ
ਕੰਮ ਸੁਵੱਲੜਾ ਹੋ ਗਿਆ।
ਵਰ ਮੇਰੇ ਦਾ ਰੂਪ ਨਾ ਕੋਈ।
ਜਿਤ ਵੱਲ ਵੇਖਾਂ ਦਿੱਸਦਾ ਓਹੀ।
ਵੱਖ ਕਦੇ ਨਾ ਰਹਿੰਦਾ ਸੋਈ।
ਮੇਲ ਦੁਵੱਲੜਾ ਹੋ ਗਿਆ।

ਕਵੀ ਦੇ ਭਜਨ ਵਿਚ ਪੰਜਾਬੀ ਲੋਕ-ਗੀਤਾਂ ਵਰਗੀ ਮਧੁਰਤਾ ਹੈ ਅਤੇ ਸੁਖਲੜਾ, ਤੁਵੱਕਲੜਾ, ਸੁਵੱਲੜਾ, ਦੁਵੱਲੜਾ ਸ਼ਬਦਾਂ ਨਾਲ ਪੰਜਾਬੀ ਬੋਲੀ ਦੀ ਮਿਠਾਸ ਸਮੋ ਦਿੱਤੀ ਹੈ।

ਕਵੀ ਦੀ ਕਾਵਿ-ਪ੍ਰਤਿਭਾ ਦੀ ਇਕ ਹੋਰ ਵੰਨਗੀ ਸ਼ਬਦ ਅਲੰਕਾਰ ਵਿਚ ਵੇਖੋ :-

ਜਗ ਤੋਂ ਜਦ ਦਿਲ ਤੋੜ ਕੇ ਕੀਤਾ ਏ ਆਪਣ ਵੱਲ ਮੈਂ
ਆਪਣੇ ਪਯਾਰੇ ਦਾ ਪਯਾਰਾ ਰੂਪ ਪਯਾਰਾ ਵੇਖਯਾ॥

ਚੌਪਈ ਛੰਦ ਵਿਚ ਮਾਤ੍ਰਾ ਅਤੇ ਤੋਲ ਦੇ ਨਿਯਮਾਂ ਨੂੰ ਕਵੀ ਨੇ ਸਫਲਤਾ ਨਾਲ ਨਿਭਾਇਆ ਹੈ। ਸਾਰੀ ਕਵਿਤਾ ਵਿਚ ਤੁਕਾਂਤ ਦਾ ਮੇਲ ਚੌਪਈ ਛੰਦ ਦੇ ਰੂਪ ਅਨੁਸਾਰ ਹੈ। ਇਸ ਕਾਵਿ-ਰਚਨਾ ਦਾ ਮਨੋਰਥ ਸਰਲ ਭਾਸ਼ਾ ਵਿਚ ਵੇਦਾਂਤ ਦੇ ਵਿਚਾਰਾਂ ਦੀ ਵਿਆਖਿਆ ਕਰਨਾ ਹੈ, ਇਸ ਲਈ ਇਸ ਵਿਚ ਜਜ਼ਬੇ ਦੀ ਘਾਟ ਹੈ ਅਤੇ ਕਵਿਤਾ ਵਾਲੀ ਨਜ਼ਾਕਤ ਤੋਂ

www.sikhbookclub.com

ਸਕਦੀ ਹੈ, ਕੇਵਲ ਉਪਦੇਸ਼ ਨੂੰ ਲੇਖਕ ਨੇ ਕਾਵਿ ਰੂਪ ਵਿਚ ਪ੍ਰਗਟ ਕੀਤਾ ਹੈ।

ਕਵੀ ਦੀ ਕਾਵਿ-ਕਲਾ ਵੇਖਣ ਲਈ ਕੁਝ ਹੋਰ ਸਤਰਾਂ ਵੀ ਵਰਣਨ ਯੋਗ ਹਨ। ਮਨੁੱਖ ਨੂੰ ਉਸ ਦੇ ਅਸਤਿਤਵ ਦਾ ਅਹਿਸਾਸ ਕਰਾਉਣ ਲਈ ਸਮੁੰਦ੍ਰ ਤੇ ਦਰੱਖ਼ਤ ਦੇ ਦ੍ਰਿਸ਼ਟਾਂਤ ਹਨ:-

ਲਹਿਰ ਸਮੁੰਦਰ ਦੀ ਚੜ੍ਹ ਆਵੇ।
ਵੇਖਦਿਆਂ ਹੀ ਜਲ ਸਮਾਵੇ।
ਨਾਸ਼ਵਾਨ ਇਉਂ ਮੰਨਦੇ ਲੋਕ।
ਕੋਈ ਨਾ ਸਕਦਾ ਉਸ ਨੂੰ ਰੋਕ।
ਇਸੇ ਤਰ੍ਹਾਂ ਜੀਵ ਜਗ ਜਾਣ।
ਪਹਿਲਾਂ ਸਤਯ ਤੋਂ ਹੋਇ ਉਥਾਨ।
ਉਸੇ ਨਾਲ ਫਿਰ ਘੁੱਲ ਮਿਲ ਜਾਵੇ।
ਲਹਿਰ ਵਾਂਗ ਉਹ ਨਾਸ਼ ਸਦਾਵੇ।

ਸੰਤ ਬਿਸ਼ਨ ਸਿੰਘ ਕ੍ਰੀਟ ਅਜੋਕੇ ਨਿਰਮਲੇ ਸਾਹਿਤਕਾਰਾਂ ਵਿਚੋਂ ਇਕ ਪ੍ਰਸਿੱਧ ਪੰਜਾਬੀ ਕਵੀ ਹੈ। ਉਹ ਮਹੰਤ ਰਤਨ ਸਿੰਘ ਦਾ ਚੇਲਾ ਹੈ। 16 ਸਾਲ ਦੀ ਉਮਰ ਵਿਚ ਹੀ ਉਸ ਨੂੰ ਧਾਰਮਿਕ ਗਿਆਨ ਪ੍ਰਾਪਤ ਕਰਨ ਦੀ ਲਗਨ ਲੱਗ ਗਈ ਸੀ। ਸੰਪ੍ਰਦਾਇ ਦੇ ਪੱਤਰ (ਨਿਰਮਲ ਪੱਤ੍ਰ ਦੇ ਸੰਪਾਦਿਕ ਵੀ ਰਹੇ ਹਨ) ਹੁਣ ਖੋਜ ਦੀ ਲਗਨ ਹੈ ਅਤੇ ਕਵਿਤਾ ਲਿਖਣ ਦਾ ਸ਼ੌਕ ਹੈ। ਜੀਵਨ ਫੁਹਾਰ, ਨੂਰੀ ਝਲਕਾਂ ਅਤੇ ਨੂਰੀ ਜੀਵਨ ਇਨ੍ਹਾਂ ਦੇ ਪ੍ਰਸਿੱਧ ਕਾਵਿ-ਸੰਗ੍ਰਹਿ ਹਨ। ਇਨ੍ਹਾਂ ਪੁਸਤਕਾਂ ਤੋਂ ਛੁਟ 'ਕ੍ਰੀਟਾ' ਦੀਆਂ ਕਵਿਤਾਵਾਂ ਸੰਪ੍ਰਦਾਇ ਦੀਆਂ ਪੱਤ੍ਰਕਾਵਾਂ ਵਿਚ ਵੀ ਛੱਪਦੀਆਂ ਰਹਿੰਦੀਆਂ ਹਨ। ਬਿਸ਼ਨ ਸਿੰਘ ਕ੍ਰੀਟ ਨੇ ਵੀ ਆਪਣੀ ਕਵਿਤਾ ਨੂੰ ਸੰਪ੍ਰਦਾਇ ਦੀ ਸੀਮਤ ਵਿਚਾਰਧਾਰਾ ਵਿਚੋਂ ਕੱਢ ਕੇ ਜ਼ਿੰਦਗੀ ਦੇ ਵਿਸ਼ਾਲ ਪਿੜ ਵਿਚ ਲਿਆਂਦਾ ਹੈ। ਇਨ੍ਹਾਂ ਦੀ ਕਵਿਤਾ ਵਿਚ ਕੌਮੀ ਜਜ਼ਬੇ, ਪੰਥ-ਪਿਆਰ, ਦੇਸ਼-ਸੇਵਾ ਦੇ ਵਲਵਲੇ ਅਤੇ ਸਮਾਜ-ਸੁਧਾਰ ਦੇ ਉਪਦੇਸ਼ ਹਨ। ਸੰਸਾਰ ਦੀ ਨਾਸ਼ਵਾਨਤਾ ਤੋਂ ਮਨੁੱਖ ਨੂੰ ਸੁਚੇਤ ਕਰਾਉਣ ਲਈ ਕਵੀ ਨੇ ਸਿੱਧੇ ਉਪਦੇਸ਼ ਦੀ ਥਾਂ ਫੁੱਲ ਦੇ ਜੀਵਨ ਵਿਚੋਂ ਕਲਾ-ਮਈ ਢੰਗ ਨਾਲ ਸੰਖਿਆ ਦਿੱਤੀ ਹੈ:-

ਅਜਬ ਰੁੱਤ ਸਰਸਬਜ਼ ਗੁਲਜ਼ਾਰ ਅੰਦਰ,
ਟੀਸੀ ਟਹਿਣੀ 'ਤੇ ਬੈਠ ਉਲਾਰ ਨਾ ਤੂੰ।
ਸਾਵੀ ਸੂਹੀ ਪੁਸ਼ਾਕ ਹੁਸ਼ਨਾਕ ਪਾ ਕੇ,
ਪਿਆ ਆਪਣਾ ਆਪ ਸਵਾਰ ਨਾ ਤੂੰ।

www.sikhbookclub.com

ਤੇਰਾ ਨਾਮ ਲੈ ਕਰਨ ਸਲਾਮ ਭੌਰੇ,
ਬ੍ਰਿਹੋਂ ਕੁਠਿਆਂ ਤਾਈਂ ਵੰਗਾਰ ਨਾ ਤੂੰ।
ਥੋੜ੍ਹਾ ਚਮਨ ਹੈ ਤਾਜ ਬਣ ਮੌਸਮਾਂ ਦਾ,
ਰੂਪ ਮਹਿਕ 'ਤੇ ਐਵੇਂ ਹੰਕਾਰ ਨਾ ਤੂੰ।
ਰੁਲ ਖ਼ਾਕ ਹੋਣਾ ਫੁੱਲਾ ! ਭੁੱਲ ਨਾਹੀਂ,
ਜ਼ਰਾ ਝੋਕਾ ਦੇ ਹਵਾ ਨੇ ਝਾੜ ਦੇਣਾ।
ਅੱਜ ਟਾਹਣੀ 'ਤੇ ਮਸਤਿਆ ਲਏਂ ਹੂਟੇ,
ਪੈਰਾਂ ਵਿਚ ਕੱਲ ਕਿਸੇ ਲਤਾੜ ਦੇਣਾ।

ਧਾਰਮਿਕ ਵਿਸ਼ਿਆਂ ਤੋਂ ਬਿਨਾਂ ਇਸ ਸੰਤ ਕਵੀ ਨੇ ਆਪਣੇ ਵਲਵਲਿਆਂ ਨੂੰ ਪ੍ਰਗਟਾਉਣ ਲਈ ਹੋਰ ਵਿਸ਼ਿਆਂ ਨੂੰ ਵੀ ਆਪਣੀ ਕਵਿਤਾ ਵਿਚ ਸਮੋਇਆ ਹੈ। 'ਜਵਾਨੀ' ਨਾਂ ਦੀ ਕਵਿਤਾ ਵਿਚ ਕੇਵਲ ਜਵਾਨੀ ਦਾ ਹੀ ਰੂਪ ਚਿਤ੍ਰਿਆ ਹੈ :-

ਅੱਖ ਹੇਠ ਲਿਆਉਂਦੀ ਨਾ ਕਿਸੇ ਨੂੰ ਉਹ ਕੱਖ ਜਾਣ,
ਤਕ ਤਕ ਰੱਜਦੀ ਨਾ ਆਪਾ ਅਲਬੇਲੀ ਉਹ।
ਨਾਗ ਵੱਲ ਜੂੜਾ ਖੋਲ੍ਹ ਚੰਦਨ ਮਹਿਕਾਏ ਕੇਸ,
ਨਾਗ ਏ ਲਡਾਏ ਸਿਰ ਸੁੰਦਰ ਸਪੇਲੀ ਉਹ।
ਭਵਾਂ ਦੀ ਕਮਾਨ ਵਿਚੋਂ ਨਖ਼ਰੇ ਦੇ ਤੀਰ ਮਾਰ,
ਫੜ ਲਵੇ ਸੁਹਲ ਦਿਲ ਬੜੀ ਨਖ਼ਰੇਲੀ ਉਹ।
ਕੌਲ ਦਿਲ ਖਿੜੇ ਨੈਣ ਖੀਵੇ ਕਰਨ ਭੌਰਿਆਂ ਨੂੰ,
ਤਾਬ ਰੁਖਸਾਰਾਂ ਉੱਤੇ ਨੂਤਨ ਨਵੇਲੀ ਉਹ।

ਬੱਚਿਆਂ ਪ੍ਰਤੀ ਬੜਾ ਪ੍ਰੇਮ ਹੈ। ਆਪਣੀ ਕਵਿਤਾ 'ਛੋਟੇ ਬੱਚੇ' ਵਿਚ ਕੌਮ ਦੇ ਭਵਿੱਖ ਬੱਚਿਆਂ ਦੇ ਜੀਵਨ ਨੂੰ ਚਿਤ੍ਰ ਕੇ ਕਵੀ ਨੇ ਅੰਤ ਉੱਤੇ ਉਨ੍ਹਾਂ ਨੂੰ ਦੇਸ਼ ਦੇ ਰਖਵਾਲੇ ਥਾਪਿਆ ਹੈ :-

ਦੇਸ਼ ਦਾ ਰਖਵਾਲਾ ਵੱਡਾ।
ਇੱਜ਼ਤ ਬਚਾਵਣਹਾਰਾ ਵੱਡਾ।
ਸ਼ਹੀਦ ਹੋ ਕੇ ਦੇਸ਼ ਬਚਾਵੇ।
ਕ੍ਰੀਟ ਦੇਸ਼ ਦੀ ਸ਼ਾਨ ਬਨਾਵੇ।

www.sikhbookclub.com

ਬਚਪਨ ਹੈ ਇਹ ਪਿਆਰਾ ਪਿਆਰਾ।
ਕੌਮਾਂ ਦਾ ਇਹ ਚਾਨਣ ਮੁਨਾਰਾ।*

ਇਕ ਹੋਰ ਕਵਿਤਾ 'ਹੁਸਨ ਦੇ ਦੀਵੇ' ਵਿਚ ਵੀ ਕੁਦਰਤ ਦੀ ਸੁੰਦਰਤਾ ਦੀ ਪ੍ਰਸ਼ੰਸਾ ਕੀਤੀ ਹੈ :-

ਨੀਲੀ ਫੈਲਾਈ ਹੈ ਜਿਸ ਨੇ ਇਹ ਤਾਰੇ।
ਇਸ ਦੇ ਥੋੜੇ ਨਹੀਂ ਦਿੱਸਦੇ ਇਹ ਸਾਰੇ।
ਲੱਭਦੇ ਨੇ ਖੋਜੀ ਹੁਸਨ ਦਾ ਮੂਲ ਉਹ।
ਸੂਖਮ ਤਰ ਸੂਖਮ ਨਹੀਂ ਅਸਥੂਲ ਉਹ।
ਕ੍ਰਿਟ ਗੈਬੀ ਅੱਖਾਂ 'ਚੋਂ ਦਿੱਸਦਾ ਹੈ ਨਜ਼ਾਰਾ।
ਨੂਰੋ ਨੂਰ ਹੋਯਾ ਸਾਰੇ ਹੁਸਨ ਦਾ ਪਸਾਰਾ।**

ਅੱਜ ਦੇ ਮਨੁੱਖ ਦੀ ਪਦਾਰਥਵਾਦੀ ਰੁਚੀ ਉਸ ਨੂੰ ਹਰ ਜਾਇਜ਼ ਨਾਜਾਇਜ਼ ਢੰਗ ਨਾਲ ਸਰਮਾਇਆ ਇਕੱਠਾ ਕਰਨ ਵੱਲ ਲਿਜਾ ਰਹੀ ਹੈ। ਮਨੁੱਖ ਅੰਨ੍ਹੇਵਾਹ, ਮਾਨਵੀ ਹਿੱਤਾਂ ਨੂੰ ਤਿਆਗ ਕੇ, ਪੈਸਾ ਇਕੱਠਾ ਕਰਨ ਵਿਚ ਜੁਟਿਆ ਹੋਇਆ ਹੈ। ਨਿਰਮਲੇ ਕਵੀ ਬਿਸ਼ਨ ਸਿੰਘ ਨੇ ਮਨੁੱਖ ਦੀ ਇਸ ਅਵਸਥਾ ਨੂੰ ਵਿਅੰਗ-ਮਈ ਢੰਗ ਨਾਲ ਆਪਣੀ ਕਵਿਤਾ 'ਲੁੱਟ ਲੈ, ਲੁੱਟ ਲੈ' ਵਿਚ ਪ੍ਰਗਟਾਇਆ ਹੈ। ਕੁਝ ਸਤਰਾਂ ਹੇਠਾਂ ਦੇਂਦੇ ਹਾਂ :-

ਮਾਈ ਬਣ ਕੇ ਲੁੱਟ ਲੈ।
ਭਾਈ ਬਣ ਕੇ ਲੁੱਟ ਲੈ।
ਜਾਈ ਬਣ ਕੇ ਲੁੱਟ ਲੈ।
ਪਿਆਰ ਪਾ ਕੇ ਲੁੱਟ ਲੈ।
ਹਥਿਆਰ ਲਾ ਕੇ ਲੁੱਟ ਲੈ।
ਲੀਡਰ ਬਣ ਕੇ ਲੁੱਟ ਲੈ।
ਪਲੀਡਰ ਬਣ ਕੇ ਲੁੱਟ ਲੈ।
ਫ਼ਕੀਰ ਬਣ ਕੇ ਲੁੱਟ ਲੈ।
ਅਮੀਰ ਬਣ ਕੇ ਲੁੱਟ ਲੈ।***

* ਨਿਰਮਲ ਉਪਦੇਸ਼, 24 ਅਗਸਤ, 1974।
** ਨਿਰਮਲ ਉਦੇਸ਼, 7 ਅਗਸਤ, 1974।
*** ਨਿਰਮਲ ਉਦੇਸ਼, 28 ਅਗਸਤ, 1974।

www.sikhbookclub.com

ਬਿਸ਼ਨ ਸਿੰਘ ਕ੍ਰੀਟ ਨੇ ਪੰਜਾਬੀ ਸਾਹਿਤ ਨੂੰ ਵਿਸ਼ਾ-ਵਸਤੂ ਦੇ ਪੱਖ ਤੋਂ ਵਡਮੁੱਲੀ ਦੇਣ ਦਿੱਤੀ ਹੈ। ਉਸੇ ਦੀਆਂ ਕਵਿਤਾਵਾਂ ਦੇ ਵੰਨ ਸੁਵੰਨੇ ਵਿਸ਼ੇ ਅਤੇ ਉਨ੍ਹਾਂ ਵਿਚ ਅੰਕਤ ਵਲਵਲੇ ਵੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਕੇਵਲ ਨਿਰਮਲ ਸੰਪ੍ਰਦਾਇ ਦਾ ਵੇਦਾਂਤੀ ਪ੍ਰਚਾਰਕ ਹੀ ਨਹੀਂ ਬਲਕਿ ਅਸਲੀ ਅਰਥਾਂ ਵਿਚ ਇਕ ਕਵੀ ਹੈ। ਉਸ ਦੇ ਹਿਰਦੇ ਵਿਚ ਦੇਸ਼-ਪ੍ਰੇਮ ਹੈ ਅਤੇ ਭਵਿੱਖ ਦੀ ਵਾਗਡੋਰ ਸੰਭਾਲਣ ਵਾਲੇ ਬੱਚਿਆਂ ਦਾ ਜ਼ਿਕਰ ਆਪਣੀ ਕਵਿਤਾ ਵਿਚ ਕਰਦਾ ਹੈ। ਉਸ ਦੀਆਂ ਕਵੀ-ਨਜ਼ਰਾਂ ਕੁਦਰਤ ਦੀ ਸੁੰਦਰਤਾ ਨੂੰ ਵੇਖ ਕੇ ਨਸ਼ਿਆ ਜਾਂਦੀਆਂ ਹਨ। ਉਹ ਆਪਣੇ ਇਸ ਅਨੁਭਵ ਨੂੰ 'ਬਰਸਾਤ' ਅਤੇ 'ਹੁਸਨ ਦੇ ਦੀਵੇ' ਨਾਂ ਦੀਆਂ ਕਵਿਤਾਵਾਂ ਵਿਚ ਪ੍ਰਗਟ ਕਰਦਾ ਹੈ। ਕਵੀ ਦੇਸ਼ ਵਿਚ ਹੁੰਦੀ ਲੁੱਟ ਨੂੰ ਵੇਖਦਾ ਹੈ। ਉਸ ਨੂੰ ਦੁੱਖ ਹੁੰਦਾ ਹੈ, ਜਿਸ ਨੂੰ ਉਹ ਆਪਣੀ ਕਵਿਤਾ 'ਲੁੱਟ ਲੌ, ਲੁੱਟ ਲੌ', ਵਿਚ ਜ਼ਾਹਰ ਕਰਦਾ ਹੈ।

ਇਸ ਤਰ੍ਹਾਂ ਬਿਸ਼ਨ ਸਿੰਘ ਕ੍ਰੀਟ ਆਧੁਨਿਕ ਪੰਜਾਬੀ ਕਵੀਆਂ ਵਿਚ ਸ਼ਾਮਲ ਹੋ ਕੇ ਨਿਰਮਲੇ ਸੰਤਾਂ ਦੀ ਵੇਦਾਂਤਕ ਪਰੰਪਰਾ ਨਾਲੋਂ ਵੱਖਰਾ ਆਧੁਨਿਕ ਯੁੱਗ ਦਾ ਪੰਜਾਬੀ ਕਵੀ ਆਖਿਆ ਜਾ ਸਕਦਾ ਹੈ।

ਨਿਰਮਲੇ ਕਵੀ ਮੁੱਢ ਵਿਚ ਬ੍ਰਿਜੀ ਨੂੰ ਹੀ ਵਿਦਵਾਨਾਂ ਤੇ ਸਾਹਿਤਕਾਰਾਂ ਦੀ ਭਾਸ਼ਾ ਸਮਝਦੇ ਸਨ ਅਤੇ ਪੰਜਾਬੀ ਨੂੰ ਸਾਹਿਤ ਲਈ ਬਹੁਤ ਘੱਟ ਪ੍ਰਯੋਗ ਵਿਚ ਲਿਆਉਂਦੇ ਸਨ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਸ਼ੁੱਧ ਪੰਜਾਬੀ ਵਿਚ ਲਿਖਣ ਦੀ ਥਾਂ ਉਹ ਉਪ ਭਾਸ਼ਾਵਾਂ ਵਿਚ ਵੀ ਲਿਖ ਦੇਂਦੇ ਸਨ। ਇਹੋ ਜਿਹੀਆਂ ਬਹੁਤੀਆਂ ਕਿਰਤਾਂ ਤਾਂ ਪ੍ਰਾਪਤ ਨਹੀਂ ਹੋ ਸਕੀਆਂ ਪਰ ਪ੍ਰਸਿੱਧ ਨਿਰਮਲੇ ਸਾਹਿਤਕਾਰ ਨਿਹਾਲ ਸਿੰਘ ਨਿਰਮਲੇ ਦੀ ਰਚਨਾ * ਅਪ੍ਰੋਖ ਅਨੁਭਵ ਪ੍ਰਕਾਸ਼ ਵਿਵੇਕ' ਪ੍ਰਾਪਤ ਹੋਈ ਹੈ ਜਿਸ ਦੇ ਅੰਤ 'ਤੇ ਛੱਪੀ ਕਵਿਤਾ ਮੁਲਤਾਨੀ ਭਾਸ਼ਾ ਵਿਚ ਹੈ। ਛੰਦ ਕਬਿੱਤ ਦਾ ਹੈ। ਕੁਝ ਬੰਦ ਹੇਠਾਂ ਦੇਂਦੇ ਹਾਂ :-

ਮੈਂਡਾ ਪ੍ਰਾਣ ਪਿਆਰਾ ਤੂੰ ਇਥਾਈਂ ਹਭੁ ਥਾਈਂ।
ਹਿੱਕੋ ਤੈਂਡੇ ਪਾਸ ਬੇਨਤੀ ਮੈਂ ਥੀਵਾਂ ਸੰਤ ਦਾਸਰਾ।
ਸਾਥ ਵੰਞ ਵੰਞ ਵੈਂਦੇ ਡੇਖ ਡੇਖ ਤੁਮਣੀ।
ਮੈਂ ਥੀਸੀ ਤਨੁ ਢੇਰੀ ਜੰਡੂ ਵੈਸੀ ਵੰਞ ਸਾਸਰਾ।
ਥੀਂਦਾ ਬਲਿਹਾਰੀ ਮੈਂ ਨਿਹਾਲ ਸਿੰਘ ਤੈਂਡੇ ਪਾਹ।
ਅਰਜਨ ਕਰੇਂਦਾ ਤੂੰ ਸੁਣੇਂਦਾ ਨਿਜ ਬਾਸਰਾ।
ਤੈਥੀਂ ਲੋਕ ਮੰਗਦਾ ਨਾ ਸੰਗਦਾ ਤੂੰ ਮਾਤਾ ਪਿਤਾ।
ਗੁਰੂ ਰਾਮਦਾਸ ਸਾਈਂ ਮੈਨੂੰ ਤੈਂਡਾ ਆਸਰਾ।

** ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, ਰੈ: ਨੰ: 1590।*

www.sikhbookclub.com

ਵੱਡੇ ਵੇਲੇ ਉਠ ਤੂੰ ਜਪੇਂਦਾ ਨਹੀਂ ਰਬ ਨਾਮ।
ਵੇਲਾ ਟਲ ਜਾਸੀ ਅੰਤ ਕਾਲ ਪਛੁਤੀਸੇਂ ਤੂੰ।
ਥੀਸੀ ਵਿਰਲਾਪ ਤੈਂਡੇ ਸਬਰ ਦੇ ਆਸ ਪਾਸ।
ਜਮੂਆਂ ਫੜੇਸੀ ਪਰੇਤ ਕਰ ਕੇ ਸਫੀ ਸੇਂ ਤੂੰ।

ਨਿਹਾਲ ਸਿੰਘ ਦੀ ਇਹ ਕਵਿਤਾ ਇਸ ਗੱਲ ਦੀ ਸੂਚਕ ਹੈ ਕਿ ਨਿਰਮਲੇ ਕਵੀਆਂ ਨੂੰ ਕੇਵਲ ਬ੍ਰਿਜੀ, ਹਿੰਦੀ ਜਾਂ ਸੰਸਕ੍ਰਿਤ ਨਾਲ ਹੀ ਪਿਆਰ ਨਹੀਂ ਸੀ, ਬਲਕਿ ਪੰਜਾਬੀ ਅਤੇ ਇਸ ਦੀਆਂ ਉਪ-ਭਾਸ਼ਾਵਾਂ ਨੂੰ ਵੀ ਲੋਕਾਂ ਲਈ ਸਾਹਿਤ ਦਾ ਮਾਧਿਅਮ ਬਣਾ ਲੈਂਦੇ ਸਨ।

ਨਿਰਮਲੇ ਕਵੀਆਂ ਦੀ ਸਮੁੱਚੀ ਕਾਵਿ-ਰਚਨਾ ਨੂੰ ਪੜ੍ਹ ਕੇ ਅਸੀਂ ਇਹ ਆਖ ਸਕਦੇ ਹਾਂ ਕਿ ਇਨ੍ਹਾਂ ਕਵੀਆਂ ਨੇ ਵੇਦਾਂਤ ਵਿਚਾਰਧਾਰਾ ਨੂੰ ਸਰਲ ਰੂਪ ਦੇ ਕੇ ਪੰਜਾਬੀ ਸਾਹਿਤ ਵਿਚ ਇਕ ਨਵਾਂ ਵਾਧਾ ਕੀਤਾ ਹੈ। ਗੁਰਮਤ ਦੇ ਵਿਸ਼ਿਆਂ ਤੋਂ ਇਲਾਵਾ ਨਿਰਮਲ ਕਵੀਆਂ ਨੇ ਕੁਦਰਤ, ਸਮਾਜ, ਦੇਸ਼-ਪਿਆਰ ਆਦਿ ਦੇ ਵਿਸ਼ਿਆਂ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਇਆ ਹੈ। ਕੁਦਰਤ ਦੀ ਸੁੰਦਰਤਾ ਦਾ ਅਨੁਭਵ ਦੇਸ਼ ਦੀ ਦੁਰਦਸ਼ਾ ਨੂੰ ਵੇਖ ਕੇ ਮਹਿਸੂਸ ਕੀਤਾ ਦਰਦ ਅਤੇ ਹੋਰ ਸਮਾਜਕ ਕੁਰੀਤੀਆਂ ਨੂੰ ਆਪਣੀ ਕਵਿਤਾ ਵਿਚ ਚਿਤਰਨਾ, ਸਾਨੂੰ ਇਸ ਗੱਲ ਤੋਂ ਜਾਣੂ ਕਰਾਉਂਦਾ ਹੈ ਕਿ ਨਿਰਮਲਾ ਕਵੀ ਕੇਵਲ ਪ੍ਰਚਾਰਕ ਹੀ ਨਹੀਂ, ਸਗੋਂ ਉਸ ਦਾ ਕਵੀ-ਦਿਲ ਜ਼ਿੰਦਗੀ ਦੇ ਸਾਰੇ ਪੱਖਾਂ ਨੂੰ ਸਮਝਦਾ ਹੈ ਅਤੇ ਇਨ੍ਹਾਂ ਪ੍ਰਤੀ ਆਪਣੇ ਵਿਚਾਰਾਂ ਨੂੰ ਪ੍ਰਗਟ ਕਰ ਕੇ ਇਕ ਸੱਚੇ ਕਵੀ ਦਾ ਫ਼ਰਜ਼ ਪੂਰਾ ਕਰਦਾ ਹੈ। ਕੁਝ ਨਿਰਮਲੇ ਕਵੀਆਂ ਦੀਆਂ ਕਵਿਤਾਵਾਂ ਕਾਵਿ-ਕਲਾ ਦੇ ਪੱਖ ਤੋਂ ਅਜੋਕੇ ਪੰਜਾਬੀ ਕਾਵਿ-ਸਾਹਿਤ ਦੇ ਪੱਧਰ 'ਤੇ ਵੀ ਪੂਰੀਆਂ ਉਤਰਦੀਆਂ ਆਖੀਆਂ ਜਾ ਸਕਦੀਆਂ ਹਨ।

☆☆☆

www.sikhbookclub.com

ਅਧਿਆਇ ਸਤਵਾਂ

ਪੰਜਾਬੀ ਹੱਥ-ਲਿਖਤਾਂ

ਨਿਰਮਲ ਸੰਪ੍ਰਦਾਇ ਦੇ ਸਾਹਿਤਕਾਰ ਨਿਰੰਤਰ ਸਾਹਿਤ ਦੀ ਸਿਰਜਨਾ ਕਰਦੇ ਰਹੇ ਹਨ। ਸੰਤ ਲੇਖਕਾਂ ਦਾ, ਸਾਹਿਤ ਲਿਖਣ ਦਾ ਮਨੋਰਥ ਨਿੱਜੀ ਮਸ਼ਹੂਰੀ ਪ੍ਰਾਪਤ ਕਰਨਾ ਨਹੀਂ ਬਲਕਿ ਮਾਨਵ ਜਾਤੀ ਦਾ ਕਲਿਆਨ ਕਰਨਾ ਹੁੰਦਾ ਹੈ। ਆਪਣੇ ਅਨੁਭਵਾਂ ਨੂੰ ਲਿਖ ਕੇ ਉਨ੍ਹਾਂ ਨੂੰ ਛਪਵਾਉਣ ਦੀ ਪ੍ਰਬਲ ਇੱਛਾ ਇਨ੍ਹਾਂ ਦੀ ਨਹੀਂ ਹੁੰਦੀ। ਸੰਸਾਰਕ ਧੰਦਿਆਂ ਤੋਂ ਵਿਰਕਤ ਹੋਣ ਕਾਰਨ ਸੰਤਾਂ ਪਾਸ ਆਪਣੀਆਂ ਲਿਖਤਾਂ ਨੂੰ ਛਪਵਾਉਣ ਦੇ ਵਸੀਲੇ ਹੀ ਨਹੀਂ ਹੁੰਦੇ ਅਤੇ ਇਨ੍ਹਾਂ ਦੀਆਂ ਰਚਨਾਵਾਂ ਅਣਛਪੀਆਂ ਹੀ ਪਈਆਂ ਰਹਿੰਦੀਆਂ ਹਨ। ਅਣਛਪੀਆਂ ਲਿਖਤਾਂ ਪਾਠਕਾਂ ਤੱਕ ਨਹੀਂ ਪੁੱਜ ਸਕਦੀਆਂ, ਇਸ ਲਈ ਉਨ੍ਹਾਂ ਦੇ ਲੇਖਕਾਂ ਦੇ ਵਿਚਾਰਾਂ ਅਤੇ ਬੋਲੀ ਬਾਰੇ ਕੁਝ ਵੀ ਅਨੁਮਾਨ ਨਹੀਂ ਲੱਗ ਸਕਦਾ। ਉਪਰੋਕਤ ਕਾਰਨਾਂ ਕਰ ਕੇ ਹੀ ਨਿਰਮਲੇ ਸਾਹਿਤਕਾਰਾਂ ਦੀਆਂ ਬਹੁਤ ਸਾਰੀਆਂ ਪੰਜਾਬੀ ਰਚਨਾਵਾਂ ਅਣਛਪੀਆਂ ਪਈਆਂ ਹਨ ਅਤੇ ਕਈ ਅਮੋਲਕ ਰਚਨਾਵਾਂ ਬਹੁਤ ਪੁਰਾਣੀਆਂ ਹੋਣ ਕਾਰਨ ਨਸ਼ਟ ਵੀ ਹੋ ਚੁੱਕੀਆਂ ਹਨ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਨ੍ਹਾਂ ਦਾ ਯੋਗ ਵਰਣਨ ਨਹੀਂ ਕੀਤਾ ਜਾ ਸਕਿਆ।

ਨਿਰਮਲੇ ਸਾਹਿਤਕਾਰਾਂ ਦੀਆਂ ਕੁਝ ਹੱਥ-ਲਿਖਤ ਰਚਨਾਵਾਂ ਇਨ੍ਹਾਂ ਦੇ ਡੇਰਿਆਂ ਵਿਚੋਂ ਪ੍ਰਾਪਤ ਹੋਈਆਂ ਹਨ ਪਰ ਕਿਉਂਕਿ ਸਾਰੀਆਂ ਰਚਨਾਵਾਂ ਦੇ ਲੇਖਕਾਂ ਨੇ, ਗੁਮਨਾਮ ਰਹਿਣ ਦੀ ਇੱਛਾ ਕਾਰਨ ਆਪਣੇ ਨਾਮ ਪਤਾ ਨਹੀਂ ਲਿਖੇ, ਇਸ ਲਈ ਅਸੀਂ ਉਨ੍ਹਾਂ ਦਾ ਪ੍ਰਮਾਣਾਂ ਸਹਿਤ ਵਰਣਨ ਕਰਨ ਤੋਂ ਅਸਮਰਥ ਹਾਂ ਕਿਉਂਕਿ ਨਾਮ ਤੋਂ ਬਿਨਾਂ ਉਨ੍ਹਾਂ ਦੇ ਲੇਖਕਾਂ ਨੂੰ ਨਿਰਮਲਾ ਸੰਤ ਆਖ ਦੇਣਾ ਲਗਭਗ ਅਸੰਭਵ ਹੈ। ਜਿਨ੍ਹਾਂ ਰਚਨਾਵਾਂ ਦੇ ਲੇਖਕਾਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਕੁਝ ਪ੍ਰਮਾਣ ਮਿਲ ਸਕੇ ਹਨ, ਉਨ੍ਹਾਂ ਨਿਰਮਲੇ ਲਿਖਾਰੀਆਂ ਦੀਆਂ ਪੰਜਾਬੀ ਬੋਲੀ ਵਿਚ ਲਿਖੀਆਂ ਇਹ ਹੱਥ-ਲਿਖਤਾਂ ਇਸ ਵਿਚਾਰ ਦੀਆਂ ਗੁਆਹੀ ਹਨ ਕਿ ਨਿਰਮਲੇ ਸੰਤਾਂ ਦੀ ਰੁਚੀ ਉਤਰੋਤਰ ਪੰਜਾਬੀ ਸਾਹਿਤ ਦੀ ਰਚਨਾ ਲਈ ਪ੍ਰਬਲ ਰਹੀ ਹੈ। ਪ੍ਰਾਪਤ ਸਾਹਿਤਕ ਕਿਰਤਾਂ ਦੀ ਚਰਚਾ ਹੇਠਾਂ ਕਰਦੇ ਹਾਂ :-

www.sikhbookclub.com

ਟੀਕਾ ਜ਼ਫ਼ਰਨਾਮਾ*

ਇਹ ਟੀਕਾ ਪੰਡਤ ਤਾਰਾ ਸਿੰਘ, ਦੁਭਰੇਨੀ ਸੰਪ੍ਰਦਾਇ ਵਾਲਿਆਂ ਦਾ ਕੀਤਾ ਹੋਇਆ ਹੈ। ਪੰਡਿਤ ਤਾਰਾ ਸਿੰਘ ਦੇ ਗੁਰੂ ਸਾਈਂ ਲੋਕ ਸੰਤ ਰਾਮ ਸਿੰਘ ਸਨ ਅਤੇ ਵਿਦਿਆ ਗੁਰੂ ਪੰਡਿਤ ਜੈ ਰਾਮ ਡੇਰਾ ਠਾਕਰਾਂ, ਅੰਮ੍ਰਿਤਸਰ ਵਾਲੇ ਸਨ। ਜ਼ਫ਼ਰਨਾਮੇ ਦਾ ਟੀਕਾ ਅੱਜ ਤੋਂ ਲਗਭਗ ਸੌ ਵਰ੍ਹੇ ਪਹਿਲਾਂ ਉਨ੍ਹੀਵੀਂ ਸਦੀ ਦੇ ਅੰਤਲੇ ਦਹਾਕਿਆਂ ਦੀ ਪੰਜਾਬੀ ਕਿਰਤ ਹੈ। ਆਦਿ ਗ੍ਰੰਥ ਵਿਚੋਂ ਬਾਣੀਆਂ ਦੇ ਟੀਕੇ ਕਈ ਵਿਦਵਾਨ ਨਿਰਮਲੇ ਸੰਤਾਂ ਨੇ ਪੰਜਾਬੀ ਵਿਚ ਕੀਤੇ ਹਨ ਪਰ ਇਸ ਸੰਪ੍ਰਦਾਇ ਵਿਚ ਜ਼ਫ਼ਰਨਾਮੇ ਦਾ ਟੀਕਾ ਪਹਿਲੀ ਵਾਰ ਪੰਡਿਤ ਤਾਰਾ ਸਿੰਘ ਨੇ ਹੀ ਕੀਤਾ ਹੈ। ਟੀਕੇ ਦੀ ਤਕਨੀਕ ਵੀ ਸੰਪ੍ਰਦਾਇ ਦੇ ਲੇਖਕਾਂ ਵੱਲੋਂ ਕੀਤੇ ਗਏ ਟੀਕਿਆਂ ਨਾਲੋਂ ਭਿੰਨ ਹੈ। ਕਰਤਾ ਨੇ ਕਿਸੇ ਸ਼ਬਦ ਦੇ ਅਰਥ ਜਾਂ ਭਾਵ-ਅਰਥ ਬਾਰੇ ਕੋਈ ਇਹੋ ਜਿਹੀ ਅਸਪੱਸ਼ਟ ਜਾਂ ਅਧੂਰੀ ਗੱਲ ਨਹੀਂ ਰਹਿਣ ਦਿੱਤੀ ਜਿਸ ਦੇ ਕਾਰਨ ਪਾਠਕ ਨੂੰ ਅਰਥ ਸਮਝਣ ਵਿਚ ਕੋਈ ਭਾਵ ਭੁਲੇਖਾ ਪੈ ਜਾਵੇ। ਹਰ ਸ਼ਬਦ ਦੇ ਹੇਠਾਂ ਕੋਸ਼ਟ ਵਿਚ ਉਸ ਦਾ ਸ਼ਬਦਾਰਥ ਪੰਜਾਬੀ ਵਿਚ ਲਿਖਿਆ ਹੈ ਅਤੇ ਫੇਰ ਉਸ ਤੁੱਕ ਦਾ ਭਾਵਾਰਥ ਪੰਜਾਬੀ ਵਿਚ ਕੀਤਾ ਹੈ। ਬੋਲੀ ਅਤੇ ਤਕਨੀਕ ਨੂੰ ਵੇਖਣ ਲਈ ਕੁਝ ਸ਼ਬਦ ਹੇਠ ਦੇ ਰਹੇ ਹਾਂ ;-

ਕਮਾਲ	ਕਰਾਮਾਤ	ਕਾਇਮ	ਕਰੀਮ
(ਪੂਰਨ)		(ਇਸਥਿਤ)	(ਕਿਰਪਾ ਕਰਨ ਵਾਲਾ)

ਸੋ ਅਕਾਲ ਪੁਰਖ ਪੂਰਨ ਬੜੀ ਕਰਾਮਾਤ ਵਾਲਾ ਹੈ ਔਰ ਸਦਾ ਇਸਥਿਤ ਹੈ ਅਰ ਕਿਰਪਾ ਦੇ ਕਰਨੇ ਵਾਲਾ ਹੈ।

ਰਜ਼ਾ	ਬਖ਼ਸ਼	ਰਾਜ਼ਿਕ	ਰਹਾਕੋ	ਰਹੀਮ
	(ਭਾਣੀ)		(ਖਲਾਸੀ)	

ਹੁਕਮ ਵ ਭਾਣੇ ਦੇ ਬਖ਼ਸ਼ਣੇ ਵਾਲਾ ਹੈ ਅਰ ਰਿਜ਼ਕ ਦੇਨੇ ਵਾਲਾ ਹੈ ਅਰ ਰਹਾਈ (ਖਲਾਸੀ) ਦੇ ਕਰਨੇ ਵਾਲਾ ਹੈ।

ਟੀਕੇ ਵਿਚ ਇਕ ਹੋਰ ਥਾਂ ਬਾਣੀ ਦੇ ਭਾਵਾਰਥ ਦੀ ਵਿਆਖਿਆਤਮਕ ਸ਼ੈਲੀ ਨੂੰ ਵੀ ਵਾਚਣਾ ਜ਼ਰੂਰੀ ਹੈ :-

"ਇਸ ਵਿਚ ਗੁਰੂ ਜੀ ਨੇ ਇਹ ਭਾਵ ਜਣਾਇਆ ਹੈ ਕਿ ਹੇ ਔਰੰਗਜ਼ੇਬ ਐਸੇ ਭੀ ਬੇਖ਼ਬਰ ਅੰਨ੍ਹੇ ਰਾਜੇ ਹੋਏ ਹਨ ਜਿਨ੍ਹਾਂ ਨੇ ਘਰਾਂ ਵਿਚ ਖ਼ੂਨ ਹੋਇ ਨੂੰ ਪਛਾਨਿਆ ਅਤੇ ਇਸਤ੍ਰੀ ਦੀਆਂ ਗੱਲਾਂ ਉੱਪਰ ਭਰੋਸਾ ਕਰ ਕੇ ਸੱਚੇ ਆਦਮੀਆਂ ਨੂੰ ਮਾਰ ਦਿੱਤਾ। ਇਸੇ ਤਰ੍ਹਾਂ ਤੂੰ ਭੀ ਬੇਖ਼ਬਰ

*ਇਹ ਹੱਥ-ਲਿਖਤ ਮਹੰਤ ਹਰੀ ਸਿੰਘ, ਐਡੀਟਰ ਨਿਰਮਲੇ ਉਦੇ, ਗਲੀ ਬਾਗ਼ ਵਾਲੀ, ਅੰਮ੍ਰਿਤਸਰ ਪਾਸ ਹੈ।

www.sikhbookclub.com

ਬਾਦਸ਼ਾਹ ਹੈਂ, ਤੈਨੂੰ ਕੋਈ ਨਫੇ ਨੁਕਸਾਨ ਦੀ ਖ਼ਬਰ ਨਹੀਂ।''

ਪੰਡਿਤ ਤਾਰਾ ਸਿੰਘ ਦੀ ਇਕ ਹੋਰ ਹੱਥ-ਲਿਖਤ 'ਪਰਯਾਇ ਗੁਰੂ' ਵੀ ਇਨ੍ਹਾਂ ਦੇ ਚੇਲੇ ਮਹੰਤ ਹਰੀ ਸਿੰਘ ਪਾਸ ਸੁਰੱਖਿਅਤ ਹੈ। ਇਸ ਵਿਚ ਆਦਿ ਗ੍ਰੰਥ ਦੀਆਂ ਕੁਝ ਬਾਣੀਆਂ ਦੇ ਟੀਕੇ ਪੰਜਾਬੀ ਵਿਚ ਕੀਤੇ ਹੋਏ ਹਨ। ਬਾਣੀ ਦੇ ਟੀਕੇ ਦੀ ਤਕਨੀਕ ਜ਼ਫ਼ਰਨਾਮਾ ਦੇ ਟੀਕੇ ਨਾਲੋਂ ਭਿੰਨ ਹੈ। ਸਮੁੱਚੇ ਸ਼ਬਦ ਦਾ ਭਾਵਾਰਥ ਹੀ ਲਿਖ ਦਿੱਤਾ ਗਿਆ ਹੈ। ਇਸ ਟੀਕੇ ਦੀ ਸ਼ੈਲੀ ਅਤੇ ਬੋਲੀ ਦੇਖਣ ਲਈ ਕੁਝ ਸਤਰਾਂ ਹੇਠਾਂ ਦੇ ਰਹੇ ਹਾਂ :-

''ਜੇ ਤੈਨੂੰ ਭਾਵੇ ਤਾਂ ਸੋਈ ਤੇਰੀ ਵਡਿਆਈ ਹੈ ਮੈਂ ਤਿਲ ਮਾਤ੍ਰ ਆਖਾਂ। ਏਤੇ ਕਾਮਾਇ ਕੂਕਰਾਂ ਵਿਚ ਮੈਂ ਬਿਗਾਨਾ ਓਪਰਾ ਕੁੱਤਾ ਹਾਂ ਮੈਨੂੰ ਦੁੱਖ ਦੇਂਦੇ ਹੈ। ਭੌਂਕਾ ਪਰਯਤਨਾਂ ਕਰਤਾ ਹਾਂ ਇਸ ਤਤ ਨੂੰ ਬਚਾਵਨ ਵਾਸਤੇ ਵਾ ਏਨ੍ਹਾਂ ਇੰਦ੍ਰੀਆਂ ਕੂਕਰਾਂ ਨੇ ਮੈਨੂੰ ਬੇਗਾਨਾ ਕਰ ਦਿੱਤਾ ਹੈ। ਇਸੀ ਤੇ ਮੈਂ ਪਰਯਤਨ ਕਰਤਾ ਹਾਂ ਇਸ ਤਨ ਦੀ ਪਾਲਨਾ ਵਾਸਤੇ ਵਾ ਤੇਰੀ ਤਿਲ ਵਡਿਆਈ ਕਰਦਾ ਹਾਂ....ਤਾਂ ਹੇ ਖਸਮ ਤੇਰਾ ਨਾਮ ਨਹੀਂ ਜਾਂਦਾ ਜੈਸੇ ਕਪੁੱਤਰ ਹੋਵੇ ਤਾਂ ਭੀ ਪਿਤਾ ਕਾ ਹੀ ਕਹੀਤਾ ਹੈ।''

ਉਪਰੋਕਤ ਦੋਵੇਂ ਟੀਕਿਆਂ ਦੀ ਬੋਲੀ ਵਿਚ ਵਿਸ਼ੇ ਦੀ ਬੋਲੀ ਅਨੁਸਾਰ ਅੰਤਰ ਹੈ। ਜ਼ਫ਼ਰਨਾਮੇ ਦਾ ਟੀਕਾ ਕਰਨ ਲਗਿਆਂ ਲੇਖਕ ਉਰਦੂ ਫ਼ਾਰਸੀ ਸ਼ਬਦਾਵਲੀ ਦੇ ਪ੍ਰਭਾਵ ਅਧੀਨ ਵਾਰਤਕ ਲਿਖਦਾ ਹੈ ਅਤੇ ਆਦਿ ਗ੍ਰੰਥ ਦੀ ਬਾਣੀ ਦੀ ਵਿਆਖਿਆ ਕਰਨ ਸਮੇਂ ਪ੍ਰਭਾਵ ਬ੍ਰਿਜ ਭਾਸ਼ਾ ਦਾ ਹੈ।

ਸੰਤ ਨਿਰੰਕਾਰ ਸਿੰਘ ਨਿਰਮਲ ਸੰਪ੍ਰਦਾਇ ਦਾ ਵਿਦਵਾਨ ਸਾਹਿਤਕਾਰ ਹੋਇਆ ਹੈ। ਇਨ੍ਹਾਂ ਦੀਆਂ ਪ੍ਰਕਾਸ਼ਤ ਰਚਨਾਵਾਂ ਤੋਂ ਇਲਾਵਾ ਕੁਝ ਅਣਛਪੀਆਂ ਰਚਨਾਵਾਂ, ਹੱਥ-ਲਿਖਤਾਂ ਦੇ ਰੂਪ ਵਿਚ ਹੀ ਇਨ੍ਹਾਂ ਦੇ ਵਾਰਸਾਂ ਪਾਸ ਪਈਆਂ ਹਨ। ਇਨ੍ਹਾਂ ਦੇ ਹੱਥ-ਲਿਖਤ ਸਾਹਿਤ ਵਿਚੋਂ ਕੁਝ ਪੰਜਾਬੀ ਬੋਲੀ ਵਿਚ ਲਿਖਿਆ ਵੀ ਪ੍ਰਾਪਤ ਹੁੰਦਾ ਹੈ। ਇਕ ਹੱਥ ਲਿਖਤ ਦਾ ਸਿਰਲੇਖ ਹੈ 'ਪ੍ਰਸੰਗ ਮਹਾਭਾਰਤ ਕਾ' ਇਸ ਦੀ ਬੋਲੀ ਵੇਖਣ ਲਈ ਇਸ ਵਿਚੋਂ ਕੁਝ ਸਤਰਾਂ ਇਹ ਹਨ :

''ਇਕ ਸਮੇਂ ਦੀ ਵਾਰਤਾ ਹੈ ਮਹਾਰਾਜ ਯੁਧਿਸ਼ਟਰ ਆਦਿ ਪੰਜੇ ਭਾਈ ਬਨਬਾਸ ਕੇ ਸਮੇਂ ਫਿਰਦੇ ਫਿਰਦੇ ਕਟਾਸਰਾਜ ਤੀਰਥ ਕੇ ਸਮੀਪ ਜਾ ਪਹੁੰਚੇ ਤਾਂ ਦ੍ਰੋਪਤੀ ਨੂੰ ਬੜੀ ਲੱਗੀ ਹੋਈ ਪਿਆਸ।''

ਇਸ ਪ੍ਰਕਾਰ ਦੀ ਕਥਾ ਰੂਪ ਵਾਰਤਕ ਸ਼ੈਲੀ ਨਾਲ ਇਹ ਸਾਰਾ ਪ੍ਰਸੰਗ ਲਿਖਿਆ ਹੋਇਆ ਹੈ।

★★★

www.sikhbookclub.com

ਅਧਿਆਇ ਅਠਵਾਂ

ਸਮੁੱਚੀ ਸਾਹਿਤਕ ਦੇਣ—ਇਕ ਮੁਲਾਂਕਣ

ਨਿਰਮਲ ਸੰਪ੍ਰਦਾਇ ਦੇ ਪੰਜਾਬੀ ਸਾਹਿਤ ਦਾ ਵਿਕਾਸ ਪਿਛਲੇ ਸਵਾ ਸੌ ਸਾਲ ਤੋਂ ਹੁੰਦਾ ਆ ਰਿਹਾ ਹੈ। ਇਸ ਕਾਲ ਵਿਚ ਰਚੇ ਗਏ ਸਾਹਿਤ ਦਾ ਮੁਲਾਂਕਣ ਕਰ ਚੁੱਕਣ ਤੋਂ ਬਾਅਦ ਨਿਰਮਲ ਸੰਪ੍ਰਦਾਇ ਦੀ, ਵਿਸ਼ੇ ਵਸਤੂ, ਰੂਪ ਅਤੇ ਬੋਲੀ ਦੇ ਪੱਖ ਤੋਂ, ਬਹੁ ਪੱਖੀ ਦੇਣ ਨੂੰ ਸਵੀਕਾਰ ਕਰਨਾ ਪੈਂਦਾ ਹੈ। ਕਿਉਂਕਿ ਨਿਰਮਲੇ ਸੰਤਾਂ ਦਾ ਸਾਹਿਤ ਇਕ ਸ਼ਤਾਬਦੀ ਤੋਂ ਵੱਧ ਦੇ ਸਮੇਂ ਵਿਚ ਖਿਲਰਿਆ ਪਿਆ ਹੈ ਅਤੇ ਬਹੁਤ ਘੱਟ ਛੱਪਣ ਜਾਂ ਨਾ ਛੱਪਣ ਦੇ ਕਾਰਨ ਪੰਜਾਬੀ ਵਿਦਵਾਨਾਂ ਅਤੇ ਪਾਠਕਾਂ ਦੀਆਂ ਨਜ਼ਰਾਂ ਤੋਂ ਓਹਲੇ ਰਿਹਾ ਹੈ, ਇਸ ਲਈ ਇਨ੍ਹਾਂ ਦੀ ਪੰਜਾਬੀ ਸਾਹਿਤ ਦੀ ਹੋਂਦ ਜਾਂ ਅਣਹੋਂਦ ਬਾਰੇ ਭੁਲੇਖੇ ਪੈ ਗਏ ਹਨ। ਇਨ੍ਹਾਂ ਦੇ ਸਾਹਿਤ ਦੀ ਬੋਲੀ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਲੱਗਦਾ ਹੈ ਕਿ ਇਸ ਵਿਚ ਪ੍ਰਯੋਗ ਕੀਤੀ ਬੋਲੀ ਵਿਕਾਸਮਈ ਰੂਪ ਵਿਚ ਹੈ। ਬ੍ਰਿਜ ਭਾਸ਼ਾ ਵਿਚ ਸਾਹਿਤ ਰਚਨਾ ਕਰਦੇ-ਕਰਦੇ ਇਹਨਾਂ ਲੋਕਾਂ ਨੇ ਇਸ ਵਿਚ ਪੰਜਾਬੀ ਬੋਲੀ ਦਾ ਪ੍ਰਯੋਗ ਵਧਾ ਦਿੱਤਾ ਅਤੇ ਹੌਲੀ-ਹੌਲੀ ਬ੍ਰਿਜੀ ਨੂੰ ਤਿਆਗ ਕੇ ਸ਼ੁੱਧ ਪੰਜਾਬੀ ਨੂੰ ਆਪਣੇ ਸਾਹਿਤ ਦਾ ਮਾਧਿਅਮ ਬਣਾ ਲਿਆ। ਨਿਰਮਲੇ ਸਾਹਿਤਕਾਰਾਂ ਦੀ ਕਲਮ ਨੇ ਹਿੰਦੀ, ਸੰਸਕ੍ਰਿਤ ਅਤੇ ਬ੍ਰਿਜੀ ਬੋਲੀ ਵਿਚ ਅਨੇਕ ਪੁਸਤਕਾਂ ਲਿਖੀਆਂ ਹਨ। ਕਲਮ ਦੀ ਇਸ ਯਾਤਰਾ ਦੇ ਪ੍ਰਤੀਫਲ ਇਨ੍ਹਾਂ ਨੇ ਤਤਸਮ ਤੇ ਤਦਭਵ ਨੂੰ ਰੂਪ ਦੇ ਕੇ ਅਨੇਕ ਨਵੇਂ ਸ਼ਬਦ ਪੰਜਾਬੀ ਬੋਲੀ ਨੂੰ ਦਿੱਤੇ ਹਨ, ਜੋ ਭਾਸ਼ਾ ਵਿਗਿਆਨ ਅਤੇ ਵਿਆਕਰਣ ਦੀ ਕਸੌਟੀ 'ਤੇ ਪੂਰੇ ਉਤਰਦੇ ਹਨ।

ਵਿਸ਼ੇ ਵਸਤੂ ਦੇ ਪੱਖ ਤੋਂ ਵੇਖਿਆਂ ਪਾਠਕਾਂ ਦੀ ਵੇਦਾਂਤ ਦੀ ਵਿਚਾਰਧਾਰਾ ਨਾਲ ਜਾਣ ਪਛਾਣ ਕਰਾਉਣ ਵਿਚ ਨਿਰਮਲੇ ਸੰਤਾਂ ਨੇ ਪਹਿਲ ਕੀਤੀ ਹੈ ਅਤੇ ਪੰਜਾਬੀ ਬੋਲੀ ਦੇ ਅਧਿਆਤਮਕ ਸਾਹਿਤ ਨੂੰ ਵੇਦਾਂ ਅਤੇ ਪੁਰਾਣਾਂ ਦੇ ਸਾਹਿਤ ਨਾਲ ਭਰਪੂਰ ਕੀਤਾ ਹੈ। ਗੁਰਮਤ ਦੀ ਵਿਆਖਿਆ ਨਿਰਮਲ ਸੰਪ੍ਰਦਾਇ ਦੇ ਸੰਤਾਂ ਤੋਂ ਬਿਨਾਂ ਹੋਰ ਵਿਦਵਾਨਾਂ ਨੇ ਵੀ ਕੀਤੀ ਹੈ ਪਰ ਖੋਜ ਦੇ ਦ੍ਰਿਸ਼ਟੀਕੋਣ ਨਾਲ ਗੁਰਬਾਣੀ ਵਿਚੋਂ ਤੱਤ ਕੱਢ ਕੇ ਵਿਆਖਿਆ ਕਰਨੀ ਨਿਰਮਲੇ ਸਾਹਿਤਕਾਰਾਂ ਦੀ ਮੌਲਿਕ ਸ਼ੈਲੀ ਹੈ। ਗੁਰਮਤ ਬਾਰੇ ਇਨ੍ਹਾਂ ਦੇ ਪ੍ਰਗਟਾਏ ਹੋਏ ਵਿਚਾਰਾਂ ਉੱਤੇ ਸੰਪ੍ਰਦਾਇ ਦੀ ਮੁਹਰ-ਛਾਪ ਪ੍ਰਤੱਖ ਪਛਾਣੀ ਜਾਂਦੀ ਹੈ ਅਤੇ ਪਾਠਕ ਸਹਿਜੇ ਹੀ ਆਖ ਦੇਂਦਾ ਹੈ ਕਿ ਇਹ ਨਿਰਮਲੇ ਸਾਹਿਤਕਾਰਾਂ ਦੀ ਕਿਰਤ ਹੈ।

www.sikhbookclub.com

ਨਿਰਮਲੇ ਸਾਹਿਤਕਾਰ ਵੇਦਾਂਤੀ ਅਤੇ ਧਰਮ-ਵੇਤਾ ਹਨ। ਇਨ੍ਹਾਂ ਦੀ ਵਿਚਾਰਧਾਰਾ ਨੂੰ ਮੁੱਖ ਰੱਖਦਿਆਂ ਇਨ੍ਹਾਂ ਦੇ ਵਿਸ਼ੇ ਵਸਤੂ ਬਾਰੇ ਸਾਹਿਤਕਾਰਾਂ ਵਿਚ ਇਹ ਰਾਇ ਬਣ ਚੁੱਕੀ ਹੈ ਕਿ ਨਿਰਮਲੇ ਸਾਹਿਤਕਾਰ ਇਕ ਨਿਸਚਿਤ ਧਾਰਮਿਕ ਸੀਮਾ ਦੇ ਅੰਦਰ ਰਹਿ ਕੇ ਲਿਖਦੇ ਹਨ ਪਰ ਇਨ੍ਹਾਂ ਦੇ ਸਾਹਿਤ ਦਾ ਸਵਿਸਥਾਰ ਅਧਿਐਨ ਕਰਨ ਤੋਂ ਬਾਅਦ ਨਿਰਮਲੇ ਸਾਹਿਤਕਾਰਾਂ ਦੇ ਦੂਜੇ ਰੂਪ ਵੀ ਸਾਡੇ ਸਾਹਮਣੇ ਆਉਂਦੇ ਹਨ। ਇਨ੍ਹਾਂ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਧਾਰਮਿਕ ਵਿਸ਼ਿਆਂ ਤੋਂ ਛੁੱਟ ਅਨੇਕ ਇਹੋ ਜਿਹੇ ਵਿਸ਼ਿਆਂ ਨੂੰ ਵੀ ਛੁਹਿਆ ਹੈ ਜਿਨ੍ਹਾਂ ਦੇ ਪ੍ਰਕਾਸ਼ਤ ਹੋਣ ਬਾਰੇ ਪੰਜਾਬੀ ਪਾਠਕਾਂ ਨੂੰ ਪੂਰਾ ਗਿਆਨ ਨਹੀਂ ਹੈ। ਨਿਰਮਲੇ ਸਾਹਿਤਕਾਰਾ ਅੱਜ ਦੇ ਯੁੱਗ ਵਿਚ ਨਿਰਾਸ਼ ਮਨੁੱਖ, ਅਨਿਆ, ਸਰਮਾਏਦਾਰਾਂ ਦੀ ਲੁੱਟ, ਰਿਸ਼ਵਤਖ਼ੋਰੀ ਅਤੇ ਸਮਾਜ ਦੀਆਂ ਗ਼ਲਤ ਕੀਮਤਾਂ ਤੋਂ ਭਲੀ ਪ੍ਰਕਾਰ ਜਾਣੂ ਹਨ। ਅੱਜ ਦਾ ਨਿਰਮਲਾ ਸਾਹਿਤਕਾਰ ਦੇਸ਼ ਨੂੰ ਆਜ਼ਾਦੀ ਦਿਵਾਉਣ ਵਾਲੇ ਸੰਗ੍ਰਾਮੀਆਂ ਦੀ ਕਹਾਣੀ ਲਿਖਦਾ ਹੈ ਅਤੇ ਦੇਸ਼ ਦੀ ਆਜ਼ਾਦੀ ਦੇ ਰਖਵਾਲਿਆਂ ਨੂੰ ਫ਼ਰਜ਼ਾਂ ਤੋਂ ਸੁਚੇਤ ਕਰਦਾ ਹੈ। ਸੰਤ ਸੰਪੂਰਨ ਸਿੰਘ ਉੱਨਤੀ ਮਾਰਗ ਵਿਚ ਮਜ਼ਦੂਰ ਨੂੰ ਉਸ ਦੀ ਅਪਾਰ ਉਤਪਾਦਨ ਸ਼ਕਤੀ ਦਾ ਅਹਿਸਾਸ ਕਰਾ ਕੇ ਲਿਖਦਾ ਹੈ ਕਿ ਇਸ ਦੁਨੀਆਂ ਦਾ ਅਸਲੀ ਮਾਲਕ ਉਹੀ ਹੈ ਕੇਵਲ ਸੋਝੀ ਵਿਚ ਆ ਕੇ ਏਕਾ ਕਰਨ ਦੀ ਲੋੜ ਹੈ। ਇਸੇ ਤਰ੍ਹਾਂ ਹੋਰ ਨਿਬੰਧਾਂ ਵਿਚ ਇਹ ਲੇਖਕ ਮਨੁੱਖ ਨੂੰ ਨਿਰਾਸ਼ਾਜਨਕ ਪਰਿਸਥਿਤੀਆਂ ਤੋਂ ਉਪਰਾਮ ਹੋਣ ਦੀ ਬਜਾਏ ਚੜ੍ਹਦੀ ਕਲਾ ਵਿਚ ਰਹਿ ਕੇ ਜੀਵਨ-ਸੰਗ੍ਰਾਮ ਨੂੰ ਉਤਸ਼ਾਹ ਭਰਪੂਰ ਰੱਖਣ ਲਈ ਪ੍ਰੇਰਦਾ ਹੈ। ਇਕ ਹੋਰ ਨਿਰਮਲੇ ਸਾਹਿਤਕਾਰ ਸੰਤ ਟਹਿਲ ਸਿੰਘ ਨੇ ਦੇਸ਼ ਪ੍ਰਤੀ ਆਪਣੇ ਫ਼ਰਜ਼ਾਂ ਅਤੇ ਸਰਕਾਰ ਦੇ ਕਰਤੱਵਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਉਸ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਦਸ਼ਾ ਦਾ ਵਰਣਨ ਕੀਤਾ ਹੈ ਅਤੇ ਰਿਸ਼ਵਤਖ਼ੋਰੀ ਤੇ ਅਨਿਆ ਨੂੰ ਦੇਸ਼ ਲਈ ਹਾਨੀਕਾਰਕ ਆਖ ਕੇ ਯੋਗ ਪ੍ਰਬੰਧਕਾਂ ਲਈ ਸੁਝਾਅ ਦਿੱਤੇ ਹਨ। ਉਹ ਦੇਸ਼ ਦੀ ਸਰਬ-ਪੱਖੀ ਉੱਨਤੀ ਦਾ ਇੱਛਾਵਾਨ ਹੈ ਅਤੇ ਵਿੱਦਿਆ ਫੈਲਾਉਣ 'ਤੇ ਜ਼ੋਰ ਦੇਂਦਾ ਹੈ। ਨਿਰਮਲਾ ਕਵੀ ਮਹੰਤ ਬਿਸ਼ਨ ਸਿੰਘ ਕ੍ਰੀਟ ਵੰਨ ਸੁਵੰਨੇ ਵਿਸ਼ਿਆਂ ਨੂੰ ਆਪਣੀ ਕਵਿਤਾ ਵਿਚ ਸਮੋ ਕੇ ਇਕ ਸੱਚੇ ਸਾਹਿਤਕਾਰ ਦੇ ਕਰਤੱਵ ਨੂੰ ਪੂਰਾ ਕਰਦਾ ਹੈ। ਉਹ ਇਕ ਸੱਚੇ ਦੇਸ਼-ਭਗਤ ਦੇ ਰੂਪ ਵਿਚ ਦੇਸ਼ ਦੇ ਭਵਿੱਖ ਬੱਚਿਆਂ ਦੀ ਵਿਸ਼ੇਸ਼ ਪ੍ਰਕਾਰ ਦੀ ਤਰਬੀਅਤ ਦੇ ਸੁਝਾਅ ਦੇਂਦਾ ਹੈ। ਰਿਸ਼ਵਤਖ਼ੋਰੀ ਅਤੇ ਮੁਨਾਫ਼ਾਖ਼ੋਰੀ ਦੀ ਲੁੱਟ ਤੋਂ ਉਪਰਾਮ ਹੈ ਅਤੇ ਵਿਅੰਗਮਈ ਢੰਗ ਨਾਲ ਪੁਕਾਰ ਉਠਦਾ ਹੈ: "ਲੁੱਟ ਲੈ, ਲੁੱਟ ਲੈ।" ਉਸ ਦੀਆਂ ਕਵਿਤਾਵਾਂ ਵਿਚ ਦੇਸ਼-ਪ੍ਰੇਮ ਦਾ ਜਜ਼ਬਾ ਉਛਾਲੇ ਮਾਰਦਾ ਹੈ। ਇਸ ਕਵੀ ਨੇ ਕੁਦਰਤ ਦੀ ਅਦਭੁੱਤ ਸੁੰਦਰਤਾ ਦੇ ਗੀਤ ਗਾਏ ਹਨ। ਕਸ਼ਮੀਰ ਦੇ ਝਰਨਿਆਂ, ਗੁਲਦਾਉਦੀਆਂ ਅਤੇ ਹੋਰ ਸੁੰਦਰ ਦ੍ਰਿਸ਼ ਦੇ ਸ਼ਬਦ-ਚਿੱਤ੍ਰ ਚਿੱਤ੍ਰੇ ਹਨ। 'ਸੁੰਦਰਤਾ ਦੇ ਦੀਵੇ' ਅਤੇ 'ਬਰਸਾਤ' ਇਸ ਕਵੀ ਦੇ ਕੁਦਰਤ ਪਿਆਰ ਦੀਆਂ ਸੁੰਦਰ ਵੰਨਗੀਆਂ ਹਨ। ਬਿਸ਼ਨ ਸਿੰਘ ਕ੍ਰੀਟ ਨੇ ਕੁਦਰਤ ਵਿਚੋਂ ਕਾਦਰ ਦੇ ਸੁਨੇਹੇ ਲੱਭੇ ਹਨ। ਡਾਲੀ ਉੱਤੇ ਝੂਮਦੇ ਸੁੰਦਰ ਫੁੱਲ ਦੀ ਜੀਵਨੀ ਦੇ ਦ੍ਰਿਸ਼ਟਾਂਤ ਤੋਂ ਮਨੁੱਖ ਨੂੰ ਨਾਸ਼ਵਾਨ ਜੀਵਨ ਤੋਂ ਸੁਚੇਤ ਕਰਾ ਕੇ ਹੰਕਾਰ

www.sikhbookclub.com

ਤੋਂ ਵਰਜਿਆ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਦੁਆਰਾ ਨਿਰਮਲਿਆਂ ਨੇ ਸਿੱਧੇ ਉਪਦੇਸ਼ ਦੀ ਥਾਂ ਕਲਾ-ਮਈ ਢੰਗ ਨਾਲ ਸੂਖਮ ਵਿਸ਼ਿਆਂ ਦੁਆਰਾ ਉਪਦੇਸ਼ ਦਿੱਤੇ ਹਨ। ਸੰਤ ਸੰਪੂਰਨ ਸਿੰਘ ਤੇ ਪੰਡਤ ਹਰਵੇਦ ਸਿੰਘ ਨੇ ਵੀ ਆਪਣੀਆਂ ਕਿਰਤਾਂ ਵਿਚ ਕੁਦਰਤ ਦੇ ਦ੍ਰਿਸ਼ਾਂ ਨੂੰ ਚਿੱਤ੍ਰ ਕੇ ਪੰਜਾਬੀ ਸਾਹਿਤ ਨੂੰ ਕੁਦਰਤ-ਪਿਆਰ ਵਾਲਾ ਸਾਹਿਤ ਦਿੱਤਾ ਹੈ।

ਬੋਲੀ ਅਤੇ ਸਭਿਆਚਾਰ ਦੀ ਉੱਨਤੀ ਲਈ ਮਾਤ੍ਰੀ ਬੋਲੀ ਨੂੰ ਸਾਹਿਤ ਅਤੇ ਰਾਜਨੀਤਕ ਮਸਲਿਆਂ ਵਿਚ ਯੋਗ ਸਥਾਨ ਦੇਣਾ ਜ਼ਰੂਰੀ ਹੈ। ਮਹੰਤ ਹਰੀ ਸਿੰਘ ਆਪਣੇ ਸਪਤਾਹਕ 'ਨਿਰਮਲ ਉਦੇਸ਼' ਵਿਚ ਪੰਜਾਬੀ ਬੋਲੀ ਦੇ ਯੋਗ ਸਥਾਨ ਲਈ ਆਵਾਜ਼ ਉਠਾਉਂਦਾ ਹੈ ਅਤੇ ਪੰਜਾਬ ਵਿਚ ਇਸ ਦੀ ਮਹੱਤਤਾ ਵਧਾਉਣ ਲਈ ਲਿਖਦਾ ਰਹਿੰਦਾ ਹੈ।

ਨਿਰਮਲੇ ਸੰਤਾਂ ਦੇ ਪੰਜਾਬੀ ਸਾਹਿਤ ਵਿਚ ਸਮਾਜਿਕ ਜੀਵਨ ਦੀਆਂ ਝਲਕੀਆਂ ਵੀ ਵੇਖੀਆਂ ਜਾਂਦੀਆਂ ਹਨ। ਸੰਤ ਸੰਗਤ ਸਿੰਘ ਅਤੇ ਸੰਤ ਸੰਪੂਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਸਮਾਜ ਦੇ ਕੁਝ ਪੱਖਾਂ ਨੂੰ ਚਿਤਰਿਆ ਹੈ। ਸੰਪੂਰਨ ਸਿੰਘ ਨੇ ਸਮਾਜ ਵਿਚ ਇਸਤ੍ਰੀ ਜਾਤੀ ਦੇ ਕਦਰਯੋਗ ਸਥਾਨ ਲਈ ਆਵਾਜ਼ ਉਠਾਈ ਹੈ। ਉਸ ਦੇ ਸਾਹਿਤ ਵਿਚ ਇਸਤ੍ਰੀ ਜੀਵਨ ਬਾਰੇ ਵਿਸ਼ੇਸ਼ ਰਚਨਾਵਾਂ ਮਿਲਦੀਆਂ ਹਨ। ਆਪਣੇ ਵਿਚਾਰਾਂ ਨੂੰ ਸਾਕਾਰ ਰੂਪ ਦੇਣ ਲਈ ਸੰਤ ਸੰਪੂਰਨ ਸਿੰਘ ਨੇ ਇਸਤ੍ਰੀ ਸਤਿਸੰਗ ਦੀ ਸਥਾਪਨਾ ਕੀਤੀ ਸੀ ਜੋ ਅੱਜ ਵੀ ਕਾਇਮ ਹੈ।

ਅਜੋਕਾ ਨਿਰਮਲਾ ਸਾਹਿਤਕਾਰ, ਇਕ ਸਾਹਿਤਕਾਰ ਦੇ ਕਰਤੱਵਾਂ ਤੋਂ ਸੁਚੇਤ ਹੈ। ਉਹ ਅਧਿਆਤਮਕ ਮੰਡਲਾਂ ਵਿਚੋਂ ਨਿਕਲ ਕੇ ਸਮਾਜਿਕ ਅਤੇ ਸੰਸਾਰਕ ਜ਼ਿੰਦਗੀ ਵਿਚ ਦਿਲਚਸਪੀ ਲੈਂਦਾ ਹੈ ਅਤੇ ਮਨੁੱਖ ਨੂੰ ਉਸ ਦੇ ਮਾਨਵੀ ਗੁਣਾਂ ਤੋਂ ਜਾਣੂ ਕਰਾਉਂਦਾ ਹੈ। ਉਹ ਇਕ ਵਿਰਕਤ ਸੰਤ ਹੈ, ਰਾਜਨੀਤਕ ਮਸਲਿਆਂ ਤੋਂ ਨਿਰਲੇਪ ਹੈ, ਸਮਾਜਿਕ ਬੰਧਨਾਂ ਤੋਂ ਮੁਕਤ ਹੈ, ਪਰ ਇਕ ਸੱਚਾ ਸਾਹਿਤਕਾਰ ਹੈ। ਇਸ ਲਈ ਉਹ ਕਿਰਤੀ ਨੂੰ ਉਸ ਦੀ ਕਿਰਤ ਦਾ ਮੁੱਲ ਦੱਸਦਾ ਹੈ। ਨਿਮੋਝੂਣੇ ਹੋ ਚੁੱਕੇ ਮਨੁੱਖ ਨੂੰ ਜ਼ਿੰਦਗੀ ਵਿਚ ਦਿਲਚਸਪੀ ਲੈਣ ਲਈ ਪ੍ਰੇਰਦਾ ਹੈ ਅਤੇ ਨਿਆਂਸ਼ੀਲ ਰਾਜ-ਪ੍ਰਬੰਧ ਲਈ ਜ਼ੋਰ ਦੇਂਦਾ ਹੈ। ਇਹ ਸਭ ਕੁਝ ਉਹ ਇਕ ਵਿਰਕਤ ਸੰਤ ਦੇ ਰੂਪ ਵਿਚ, ਮਨੁੱਖ ਦਾ ਹਿਤਕਾਰੀ ਹੋਣ ਦੇ ਰੂਪ ਵਿਚ ਕਰਦਾ ਹੈ।

ਨਿਰਮਲੇ ਸਾਹਿਤਕਾਰਾਂ ਨੇ ਸ਼ੁਰੂ ਵਿਚ ਇਕ ਵੱਖਰੀ ਸੰਪ੍ਰਦਾਇ ਦੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਅਤੇ ਇਸ ਲਈ ਸੀਮਤ ਵਿਸ਼ਿਆਂ ਉੱਤੇ ਹੀ ਲਿਖਿਆ ਹੈ। ਪਰ ਬਦਲਦੀਆਂ ਪਰਿਸਥਿਤੀਆਂ ਨੇ ਇਨ੍ਹਾਂ ਸਾਹਿਤਕਾਰਾਂ ਨੂੰ ਵੀ ਪ੍ਰਭਾਵਤ ਕੀਤਾ ਅਤੇ ਇਨ੍ਹਾਂ ਨੇ ਆਪਣੇ ਸਾਹਿਤ ਨੂੰ ਜ਼ਿੰਦਗੀ ਦੇ ਵਿਸ਼ਾਲ ਪਿੜ ਵਿਚ ਲੈ ਆਂਦਾ ਹੈ। ਸੰਪ੍ਰਦਾਇ ਦੀਆਂ ਸੀਮਤ ਹੱਦਾਂ ਵਿਚੋਂ ਨਿਕਲ ਕੇ ਇਹ ਸਾਹਿਤਕਾਰਾਂ ਦੀ ਅਸੀਮ ਸ਼੍ਰੇਣੀ ਵਿਚ ਆ ਗਏ ਹਨ ਅਤੇ ਇਨ੍ਹਾਂ ਨੂੰ ਆਪਣੀ ਬੋਲੀ ਅਤੇ ਆਪਣੇ ਪਾਠਕਾਂ ਦਾ ਭਲੀ ਭਾਂਤ ਗਿਆਨ ਹੋ ਗਿਆ ਹੈ। ਇਹ ਆਪਣੇ ਵਿਸ਼ਿਆਂ ਵਿਚ ਵੰਨ ਸੁਵੰਨਤਾ ਲਿਆ ਰਹੇ ਹਨ ਅਤੇ ਕੇਵਲ ਪੰਜਾਬੀ ਨੂੰ ਹੀ ਆਪਣੇ ਸਾਹਿਤ ਦਾ ਮਾਧਿਅਮ ਬਣਾ ਰਹੇ ਹਨ। ਇਨ੍ਹਾਂ ਸਾਹਿਤਕਾਰਾਂ ਦੀ ਵੱਖਰੀ ਹੋਂਦ ਮਿਟ ਰਹੀ ਹੈ ਅਤੇ

www.sikhbookclub.com

ਪੰਜਾਬੀ ਦੇ ਸਾਹਿਤਕਾਰਾਂ ਵਿਚ ਸੁਭਾਵਕ ਹੀ ਰਲ ਮਿਲ ਗਏ ਹਨ। ਅੱਜ ਦਾ ਨਿਰਮਲਾ ਸਾਹਿਤਕਾਰ ਇਕ ਆਧੁਨਿਕ ਸਾਹਿਤਕਾਰ ਬਣ ਚੁੱਕਾ ਹੈ ਅਤੇ ਪੰਜਾਬੀ ਸਾਹਿਤ ਨੂੰ ਵਿਸ਼ਾ ਵਸਤੂ ਤੇ ਬੋਲੀ ਦੇ ਪੱਖ ਤੋਂ ਅਮੀਰ ਬਣਾ ਰਿਹਾ ਹੈ।

☆☆☆

www.sikhbookclub.com

ਅਧਿਆਇ ਨੌਵਾਂ

ਨਿਰਮਲ ਸੰਪ੍ਰਦਾਇ ਦੀ ਵਰਤਮਾਨ ਸਥਿਤੀ

ਨਿਰਮਲ ਸੰਪ੍ਰਦਾਇ ਨਿਰਸੰਦੇਹ ਸਿੱਖ ਪੰਥ ਦੀ ਹੀ ਇਕ ਉਪ-ਸ਼ਾਖ਼ਾ ਹੈ। ਉਪ-ਸ਼ਾਖ਼ਾ ਜਾਂ ਸੰਪ੍ਰਦਾਇ ਦਾ ਜਨਮ ਉਦੋਂ ਹੀ ਹੁੰਦਾ ਹੈ ਜਦੋਂ ਕੁਝ ਵਿਅਕਤੀਆਂ ਦੇ ਵਿਚਾਰਾਂ ਦਾ ਮਤਭੇਦ ਮੂਲ ਸ਼੍ਰੇਣੀ ਦੇ ਸਿਧਾਂਤਾਂ ਨਾਲ ਹੋ ਜਾਵੇ ਤੇ ਜਿਸ ਸਮੇਂ ਉਹ ਸਾਰੇ ਵਿਅਕਤੀ ਨਿਖੜ ਕੇ ਆਪਣੇ ਸਮੂਹ ਨੂੰ ਕਿਸੇ ਸੰਪ੍ਰਦਾਇ ਦੇ ਰੂਪ ਵਿਚ ਢਾਲਦੇ ਹਨ ਤਾਂ ਉਨ੍ਹਾਂ ਦੀ ਸੰਪ੍ਰਦਾਇ ਮੂਲ ਸ਼੍ਰੇਣੀ ਦੇ ਕੁਝ ਸਿਧਾਂਤਾਂ ਨੂੰ ਤਾਂ ਅਪਣਾਉਂਦੀ ਹੈ ਪਰ ਇਨ੍ਹਾਂ ਸਿਧਾਤਾਂ ਵਿਚ ਉਹ ਵਿਚਾਰ ਵੀ ਅਵੱਸ਼ ਮਿਲ ਜਾਂਦੇ ਹਨ ਜਿਹੜੇ ਮੂਲ ਸ਼੍ਰੇਣੀ ਨਾਲੋਂ ਨਿਖੜਣ ਦਾ ਕਾਰਨ ਬਣੇ ਹੁੰਦੇ ਹਨ। ਇਨ੍ਹਾਂ ਨਵੇਂ ਵਿਚਾਰਾਂ ਨੂੰ ਸੰਪ੍ਰਦਾਵਾਂ ਦੂਜਿਆਂ ਨਾਲੋਂ ਵੀ ਵਧੇਰੇ ਮਹੱਤਵਪੂਰਨ ਸਮਝਦੀਆਂ ਹਨ। ਨਿਰਮਲ ਸੰਪ੍ਰਦਾਇ ਵੀ ਗੁਰਮਤ ਦੇ ਪ੍ਰਚਲਤ ਸਿਧਾਂਤਾਂ ਨਾਲ ਮਤਭੇਦ ਹੋ ਜਾਣ ਦੇ ਕਾਰਨ ਹੀ ਵੱਖਰੀ ਹੋਂਦ ਵਿਚ ਆਈ ਸੀ। ਵੱਖ ਹੋਣ ਦੇ ਕਾਰਨਾਂ ਵਿਚੋਂ ਇਕ ਕਾਰਨ ਗੁਰਮਤ ਸਿਧਾਂਤਾਂ ਦੇ ਸਮਾਨਾਂਤਰ ਵੇਦਾਂਤ ਦੀ ਵਿਚਾਰਧਾਰਾ ਨੂੰ ਅਪਣਾ ਲੈਣਾ ਸੀ ਅਤੇ ਇਸੇ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਸਨਾਤਨੀ ਹਿੰਦੂ ਮੱਤ ਦੀ ਰਹਿਤ ਮਰਿਆਦਾ ਪ੍ਰਤੀ ਸ਼ਰਧਾ ਵੀ ਸੀ।

ਸਿੱਖ ਮੱਤ ਦਾ ਜਨਮ ਤੇ ਵਿਕਾਸ ਪੰਜਾਬ ਦੀ ਧਰਤੀ 'ਤੇ ਹੋਇਆ ਹੈ। ਇਸੇ ਕਾਰਨ ਗੁਰਮਤ ਦੇ ਅਨੁਆਈ ਅਤੇ ਸ਼ਰਧਾਲੂਆਂ ਦੀ ਸੰਖਿਆ ਪੰਜਾਬ ਵਿਚ ਹੀ ਹੈ। ਪੰਜਾਬ ਦੀ ਸਭਿਅਤਾ, ਸੰਸਕ੍ਰਿਤੀ ਅਤੇ ਰਹਿਣੀ ਬਹਿਣੀ ਸਿੱਖਾਂ ਦੇ ਜੀਵਨੀ ਨਾਲੋਂ ਅਨਿਖੜਵੀਂ ਹੈ। ਸਿੱਖਾਂ ਦੇ ਜੀਵਨ ਦੀਆਂ ਰਹੁ-ਰੀਤਾਂ ਨੂੰ ਹੀ ਪੰਜਾਬੀ ਜੀਵਨ ਦੀਆਂ ਰਹੁ-ਰੀਤਾਂ ਆਖਿਆ ਜਾਂਦਾ ਹੈ ਅਤੇ ਸਿੱਖ ਕੌਮ ਦੀ ਰਹਿਤ ਗੁਰਸਿੱਖੀ ਮਰਿਆਦਾ ਅਨੁਸਾਰ ਹੈ। ਨਿਰਮਲ ਸੰਪ੍ਰਦਾਇ ਦੀ ਵਰਤਮਾਨ ਅਵਸਥਾ ਦਾ ਅਨੁਮਾਨ ਪੰਜਾਬ ਵਿਚ ਇਨ੍ਹਾਂ ਦੇ ਡੇਰਿਆਂ ਦਾ ਸਰਵੇਖਣ ਕਰਨ ਤੋਂ ਬਾਅਦ ਹੀ ਲਗਾਇਆ ਜਾ ਸਕਦਾ ਹੈ। ਸਮੁੱਚੀ ਸਿੱਖ ਸ਼੍ਰੇਣੀ ਵਿਚ ਰਹਿ ਰਹੇ ਨਿਰਮਲੇ ਸੰਤ ਆਪਣੇ ਮੂਲ ਮਨੋਰਥਾਂ ਨੂੰ ਕਿਸ ਭਾਵਨਾ ਨਾਲ ਪੂਰਾ ਕਰ ਰਹੇ ਹਨ ਅਤੇ ਸਿੱਖ ਮਰਿਆਦਾ ਨੂੰ ਕਾਇਮ ਰੱਖ ਕੇ ਆਪਣਾ ਨਿਤਾਪ੍ਰਤੀ ਜੀਵਨ ਕਿਵੇਂ ਬਿਤਾਉਂਦੇ ਹਨ, ਇਨ੍ਹਾਂ ਪੱਖਾਂ ਦਾ ਮੂਲਾਂਕਣ ਕਰਨ ਲਈ ਮੈਂ ਪੰਜਾਬ ਵਿਚ ਨਿਰਮਲੇ ਸੰਤਾਂ ਦੇ ਪ੍ਰਸਿੱਧ ਡੇਰਿਆਂ

www.sikhbookclub.com

ਵਿਚ ਜਾ ਕੇ ਉਥੋਂ ਦੀ ਵਰਤਮਾਨ ਦਸ਼ਾ ਨੂੰ ਵੇਖਿਆ ਹੈ ਅਤੇ ਕੁਝ ਡੇਰਿਆਂ ਦਾ ਹਾਲ ਪ੍ਰਸਿੱਧ ਨਿਰਮਲੇ ਸੰਤਾਂ ਤੋਂ ਸੁਣਿਆ ਹੈ। ਕਿਉਂਕਿ ਕੇਵਲ ਇਹ ਡੇਰੇ ਹੀ ਨਿਰਮਲੇ ਸੰਤਾਂ ਦੇ ਟਿਕਾਣੇ ਹਨ, ਇਸ ਲਈ ਇਨ੍ਹਾਂ ਦੀ ਝਾਕੀ ਹੀ ਨਿਰਮਲ ਸੰਪ੍ਰਦਾਇ ਦੀ ਅਜੋਕੀ ਜ਼ਿੰਦਗੀ ਦਾ ਚਿਤ੍ਰਨ ਹੈ। ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚ ਇਨ੍ਹਾਂ ਡੇਰਿਆਂ ਦੇ ਪ੍ਰਾਚੀਨ ਸੰਤਾਂ ਦੀ ਸੰਪ੍ਰਦਾਇ ਵਿਚ ਕੀ ਮਹੱਤਤਾ ਸੀ ਅਤੇ ਵਰਤਮਾਨ ਕਾਲ ਵਿਚ ਉਹ ਮਹੱਤਤਾ ਘੱਟੀ ਹੈ ਜਾਂ ਵੱਧੀ ਹੈ, ਇਸ ਦਾ ਨਿਰਣਾ ਹੀ ਨਿਰਮਲ ਸੰਪ੍ਰਦਾਇ ਦੀ ਵਿਕਾਸ ਗਤੀ ਦਾ ਸੂਚਕ ਹੈ।

ਅੰਮ੍ਰਿਤਸਰ ਸਿੱਖਾਂ ਦਾ ਤੀਰਥ ਸਥਾਨ ਹੈ। ਸ਼ਹਿਰ ਦੀ ਧਾਰਮਿਕ ਮਹੱਤਤਾ ਨੂੰ ਮੁੱਖ ਰੱਖਦਿਆਂ ਨਿਰਮਲੇ ਸੰਤਾਂ ਨੇ ਵੀ ਪੰਜਾਬ ਵਿਚ ਅੰਮ੍ਰਿਤਸਰ ਨੂੰ ਕੇਂਦਰੀ ਟਿਕਾਣਾ ਬਣਾ ਲਿਆ ਸੀ। ਇਹੋ ਕਾਰਨ ਹੈ ਕਿ ਇਸ ਸ਼ਹਿਰ ਵਿਚ ਨਿਰਮਲੇ ਸੰਤਾਂ ਦੇ ਕਈ ਡੇਰੇ ਬਣ ਗਏ ਅਤੇ ਸੰਪ੍ਰਦਾਇ ਦੇ ਪ੍ਰਸਿੱਧ ਵਿਦਵਾਨ ਸਾਹਿਤਕਾਰ ਮਹੰਤ ਗਣੇਸ਼ਾ ਸਿੰਘ ਵੀ ਆਪਣੇ ਮੁੱਖ ਡੇਰੇ ਖੁੱਡਾ ਨੂੰ ਛੱਡ ਕੇ ਇਥੇ ਹੀ ਆ ਕੇ ਰਹਿਣ ਲੱਗ ਪਏ ਸਨ। ਸਭ ਤੋਂ ਪ੍ਰਸਿੱਧ ਡੇਰਾ 'ਡੇਰਾ ਮਿਸ਼ਰਾ ਸਿੰਘ' ਲਛਮਨਸਰ ਹੈ। ਵਿਦਵਾਨ ਪ੍ਰਚਾਰਕ ਅਤੇ ਕੀਰਤਨ ਕਰਨ ਵਾਲੇ ਮਹੰਤ ਮਿਸ਼ਰਾ ਸਿੰਘ ਦੇ ਨਾਮ ਨਾਲ ਸਬੰਧਿਤ ਹੈ। *ਇਸ ਡੇਰੇ ਦੀ ਸਪੁਰਦਗੀ ਮਹੰਤ ਹਾਕਮ ਸਿੰਘ ਪਾਸ ਸੀ ਜੋ ਕਿ ਅਗਸਤ 72 ਵਿਚ ਅਕਾਲ ਚਲਾਣਾ ਕਰ ਗਏ। ਮਹੰਤ ਹਾਕਮ ਸਿੰਘ ਸਿੱਖ ਦਰਸ਼ਨ ਅਤੇ ਵੇਦਾਂਤ ਦੇ ਵਿਦਵਾਨ ਸਨ। ਪੰਜਾਬ ਦੇ ਪ੍ਰਸਿੱਧ ਸ਼ਹਿਰਾਂ ਤੋਂ ਇਲਾਵਾ ਦਿੱਲੀ, ਆਗਰਾ ਵੱਲ ਗੁਰਸਿੱਖੀ ਪ੍ਰਚਾਰ ਲਈ ਹਰ ਸਾਲ ਜਾਂਦੇ ਸਨ। ਉਮਰ ਦੇ ਅੰਤਲੇ ਵਰ੍ਹਿਆਂ ਵਿਚ ਸਾਲ ਦਾ ਵਧੇਰੇ ਸਮਾਂ ਡੇਰੇ ਵਿਚ ਹੀ ਬਿਤਾਂਦੇ ਸਨ। ਮਹੰਤ ਹਾਕਮ ਸਿੰਘ ਪਾਸ ਆਪਣੇ ਬਜ਼ੁਰਗਾਂ ਦੀਆਂ ਹੱਥ-ਲਿਖਤਾਂ ਸੰਭਾਲ ਕੇ ਰੱਖੀਆਂ ਹੋਈਆਂ ਸਨ। ਗੁਰਮਤ ਅਤੇ ਵੇਦਾਂਤ ਦੇ ਅੰਤਰ ਬਾਰੇ ਪ੍ਰਸ਼ਨ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਸਿੱਖ ਮੱਤ ਤੇ ਵੇਦਾਂਤ ਵਿਚ ਕੋਈ ਅੰਤਰ ਨਹੀਂ ਹੈ। ਗੁਰਬਾਣੀ ਦੇ ਵਿਚਾਰ ਵੇਦਾਂ ਅਤੇ ਉਪਨਿਸ਼ਦਾਂ ਵਿਚ ਅੰਕਿਤ ਹੋ ਚੁੱਕੇ ਵਿਚਾਰਾਂ ਦਾ ਹੀ ਦੂਜਾ ਸਰਲ ਰੂਪ ਹਨ। ਉਨ੍ਹਾਂ ਨੇ ਨਿਮਨ ਲਿਖਤ ਤੁੱਕਾਂ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਸੀ :-

ਅਹੰ ਬ੍ਰਹਮ-ਵੇਦਾਂਤ ਤੂੰ ਕਰਤਾ ਤੂੰ ਹੁਆ ਮੁਝ ਮੇਂ ਰਹਾ ਨਾ ਹੂੰ ਕਬੀਰ

ਇਸ ਡੇਰੇ ਦੇ ਨਾਂ ਅੰਮ੍ਰਿਤਸਰ ਵਿਚ ਹੀ ਕੁਝ ਖੇਤੀ ਬਾੜੀ ਵਾਲੀ ਜ਼ਮੀਨ ਹੈ, ਜਿਸ ਦੀ ਦੇਖ ਭਾਲ ਮਹੰਤ ਜੀ ਆਪ ਹੀ ਕਰਦੇ ਸਨ। ਨਿਰਮਲ ਸੰਪ੍ਰਦਾਇ ਦੇ ਪਠਨ ਪਾਠਨ ਅਤੇ ਪ੍ਰਚਾਰ ਦੇ ਆਸ਼ਿਆਂ ਵੱਲੋਂ ਸਮਾਂ ਘਟਾ ਕੇ ਜ਼ਮੀਨ ਦੀ ਨਿਗਰਾਨੀ ਵੱਲ ਲਗਾਉਣ ਲੱਗ ਪਏ ਸਨ।

ਡੇਰੇ ਦੇ ਇਕ ਵੱਖਰੇ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਉਸੇ ਕਮਰੇ ਵਿਚ ਮਹੰਤ ਜੀ ਦੇ ਨਿੱਜੀ ਗੁਰੂ ਅਤੇ ਉਨ੍ਹਾਂ ਦੇ ਪੂਰਬਲੇ ਗੁਰੂਆਂ ਦੀਆਂ ਵੱਡੀਆਂ ਤਸਵੀਰਾਂ

---

* ਮੈਂ ਜੂਨ 71 ਵਿਚ ਇਸ ਡੇਰੇ ਵਿਚ ਗਿਆ ਸਾਂ ਅਤੇ ਮਹੰਤ ਹਾਕਮ ਸਿੰਘ ਨਾਲ ਗੱਲ ਬਾਤ ਕਰਨ ਦਾ ਸੁਭਾਗ ਵੀ ਹੋਇਆ ਸੀ।

www.sikhbookclub.com

ਸਜਾਈਆਂ ਹੋਈਆਂ ਹਨ ਅਤੇ ਗੁਰਸਿੱਖ ਮਰਿਆਦਾ ਦੇ ਵਿਪਰੀਤ ਇਨ੍ਹਾਂ ਨੂੰ ਧੂਪ ਦੀਪ ਦਿੱਤੀ ਜਾਂਦੀ ਹੈ।

ਅੰਮ੍ਰਿਤਸਰ ਦਾ ਦੂਜਾ ਪ੍ਰਸਿੱਧ ਡੇਰਾ, ਅੰਤਰਜਾਮੀਆਂ ਦਾ ਡੇਰਾ ਅਖਵਾਉਂਦਾ ਹੈ। ਨਿਰਮਲੇ ਸਾਹਿਤਕਾਰ ਮਹੰਤ ਗਣੇਸ਼ਾ ਸਿੰਘ ਇਸੇ ਡੇਰੇ ਵਿਚ ਰਹਿੰਦੇ ਸਨ। ਮਹੰਤ ਗਣੇਸ਼ਾ ਸਿੰਘ ਦੇ ਵੇਲੇ ਇਥੇ ਹੱਥ-ਲਿਖਤਾਂ ਅਤੇ ਛੱਪੀਆਂ ਪੁਸਤਕਾਂ ਦੀ ਲਾਇਬ੍ਰੇਰੀ ਵੀ ਹੁੰਦੀ ਸੀ ਜੋ ਨਿਰਮਲੇ ਸੰਤਾਂ ਤੇ ਸਾਹਿਤ ਦਾ ਇਕ ਉਪਯੋਗੀ ਭੰਡਾਰ ਸੀ। ਇਸ ਡੇਰੇ ਦੇ ਅਜੋਕੇ ਸੰਤਾਂ ਵਿਚੋਂ ਕੋਈ ਵੀ ਸਾਹਿਤਕਾਰ ਜਾਂ ਉਚ ਕੋਟੀ ਦਾ ਪ੍ਰਚਾਰਕ ਨਹੀਂ ਹੈ। ਜਿਹੜਾ ਡੇਰਾ ਗਣੇਸ਼ਾ ਸਿੰਘ ਦੇ ਵੇਲੇ ਸਾਹਿਤ ਦਾ ਸੋਮਾ ਬਣ ਗਿਆ ਸੀ, ਹੁਣ ਉਸ ਡੇਰੇ ਵਿਚੋਂ ਸਾਹਿਤਕਾਰਾਂ ਦਾ ਉਹ ਅੰਸ਼ ਹੀ ਅਲੋਪ ਹੋ ਚੁੱਕਾ ਹੈ। ਹੁਣ ਇਥੇ ਗਣੇਸ਼ਾ ਸਿੰਘ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ ਅਤੇ ਉਨ੍ਹਾਂ ਦੀਆਂ ਆਪਣੀਆਂ ਹੱਥ-ਲਿਖਤਾਂ ਵੀ ਪ੍ਰਾਪਤ ਨਹੀਂ ਹੁੰਦੀਆਂ। ਡੇਰੇ ਦੇ ਕੁਝ ਕਮਰੇ ਰਿਹਾਇਸ਼ ਲਈ ਕਿਰਾਏ 'ਤੇ ਦੇ ਕੇ ਵਰਤਮਾਨ ਸੰਤਾਂ ਨੇ ਆਪਣੀ ਆਮਦਨੀ ਦਾ ਵਸੀਲਾ ਬਣਾਇਆ ਹੋਇਆ ਹੈ।

ਡੇਰਾ ਠਾਕਰਾਂ :- ਇਹ ਡੇਰਾ ਵੀ ਨਿਰਮਲ ਸੰਪ੍ਰਦਾਇ ਦੇ ਪੰਜਾਬੀ ਸਾਹਿਤਕਾਰ ਮਹੰਤ ਆਤਮਾ ਸਿੰਘ ਦਾ ਨਿਵਾਸ ਸਥਾਨ ਰਿਹਾ ਹੈ। ਇਸ ਡੇਰੇ ਵਿਚ ਹੀ ਮਹੰਤ ਆਤਮਾ ਸਿੰਘ ਨੇ 'ਗ੍ਰੰਥ ਸਾਖੀ ਪ੍ਰਮਾਣਾ' ਦੀ ਰਚਨਾ ਕੀਤੀ ਸੀ। ਇਹ ਗ੍ਰੰਥ ਗੁਰੂ ਗ੍ਰੰਥ ਸਾਹਿਬ ਦੀ ਉਥਾਨਕਾ ਹੈ। ਇਸ ਦੀ ਰਚਨਾ ਕਰਨ ਤੋਂ ਪਹਿਲਾਂ ਮਹੰਤ ਆਤਮਾ ਸਿੰਘ ਨੇ ਅਨੇਕ ਪੁਸਤਕਾਂ ਦਾ ਅਧਿਐਨ ਕੀਤਾ ਸੀ ਅਤੇ ਇਸ ਡੇਰੇ ਵਿਚ ਉਸ ਸਮੇਂ ਕਾਫੀ ਧਾਰਮਿਕ ਸਾਹਿਤ ਪ੍ਰਾਪਤ ਹੁੰਦਾ ਸੀ। ਅੱਜ ਕੱਲ ਸੰਤ ਹਰਦਿਆਲ ਸਿੰਘ ਇਸ ਡੇਰੇ ਦੇ ਮਹੰਤ ਹਨ। ਭਾਵੇਂ ਇਥੇ ਹੁਣ ਪਹਿਲਾਂ ਵਰਗੀ ਲਾਇਬ੍ਰੇਰੀ ਨਹੀਂ ਅਤੇ ਮਹੰਤ ਹਰਦਿਆਲ ਸਿੰਘ ਸਾਹਿਤ ਰਚਨਾ ਨਹੀਂ ਕਰਦੇ ਪਰ ਸੰਪ੍ਰਦਾਇ ਦੀ ਮਰਿਆਦਾ ਨੂੰ ਸਜੀਵ ਰੱਖਣ ਵਿਚ ਯਤਨਸ਼ੀਲ ਰਹਿੰਦੇ ਹਨ। ਡੇਰੇ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ ਅਤੇ ਸਮੇਂ-ਸਮੇਂ ਸਥਾਨਕ ਵਿਦਵਾਨਾਂ ਦੀਆਂ ਇਕੱਤ੍ਰਤਾਵਾਂ ਕਰ ਕੇ ਧਾਰਮਿਕ ਵਿਸ਼ਿਆਂ 'ਤੇ ਵਿਚਾਰ ਵਿਮ੍ਰਸ਼ ਵੀ ਕਰਵਾਉਂਦੇ ਹਨ। ਇਸ ਤੋਂ ਉਪ੍ਰੰਤ ਮਹੰਤ ਜੀ ਆਪਣੀ ਭਾਰਤ ਫੇਰੀ ਵਿਚ ਨਿਰਮਲੇ ਸੰਤਾਂ ਦੇ ਉਨ੍ਹਾਂ ਸਮਾਗਮਾਂ 'ਤੇ ਪੁੱਜਦੇ ਹਨ ਜਿਨ੍ਹਾਂ ਵਿਚ ਸੰਪ੍ਰਦਾਇ ਦੀ ਵਿਚਾਰਧਾਰਾ ਉੱਤੇ ਗੋਸ਼ਟੀਆਂ ਅਤੇ ਵਿਵਾਦ ਹੁੰਦੇ ਹਨ। ਮਹੰਤ ਆਤਮਾ ਸਿੰਘ ਤੋਂ ਬਾਅਦ ਡੇਰੇ ਵਿਚ ਕੋਈ ਸਾਹਿਤਕਾਰ ਨਹੀਂ ਹੋਇਆ।

ਸੰਤ ਨਿਰੰਕਾਰ ਸਿੰਘ ਨੇ ਆਪਣੇ ਜੀਵਨ ਦੇ ਅੰਤਲੇ ਵਰ੍ਹੇ ਅੰਮ੍ਰਿਤਸਰ ਵਿਚ ਹੀ ਬਿਤਾਏ ਪਰ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਡੇਰਾ ਬੇ-ਆਬਾਦ ਹੋ ਗਿਆ ਹੈ ਅਤੇ ਉਨ੍ਹਾਂ ਦੇ ਕਿਸੇ ਸ਼ਿਸ਼ ਨੇ ਉਨ੍ਹਾਂ ਦੇ ਸਾਹਿਤ ਅਤੇ ਚਿੱਤ੍ਰਕਲਾ ਦੇ ਅਮੋਲਕ [1]ਖ਼ਜ਼ਾਨੇ ਨੂੰ ਸੰਭਾਲ ਕੇ ਨਹੀਂ

1. *ਸੰਤ ਨਿਰੰਕਾਰ ਸਿੰਘ ਦੀਆਂ ਸਾਹਿਤਕ ਕਿਰਤਾਂ ਅਤੇ ਚਿੱਤ੍ਰਕਲਾ ਦਾ ਜ਼ਿਕਰ ਅਸੀਂ ਕਾਂਡ-3 ਵਿਚ ਕਰ ਚੁੱਕੇ ਹਾਂ।*

www.sikhbookclub.com

ਰੱਖਿਆ। ਸਾਹਿਤਕਾਰ ਦਾ ਇਹ ਡੇਰਾ ਅੱਜ ਕੱਲ ਧਰਮਸ਼ਾਲਾ ਦੇ ਰੂਪ ਵਿਚ ਬਦਲਿਆ ਹੋਇਆ ਹੈ। ਸੰਤ ਨਿਰੰਕਾਰ ਸਿੰਘ ਦੀਆਂ ਛੱਪੀਆਂ ਰਚਨਾਵਾਂ ਹੱਥ-ਲਿਖਤਾਂ ਅਤੇ ਨਿੱਜੀ ਲਾਇਬ੍ਰੇਰੀ ਦੀਆਂ ਕੁਝ ਪੁਸਤਕਾਂ ਮਕਾਨ ਨੰ: 2425/6 ਚਾਵਲ ਮੰਡੀ, ਅੰਮ੍ਰਿਤਸਰ ਵਿਚ ਉਨ੍ਹਾਂ ਦੇ ਭਤੀਜਿਆਂ ਪਾਸ ਸੁਰੱਖਿਅਤ ਹਨ। ਸੰਪ੍ਰਦਾਇ ਦੇ ਕਿਸੇ ਪ੍ਰਤੀਨਿਧ ਨੇ ਨਿਰੰਕਾਰ ਸਿੰਘ ਦੇ ਸਾਹਿਤ ਨੂੰ ਛਪਵਾਉਣ ਜਾਂ ਸੰਭਾਲਣ ਦਾ ਉਪਰਾਲਾ ਨਹੀਂ ਕੀਤਾ।

ਮਹੰਤ ਮੂਲ ਸਿੰਘ ਦਾ ਨਿਰਮਲ ਸੰਪ੍ਰਦਾਇ ਵਿਚ ਇਕ ਕਦਰਯੋਗ ਸਥਾਨ ਹੈ। ਮਹੰਤ ਜੀ ਧਰਮ-ਸ਼ਾਸਤ੍ਰਾਂ ਦੇ ਵਿਦਵਾਨ ਹਨ ਅਤੇ ਕਈ ਵਰ੍ਹੇ ਹਰਿਮੰਦਰ ਸਾਹਿਬ ਵਿਚ ਹੈੱਡ ਗ੍ਰੰਥੀ ਰਹੇ ਹਨ। ਗੁਰਮਤ ਪ੍ਰਚਾਰ ਦੇ ਖੇਤਰ ਵਿਚ ਮਹੰਤ ਮੂਲ ਸਿੰਘ ਦੀ ਇਹ ਮਹੱਤਵਪੂਰਨ ਦੇਣ ਹੈ। ਇਨ੍ਹਾਂ ਦਾ ਡੇਰਾ ਹਰਿਮੰਦਰ ਸਾਹਿਬ ਦੇ ਬੁੰਗਿਆਂ ਵਿਚ ਹੈ ਅਤੇ ਅੱਜ ਕੱਲ ਇਥੇ ਹੀ ਰਹਿੰਦੇ ਹਨ। ਮਹੰਤ ਜੀ ਨਾਲ ਸੰਪ੍ਰਦਾਇ ਦੇ ਸਾਹਿਤ ਸੰਬੰਧੀ ਗੱਲਬਾਤ ਕਰਨ ਦਾ ਮੌਕਾ ਮਿਲਿਆ। ਹੁਣ ਉਨ੍ਹਾਂ ਦੇ ਹਿਰਦੇ ਵਿਚ ਆਪਣੀ ਸੰਪ੍ਰਦਾਇ ਦੇ ਪ੍ਰਚਾਰ ਲਈ ਕੋਈ ਉਤਸ਼ਾਹ ਨਹੀਂ ਹੈ। ਅਧਿਐਨ ਜਾਰੀ ਰੱਖਣ ਲਈ ਕੋਈ ਨਿੱਜੀ ਪੁਸਤਕਾਲਿਆ ਵੀ ਨਹੀਂ ਹੈ। ਆਪਣੀ ਸਾਰੀਆਂ ਪੁਸਤਕਾਂ ਉਨ੍ਹਾਂ ਨੇ ਗੁਰੂ ਰਾਮਦਾਸ ਲਾਇਬ੍ਰੇਰੀ ਅੰਮ੍ਰਿਤਸਰ ਨੂੰ ਭੇਟਾ ਕਰ ਦਿੱਤੀਆਂ ਹਨ ਅਤੇ ਆਪ ਇਕ ਨਿਰਉਤਸ਼ਾਹਕ ਤੇ ਆਦਰਸ਼ਹੀਨ ਜੀਵਨ ਬਿਤਾ ਰਹੇ ਹਨ। ਮਹੰਤ ਜੀ ਦੇ ਉਤਸ਼ਾਹਹੀਨ ਜੀਵਨ ਬਿਤਾਉਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਪਰ ਇਹ ਕਹਿਣਾ ਅਯੋਗ ਨਹੀਂ ਹੋਵੇਗਾ ਕਿ ਮੂਲ ਸਿੰਘ ਦਾ ਸੰਪ੍ਰਦਾਇ ਨਾਲੋਂ ਨਿਰਲਿਪਤ ਹੋ ਜਾਣਾ ਵਿਦਵਾਨ ਵਰਗ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਅੰਮ੍ਰਿਤਸਰ ਦੇ ਅਜੋਕੇ ਡੇਰਿਆਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਅਤੇ ਵਰਣਨਯੋਗ ਡੇਰਾ ਮਹੰਤ ਹਰੀ ਸਿੰਘ ਦਾ ਡੇਰਾ ਹੈ ਜੋ ਕਿ ਰਾਣੀ ਬਾਗ਼ ਵਿਚ ਸਥਿਤ ਹੈ। ਮਹੰਤ ਹਰੀ ਸਿੰਘ ਦੀ ਸੰਪ੍ਰਦਾਇ ਦੁਬੇਰਨ ਹੈ। ਇਹ ਮਹੰਤ ਨਿਰਮਲ ਸੰਪ੍ਰਦਾਇ ਦੇ ਉਨ੍ਹਾਂ ਵਿਦਵਾਨ ਸਾਹਿਤਕਾਰ ਪ੍ਰਚਾਰਕਾਂ ਵਿਚੋਂ ਇਕ ਹਨ ਜੋ ਅੱਜ ਵੀ ਆਪਣੀ ਸੰਪ੍ਰਦਾਇ ਦੇ ਮਨੋਰਥਾਂ ਨੂੰ ਪੂਰੀ ਲਗਨ ਨਾਲ ਨੇਪਰੇ ਚੜ੍ਹਾਉਣ ਦੇ ਯਤਨਾਂ ਵਿਚ ਜੁਟੇ ਹੋਏ ਹਨ ਅਤੇ ਸੰਪ੍ਰਦਾਇ ਦੇ ਮੂਲ ਆਸ਼ੇ ਨੂੰ ਪਰੋਖੇ ਨਹੀਂ ਹੋਣ ਦੇਂਦੇ। ਬ੍ਰਹਮਚਾਰੀ ਜੀਵਨ ਬਿਤਾ ਰਿਹਾ ਇਹ ਮਹੰਤ ਸੰਪ੍ਰਦਾਇ ਨੂੰ ਚਰੰਜੀਵ ਰੱਖਣ ਲਈ ਅਣਥੱਕ ਯਤਨ ਕਰ ਰਿਹਾ ਹੈ। ਮਹੰਤ ਹਰੀ ਸਿੰਘ ਇਕ ਪੱਤਰਕਾਰ ਹੈ ਅਤੇ ਆਪਣੇ ਨਿੱਜੀ ਉਪਾਅ ਨਾਲ 30 ਨਵੰਬਰ 1960 ਈਸਵੀ ਤੋਂ ਪੰਜਾਬੀ ਵਿਚ 'ਨਿਰਮਲ ਉਦੇਸ਼' ਸਪਤਾਹਕ ਪੱਤ੍ਰਕਾ ਪ੍ਰਕਾਸ਼ਤ ਕਰ ਰਿਹਾ ਹੈ। ਇਹ ਪੱਤ੍ਰਕਾ ਸੰਪ੍ਰਦਾਇ ਦੀ ਪ੍ਰਵਕਤਾ ਹੈ ਅਤੇ ਇਸ ਵਿਚੋਂ ਸੰਪ੍ਰਦਾਇ ਦੇ ਵਰਤਮਾਨ ਕਾਰਜ ਕਰਮ ਦੀ ਸੂਚਨਾ ਮਿਲਦੀ ਰਹਿੰਦੀ ਹੈ। ਜਿੱਥੇ ਇਹ ਸਪਤਾਹਕ ਪੱਤ੍ਰਕਾ ਨਿਰਮਲ ਸੰਪ੍ਰਦਾਇ ਦੇ ਪ੍ਰਚਾਰ ਵਿਚ ਅਤਿ ਸਹਾਈ ਹੈ, ਉਥੇ ਪੰਜਾਬੀ ਪੱਤ੍ਰਕਾਰੀ ਵਿਚ ਵੀ ਇਕ ਵਾਧਾ ਹੈ। ਇਸ ਪੱਤ੍ਰਕਾ ਦੁਆਰਾ ਮਹੰਤ ਹਰੀ ਸਿੰਘ ਸੰਪ੍ਰਦਾਇ ਦੇ ਸੰਤਾਂ ਨੂੰ ਮੁੱਢਲੀ ਮਰਿਆਦਾ ਅਨੁਸਾਰ ਪ੍ਰਚਾਰ ਕਰਨ ਲਈ ਪ੍ਰੇਰਦੇ

www.sikhbookclub.com

ਰਹਿੰਦੇ ਹਨ ਅਤੇ ਨਿਰਮਲ ਸੰਪ੍ਰਦਾਇ ਦੀ ਅਸਲ ਭਾਵਨਾ ਤੋਂ ਬੇਮੁੱਖ ਹੋ ਰਹੇ ਸੰਤਾਂ ਦੀ ਕਰੜੀ ਅਲੋਚਨਾ ਕਰਦੇ ਹਨ। ਆਪ ਨੇ ਮਹਿਮੇ ਸ਼ਾਹੀਏ ਸੰਤਾਂ ਦੀ ਅਲੋਚਨਾ ਕਰ ਕੇ ਉਨ੍ਹਾਂ ਉੱਤੇ ਨਿਰਮਲੇ ਨਾ ਹੋਣ ਦਾ ਦੋਸ਼ ਲਗਾਇਆ ਹੈ ਅਤੇ ਇਕ ਨਿੱਕਾ ਜਿਹਾ ਪੈਂਫਲੇਟ ਲਿਖ ਕੇ ਆਪਣੇ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕੀਤਾ ਹੈ।

ਚਕਿਤਸਾ ਵਿੱਦਿਆ ਪ੍ਰਾਚੀਨ ਨਿਰਮਲੇ ਸੰਤਾਂ ਦੇ ਜੀਵਨ ਦਾ ਇਕ ਅੰਗ ਰਹੀ ਹੈ। ਮਹੰਤ ਗਣੇਸ਼ਾ ਸਿੰਘ ਅਤੇ ਹੋਰ ਕਈ ਸੰਤਾਂ ਨੇ ਚਕਿਤਸਾ ਦੇ ਵਿਸ਼ੇ ਉੱਤੇ ਕਈ ਪੁਸਤਕਾਂ ਲਿਖੀਆਂ ਹਨ। ਸੰਪ੍ਰਦਾਇ ਵਿਚ ਇਸ ਵਿੱਦਿਆ ਦੀ ਪਰੰਪਰਾ ਨੂੰ ਕਾਇਮ ਰੱਖਣ ਵਿਚ ਮਹੰਤ ਹਰੀ ਸਿੰਘ ਦਾ ਵਿਸ਼ੇਸ਼ ਭਾਗ ਹੈ। ਸਾਰੇ ਪੰਜਾਬ ਦੇ ਵੈਦਾਂ ਨੂੰ ਸੰਗਠਨ ਕਰਨ ਲਈ ਇਕ ਵੈਦ ਮੰਡਲ ਬਣਾਇਆ ਹੋਇਆ ਹੈ ਅਤੇ ਵੈਦਿਕ ਚਕਿਤਸਾ ਦੀਆਂ ਜੋ ਸਮੱਸਿਆਵਾਂ ਹੁੰਦੀਆਂ ਹਨ, ਉਨ੍ਹਾਂ ਉੱਤੇ ਵਿਚਾਰ ਵਟਾਂਦਰੇ ਕਰਨ ਲਈ ਜੋ ਵਾਰਸ਼ਕ ਸਮਾਗਮ ਹੁੰਦੇ ਹਨ, ਉਨ੍ਹਾਂ ਦਾ ਪ੍ਰਬੰਧ ਕਰਨ ਵਿਚ ਮਹੰਤ ਹਰੀ ਸਿੰਘ ਦਾ ਬਹੁਤ ਯੋਗਦਾਨ ਹੈ।

ਮਹੰਤ ਹਰੀ ਸਿੰਘ ਪ੍ਰਾਚੀਨ ਸਾਹਿਤ ਦਾ ਬਹੁਤ ਅਧਿਐਨ ਕਰਦੇ ਹਨ ਅਤੇ ਇਨ੍ਹਾਂ ਦੇ ਡੇਰੇ ਵਿਚ ਸੰਪ੍ਰਦਾਇ ਦੇ ਸਾਹਿਤ ਦੀ ਇਕ ਬਹੁਤ ਵੱਡੀ ਲਾਇਬ੍ਰੇਰੀ ਹੈ ਜਿਸ ਵਿਚ ਸੰਪ੍ਰਦਾਇ ਦੇ ਸੰਤਾਂ ਦੀਆਂ ਛੱਪੀਆਂ ਰਚਨਾਵਾਂ ਤੋਂ ਬਿਨਾਂ ਹੱਥ-ਲਿਖਤਾਂ ਵੀ ਕਾਫ਼ੀ ਸੰਖਿਆ ਵਿਚ ਹਨ। ਵੇਦਾਂਤ ਅਤੇ ਗੁਰਮਤ ਦੀ ਆਪ ਨੂੰ ਡੂੰਘੀ ਸੂਝ ਹੈ। ਆਪਣੀ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ ਹਰ ਵਰ੍ਹੇ ਦੀਵਾਲੀ ਦੇ ਅਵਸਰ ਉੱਤੇ ਨਿਰਮਲੇ ਵਿਦਵਾਨਾਂ ਦੀ ਇਕੱਤਰਤਾ ਦਾ ਅੰਮ੍ਰਿਤਸਰ ਵਿਖੇ ਪ੍ਰਬੰਧ ਕਰਦੇ ਹਨ ਜਿਸ ਵਿਚ ਵੇਦਾਂਤ ਅਤੇ ਗੁਰਮਤ ਦਰਸ਼ਨ 'ਤੇ ਗੋਸ਼ਟੀ ਹੁੰਦੀ ਹੈ ਅਤੇ ਵਾਦ-ਵਿਵਾਦ ਤੋਂ ਬਾਅਦ ਜਿਨ੍ਹਾਂ ਸਿੱਟਿਆਂ 'ਤੇ ਪੁੱਜਦੇ ਹਨ, ਉਹ ਨਿਰਮਲ ਉਦੇਸ਼ ਵਿਚ ਪ੍ਰਕਾਸ਼ਤ ਕੀਤੇ ਜਾਂਦੇ ਹਨ। ਇਹ ਵਾਰਸ਼ਕ ਇਕੱਤਰਤਾ ਨਿਰਮਲ ਸੰਪ੍ਰਦਾਇ ਦੀ ਵਰਤਮਾਨ ਕਾਲ ਵਿਚ ਸੋਚ-ਪ੍ਰਣਾਲੀ ਦੀ ਸੂਚਕ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਜੇ ਵੀ ਇਹ ਸੰਪ੍ਰਦਾਇ ਵੇਦਾਂਤ ਦੀ ਪਰੰਪਰਾਵਾਦੀ ਵਿਚਾਰਧਾਰਾ ਨਾਲ ਜੁੜੀ ਹੋਈ ਹੈ।

ਮਹੰਤ ਹਰੀ ਸਿੰਘ ਨੇ ਆਪਣੇ ਬਜ਼ੁਰਗ ਸੰਤਾਂ ਦੀਆਂ ਹੱਥ-ਲਿਖਤਾਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ ਅਤੇ ਜਦੋਂ ਵੀ ਮੌਕਾ ਮਿਲਦਾ ਹੈ, ਕੋਈ ਨਾ ਕੋਈ ਹੱਥ-ਲਿਖਤ ਪ੍ਰਕਾਸ਼ਤ ਕਰ ਦੇਂਦੇ ਹਨ।

ਮਹੰਤ ਹਰੀ ਸਿੰਘ ਦੇ ਡੇਰੇ ਵਿਚ ਵੀ ਸੰਪ੍ਰਦਾਇ ਦੀ ਰੀਤ ਅਨੁਸਾਰ ਆਦਿ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਥੇ ਹੀ ਇਨ੍ਹਾਂ ਦੇ ਗੁਰੂਆਂ ਦੀਆਂ ਵੱਡੀਆਂ ਤਸਵੀਰਾਂ ਹਨ ਜਿਨ੍ਹਾਂ ਨੂੰ ਧੂਪ ਦੀਪ ਕਰਦੇ ਹਨ। ਕੋਈ ਨਾ ਕੋਈ ਵਿਦਿਆਰਥੀ ਇਨ੍ਹਾਂ ਪਾਸੋਂ ਪੰਜਾਬੀ ਅਤੇ ਸੰਸਕ੍ਰਿਤ ਸਿਖਦਾ ਰਹਿੰਦਾ ਹੈ। ਮਹੰਤ ਹਰੀ ਸਿੰਘ ਦਾ ਜੀਵਨ ਅਤੇ ਡੇਰਾ ਨਿਰਮਲ ਸੰਪ੍ਰਦਾਇ ਦਾ ਪ੍ਰਤਿਨਿਧ ਚਿੰਨ੍ਹ ਆਖਿਆ ਜਾ ਸਕਦਾ ਹੈ।

www.sikhbookclub.com

ਸੰਤ ਸੰਪੂਰਨ ਸਿੰਘ ਦਾ ਨਿਰਮਲ ਸੰਪ੍ਰਦਾਇ ਵਿਚ ਇਕ ਵਿਸ਼ਿਸ਼ਟ ਸਥਾਨ ਹੈ। ਜਿਵੇਂ ਕਿ ਇਨ੍ਹਾਂ ਨੇ ਸਾਹਿਤ ਵਿਚ ਧਾਰਮਿਕ ਵਿਸ਼ਿਆਂ ਤੋਂ ਇਲਾਵਾ ਦੂਜੇ ਵਿਸ਼ਿਆਂ ਨੂੰ ਵੀ ਅਪਣਾਇਆ ਹੈ, ਉਸੇ ਤਰ੍ਹਾਂ ਪ੍ਰਚਾਰ ਵਿਧੀ ਵਿਚ ਵੀ ਵਿਅਕਤੀਗਤ ਢੰਗ ਨਾਲ ਇਕ ਮੋੜ ਲਿਆਂਦਾ ਸੀ। ਬ੍ਰਹਮਚਾਰੀ ਵਿਰਕਤ ਸੰਤ ਵਾਲਾ ਜੀਵਨ ਬਿਤਾਂਦੇ ਹੋਏ ਵੀ ਇਸਤ੍ਰੀ ਜਾਤੀ ਦੇ ਕਲਿਆਨ ਲਈ ਇਨ੍ਹਾਂ ਦੇ ਹਿਰਦੇ ਵਿਚ ਇਕ ਲਗਨ ਸੀ। ਆਪਣੀ ਭੈਣ ਦੀ ਇੱਛਾ ਅਨੁਸਾਰ ਇਸਤ੍ਰੀ ਸਤਿਸੰਗ ਦੀ ਸਥਾਪਨਾ ਆਪਣੇ ਜੀਵਨ ਵਿਚ ਹੀ ਕਰ ਦਿੱਤੀ ਸੀ। ਉਨ੍ਹਾਂ ਦੀ ਇੱਛਾ ਅਨੁਸਾਰ ਅੰਮ੍ਰਿਤਸਰ ਕਟੜਾ ਦਲ ਸਿੰਘ ਵਿਚ ਉਨ੍ਹਾਂ ਦਾ ਡੇਰਾ ਇਸਤ੍ਰੀ ਸਤਿਸੰਗ ਦਾ ਆਸ਼ਰਮ ਬਣਿਆ ਹੋਇਆ ਹੈ, ਜਿਸ ਦਾ ਪ੍ਰਬੰਧ ਇਕ ਟਰੱਸਟ ਦੇ ਜ਼ਿੰਮੇ ਹੈ ਅਤੇ ਬੀਬੀ ਜਸਵੰਤ ਕੌਰ ਇਸ ਆਸ਼ਰਮ ਦੀ ਪ੍ਰਬੰਧਕਾ ਹੈ। ਹਰ ਮਹੀਨੇ ਇਸਤ੍ਰੀ ਸਤਿਸੰਗ ਹੁੰਦਾ ਹੈ ਅਤੇ ਗਿਆਰਾਂ ਸਾਵਣ ਨੂੰ ਹਰ ਸਾਲ ਸੰਤ ਸੰਪੂਰਨ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ। ਡੇਰੇ ਵਿਚ ਸੰਤ ਜੀ ਦੇ ਵੱਡੇ ਆਕਾਰ ਦੀ ਤਸਵੀਰ ਹੈ ਜਿਸ ਦੀ ਸ਼ਰਧਾ ਭਰਪੂਰ ਢੰਗ ਨਾਲ ਪੂਜਾ ਕੀਤੀ ਜਾਂਦੀ ਹੈ। ਇਸਤ੍ਰੀ ਸਤਿਸੰਗ ਸੰਤ ਜੀ ਦੇ ਮਹਾਨ ਮਨੋਰਥਾਂ ਦਾ ਹੀ ਇਕ ਸਾਧਾਰਨ ਪੱਖ ਸੀ। ਉਨ੍ਹਾਂ ਦਾ ਮੂਲ ਮਨੋਰਥ ਗੁਰਸਿੱਖੀ ਦਾ ਪ੍ਰਚਾਰ ਅਤੇ ਧਾਰਮਿਕ ਨਿਯਮਾਂ ਅਨੁਸਾਰ ਜੀਵਨ-ਜਾਚ ਸਿਖਾਉਣਾ ਸੀ। ਪਰ ਹੁਣ ਇਸ ਮਨੋਰਥ ਨੂੰ ਪੂਰਾ ਕਰਨ ਵਾਲਾ ਉਨ੍ਹਾਂ ਦਾ ਕੋਈ ਸੇਵਕ ਜਾਂ ਸ਼ਰਧਾਲੂ ਨਹੀਂ ਹੈ ਅਤੇ ਕੇਵਲ ਇਸਤ੍ਰੀ ਸਤਿਸੰਗ ਦੀ ਸੀਮਤ ਸੰਸਥਾ ਬਣ ਕੇ ਰਹਿ ਗਿਆ ਹੈ। ਧਰਮ ਪ੍ਰਚਾਰ, ਸਾਹਿਤ ਸਿਰਜਨਾ ਅਤੇ ਵਿੱਦਿਆ ਪੜ੍ਹਾਉਣ ਦੇ ਮਨੋਰਥ ਨੂੰ ਲਗਭਗ ਤਿਆਗ ਦਿੱਤਾ ਹੈ। ਨਿਰਮਲ ਸੰਪ੍ਰਦਾਇ ਦੇ ਅਧਿਕਾਰੀਆਂ ਵੱਲੋਂ ਵੀ ਉਨ੍ਹਾਂ ਦੇ ਰਚੇ ਸਾਹਿਤ ਨੂੰ ਪ੍ਰਕਾਸ਼ਤ ਕਰਨ ਲਈ ਕੋਈ ਪ੍ਰਬੰਧ ਨਹੀਂ ਹੈ। ਸੰਤ ਸੰਪੂਰਨ ਸਿੰਘ ਦੇ ਟਰੱਸਟ ਨੇ ਉਨ੍ਹਾਂ ਦੀਆਂ ਕੁਝ ਰਚਨਾਵਾਂ ਪ੍ਰਕਾਸ਼ਤ ਕਰਵਾਈਆਂ ਹਨ ਜੋ ਕਿ ਉਨ੍ਹਾਂ ਦੇ ਡੇਰੇ ਵਿਚੋਂ ਪ੍ਰਾਪਤ ਹੋ ਸਕਦੀਆਂ ਹਨ।

ਨਿਰਮਲ ਸੰਪ੍ਰਦਾਇ ਦੇ ਸੰਤ ਜੈਮਲ ਸਿੰਘ ਭੂਰੀ ਵਾਲੇ ਨੇ ਸੇਵਾ ਅਤੇ ਪ੍ਰਚਾਰ ਦੇ ਪੱਖ ਤੋਂ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਅੰਮ੍ਰਿਤਸਰ ਵਿਚ ਉਨ੍ਹਾਂ ਦਾ ਡੇਰਾ ਸੰਤ ਭੂਰੀ ਵਾਲੇ ਦਾ ਡੇਰਾ ਅਖਵਾਉਂਦਾ ਹੈ।

ਸੰਤ ਜੈਮਲ ਸਿੰਘ ਦੇ ਵੱਡੇ ਮਹਾਂ ਪੁਰਖ ਸੰਤ ਮੋਹਰ ਸਿੰਘ ਨਿਰਮਲਾ, ਹੋਤੀ ਵਾਲੇ ਸਨ। ਮੋਹਰ ਸਿੰਘ ਦਾ ਸ਼ਿਸ਼ ਸੰਤ ਗੋਪਾਲ ਸਿੰਘ ਸੀ ਅਤੇ ਜੈਮਲ ਸਿੰਘ (ਭੂਰੀ ਵਾਲੇ) ਸੰਤ ਗੋਪਾਲ ਸਿੰਘ ਦੇ ਸ਼ਿਸ਼ ਹਨ। *ਇਨ੍ਹਾਂ ਦਾ ਸਮੁੱਚਾ ਜੀਵਨ ਇਕ ਵਿਰਕਤ ਸੇਵਾਦਾਰ ਸੰਤ ਦਾ ਜੀਵਨ ਹੈ। ਧਾਰਮਿਕ ਸੰਸਥਾਵਾਂ ਦੀ ਆਪਣੇ ਹੱਥੀਂ ਸੇਵਾ ਕਰਨਾ ਸੰਤ ਜੈਮਲ ਸਿੰਘ ਦੇ ਜੀਵਨ ਦਾ ਮੂਲ ਆਦਰਸ਼ ਰਿਹਾ ਹੈ। ਬਚਪਨ ਵਿਚ ਮਜ਼ਦੂਰੀ ਕਰ ਕੇ ਜੋ ਪੈਸਾ ਕਮਾਉਂਦੇ ਸਨ, ਉਹ ਦਰਬਾਰ ਸਾਹਿਬ ਆ ਕੇ ਭੇਟਾ ਕਰ ਦੇਂਦੇ ਸਨ। ਆਤਮਕ ਪਵਿੱਤਰਤਾ ਅਤੇ ਸੇਵਾ ਭਾਵਨਾ

* ਨਿਰਮਲ ਪੰਥ ਦਰਸ਼ਨ-ਹਿੱਸਾ ਦੂਜਾ-ਪੰਨਾ 452।

www.sikhbookclub.com

ਦੇ ਕਾਰਨ ਏਨੇ ਪ੍ਰਸਿੱਧ ਹੋ ਗਏ ਕਿ ਇਨ੍ਹਾਂ ਦੀ ਇੱਛਾ ਅਨੁਸਾਰ ਹਜ਼ਾਰਾਂ ਸ਼ਰਧਾਲੂਆਂ ਨੇ ਅੰਮ੍ਰਿਤਸਰ ਦੇ ਗੁਰਦੁਆਰਿਆਂ ਦੀ ਸੇਵਾ ਕੀਤੀ। ਸੰਸਥਾਵਾਂ ਦੀ ਸੇਵਾ ਤੋਂ ਇਲਾਵਾ ਸਤਿਸੰਗ ਅਤੇ ਕਥਾ ਵਾਰਤਾ ਵੀ ਕਰਦੇ ਹਨ ਅਤੇ ਇਨ੍ਹਾਂ ਦੇ ਸ਼ਿਸ਼ ਸੰਤ ਗੁਰਦਿਆਲ ਸਿੰਘ ਦਮਦਮੇ ਸਾਹਿਬ ਸੇਵਾ ਕਰ ਰਹੇ ਹਨ।

ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਤਰਨ ਤਾਰਨ ਸੜਕ ਉੱਤੇ ਸੰਤ ਭੂਰੀ ਵਾਲੇ ਦਾ ਡੇਰਾ ਹੈ ਜਿਸ ਦਾ ਨਾਮ 'ਤਪੋ ਭਵਨ' ਹੈ। ਹਜ਼ਾਰਾਂ ਲੋਕ ਇਨ੍ਹਾਂ ਦੇ ਸਤਿਸੰਗ ਵਿਚ ਭਾਗ ਲੈਂਦੇ ਹਨ ਅਤੇ ਪਿੰਡਾਂ ਵਿਚੋਂ ਹਰ ਪ੍ਰਕਾਰ ਦਾ ਰਾਸ਼ਨ ਇਨ੍ਹਾਂ ਦੇ ਡੇਰੇ ਵਿਚ ਪੁੱਜਦਾ ਹੈ ਜੋ ਗੁਰਦੁਆਰਿਆਂ ਦੀ ਸੇਵਾ ਕਰ ਰਹੇ ਸੇਵਾਦਾਰਾਂ ਲਈ ਸਦਾ ਲੰਗਰ ਵਿਚ ਵਰਤਿਆ ਵਰਤਾਇਆ ਜਾਂਦਾ ਹੈ। ਇਨ੍ਹਾਂ ਬਾਰੇ ਨਿਰਮਲੇ ਸਾਹਿਤਕਾਰ ਮਹੰਤ ਦਿਆਲ ਸਿੰਘ ਨੇ ਲਿਖਿਆ ਹੈ, "ਨਿਰਮਲ ਪੰਥ ਵਿਚ ਸਤਿਕਾਰ ਹੈ.....ਸਤਿਸੰਗ ਕਥਾ ਵਾਰਤਾ ਕਰਦੇ ਹੋਤੀ ਸੰਪ੍ਰਦਾਇ ਦਾ ਨਾਮ ਰੋਸ਼ਨ ਕਰ ਰਹੇ ਹਨ।"

ਅੰਮ੍ਰਿਤਸਰ ਦੇ ਡੇਰਿਆਂ ਵਿਚ ਰਹਿ ਰਹੇ ਨਿਰਮਲੇ ਸੰਤ ਨਿਰਸੰਦੇਹ ਆਪਣੀ ਸੰਪ੍ਰਦਾਇ ਨੂੰ ਜੀਵਤ ਰੱਖਣ ਲਈ ਯਤਨਸ਼ੀਲ ਹਨ ਅਤੇ ਸੰਪ੍ਰਦਾਇ ਦੀ ਮਰਿਆਦਾ ਅਨੁਸਾਰ ਹੀ ਜੀਵਨ ਬਤੀਤ ਕਰਦੇ ਹਨ ਪਰ ਪਰਸਪਰ ਸਹਿਯੋਗ ਦੀ ਘਾਟ ਹੈ। ਸਮੂਹਕ ਰੂਪ ਵਿਚ ਕੰਮ ਕਰਨ ਦੀ ਥਾਂ ਸਾਰੇ ਸੰਤ ਆਪੋ ਆਪਣੇ ਡੇਰਿਆਂ ਦੀ ਰੀਤ ਨੂੰ ਗੁਰੂ ਸ਼ਿਸ਼ ਦੀ ਲੜੀ ਕਾਇਮ ਰੱਖਦੇ ਹੋਏ ਅੱਗੇ ਤੋਰ ਰਹੇ ਹਨ। ਜੋ ਡੇਰੇ ਸਾਹਿਤਕਾਰਾਂ ਦੀਆਂ ਸੰਸਥਾਵਾਂ ਸਨ, ਉਨ੍ਹਾਂ ਵਿਚੋਂ ਬਹੁਤੇ ਕੇਵਲ ਚਿੰਨ੍ਹ-ਮਾਤ੍ਰ ਹੀ ਨਿਰਮਲਿਆਂ ਦੇ ਡੇਰੇ ਆਖੇ ਜਾ ਸਕਦੇ ਹਨ। ਵਿਦਵਤਾ ਅਤੇ ਸਾਹਿਤ ਕਲਾ ਦਾ ਪੱਖ ਅਲੋਪ ਹੋ ਚੁੱਕਾ ਹੈ। ਨਿਤਾਪ੍ਰਤੀ ਜੀਵਨ ਵਿਚ ਸੰਪ੍ਰਦਾਇ ਦੇ ਮੁੱਖ ਮਨੋਰਥਾਂ ਦੀ ਥਾਂ ਉਪਜੀਵਕਾ ਦੇ ਸਾਧਨਾਂ ਨੂੰ ਪ੍ਰਮੁੱਖ ਰੱਖਿਆ ਹੋਇਆ ਹੈ ਅਤੇ ਧਰਮ-ਪ੍ਰਚਾਰ ਤੇ ਪਠਨ-ਪਾਠਨ ਦਾ ਮਹਾਨ ਮਨੋਰਥ ਗੌਣ ਰੂਪ ਵਿਚ ਪਰੀਵਰਤ ਹੋ ਗਿਆ ਜਾਪਦਾ ਹੈ। ਡੇਰਿਆਂ ਵਿਚ ਕੀਰਤਨ, ਸਤਿਸੰਗ ਅਤੇ ਹੋਰ ਧਾਰਮਿਕ ਪ੍ਰਕਾਰ ਦੇ ਸਮਾਗਮ ਬਹੁਤ ਹੀ ਘੱਟ ਹੁੰਦੇ ਹਨ।

ਪੰਜਾਬ ਵਿਚ ਅੰਮ੍ਰਿਤਸਰ ਤੋਂ ਬਾਅਦ ਨਿਰਮਲ ਸੰਪ੍ਰਦਾਇ ਦੇ ਪ੍ਰਚਾਰਕਾਂ ਅਤੇ ਸਾਹਿਤਕਾਰਾਂ ਦਾ ਦੂਜਾ ਵੱਡਾ ਕੇਂਦਰ ਪਟਿਆਲਾ ਆਖਿਆ ਜਾ ਸਕਦਾ ਹੈ। ਇਹ ਕਹਿਣਾ ਵੀ ਅਯੋਗ ਨਹੀਂ ਹੋਵੇਗਾ ਕਿ ਪਟਿਆਲਾ ਸਮੁੱਚੀ ਭਾਰਤੀ ਨਿਰਮਲ ਸੰਪ੍ਰਦਾਇ ਦਾ ਕੇਂਦਰੀ ਗੜ੍ਹ ਸੀ ਕਿਉਂਕਿ ਮਹਾਰਾਜਾ ਪਟਿਆਲਾ ਦੀ ਸਹਾਇਤਾ ਨਾਲ ਨਿਰਮਲ ਪੰਚਾਇਤੀ ਅਖਾੜਾ ਪਟਿਆਲਾ ਵਿਖੇ ਧਰਮ ਧੁਜਾ ਵਿਚ ਕਾਇਮ ਹੋਇਆ ਸੀ। ਇਸ ਸ਼ਹਿਰ ਵਿਚ ਪੰਚਾਇਤੀ ਅਖਾੜੇ ਦੀ ਸਥਾਪਨਾ ਕਾਰਨ, ਵਰਤਮਾਨ ਸਥਿਤੀ ਦਾ ਮੁਲਾਂਕਣ ਕਰਨ ਲਈ, ਏਥੋਂ ਦੇ ਡੇਰਿਆਂ ਦਾ ਸਰਵੇਖਣ ਵੀ ਅਵੱਸ਼ਕ ਬਣ ਜਾਂਦਾ ਹੈ।

www.sikhbookclub.com

ਪਟਿਆਲੇ ਵਿਚ ਧਰਮ ਧੁਜਾ ਦੀ ਸਥਾਪਨਾ ਨਿਰਮਲ ਸੰਪ੍ਰਦਾਇ ਦੇ ਇਤਿਹਾਸ ਵਿਚ ਇਕ ਮੀਲ ਪੱਥਰ ਹੈ। ਇਸ ਭਵਨ ਵਿਚ ਨਿਰਮਲ ਸੰਪ੍ਰਦਾਇ ਵਲੋਂ ਵਿੱਦਿਆ ਪੜ੍ਹਾਉਣ ਦਾ ਪ੍ਰਬੰਧ ਹੁੰਦਾ ਸੀ ਅਤੇ ਕਈ ਵਿਦਵਾਨ ਪ੍ਰਚਾਰਕ ਏਥੇ ਰਹਿ ਕੇ ਸੰਪ੍ਰਦਾਇ ਦੇ ਪ੍ਰਚਾਰ ਲਈ ਸਮਾਗਮ ਕਰਦੇ ਹੁੰਦੇ ਸਨ ਅਤੇ ਇਸ ਦੀ ਮਹੱਤਤਾ ਦੇ ਕਾਰਨ ਹੀ ਏਥੇ ਸੰਪ੍ਰਦਾਇਕ ਸਾਹਿਤ ਵੀ ਪ੍ਰਾਪਤ ਹੁੰਦਾ ਸੀ। ਅੱਜ ਕੱਲ ਇਹ ਭਵਨ ਕੇਵਲ ਇਕ ਸਰਾਂ ਦੇ ਰੂਪ ਵਿਚ ਬਦਲ ਗਿਆ ਹੈ। ਇਸ ਦੇ ਪ੍ਰਬੰਧਕ ਮਹੰਤ ਜ਼ੋਰਾ ਸਿੰਘ ਹਨ ਜੋ ਕਿ ਭਵਨ ਦੀ ਦੇਖ ਭਾਲ ਕਰਦੇ ਹਨ। ਅਖਾੜੇ ਦੀ ਅਜੋਕੀ ਅਵਸਥਾ ਜਾਣਨ ਲਈ ਮੈਂ ਮਹੰਤ ਜ਼ੋਰਾ ਸਿੰਘ ਤੋਂ ਜੋ ਪ੍ਰਸ਼ਨ ਪੁੱਛੇ, ਉਨ੍ਹਾਂ ਦਾ ਉੱਤਰ ਉਸ ਨੇ ਇਹੋ ਦਿੱਤਾ ਕਿ ਹੁਣ ਇਹ ਅਖਾੜਾ ਸਿਵਾਇ ਇਕ ਧਰਮਸ਼ਾਲ ਦੇ ਹੋਰ ਕੁਝ ਵੀ ਨਹੀਂ ਹੈ। ਇਥੇ ਸਾਹਿਤਕ ਪੁਸਤਕਾਂ ਅਤੇ ਗ੍ਰੰਥ ਹੁਣ ਨਹੀਂ ਹਨ, ਕੇਵਲ ਸੰਪ੍ਰਦਾਇ ਦੇ ਖ਼ਰਚ ਆਮਦਨ ਦੀਆਂ ਪੁਰਾਣੀਆਂ ਵਹੀਆਂ ਪਈਆਂ ਹਨ। ਹੁਣ ਉਥੇ ਪਹਿਲਾਂ ਵਾਂਗ ਵਿੱਦਿਆ ਅਤੇ ਪ੍ਰਚਾਰ ਦੇ ਕੰਮਾਂ ਲਈ ਵਿਦਵਾਨ ਸੰਤ ਨਹੀਂ ਰਹਿੰਦੇ। ਕੇਵਲ ਬਾਹਰੋਂ ਆਏ ਸੰਤ ਦੋ ਚਾਰ ਦਿਨ ਲਈ ਠਹਿਰ ਸਕਦੇ ਸਨ। ਮਹੰਤ ਜ਼ੋਰਾ ਸਿੰਘ ਦੇ ਉੱਤਰ ਨੇ ਅਖਾੜੇ ਦੀ ਅਧੋਗਤੀ ਦਾ ਚਿੱਤਰ ਖਿੱਚ ਦਿੱਤਾ ਜੋ ਕਿ ਪ੍ਰਚਾਰ ਲਈ ਘੱਟ ਰਹੇ ਉਤਸ਼ਾਹ ਦੀ ਸੂਚਕ ਹੈ।

ਪਟਿਆਲੇ ਵਿਚ ਦੂਜਾ ਵਿਸ਼ੇਸ਼ ਡੇਰਾ ਤਾਰਾ ਸਿੰਘ ਨਰੋਤਮ ਤੇ ਸੰਤ ਸਾਧੂ ਸਿੰਘ ਦਾ ਡੇਰਾ ਸੀ। ਤਾਰਾ ਸਿੰਘ ਨਰੋਤਮ ਨਿਰਮਲ ਸੰਪ੍ਰਦਾਇ ਦੇ ਉੱਚ ਕੋਟੀ ਦੇ ਵਿਦਵਾਨ ਸਨ। ਉਨ੍ਹਾਂ ਨੇ ਨਾ ਕੇਵਲ ਆਪਣੀ ਸੰਪ੍ਰਦਾਇ ਦੀ ਬਲਕਿ ਸਮੁੱਚੇ ਸਿੱਖ ਪੰਥ ਦੀ ਏਨੀ ਸੇਵਾ ਕੀਤੀ ਹੈ ਕਿ ਉਨ੍ਹਾਂ ਦੇ ਡੇਰੇ ਨੂੰ ਇਕ ਯਾਦਗਾਰੀ ਡੇਰਾ ਬਣਾ ਦੇਣ ਦੀ ਲੋੜ ਹੈ। ਪਰ ਉਨ੍ਹਾਂ ਦੇ ਸ਼ਿਸ਼ਾਂ ਜਾਂ ਸ਼ਰਧਾਲੂਆਂ ਨੇ ਉਨ੍ਹਾਂ ਦੀ ਮੌਤ ਤੋਂ ਬਾਅਦ ਡੇਰੇ ਨੂੰ ਸੰਭਾਲਣ ਦੀ ਥਾਂ ਉਸ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ ਹੈ। ਡੇਰੇ ਵਿਚ ਤਾਰਾ ਸਿੰਘ ਨਰੋਤਮ ਦੀ ਇਕ ਲਾਇਬ੍ਰੇਰੀ ਸੀ ਅਤੇ ਇਸ ਤੋਂ ਉਪ੍ਰੰਤ ਇਨ੍ਹਾਂ ਦੀਆਂ ਆਪਣੀਆਂ ਅਣ-ਛੱਪੀਆਂ ਲਿਖਤਾਂ ਵੀ ਸਨ, ਪਰ ਉਥੇ ਜਾ ਕੇ ਪਤਾ ਲੱਗਾ ਕਿ ਉਥੇ ਨਾ ਕੋਈ ਪੁਸਤਕ ਹੈ ਤੇ ਨਾ ਹੱਥ-ਲਿਖਤ ਹੈ। ਕੇਵਲ ਇਕ ਟਰੰਕ ਵਿਚ ਕੁਝ ਫਟੀਆਂ ਪੁਰਾਣੀਆਂ ਸੰਸਕ੍ਰਿਤ ਦੀਆਂ ਪੁਸਤਕਾਂ ਪਈਆਂ ਸਨ ਅਤੇ ਡੇਰਾ ਵੀਰਾਨ ਹੈ। ਇਕ ਪਾਸੇ ਕੋਲੇ ਦਾ ਡਿਪੋ ਹੈ ਅਤੇ ਇਕ ਨੁਕਰ ਵਿਚ ਦੋ ਪੁਰਾਣੇ ਜਿਹੇ ਕਮਰੇ ਹਨ ਜਿਨ੍ਹਾਂ ਵਿਚ ਇਕ ਸੰਤ ਨਿਵਾਸ ਕਰਦੇ ਹਨ। ਉਨ੍ਹਾਂ ਨੂੰ ਇਸ ਡੇਰੇ ਵਿਚ ਆਇਆਂ ਤਿੰਨ ਕੁ ਸਾਲ ਹੋਏ ਹਨ। ਨਰੋਤਮ ਦੀ ਮੌਤ ਤੋਂ ਬਾਅਦ ਇਸ ਡੇਰੇ ਦਾ ਪੂਰਾ ਇਤਿਹਾਸ ਦੱਸਣ ਤੋਂ ਉਹ ਅਸਮਰਥ ਸਨ। ਉਹ ਤਾਂ ਕੇਵਲ ਸ਼ਰਧਾ ਭਾਵਨਾ ਨਾਲ ਡੇਰੇ ਦਾ ਬੂਹਾ ਖੁੱਲ੍ਹਾ ਰੱਖਣ ਲਈ ਅਤੇ ਰਾਤੀ ਜੋਤ ਜਗਾਉਣ ਲਈ ਏਥੇ ਠਹਿਰ ਰਹੇ ਹਨ। ਮਹਾਨ ਸਾਹਿਤਕਾਰ ਦੀ ਯਾਦ ਵਿਚ ਕੋਈ ਸਮਾਗਮ ਏਥੇ ਨਹੀਂ ਹੁੰਦਾ ਅਤੇ ਨਾ ਹੀ ਸੰਪ੍ਰਦਾਇ ਵੱਲੋਂ ਉਨ੍ਹਾਂ ਦੀ ਕੋਈ ਬਰਸੀ ਮਨਾਈ ਜਾਂਦੀ ਹੈ ਜਦੋਂ ਕਿ ਅਨੇਕ ਨਿਰਮਲੇ ਸੰਤਾਂ ਦੀਆਂ ਬਰਸੀਆਂ ਉਨ੍ਹਾਂ ਦੇ ਡੇਰਿਆਂ ਵਿਚ ਮਨਾਈਆਂ ਜਾਂਦੀਆਂ ਸਨ। ਨਿਰਮਲ ਸੰਪ੍ਰਦਾਇ ਦੇ ਅਧਿਕਾਰੀ ਨਰੋਤਮ ਦੀਆਂ ਰਚਨਾਵਾਂ ਉੱਤੇ ਬੜਾ

www.sikhbookclub.com

ਮਾਨ ਕਰਦੇ ਹਨ ਪਰ ਉਨ੍ਹਾਂ ਦੇ ਡੇਰੇ ਵਿਚ ਉਨ੍ਹਾਂ ਦੀ ਕੋਈ ਯਾਦਗਾਰ ਕਾਇਮ ਨਹੀਂ ਕੀਤੀ। ਚੰਗਾ ਹੁੰਦਾ ਜੇ ਨਰੋਤਮ ਦੇ ਡੇਰੇ ਵਿਚ ਵਿੱਦਿਆ ਪੜ੍ਹਾਉਣ ਦਾ ਪ੍ਰਬੰਧ ਹੁੰਦਾ ਅਤੇ ਉਨ੍ਹਾਂ ਦੇ ਲਿਖੇ ਗ੍ਰੰਥਾਂ ਉੱਤੇ ਖੋਜ ਕੀਤੀ ਜਾਂਦੀ। ਤਾਂ ਹੀ ਨਰੋਤਮ ਦੇ ਕੰਮਾਂ ਨਾਲ ਨਿਆਂ ਹੋ ਸਕਦਾ ਸੀ।

ਪਟਿਆਲੇ ਵਿਚ ਗਾਂਧਾ ਸਿੰਘ ਅਤੇ ਜੱਸਾ ਸਿੰਘ ਦੇ ਦੋ ਹੋਰ ਡੇਰੇ ਹਨ ਜੋ ਕਿ ਨਿਰਮਲ ਸੰਪ੍ਰਦਾਇ ਨਾਲ ਸਬੰਧਿਤ ਹਨ ਅਤੇ ਉਨ੍ਹਾਂ ਦੀ ਦੇਖ ਭਾਲ ਲਈ ਸਵਰਗਵਾਸੀ ਸੰਤਾਂ ਦੇ ਸ਼ਿਸ਼ ਰਹਿ ਰਹੇ ਹਨ। ਏਥੇ ਕੋਈ ਪੁਰਾਣੀ ਜਾਂ ਨਵੀਂ ਸਾਹਿਤਕ ਕਿਰਤ ਨਹੀਂ ਮਿਲਦੀ ਅਤੇ ਨਾ ਹੀ ਕੋਈ ਹੋਰ ਧਾਰਮਿਕ ਸਮਾਗਮ ਹੁੰਦਾ ਹੈ।

ਪਟਿਆਲਾ ਸ਼ਹਿਰ ਵਿਚ ਨਿਰਮਲ ਸੰਪ੍ਰਦਾਇ ਦੇ ਵਿਦਵਾਨਾਂ ਨੂੰ ਮਹਾਰਾਜਾ ਪਟਿਆਲਾ ਦੀ ਸਰਪ੍ਰਸਤੀ ਪ੍ਰਾਪਤ ਸੀ ਜਿਸ ਕਰ ਕੇ ਇਸ ਜ਼ਿਲ੍ਹੇ ਵਿਚ ਇਸ ਸੰਪ੍ਰਦਾਇ ਨੇ ਦੂਜੇ ਜ਼ਿਲ੍ਹਿਆਂ ਨਾਲੋਂ ਵਧੇਰੇ ਵਿਕਾਸ ਕੀਤਾ। ਪਿੰਡਾਂ ਵਿਚ ਸੰਪ੍ਰਦਾਇ ਦੇ ਸੰਤਾਂ ਨੇ ਪ੍ਰਚਾਰ ਕਰਨ ਲਈ ਸਥਾਈ ਡੇਰੇ ਕਾਇਮ ਕਰ ਲਏ ਸਨ। ਏਸੇ ਜ਼ਿਲ੍ਹੇ ਦੇ ਇਕ ਪਿੰਡ ਠੀਕਰੀਵਾਲਾ ਵਿਚ ਸੰਪ੍ਰਦਾਇ ਨੇ ਇਕ ਲਾਇਬ੍ਰੇਰੀ ਬਣਾ ਲਈ ਜਿਸ ਬਾਰੇ ਮਹੰਤ ਦਿਆਲ ਸਿੰਘ ਨੇ ਆਪਣੀ ਪੁਸਤਕ 'ਨਿਰਮਲ ਪੰਥ ਦਰਸ਼ਨ' ਵਿਚ ਲਿਖਿਆ ਹੈ ਕਿ ਇਹ ਸੰਪ੍ਰਦਾਇ ਦੀਆਂ ਲਾਇਬ੍ਰੇਰੀਆਂ ਵਿਚੋਂ ਸਭ ਤੋਂ ਵੱਡੀ ਲਾਇਬ੍ਰੇਰੀ ਹੈ ਜਿੱਥੇ ਹਿੰਦੀ, ਸੰਸਕ੍ਰਿਤ ਅਤੇ ਪੰਜਾਬੀ ਦੀਆਂ ਹਜ਼ਾਰਾਂ ਪੁਸਤਕਾਂ ਇਕੱਠੀਆਂ ਕੀਤੀਆਂ ਹੋਈਆਂ ਸਨ। ਪਰ ਵਰਤਮਾਨ ਸੰਤ ਪ੍ਰਬੰਧਕਾਂ ਨੇ ਇਸ ਦੀ ਮਹੱਤਤਾ ਤੇ ਉਪਯੋਗਤਾ ਨੂੰ ਨਾ ਸਮਝਿਆ ਅਤੇ ਪੁਸਤਕਾਂ ਵੇਚਣੀਆਂ ਸ਼ੁਰੂ ਕਰ ਦਿੱਤੀਆਂ ਜਾਂ ਬਾਹਰੋਂ ਆਏ ਸੰਤ ਆਪਣੀ ਲੋੜ ਅਨੁਸਾਰ ਪੁਸਤਕਾਂ ਲੈ ਜਾਂਦੇ ਤੇ ਵਾਪਸ ਨਾ ਕਰਦੇ। ਇਸ ਪ੍ਰਕਾਰ ਕੀਮਤੀ ਸਾਹਿਤ ਦਾ ਇਹ ਭੰਡਾਰ ਖੇਰੂੰ-ਖੇਰੂੰ ਹੋਣ ਲੱਗਾ। ਪਟਿਆਲੇ ਦੇ ਰਾਜ ਘਰਾਣੇ ਵਿਚੋਂ ਕੰਵਰ ਮ੍ਰਿਗੇਂਦਰ ਸਿੰਘ ਸੰਸਕ੍ਰਿਤ ਦੇ ਵਿਦਵਾਨ ਅਤੇ ਨਿਰਮਲ ਸੰਪ੍ਰਦਾਇ ਦੇ ਅਨੁਆਈ ਹਨ। ਉਨ੍ਹਾਂ ਨੇ ਠੀਕਰੀਵਾਲਾ ਪਿੰਡ ਦੀ ਲਾਇਬ੍ਰੇਰੀ ਦੀ ਦਸ਼ਾ ਵੇਖਦੇ ਹੋਏ ਇਸ ਨੂੰ ਸੰਭਾਲਣ ਦਾ ਯਤਨ ਕੀਤਾ ਕਿਉਂਕਿ ਇਹ ਸਾਹਿਤ-ਭੰਡਾਰ ਗੁਰਮਤ ਬਾਰੇ ਖੋਜ ਦਾ ਇਕ ਸਰੋਤ ਆਖਿਆ ਜਾ ਸਕਦਾ ਹੈ। ਕੰਵਰ ਮ੍ਰਿਗੇਂਦਰ ਸਿੰਘ ਏਥੋਂ ਸਾਰੀਆਂ ਬਚੀਆਂ ਹੋਈਆਂ ਪੁਸਤਕਾਂ ਲੈ ਆਏ, ਜਿਨ੍ਹਾਂ ਵਿਚੋਂ ਕੁਝ ਸ਼ਿਮਲੇ ਰਿਸਰਚ ਇੰਸਟੀਚਿਊਟ ਨੂੰ ਭੇਟਾ ਕਰ ਦਿੱਤੀਆਂ ਅਤੇ ਸੰਸਕ੍ਰਿਤ ਭਾਸ਼ਾ ਦਾ ਕੁਝ ਸਾਹਿਤ ਨਿਰਮਲ ਪੰਚਾਇਤੀ ਅਖਾੜਾ ਕਨਖਲ (ਹਰਿਦੁਆਰ) ਵਿਚ ਦੇ ਆਏ। ਹੁਣ ਠੀਕਰੀਵਾਲੇ ਦੇ ਨਿਰਮਲ ਡੇਰੇ ਵਿਚ ਨਿਰਮਲੇ ਸੰਤਾਂ ਦਾ ਕੋਈ ਸਾਹਿਤ ਨਹੀਂ ਮਿਲਦਾ, ਕੇਵਲ ਕੁਝ ਸੰਤ ਨਿਰਮਲ ਮਰਿਆਦਾ ਅਨੁਸਾਰ ਉਸ ਡੇਰੇ ਵਿਚ ਰਹਿ ਰਹੇ ਹਨ। ਠੀਕਰੀਵਾਲਾ ਦੀ ਲਾਇਬ੍ਰੇਰੀ ਦਾ ਬਿਖਰ ਕੇ ਸਮਾਪਤ ਹੋ ਜਾਣਾ ਇਕ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ, ਜਿਸ ਦਾ ਕਾਰਨ ਸੰਪ੍ਰਦਾਇ ਦੇ ਪ੍ਰਬੰਧਕਾਂ ਦੀ ਆਪਣੇ ਅਮੋਲਕ ਸਾਹਿਤ ਨੂੰ ਸੰਭਾਲਣ ਵੱਲੋਂ ਬੇ-ਪਰਵਾਹੀ ਅਤੇ ਮਿਸ਼ਨਰੀ ਸਪਿਰਟ ਨਾਲ ਪ੍ਰਚਾਰ ਕਰਨ ਲਈ ਘੱਟ ਰਿਹਾ ਉਤਸ਼ਾਹ ਹੈ।

www.sikhbookclub.com

ਡੇਰਾ ਪੰਡੋਰੀ ਨਿਝਰਾਂ ਸੰਤ ਸੁੰਦਰ ਸਿੰਘ 'ਕਥਾ ਵਾਲੇ' ਦਾ ਡੇਰਾ ਹੈ। ਸੰਤ ਸੁੰਦਰ ਸਿੰਘ ਇਕ ਸੂਝਵਾਨ ਕਥਾਕਾਰ ਅਤੇ ਪ੍ਰਚਾਰਕ ਹਨ। ਸੰਪ੍ਰਦਾਇ ਦੀ ਪਰੰਪਰਾ ਨੂੰ ਚਿਰੰਜੀਵ ਰੱਖਦੇ ਹੋਏ ਆਪਣੇ ਸਾਹਿਤ ਦਾ ਅਧਿਐਨ ਕਰਦੇ ਅਤੇ ਧਾਰਮਿਕ ਦੀਵਾਨਾਂ ਵਿਚ ਜਾ ਕੇ ਗੁਰਮਤ ਦਾ ਪ੍ਰਚਾਰ ਕਰਦੇ ਹਨ। ਗੁਰਬਾਣੀ ਦਾ ਟੀਕਾ ਵੀ ਕਰਦੇ ਹਨ ਜੋ ਕਈ ਵਾਰ, ਲੜੀਵਾਰ 'ਨਿਰਮਲ ਉਦੇਸ਼' ਵਿਚ ਛੱਪਦਾ ਰਿਹਾ ਹੈ। ਇਨ੍ਹਾਂ ਦੇ ਪ੍ਰਚਾਰ ਦਾ ਘੇਰਾ ਵਧੇਰੇ ਕਰ ਕੇ ਪਿੰਡਾਂ ਵਿਚ ਹੈ। ਡੇਰੇ ਵਿਚ ਇਨ੍ਹਾਂ ਦੇ ਸ਼ਿਸ਼ ਵਿੱਦਿਆ ਪੜ੍ਹਦੇ ਅਤੇ ਕੁਝ ਲੋਕਾਂ ਨੂੰ ਗੁਰਮੁਖੀ ਵਿੱਦਿਆ ਪੜ੍ਹਾਉਂਦੇ ਹਨ। ਸੰਤ ਸੁੰਦਰ ਸਿੰਘ ਦਾ ਪਹਿਰਾਵਾ ਪ੍ਰਾਚੀਨ ਸੰਤਾਂ ਵਾਲਾ ਹੈ। ਦਸਤਾਰ ਤੇ ਅਣਸੀਤੇ ਕੱਪੜੇ ਦਾ ਚੋਲਾ ਪਹਿਨਦੇ ਹਨ ਜਿਸ ਕਰਕੇ ਇਨ੍ਹਾਂ ਦੀ ਰਹਿਣੀ ਬਹਿਣੀ ਆਮ ਸਿੱਖਾਂ ਨਾਲੋਂ ਵੱਖਰੀ ਹੈ। ਪ੍ਰਚਾਰ ਦੇ ਰੁਝੇਵਿਆਂ ਕਾਰਨ ਡੇਰੇ ਵਿਚ ਬਹੁਤ ਥੋੜਾ ਸਮਾਂ ਠਹਿਰਦੇ ਹਨ। ਪੁਰਾਤਨ ਸਾਹਿਤ ਦੀਆਂ ਹੱਥ-ਲਿਖਤਾਂ ਜਾਂ ਛੱਪੀਆਂ ਰਚਨਾਵਾਂ ਇਨ੍ਹਾਂ ਦੇ ਡੇਰੇ ਵਿਚੋਂ ਵੀ ਨਹੀਂ ਮਿਲ ਸਕੀਆਂ।

ਪਿੰਡ ਸ਼ੁਕਰੁਲਾਪੁਰ ਜ਼ਿਲ੍ਹਾ ਰੋਪੜ ਵਿਚ ਮਹੰਤ ਜੈ ਸਿੰਘ ਦਾ ਡੇਰਾ ਹੈ। ਇਸ ਮਹੰਤ ਵਿਚ ਅਜੇ ਵੀ ਉਹ ਉਤਸ਼ਾਹ ਕਾਇਮ ਹੈ ਜਿਸ ਉਤਸ਼ਾਹ ਨਾਲ ਸੰਪ੍ਰਦਾਇ ਦੇ ਪੂਰਬਲੇ ਵਿਦਵਾਨਾਂ ਨੇ ਪ੍ਰਚਾਰ ਦੀ ਮੁਹਿੰਮ ਆਰੰਭੀ ਸੀ। ਇਨ੍ਹਾਂ ਦੇ ਡੇਰੇ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਦੂਜੇ ਡੇਰਿਆਂ ਨਾਲੋਂ ਵੱਖਰੀ ਗੱਲ ਜੋ ਇਸ ਡੇਰੇ ਵਿਚ ਹੈ, ਉਹ ਇਹ ਹੈ ਕਿ ਇਨ੍ਹਾਂ ਨੇ ਆਦਿ ਗ੍ਰੰਥ ਵਾਲੇ ਕਮਰੇ ਵਿਚ ਆਪਣੇ ਗੁਰੂਆਂ ਦੀਆਂ ਤਸਵੀਰਾਂ ਨਹੀਂ ਲਗਾਈਆਂ। ਰਹਿਣੀ ਬਹਿਣੀ ਆਮ ਸਿੱਖਾਂ ਨਾਲੋਂ ਭਿੰਨ ਹੈ। ਭਗਵੇ ਰੰਗ ਦਾ ਵੇਸ ਪਹਿਨਦੇ ਹਨ ਅਤੇ ਕੇਸ ਰੱਖਣ ਤੋਂ ਇਲਾਵਾ ਬਾਕੀ ਕਕਾਰਾਂ ਦੀ ਪਾਬੰਦੀ ਪਰਵਾਨ ਨਹੀਂ ਕਰਦੇ। ਮਹੰਤ ਜੈ ਸਿੰਘ ਇਕ ਕਥਾਕਾਰ ਪ੍ਰਚਾਰਕ ਸੰਤ ਹਨ ਜੋ ਸਾਹਿਤ ਦਾ ਅਧਿਐਨ ਬੜੇ ਸ਼ੌਕ ਨਾਲ ਕਰਦੇ ਰਹਿੰਦੇ ਹਨ। ਆਪਣੇ ਡੇਰੇ ਵਿਚ ਸ਼ਾਮ ਵੇਲੇ ਹਰ ਰੋਜ਼ ਕਥਾ ਕੀਰਤਨ ਕਰ ਕੇ ਧਰਮ ਪ੍ਰਚਾਰ ਕਰਦੇ ਹਨ। ਇਸ ਤੋਂ ਇਲਾਵਾ ਇਲਾਕੇ ਵਿਚ ਲੋਕ ਧਾਰਮਿਕ ਜਾਂ ਸਮਾਜਿਕ ਸਮਾਗਮਾਂ ਉੱਤੇ ਇਨ੍ਹਾਂ ਨੂੰ ਨਿਮੰਤ੍ਰਣ ਦੇ ਕੇ ਧਾਰਮਿਕ ਉਪਦੇਸ਼ ਦਾ ਲਾਭ ਉਠਾਉਂਦੇ ਹਨ। ਇਸ ਡੇਰੇ ਦੀ ਲਾਇਬ੍ਰੇਰੀ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਦੀਆਂ ਰਚਨਾਵਾਂ ਜੋ ਵੀ ਇਨ੍ਹਾਂ ਦੇ ਬਜ਼ੁਰਗਾਂ ਨੇ ਧਾਰਮਿਕ ਪ੍ਰਚਾਰ ਦੇ ਲਾਭ ਹਿੱਤ ਇਕੱਠੀਆਂ ਕੀਤੀਆਂ ਸਨ, ਉਹ ਸਾਰੀਆਂ ਮਹੰਤ ਜੈ ਸਿੰਘ ਨੇ ਸੰਭਾਲ ਕੇ ਰੱਖੀਆਂ ਹੋਈਆਂ ਹਨ। ਪ੍ਰਾਚੀਨ ਹੱਥ ਲਿਖਤਾਂ ਤੋਂ ਸਿਵਾਇ ਅਜੋਕਾ ਪ੍ਰਸਿੱਧ ਧਾਰਮਿਕ ਸਾਹਿਤ ਵੀ ਇਸ ਲਾਇਬ੍ਰੇਰੀ ਵਿਚ ਪ੍ਰਾਪਤ ਹੋ ਸਕਦਾ ਹੈ। ਮਹੰਤ ਜੀ ਸੰਸਕ੍ਰਿਤ ਦੇ ਵਿਦਵਾਨ ਹਨ ਅਤੇ ਵਿੱਦਿਆ ਪੜ੍ਹਾਉਣ ਦਾ ਕੰਮ ਵੀ ਡੇਰੇ ਵਿਚ ਸ਼ੁਰੂ ਕੀਤਾ ਹੋਇਆ ਹੈ। ਪੂਰਬਲੇ ਵਿਦਵਾਨ ਸੰਤਾਂ ਦੀਆਂ ਚਲਾਈਆਂ ਰਹੁ-ਰੀਤਾਂ ਨੂੰ ਹਰ ਪੱਖ ਤੋਂ ਨਿਭਾਉਣ ਦਾ ਯਤਨ ਬੜੇ ਉਤਸ਼ਾਹ ਨਾਲ ਕਰਦੇ ਰਹਿੰਦੇ ਹਨ। ਬਰਸਾਤ ਦੇ ਮਹੀਨੇ ਵਿਚ ਵਿਚਾਰ-ਵਟਾਂਦਰਾ ਕਰਨ ਲਈ ਕਈ ਵਿਦਵਾਨ ਸੰਤਾਂ ਨੂੰ ਆਪਣੇ ਡੇਰੇ ਵਿਚ ਬੁਲਾਉਂਦੇ

www.sikhbookclub.com

ਹਨ ਅਤੇ ਲਗਭਗ ਇਕ ਮਹੀਨਾ ਧਾਰਮਿਕ ਵਿਸ਼ਿਆਂ ਉੱਤੇ ਵਿਚਾਰ ਵਿਮਰਸ਼ ਹੁੰਦਾ ਰਹਿੰਦਾ ਹੈ। ਸੁਕਰੁੱਲਾਪੁਰ ਦਾ ਡੇਰਾ ਨਿਰਮਲ ਸੰਪ੍ਰਦਾਇ ਦੀ ਚਿਰੰਜੀਵਤਾ ਦਾ ਸੂਚਕ ਹੈ ਪਰ ਉਪਜੀਵਕਾ ਲਈ ਨਿੱਜੀ ਜਾਇਦਾਦ ਦੀ ਹੋਂਦ ਨੂੰ ਮਹੰਤ ਹਰੀ ਸਿੰਘ ਅਨਿਵਾਰੀ ਸਮਝਦੇ ਹਨ ਅਤੇ ਉਪਜੀਵਕਾ ਦੇ ਕੰਮਾਂ ਵੱਲ ਵੀ ਧਿਆਨ ਦੇਂਦੇ ਹਨ।

ਰੋਪੜ ਜ਼ਿਲ੍ਹੇ ਦੇ ਇਕ ਹੋਰ ਪਿੰਡ ਬਲੋਂਗੀ ਵਿਚ ਵਿਦਵਾਨ ਸੰਤ ਸ਼ਮੀਰ ਸਿੰਘ ਬਲੋਂਗੀ ਸੰਪ੍ਰਦਾਇ ਵਾਲਿਆਂ ਦਾ ਡੇਰਾ ਸੀ। ਇਹ ਡੇਰਾ ਬਲੋਂਗੀ ਸੰਪ੍ਰਦਾਇ ਵਾਲਿਆਂ ਦਾ ਕੇਂਦਰ ਸੀ ਅਤੇ ਸ਼ਮੀਰ ਸਿੰਘ ਨੇ ਏਥੇ ਇਕ ਲਾਇਬ੍ਰੇਰੀ ਬਣਾਈ ਸੀ ਜਿਸ ਵਿਚ ਸੈਂਕੜਿਆਂ ਦੀ ਸੰਖਿਆ ਵਿਚ ਵੇਦਾਂਤ ਗੁਰਮਤ ਅਤੇ ਉਦਾਸੀ ਸਾਹਿਤ ਦੀਆਂ ਪੁਸਤਕਾਂ ਸਨ। ਪੜਤਾਲ ਕਰਨ 'ਤੇ ਇਹ ਵੀ ਪਤਾ ਲੱਗਾ ਹੈ ਕਿ ਸ਼ਮੀਰ ਸਿੰਘ ਦੇ ਏਥੋਂ ਜਾਣ ਤੋਂ ਬਾਅਦ ਉਨ੍ਹਾਂ ਦੇ ਸ਼ਿਸ਼ਾਂ ਨੇ ਲਾਇਬ੍ਰੇਰੀ ਦੀ ਸੰਭਾਲ ਨਾ ਕੀਤੀ। ਕਈ ਹੱਥ-ਲਿਖਤਾਂ ਬੇਪਰਵਾਹੀ ਕਾਰਨ ਸਿਉਂਕ ਨੇ ਖਾ ਲਈਆਂ ਅਤੇ ਕੁਝ ਸਾਹਿਤ ਆਉਂਦੇ ਜਾਂਦੇ ਸੰਤ ਜਾਂ ਸ਼ਰਧਾਲੂ ਲੈ ਗਏ। ਇਸ ਪ੍ਰਕਾਰ ਇਹ ਡੇਰਾ ਬੇ-ਆਬਾਦ ਹੋ ਗਿਆ ਅਤੇ ਇਕ ਸ਼ਰਧਾਲੂ ਸੇਵਾਦਾਰ ਪਾਸ ਦੋ ਕੁ ਸੰਦੂਕਾਂ ਵਿਚ ਸੰਸਕ੍ਰਿਤ, ਹਿੰਦੀ ਅਤੇ ਕੁਝ ਪੰਜਾਬੀ ਦੀਆਂ ਪੁਸਤਕਾਂ ਸੰਭਾਲੀਆਂ ਹੋਈਆਂ ਹਨ। ਭਾਵੇਂ ਸੰਤ ਸ਼ਮੀਰ ਸਿੰਘ ਸਾਹਿਤਕਾਰ ਨਹੀਂ ਸਨ, ਪਰ ਧਾਰਮਿਕ ਪ੍ਰਚਾਰਕ ਦੇ ਤੌਰ 'ਤੇ ਇਸ ਇਲਾਕੇ ਵਿਚ ਪ੍ਰਸਿੱਧ ਹਨ। ਉਨ੍ਹਾਂ ਦੀ ਪ੍ਰਸਿੱਧੀ ਦਾ ਕਾਰਨ ਹੀ ਸੰਪ੍ਰਦਾਇ ਦਾ ਨਾਂ ਉਸ ਦੇ ਪਿੰਡ ਬਲੋਂਗੀ ਨਾਲ ਹੀ ਸੰਬੰਧਤ ਹੋ ਗਿਆ। ਹੁਣ ਇਸ ਪਿੰਡ ਅਤੇ ਇਲਾਕੇ ਵਿਚ ਸੰਪ੍ਰਦਾਇ ਦਾ ਕੋਈ ਪ੍ਰਤੀਨਿਧ ਨਹੀਂ ਹੈ।

ਪਿੰਡ ਖੁਡਾ ਕੁਰਾਲਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਡੇਰੇ ਨੇ ਇਕ ਮਹਾਨ ਵਿਦਵਾਨ ਸਾਹਿਤਕਾਰ ਨਿਰਮਲ ਸੰਪ੍ਰਦਾਇ ਨੂੰ ਦਿੱਤਾ ਹੈ, ਉਹ ਹੈ ਮਹੰਤ ਗਣੇਸ਼ਾ ਸਿੰਘ। ਖੁਡਾ ਕੁਰਾਲਾ ਦਾ ਡੇਰਾ ਗਣੇਸ਼ਾ ਸਿੰਘ ਦਾ ਡੇਰਾ ਅਖਵਾਉਂਦਾ ਹੈ ਭਾਵੇਂ ਉਹ ਬਾਅਦ ਵਿਚ ਡੇਰਾ ਅੰਤਰਜਾਮੀਆਂ ਅੰਮ੍ਰਿਤਸਰ ਚੱਲੇ ਗਏ ਸਨ ਪਰ ਉਨ੍ਹਾਂ ਨੇ ਵਧੇਰੇ ਸਾਹਿਤ ਰਚਨਾ ਖੁੱਡਾ ਕੁਰਾਲਾ ਹੀ ਕੀਤੀ ਸੀ। ਉਨ੍ਹਾਂ ਦਾ ਕੋਈ ਸ਼ਿਸ਼ ਸਾਹਿਤਕਾਰ ਜਾਂ ਵਿਦਵਾਨ ਪ੍ਰਚਾਰਕ ਤਾਂ ਨਹੀਂ ਹੈ ਪਰ ਆਪਣੇ ਗੁਰੂ ਦੇ ਡੇਰੇ ਨੂੰ ਕਾਇਮ ਰੱਖ ਕੇ ਉਨ੍ਹਾਂ ਦਾ ਨਾਂ ਸੁਰਜੀਤ ਰੱਖਣ ਲਈ ਮਹੰਤ ਲਾਲ ਸਿੰਘ ਰਹਿ ਰਹੇ ਹਨ। ਗਣੇਸ਼ਾ ਸਿੰਘ ਨੇ ਸਾਰੀ ਉਮਰ ਸਾਹਿਤ ਲਿਖਦਿਆਂ ਬਿਤਾਈ। ਸਾਡਾ ਖ਼ਿਆਲ ਹੈ, ਉਨ੍ਹਾਂ ਦੀਆਂ ਕੁਝ ਅਣ-ਛੱਪੀਆਂ ਲਿਖਤਾਂ ਵੀ ਜ਼ਰੂਰ ਹੋਣਗੀਆਂ। ਪਰ ਉਨ੍ਹਾਂ ਦੇ ਡੇਰਿਆਂ ਵਿਚੋਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਹੱਥ-ਲਿਖਤਾਂ ਦੇ ਵਪਾਰੀ, ਪ੍ਰਕਾਸ਼ਤ ਜਾਂ ਕੋਈ ਹੋਰ ਲੋੜਵੰਦ ਸੰਤ ਲੈ ਗਏ ਹਨ। ਬਹੁਤ ਵਿਰਲਾ ਸਾਹਿਤ ਉਨ੍ਹਾਂ ਦੇ ਡੇਰੇ ਤੋਂ ਪ੍ਰਾਪਤ ਹੋ ਸਕਦਾ ਹੈ।

ਨਿਰਮਲ ਸੰਪ੍ਰਦਾਇ ਦੇ ਸੰਤਾਂ ਨੇ ਸਾਹਿਤ ਅਧਿਐਨ ਆਦਿ ਦੇ ਕੰਮਾਂ ਤੋਂ ਇਲਾਵਾ ਲੋਕ-ਭਲਾਈ ਦੇ ਸਮਾਜਿਕ ਕੰਮ ਵੀ ਕੀਤੇ ਹਨ। ਉਨ੍ਹਾਂ ਵਿਚੋਂ ਸੰਤ ਟਹਿਲ ਸਿੰਘ ਦੀ ਸੇਵਾ

www.sikhbookclub.com

ਵਰਣਨਯੋਗ ਹੈ। ਸੰਤ ਟਹਿਲ ਸਿੰਘ ਦੀ ਨਿਰਮਲ ਸੰਪ੍ਰਦਾਇ ਨੂੰ ਬਹੁਪੱਖੀ ਦੇਣ ਹੈ। ਜਿਸ ਪ੍ਰਕਾਰ ਇਨ੍ਹਾਂ ਨੇ ਸਾਹਿਤ ਦੇ ਵਿਸ਼ਿਆਂ ਦੀਆਂ ਵੰਨਗੀਆਂ ਵਿਚ ਭਿੰਨਤਾ ਲਿਆਂਦੀ ਹੈ, ਉਸੇ ਪ੍ਰਕਾਰ ਪ੍ਰਚਾਰ ਤੋਂ ਇਲਾਵਾ ਲੋਕ-ਹਿੱਤਾਂ ਲਈ ਨਿੱਜੀ ਤੌਰ 'ਤੇ ਕੁਝ ਕੰਮ ਵੀ ਕੀਤੇ ਹਨ। ਜਿਵੇਂ ਕਿ ਖੂਹ ਖੁਦਵਾਣ ਦਾ ਕੰਮ, ਸਕੂਲ ਖੋਲ੍ਹਣਾ ਅਤੇ ਪਿੰਡਾਂ ਵਿਚ ਪੁਲੀਆਂ ਆਦਿ ਲਗਵਾਉਣ ਦੇ ਕੰਮ ਨਿੱਜੀ ਯਤਨਾਂ ਨਾਲ ਕਰਵਾਂਦੇ ਰਹੇ ਹਨ। ਸੰਤ ਟਹਿਲ ਸਿੰਘ ਦਾ ਸਥਾਈ ਡੇਰਾ ਪਿੰਡ ਡਫਰਵਾਲ ਜ਼ਿਲ੍ਹਾ ਗੁਰਦਾਸਪੁਰ ਵਿਚ ਹੈ। ਗੁਰਬਾਣੀ ਦੀ ਵਿਆਖਿਆ ਟੀਕੇ ਅਤੇ ਮੌਲਿਕ ਪੁਸਤਕਾਂ ਦੀ ਰਚਨਾ ਇਸ ਡੇਰੇ ਵਿਚ ਕਰਦੇ ਰਹੇ ਹਨ ਅਤੇ ਵਚਿੱਤਰ ਕੰਮ ਇਹ ਹੈ ਕਿ ਆਪਣੀਆਂ ਪੁਸਤਕਾਂ ਨੂੰ ਆਪਣੇ ਨਿੱਜੀ ਖ਼ਰਚ ਨਾਲ ਪ੍ਰਕਾਸ਼ਤ ਕਰਵਾ ਕੇ ਮੁਫ਼ਤ ਵੰਡਦੇ ਰਹੇ ਹਨ। ਇਨ੍ਹਾਂ ਦਾ ਸ਼ਿਸ਼ ਸੰਤ ਸ਼ਰਧਾ ਸਿੰਘ ਇਸ ਡੇਰੇ ਦਾ ਮਹੰਤ ਹੈ ਅਤੇ ਟਹਿਲ ਸਿੰਘ ਦਾ ਸਾਹਿਤ ਅਤੇ ਨਿੱਜੀ ਲਾਇਬ੍ਰੇਰੀ ਇਸ ਨੇ ਬੜੀ ਸੰਭਾਲ ਕੇ ਰੱਖੀ ਹੋਈ ਹੈ। ਆਪਣੇ ਗੁਰੂ ਦੀ ਰੀਤ ਅਨੁਸਾਰ ਸੰਤ ਟਹਿਲ ਸਿੰਘ ਦੀਆਂ ਲਿਖੀਆਂ ਪੁਸਤਕਾਂ ਨੂੰ ਪ੍ਰਕਾਸ਼ਤ ਕਰ ਕੇ ਬਿਨਾਂ ਕੀਮਤ ਲੈਣ ਤੋਂ ਸ਼ਰਧਾਲੂ ਪਾਠਕਾਂ ਨੂੰ ਭੇਜਦਾ ਹੈ। ਇਸ ਡੇਰੇ ਵਿਚ ਮੌਲਿਕ ਹੱਥ-ਲਿਖਤਾਂ, ਛੱਪੀਆਂ ਪੁਸਤਕਾਂ ਦੇ ਉਤਾਰੇ ਅਤੇ ਹੋਰ ਧਾਰਮਿਕ ਸਾਹਿਤ ਅਜੇ ਵੀ ਸੁਰੱਖਿਅਤ ਹੈ।

ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਡੇਰਿਆਂ ਦੀ ਸੰਖਿਆ ਤਾਂ ਕਾਫ਼ੀ ਹੈ ਪਰ ਸੰਪ੍ਰਦਾਇ ਦੇ ਆਦਰਸ਼ਾਂ ਨੂੰ ਪੂਰਿਆਂ ਕਰਨ ਵਿਚ ਵਿਰਲੇ ਸੰਤ ਹੀ ਯਤਨਸ਼ੀਲ ਹਨ।

ਪੰਜਾਬ ਵਿਚ ਨਿਰਮਲ ਸੰਪ੍ਰਦਾਇ ਦੇ ਕੁਝ ਪ੍ਰਤੀਨਿਧ ਡੇਰਿਆਂ ਦੀ ਵਰਤਮਾਨ ਅਵਸਥਾ ਦੇ ਬ੍ਰਿਤਾਂਤ ਤੋਂ ਸਮੁੱਚੇ ਸਿੱਖ ਪੰਥ ਵਿਚ ਨਿਰਮਲੇ ਸੰਤਾਂ ਦਾ ਜੋ ਸਥਾਨ ਹੈ, ਉਸ ਦਾ ਅਨੁਮਾਨ ਤਾਂ ਅਵੱਸ਼ ਲੱਗ ਸਕਦਾ ਹੈ ਪਰ ਸਮੁੱਚੀ ਸੰਪ੍ਰਦਾਇ ਅੱਜ ਉੱਨਤੀ ਮਾਰਗ ਦੇ ਕਿਸ ਪੜਾਅ 'ਤੇ ਹੈ ਜਾਂ ਅਧੋਗਤੀ ਦੀ ਕਿਸ ਅਵਸਥਾ ਵਿਚੋਂ ਲੰਘ ਰਹੀ ਹੈ, ਇਨ੍ਹਾਂ ਬਾਰੇ ਠੀਕ ਜਾਣਕਾਰੀ ਪ੍ਰਾਪਤ ਕਰਨ ਲਈ ਸੰਪ੍ਰਦਾਇ ਦੇ ਉਨ੍ਹਾਂ ਅਖਾੜਿਆਂ ਜਾਂ ਡੇਰਿਆਂ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਰੱਖ ਕੇ ਵੇਖਣ ਦੀ ਲੋੜ ਹੈ ਜੋ ਪੰਜਾਬ ਤੋਂ ਬਾਹਰ ਸੰਪ੍ਰਦਾਇ ਦੇ ਆਦਰਸ਼ਾਂ ਦਾ ਪ੍ਰਚਾਰ ਕਰਨ ਲਈ ਸਥਾਪਤ ਕੀਤੇ ਗਏ ਸਨ।

ਨਿਰਮਲ ਸੰਪ੍ਰਦਾਇ ਦਾ ਕੇਂਦਰੀ ਅਖਾੜਾ ਸੰਮਤ 1912 ਬਿ. 1855 ਈ. ਵਿਚ ਕਨਖਲ (ਹਰਿਦੁਆਰ) ਵਿਚ ਸਥਾਪਤ ਕੀਤਾ ਗਿਆ ਸੀ। ਇਹ ਅਖਾੜਾ ਸੰਪ੍ਰਦਾਇ ਦੇ ਆਦਰਸ਼ਾਂ ਦੀ ਕੇਂਦਰੀ ਸੰਸਥਾ ਬਣ ਗਈ। ਕਿਉਂ ਜੋ ਸੰਪ੍ਰਦਾਇਕ ਨੀਤੀਆਂ ਸਬੰਧੀ ਸਾਰੀਆਂ ਹਿਦਾਇਤਾਂ ਏਥੋਂ ਜਾਰੀ ਕੀਤੀਆਂ ਜਾਂਦੀਆਂ ਹਨ, ਇਸ ਲਈ ਅਖਾੜੇ ਦੀ ਵਰਤਮਾਨ ਦਸ਼ਾ ਨਿਰਮਲ ਸੰਪ੍ਰਦਾਇ ਦੀ ਅਜੋਕੀ ਵਿਚਾਰਧਾਰਾ ਦੀ ਸੂਚਕ ਆਖੀ ਜਾ ਸਕਦੀ ਹੈ।

ਸੰਪ੍ਰਦਾਇ ਦੇ ਨਿਯਮਾਂ ਅਨੁਸਾਰ ਸ੍ਰੀ ਮਹੰਤ ਸੁੱਚਾ ਸਿੰਘ ਦੀ ਸਰਪ੍ਰਸਤੀ ਅਧੀਨ ਅਖਾੜੇ ਦਾ ਅਤੇ ਸਰਬ ਭਾਰਤੀ ਸੰਪ੍ਰਦਾਇ ਦਾ ਕੰਮ-ਕਾਜ ਚੱਲ ਰਿਹਾ ਹੈ। ਮਹੰਤ ਸੁੱਚਾ ਸਿੰਘ

www.sikhbookclub.com

ਸਾਲ ਦਾ ਬਹੁਤਾ ਭਾਗ ਅਖਾੜੇ ਵਿਚ ਹੀ ਬਿਤਾਉਂਦੇ ਹਨ। ਏਥੇ ਇਨ੍ਹਾਂ ਦੀ ਸਹਾਇਤਾ ਲਈ ਇਕ ਸਕੱਤਰ ਤੇ ਇਕ ਕੁਠਾਰੀ (ਖ਼ਜ਼ਾਨਚੀ) ਰਹਿੰਦੇ ਹਨ। ਅਖਾੜੇ ਵਿਚ ਇਨ੍ਹਾਂ ਤੋਂ ਇਲਾਵਾ ਕੁਝ ਸੰਤ ਹੋਰ ਵੀ ਪ੍ਰਚਾਰ ਅਤੇ ਧਾਰਮਿਕ ਸਮਾਗਮਾਂ ਵਿਚ ਸਹਾਇਤਾ ਲਈ ਏਥੇ ਹੀ ਠਹਿਰੇ ਹੋਏ ਹਨ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਖਾੜੇ ਵਿਚ ਹੁੰਦਾ ਹੈ। ਸ਼ਾਮ ਨੂੰ ਆਰਤੀ ਤੇ ਧੂਪ ਦੀਪ ਕੀਤੀ ਜਾਂਦੀ ਹੈ। ਅੰਮ੍ਰਿਤ ਵੇਲੇ ਅਤੇ ਸ਼ਾਮ ਨੂੰ ਆਦਿ ਗ੍ਰੰਥ ਦਾ ਪਾਠ ਕੀਤਾ ਜਾਂਦਾ ਹੈ ਪਰ ਕੀਰਤਨ ਨਹੀਂ ਹੁੰਦਾ। ਪ੍ਰਚਾਰ ਲੜੀ ਨੂੰ ਨਿਰੰਤਰ ਜਾਰੀ ਰੱਖਣ ਲਈ ਕੁਝ ਦਿਨ ਨੀਯਤ ਕੀਤੇ ਹੋਏ ਹਨ, ਜਦੋਂ ਕੋਈ ਕਥਾਕਾਰ ਆ ਕੇ ਭਾਸ਼ਨ ਜਾਂ ਕਥਾ ਰੂਪੀ ਢੰਗ ਨਾਲ ਧਾਰਮਿਕ ਉਪਦੇਸ਼ ਕਰਦਾ ਹੈ।

ਡੇਰੇ ਵਿਚ ਰਹਿ ਰਹੇ ਸੰਤਾਂ ਦੇ ਪਹਿਰਾਵੇ ਭਗਵੇ ਰੰਗ ਦੇ ਹਨ। ਕੇਸਾਧਾਰੀ ਹਨ, ਖੁੱਲ੍ਹਾ ਚੋਲਾ ਪਹਿਨ ਕੇ ਚਾਦਰ ਬੰਨ੍ਹਦੇ ਹਨ। ਕਛਹਿਰਾ ਪਹਿਨਣਾ ਜਾਂ ਕਿਰਪਾਨ ਰੱਖਣਾ ਜ਼ਰੂਰੀ ਨਹੀਂ ਸਮਝਦੇ।

ਸੰਪ੍ਰਦਾਇ ਨੂੰ ਮੂਲ ਸਿਧਾਂਤਾਂ ਨਾਲ ਸੰਬੰਧਤ ਰੱਖਣ ਦਾ ਯਤਨ ਕੀਤਾ ਜਾ ਰਿਹਾ ਹੈ। ਏਥੇ ਵਿਦਿਆਰਥੀਆਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਹੈ। ਸੰਸਕ੍ਰਿਤ ਵਿਦਿਆਲਿਆਂ ਦੀ ਸਥਾਪਨਾ ਕੀਤੀ ਹੋਈ ਹੈ ਅਤੇ ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਨਿਰਮਲੇ ਸੰਤ ਇਥੇ ਪੜ੍ਹਾਉਂਦੇ ਹਨ। ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਂਦੀ। ਇਸ ਵਿਦਿਆਲਿਆਂ ਵੱਲੋਂ ਦਿੱਤੀ ਵਿਦਿਅਕ ਪੱਧਰ ਯੂ.ਪੀ. ਦੀ ਸਰਕਾਰ ਵੱਲੋਂ ਪ੍ਰਵਾਣਤ ਹੈ। ਇਸ ਵਿਦਿਆਲਿਆ ਦੀ ਸਥਾਪਨਾ ਨਿਰਮਲ ਸੰਪ੍ਰਦਾਇ ਦੇ ਪੂਰਬਲੇ ਵਿਦਵਾਨ ਸੰਤਾਂ ਦੀ ਉਸ ਪੱਧਤੀ ਨੂੰ ਸਜੀਵ ਰੱਖ ਰਹੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਭਾਵਨਾ ਅਨੁਸਾਰ ਚੱਲ ਪਈ ਸੀ। ਗੁਰੂ ਜੀ ਨੇ ਰਘੁਨਾਥ ਪੰਡਤ ਵੱਲੋਂ ਸਿੱਖਾਂ ਨੂੰ ਸੰਸਕ੍ਰਿਤ ਨਾ ਪੜ੍ਹਾਉਣ ਦਾ ਉੱਤਰ ਸੁਣ ਕੇ ਆਪਣੇ ਸਿੱਖਾਂ ਨੂੰ ਵਰ ਦਿੱਤਾ ਸੀ ਕਿ ਉਨ੍ਹਾਂ ਦੇ ਸਿੱਖ ਪੰਡਤਾਂ ਨੂੰ ਸੰਸਕ੍ਰਿਤ ਵਿੱਦਿਆ ਪੜ੍ਹਾਉਣ ਦੇ ਯੋਗ ਹੋ ਜਾਣਗੇ। ਗੁਰੂ ਜੀ ਦੇ ਸੁਪਨੇ ਦਾ ਸਾਕਾਰ ਰੂਪ ਨਿਰਮਲ ਸੰਪ੍ਰਦਾਇ ਦੇ ਵਿਦਿਆਲਿਆਂ ਵਿਚ ਵੇਖਿਆ ਜਾ ਸਕਦਾ ਹੈ। ਸੰਸਕ੍ਰਿਤ ਵਿਦਿਆਲਿਆਂ ਦੇ ਵਧੇਰੇ ਵਿਦਿਆਰਥੀ ਹਰਿਦੁਆਰ ਦੇ ਪੰਡਤ ਹੀ ਹਨ। ਇਸ ਵਿਦਿਆਲਿਆਂ ਤੋਂ ਬਿਨਾਂ ਅਖਾੜੇ ਵਿਚ ਹੀ ਕੁਝ ਸੰਤ ਪੰਜਾਬੀ ਵੀ ਪੜ੍ਹਾਉਦੇ ਹਨ ਪਰ ਇਹ ਪ੍ਰਬੰਧ ਵਿਦਿਆਲਿਆ ਪੱਧਰ 'ਤੇ ਨਹੀਂ ਹੈ। ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਸੰਪ੍ਰਦਾਇ ਨੇ ਜਿਵੇਂ ਵਿਸ਼ੇਸ਼ ਤੌਰ 'ਤੇ ਸੰਸਕ੍ਰਿਤ ਪੜ੍ਹਾਉਣ ਦਾ ਪ੍ਰਬੰਧ ਕੀਤਾ ਹੈ, ਉਵੇਂ ਹੀ ਪੰਜਾਬੀ ਬੋਲੀ ਵੱਲ ਧਿਆਨ ਨਹੀਂ ਦਿੱਤਾ ਗਿਆ। ਇੱਛਾਵਾਨ ਵਿਦਿਆਰਥੀਆਂ ਨੂੰ ਹੀ ਪੰਜਾਬੀ ਪੜ੍ਹਾ ਕੇ ਗੁਰਬਾਣੀ ਦਾ ਪਾਠ ਕਰਨ ਯੋਗ ਬਣਾ ਦਿੱਤਾ ਜਾਂਦਾ ਹੈ।

ਇਸ ਇਤਿਹਾਸਕ ਸੱਚਾਈ ਬਾਰੇ ਤਾਂ ਕੋਈ ਸੰਦੇਹ ਨਹੀਂ ਹੈ ਕਿ ਸੰਸਕ੍ਰਿਤ ਪੜ੍ਹਨ

www.sikhbookclub.com

ਪੜ੍ਹਾਉਣ ਦਾ ਆਦੇਸ਼ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਹੀ ਹੈ ਪਰ ਇਹ ਨਿਰਮਲੇ ਵਿਦਵਾਨ ਸੰਸਕ੍ਰਿਤ ਭਾਸ਼ਾ ਸਿੱਖਣ ਦੇ ਨਾਲ ਨਾਲ ਆਪਣੀ ਰੁਚੀ ਵੀ ਕੇਵਲ ਸੰਸਕ੍ਰਿਤ ਸਾਹਿਤ ਪੜ੍ਹਨ ਵੱਲ ਕਰ ਰਹੇ ਹਨ ਜਿਸ ਦੇ ਫਲਸਰੂਪ ਸਨਾਤਨੀ ਹਿੰਦੂ ਸਾਹਿਤ ਪੜ੍ਹ ਕੇ, ਹਿੰਦੂਆਂ ਦੇ ਤੀਰਥ ਹਰਿਦੁਆਰ ਵਿਚ ਰਹਿੰਦੇ ਹੋਏ ਹਿੰਦੂ ਸੰਸਕ੍ਰਿਤ ਦੇ ਪ੍ਰਭਾਵ ਨੂੰ ਵੀ ਕਬੂਲ ਕਰ ਰਹੇ ਹਨ ਅਤੇ ਆਪਣੇ ਸੰਸਕ੍ਰਿਤ ਪੜ੍ਹਦੇ ਵਿਦਿਆਰਥੀਆਂ ਨੂੰ ਗੁਰਮਤ ਮਰਿਆਦਾ ਅਨੁਸਾਰ ਕੇਵਲ ਆਦਿ ਗ੍ਰੰਥ ਦੀ ਬਾਣੀ ਵਿਚ ਪੂਰਾ ਵਿਸ਼ਵਾਸ ਰੱਖ ਕੇ ਜੀਵਨ ਬਿਤਾਉਣ ਲਈ ਕਾਇਲ ਨਹੀਂ ਕਰ ਸਕੇ। ਸੰਸਕ੍ਰਿਤ ਵਿਦਿਆਲਿਆ ਹਰਿਦੁਆਰ ਵਿਚ ਹੋਣ ਕਾਰਨ ਵਿਦਿਆਰਥੀ ਹਿੰਦੂ ਹੀ ਹਨ। ਇਹ ਤਾਂ ਠੀਕ ਹੈ ਕਿ ਪੜ੍ਹਾਉਣ ਵਾਲੇ ਨਿਰਮਲੇ ਸਿੱਖ ਹੀ ਹਨ ਪਰੰਤੂ ਇਨ੍ਹਾਂ ਦੇ ਵਿਦਿਆਰਥੀ ਵਿੱਦਿਆ ਪੜ੍ਹ ਕੇ ਉਪਨਿਸ਼ਦਾਂ ਅਤੇ ਸ਼ਾਸਤ੍ਰਾਂ ਦੇ ਸਾਹਿਤ ਨੂੰ ਪੜ੍ਹਨ ਦੇ ਯੋਗ ਹੀ ਹੁੰਦੇ ਹਨ। ਇਸ ਤਰ੍ਹਾਂ ਇਹ ਵਿੱਦਿਆ ਕਿਸੇ ਪੱਖ ਤੋਂ ਵੀ ਉਨ੍ਹਾਂ ਨੂੰ ਗੁਰਮਤ ਦੇ ਅਨੁਆਈ ਬਣਾਉਣ ਵਿਚ ਸਹਾਈ ਨਹੀਂ ਹੁੰਦੀ। ਪ੍ਰਾਚੀਨ ਹਿੰਦੂ ਮੱਤ ਦੇ ਵਾਤਾਵਰਨ ਵਿਚ ਗੁਰਮਤ ਦਾ ਪ੍ਰਭਾਵ ਪਾਉਣ ਲਈ ਇਹ ਚਾਹੀਦਾ ਸੀ ਕਿ ਏਥੇ ਪੰਜਾਬੀ ਵਿਦਿਆਲਿਆ ਚਾਲੂ ਕਰ ਕੇ ਪੰਜਾਬ ਦੀ ਸਭਿਅਤਾ ਅਤੇ ਗੁਰਮਤਿ ਅਨੁਸਾਰ ਰਹਿਤ ਦਾ ਮਾਹੌਲ ਪੈਦਾ ਕੀਤਾ ਜਾਂਦਾ, ਇਹ ਮਾਹੌਲ ਹੀ ਗੁਰਮਤ ਦੇ ਪ੍ਰਚਾਰ ਲਈ ਵਧੇਰੇ ਸਹਾਈ ਸਿੱਧ ਹੋ ਸਕਦਾ ਸੀ। ਇਸ ਦੇ ਵਿਪਰੀਤ ਇਥੇ ਰਹਿ ਰਹੇ ਨਿਰਮਲੇ ਸੰਤ ਆਪਣੀ ਰਹਿਤ ਵਿਚ ਹਿੰਦੂ ਮੱਤ ਦੇ ਪ੍ਰਭਾਵ ਨੂੰ ਕਬੂਲ ਕਰ ਰਹੇ ਹਨ।

ਪੰਚਾਇਤੀ ਅਖਾੜੇ ਦਾ ਦੂਜਾ ਵਿਸ਼ੇਸ਼ ਪੱਖ ਇਸ ਦੀ ਲਾਇਬ੍ਰੇਰੀ ਹੈ। ਨਿਰਮਲ ਸੰਪ੍ਰਦਾਇ ਦਾ ਸਾਰਾ ਇਤਿਹਾਸ ਇਸ ਤੱਥ ਦੀ ਗੁਆਹੀ ਹੈ ਕਿ ਸਾਹਿਤ ਅਧਿਐਨ ਅਤੇ ਸਿਰਜਨਾ ਨੂੰ ਜੀਵਨ ਦਾ ਪ੍ਰਮੁੱਖ ਉਦੇਸ਼ ਬਣਾ ਕੇ ਰੱਖਣਾ ਹੈ, ਸਿਧਾਂਤਕ ਪੱਖ ਤੋਂ ਅਜੋਕੇ ਨਿਰਮਲੇ ਸੰਤ ਇਸ ਇਤਿਹਾਸਕ ਸੱਚਾਈ ਨੂੰ ਪ੍ਰਵਾਨ ਕਰਦੇ ਹਨ। ਇਸ ਮਨੋਰਥ ਨੂੰ ਸਿਰੇ ਚੜ੍ਹਾਉਣ ਲਈ ਲਾਇਬ੍ਰੇਰੀਆਂ ਬਹੁਤ ਸਹਾਈ ਹੋ ਸਕਦੀਆਂ ਹਨ। ਅਖਾੜੇ ਵਿਚ ਇਕ ਲਾਇਬ੍ਰੇਰੀ ਹੈ, ਜਿਸ ਵਿਚ ਕੇਵਲ ਹਿੰਦੀ ਅਤੇ ਸੰਸਕ੍ਰਿਤ ਦੀਆਂ ਹੀ ਪੁਸਤਕਾਂ ਹਨ। ਪੰਜਾਬ ਦੀ ਕੋਈ ਵੀ ਪੁਸਤਕ ਇਸ ਲਾਇਬ੍ਰੇਰੀ ਦੀ ਸੂਚੀ ਵਿਚ ਨਹੀਂ ਹੈ। ਸਮੁੱਚੀ ਸੂਚੀ ਪੜ੍ਹ ਕੇ ਨਿਰਾਸ਼ਾ ਹੁੰਦੀ ਹੈ ਕਿਉਂਕਿ ਜਿਸ ਸੰਪ੍ਰਦਾਇ ਦੇ ਵਿਦਵਾਨਾਂ ਨੇ ਆਪਣੀਆਂ ਉਮਰਾਂ ਸਾਹਿਤ ਸਿਰਜਨਾ ਵਿਚ ਲਗਾ ਦਿੱਤੀਆਂ ਹਨ ਅਤੇ ਸੰਪ੍ਰਦਾਇ ਦੇ ਵਕਾਰ ਨੂੰ ਵਧਾਇਆ ਹੈ, ਉਨ੍ਹਾਂ ਸਾਹਿਤਕਾਰਾਂ ਦੀਆਂ ਪੰਜਾਬੀ, ਬ੍ਰਿਜੀ ਅਤੇ ਹਿੰਦੀ ਦੀਆਂ ਰਚਨਾਵਾਂ ਦੀਆਂ ਕਾਪੀਆਂ ਇਸ ਲਾਇਬ੍ਰੇਰੀ ਵਿਚ ਪ੍ਰਾਪਤ ਨਹੀਂ ਹੁੰਦੀਆਂ। ਨਿਰਮਲੇ ਸਾਹਿਤਕਾਰਾਂ ਦੀਆਂ ਦੁਰਲਭ ਵਿਰਲੀਆਂ ਰਚਨਾਵਾਂ ਅਤੇ ਹੱਥ-ਲਿਖਤਾਂ ਦੀ ਅਣਹੋਂਦ ਤੋਂ ਲਾਇਬ੍ਰੇਰੀ ਦੀ ਨਿਰਾਸ਼ਾਜਨਕ ਅਵੱਸਥਾ ਦਾ ਪਤਾ ਲੱਗਦਾ ਹੈ। ਆਪਣੇ ਵਿਦਵਾਨ ਸਾਹਿਤਕਾਰਾਂ ਦਾ ਕੀਮਤੀ ਵਿਰਸਾ ਸੰਭਾਲ ਕੇ ਰੱਖਣ ਲਈ ਅਖਾੜੇ ਦੇ ਮੁੱਖ ਪ੍ਰਬੰਧਕਾਂ ਵੱਲੋਂ ਕੋਈ ਯਤਨ ਨਹੀਂ ਕੀਤਾ ਗਿਆ।

www.sikhbookclub.com

ਸਾਹਿਤਕ ਖੋਜ ਦੇ ਵਿਦਿਆਰਥੀਆਂ ਨੂੰ ਏਥੇ ਆ ਕੇ ਨਿਰਾਸ਼ ਹੋਣਾ ਪੈਂਦਾ ਹੈ। ਪੁਸਤਕਾਂ ਦੀ ਅਣਹੋਂਦ ਤੋਂ ਇਹ ਸਪੱਸ਼ਟ ਹੈ ਕਿ ਏਥੇ ਰਹਿ ਰਹੇ ਸੰਤਾਂ ਦੀ ਰੁਚੀ ਅਧਿਐਨ ਵੱਲ ਬਹੁਤ ਘੱਟ ਹੈ। ਏਨੀ ਪ੍ਰਸਿੱਧ ਸੰਪ੍ਰਦਾਇ ਦੀ ਲਾਇਬ੍ਰੇਰੀ ਵਿਚ ਪ੍ਰਾਚੀਨ ਸਾਹਿਤ ਦੀਆਂ ਪੁਸਤਕਾਂ ਤੋਂ ਇਲਾਵਾ ਗੁਰਮਤ ਬਾਰੇ ਅਜੋਕਾ ਪੰਜਾਬੀ ਹਿੰਦੀ ਸਾਹਿਤ ਹੋਣਾ ਚਾਹੀਦਾ ਹੈ। ਜਿਥੇ ਇਹ ਸਾਹਿਤ ਲਾਇਬ੍ਰੇਰੀ ਦੇ ਇਕ ਜ਼ਰੂਰੀ ਪੱਖ ਨੂੰ ਪੂਰਾ ਕਰੇਗਾ, ਉਥੇ ਸਿੱਖ ਪੰਥ ਦੇ ਪ੍ਰਚਾਰ ਵਿਚ ਵੀ ਸਹਾਈ ਸਿੱਧ ਹੋਵੇਗਾ। ਬਹੁ ਪੱਖੀ ਗਿਆਨ ਤੋਂ ਬਿਨਾ ਪ੍ਰਭਾਵਸ਼ਾਲੀ ਪ੍ਰਚਾਰ ਕਰਨਾ ਸੰਭਵ ਨਹੀਂ ਹੈ। ਸੰਪ੍ਰਦਾਇ ਦੀ ਇਸ ਕੇਂਦਰੀ ਸੰਸਥਾ ਵੱਲੋਂ ਕੋਈ ਮਾਸਕ ਜਾਂ ਸਪਤਾਹਕ ਪੱਤ੍ਰਕਾ ਪ੍ਰਕਾਸ਼ਤ ਨਹੀਂ ਕੀਤੀ ਜਾਂਦੀ, ਜੋ ਕਿ ਅੱਜ ਦੇ ਯੁੱਗ ਵਿਚ ਪ੍ਰਚਾਰ ਦਾ ਇਕ ਮਹੱਤਵਪੂਰਨ ਸਾਧਨ ਹੈ। ਸਾਹਿਤਕਾਰਾਂ ਦੀ ਸੰਪ੍ਰਦਾਇ ਵੱਲੋਂ ਕਿਸੇ ਪੱਤ੍ਰਕਾ ਦਾ ਪ੍ਰਕਾਸ਼ਤ ਨਾ ਹੋਣਾ ਬਹੁਤ ਵੱਡੀ ਘਾਟ ਹੈ। ਅਖਾੜੇ ਵਿਚ ਗੁਰਮਤ ਰੀਤ ਅਨੁਸਾਰ ਲੰਗਰ ਜਾਰੀ ਰੱਖਣ ਦੀ ਰੀਤ ਨੂੰ ਕਾਇਮ ਰੱਖਿਆ ਗਿਆ ਹੈ।

ਕਨਖਲ (ਹਰਿਦੁਆਰ) ਵਿਚ ਸੰਤਪੁਰਾ ਨਾਂ ਦੇ ਡੇਰੇ ਦਾ ਇਕ ਮਹੱਤਵਪੂਰਨ ਸਥਾਨ ਹੈ। ਇਹ ਸੰਤ ਰਘਬੀਰ ਸਿੰਘ ਦਾ ਡੇਰਾ ਹੈ। ਸੰਤ ਰਘਬੀਰ ਸਿੰਘ ਲਾਇਲਪੁਰ ਵਾਲੇ ਸੰਤ ਹਰਨਾਮ ਸਿੰਘ ਦਾ ਸ਼ਿਸ਼ ਹੈ ਅਤੇ ਸੰਪ੍ਰਦਾਇ ਦਾ ਇਕ ਪੜ੍ਹਿਆ ਲਿਖਿਆ ਵਿਦਵਾਨ ਹੈ, ਜੋ ਕਿ ਸੰਸਕ੍ਰਿਤ, ਹਿੰਦੀ, ਪੰਜਾਬੀ, ਅੰਗਰੇਜ਼ੀ ਬੋਲੀਆਂ ਚੰਗੀ ਤਰ੍ਹਾਂ ਪੜ੍ਹਿਆ ਹੈ। ਡੇਰੇ ਵਿਚ ਸੰਤ ਜੀ ਦੇ ਕਈ ਚੇਲੇ ਅਤੇ ਸੇਵਾਦਾਰ ਹਨ। ਇਸ ਡੇਰੇ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਕੁਝ ਪਾਠੀ ਬ੍ਰਾਹਮਣ ਹਿੰਦੂ ਵੀ ਹਨ ਜੋ ਹਰ ਰੋਜ਼ ਏਥੇ ਆ ਕੇ ਆਦਿ ਗ੍ਰੰਥ ਦਾ ਪਾਠ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਤਿਸੰਗ ਵੀ ਹੁੰਦਾ ਹੈ, ਜਿਸ ਵਿਚ ਸੰਤ ਰਘਬੀਰ ਸਿੰਘ ਗੁਰਬਾਣੀ ਵਿਚੋਂ ਮਿਲੇ ਗੁਰੂ ਸਾਹਿਬਾਨ ਦੇ ਸੰਦੇਸ਼ ਦੀ ਵਿਆਖਿਆ ਕਰਦੇ ਹਨ। ਸੰਤ ਜੀ ਵੇਦਾਂਤ ਦੇ ਪੰਡਤ ਵੀ ਹਨ। ਗੁਰਬਾਣੀ ਵਿਚ ਆਏ ਹਵਾਲਿਆਂ ਨੂੰ ਪ੍ਰਸੰਗ ਸਹਿਤ ਬੜੀ ਸੂਝ ਨਾਲ ਸਪੱਸ਼ਟੀਕਰਨ ਕਰਦੇ ਹਨ। ਸਤਿਸੰਗ ਵਿਚ ਆਏ ਸੈਂਕੜੇ ਸ਼ਰਧਾਲੂਆਂ ਵਿਚ ਹਿੰਦੂ ਸਿੱਖ ਦੋਵੇਂ ਹੁੰਦੇ ਹਨ। ਸੰਤ ਰਘਬੀਰ ਸਿੰਘ ਵਧੇਰੇ ਸਮਾਂ ਆਪਣੇ ਡੇਰੇ ਵਿਚ ਹੀ ਰਹਿੰਦੇ ਹਨ ਕਿਉਂ ਜੋ ਇਹ ਗੁਰਮਤ ਦਰਸ਼ਨ ਦੇ ਸੁਲਝੇ ਹੋਏ ਵਿਦਵਾਨ ਵੀ ਮੰਨੇ ਜਾਂਦੇ ਹਨ। ਇਸ ਲਈ ਇਨ੍ਹਾਂ ਨੂੰ ਸੰਪ੍ਰਦਾਇ ਵਲੋਂ ਦੇਸ਼ ਦੇ ਵੱਖ ਵੱਖ ਭਾਗਾਂ ਵਿਚ, ਵਿਸ਼ੇਸ਼ ਧਾਰਮਿਕ ਸਮਾਗਮਾਂ ਉੱਤੇ ਪ੍ਰਚਾਰ ਲਈ ਵੀ ਭੇਜਿਆ ਜਾਂਦਾ ਹੈ।

ਡੇਰੇ ਵਿਚ ਸੰਤ ਰਘਬੀਰ ਸਿੰਘ ਦੀ ਨਿੱਜੀ ਲਾਇਬ੍ਰੇਰੀ ਹੈ ਜਿਸ ਵਿਚ ਵਧੇਰੇ ਪੁਸਤਕਾਂ ਹਿੰਦੀ, ਸੰਸਕ੍ਰਿਤ ਵਿਚ ਹਨ। ਨਿਰਮਲ ਸੰਪ੍ਰਦਾਇ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਇਨ੍ਹਾਂ ਦੀ ਲਾਇਬ੍ਰੇਰੀ ਵਿਚ ਵੀ ਨਹੀਂ ਰੱਖੀਆਂ ਗਈਆਂ। ਸਮੁੱਚੇ ਰੂਪ ਵਿਚ ਵੇਖਿਆਂ ਨਿੱਜੀ ਤੌਰ 'ਤੇ ਚਲਾਇਆ ਜਾ ਰਿਹਾ ਇਹ ਡੇਰਾ ਇਕ ਪ੍ਰਚਾਰ-ਸੰਸਥਾ ਬਣਿਆ ਹੋਇਆ ਹੈ। ਇਹ ਡੇਰਾ ਰਘਬੀਰ ਸਿੰਘ ਦਾ ਨਿੱਜੀ ਹੈ ਪਰ ਇਸ ਵਿਚ ਵੀ ਲੰਗਰ ਦੀ ਪ੍ਰਥਾ ਅਤੇ ਯਾਤ੍ਰੀਆਂ ਨੂੰ ਰਹਿਣ

www.sikhbookclub.com

ਲਈ ਪੇਸ਼ ਕਰਾ ਦੇਣ ਦੀ ਕੁਰਬਾਨੀ ਦੀ ਪ੍ਰਥਾ ਜਾਰੀ ਰੱਖੀ ਗਈ ਹੈ।

ਡੇਰਾ ਦੇਵਪੁਰਾ :- ਇਹ ਡੇਰਾ ਨਿਰਮਲ ਸੰਪ੍ਰਦਾਇ ਦੇ ਪ੍ਰਸਿੱਧ ਸਾਹਿਤਕਾਰ ਪੰਡਤ ਦੇਵਾ ਸਿੰਘ ਦੇ ਨਾਮ ਨਾਲ ਸੰਬੰਧਤ ਹੈ। ਦੇਵਾ ਸਿੰਘ ਨੇ ਕੁਝ ਮੌਲਿਕ ਪੁਸਤਕਾਂ ਅਤੇ ਆਦਿ ਗ੍ਰੰਥ ਵਿਚੋਂ ਗੁਰਬਾਣੀ ਦੇ ਟੀਕੇ ਬ੍ਰਿਜੀ, ਹਿੰਦੀ ਵਿਚ ਕੀਤੇ ਹਨ। ਡੇਰਾ ਅੱਜ ਕੱਲ ਖ਼ਾਲੀ ਹੈ, ਕੇਵਲ ਇਕ ਸੇਵਾਦਾਰ ਸੰਪ੍ਰਦਾਇ ਵੱਲੋਂ ਦੇਖ ਭਾਲ ਲਈ ਨਿਯਤ ਕੀਤਾ ਹੋਇਆ ਹੈ। ਦੇਵਾ ਸਿੰਘ ਦੀ ਕੋਈ ਹੱਥ-ਲਿਖਤ ਜਾਂ ਛਪੀ ਪੁਸਤਕ ਉਸ ਦੇ ਡੇਰੇ ਵਿਚ ਨਹੀਂ ਹੈ। ਦੇਵਾ ਸਿੰਘ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਕਿਸੇ ਸ਼ਿਸ਼ ਨੇ ਉਨ੍ਹਾਂ ਦੀਆਂ ਕਿਰਤਾਂ ਨੂੰ ਨਾ ਸੰਭਾਲਿਆ ਹੈ ਅਤੇ ਨਾ ਹੀ ਪ੍ਰਕਾਸ਼ਤ ਕੀਤਾ ਹੈ।

ਨਿਰਮਲ ਕੁਟੀਆ :- ਇਹ ਆਸ਼ਰਮ ਸਾਹਿਤਕਾਰ ਪੰਡਤ ਹਰਦੇਵ ਸਿੰਘ ਦਾ ਡੇਰਾ ਹੈ, ਜਿਥੇ ਰਹਿ ਕੇ ਉਨ੍ਹਾਂ ਨੇ ਆਪਣੇ ਗੁਰੂ ਪੰਡਤ ਨਰਾਇਣ ਸਿੰਘ ਦੀ ਜੀਵਨ-ਕਥਾ ਲਿਖੀ ਸੀ। ਅੱਜ ਕੱਲ ਇਥੇ ਉਨ੍ਹਾਂ ਦੇ ਸ਼ਿਸ਼ ਪੰਡਤ ਜੈਦੇਵ ਸਿੰਘ ਰਹਿ ਰਹੇ ਹਨ। ਇਨ੍ਹਾਂ ਨੂੰ ਧਾਰਮਿਕ ਗ੍ਰੰਥਾਂ ਦੇ ਅਧਿਐਨ ਦਾ ਸ਼ੌਕ ਹੈ ਅਤੇ ਆਪਣੇ ਗੁਰਦੇਵ ਦੀ ਲਾਇਬ੍ਰੇਰੀ ਅਤੇ ਹੱਥ-ਲਿਖਤਾਂ ਨੂੰ ਸੰਭਾਲ ਕੇ ਰੱਖਿਆ ਹੈ। ਇਸ ਲਾਇਬ੍ਰੇਰੀ ਵਿਚ ਨਿਰਮਲੇ ਸੰਤਾਂ ਦੀਆਂ ਸੰਸਕ੍ਰਿਤ ਦੀਆਂ ਰਚਨਾਵਾਂ ਵਧੇਰੇ ਮਾਤ੍ਰਾ ਵਿਚ ਮਿਲਦੀਆਂ ਹਨ।

ਰਿਖੀਕੇਸ਼ (ਹਰਿਦੁਆਰ) ਵਿਚ *ਮਹੰਤ ਆਤਮਾ ਸਿੰਘ ਦਾ ਡੇਰਾ ਇਕ ਇਤਿਹਾਸਕ ਸਥਾਨ 'ਤੇ ਸਥਿਤ ਹੈ। ਸੰਪ੍ਰਦਾਇ ਦੇ ਇਤਿਹਾਸ ਅਨੁਸਾਰ ਇਸ ਥਾਂ 'ਤੇ ਜੰਗਲ ਹੁੰਦਾ ਸੀ ਅਤੇ ਨਿਰਮਲੇ ਸੰਤ ਝਾੜੀਆਂ ਦੇ ਬੇਰ ਆਦਿ ਖਾ ਕੇ ਗੁਜ਼ਾਰਾ ਕਰਦੇ ਸਨ। ਸੰਤਾਂ ਦੀ ਪਵਿੱਤਰ ਯਾਦ ਨੂੰ ਕਾਇਮ ਰੱਖਣ ਲਈ ਉਸ ਥਾਂ 'ਤੇ ਇਹ ਡੇਰਾ ਉਸਾਰਿਆ ਗਿਆ ਜਿਸ ਦਾ ਨਾਮ ਨਿਰਮਲ ਆਸ਼ਰਮ ਹੈ। ਡੇਰੇ ਵਿਚ ਮਹੰਤ ਆਤਮਾ ਸਿੰਘ ਦੇ ਕਈ ਸ਼ਿਸ਼ ਹਨ। ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਾਉਣ ਦਾ ਪ੍ਰਬੰਧ ਹੈ। ਸ਼ਾਮ ਨੂੰ ਰਹਰਾਸਿ ਦੀ ਅਰਦਾਸ ਤੋਂ ਬਾਅਦ ਆਰਤੀ ਹੁੰਦੀ ਹੈ। ਆਦਿ ਗ੍ਰੰਥ ਤੋਂ ਇਲਾਵਾ ਉਸੇ ਕਮਰੇ ਵਿਚ ਲਟਕੀਆਂ ਸੰਤਾਂ ਦੀਆਂ ਤਸਵੀਰਾਂ ਨੂੰ ਧੂਪ ਦੇਣ ਤੋਂ ਬਾਅਦ ਆਦਿ ਗ੍ਰੰਥ ਦੀ ਸਵਾਰੀ ਨੂੰ ਚੁੱਕ ਕੇ ਅਤੇ ਪ੍ਰਕਰਮਾ ਕਰ ਕੇ ਇਕ ਵੱਖਰੇ ਕਮਰੇ ਵਿਚ ਲਟਕ ਰਹੇ ਝੂਲੇ ਵਿਚ ਟਿਕਾ ਦਿੱਤਾ ਜਾਂਦਾ ਹੈ। ਡੇਰੇ ਵਿਚ ਆਏ ਮਹਿਮਾਨਾਂ ਲਈ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਡੇਰੇ ਵਿਚ ਪ੍ਰਾਚੀਨ ਸਾਹਿਤ ਦੀ ਅਣਹੋਂਦ ਹੈ

ਵਰਤਮਾਨ ਸੰਤਾਂ ਵਿਚੋਂ ਕੋਈ ਟੀਕਾਕਾਰ ਜਾਂ ਸਾਹਿਤਕਾਰ ਨਹੀਂ ਹੈ। ਸੰਤ ਆਤਮਾ ਸਿੰਘ ਦਾ ਮੂਲ ਕੰਮ ਧਰਮ ਪ੍ਰਚਾਰ ਲਈ ਦੀਵਾਨਾਂ ਵਿਚ ਭਾਸ਼ਨ ਦੇਣ ਦਾ ਹੀ ਸੀ ਅਤੇ ਪ੍ਰਚਾਰ

---

* *ਮੈਂ ਇਸ ਡੇਰੇ ਵਿਚ ਜੂਨ 1971 ਵਿਚ ਗਿਆ ਸਾਂ। ਮਹੰਤ ਆਤਮਾ ਸਿੰਘ ਦਾ ਦੇਹਾਂਤ ਜੁਲਾਈ 1973 ਵਿਚ ਹੋ ਗਿਆ ਹੈ।*

www.sikhbookclub.com

ਲਈ ਉਹ ਕੇਵਲ ਭਾਰਤ ਵਿਚ ਹੀ ਨਹੀਂ ਬਲਕਿ ਪ੍ਰਦੇਸਾਂ ਵਿਚ ਵੀ ਜਾਂਦੇ ਸਨ।

ਸੰਪ੍ਰਦਾਇ ਦੀ ਪੱਧਤੀ ਅਨੁਸਾਰ ਕੁਝ ਨਿਰਮਲੇ ਸੰਤ ਅਜੇ ਵੀ ਗੁਰਬਾਣੀ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਟੀਕੇ ਕਰ ਰਹੇ ਹਨ। ਹਰਿਦੁਆਰ ਵਿਚ ਰਹਿ ਰਹੇ ਸੰਤਾਂ ਵਿਚੋਂ ਪੰਡਤ ਅਰਜਨ ਸਿੰਘ ਮੁਨੀ ਦਾ ਕੰਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਅਖਾੜੇ ਦਾ ਇਤਿਹਾਸ ਹਿੰਦੀ ਵਿਚ ਲਿਖਣ ਤੋਂ ਬਾਅਦ ਇਨ੍ਹਾਂ ਨੇ ਆਦਿ ਗ੍ਰੰਥ ਦਾ ਅਨੁਵਾਦ ਹਿੰਦੀ ਵਿਚ ਕਰਨਾ ਆਰੰਭ ਦਿੱਤਾ ਹੈ। ਅਜੇ ਤੱਕ ਇਹ ਕੰਮ ਪੂਰਾ ਨਹੀਂ ਹੋਇਆ, ਪਰ ਇਨ੍ਹਾਂ ਨੂੰ ਮਿਲਣ 'ਤੇ ਪਤਾ ਲੱਗਾ ਹੈ ਕਿ ਬਹੁਤ ਜਲਦੀ ਇਹ ਪੂਰਾ ਹੋ ਜਾਏਗਾ ਅਤੇ ਸੰਪ੍ਰਦਾਇ ਵੱਲੋਂ ਪ੍ਰਕਾਸ਼ਤ ਕੀਤਾ ਜਾਏਗਾ। ਏਸੇ ਪ੍ਰਕਾਰ ਦਾ ਦੂਜਾ ਵਿਦਵਾਨ ਬਿਸ਼ਨ ਸਿੰਘ ਕ੍ਰੀਟ ਹੈ ਜੋ ਡੇਰਾ ਸਤਿਸੰਗ ਭਵਨ ਨਿਰਮਲ ਛਾਉਣੀ ਹਰਿਦੁਆਰ ਵਿਚ ਰਹਿ ਰਹੇ ਹਨ। ਉਨ੍ਹਾਂ ਨੇ ਵੀ ਪ੍ਰਾਚੀਨ ਸਾਹਿਤ ਦੀ ਖੋਜ ਦੇ ਕੁਝ ਪ੍ਰਯੋਜਨ ਆਰੰਭ ਕੀਤੇ ਹੋਏ ਹਨ ਅਤੇ ਇਸ ਤੋਂ ਇਲਾਵਾ ਪ੍ਰਚਾਰ ਲਈ ਦੇਸ਼ ਰਟਨ ਵੀ ਕਰਦੇ ਹਨ।

ਨਿਰਮਲ ਸੰਪ੍ਰਦਾਇ ਨੇ ਆਪਣੇ ਪ੍ਰਚਾਰ ਲਈ ਰਮਤਾ ਅਖਾੜਾ ਦੀ ਸਥਾਪਨਾ ਉਦੋਂ ਤੋਂ ਹੀ ਕੀਤੀ ਹੋਈ ਹੈ ਜਦੋਂ ਸੰਪ੍ਰਦਾਇ ਹੋਂਦ ਵਿਚ ਆਈ ਸੀ। ਇਹ ਅਖਾੜਾ ਸਾਰੇ ਦੇਸ਼ ਵਿਚ ਘੁੰਮ ਕੇ ਸੰਪ੍ਰਦਾਇ ਦੇ ਸਿਧਾਂਤਾਂ ਅਤੇ ਗੁਰਮਤ ਦਾ ਪ੍ਰਚਾਰ ਕਰਦਾ ਸੀ। ਇਹ ਰਮਤਾ ਅਖਾੜਾ ਅੱਜ ਵੀ ਆਪਣੀ ਪ੍ਰਾਚੀਨ ਰੀਤ ਨੂੰ ਕਾਇਮ ਰੱਖਦਾ ਹੋਇਆ ਗੁਰਮਤ ਦਾ ਪ੍ਰਚਾਰ ਕਰਦਾ ਹੈ। ਇਸ ਦੇ ਕੀਤੇ ਜਾ ਰਹੇ ਕੰਮ ਦੀ ਰਿਪੋਰਟ ਸੰਪ੍ਰਦਾਇ ਦੀਆਂ ਪ੍ਰਕਾਸ਼ਤ ਹੋ ਰਹੀਆਂ ਪੱਤ੍ਰਕਾਵਾਂ ਵਿਚ ਪ੍ਰਕਾਸ਼ਤ ਕੀਤੀ ਜਾਂਦੀ ਹੈ। ਰਮਤਾ ਅਖਾੜਾ ਦੀ ਹੋਂਦ ਅਤੇ ਅਜੋਕੀ ਹੋ ਰਹੀ ਕਾਰਵਾਈ ਦਾ ਪ੍ਰਮਾਣ ਨਿਰਮਲ ਉਦੇਸ਼, ਅੰਮ੍ਰਿਤਸਰ ਵਿਚ ਛੱਪੀ ਇਕ ਖ਼ਬਰ ਤੋਂ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ :-

"ਅੱਜ 24 ਅਕਤੂਬਰ 1974 ਨੂੰ ਸ੍ਰੀਮਾਨ 108 ਪੰਡਤ ਸੁੱਚਾ ਸਿੰਘ ਜੀ ਨੇ ਮਹੰਤ ਗੁਰਮੁਖ ਸਿੰਘ ਨੂੰ ਅਖਾੜੇ ਦਾ ਚਾਰਜ ਦਿੱਤਾ.....(ਸੰਤਾਂ ਦੀ ਸੂਚੀ) ਇਨ੍ਹਾਂ ਨੇ ਰਮਤਾ ਦੀ ਚਾਰ ਮਹੀਨੇ ਬਹੁਤ ਸੇਵਾ ਕੀਤੀ। ਇਥੋਂ ਰਮਤਾ ਚੱਲ ਕੇ ਗੁਰਦਿਆਲਪੁਰੇ ਸ੍ਰ. ਮਹਿੰਦਰ ਸਿੰਘ ਜੀ ਪਾਸ ਪਹੁੰਚੀ।"* ਇਹ ਸੂਚਨਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਰਮਤਾ ਅਖਾੜਾ ਅੱਜ ਵੀ ਪੂਰੀ ਲਗਨ ਨਾਲ ਪ੍ਰਚਾਰ ਦੀ ਰੀਤ ਨੂੰ ਕਾਇਮ ਰੱਖ ਰਿਹਾ ਹੈ।

ਨਿਰਮਲ ਸੰਪ੍ਰਦਾਇ ਦਾ ਇਤਿਹਾਸਕ ਅਤੇ ਪ੍ਰਾਚੀਨ ਡੇਰਾ ਚੇਤਨ ਮੱਠ ਬਨਾਰਸ ਵਿਚ ਹੈ। ਇਹ ਉਹ ਥਾਂ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਭੇਜੇ ਗਏ ਪੰਜ ਸਿੱਖਾਂ ਨੇ ਪੰਡਤ ਸਦਾ ਨੰਦ ਪਾਸੋਂ ਸੰਸਕ੍ਰਿਤ ਵਿੱਦਿਆ ਪ੍ਰਾਪਤ ਕੀਤੀ ਸੀ। ਅੱਜ ਵੀ ਏਥੇ ਸੰਸਕ੍ਰਿਤ ਵਿਦਿਆਲਿਆ ਹੈ ਜਿੱਥੇ ਨਿਰਮਲੇ ਵਿਦਵਾਨ ਸੰਸਕ੍ਰਿਤ ਪੜ੍ਹਾਉਂਦੇ ਹਨ। ਨਿਰਮਲ ਸੰਪ੍ਰਦਾਇ ਵਿਚ ਸ਼ਾਮਲ

*ਨਿਰਮਲ ਉਦੇਸ਼, ਅਕਤੂਬਰ, 174।

www.sikhbookclub.com

ਹੋਏ ਸੰਤ, ਸੰਸਕ੍ਰਿਤ ਵਿੱਦਿਆ ਪੜ੍ਹਨ ਲਈ ਏਥੇ ਹੀ ਆਉਂਦੇ ਹਨ। ਇਸ ਡੇਰੇ ਦੇ ਮੁੱਖ ਪ੍ਰਬੰਧਕ ਸੰਤ ਗੁਰਦੀਪ ਸਿੰਘ ਕੇਸਰੀ ਸੰਸਕ੍ਰਿਤ ਦੇ ਵਿਦਵਾਨ ਹਨ ਪਰ ਪੰਜਾਬੀ ਨਾਲ ਪ੍ਰੇਮ ਹੋਣ ਕਾਰਨ ਉਹ ਆਪਣੀਆਂ ਸਾਹਿਤਕ ਰਚਨਾਵਾਂ ਪੰਜਾਬੀ ਵਿਚ ਲਿਖਦੇ ਹਨ।

ਹਿੰਦੂ ਤੀਰਥ ਸਥਾਨਾਂ ਹਰਿਦੁਆਰ, ਇਲਾਹਾਬਾਦ ਆਦਿ ਸਥਾਨਾਂ 'ਤੇ ਲੱਗੇ ਕੁੰਭ ਅਤੇ ਅਰਧ ਕੁੰਭ ਦੇ ਮੇਲਿਆਂ ਨੂੰ ਪੂਰੇ ਜਸ਼ਨ ਨਾਲ ਮਨਾਉਂਦੇ ਹਨ। ਇਨ੍ਹਾਂ ਮੇਲਿਆਂ 'ਤੇ ਨਿਰਮਲ ਸੰਪ੍ਰਦਾਇ ਦੇ ਪ੍ਰੋਗਰਾਮ ਦੇ ਦੋ ਵਿਸ਼ੇਸ਼ ਪੱਖ ਹਨ। ਦੂਜੀਆਂ ਸੰਪ੍ਰਦਾਵਾਂ ਵਾਂਗ ਹਾਥੀ ਉੱਤੇ ਆਦਿ ਗ੍ਰੰਥ ਦੀ ਸਵਾਰੀ ਟਿਕਾ ਕੇ ਆਪਣੀ ਸੰਪ੍ਰਦਾਇ ਵੱਲੋਂ ਆਪਣੇ ਮੱਤ ਦੀ ਪ੍ਰਦਰਸ਼ਨੀ ਕਰਦੇ ਹਨ। ਆਦਿ ਗ੍ਰੰਥ ਦੇ ਨਾਲ ਸੰਪ੍ਰਦਾਇ ਦੇ ਮੁੱਖੀ ਸ੍ਰੀ ਮਹੰਤ ਬੈਠਦੇ ਹਨ। ਇਸ ਪ੍ਰੋਗਰਾਮ ਨੂੰ ਸ਼ਾਹੀ ਕੱਢਣਾ ਆਖਿਆ ਜਾਂਦਾ ਹੈ। ਇਨ੍ਹਾਂ ਦਾ ਵਿਸ਼ਵਾਸ ਹੈ ਕਿ ਇੰਨੇ ਮਹਾਨ ਇਕੱਠ ਵਿਚ ਇਹੋ ਜਿਹਾ ਜਲੂਸ ਗੁਰਮਤ ਦੇ ਪ੍ਰਚਾਰ ਲਈ ਲਾਭਦਾਇਕ ਸਿੱਧ ਹੁੰਦਾ ਹੈ ਕਿਉਂਕਿ ਹਜ਼ਾਰਾਂ ਲੋਕ ਹਾਥੀ ਦੀ ਸਵਾਰੀ ਵੱਲ ਆਕਰਸ਼ਤ ਹੁੰਦੇ ਹਨ ਅਤੇ ਜਿਸ ਮੱਤ ਦੇ ਅਨੁਆਈਆਂ ਵੱਲੋਂ ਸ਼ਾਹੀ ਕੱਢੀ ਜਾ ਰਹੀ ਹੁੰਦੀ ਹੈ, ਉਸ ਬਾਰੇ ਜਾਣਨ ਲਈ ਵੀ ਉਤਸੁਕ ਹੁੰਦੇ ਹਨ। ਨਿਰਮਲ ਸੰਪ੍ਰਦਾਇ ਦਾ ਦਾਅਵਾ ਹੈ ਕਿ ਕੁੰਭ ਆਦਿ ਦੇ ਮੇਲਿਆਂ 'ਤੇ ਇਸ ਢੰਗ ਨਾਲ ਭਾਗ ਲੈ ਕੇ ਉਨ੍ਹਾਂ ਨੇ ਗੁਰਮਤ ਨੂੰ ਪੰਜਾਬ ਤੋਂ ਬਾਹਰ ਹਿੰਦੂਆਂ ਵਿਚ ਫੈਲਾਇਆ ਹੈ ਅਤੇ ਇਸ ਦੀ ਸ੍ਰੇਸ਼ਟਤਾ ਨੂੰ ਉਭਾਰਿਆ ਹੈ।

ਕੁੰਭ ਦੇ ਮੇਲਿਆਂ 'ਤੇ ਸੰਪ੍ਰਦਾਇ ਦੇ ਪ੍ਰੋਗਰਾਮ ਦਾ ਦੂਜਾ ਪੱਖ ਸਿਧਾਂਤਕ ਵਿਚਾਰ ਵਿਮੱਸ਼ ਹੈ। ਸਾਰੇ ਦੇਸ਼ ਦੇ ਨਿਰਮਲੇ ਵਿਦਵਾਨ ਇਕੱਠੇ ਹੋ ਕੇ ਧਾਰਮਿਕ ਸਿਧਾਤਾਂ ਉੱਤੇ ਗੋਸ਼ਟੀਆਂ ਕਰਦੇ ਹਨ। ਇਹ ਗੋਸ਼ਟੀਆਂ ਸਿੱਖ ਮੱਤ ਦੇ ਸਿਧਾਂਤਾਂ ਤੱਕ ਹੀ ਸੀਮਤ ਨਹੀਂ ਹੁੰਦੀਆਂ ਬਲਕਿ ਵੇਦਾਂਤ ਅਤੇ ਗੀਤਾ ਆਦਿ ਦੇ ਵਿਸ਼ਿਆਂ ਉੱਤੇ ਵੀ ਵਿਚਾਰ ਕੀਤਾ ਜਾਂਦਾ ਹੈ। ਨਿਰਮਲੇ ਸੰਤਾਂ ਦੀ ਇਸ ਪ੍ਰਕਾਰ ਦੀ ਦੋ-ਪੱਖੀ ਧਾਰਮਿਕ ਨੀਤੀ ਨੇ ਇਨ੍ਹਾਂ ਨੂੰ ਸਿੱਖ ਮੱਤ ਨਾਲੋਂ ਦੂਰ ਕਰ ਦਿੱਤਾ ਹੈ। ਇਹ ਸਿੱਖ ਮੱਤ ਨੂੰ ਤਿਆਗ ਕੇ ਹਿੰਦੂ ਮੱਤ ਦੀ ਵਿਚਾਰਧਾਰਾ ਨੂੰ ਅਪਣਾਉਂਦੇ ਤਾਂ ਨਹੀਂ ਪਰ ਉਸ ਨੂੰ ਗੁਰਮਤ ਦੇ ਸਮਾਨ ਮਾਨਤਾ ਦੇ ਕੇ ਗੁਰਮਤ ਦੇ ਪ੍ਰਜਵੱਲਤ ਸਿਧਾਂਤਾਂ ਨੂੰ ਧੁੰਦਲਾ ਕਰ ਦੇਂਦੇ ਹਨ।

ਨਿਰਮਲ ਸੰਪ੍ਰਦਾਇ ਦੇ ਡੇਰਿਆਂ, ਅਖਾੜਿਆਂ ਅਤੇ ਪ੍ਰਚਾਰ-ਸੰਸਥਾਵਾਂ ਦਾ ਸਰਵੇਖਣ ਕਰ ਚੁੱਕਣ ਤੋਂ ਬਾਅਦ ਇਸ ਦੀ ਅਜੋਕੀ ਅਵਸਥਾ ਬਾਰੇ ਸਮੂਹਿਕ ਰੂਪ ਵਿਚ ਸਾਰੇ ਤੱਥ ਸਾਡੇ ਸਾਹਮਣੇ ਆ ਜਾਂਦੇ ਹਨ ਜਿਨ੍ਹਾਂ ਦਾ ਲੜੀਵਾਰ ਵਰਗੀਕਰਨ ਨਿਮਨ ਲਿਖਤ ਅਨੁਸਾਰ ਕੀਤਾ ਜਾ ਸਕਦਾ ਹੈ :-

ਨਿਰਮਲ ਸੰਪ੍ਰਦਾਇ ਆਪਣੇ ਆਪ ਨੂੰ ਸਿੱਖ ਪੰਥ ਨਾਲੋਂ ਵੱਖਰੀ ਨਹੀਂ ਸਮਝਦੀ ਪਰ ਇਸ ਦੇ ਮੈਂਬਰਾਂ ਦੀ ਰਹਿਤ ਮਰਿਆਦਾ ਪੰਜਾਬ ਵਿਚ ਗੁਰਮਤ ਦੇ ਨਿਯਮਾਂ ਅਨੁਸਾਰ ਰਹਿ

www.sikhbookclub.com

ਰਹੇ ਸਿੱਖਾਂ ਨਾਲੋਂ ਬਿਲਕੁਲ ਭਿੰਨ ਹੈ। ਗੁਰਸਿੱਖੀ ਅਨੁਸਾਰ ਪਹਿਰਾਵਾ ਨਹੀਂ ਪਹਿਨਦੇ ਅਤੇ ਸਮੁੱਚੇ ਸਿੱਖ ਸਮਾਜ ਨਾਲ ਇਸ ਸੰਪ੍ਰਦਾਇ ਦਾ ਕੋਈ ਸੰਪਰਕ ਨਹੀਂ ਹੈ। ਸਮਾਜ ਨਾਲੋਂ ਨਿਖੜ ਕੇ ਡੇਰਿਆਂ ਤੇ ਅਖਾੜਿਆਂ ਵਿਚ ਰਹਿ ਰਹੇ ਸੰਤ ਕੇਵਲ ਉਨ੍ਹਾਂ ਸਿੱਖਾਂ ਨਾਲ ਸੰਬੰਧ ਰੱਖਦੇ ਹਨ ਜੋ ਇਨ੍ਹਾਂ ਕੋਲ ਖ਼ਾਸ ਧਾਰਮਿਕ ਉਪਦੇਸ਼ ਲਈ ਆਉਂਦੇ ਹਨ। ਡੇਰਿਆਂ ਵਿਚ ਰਹਿ ਕੇ ਇਸ ਸੰਪ੍ਰਦਾਇ ਨੇ ਆਪਣੇ ਘੇਰੇ ਨੂੰ ਬਹੁਤ ਸੀਮਤ ਕਰ ਲਿਆ ਹੈ ਜਦੋਂ ਕਿ ਗੁਰੂ ਜੀ ਦਾ ਆਦੇਸ਼ ਇਹ ਸੀ ਕਿ ਸਮੁੱਚੀ ਸਿੱਖ ਕੌਮ ਦੇ ਵਿਚ ਰਹਿ ਕੇ ਸਾਰੀ ਹੀ ਸਿੱਖ ਸ਼੍ਰੇਣੀ ਨੂੰ ਧਾਰਮਿਕ ਵਿੱਦਿਆ ਪੜ੍ਹਾਉਣੀ ਹੈ।

ਡੇਰਿਆਂ ਵਿਚ ਰਹਿ ਰਹੇ ਸੰਤਾਂ ਦੇ ਪ੍ਰਚਾਰ ਦੇ ਮਨੋਰਥ ਨੂੰ ਪੂਰਾ ਕਰਨ ਲਈ ਆਪਸੀ ਸਹਿਯੋਗ ਬਹੁਤ ਘੱਟ ਹੈ। ਸੰਪ੍ਰਦਾਇ ਦੀ ਸ਼ੁਹਰਤ ਨਾਲੋਂ ਆਪਣੇ ਡੇਰੇ ਦੀ ਹੋਂਦ ਅਤੇ ਮਸ਼ਹੂਰੀ ਨੂੰ ਵਧੇਰੇ ਮਹੱਤਤਾ ਦੇਂਦੇ ਹਨ ਜੋ ਕਿ ਇਨ੍ਹਾਂ ਸੰਤਾਂ ਵਿਚ ਮੱਧਮ ਪੈ ਰਹੀ ਮਿਸ਼ਨਰੀ ਸਪਿਰਿਟ ਦੀ ਘਾਟ ਦੀ ਸੂਚਕ ਹੈ। ਡੇਰਿਆਂ ਦੇ ਭਵਨਾਂ ਅਤੇ ਉਨ੍ਹਾਂ ਨਾਲ ਸੰਬੰਧਤ ਜਾਇਦਾਦਾਂ ਨੂੰ ਉਪਜੀਵਕਾ ਦਾ ਸਾਧਨ ਬਣਾ ਰਹੇ ਹਨ ਜਿਸ ਕਾਰਨ ਇਨ੍ਹਾਂ ਦਾ ਧਿਆਨ ਪ੍ਰਚਾਰ ਅਤੇ ਵਿੱਦਿਆ ਵੱਲੋਂ ਹੱਟ ਕੇ ਜਾਇਦਾਦ ਨੂੰ ਸੰਭਾਲਣ ਦੇ ਮਸਲਿਆਂ ਵੱਲ ਵੱਧ ਰਿਹਾ ਹੈ ਅਤੇ ਕਈ ਥਾਵਾਂ 'ਤੇ ਡੇਰਿਆਂ ਦੀ ਮਲਕੀਅਤ ਦੇ ਅਧਿਕਾਰੀਆਂ ਅਤੇ ਹੱਕਾਂ ਬਾਰੇ ਆਪਸੀ ਝਗੜੇ ਵੀ ਚੱਲ ਰਹੇ ਹਨ। ਇਸ ਅਵਸਥਾ ਦੀ ਪੁਸ਼ਟੀ ਲਈ ਪ੍ਰਾਚੀਨ ਸਰਬ ਭਾਰਤ ਨਿਰਮਲ ਮਹਾਂ ਮੰਡਲਾਂ ਦੇ ਜਨਰਲ ਇਕੱਠ ਦੀ ਕਾਰਵਾਈ ਵਿਚੋਂ ਇਕ ਮੱਤੇ ਦੀ ਨਕਲ ਹੇਠਾਂ ਦੇਂਦੇ ਹਾਂ:-

*ਮਤਾ ਨੰ: 3— "ਸ੍ਰੀ ਮਾਨ ਮਹੰਤ ਸਾਹਿਬ ਜੀ ਪਾਸ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ਸ੍ਰੀ ਨਿਰਮਲ ਪੰਚਾਇਤੀ ਅਖਾੜੇ ਦੇ ਕਰਮਚਾਰੀਆਂ ਨੂੰ ਹਿਦਾਇਤ ਕਰਨ ਕਿ ਉਹ ਭੇਖ ਦੇ ਕਿਸੇ ਅਸਥਾਨ ਦੇ ਚੱਲ ਰਹੇ ਝਗੜਿਆਂ ਵਿਚ ਕਿਸੇ ਧਿਰ ਦਾ ਪੱਖਪਾਤ ਕਰਨ ਵਿਚ ਹਿੱਸਾ ਨਾ ਲੈਣ ਅਤੇ ਆਪਸ ਵਿਚ ਮੁਕੱਦਮੇਬਾਜ਼ੀ ਕਰ ਰਹੇ ਕਿਸੇ ਮਹੰਤ, ਸੰਤ ਨੂੰ ਅਖਾੜੇ ਦੀ ਕਿਸੇ ਡਿਊਟੀ 'ਤੇ ਨਾ ਲਗਾਉਣ।"

ਇਸ ਤਰ੍ਹਾਂ ਸਿੱਖਾਂ ਦੀ ਇਹ ਸੰਪ੍ਰਦਾਇ ਆਪਣੀ ਜਨਮ ਭੂਮੀ ਪੰਜਾਬ ਵਿਚ ਸਿੱਖ ਮੱਤ ਨਾਲੋਂ ਦੂਰ ਹੋ ਗਈ ਹੈ ਜਿਸ ਵਿਚ ਸਿੱਖ ਮਰਿਆਦਾ ਦਾ ਅਭਾਵ ਹੈ।

ਪੰਜਾਬ ਤੋਂ ਬਾਹਰ ਜੋ ਡੇਰੇ ਅਤੇ ਅਖਾੜੇ ਹਨ, ਉਨ੍ਹਾਂ ਵਿਚ ਰਹਿ ਰਹੇ ਸਨਾਤਨੀ ਸੰਤ ਸੰਸਕ੍ਰਿਤ ਦੇ ਵਧੇਰੇ ਨੇੜੇ ਹਨ। ਹਿੰਦੂ ਸੰਪ੍ਰਦਾਵਾਂ ਦੇ ਸੰਤਾਂ ਦੀ ਰਹਿਤ ਮਰਿਆਦਾ ਦੇ ਪ੍ਰਭਾਵ ਨੂੰ ਵੀ ਕਬੂਲਦੇ ਹਨ ਅਤੇ ਸੰਸਕ੍ਰਿਤ ਵਿੱਦਿਆ ਦੇ ਅਧਿਐਨ ਨਾਲ ਤਾਂ ਉਨ੍ਹਾਂ ਦੇ ਪੰਜਾਬੀ ਸੁਭਾਅ ਅਤੇ ਸਭਿਅਤਾ ਬਿਲਕੁਲ ਹੀ ਪਰਵਿਰਤ ਹੋ ਗਏ ਹਨ ਜਿਸ ਕਾਰਨ ਉਹ ਪੰਜਾਬ ਦੇ ਸਿੱਖ ਪੰਥ ਨਾਲੋਂ ਬਿਲਕੁਲ ਵੱਖਰੀ ਸੰਪ੍ਰਦਾਇ ਮਲੂਮ ਦੇਂਦੀ ਹੈ। ਗੁਰਮਤ ਦਾ ਪ੍ਰਚਾਰ

* ਨਿਰਮਲ ਉਦੇਸ਼, 19 ਜੂਨ, 1974, 7-6-74 ਨੂੰ ਹੋਈ ਮੀਟਿੰਗ ਦੀ ਕਾਰਵਾਈ ਦੀ ਨਕਲ।

www.sikhbookclub.com

ਕਰਦੇ ਕਰਦੇ ਉਹ ਗੀਤਾ ਤੇ ਉਪਨਿਸ਼ਦਾਂ ਦੀ ਵਿਚਾਰਧਾਰਾ ਵੀ ਅਪਣਾਉਂਦੇ ਹਨ ਅਤੇ ਹਿੰਦੂ ਤੀਰਥ ਸਥਾਨਾਂ ਵਿਚ ਰਹਿ ਕੇ ਨਿਰਮਲੇ ਸੰਤਾਂ ਦੇ ਜੀਵਨ ਵਿਚ ਤਾਂ ਹਿੰਦੂ ਮੱਤ ਦੀ ਵਿਚਾਰਧਾਰਾ ਗੁਰਮਤ ਦੇ ਸਮਾਨਾਂਤਰ ਹੀ ਅਪਣਾਈ ਗਈ ਹੈ। ਇਸ ਪ੍ਰਕਾਰ ਦੇ ਵਿਚਾਰਾਂ ਦੇ ਪ੍ਰਤੀਫਲ ਇਸ ਤਰ੍ਹਾਂ ਜਾਪਦਾ ਹੈ ਕਿ ਨਿਰਮਲ ਸੰਪ੍ਰਦਾਇ ਗੁਰਮਤ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਪ੍ਰਭਾਵ ਪਾਉਣ ਵਿਚ ਹੁਣ ਸਫਲ ਨਹੀਂ ਹੋ ਰਹੇ ਬਲਕਿ ਵੇਦਾਂਤ ਦੀ ਵਿਚਾਰਧਾਰਾ ਨੂੰ ਗੁਰਮਤ ਸਮਾਨ ਸਮਝ ਕੇ ਸਿੱਖ ਮੱਤ ਦੇ ਸਮਾਂਨਾਂਤਰ ਇਕ ਵੱਖਰੀ ਸੰਪ੍ਰਦਾਇ ਜਾਪਦੀ ਹੈ ਜੋ ਪੂਰਨ ਰੂਪ ਵਿਚ ਸਿੱਖ ਵੀ ਨਹੀਂ ਰਹੀ ਅਤੇ ਹਿੰਦੂ ਮੱਤ ਨਾਲੋਂ ਵੀ ਭਿੰਨ ਹੈ।

ਗੁਰਮਤ ਦੇ ਪ੍ਰਚਾਰ ਤੋਂ ਇਲਾਵਾ ਨਿਰਮਲ ਸੰਪ੍ਰਦਾਇ ਦਾ ਦੂਜਾ ਵਿਸ਼ੇਸ਼ ਪੱਖ ਸਾਹਿਤ-ਸਿਰਜਨਾ ਰਿਹਾ ਹੈ। ਇਸ ਸੰਪ੍ਰਦਾਇ ਦੇ ਪੂਰਬਲੇ ਵਿਦਵਾਨਾਂ—ਪੰਡਤ ਗੁਲਾਬ ਸਿੰਘ, ਤਾਰਾ ਸਿੰਘ ਨਰੋਤਮ, ਸੰਤ ਨਿਹਾਲ ਸਿੰਘ, ਸੰਤ ਸਾਧੂ ਸਿੰਘ ਆਦਿ ਨੇ ਸੰਪ੍ਰਦਾਇ ਦੇ ਸਾਹਿਤਕ ਵਿਰਸੇ ਨੂੰ ਅਮੀਰ ਬਣਾਇਆ ਹੈ ਜਿਸ 'ਤੇ ਸਾਰੀ ਸਮੁੱਚੀ ਨਿਰਮਲ ਸੰਪ੍ਰਦਾਇ ਮਾਣ ਕਰਦੀ ਹੈ। ਸੰਪ੍ਰਦਾਇ ਦੇ ਡੇਰਿਆਂ ਵਿਚ ਸਾਹਿਤਕ ਪੁਸਤਕਾਂ ਦੀ ਅਣਹੋਂਦ ਅਤੇ ਸੰਪ੍ਰਦਾਇ ਦੇ ਲੇਖਕਾਂ ਦੀਆਂ ਪੁਰਾਣੀਆਂ ਪੁਸਤਕਾਂ ਦਾ ਪ੍ਰਾਪਤ ਨਾ ਹੋਣਾ ਇਹੋ ਪ੍ਰਗਟ ਕਰਦਾ ਹੈ ਕਿ ਵਰਤਮਾਨ ਅਧਿਕਾਰੀਆਂ ਨੇ ਪ੍ਰਾਚੀਨ ਪੁਸਤਕਾਂ ਨੂੰ ਦੁਬਾਰਾ ਪ੍ਰਕਾਸ਼ਤ ਕਰਨ ਦਾ ਕੋਈ ਯਤਨ ਨਹੀਂ ਕੀਤਾ। ਸਾਹਿਤ ਦੁਆਰਾ ਨਿਰਮਲ ਸੰਪ੍ਰਦਾਇ ਨੇ ਆਪਣਾ ਪ੍ਰਚਾਰ ਵਧਾ ਕੇ ਵਿਕਾਸ ਕੀਤਾ ਸੀ। ਪ੍ਰਚਾਰ ਦੇ ਮਾਧਿਅਮ-ਸਾਹਿਤ-ਨੂੰ ਪ੍ਰਕਾਸ਼ਤ ਕਰਨ ਦਾ ਸੰਪ੍ਰਦਾਇ ਵੱਲੋਂ ਹੁਣ ਕੋਈ ਪ੍ਰਬੰਧ ਨਹੀਂ ਹੈ ਜੋ ਕਿ ਇਸ ਦੀ ਪ੍ਰਚਾਰ-ਨੀਤੀ ਦੀ ਇਕ ਬੜੀ ਵੱਡੀ ਕਮਜ਼ੋਰੀ ਹੈ। ਭਾਵੇਂ ਅੱਜ ਵੀ ਸੰਪ੍ਰਦਾਇ ਵਿਚ ਅਜਿਹੇ ਸਾਹਿਤਕਾਰ ਹਨ ਜੋ ਰਚਨਾਤਮਕ ਕੰਮ ਕਰ ਰਹੇ ਹਨ ਪਰ ਸਾਹਿਤ ਦੀ ਉਪਜ ਉਤਨੀ ਨਹੀਂ ਜਿੰਨੀ 1855 ਈ. ਤੋਂ 1905 ਈਸਵੀ ਤੱਕ ਦੇ ਦਹਾਕਿਆਂ ਵਿਚ ਹੋ ਚੁੱਕੀ ਹੈ। ਚਾਹੀਦਾ ਸੀ ਅੱਜ ਦੇ ਮਸ਼ੀਨੀ ਯੁੱਗ ਵਿਚ ਸੰਪ੍ਰਦਾਇ ਆਪਣੇ ਪ੍ਰਚਾਰ ਲਈ ਪੂਰੇ ਉਤਸ਼ਾਹ ਨਾਲ ਪ੍ਰੈੱਸ ਦਾ ਲਾਭ ਉਠਾਉਂਦੀ ਅਤੇ ਨਵੇਂ ਸਾਹਿਤ ਤੋਂ ਇਲਾਵਾ ਵਿਰਸੇ ਵਿਚ ਮਿਲੇ ਸਾਹਿਤ ਨੂੰ ਪ੍ਰਕਾਸ਼ਤ ਕਰ ਦੇਂਦੀ।

ਸੰਪ੍ਰਦਾਇ ਵਿਚ ਕੁਝ ਵਿਦਵਾਨ ਸੰਤ ਅਜੇਹੇ ਵੀ ਆਪਣੀ ਪਰੰਪਰਾ ਨੂੰ ਕਾਇਮ ਰੱਖਣ ਦਾ ਯਤਨ ਕਰ ਰਹੇ ਹਨ ਅਤੇ ਮੁੱਖੀ ਸੰਤਾਂ ਦੇ ਯਤਨ ਵੀ ਸੰਪ੍ਰਦਾਇ ਨੂੰ ਚਿਰੰਜੀਵ ਰੱਖਣ ਵਿਚ ਸਫਲ ਹਨ ਪਰ ਸਮੁੱਚੇ ਰੂਪ ਵਿਚ ਨਿਰਮਲ ਸੰਪ੍ਰਦਾਇ ਉਨ੍ਹਾਂ ਤੋਂ ਅਵੇਸਲੀ ਹੋ ਰਹੀ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਵਿਦਵਾਨ ਸਿੱਖਾਂ ਲਈ ਨਿਸਚਿਤ ਕੀਤੇ ਸਨ। ਪ੍ਰਚਾਰ ਅਤੇ ਸਾਹਿਤ ਪ੍ਰਕਾਸ਼ਤ ਕਰਨ ਵਿਚ ਘੱਟਦਾ ਉਤਸ਼ਾਹ ਸੰਪ੍ਰਦਾਇ ਦੇ ਭਵਿੱਖ ਨੂੰ ਨਿਰਾਸ਼ਾਜਨਕ ਅਵਸਥਾ ਵਿਚ ਬਦਲ ਦੇਵੇਗਾ। ਸੰਪ੍ਰਦਾਇ ਦੀ ਨੁਹਾਰ ਬਦਲ ਕੇ ਨਿਰੋਲ ਡੇਰੇਦਾਰ ਸੰਤਾਂ ਦੇ ਰੂਪ ਵਿਚ ਬਦਲ ਜਾਣ ਦਾ ਡਰ ਹੈ।

www.sikhbookclub.com

ਸਾਡਾ ਵਿਚਾਰ ਹੈ ਕਿ ਸੰਪ੍ਰਦਾਇ ਵਿਚ ਅਜੇ ਵੀ ਉਹ ਅੰਸ਼ ਕਾਇਮ ਹੈ ਜੋ ਗੁਰਮਤ ਅਤੇ ਪੰਜਾਬੀ ਸਾਹਿਤ ਦੇ ਹਿੱਤਾਂ ਲਈ ਲਾਭਦਾਇਕ ਸਿੱਧ ਹੋ ਸਕਦਾ ਹੈ। ਸੰਸਕ੍ਰਿਤ ਦੇ ਵਿਦਵਾਨ, ਪੰਜਾਬੀ ਸਾਹਿਤ ਲਈ ਖੋਜ ਅਤੇ ਅਨੁਵਾਦ ਪੱਖਾਂ ਤੋਂ ਵਿਸ਼ੇਸ਼ ਤੌਰ 'ਤੇ ਸਹਾਇਕ ਹੋ ਸਕਦੇ ਹਨ। ਅੱਜ ਪ੍ਰਾਚੀਨ ਪੰਜਾਬੀ ਸਾਹਿਤ ਬਾਰੇ ਖੋਜ ਦੀਆਂ ਯੋਜਨਾਵਾਂ ਚੱਲ ਰਹੀਆਂ ਹਨ ਜਿਨ੍ਹਾਂ ਵਿਚ ਸੰਸਕ੍ਰਿਤ ਵਿਦਵਾਨ ਯੋਗ ਭਾਗ ਲੈ ਸਕਦੇ ਹਨ।

***

www.sikhbookclub.com

ਸਿੱਟੇ

ਨਿਰਮਲ ਸੰਪ੍ਰਦਾਇ ਸਿੱਖ ਮੱਤ ਵਿਚੋਂ ਨਿਕਲੀ ਇਕ ਸ਼ਾਖ ਹੈ ਜਿਸ ਦਾ ਮੁੱਢਲਾ ਸਰੂਪ ਸੰਪ੍ਰਦਾਇ ਦਾ ਨਹੀਂ ਹੈ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਵਿਚ ਸਾਹਿਤ-ਕਲਾ ਨੂੰ ਸਜੀਵ ਰੱਖਣ ਲਈ ਅਤੇ ਸਿੱਖ ਮੱਤ ਦੇ ਸਿਧਾਂਤਾਂ ਦੀ ਸੂਝ-ਮਈ ਜਾਣਕਾਰੀ ਕਰਾਉਣ ਲਈ ਭਾਰਤੀ ਸਾਹਿਤ ਦੇ ਅਧਿਐਨ ਨੂੰ ਅਨਵਾਰਯ ਸਮਝਿਆ ਸੀ। ਇਸ ਮਨੋਰਥ ਦੀ ਪੂਰਤੀ ਖ਼ਾਤਰ ਸਿੱਖਾਂ ਲਈ ਸੰਸਕ੍ਰਿਤ ਭਾਸ਼ਾ ਦਾ ਗਿਆਨ ਜ਼ਰੂਰੀ ਸੀ। ਆਪ ਨੇ ਸੰਸਕ੍ਰਿਤ ਸਿੱਖਣ ਲਈ ਕੁਝ ਚੋਣਵੇਂ ਸਿੱਖ ਵਿਦਵਾਨ ਕਾਂਸ਼ੀ ਭੇਜੇ ਜੋ ਬ੍ਰਾਹਮਣ ਵਿਦਵਾਨਾਂ ਪਾਸੋਂ ਸੰਸਕ੍ਰਿਤ ਪੜ੍ਹਦੇ-ਪੜ੍ਹਦੇ ਵੇਦਾਂਤ ਦੇ ਪ੍ਰਭਾਵ ਵੱਸ ਵੀ ਹੋ ਗਏ। ਵੇਦਾਂਤ ਦਾ ਪ੍ਰਭਾਵ ਕਬੂਲ ਕਰ ਚੁੱਕੇ ਇਹ ਵਿਦਵਾਨ ਸਿੱਖ ਮੱਤ ਅਤੇ ਵੇਦਾਂਤ ਦੇ ਅੰਤਰ ਨੂੰ ਸਪੱਸ਼ਟ ਰੂਪ ਵਿਚ ਸਮਝ ਨਾ ਸਕੇ। ਅਤੇ ਇਸ ਵੇਦਾਂਤ-ਸਿੱਖਿਆ ਦੀ ਪਰੰਪਰਾ ਕਾਰਨ ਨਿਰਮਲੇ ਸਿੱਖ ਇਕ ਵੱਖਰਾ ਵਰਗ ਬਣ ਕੇ ਦੂਜੇ ਸਿੱਖਾਂ ਨਾਲੋਂ ਨਿਖੜ ਗਏ। ਆਪਣੇ ਵਰਗ ਦਾ ਅਸਤਿਤਵ ਕਾਇਮ ਰੱਖਣ ਲਈ ਅਤੇ ਆਪਣੇ ਦ੍ਰਿਸ਼ਟੀਕੋਣ ਨਾਲ ਕੀਤੇ ਜਾ ਰਹੇ ਗੁਰਮਤ ਦੇ ਪ੍ਰਚਾਰ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਵਰਗ ਨੇ ਆਪਣੇ ਆਪ ਨੂੰ ਇਕ ਨਿਯਮਬਧ ਸੰਪ੍ਰਦਾਇ ਦੇ ਰੂਪ ਵਿਚ ਢਾਲ ਲਿਆ।

ਇਸ ਸੰਪ੍ਰਦਾਇ ਦਾ ਮੂਲ ਮਨੋਰਥ ਗੁਰਮਤ ਦਾ ਪ੍ਰਚਾਰ ਕਰਨਾ ਹੀ ਹੈ ਪਰ ਕਿਉਂਕਿ ਇਹ ਸੰਪ੍ਰਦਾਇ ਵੇਦਾਂਤ ਵਿਚ ਵੀ ਵਿਸ਼ਵਾਸ ਰੱਖਦੀ ਹੈ ਇਸ ਕਾਰਨ ਇਸ ਦੀ ਵਿਚਾਰਧਾਰਾ ਵਿਚ ਸਿੱਖ ਮੱਤ ਨਾਲੋਂ ਅੰਤਰ ਵੀ ਹਨ। ਅਵਤਾਰਵਾਦ ਵਿਚ ਵਿਸ਼ਵਾਸ ਅਤੇ ਦੇਹਧਾਰੀ ਗੁਰੂ ਦੀ ਪਰੰਪਰਾ ਨੂੰ ਜਾਰੀ ਰੱਖਣਾ ਵਿਸ਼ੇਸ਼ ਤੌਰ 'ਤੇ ਵਰਣਨ ਯੋਗ ਹਨ। ਗੁਰਮਤ ਨਾਲੋਂ ਕੁਝ ਵੱਖਰੇ ਨਿਯਮਾਂ ਦੇ ਅਨੁਯਾਈ ਹੋਣ ਕਾਰਨ ਇਹ ਸੰਪ੍ਰਦਾਇ ਸਿੱਖ ਸ਼੍ਰੇਣੀ ਦੇ ਸਮਾਂਨਾਂਤਰ ਸੰਪ੍ਰਦਾਇ ਬਣ ਗਈ ਹੈ।

ਇਸ ਸੰਪ੍ਰਦਾਇ ਨੇ ਪ੍ਰਚਾਰ ਲਈ ਸਾਹਿਤ ਨੂੰ ਵੀ ਆਪਣਾ ਮਾਧਿਅਮ ਬਣਾਇਆ ਹੈ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜੀ ਵਿਚ ਸਾਹਿਤ ਤੋਂ ਛੁੱਟ ਪੰਜਾਬੀ ਵਿਚ ਵੀ ਬਹੁਤ ਸਾਹਿਤ ਰਚਿਆ ਹੈ। ਪੰਜਾਬੀ ਸਾਹਿਤ ਦਾ ਰਚਨ-ਕਾਲ ਉਨ੍ਹੀਵੀਂ ਸਦੀ ਦੇ ਮੱਧ ਤੋਂ ਲੈ ਕੇ ਵਰਤਮਾਨ ਕਾਲ ਤੱਕ ਹੈ।

ਆਪਣੀਆਂ ਪੰਜਾਬੀ ਰਚਨਾਵਾਂ ਦੁਆਰਾ ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਨੂੰ ਬਹੁ ਪੱਖੀ ਦੇਣ ਦਿੱਤੀ ਹੈ। ਵਿਸ਼ਾ ਵਸਤੂ ਦੇ ਪੱਖ ਤੋਂ ਵੇਦਾਂਤ ਦੇ ਵਿਸ਼ਿਆਂ ਨੂੰ ਪੰਜਾਬੀ ਸਾਹਿਤ ਵਿਚ ਲਿਖਣ ਵਾਲੇ ਪਹਿਲੇ ਸਾਹਿਤਕਾਰ ਨਿਰਮਲੇ ਸੰਤ ਹੀ ਹਨ। ਵੇਦਾਂਤ ਦੀ ਵਿਚਾਰਧਾਰਾ ਦਾ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਥਾਂ ਬਣਾਇਆ ਹੈ। ਗੁਰਬਾਣੀ ਦੇ ਟੀਕਾ ਸਾਹਿਤ ਤੋਂ ਇਲਾਵਾ ਗੁਰਮਤ-ਦਰਸ਼ਨ ਦੀ ਵਿਆਖਿਆ ਲਈ ਅਨੇਕ ਮੌਲਿਕ

www.sikhbookclub.com

ਰਚਨਾਵਾਂ ਵੀ ਰਚੀਆਂ ਹਨ। ਸਿੱਖ-ਇਤਿਹਾਸ ਅਤੇ ਆਪਣੀ ਸੰਪ੍ਰਦਾਇ ਦਾ ਇਤਿਹਾਸ ਲਿਖਿਆ ਹੈ।

ਭਾਸ਼ਾ ਦੇ ਪੱਖ ਤੋਂ ਵੀ ਨਿਰਮਲੇ ਸੰਤਾਂ ਦੀ ਦੇਣ ਵਡਮੁੱਲੀ ਹੈ। ਨਿਰਮਲੇ ਸਾਹਿਤਕਾਰਾਂ ਨੇ ਪੰਜਾਬੀ ਸ਼ਬਦਾਵਲੀ ਨੂੰ ਅਮੀਰ ਬਣਾ ਕੇ ਇਸ ਨੂੰ ਵਿਗਿਆਨਕ ਰੂਪ ਦਿੱਤਾ ਹੈ। ਬੋਲੀ ਦੇ ਆਧਾਰ 'ਤੇ ਇਸ ਸੰਪ੍ਰਦਾਇ ਦਾ ਸਮੁੱਚਾ ਸਾਹਿਤ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। ਬ੍ਰਿਜੀ ਲੱਦਿਆ ਪੰਜਾਬੀ ਸਾਹਿਤ ਅਤੇ ਸ਼ੁੱਧ ਪੰਜਾਬੀ ਵਿਚ ਲਿਖਿਆ ਸਾਹਿਤ ਭਾਸ਼ਾ ਪਰੀਵਰਤਨ ਦੇ ਨਿਯਮਾਂ ਅਨੁਸਾਰ ਇਨ੍ਹਾਂ ਦੀ ਤਦਭਵ ਸ਼ਬਦਾਵਲੀ ਇਕ ਵਿਸ਼ੇਸ਼ ਦੇਣ ਆਖੀ ਜਾ ਸਕਦੀ ਹੈ। ਸੰਸਕ੍ਰਿਤ ਦੇ ਤਤਸਮ ਸ਼ਬਦ ਵੀ ਪੰਜਾਬੀ ਰਚਨਾਵਾਂ ਵਿਚ ਵਰਤੇ ਹਨ।

ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਾਰਤਕ ਅਤੇ ਕਵਿਤਾ ਵਿਚ ਸਾਹਿਤਕ ਲਿਖਿਆ ਹੈ, ਕਵਿਤਾ ਨਾਲੋਂ ਵਾਰਤਕ ਨੂੰ ਵਧੇਰੇ ਮਹੱਤਤਾ ਦਿੱਤੀ ਹੈ।

ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਨਿਰਮਲੇ ਸਾਹਿਤਕਾਰਾਂ ਨੇ ਵਿਸ਼ਿਆਂ ਵਿਚ ਵੰਨ ਸੁਵੰਨਤਾ ਲਿਆਉਣੀ ਸ਼ੁਰੂ ਕਰ ਦਿੱਤੀ। ਕੁਝ ਨਿਰਮਲੇ ਸਾਹਿਤਕਾਰਾਂ ਨੇ ਆਧੁਨਿਕ ਯੁੱਗ ਦੀਆਂ ਰਾਜਨੀਤਕ ਤੇ ਸਮਾਜਕ ਕਦਰਾਂ ਕੀਮਤਾਂ ਦੇ ਪ੍ਰਭਾਵ ਨੂੰ ਕਬੂਲ ਕੀਤਾ ਹੈ। ਉਨ੍ਹਾਂ ਦਾ ਅਨੁਭਵ ਆਧੁਨਿਕ ਯੁੱਗ ਦੇ ਪੰਜਾਬੀ ਸਾਹਿਤਕਾਰ ਵਾਲਾ ਅਨੁਭਵ ਹੈ ਅਤੇ ਜਿਸ ਨੂੰ ਉਨ੍ਹਾਂ ਨੇ ਆਪਣੀਆਂ ਪੰਜਾਬੀ ਰਚਨਾਵਾਂ ਵਿਚ ਪ੍ਰਗਟਾਇਆ ਹੈ। ਧਾਰਮਿਕ ਪੱਖ ਤੋਂ ਇਲਾਵਾ ਜੀਵਨ ਦੇ ਦੂਜੇ ਪੱਖਾਂ ਨੂੰ ਵਾਰਤਕ ਅਤੇ ਕਵਿਤਾ ਦੇ ਵਿਸ਼ੇ ਬਣਾ ਕੇ ਮਨੁੱਖ ਨੂੰ ਸੁਚੱਜਾ ਤੇ ਮਾਨਵ ਹਿਤਕਾਰੀ ਜੀਵਨ ਬਿਤਾਉਣ ਲਈ ਪ੍ਰੇਰਿਆ ਹੈ। ਬੋਲੀ ਵਿਸ਼ੇ ਅਤੇ ਸ਼ੈਲੀ ਦੇ ਪੱਖ ਤੋਂ ਅਜੋਕੇ ਨਿਰਮਲੇ ਸੰਤਾਂ ਦਾ ਸਾਹਿਤ ਪੰਜਾਬੀ ਦੇ ਆਧੁਨਿਕ ਕਾਲ ਦੀ ਆਰਥਕ ਦਸ਼ਾ, ਭਾਰਤ ਦੀ ਰਾਜਨੀਤਕ ਹਾਲਤ, ਦੇਸ਼ ਲਈ ਸ਼ਹੀਦ ਹੋ ਚੁੱਕੇ ਸੂਰਬੀਰਾਂ ਦੀਆਂ ਜੀਵਨੀਆਂ, ਦੇਸ਼ ਦਾ ਭਵਿੱਖ ਸੰਭਾਲਣ ਵਾਲੇ ਬੱਚਿਆਂ ਨੂੰ ਸਿੱਖਿਆ ਅਤੇ ਕੁਦਰਤ ਦੀ ਸੁੰਦਰਤਾ ਦੇ ਵਿਸ਼ਿਆਂ ਨੂੰ ਛੁਹਿਆ ਜਾ ਰਿਹਾ ਹੈ। ਅੱਜ ਦੇ ਕੁਝ ਨਿਰਮਲੇ ਸਾਹਿਤਕਾਰ ਵੇਦਾਂਤੀਆਂ ਦੀ ਵੱਖਰੀ ਸੰਪ੍ਰਦਾਇ ਦੇ ਨਿਯਮਾਂ ਦੇ ਚੋਖਟੇ ਵਿਚੋਂ ਨਿਕਲ ਕੇ ਆਧੁਨਿਕ ਪੰਜਾਬੀ ਸਾਹਿਤਕਾਰਾਂ ਦੀ ਕਤਾਰ ਵਿਚ ਆ ਖੜੋਤੇ ਹਨ।

ਨਿਰਮਲ ਸੰਪ੍ਰਦਾਇ ਪ੍ਰਚਾਰ ਅਤੇ ਵਿੱਦਿਆ ਦੇ ਕੰਮਾਂ ਨੂੰ ਜਾਰੀ ਤਾਂ ਰੱਖ ਰਹੀ ਹੈ ਪਰ ਇਨ੍ਹਾਂ ਸੰਤਾਂ ਵਿਚ ਕੁਝ ਕਮਜ਼ੋਰੀਆਂ ਆ ਗਈਆਂ ਹਨ। ਗੁਰੂ ਗੋਬਿੰਦ ਸਿੰਘ ਦੇ ਮਿਸ਼ਨ ਨੂੰ ਨਿਸ਼ਕਾਮ ਢੰਗ ਨਾਲ ਸਫਲ ਬਣਾਉਣ ਦੀ ਥਾਂ ਡੇਰਿਆਂ ਦੀਆਂ ਜਾਇਦਾਦਾਂ ਵੱਲ ਵਧੇਰੇ ਧਿਆਨ ਹੁੰਦਾ ਜਾਂਦਾ ਹੈ, ਹੁਣ ਇਸ ਸੰਪ੍ਰਦਾਇ ਵਿਚ ਤਾਰਾ ਸਿੰਘ ਨਰੋਤਮ ਜਿਹੇ ਵਿਦਵਾਨਾਂ ਦੀ ਘਾਟ ਮਹਿਸੂਸ ਹੁੰਦੀ ਹੈ।

★★★

www.sikhbookclub.com

www.sikhbookclub.com

www.sikhbookclub.com

www.sikhbookclub.com

www.sikhbookclub.com

ਪਰਮਜੀਤ ਸਿੰਘ 'ਮਾਨਸਾ'

An ISO 9001:2008 Certified Publishing House
No. 101809-A01
Estd. 1880

ISBN 93-82289-18-0
9 789382 289180